# ਤੇਜਾ ਸਿੰਘ ਸਮੁੰਦਰੀ

ਪਿਆਰ ਸਿੰਘ

ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਵਿਭਾਗ
ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org




ਸ. ਤੇਜਾ ਸਿੰਘ ਸਮੁੰਦ੍ਰੀ

Digitized by Panjab Digital Library | www.panjabdigilib.org

# ਤੇਜਾ ਸਿੰਘ ਸਮੁੰਦਰੀ

ਪਿਆਰ ਸਿੰਘ

ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਵਿਭਾਗ
ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ

Digitized by Panjab Digital Library | www.panjabdigilib.org

©
ਸਭ ਹੱਕ ਰਾਖਵੇਂ ਹਨ

ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ

ਜੀਵਨੀ ਸਾਹਿੱਤ ਲੜੀ : (੧)

ਲੇਖਕ
ਪਿਆਰ ਸਿੰਘ, ਡਾ.
ਪ੍ਰੋਫ਼ੈਸਰ ਤੇ ਮੁਖੀ,
ਪੰਜਾਬੀ ਭਾਸ਼ਾ, ਸਾਹਿੱਤ ਅਤੇ ਸਭਿਆਚਾਰ ਵਿਭਾਗ,
ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ

ਖੋਜ ਸਹਾਇਕ
ਬਿਕਰਮ ਸਿੰਘ ਘੁੰਮਣ,
ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਵਿਭਾਗ,
ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ

ਪਹਿਲੀ ਵਾਰ : ਅਕਤੂਬਰ ੧੯੭੫

ਮੁੱਲ :

ਵਧੀਆ ਕਪੜੇ ਦੀ ਜਿਲਦ (Delux) ਰੁਪਏ 12/—

ਸਾਧਾਰਣ ਜਿਲਦ : ਰੁਪਏ 8/—

ਪ੍ਰਕਾਸ਼ਕ :
ਸ. ਭਰਪੂਰ ਸਿੰਘ, ਰਜਿਸਟ੍ਰਾਰ,
ਗੁਰੂ ਨਾਨਕ ਯੂਨੀਵਰਸਿਟੀ,
ਅੰਮ੍ਰਿਤਸਰ ।

ਮੁਦ੍ਰਕ :
ਤੇਜਾ ਸਿੰਘ ਸੇਠੀ,
ਤੇਜ ਪ੍ਰਿੰਟਿੰਗ ਪ੍ਰੈਸ,
ਕਟੜਾ ਸ਼ੇਰ ਸਿੰਘ,
ਅੰਮ੍ਰਿਤਸਰ ।

Digitized by Panjab Digital Library | www.panjabdigilib.org

# ਦੋ ਸ਼ਬਦ

ਇਹ ਕੇਵਲ ਸਰਦਾਰ ਤੇਜਾ ਸਿੰਘ ਸਮੁੰਦ੍ਰੀ ਜੀ ਦੀ ਜੀਵਨ-ਗਾਥਾ ਹੀ ਨਹੀਂ, ਸਗੋਂ ਗੁਰਦਵਾਰਾ ਸੁਧਾਰ ਲਈ ਅਕਾਲੀ ਲਹਿਰ ਦਾ ਪ੍ਰੇਰਨਾ-ਭਰਪੂਰ ਇਤਿਹਾਸ ਹੈ । ਅਜੇਹਾ ਹੋਣਾ ਕੁਦਰਤੀ ਵੀ ਸੀ, ਕਿਉਂਕਿ ਸੁਰਗਵਾਸੀ ਸ. ਤੇਜਾ ਸਿੰਘ ਸਮੁੰਦ੍ਰੀ ਦੀ ਮਹਾਨ ਸ਼ਖ਼ਸੀਅਤ ਅਕਾਲੀ ਲਹਿਰ ਦੀ ਪ੍ਰਚੰਡ ਆਤਮਾ ਸੀ, ਉਹ ਇਸ ਵਿਚ ਤਾਣੇ ਪੇਟੇ ਵਾਂਗ ਰਮੇ ਹੋਏ ਸਨ । ਇਸ ਲਈ ਉਸ ਦੇ ਇਤਿਹਾਸ ਨਾਲੋਂ ਉਨ੍ਹਾਂ ਨੂੰ ਨਵੇਕਲੇ ਕਰਕੇ ਵੇਖ ਸਕਣਾ ਅਸੰਭਵ ਹੈ ।

ਸਰਦਾਰ ਸਾਹਿਬ ਬੜੇ ਗੰਭੀਰ ਦੂਰ-ਅੰਦੇਸ਼, ਬਾ-ਵਕਾਰ, ਮਿੱਠ-ਬੋਲੜੇ ਅਤੇ ਸਹੀ ਅਰਥਾਂ ਵਿਚ ਕਥਨੀ ਦੇ ਪੂਰੇ ਤੇ ਕਰਨੀ ਦੇ ਸੂਰੇ ਗੁਰਸਿੱਖ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਕੌਮ ਅਤੇ ਸਿੱਖ ਪੰਥ ਦੀ ਬਿਹਤਰੀ ਲਈ ਵਕਫ ਕਰ ਛੱਡੀ ਸੀ ਤੇ ਓੜਕ ਨੂੰ ਇਸੇ ਮਨੋਰਥ ਲਈ ਲਾਹੌਰ ਸੈਂਟਰਲ ਜੇਲ੍ਹ ਵਿਚ ੧੭ ਜੁਲਾਈ, ੧੯੨੬ ਨੂੰ ਸ਼ਹੀਦੀ ਪਾ ਗਏ ਸਨ।

ਉਸ ਵੇਲੇ ਸਿੱਖ ਪੰਥ ਵਿਚ ਬੜੀਆਂ ਉਘੀਆਂ ਸ਼ਖ਼ਸੀਅਤਾਂ ਦਾ ਦੌਰ ਦੌਰਾ ਸੀ । ਉਨ੍ਹਾਂ ਵਿਚ ਬਾਬਾ ਖੜਕ ਸਿੰਘ, ਸ. ਹਰਚੰਦ ਸਿੰਘ, ਸ. ਮਹਿਤਾਬ ਸਿੰਘ, ਝਬਾਲੀਏ ਸਰਦਾਰ, ਮਾਸਟਰ ਸੁੰਦਰ ਸਿੰਘ, ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਬਾਵਾ ਹਰਕਿਸ਼ਨ ਸਿੰਘ, ਬਿਸ਼ਨ ਸਿੰਘ ਸਿੰਘਪੁਰੀਆ, ਸ. ਸੋਹਨ ਸਿੰਘ ਜੋਸ਼, ਸ. ਸੇਵਾ ਸਿੰਘ ਠੀਕਰੀਵਾਲਾ, ਆਦਿ ਨੂੰ ਗਿਣਿਆ ਜਾ ਸਕਦਾ ਹੈ, ਪਰ ਸ. ਤੇਜਾ ਸਿੰਘ ਸਮੁੰਦ੍ਰੀ ਜੀ ਦੀ ਸ਼ਖ਼ਸੀਅਤ, ਤਿਆਗ ਤੇ ਸੇਵਾ ਭਾਵਨਾ ਅਤੇ ਠਰ੍ਹੰਮੇ ਆਦਿ ਗੁਣਾਂ ਕਾਰਣ ਸਾਰਿਆਂ ਉਪਰ ਬੋਹੜ ਵਾਂਗ ਛਾਈ ਹੋਈ ਸੀ । ਉਨ੍ਹਾਂ ਨੇ ਅਕਾਲੀ ਲਹਿਰ ਨੂੰ ਜਿਸ ਦਲੇਰੀ, ਸਿਆਣਪ ਅਤੇ ਸੂਝ ਬੂਝ ਨਾਲ ਚਲਾਇਆ, ਉਹ ਇਸ ਮੋਰਚੇ ਦੀ ਸਫਲਤਾ ਦੀ ਜ਼ਮਾਨਤ ਬਣ ਕੇ ਉਭਰੀ । ਇਹ ਉਨ੍ਹਾਂ ਦੀ ਸਿੱਖ ਸੰਗਤਾਂ ਦੇ ਦਿਲਾਂ ਉਦਾਲੇ ਪਕੜ ਦਾ ਸਿੱਟਾ ਸੀ ਕਿ ਉਨ੍ਹਾਂ ਨੇ ਲਹਿਰ ਦੇ ਹਰ ਮੋੜ ਉਪਰ ਨ ਹੌਸਲਾ ਗਿਰਨ ਦਿਤਾ, ਨ ਕਦਮ ਥਿੜਕਣ ਦਿੱਤੇ, ਅਤੇ ਨ ਹੀ ਅਸਲੀ ਨਿਸ਼ਾਨੇ ਅਤੇ ਉਸਦੀ ਪ੍ਰਾਪਤੀ ਲਈ ਸ਼ਾਂਤਮਈ ਰਸਤੇ ਤੋਂ ਲਾਂਭੇ ਜਾਣ ਦਿੱਤਾ ।

ਆਪ ਵਕੀਲ ਨਹੀਂ ਸਨ ਪਰ ਜਿਸ ਤਰ੍ਹਾਂ ਆਪ ਨੇ ਜੇਲ੍ਹ ਵਿਚ ਚਲਾਏ ਗਏ ਮੁਕੱਦਮੇ ਵਿਚ ਸਰਕਾਰੀ ਵਕੀਲਾਂ ਅਤੇ ਗਵਾਹਾਂ ਉਪਰ ਜਿਰ੍ਹਾ ਕੀਤੀ, ਉਸ ਨਾਲ ਜੱਜਾਂ ਅਤੇ ਅਫ਼ਸਰਾਂ ਦੇ ਦੰਦ ਜੁੜ ਗਏ ਅਤੇ ਉਨ੍ਹਾਂ ਨੇ ਆਪ ਦੀ ਲਿਆਕਤ ਦਾ ਲੋਹਾ ਮੰਨਿਆ ਸੀ ।

ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਇਹ ਅਕਾਲੀ ਲਹਿਰ ਸਾਮਰਾਜ ਵਿਰੁੱਧ ਇਕ

Digitized by Panjab Digital Library | www.panjabdigilib.org

ਜ਼ਬਰਦਸਤ ਲੋਕ-ਉਭਾਰ ਸੀ । ਇਹ ਵੀ ਕੋਈ ਮੁਬਾਲਗ਼ਾ ਨਹੀਂ ਕਿ ਪੰਜਾਬ ਵਿਚ ਇਸੇ ਲਹਿਰ ਦੇ ਝੱਖੜ ਨੇ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ । ਇਸ ਤੋਂ ਪਹਿਲਾਂ ਗ਼ਦਰ ਲਹਿਰ ਵੀ ਅੰਗਰੇਜ਼ਾਂ ਦੀ ਪਰੇਸ਼ਾਨੀ ਦਾ ਕਾਰਣ ਬਣੀ ਸੀ, ਪਰ ਆਮ ਲੋਕਾਂ ਨੇ ਉਸ ਵਿਚ ਹਿੱਸਾ ਨਹੀਂ ਸੀ ਪਾਇਆ ਪਰ ਅਕਾਲੀ ਲਹਿਰ ਤਾਂ ਆਜ਼ਾਦੀ-ਪਸੰਦਾਂ ਦੇ ਜੋਸ਼ ਦਾ ਇਕ ਹੜ੍ਹ ਸੀ ਜਿਹੜੀ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਦੇ ਦਬਦਬੇ ਨੂੰ ਰੋੜ੍ਹ ਕੇ ਲੈ ਗਈ । ਇਸ ਲਹਿਰ ਦੇ ਕੁਝ ਆਗੂਆਂ ਨੇ ਮਗਰੋਂ ਜਾ ਕੇ ਆਪਣੇ ਵੱਖਰੇ ਰਾਹ ਚੁਣ ਲਏ, ਪਰ ਸ. ਤੇਜਾ ਸਿੰਘ ਸਮੁੰਦ੍ਰੀ ਅਤੇ ਉਨ੍ਹਾਂ ਦੇ ਅਕਸਰ ਸਾਥੀਆਂ ਨੇ ਪੰਜਾਬ ਵਿਚ ਕੌਮਪ੍ਰਸਤੀ ਦੀ ਭਾਵਨਾ ਨੂੰ ਤਕੜਿਆਂ ਕਰਕੇ ਇੰਡੀਅਨ ਨੈਸ਼ਨਲ ਕਾਂਗ੍ਰਸ ਨੂੰ ਪੰਜਾਬ ਵਿਚ ਸਾਮਰਾਜ ਵਿਰੋਧੀ ਲੜਾਈ ਦੇ ਸਮਰਥ ਕੀਤਾ । ਇਸ ਲਈ ਉਹ ਉਸ ਦੌਰ ਦੀਆਂ ਸਰਬ ਹਿੰਦ ਕਾਂਗ੍ਰਸੀ ਸ਼ਖ਼ਸੀਅਤਾਂ ਵਿਚ ਗਿਣੇ ਜਾਣ ਲਗ ਪਏ ਸਨ । ੧੯੨੯ ਨੂੰ ਇੰਡੀਅਨ ਨੈਸ਼ਨਲ ਕਾਂਗ੍ਰਸ ਦੇ ਇਤਿਹਾਸਕ ਇਜਲਾਸ ਦੇ ਮੌਕੇ, ਜਿਹੜੀਆਂ ਕਾਂਗ੍ਰਸੀ ਲੀਡਰਾਂ ਦੀਆਂ ਤਸਵੀਰਾਂ ਲੋਕਾਂ ਨੇ ਹੱਥੋ ਹੱਥ ਖ਼ਰੀਦੀਆਂ, ਉਨ੍ਹਾਂ ਵਿਚ ਸ੍ਵਰਗਵਾਸੀ ਪੰਡਿਤ ਮੋਤੀ ਲਾਲ ਨਹਿਰੂ ਤੇ ਹਕੀਮ ਅਜਮਲ ਖ਼ਾਂ, ਆਦਿ ਨਾਲ ਸ੍ਵਰਗਵਾਸੀ ਸ. ਤੇਜਾ ਸਿੰਘ ਸਮੁੰਦ੍ਰੀ ਜੀ ਦੀ ਤਸਵੀਰ ਵੀ ਸੁਸ਼ੋਭਿਤ ਸੀ । ਇਹ ਕੋਈ ਐਵੇਂ ਇਤਫ਼ਾਕ ਦੀ ਗੱਲ ਨਹੀਂ ਸੀ । ਸਰਦਾਰ ਸਾਹਿਬ ਦੀ ਤਿੱਖੀ ਸਿਆਸੀ ਸੂਝ ਨੇ ਅਨੁਭਵ ਕਰ ਲਿਆ ਸੀ ਕਿ ਬਦੇਸ਼ੀ ਰਾਜ ਤੋਂ ਛੁਟਕਾਰੇ ਬਿਨਾਂ ਨ ਦੇਸ਼ ਬਚ ਸਕਦਾ ਹੈ ਨ ਕੌਮ । ਇਸ ਲਈ ਆਪ ਨੇ ਅਕਾਲੀ ਲਹਿਰ ਦੇ ਨਾਲ ਨਾਲ ਕਾਂਗ੍ਰਸ ਵਿਚ ਸ਼ਾਮਲ ਹੋ ਕੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਸਰਗਰਮ ਤੇ ਸਿਰਲੱਥ ਹਿੱਸਾ ਲਿਆ ਸੀ ।

ਜਦੋਂ ਆਪ ਸ਼ਹੀਦ ਹੋ ਗਏ ਤਾਂ ਸ਼ੁਕਰ-ਗੁਜ਼ਾਰ ਕੌਮ ਨੇ ਆਪ ਦੇ ਨਾਂ ਤੇ "ਤੇਜਾ ਸਿੰਘ ਸਮੁੰਦ੍ਰੀ ਹਾਲ" ਉਸਾਰ ਕੇ ਆਪ ਦੀ ਯਾਦ ਨੂੰ ਹਮੇਸ਼ਾ ਲਈ ਸੰਭਾਲ ਲਿਆ ।

ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਹ ਪੁਸਤਕ ਤਿਆਰ ਕਰਵਾ ਕੇ ਨੌਜਵਾਨਾਂ ਲਈ ਇਕ ਅਖੁੱਟ ਪ੍ਰੇਰਨਾ-ਸ੍ਰੋਤ ਮੁਹੱਈਆ ਕੀਤਾ ਹੈ । ਮੈਂ ਇਸ ਦਾ ਸੁਆਗਤ ਕਰਦਾ ਹਾਂ ।

ਜ਼ੈਲ ਸਿੰਘ

(ਮੁੱਖ ਮੰਤ੍ਰੀ, ਪੰਜਾਬ)

ਚੰਡੀਗੜ੍ਹ ।

੨੪-੯-੧੯੭੫

Digitized by Panjab Digital Library | www.panjabdigilib.org

# ਪੁਸਤਕ ਦੀ ਕਹਾਣੀ

ਸਤੰਬਰ ੧੯੭੨ ਵਿਚ, ਜਦੋਂ ਸਾਡੇ ਰਾਜ ਦੇ ਮੁੱਖ ਮੰਤ੍ਰੀ, ਗਿਆਨੀ ਜ਼ੈਲ ਸਿੰਘ ਜੀ, ਯੂਨੀਵਰਸਿਟੀ ਪਧਾਰੇ, ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਉਨ੍ਹਾਂ ਨਾਲ ਅਨੇਕ ਪ੍ਰਕਾਰ ਦਾ ਵਿਚਾਰ-ਵਟਾਂਦਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਵਿਚ ਗੱਲ ਪੰਜਾਬ ਦੇ ਤੀਸਰੇ ਦਹਾਕੇ ਦੇ ਸਿਰਲੱਥ ਲੀਡਰਾਂ ਉਤੇ ਚਲੀ ਗਈ। ਇਸ ਗਲਬਾਤ ਸਮੇਂ ਗਿਆਨੀ ਜੀ ਨੇ ਇਨ੍ਹਾਂ ਸਤਰਾਂ ਦੇ ਲੇਖਕ ਪਾਸੋਂ ਇਹ ਪੁਛ ਕੀਤੀ ਕਿ ਕੀ ਸ. ਤੇਜਾ ਸਿੰਘ ਸਮੁੰਦ੍ਰੀ ਦੇ ਜੀਵਨ ਸੰਬੰਧੀ ਕੋਈ ਪੁਸਤਕ ਪ੍ਰਾਪਤ ਹੈ ? ਉੱਤਰ ਵਿਚ ਮੇਰੇ "ਨਹੀਂ" ਕਹਿਣ ਉਪਰ ਗਿਆਨੀ ਜੀ ਨੇ ਫ਼ਰਮਾਇਆ ਕਿ ਸ. ਤੇਜਾ ਸਿੰਘ ਸਮੁੰਦ੍ਰੀ ਸਾਡੇ ਮੁਢਲੇ ਸ਼ਹੀਦਾਂ ਵਿਚੋਂ ਸਨ; ਉਨ੍ਹਾਂ ਨੇ ਪੰਜਾਬ ਨੂੰ ਸੁਤੰਤ੍ਰਤਾ-ਯੁੱਧ ਦੇ ਮੁੱਢਲੇ ਸਬਕ ਦਿਤੇ। ਪਰ, ਅਫ਼ਸੋਸ ਹੈ ਕਿ ਅਸੀਂ ਉਨ੍ਹਾਂ ਬਾਰੇ ਜਾਣਕਾਰੀ ਦੇਣ ਵਾਲੀ ਇਕ ਵੀ ਪੁਸਤਕ ਕਿਸੇ ਨੂੰ ਭੇਂਟ ਕਰਨੋਂ ਅਸਮਰਥ ਹਾਂ। ਆਪ ਜੀ ਨੇ ਕਿਹਾ ਕਿ ਅਜੇਹੇ ਮਹਾ ਪੁਰਖਾਂ ਦੇ ਜੀਵਨ-ਸੰਗ੍ਰਾਮ ਬਾਰੇ ਖੋਜ-ਭਰਪੂਰ ਪੁਸਤਕਾਂ ਲਿਖਵਾ ਕੇ ਪਾਠਕਾਂ ਦੇ ਹੱਥਾਂ ਵਿਚ ਦੇਣੀਆਂ ਚਾਹੀਦੀਆਂ ਹਨ।

ਇਸੇ ਸਾਲ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ, ਸਾਹਿੱਤ ਅਤੇ ਸਭਿਆਚਾਰ ਨਾਂ ਦਾ ਵਿਭਾਗ ਖੁਲ੍ਹਿਆ, ਜਿਸ ਦੇ ਉੱਦੇਸ਼ਾਂ ਵਿਚੋਂ ਇਕ ਪੰਜਾਬੀ ਵਿਚ ਮੌਲਿਕ ਰਚਨਾਵਾਂ ਕਰਾਉਣਾ ਵੀ ਸੀ। ਸਨਮਾਨ ਯੋਗ ਮੁੱਖ ਮੰਤ੍ਰੀ ਜੀ ਦੀ ਇਸ ਇੱਛਾ ਦਾ ਪਤਾ ਜਦੋਂ ਇਸ ਵਿਭਾਗ ਦੇ ਮੁਖੀ, ਡਾ. ਪਿਆਰ ਸਿੰਘ ਨੂੰ ਲਗਿਆ, ਤਾਂ ਉਨ੍ਹਾਂ ਨੇ ਆਪਣੇ ਵਿਭਾਗ ਵਿਚ ਜੀਵਨੀ-ਸਾਹਿੱਤ ਦੀ ਲੜੀ ਆਰੰਭ ਦਿੱਤੀ ਤੇ ਇਸ ਦਾ ਪ੍ਰਾਰੰਭ ਸ. ਤੇਜਾ ਸਿੰਘ ਜੀ ਸਮੁੰਦ੍ਰੀ ਦੀ ਜੀਵਨੀ ਨਾਲ ਕਰਨ ਦਾ ਮਨ ਬਣਾਇਆ। ਹੱਥਲੀ ਪੁਸਤਕ ਇਸੇ ਸੰਕਲਪ ਦਾ ਸਿੱਟਾ ਹੈ।

ਇਹ ਪੁਸਤਕ ਲਿਖਵਾਏ ਜਾਣ ਦਾ ਉਤਸਾਹ ਮਾਨਯੋਗ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਪਾਸੋਂ ਮਿਲਿਆ ਸੀ। ਉਨ੍ਹਾਂ ਮੇਰੀ ਬੇਨਤੀ ਤੇ ਇਸ ਲਈ ਦੋ ਸ਼ਬਦ ਲਿਖਣ ਦੀ ਕ੍ਰਿਪਾ ਵੀ ਕੀਤੀ ਹੈ। ਮੈਂ ਉਨ੍ਹਾਂ ਦਾ ਇਸ ਖੇਚਲ ਲਈ ਬਹੁਤ ਬਹੁਤ ਧੰਨਵਾਦੀ ਹਾਂ।

ਬਿਸ਼ਨ ਸਿੰਘ ਸਮੁੰਦ੍ਰੀ

(ਬਿਸ਼ਨ ਸਿੰਘ ਸਮੁੰਦ੍ਰੀ)
ਵਾਈਸ ਚਾਂਸਲਰ

ਅੰਮ੍ਰਿਤਸਰ
੩੦ ਸਤੰਬਰ ੧੯੭੫

Digitized by Panjab Digital Library | www.panjabdigilib.org

# ਲੇਖਕ ਵੱਲੋਂ

ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਤਨ, ਮਨ, ਧਨ ਨਾਲ ਸੇਵਾ ਕਰਨ ਵਾਲੇ ਸ. ਤੇਜਾ ਸਿੰਘ ਸਮੁੰਦ੍ਰੀ ਦਾ ਜੀਵਨ ਭਾਰਤੀ ਸੰਕਲਪ ਦੇ ਇਕ ਆਦਰਸ਼ ਆਗੂ ਵਾਲਾ ਰਿਹਾ ਹੈ । ਬਹੁਤ ਘਟ ਨੇਤਾ ਉਨ੍ਹਾਂ ਵਰਗੀ ਸੂਝ, ਧੁਨ ਤੇ ਕੁਰਬਾਨੀ ਵਾਲੇ ਦੇਖੇ ਗਏ ਹਨ । ਇਸ ਲਈ ਜਦੋਂ ਜੀਵਨੀ-ਸਾਹਿੱਤ ਦੀ ਇਸ ਲੜੀ ਨੂੰ ਆਰੰਭਣ ਦਾ ਵਿਚਾਰ ਬਣਿਆ ਤਾਂ ਸਨਮਾਨ ਯੋਗ ਮੁੱਖ ਮੰਤ੍ਰੀ ਗਿਆਨੀ ਜ਼ੈਲ ਸਿੰਘ ਜੀ ਦੇ ਸੁਝਾਉ ਅਨੁਸਾਰ ਪਹਿਲਾਂ ਇਨ੍ਹਾਂ ਦੀ ਜੀਵਨੀ ਨੂੰ ਹੀ ਹੱਥ ਵਿਚ ਲੈਣ ਦਾ ਫ਼ੈਸਲਾ ਕੀਤਾ ਗਿਆ । ਮੈਨੂੰ ਖੁਸ਼ੀ ਹੈ ਕਿ ਇਹ ਕੰਮ ਅਸੀਂ ਆਪਣੀ ਪੂਰੀ ਸੰਤੁਸ਼ਟੀ ਨਾਲ ਨੇਪਰੇ ਚੜ੍ਹਾ ਸਕੇ ਹਾਂ ।

ਸਮੁੰਦ੍ਰੀ ਸਾਹਿਬ ਬਾਰੇ ਜਾਣਕਾਰੀ, ਸਾਨੂੰ ਸਮਾਚਾਰ ਪਤ੍ਰਾਂ ਤੋਂ ਬਿਨਾਂ ਉਨ੍ਹਾਂ ਦੇ ਕੋਈ ਤਿੰਨ ਕੁ ਦਰਜਨ ਨਿਕਟ-ਵਰਤੀ ਸੱਜਨਾਂ ਤੋਂ ਮਿਲੀ ਹੈ । ਇਨ੍ਹਾਂ ਤੋਂ ਪ੍ਰਾਪਤ ਹੋਈ ਸੂਚਨਾ ਨੇ ਉਨ੍ਹਾਂ ਦੇ ਜੀਵਨ ਦੀਆਂ ਕਈ ਅਗਿਆਤ ਨੁਕਰਾਂ ਨੂੰ ਰੁਸ਼ਨਾਇਆ ਹੈ । ਇਸ ਲਈ ਲੇਖਕ ਉਨ੍ਹਾਂ ਦਾ ਬਹੁਤ ਬਹੁਤ ਰਿਣੀ ਹੈ ।

ਫੀਲਡ ਵਿਚ ਜਾ ਕੇ, ਵਖ ਵਖ ਥਾਵਾਂ ਤੇ ਉਨ੍ਹਾਂ ਦੇ ਜਾਣਕਾਰਾਂ ਨੂੰ ਮਿਲ ਕੇ ਬਿਆਨ ਲੈਣ ਦਾ ਕੰਮ ਇਸ ਵਿਭਾਗ ਦੇ ਖੋਜ ਸਹਾਇਕ, ਸ੍ਰੀ ਬਿਕਰਮ ਸਿੰਘ ਘੁੰਮਣ, ਨੇ ਕੀਤਾ ਹੈ । ਛਪੀਆਂ ਪੁਸਤਕਾਂ, ਅਖ਼ਬਾਰਾਂ, ਰਿਸਾਲਿਆਂ ਤੇ ਹੋਰਨਾਂ ਦਸਤਾਵੇਜ਼ਾਂ ਤੋਂ ਸਾਮਗ੍ਰੀ ਵੀ ਉਸੇ ਨੇ ਇਕਤ੍ਰ ਕੀਤੀ ਹੈ ਤੇ ਪੁਸਤਕ ਦਾ ਪਹਿਲਾ ਖਰੜਾ ਤਿਆਰ ਕਰਨ ਵਿਚ ਉਸ ਨੇ ਚੋਖਾ ਹਿੱਸਾ ਪਾਇਆ ਹੈ ਜਿਸ ਲਈ ਲੇਖਕ ਉਸ ਦਾ ਧੰਨਵਾਦੀ ਹੈ ।

ਲੇਖਕ ਪ੍ਰੋ. ਨਿਰੰਜਨ ਸਿੰਘ, ਸ. ਨਰੈਣ ਸਿੰਘ ਐਮ. ਏ. ਤੇ ਸ. ਗੁਰਚਰਨ ਸਿੰਘ ਸੂਹੰਸਰਾ ਦਾ ਵੀ ਰਿਣੀ ਹੈ, ਜਿਨ੍ਹਾਂ ਨੇ ਪੁਸਤਕ ਦਾ ਅੱਖਰ ਅੱਖਰ ਪੜ੍ਹ ਕੇ ਆਪਣੇ ਕੀਮਤੀ ਸੁਝਾਉ ਦਿੱਤੇ ਹਨ ਤੇ ਜਿਨ੍ਹਾਂ ਦੇ ਫਲਸਰੂਪ ਲੇਖਕ ਸਾਰੀ ਸਾਮਗ੍ਰੀ ਨੂੰ ਮੁੜ ਤਸ਼ਕੀਲ ਦੇ ਸਕਿਆ ਹੈ । ਪੁਸਤਕ ਵਿਚ ਆਏ ਚਿਤ੍ਰਾਂ ਲਈ ਅਸੀਂ ਸਮੁੰਦ੍ਰੀ ਪਰਿਵਾਰ ਅਤੇ ਸ. ਤੇਜਾ ਸਿੰਘ ਅਕਰਪੁਰੀ ਦੇ ਰਿਣੀ ਹਾਂ । ਸ. ਤੇਜਾ ਸਿੰਘ ਸਮੁੰਦ੍ਰੀ ਦੀ ਹੱਥ-ਲਿਖਤ ਚਿੱਠੀ ਸਾਨੂੰ ਗਿਆਨੀ ਪ੍ਰਤਾਪ ਸਿੰਘ ਪਾਸੋਂ ਮਿਲੀ ਹੈ । ਲੇਖਕ ਇਨ੍ਹਾਂ ਸਾਰਿਆਂ ਦਾ ਵੀ ਬਹੁਤ ਬਹੁਤ ਧੰਨਵਾਦੀ ਹੈ ।

ਵਿਭਾਗ ਦੀ ਜੀਵਨੀ-ਖੇਤਰ ਵਿਚ ਕੀਤੀ ਮਿਹਨਤ ਦਾ ਪਹਿਲਾ ਫਲ ਕਦਰਦਾਨਾਂ ਦੇ ਹੱਥ ਵਿਚ ਹੈ । ਇਸ ਵਿਚ ਜੋ ਊਣਤਾਈਆਂ ਉਹ ਦੇਖਣ ਸਾਨੂੰ ਉਨ੍ਹਾਂ ਤੋਂ ਜਾਣੂ ਕਰਵਾਉਣ ਤਾਂ ਜੋ ਅਸੀਂ ਅਗਲੇਰੀਆਂ ਜੀਵਨੀਆਂ ਵਧੇਰੇ ਚੰਗੀਆਂ ਦੇ ਸਕੀਏ ।

ਅੰਮ੍ਰਿਤਸਰ                                        ਪਿਆਰ ਸਿੰਘ
੩੦ ਸਤੰਬਰ, ੧੯੭੫

Digitized by Panjab Digital Library | www.panjabdigilib.org

# ਪ੍ਰਕਰਣ ਸੂਚੀ


| | | |
|---|---|---|
| — | ਦੋ ਸ਼ਬਦ | ੩ |
| — | ਪੁਸਤਕ ਦੀ ਕਹਾਣੀ | ੫ |
| — | ਲੇਖਕ ਵੱਲੋਂ | ੬ |
| — | ਚਿਤ੍ਰਾਂ ਦਾ ਵੇਰਵਾ | ੮ |
| ੧. | ਵੰਸ਼ ਤੇ ਬਚਪਨ | ੯ |
| ੨. | ਵਿਆਹ ਤੇ ਫ਼ੌਜ ਵਿਚ ਨੌਕਰੀ | ੧੮ |
| ੩. | ਕੌਮੀ ਸੇਵਾ | ੨੩ |
| ੪. | ਅੰਗਰੇਜ਼ਾਂ ਵਿਰੁੱਧ ਸਿੱਖਾਂ ਦੇ ਰੋਸ ਦਾ ਵਧਣਾ | ੩੧ |
| ੫. | ਗੁਰਦਵਾਰਾ ਰਿਕਾਬ ਗੰਜ | ੩੫ |
| ੬. | ਗੁਰਦਵਾਰਾ ਸੁਧਾਰ ਲਈ ਜਾਗ੍ਰਤੀ | ੪੦ |
| ੭. | ਸਾਕਾ ਨਨਕਾਣਾ ਸਾਹਿਬ | ੪੯ |
| ੮. | ਅਕਾਲੀ ਅਖ਼ਬਾਰ ਦੀ ਸਥਾਪਨਾ | ੫੯ |
| ੯. | ਸਿੱਖ ਕੇਂਦ੍ਰੀ ਸੰਸਥਾਵਾਂ ਦੀ ਸੇਵਾ ਵਿਚ | ੬੮ |
| ੧੦. | ਚਾਬੀਆਂ ਦਾ ਮੋਰਚਾ | ੭੬ |
| ੧੧. | ਗੁਰੂ ਕੇ ਬਾਗ਼ ਦੇ ਮੋਰਚੇ ਦਾ ਹੀਰੋ | ੮੨ |
| ੧੨. | ਕੌਮੀ ਸੇਵਾ ਤੇ ਕਾਂਗ੍ਰਸ ਦੀ ਮੈਂਬਰਸ਼ਿਪ | ੧੦੧ |
| ੧੩. | ਮੁਕਤਸਰ ਤੇ ਖਡੂਰ ਸਾਹਿਬ | ੧੦੮ |
| ੧੪. | ਕਾਰ ਸੇਵਾ ਕਿਵੇਂ ਨਿਭਾਈ | ੧੧੪ |
| ੧੫. | ਮਹਾਰਾਜਾ ਨਾਭੇ ਦਾ ਸਵਾਲ ਤੇ ਜੈਤੋ ਦਾ ਮੋਰਚਾ | ੧੧੮ |
| ੧੬. | ਜੇਲ੍ਹ ਵਿਚ ਤੇ ਮੁਕੱਦਮਾ | ੧੩੧ |
| ੧੭. | ਅਕਾਲ ਚਲਾਣਾ | ੧੫੧ |
| ੧੮. | ਸ਼ਖ਼ਸੀਅਤ ਤੇ ਆਚਰਣ | ੧੫੮ |
| — | ਮੁਲਾਕਾਤੀਆਂ ਦੀ ਸੂਚੀ | ੧੮੨ |
| — | ਸਹਾਇਕ ਪੁਸਤਕ ਸੂਚੀ | ੧੮੫ |
| — | ਇੰਡੈਕਸ | ੧੮੮ |


Digitized by Panjab Digital Library | www.panjabdigilib.org

# ਚਿਤ੍ਰਾਂ ਦਾ ਵੇਰਵਾ


੧. (ਪੰਨਾ 1) ਸ. ਤੇਜਾ ਸਿੰਘ ਸਮੁੰਦ੍ਰੀ ।

੨. (ਪੰਨਾ 9) ਸ. ਤੇਜਾ ਸਿੰਘ ਸਮੁੰਦ੍ਰੀ ਦੇ ਪਿਤਾ, ਰਿਸਾਲਦਾਰ ਮੇਜਰ ਸ. ਦੇਵਾ ਸਿੰਘ ।

੩. (ਪੰਨਾ 20) ਸ. ਤੇਜਾ ਸਿੰਘ ਸਮੁੰਦ੍ਰੀ, ਦਫ਼ੇਦਾਰੀ ਸਮੇਂ ਫ਼ੌਜੀ ਵਰਦੀ ਵਿਚ ।

੪. (ਪੰਨਾ 24) ਸ. ਤੇਜਾ ਸਿੰਘ ਸਮੁੰਦ੍ਰੀ, ਕੌਮੀ ਜੀਵਨ ਦੇ ਆਰੰਭਕ ਸਮੇਂ ।

੫–੬. (ਪੰਨਾ 86) ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਬੀ. ਟੀ. ਦੁਆਰਾ ਮਾਰ-ਕੁਟਾਈ ਦਾ ਵਾਸਤਵਿਕ ਦ੍ਰਿਸ਼ ।

੭. (ਪੰਨਾ 91) ਸ. ਤੇਜਾ ਸਿੰਘ ਸਮੁੰਦ੍ਰੀ ਕੈਪਟਨ ਗੋਪਾਲ ਸਿੰਘ ਭਾਗੋਵਾਲੀਏ ਨਾਲ਼ ਗੁਰੂ ਕੇ ਬਾਗ਼ ਦੇ ਮੋਰਚੇ ਸੰਬੰਧੀ ਵਿਚਾਰ ਵਟਾਂਦਰਾ ਕਰ ਰਹੇ ਹਨ ।

੮. (ਪੰਨਾ 105) ਕੌਮੀ ਪੱਧਰ ਦੇ ਲੀਡਰਾਂ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦਾ ਸਥਾਨ । [ਵੇਰਵਾ : ਉਪਰ ਕਤਾਰ ਵਿਚ : ਹਕੀਮ ਅਜਮਲ ਖਾਂ, ਮੋਤੀ ਲਾਲ ਨਹਿਰੂ, ਸੀ. ਆਰ ਦਾਸ, ਦਾਦਾ ਭਾਈ ਨਾਓਰੋਜੀ, ਲਾਜਪਤ ਰਾਏ, ਤੇਜਾ ਸਿੰਘ ਸਮੁੰਦ੍ਰੀ, ਲੋਕਮਾਨੀਆ ਤਿਲਕ । ਹੇਠਾਂ : ਸੁਭਾਸ਼ ਚੰਦ੍ਰ ਬੋਸ, (ਇਸਤ੍ਰੀ ?), ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ।]

੯. (ਪੰਨਾ 150) ਬਿਨਾ ਸ਼ਰਤ ਰਿਹਾ ਹੋ ਕੇ ਆਏ ਲੀਡਰ ਤੇਜਾ ਸਿੰਘ ਸਮੁੰਦ੍ਰੀ ਦੀ ਤਸਵੀਰ ਸਹਿਤ । [ਖੜੇ : ਗੋਪਾਲ ਸਿੰਘ ਕੌਮੀ, ਭਾਗ ਸਿੰਘ ਵਕੀਲ, ਰਾਏ ਸਿੰਘ, ਤੇਜਾ ਸਿੰਘ ਘਵਿੰਡ । ਬੈਠੇ : ਸੋਹਣ ਸਿੰਘ ਜੋਸ਼, ਮਾ. ਤਾਰਾ ਸਿਘ; ਕੁਰਸੀ ਉਤੇ : ਤਸਵੀਰ ਸ. ਤੇਜਾ ਸਿੰਘ ਸਮੁੰਦ੍ਰੀ, ਤੇਜਾ ਸਿੰਘ ਅਕਰਪੁਰੀ, ਬਾਬੂ ਤ੍ਰਿਪਤ ਸਿੰਘ; ਕੁਰਸੀਆਂ ਅੱਗੇ ਬੈਠੇ: ਹਰੀ ਸਿੰਘ ਚਕਵਾਲੀਆ ।]

੧੦. (ਪੰਨਾ 153) ਅੰਤਿਮ ਦਰਸ਼ਨ। [ਵਿਚਕਾਰ : ਅਰਥੀ ਸ. ਤੇਜਾ ਸਿੰਘ ਸਮੁੰਦ੍ਰੀ; ਖੱਬਿਓਂ ਸੱਜੇ ਪਹਿਲੇ ਚੱਕਰ ਵਿਚ : ਅੱਧੇ ਮੂੰਹ ਕੱਜੇ ਵਾਲੇ ਬੀਬੀ ਜੀਓ : ਸ਼ਾਮ ਕੌਰ ਸੁਪਤਨੀ ਸ. ਤੇਜਾ ਸਿੰਘ ਸਮੁੰਦ੍ਰੀ, ਸ. ਮਹਿੰਦਰ ਸਿੰਘ (ਸਪੁਤ੍ਰ), ਸ. ਸਾਹਿਬ ਸਿੰਘ (ਸਪੁਤ੍ਰ), ਸ. ਮਾਨ ਸਿੰਘ (ਸਪੁਤ੍ਰ), ਬੀਬੀ ਸਤਵੰਤ ਕੌਰ (ਸਪੁਤ੍ਰੀ), ਸ. ਬਿਸ਼ਨ ਸਿੰਘ (ਸਪੁਤ੍ਰ)] ।

੧੧. (ਪੰਨਾ 157) ਤੇਜਾ ਸਿੰਘ ਸਮੁੰਦ੍ਰੀ ਹਾਲ ।

੧੨. (ਪੰਨਾ 178) ਸ. ਤੇਜਾ ਸਿੰਘ ਸਮੁੰਦ੍ਰੀ ਦੀ ਹੱਥ ਲਿਖਿਤ ਇਕ ਚਿੱਠੀ।

੧੩. (ਪੰਨਾ 179) ਉਤਾਰਾ ਉਪਰੋਕਤ ਚਿੱਠੀ ।


Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਚਿਤ੍ਰ ੨. ਸ. ਤੇਜਾ ਸਿੰਘ ਸਮੁੰਦ੍ਰੀ ਦੇ ਪਿਤਾ, ਰਿਸਾਲਦਾਰ ਮੇਜਰ ਸ. ਦੇਵਾ ਸਿੰਘ ।

Digitized by Panjab Digital Library | www.panjabdigilib.org

੧

# ਵੰਸ਼ ਤੇ ਬਚਪਨ

ਜਿਸ ਮਹਾਂਪੁਰਖ ਦੀ ਜੀਵਨ-ਕਹਾਣੀ ਅਸੀਂ ਅੱਜ ਆਰੰਭਣ ਲਗੇ ਹਾਂ, ਉਸ ਦਾ ਜਨਮ ਪੰਜਾਬ ਦੀ ਧਰਤੀ ਜ਼ਿਲਾ ਅੰਮ੍ਰਿਤਸਰ ਵਿਚ ਪੱਟੀ ਦੇ ਲਾਗੇ ਰਾਏ ਕਾ ਬੁਰਜ ਨਾਮੀ ਪਿੰਡ ਵਿਚ ਹੋਇਆ। ਇਹ ਪਿੰਡ ਤਰਨਤਾਰਨ ਤੋਂ ਵੀਹ ਕੁ ਮੀਲਾਂ ਦੀ ਵਿੱਥ 'ਤੇ ਵੱਸਿਆ ਹੋਇਆ ਹੈ ਤੇ ਇਸ ਦਾ ਅਸਲੀ ਨਾਂ "ਰਾਏਪੁਰ ਬਲੀਮ" ਹੈ। ਰਵਾਇਤ ਇਹ ਹੈ ਕਿ ਕਈ ਸੌ ਸਾਲ ਪਹਿਲਾਂ ਜੱਟ ਸਿੱਖਾਂ ਦੇ ਸੰਧੂ ਘਰਾਣੇ ਦੇ ਬਜ਼ੁਰਗਾਂ ਨੇ ਇਸ ਪਿੰਡ ਨੂੰ ਲਾਗੇ ਦੇ ਇਕ ਚੋਖੇ ਪੁਰਾਣੇ ਪਿੰਡ, ਸਰਹਾਲੀ, ਤੋਂ ਉੱਠ ਕੇ ਵਸਾਇਆ ਸੀ। ਪਰ "ਰਾਏ" ਪਦ ਰਾਜਪੂਤ ਰਾਜਿਆਂ ਰਜਵਾੜਿਆਂ ਦੀ ਯਾਦ ਦਿਵਾਉਂਦਾ ਹੈ ਤੇ "ਬੁਰਜ" ਫ਼ੌਜੀ ਕਿਲ੍ਹਾਬੰਦੀ ਦਾ ਲਖਾਇਕ ਹੈ। ਸੰਭਵ ਹੈ ਕਿ ਇਸ ਦਾ ਪਿੱਛਾ ਵਿਚਿਤ੍ਰ ਤੇ ਹੋਣੀਆਂ ਭਰਿਆ ਹੋਵੇ। ਖ਼ੈਰ, ਇਸ ਪਿੰਡ ਵਿਚ ੧੦ ਫੱਗਣ ੧੯੩੮ ਬਿਕ੍ਰਮੀ, ਮੁਤਾਬਕ ੧੮੮੧ ਈ. ਨੂੰ ਅੰਮ੍ਰਿਤ ਵੇਲੇ ਰਿਸਾਲਦਾਰ ਮੇਜਰ ਸ. ਦੇਵਾ ਸਿੰਘ ਦੇ ਘਰ ਇਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਉਂ ਮਾਪਿਆਂ ਨੇ ਬੜੇ ਚਾਵਾਂ ਮਲ੍ਹਾਰਾਂ ਨਾਲ "ਤੇਜਾ ਸਿੰਘ" ਰੱਖਿਆ। ਪਤਾ ਨਹੀਂ ਮਾਪਿਆਂ ਨੇ ਬਾਲਕ ਦਾ ਇਹ ਨਾਂ ਕਿਸ ਭਾਵਨਾ ਨਾਲ ਚੁਣਿਆ। ਜੇ ਉਹ ਇਸ ਨੂੰ ਸਾਧਾਰਣ ਅਰਥਾਂ ਵਿਚ "ਤੇਜ", "ਗਰਮ" ਜਾਂ "ਤੁੰਦ" ਵੇਖਣਾ ਚਾਹੁੰਦੇ ਸਨ ਤਾਂ ਇਹ ਉਹ ਹੈ ਨਹੀਂ ਸੀ, ਕਿਉਂਜੋ ਸਮੇਂ ਨੇ ਸਿੱਧ ਕਰ ਦਿੱਤਾ ਕਿ ਉਹ ਨ ਕੇਵਲ ਆਪ ਹੀ ਸ਼ਾਂਤ ਤੇ ਅਡੋਲ ਰਹਿਣ ਵਾਲਾ ਹੈ, ਸਗੋਂ ਆਪਣੇ ਬਲ ਪ੍ਰਤਾਪ ਨਾਲ ਦੂਜਿਆਂ ਨੂੰ ਵੀ "ਸ਼ਾਂਤ ਤੇ ਠੰਢਾ" ਰੱਖਣ ਦਾ ਗੁਣ ਰਖਦਾ ਹੈ। ਜੇ ਉਸ ਦੇ ਮਾਪਿਆਂ ਨੂੰ ਉਸ ਦੇ ਸ਼ਬਦ ਦੇ ਮੂਲ ਅਰਥਾਂ ਵਿਚ ਢਲੇ ਹੋਏ ਵੇਖਣ ਦੀ ਚਾਹ ਸੀ ਤਾਂ ਸਾਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਉਹ ਆਪਣੇ ਸਮੇਂ ਵਿਚ ਵੱਡੇ ਪ੍ਰਤਾਪ ਤੇਜ ਵਾਲਾ ਪੁਰਸ਼ ਹੋਇਆ ਤੇ ਉਸ ਦੇ ਤੇਜ ਪ੍ਰਤਾਪ ਨੂੰ ਵਕਤ ਦੀ ਸਰਕਾਰ ਨੇ ਮੰਨਿਆ ਤੇ ਉਸ ਦੇ ਸਾਥੀਆਂ ਨੇ ਵੀ ਕਬੂਲ ਕੀਤਾ।

ਸ. ਤੇਜਾ ਸਿੰਘ ਦੇ ਪਿਤਾ ਸ. ਦੇਵਾ ਸਿੰਘ ਦਾ ਸੰਬੰਧ ਉਸ ਖ਼ਾਨਦਾਨ ਨਾਲ ਸੀ ਜੋ ਫ਼ੌਜੀ ਰਵਾਇਤਾਂ ਕਾਰਣ ਚੋਖਾ ਪ੍ਰਸਿੱਧ ਸੀ। ਇਹ ੨੨ ਨੰਬਰ ਰਿਸਾਲੇ ਵਿਚ ਮਾਮੂਲੀ ਸਿਪਾਹੀ ਭਰਤੀ ਹੋਏ ਸਨ ਤੇ ਆਪਣੇ ਗੁਣਾਂ ਕਾਰਣ ਰਿਸਾਲ਼ਦਾਰ ਮੇਜਰ ਦੇ ਅਹੁਦੇ ਤੇ ਪਹੁੰਚੇ ਸਨ ਜੋ ਉਸ ਵੇਲੇ ਦੇਸੀ ਫ਼ੌਜੀਆਂ ਲਈ ਸਭ ਤੋਂ ਉੱਚਾ ਅਹੁਦਾ ਸੀ। ਜਦੋਂ ਬਾਰ ਵੱਸੀ ਤਾਂ ਇਨ੍ਹਾਂ ਨੂੰ ਫ਼ੌਜੀ ਖ਼ਿਦਮਤ ਦੇ ਬਦਲੇ ਜ਼ਿਲਾ ਲਾਇਲਪੁਰ, ਤਹਿਸੀਲ ਸਮੁੰਦ੍ਰੀ,

Digitized by Panjab Digital Library | www.panjabdigilib.org

ਸਮੁੰਦ੍ਰੀ ਕਸਬੇ ਦੀ ਐਨ ਉੱਤਰ ਪੱਛਮੀ ਹੱਦ ਉੱਤੇ ਚੱਕ ਨੰਬਰ ੧੪੦ ਗੋਗੇਰਾ ਬ੍ਰਾਂਚ ਵਿਚ, ਪੰਜ ਮੁਰੱਬੇ ਜ਼ਮੀਨ ਮਿਲੀ ਤੇ ਇਹ ਨੌਕਰੀ ਤੋਂ ਪੈਨਸ਼ਨ ਪਾ ਕੇ ਬਾਲ ਬੱਚੇ ਸਮੇਤ ਵੀਹਵੀਂ ਸਦੀ ਦੇ ਆਰੰਭ ਵਿਚ ਉੱਥੇ ਜਾ ਵੱਸੇ।

ਸ. ਦੇਵਾ ਸਿੰਘ ਮੁੱਢ ਤੋਂ ਹੀ ਸੰਤ ਸੁਭਾਵ, ਪੂਰੇ ਸਿਦਕੀ ਤੇ ਗੁਰਮੁਖ ਸਿਖ ਸਨ। ਆਪ ਗੁਰਬਾਣੀ ਦੇ ਪੱਕੇ ਨੇਮੀ ਸਨ; ਪਹਿਰ ਰਾਤ ਰਹਿੰਦੀ ਉੱਠ ਕੇ ਇਸ਼ਨਾਨ ਕਰਦੇ ਤੇ ਪਾਠ ਕਰਨ ਬਹਿ ਜਾਂਦੇ, ਤੇ ਇਕ ਵਾਰ ਜਦੋਂ ਪਾਠ ਕਰਨ ਬਹਿ ਜਾਂਦੇ ਤਾਂ ਫਿਰ ਕਿਸੇ ਚੀਜ਼ ਦੀ ਪਰਵਾਹ ਨਹੀਂ ਸਨ ਕਰਦੇ। ਇਨ੍ਹਾਂ ਦੇ ਪੋਤਰੇ ਸ. ਮਾਨ ਸਿੰਘ ਦਸਦੇ ਹਨ ਕਿ ਇਕ ਵਾਰ ਜਦੋਂ ਇਹ ਪਾਠ ਕਰ ਰਹੇ ਸਨ ਤਾਂ ਉਧਰੋਂ ਇਕ ਅੰਗਰੇਜ਼ ਲਫਟੈਨ ਲੰਘਿਆ। ਇਹ ਰਿਸਾਲੇ ਵਿਚ ਨਵਾਂ ਨਵਾਂ ਆਇਆ ਸੀ। ਸ. ਦੇਵਾ ਸਿੰਘ ਲਫਟੈਨ ਨੂੰ ਸਲਾਮ ਕਰਨ ਲਈ ਨ ਉੱਠੇ। ਉਸ ਨੇ ਉੱਪਰ ਵੱਡੇ ਅਫ਼ਸਰਾਂ ਅੱਗੇ ਸ਼ਿਕਾਇਤ ਕਰ ਦਿੱਤੀ ਜਿਸ ਉੱਤੇ ਇਨ੍ਹਾਂ ਨੂੰ ਬਹਾਦਰੀ ਦੇ ਜੋ ਸੱਠ ਰੁਪਏ ਮਾਹਵਾਰ ਮਿਲਣੇ ਸਨ, ਕੱਟੇ ਗਏ। ਪਰ ਇਨ੍ਹਾਂ ਇਸ ਉੱਪਰ ਰਤੀ ਭਰ ਵੀ ਅਫ਼ਸੋਸ ਨ ਕੀਤਾ, ਤੇ ਨ ਹੀ ਪੈਸੇ ਬਹਾਲ ਕਰਨ ਲਈ ਤਰਲੇ ਕੱਢੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਇਨ੍ਹਾਂ ਨੂੰ ਬੜੀ ਸ਼ਰਧਾ ਸੀ। ਗੁਰੂ ਮਹਾਰਾਜ ਦੇ ਦਰਸ਼ਨ ਕੀਤੇ ਬਿਨਾ ਘੋੜੇ ਉੱਤੇ ਸਵਾਰ ਨਹੀਂ ਸਨ ਹੁੰਦੇ। ਆਪ ਨੂੰ ਬਹੁਤ ਸਾਰੀ ਗੁਰਬਾਣੀ ਕੰਠ ਸੀ। ਕਥਾ ਵਾਰਤਾ ਕਰਕੇ ਆਪ ਸੰਗਤਾਂ ਨੂੰ ਸਦਾ ਇਹ ਉਪਦੇਸ਼ ਦੇਂਦੇ ਰਹਿੰਦੇ ਕਿ ਆਪਣੀ ਕਮਾਈ ਵਿਚੋਂ ਦਸਵੰਧ ਜ਼ਰੂਰ ਕੱਢਣੀ ਚਾਹੀਦੀ ਹੈ। ਉਹ ਆਪ ਆਪਣੀ ਕਮਾਈ ਵਿਚੋਂ ਦਸਵੰਧ ਕੱਢ ਕੇ ਧਰਮ-ਅਰਥ ਖਰਚ ਕਰਦੇ ਰਹਿੰਦੇ ਸਨ। ਉਨ੍ਹਾਂ ਦੇ ਦਿਲ ਵਿਚ ਹਮੇਸ਼ਾਂ ਇਹ ਲਗਨ ਲਗੀ ਰਹਿੰਦੀ ਸੀ ਕਿ ਘਰ ਵਿਚ ਜਿਹੜੀ ਚੰਗੀ ਤੋਂ ਚੰਗੀ ਚੀਜ਼ ਹੋਵੇ, ਉਹ ਗੁਰਦਵਾਰੇ ਤੇ ਸਾਧ ਸੰਗਤ ਦੇ ਕੰਮ ਆਵੇ।

ਉਨ੍ਹਾਂ ਦੀ ਸੁਪਤਨੀ ਮਾਈ ਨੰਦ ਕੌਰ ਵੀ ਬਹੁਤ ਗੁਰਮੁਖ ਤੇ ਭਲੀ ਲੋਕ ਸੀ। ਇਨ੍ਹਾਂ ਦਾ ਸਾਰਾ ਪਰਵਾਰ ਫਲਾਹੀਆਂ ਵਾਲੇ ਸੰਤ ਬਾਬਾ ਕਾਹਨ ਸਿੰਘ ਜੀ ਦਾ ਬਹੁਤ ਉਪਾਸ਼ਕ ਸੀ। ਬਾਬਾ ਜੀ ਬੜੀ ਉੱਚੀ ਅਵਸਥਾ ਦੇ ਮਾਲਕ ਸੰਤ ਪੁਰਸ਼ ਸਨ। ਇਲਾਕੇ ਦੇ ਸਾਰੇ ਲੋਕਾਂ ਵਿਚ ਉਨ੍ਹਾਂ ਦੀ ਬੜੀ ਮਾਨਤਾ ਸੀ। ਮਾਈ ਨੰਦ ਕੌਰ ਬੜੀ ਸ਼ਰਧਾ ਤੇ ਪ੍ਰੇਮ ਨਾਲ ਇਨ੍ਹਾਂ ਦੇ ਡੇਰੇ, ਜੋ ਪਿੰਡੋਂ ਬਾਹਰ ਵਾਰ ਸੀ, ਦੋਵੇਂ ਵੇਲੇ ਬਾਬਾ ਜੀ ਲਈ ਆਪਣੇ ਹੱਥੀਂ ਪ੍ਰਸਾਦ ਤਿਆਰ ਕਰਕੇ ਲੈ ਜਾਂਦੀ ਤੇ ਉਨ੍ਹਾਂ ਨੂੰ ਬੜੇ ਪ੍ਰੇਮ ਨਾਲ ਛਕਾਇਆ ਕਰਦੀ। ਇਸ ਤਰ੍ਹਾਂ ਸ. ਦੇਵਾ ਸਿੰਘ ਤੇ ਮਾਈ ਨੰਦ ਕੌਰ, ਦੋਵੇਂ, ਸੇਵਾ-ਭਾਵ ਵਾਲੇ ਅਤਿ ਗੁਰਮੁਖ ਸਿੱਖ ਸਨ।

ਸ. ਤੇਜਾ ਸਿੰਘ ਆਪਣੇ ਪਿਤਾ ਦੇ ਘਰ ਇਕਲੌਤਾ ਪੁੱਤਰ ਸੀ। ਸ. ਦੇਵਾ ਸਿੰਘ ਦੇ ਘਰ ਸ਼ੁਰੂ ਤੋਂ ਬੀਬੀਆਂ ਹੀ ਪੈਦਾ ਹੁੰਦੀਆਂ ਰਹੀਆਂ ਸਨ; ਕੋਈ ਲੜਕਾ ਨਹੀਂ ਸੀ ਹੋਇਆ। ਇਸ ਲਈ ਸਰਦਾਰ ਸਾਹਿਬ ਤੇ ਸਰਦਾਰਨੀ ਜੀ ਹਮੇਸ਼ਾਂ ਸਾਧ ਸੰਗਤ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਮਾਤਾ ਪਿਤਾ ਦੀ ਖ਼ਾਹਸ਼ ਤਾਂ ਪੁੱਤਰ ਲਈ ਹੁੰਦੀ ਹੀ ਹੈ ਪਰ ਬੁਰਜ

Digitized by Panjab Digital Library | www.panjabdigilib.org

ਪਿੰਡ ਦੇ ਰਹਿਣ ਵਾਲੇ ਹੋਰ ਲੋਕੀਂ ਵੀ ਇਹੋ ਚਾਹੁੰਦੇ ਸਨ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਸਨ ਕਿ ਸ. ਦੇਵਾ ਸਿੰਘ ਦੇ ਘਰ ਵਾਹਿਗੁਰੂ ਭੁਝੰਗੀ ਦੀ ਦਾਤ ਬਖ਼ਸ਼ੇ ਜੋ ਸ. ਦੇਵਾ ਸਿੰਘ ਦੇ ਗੁਣਾਂ ਤੇ ਖ਼ੂਬੀਆਂ ਨੂੰ ਜੀਉਂਦਾ ਰੱਖੇ ।

ਸ. ਤੇਜਾ ਸਿੰਘ ਸਮੁੰਦ੍ਰੀ ਦੇ ਜਨਮ ਸੰਬੰਧੀ ਇਹ ਰਵਾਇਤ ਰਾਏ ਕਾ ਬੁਰਜ ਦੇ ਲੋਕਾਂ ਵਿਚ ਆਮ ਪ੍ਰਚਲਿਤ ਹੈ ਕਿ ਇਕ ਵੇਰ ਜਦੋਂ ਸ. ਦੇਵਾ ਸਿੰਘ ਛੁੱਟੀ 'ਤੇ ਘਰ ਆਏ ਹੋਏ ਸਨ, ਤਾਂ ਉਨ੍ਹੀਂ ਦਿਨੀਂ ਬਾਬਾ ਭੋਜ ਸਿੰਘ ਜੀ ਬੇਦੀ, ਜੋ ਗੁਰੂ ਮਹਾਰਾਜ ਦੇ ਸੱਚੇ ਸਿੱਖ ਸਨ ਅਤੇ ਜਿਨ੍ਹਾਂ ਨੇ ਪੋਠੋਹਾਰ ਵਿਚ ਗੁਰਸਿੱਖੀ ਦਾ ਬਹੁਤ ਹੀ ਪ੍ਰਵਾਹ ਚਲਾਇਆ ਹੋਇਆ ਸੀ, ਰਾਏ ਕਾ ਬੁਰਜ ਪਿੰਡ ਵਿਚ ਆਏ । ਆਪ ਨੂੰ ਭਜਨੀਕ ਜਾਣ ਕੇ ਅਤੇ ਆਪ ਦੀ ਪ੍ਰਸਿੱਧੀ ਸੁਣ ਕੇ ਪਿੰਡ ਦੀਆਂ ਸੰਗਤਾਂ ਦੀ ਆਪ ਲਈ ਸ਼ਰਧਾ ਬਹੁਤ ਵਧ ਗਈ ਸੀ । ਪਿੰਡ ਦੇ ਲੋਕਾਂ ਨੇ ਬਾਬਾ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਸ. ਦੇਵਾ ਸਿੰਘ ਦੇ ਘਰ ਪੁੱਤਰ ਦੀ ਬੜੀ ਲੋੜ ਹੈ, ਆਪ ਵਾਹਿਗੁਰੂ ਅੱਗੇ ਬੇਨਤੀ ਕਰੋ ਕਿ ਇਨ੍ਹਾਂ ਦੇ ਘਰ ਪੁੱਤਰ ਹੋਵੇ । ਇਸ 'ਤੇ ਬਾਬਾ ਜੀ ਨੇ ਸਤਿਗੁਰੂ ਅੱਗੇ ਅਰਦਾਸ ਕੀਤੀ ਅਤੇ ਬਚਨ ਕੀਤਾ ਕਿ ਗੁਰੂ ਦੀ ਕਿਰਪਾ ਨਾਲ ਸ. ਦੇਵਾ ਸਿੰਘ ਦੇ ਘਰ ਇਕ ਬੜਾ ਬਲੀ, ਨਿਡਰ, ਧਰਮਾਤਮਾ, ਦਾਨੀ, ਪੰਥ ਤੇ ਦੇਸ਼ ਦੀ ਸੇਵਾ ਕਰਨ ਵਾਲਾ ਪੁੱਤਰ ਪੈਦਾ ਹੋਵੇਗਾ ਜੋ ਇਨ੍ਹਾਂ ਦੇ ਨਾਮ ਨੂੰ ਰੋਸ਼ਨ ਕਰੇਗਾ । ਉਨ੍ਹਾਂ ਦੀ ਇਸ ਅਸ਼ੀਰਵਾਦ ਦੇ ਇਕ ਸਾਲ ਪਿੱਛੋਂ ਬਾਲਕ ਤੇਜਾ ਸਿੰਘ ਦਾ ਜਨਮ ਹੋਇਆ । ਸਾਰੇ ਪਿੰਡ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ । ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਾਏ ਗਏ ਤੇ ਦਰਵੇਸ਼ਾਂ ਫ਼ਕੀਰਾਂ ਨੂੰ ਕਪੜੇ ਬਸਤਰ ਆਦਿ ਵੰਡੇ ਗਏ ।

ਬੁਰਜ ਰਾਏ ਕਾ ਪਿੰਡ ਵਿਚ ਇਕ ਰਵਾਇਤ ਇਹ ਵੀ ਪ੍ਰਸਿੱਧ ਹੈ ਕਿ ਸ. ਤੇਜਾ ਸਿੰਘ ਦਾ ਜਨਮ ਆਪ ਦੀ ਮਾਤਾ ਦੁਆਰਾ ਫਲਾਹੀਆਂ ਵਾਲੇ ਉੱਪਰ-ਕਥਿਤ ਬਾਬਾ ਕਾਹਨ ਸਿੰਘ ਦੀ ਸੇਵਾ ਦੇ ਫਲਸਰੂਪ ਤੇ ਉਨ੍ਹਾਂ ਦੇ ਵਰ ਨਾਲ ਹੋਇਆ । ਕੁਝ ਵੀ ਹੋਵੇ, ਮਹਾਤਮਾਵਾਂ, ਮਹਾਂਪੁਰਖਾਂ ਤੇ ਸੰਤਾਂ ਦੀ ਨਜ਼ਰ ਇਸ ਘਰਾਣੇ 'ਤੇ ਸੁਵੱਲੀ ਰਹੀ ਦਿਸਦੀ ਹੈ ਤੇ ਉਨ੍ਹਾਂ ਦੀ ਪਾਰਸ-ਛੋਹ ਦਾ ਅਸਰ ਇਸ ਖ਼ਾਨਦਾਨ ਦੀ ਵਰਤਮਾਨ ਪੀੜ੍ਹੀ ਉੱਪਰ ਪਿਆ ਵੀ ਸਾਫ਼ ਦਿਸਦਾ ਹੈ, ਕਿਉਂਜੋ ਉਨ੍ਹਾਂ ਬਜ਼ੁਰਗਾਂ ਦੀ ਸੰਤਾਨ, ਸ. ਸਾਹਿਬ ਸਿੰਘ, ਸ. ਮਾਨ ਸਿੰਘ, ਸ. ਬਿਸ਼ਨ ਸਿੰਘ ਆਦਿ, ਗੁਰੂ ਘਰ ਵਿਚ ਅਪਾਰ ਸ਼ਰਧਾ ਰੱਖਣ ਵਾਲੀ, ਅਤਿ ਸੇਵਾ-ਭਾਵੀ ਹੈ ।

ਐਪਰ ਇਨ੍ਹਾਂ ਦੇ ਮਾਤਾ, ਨੰਦ ਕੌਰ ਜੀ, ਦੇ ਭਾਗਾਂ ਵਿਚ ਆਪਣੇ ਸੁੱਖਾਂ ਲੱਧੇ ਪੁੱਤਰ ਦਾ ਤੇਜ ਪ੍ਰਤਾਪ ਵੇਖਣਾ ਨਸੀਬ ਨਹੀਂ ਸੀ । ਉਹ ਇਨ੍ਹਾਂ ਦੇ ਛੋਟੇ ਹੁੰਦਿਆਂ ਹੀ ਚਲਾਣਾ ਕਰ ਗਏ । ਪਿਤਾ, ਸ. ਦੇਵਾ ਸਿੰਘ ਜੀ, ਬਾਰ ਵਿਚ ਮੁਰੱਬੇ ਮਿਲਣ ਦੇ ਕੁਝ ਚਿਰ ਪਿੱਛੋਂ, ੧੯੧੧ ਜਾਂ ੧੯੧੨ ਈਸਵੀ ਵਿਚ ਗੁਰਪੁਰੀ ਸਿਧਾਰੇ । ਉਸ ਵਕਤ ਸ. ਤੇਜਾ ਸਿੰਘ ਦੀ ਆਯੂ ਕੋਈ ੩੦ ਕੁ ਵਰ੍ਹੇ ਦੀ ਸੀ ਤੇ ਉਹ ਪੰਥਕ ਕੰਮਾਂ ਵਿਚ ਚੰਗੇ ਗੁਸੇ ਹੋਏ ਸਨ ।

ਦਸਦੇ ਹਨ ਕਿ ਪਿਤਾ ਨੂੰ ਆਪਣੇ ਪੁੱਤਰ ਦੇ ਘਰੋਂ ਬਾਹਰ ਰਹਿਣ ਦੀ ਸਦਾ ਹੀ ਸ਼ਿਕਾਇਤ ਰਹਿੰਦੀ ਸੀ ਤੇ ਕਈ ਵਾਰ ਖਿਝ ਕੇ ਕਹਿ ਦਿਆ ਕਰਦੇ ਸਨ ਕਿ

Digitized by Panjab Digital Library | www.panjabdigilib.org

"ਤੇਜਾ ਸਿੰਘਾ, ਜਦੋਂ ਮੈਂ ਮਰਿਆ ਤਾਂ ਤੂੰ ਘਰ ਨਹੀਂ ਹੋਣਾ"। ਉਹੀ ਗੱਲ ਹੋਈ। ਜਦੋਂ ਸ. ਦੇਵਾ ਸਿੰਘ ਨੇ ਪ੍ਰਾਣ ਤਿਆਗੇ ਤਾਂ ਆਪ ਘਰ ਨਹੀਂ ਸਨ।

ਸ. ਦੇਵਾ ਸਿੰਘ ਦੀ ਮ੍ਰਿਤਿਊ ਵੀ ਅਲੌਕਿਕ ਢੰਗ ਨਾਲ ਹੋਈ। ਆਪ ਪਿੰਡੋਂ ਬਾਹਰ ਆਪਣੀ ਹਵੇਲੀ ਵਿਚ ਸੌਂਵਿਆ ਕਰਦੇ ਸਨ। ਇਕ ਸਵੇਰੇ ਉਥੋਂ ਉੱਠ ਕੇ ਘਰ ਆਏ, ਨੌਕਰ ਨੂੰ ਪਾਣੀ ਗਰਮ ਕਰਨ ਲਈ ਕਿਹਾ ਤੇ ਆਪ ਆਰਾਮ ਕਰਨ ਲਈ ਮੰਜੇ ਉੱਤੇ ਲੇਟ ਗਏ। ਜਦੋਂ ਨੌਕਰ ਪਾਣੀ ਗਰਮ ਕਰਕੇ ਦਸਣ ਨੂੰ ਆਇਆ, ਤਾਂ ਆਪ ਸਚਖੰਡ ਸਿੱਧਾਰ ਚੁਕੇ ਸਨ ਤੇ ਚਿਹਰਾ ਕਿਸੇ ਅਕਹਿ ਸ਼ਾਂਤੀ ਦਾ ਪ੍ਰਭਾਵ ਦੇ ਰਿਹਾ ਸੀ।

ਸ. ਤੇਜਾ ਸਿੰਘ ਦਾ ਬਚਪਨ ਸਾਡੇ ਦੇਸ਼ ਦੇ ਆਮ ਬਾਲਕਾਂ ਵਾਂਗ ਹੀ ਗੁਜ਼ਰਿਆ। ਉਸ ਨੂੰ ਉੱਚੀ ਪੱਧਰ ਦੀ ਪੜ੍ਹਾਈ ਕਰਾਉਣ ਜਾਂ ਵੱਡਾ ਆਦਮੀ ਬਣਾਉਣ ਦਾ ਨ ਕਿਸੇ ਨੂੰ ਖ਼ਿਆਲ ਸੀ ਤੇ ਨ ਹੀ ਇਸ ਦਾ ਕੋਈ ਪ੍ਰਬੰਧ ਕੀਤਾ ਗਿਆ। ਲਾਗੇ ਚਾਗੇ ਕੋਈ ਉਚ ਪਾਏ ਦਾ ਸਕੂਲ ਵੀ ਨਹੀਂ ਸੀ। ਪਰ, ਜਿਨ੍ਹਾਂ ਬੰਦਿਆਂ ਵਿਚ ਪ੍ਰਭੂ ਨੇ ਵੱਡੇ ਹੋਣ ਦੇ ਗੁਣ ਕੁਦਰਤੀ ਤੌਰ ਤੇ ਰੱਖੇ ਹੁੰਦੇ ਹਨ, ਉਹ ਉੱਚੀ ਵਿਦਿਆ ਤੋਂ ਬਿਨਾ ਵੀ ਚਮਕ ਉੱਠਦੇ ਹਨ ਤੇ ਵੱਡੇ ਵੱਡੇ ਵਿਦਵਾਨ ਵੀ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਹੋਣਹਾਰ ਤੇਜਾ ਸਿੰਘ ਵਿਚ ਛੋਟੇ ਹੁੰਦਿਆਂ ਤੋਂ ਹੀ ਬਜ਼ੁਰਗਾਂ ਵਾਲੇ ਗੁਣ ਸਨ। ਉਸ ਦਾ ਸਰੀਰ ਸ਼ੁਰੂ ਤੋਂ ਹੀ ਰਿਸ਼ਟ ਪੁਸ਼ਟ ਤੇ ਚੰਗੇ ਬਲ ਵਾਲਾ ਸੀ। ਬਿਪਤਾ ਵਿਚ ਧੀਰਜ ਰੱਖਣਾ, ਅਪਦਾ ਵੇਲੇ ਹੌਂਸਲਾ ਨ ਹਾਰਨਾ ਤੇ ਕਸ਼ਟ ਸਮੇਂ ਅਡੋਲ ਰਹਿਣਾ, ਉਸ ਦੀਆਂ ਵਿਸ਼ੇਸ਼ ਖ਼ੂਬੀਆਂ ਸਨ। ਉਹ ਕਸ਼ਟ ਸਮੇਂ ਵੀ "ਹਾਏ" ਆਖਣਾ ਨਹੀਂ ਸੀ ਜਾਣਦਾ। ਜਦ ਕਦੀ ਬੀਮਾਰ ਹੁੰਦਾ, ਦੁੱਖ ਵੱਡੇ ਜੇਰੇ ਨਾਲ ਝਲਦਾ ਤੇ ਪੀੜ ਤਕ ਨ ਮਨਾਉਂਦਾ। ਬਚਪਨ ਵਿਚ ਸਾਥੀਆਂ ਨਾਲ ਖੇਡਦਿਆਂ ਲਗਦੀ ਵਾਹ ਕਦੀ ਕਿਸੇ ਨਾਲ ਲੜਦਾ ਨਹੀਂ ਸੀ। ਖੇਡਦਿਆਂ ਜੇ ਕਿਤੇ ਉਸ ਦੇ ਨਾਲ ਦੇ ਲੜਕੇ ਆਪਸ ਵਿਚ ਲੜ ਪੈਂਦੇ ਤਾਂ ਉਸ ਦੇ ਦਿਲ ਉੱਤੇ ਬੜੀ ਸੱਟ ਵਜਦੀ ਤੇ ਉਹ ਆਪ ਉੱਨਾ ਚਿਰ ਸਭ ਖੇਡਾਂ ਭੁਲ ਜਾਂਦਾ ਜਦ ਤਕ ਕਿ ਉਹ ਉਨ੍ਹਾਂ ਦੀਆਂ ਮੁੜ ਕੇ ਗਲਵੱਕੜੀਆਂ ਨ ਪਵਾ ਲੈਂਦਾ। ਪਿੰਡਾਂ ਦੇ ਮੁੰਡੇ ਗਾਲ੍ਹਾਂ ਕੱਢਣ ਤੇ ਲੜਾਈ ਮੁੱਲ ਲੈਣ ਵਿਚ ਬੜੇ ਤਾਕ ਹੁੰਦੇ ਸਨ। ਪਰ ਤੇਜਾ ਸਿੰਘ ਨੂੰ ਤਾਂ ਮਾਣੋਂ ਗਾਲ੍ਹਾਂ ਕੱਢਣੀਆਂ ਆਉਂਦੀਆਂ ਹੀ ਨਹੀਂ ਸਨ। ਸੋਹਣਾ ਕੱਦ, ਸਡੌਲ ਜਿਸਮ, ਤੇ ਰੰਗ ਗੋਰਾ ਨਿਸ਼ੋਹ, ਰੱਬ ਨੇ ਉਸ ਨੂੰ ਵੱਡੀ ਜਬ੍ਹੇ ਵਾਲੀ ਸੂਰਤ ਦਿੱਤੀ ਸੀ। ਉਸ ਦੇ ਸਾਰੇ ਹੀ ਆੜੀ ਉਸ ਦੀ ਈਨ ਮੰਨਦੇ ਸਨ ਤੇ ਉਸ ਦਾ ਆਪਣੇ ਸਾਥੀਆਂ ਵਿਚ ਇੰਨਾ ਮਾਨ ਤੇ ਸਤਿਕਾਰ ਸੀ ਕਿ ਸਾਥੀ ਲੜਕੇ ਉਸ ਦੇ ਸਾਹਮਣੇ ਕਿਸੇ ਨਾਲ ਲੜਾਈ ਜਾਂ ਗਾਲ੍ਹੀ ਗਲੋਚ ਕਰਨ ਤੋਂ ਭੈ ਖਾਂਦੇ ਸਨ।

ਸ. ਤੇਜਾ ਸਿੰਘ ਛੇ ਸਾਲਾਂ ਦਾ ਸੀ ਜਦੋਂ ਉਸ ਦਾ ਪਿਤਾ ਉਸ ਨੂੰ ਆਪਣੇ ਨਾਲ ਬਾਹਰ ਫ਼ੌਜ ਵਿਚ ਲੈ ਗਿਆ। ਉਸ ਨੇ ਉਥੇ ਹੀ ਪੜ੍ਹਾਈ ਸ਼ੁਰੂ ਕੀਤੀ। ਪਰ, ਉਹ ਕੇਵਲ ਪੰਜ ਜਮਾਤਾਂ ਹੀ ਪਾਸ ਕਰ ਸਕਿਆ ਤੇ ਛੇਵੀਂ ਚੜ੍ਹਿਆ ਹੀ ਸੀ ਕਿ ਸਕੂਲੋਂ ਹਟ ਕੇ ਘਰ ਜਾਣਾ ਪਿਆ। ਕੁਝ ਪੜ੍ਹਾਈ ਘਰ ਵਿਚ ਉਸਤਾਦ ਰੱਖ ਕੇ ਕੀਤੀ। ਇੰਜ ਪੰਦਰਾਂ ਸੋਲ੍ਹਾਂ ਸਾਲ ਦੀ ਉਮਰ ਤਕ ਇਸ ਹੋਣਹਾਰ ਬਾਲਕ ਨੇ ਭਾਵੇਂ ਯੂਨੀਵਰਸਿਟੀ ਦਾ ਕੋਈ

Digitized by Panjab Digital Library | www.panjabdigilib.org

ਇਮਤਿਹਾਨ ਪਾਸ ਨਹੀਂ ਸੀ ਕੀਤਾ, ਤਾਂ ਵੀ ਇੰਨੀ ਕੁ ਵਿਦਿਆ ਤੇ ਗਿਆਨ ਪ੍ਰਾਪਤ ਕਰ ਲਿਆ ਸੀ ਕਿ ਉਸ ਨੂੰ ਪੜ੍ਹਿਆਂ ਲਿਖਿਆਂ ਦੀ ਸੰਗਤ ਵਿਚ ਵਿਚਰਦਿਆਂ ਕਦੀ ਕੋਈ ਹਾਰ ਨਹੀਂ ਸੀ ਆਈ। ਇਸ ਅਰਸੇ ਵਿਚ ਉਸ ਨੇ ਉਰਦੂ ਅਤੇ ਪੰਜਾਬੀ ਚੰਗੀ ਸਿਖ ਲਈ ਸੀ ਤੇ ਉਹ ਅੰਗਰੇਜ਼ੀ ਵੀ ਗੁਜ਼ਾਰੇ ਜੋਗੀ ਸਮਝ ਲੈਂਦਾ ਸੀ।

ਗੁਰਬਾਣੀ ਨਾਲ ਉਸ ਨੂੰ ਖ਼ਾਸ ਪਿਆਰ ਸੀ। ਜਪੁ, ਜਾਪੁ, ਸਵੱਯੇ, ਚੌਪਈ, ਆਨੰਦ ਸਾਹਿਬ, ਸੁਖਮਨੀ, ਆਸਾ ਦੀ ਵਾਰ, ਰਹਿਰਾਸ, ਕੀਰਤਨ ਸੋਹਿਲਾ, ਆਦਿ ਸਭ ਉਸ ਨੂੰ ਕੰਠ ਸਨ। ਭਰ ਜਵਾਨੀ ਦੀ ਇਸ ਆਯੂ ਵਿਚ ਜਦ ਕਿ ਆਮ ਗਭਰੂਆਂ ਨੂੰ ਸ਼ੌਕੀਨੀਆਂ ਕਰਨ ਦਾ ਸ਼ੌਕ ਹੁੰਦਾ ਹੈ, ਉਹ ਹਰ ਰੋਜ਼ ਅੰਮ੍ਰਿਤ ਵੇਲੇ ਉਠਦਾ, ਇਸ਼ਨਾਨ ਕਰਕੇ ਨਿਤਨੇਮ ਕਰਦਾ ਤੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਪਿੱਛੋਂ ਹੋਰ ਵਿਹਾਰ ਕਾਰ ਵਿਚ ਰੁੱਝ ਜਾਂਦਾ।

ਘਰੇਲੂ ਜੀਵਨ ਵਿਚ ਤੇਜਾ ਸਿਘ ਬਹੁਤਾ ਗ੍ਰਸਤ ਨਹੀਂ ਸੀ। ਕੰਮ ਕਰਨ ਨੂੰ ਨੌਕਰ ਚਾਕਰ ਤੇ ਹੋਰ ਕਾਮੇ ਬਹੁਤ ਸਨ। ਇਸ ਲਈ ਉਸ ਕੋਲ ਚੋਖੀ ਵਿਹਲ ਸੀ। ਇਸ ਨੂੰ ਉਸ ਨੇ ਬਾਕੀ ਜੱਟ ਮੁੰਡਿਆਂ ਵਾਂਗ ਪਰ੍ਹਿਆਂ ਵਿਚ ਗੱਪਾਂ ਮਾਰ ਕੇ ਨ ਬਿਤਾਇਆ, ਸਗੋਂ ਧਾਰਮਿਕ ਪੁਸਤਕਾਂ, ਸਿੱਖ ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਦੇ ਮੁਤਾਲਿਆ ਵਿਚ ਖਰਚ ਕੀਤਾ। ਇਸ ਨੇ ਉਸ ਨੂੰ ਆਪਣੇ ਅਮੀਰ ਵਿਰਸੇ ਦੀ ਸੋਝੀ ਕਰਾਈ ਤੇ ਪੰਜ ਦਰਿਆਵਾਂ ਦੀ ਇਸ ਧਰਤੀ ਤੇ ਇਸ ਦੇ ਅਣਖੀ ਯੋਧਿਆਂ ਦੇ ਕਾਰਨਾਮੇ ਦ੍ਰਿੜ੍ਹ ਕਰਾਏ। ਜਦੋਂ ਉਹ ਪੁਰਾਣੇ ਸਿੱਖਾਂ ਦੇ ਆਦਰਸ਼ ਜੀਵਨ ਵੱਲ ਦੇਖਦਾ ਤੇ ਉਨ੍ਹਾਂ ਦੀਆਂ ਧਰਮ ਅਤੇ ਕੌਮ ਲਈ ਕੀਤੀਆਂ ਕੁਰਬਾਨੀਆਂ ਚਿਤਾਰਦਾ ਤਾਂ ਉਸ ਦੇ ਅੰਦਰ ਉਨ੍ਹਾਂ ਵਰਗਾ ਹੀ ਇਕ ਉੱਚਾ ਸਿੱਖ ਬਣਨ ਤੇ ਕੌਮ ਦੀ ਸੇਵਾ ਕਰਨ ਦਾ ਜਜ਼ਬਾ ਠਾਠਾਂ ਮਾਰਨ ਲਗਦਾ।

ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਨੇ ਸ. ਤੇਜਾ ਸਿੰਘ ਨੂੰ ਚੰਗਾ ਚਿੰਤਕ ਬਣਾ ਦਿੱਤਾ। ਉਹ ਪਾਠ ਖੁਭ ਕੇ, ਅਰਥਾਂ ਦੀ ਆਤਮਾ ਵਿਚ ਜਾ ਕੇ, ਕਰਦਾ। ਇਸ ਲਈ ਉਸ ਦੇ ਪਾਠ ਵਿਚ ਰਸ ਹੁੰਦਾ ਤੇ ਉਸ ਦਾ ਸਿੱਕਾ ਉਸ ਸਮੇਂ ਦੇ ਵੱਡੇ ਵੱਡੇ ਪਾਠੀ ਮੰਨਦੇ। ਉਨ੍ਹਾਂ ਦੇ ਇਕ ਨਿਕਟੀ ਰਿਸ਼ਤੇਦਾਰ ਬਾਬਾ ਕਿਹਰ ਸਿੰਘ ਜੀ ਪੱਟੀ, ਜਿਨ੍ਹਾਂ ਦਾ ਜ਼ਿਕਰ ਅਸੀਂ ਹੁਣੇ ਕਰਾਂਗੇ, ਚੰਗੇ ਸਿੱਖੀ ਖ਼ਿਆਲਾਂ ਵਾਲੇ ਮਹਾਂਪੁਰਖ ਸਨ। ਇਨ੍ਹਾਂ ਦੀ ਪ੍ਰੇਰਣਾ ਨਾਲ ਉਸ ਸਮੇਂ ਸ. ਤੇਜਾ ਸਿੰਘ ਨੇ ਇਕੋਤਰ ਸੌ ਖੁਲ੍ਹੇ ਪਾਠਾਂ ਦੀ ਇਕ ਲੜੀ ਤਿੰਨ ਵਾਰੀ ਸ਼ੁਰੂ ਕਰਾਈ। ਪਾਠ ਕਰਨ ਵਿਚ ਸਭ ਤੋਂ ਵਧੇਰੇ ਮੁਹਰੀ ਹੋ ਕੇ ਨੌਜਵਾਨ ਤੇਜਾ ਸਿੰਘ ਹੀ ਹਿੱਸਾ ਪਾਂਦਾ। ਇਸ ਪਿੱਛੋਂ ਤੀਹ ਅਖੰਡ ਪਾਠ ਰੱਖੇ ਗਏ। ਇਨ੍ਹਾਂ ਵਿਚ ਵੀ ਸਭ ਤੋਂ ਜ਼ਿਆਦਾ ਹਿੱਸਾ ਤੇਜਾ ਸਿੰਘ ਨੇ ਹੀ ਲਿਆ। ਫਿਰ ਇਕ ਸੰਪਟ ਪਾਠ ਰੱਖਿਆ ਗਿਆ ਜਿਸ ਨੂੰ ਤੇਜਾ ਸਿੰਘ ਨੇ ਆਪ ਹੀ ਆਰੰਭ ਕਰਵਾਇਆ ਤੇ ਇਸ ਨੂੰ ਤੋੜ ਪਹੁੰਚਾਉਣ ਦਾ ਬਹੁਤਾ ਕੰਮ ਉਸੇ ਨੇ ਕੀਤਾ।

ਗੁਰਬਾਣੀ ਦੇ ਅਧਿਐਨ ਨਾਲ ਅਖ਼ਬਾਰਾਂ ਦੇ ਪੜ੍ਹਨ ਪੜ੍ਹਾਣ ਦਾ ਸਿਲਸਲਾ ਚੱਲਿਆ। ਨੌਜਵਾਨ ਤੇਜਾ ਸਿੰਘ ਉਸ ਵੇਲੇ ਪੰਜਾਬੀ ਤੇ ਉਰਦੂ ਵਿਚ ਛਪਦੇ ਪੈਂਫਲਿਟ

Digitized by Panjab Digital Library | www.panjabdigilib.org

ਤੇ ਅਖ਼ਬਾਰ ਧਿਆਨ ਨਾਲ ਪੜ੍ਹਦਾ ਤੇ ਉਨ੍ਹਾਂ ਵਿਚ ਦਰਜ ਘਟਨਾਵਾਂ ਉੱਪਰ ਖੁਲ੍ਹੀ ਡੁਲ੍ਹੀ ਵਿਚਾਰ ਕਰਦਾ। ਇਸ ਚੀਜ਼ ਨੇ ਉਸ ਨੂੰ ਸਮਕਾਲੀ ਸਮਾਜਕ ਤੇ ਭਾਈਚਾਰਕ ਸਮੱਸਿਆਵਾਂ ਦਾ ਚੰਗਾ ਗਿਆਨ ਕਰਵਾ ਦਿੱਤਾ। ਪੰਜਾਬੀ ਤੋਂ ਬਿਨਾ ਉਹ ਅੰਗਰੇਜ਼ੀ ਤੇ ਉਰਦੂ ਵੀ ਗੁਜ਼ਾਰੇ ਮਾਫ਼ਿਕ ਪੜ੍ਹ ਲੈਂਦਾ। ਅੰਗ੍ਰੇਜ਼ੀ ਸੰਬੰਧੀ ਉਸ ਦੀ ਜਾਣਕਾਰੀ ਦਾ ਜ਼ਿਕਰ ਅਸੀਂ ਉੱਪਰ ਕਰ ਆਏ ਹਾਂ। ਇਹ ਉਹ ਸਮਝ ਤਾਂ ਲੈਂਦਾ ਸੀ, ਪਰ ਲਿਖਣ ਤੇ ਬੋਲਣ ਦਾ ਅਭਿਆਸ ਨਹੀਂ ਸੀ। ਚਿੱਠੀ-ਪੱਤਰ ਉਹ ਆਮ ਕਰਕੇ ਪੰਜਾਬੀ ਜਾਂ ਉਰਦੂ ਵਿਚ ਹੀ ਕਰਿਆ ਕਰਦਾ ਸੀ।

ਸ. ਤੇਜਾ ਸਿੰਘ ਬਚਪਨ ਤੋਂ ਹੀ ਬਚਨ ਦਾ ਪੂਰਾ ਅਤੇ ਕਰਨੀ ਦਾ ਸੂਰਾ ਸੀ। ਬਾਬਾ ਕਿਹਰ ਸਿੰਘ ਰਿਸ਼ਤੇ ਵਿਚੋਂ ਉਸ ਦੇ ਦੂਰੋਂ ਨੇੜਿਓਂ ਚਾਚੇ ਲਗਦੇ ਸਨ; ਪਰ ਉਸ ਨੇ ਉਨ੍ਹਾਂ ਨੂੰ "ਧਰਮ ਦਾ ਪਿਤਾ" ਬਣਾਇਆ ਹੋਇਆ ਸੀ। ਤੇਜਾ ਸਿੰਘ ਗਿਆਰਾਂ ਬਾਰਾਂ ਸਾਲਾਂ ਦਾ ਸੀ ਕਿ ਇਕ ਦਿਨ ਬਾਬਾ ਕਿਹਰ ਸਿੰਘ ਨਾਲ ਰਾਹ ਵਿਚ ਕਿਤੇ ਮੇਲ ਹੋ ਗਿਆ। ਨੌਜਵਾਨ ਤੇਜਾ ਸਿੰਘ ਨੇ ਝੁਕ ਕੇ ਬਾਬਾ ਜੀ ਦੇ ਪੈਰੀਂ ਹੱਥ ਲਾਇਆ। ਅੱਗੋਂ ਬਾਬਾ ਜੀ ਵੀ ਗੁਰਸਿੱਖੀ ਰੀਤ ਅਨੁਸਾਰ ਇਨ੍ਹਾਂ ਦੇ ਪੈਰੀਂ ਹੱਥ ਲਾਉਣ ਲਈ ਝੁਕੇ। ਸ. ਤੇਜਾ ਸਿੰਘ ਪਰ੍ਹੇ ਹਟ ਗਿਆ ਤੇ ਬੇਨਤੀ ਕੀਤੀ : "ਬਾਪੂ ਜੀ ਇਹ ਕੀ ? ਤੁਸੀਂ ਮੇਰੇ ਪੈਰੀਂ ਕਿਉਂ ਹੱਥ ਲਾਣ ਲਗੇ ਹੋ ?" ਤਾਂ ਬਾਬਾ ਕਿਹਰ ਸਿੰਘ ਨੇ ਕਿਹਾ, "ਤੂੰ ਜੁ ਮੇਰੇ ਪੈਰਾਂ ਨੂੰ ਹੱਥ ਲਾਇਆ ਹੈ।" ਤਦ ਤੇਜਾ ਸਿੰਘ ਨੇ ਕਿਹਾ, "ਬਾਪੂ ਜੀ, ਤੁਸੀਂ ਮੇਰੇ ਵੱਡੇ ਵਡੇਰੇ ਹੋ; ਆਦਰ ਕਰਨਾ ਤੇ ਅਸ਼ੀਰਵਾਦ ਲੈਣਾ ਮੇਰਾ ਹੱਕ ਬਣਦਾ ਹੈ। ਨਾਲੇ ਮੈਂ ਆਪ ਜੀ ਨੂੰ ਪਿਤਾ ਸਮਾਨ ਸਮਝਦਾ ਹਾਂ। ਤੁਸੀਂ ਮੇਰੇ ਧਰਮ ਪਿਤਾ ਹੋ"। ਬਾਬਾ ਜੀ ਨੇ ਕਿਹਾ, "ਬੀਬਾ, 'ਬਾਪੂ' ਕਹਿਣਾ ਸੌਖਾ ਹੈ ਪਰ ਨਿਭਾਣਾ ਔਖਾ ਹੈ"। ਤੇਜਾ ਸਿੰਘ ਨੇ ਕਿਹਾ, "ਬਾਪੂ ਜੀ, ਮੈਨੂੰ ਅਸ਼ੀਰਵਾਦ ਦਿਓ, ਮੈਂ ਨਿਭਾ ਕੇ ਵਿਖਾ ਦੇਵਾਂਗਾ"। ਇਸ ਉਤੇ ਬਾਬਾ ਜੀ ਨੇ ਤਿੰਨ ਵੇਰ ਦੁਹਰਾ ਕੇ ਕਿਹਾ : "ਤੇਜਾ ਸਿੰਘ ਹਠ ਨ ਕਰ, ਬਚਨ ਨਿਭਾਣਾ ਬੜਾ ਔਖਾ ਹੈ"। ਪਰ ਤੇਜਾ ਸਿੰਘ ਨੇ ਤਿੰਨੇ ਵਾਰ ਕਿਹਾ, "ਬਾਪੂ ਜੀ, ਤੁਸੀਂ ਮੇਰੇ ਸਿਰ ਤੇ ਹੱਥ ਰੱਖੋ, ਮੈਂ ਨਿਭਾ ਕੇ ਵਿਖਾ ਦੇਵਾਂਗਾ"। ਬਾਬਾ ਕਿਹਰ ਸਿੰਘ ਨੌਜਵਾਨ ਲੜਕੇ ਦੀ ਹਲੀਮੀ ਤੇ ਹਠ ਦੇਖ ਕੇ ਚਕ੍ਰਿਤ ਰਹਿ ਗਿਆ। ਉਸ ਤੇਜਾ ਸਿੰਘ ਦੇ ਸਿਰ ਤੇ ਹੱਥ ਰੱਖਿਆ, ਉਸ ਨੂੰ ਘੁਟ ਕੇ ਸੀਨੇ ਨਾਲ ਲਾਇਆ ਤੇ ਪਿਆਰ ਭਰੀ ਅਸੀਸ ਦਿੱਤੀ "ਬਚਾ, ਤੈਨੂੰ ਸਤਿਗੁਰੂ ਇਹ ਪ੍ਰਣ ਨਿਭਾਉਣ ਦਾ ਬਲ ਬਖ਼ਸ਼ੇ"।

ਜੱਗ ਜਾਣਦਾ ਹੈ ਕਿ ਸ. ਤੇਜਾ ਸਿੰਘ ਨੇ ਆਪਣੇ ਕੀਤੇ 'ਬਚਨ ਨੂੰ ਕਿਸ ਤਨਦਹੀ ਨਾਲ ਨਿਭਾਇਆ। ਇੰਜ ਸ਼ਾਇਦ ਕਿਸੇ ਸਕੇ ਪੁੱਤਰ ਨੇ ਵੀ ਮੁਸ਼ਕਲ ਨਾਲ ਹੀ ਨਿਭਾਇਆ ਹੋਵੇ। ਅੰਤ ਤਕ ਉਨ੍ਹਾਂ ਦਾ ਇਹ ਨੇਮ ਰਿਹਾ : ਬਾਬਾ ਜੀ ਦੇ ਕਪੜੇ ਆਪਣੇ ਹੱਥੀਂ ਧੋਣੇ, ਇਸ਼ਨਾਨ ਕਰਾਉਣਾ, ਤੇ ਹਰ ਤਰ੍ਹਾਂ ਦੀ ਸੇਵਾ ਆਪਣੇ ਹੱਥੀਂ ਪੁੱਤਰਾਂ ਤੋਂ ਵੀ ਵਧ ਕਰਨੀ। ਜਦ ਕਦੇ ਘਰ ਆਉਣਾ ਤਾਂ ਬਾਬਾ ਜੀ ਦੀ ਸੇਵਾ ਵਿਚ ਹਰ ਵੇਲੇ ਹਾਜ਼ਰ ਰਹਿਣਾ। ਬਾਬਾ ਜੀ ਨੇ ਵੀ ਅਖ਼ੀਰ ਤਕ ਇਸ ਰਿਸ਼ਤੇ ਨੂੰ ਬਜ਼ੁਰਗਾਂ ਵਾਂਗ ਨਿਭਾਇਆ। ਜਦ ਮਿਲਣਾ

Digitized by Panjab Digital Library | www.panjabdigilib.org

ਤੇਜਾ ਸਿੰਘ ਨੂੰ ਘੁਟ ਕੇ ਛਾਤੀ ਨਾਲ ਲਾਣਾ ਅਤੇ ਮੂੰਹ 'ਤੇ ਪਿਆਰ ਦੇਣਾ। ਜੇਲ੍ਹ ਵਿਚ ਵੀ ਜਦ ਕਦੀ ਬਾਬਾ ਜੀ ਮਿਲਣ ਜਾਂਦੇ, ਉਹ ਇਨ੍ਹਾਂ ਨੂੰ ਆਪਣੇ ਹੀ ਪੁੱਤਰ ਵਾਂਗ ਛਾਤੀ ਨਾਲ ਲਾ ਕੇ ਪਿਆਰ ਦੇਂਦੇ। ਬਾਬਾ ਜੀ ਨੂੰ ਜਦ ਕਦੇ ਕਿਸੇ ਚੀਜ਼ ਦੀ ਤੰਗੀ ਮਹਿਸੂਸ ਹੁੰਦੀ ਤਾਂ ਤੇਜਾ ਸਿੰਘ ਔਖੇ ਹੋ ਕੇ ਵੀ ਉਨ੍ਹਾਂ ਦੀ ਲੋੜ ਪੂਰੀ ਕਰਦਾ। ਇਸੇ ਤਰ੍ਹਾਂ ਬਾਬਾ ਜੀ ਵੀ ਭੀੜਾ ਸਮੇਂ ਤੇਜਾ ਸਿੰਘ ਕੋਲ ਆ ਪਹੁੰਚਦੇ।

ਇਕ ਵੇਰ ਠੇਕਿਆਂ ਵਿਚ ਬਾਬਾ ਜੀ ਨੂੰ ਬਹੁਤ ਸਾਰਾ ਘਾਟਾ ਪੈ ਗਿਆ। ਜਦ ਤੇਜਾ ਸਿੰਘ ਨੂੰ ਪਤਾ ਲਗਾ ਤਾਂ ਲਗਭਗ ਦਸ ਹਜ਼ਾਰ ਰੁਪਏ ਨਕਦ ਆਪਣੇ ਪਿਤਾ ਜੀ ਨੂੰ ਦਸੇ ਬਗ਼ੈਰ ਬਾਬਾ ਜੀ ਦੇ ਅੱਗੇ ਲਿਆ ਰੱਖੇ ਤੇ ਕਿਹਾ : "ਲਓ ਬਾਬਾ ਜੀ, ਤੁਸੀਂ ਆਪਣੀ ਲੋੜ ਪੂਰੀ ਕਰ ਲਵੋ"। ਬਾਬਾ ਕਿਹਰ ਸਿੰਘ ਉਸ ਨੂੰ ਵਰਤ ਕੇ ਮੁੜ ਕਾਇਮ ਹੋ ਗਿਆ। ਕੁਰਬਾਨੀ ਦੇ ਪੁੰਜ ਸ. ਤੇਜਾ ਸਿੰਘ ਨੇ ਇਸ ਗੱਲ ਦੀ ਕਿਸੇ ਦੂਜੇ ਨੂੰ ਭਿਣਕ ਤਕ ਨ ਪੈਣ ਦਿੱਤੀ। ਉਸ ਦੀ ਇਸ ਗੁਪਤ ਕੁਰਬਾਨੀ ਦਾ ਪਤਾ ਬਹੁਤ ਪਿੱਛੋਂ ਜਾ ਕੇ ਲੋਕਾਂ ਨੂੰ ਲਗਾ। ਆਪਣੀ ਥਾਂ ਬਾਬਾ ਜੀ ਨੇ ਵੀ ਪੂਰੀ ਤਰ੍ਹਾਂ ਅੰਗ ਪਾਲਿਆ। ਪਰ, ਇਸ ਦਾ ਜ਼ਿਕਰ ਅਸੀਂ ਅੱਗੇ ਚੱਲ ਕੇ ਸੰਬੰਧਿਤ ਪ੍ਰਸੰਗ ਵਿਚ ਕਰਾਂਗੇ।

ਇਸੇ ਤਰ੍ਹਾਂ ਦਾ ਇਕ ਹੋਰ ਰਿਸ਼ਤਾ ਜੋ ਇਨ੍ਹਾਂ ਨੇ ਅੰਗ ਅੰਗ ਪਾਲਿਆ ਇਨ੍ਹਾਂ ਦੀ ਧਰਮਮਾਤਾ, ਮਾਈ ਰਾਧਾ, ਨਾਲ ਸੀ। ਇਹ ਮਾਈ ਸ. ਤੇਜਾ ਸਿੰਘ ਸਮੁੰਦ੍ਰੀ ਦੇ ਪਿੰਡ, ਚੱਕ ਨੰਬਰ ੧੪੦, ਦੀ ਹੀ ਇਕ ਵਿਧਵਾ ਇਸਤ੍ਰੀ ਸੀ। ਚੱਕ ਨੰਬਰ ੧੪੦ ਵਿਚ ਉਸ ਦੇ ਪਤੀ ਨੂੰ ਵੀ ਪੰਜ ਮੁਰੱਬੇ ਮਿਲੇ ਹੋਏ ਸਨ। ਮੁਰੱਬੇ ਮਿਲਣ ਦੇ ਛੇਤੀ ਹੀ ਪਿੱਛੋਂ ਉਸ ਦਾ ਪਤੀ ਗੁਜ਼ਰ ਗਿਆ ਤੇ ਪੁੱਤਰ ਹੈ ਕੋਈ ਨਹੀਂ ਸੀ। ਸ. ਤੇਜਾ ਸਿੰਘ ਸਮੁੰਦ੍ਰੀ ਉਸ ਸਮੇਂ ਚੜ੍ਹਦੀ ਉਮਰ ਵਿਚ, ਮਿੱਠੇ ਤੇ ਹਸੂੰ ਹਸੂੰ ਕਰਦੇ ਚਿਹਰੇ ਵਾਲੇ ਨੌਜਵਾਨ ਭੁਝੰਗੀ ਸਨ। ਮਾਈ ਰਾਧਾ ਨੂੰ ਉਹ "ਮਾਂ ਜੀ", "ਮਾਂ ਜੀ" ਕਰਕੇ ਬੁਲਾਉਂਦੇ ਸਨ। ਮਾਈ ਰਾਧਾ ਜੋ ਕੰਮ ਆਖਦੀ ਉਹ ਖ਼ੁਸ਼ੀ ਖ਼ੁਸ਼ੀ ਕਰ ਦੇਂਦੇ, ਸਗੋਂ ਕਈ ਵੇਰ ਤਾਂ ਮਾਈ ਰਾਧਾ ਦੇ ਕਹੇ ਬਿਨਾਂ ਹੀ ਉਸ ਦੇ ਘਰ ਦਾ ਜੋ ਕੰਮ ਕਰਨ ਜੋਗਾ ਵੇਖਣਾ ਕਰ ਆਉਂਦੇ। ਮਾਈ ਰਾਧਾ ਵੀ ਇਨ੍ਹਾਂ ਨਾਲ ਪੁੱਤਾਂ ਵਰਗਾ ਪਿਆਰ ਕਰਦੀ ਸੀ।

ਮਾਈ ਰਾਧਾ ਦਾ ਪਤੀ ਜਦੋਂ ਸੁਰਗਵਾਸ ਹੋਇਆ ਤਾਂ ਉਸ ਵਲ ਸਰਕਾਰ ਨੂੰ ਤਾਰਨ ਲਈ ਤਕਾਵੀ ਦੀ ਚੋਖੀ ਰਕਮ ਨਿਕਲਦੀ ਸੀ। ਮਾਈ ਰਾਧਾ ਕੋਲ ਤਕਾਵੀ ਤਾਰਨ ਨੂੰ ਕੋਈ ਪੈਸਾ ਨਹੀਂ ਸੀ ਤੇ ਜਿੰਨਾ ਚਿਰ ਉਹ ਤਕਾਵੀ ਨਹੀਂ ਸੀ ਤਾਰਦੀ, ਜ਼ਮੀਨ ਦੀ ਮਾਲਕੀ ਉਸ ਨੂੰ ਮਿਲ ਨਹੀਂ ਸੀ ਸਕਦੀ। ਜਦੋਂ ਸ. ਤੇਜਾ ਸਿੰਘ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਮਾਈ ਰਾਧਾ ਦੀ ਮਦਦ ਲਈ ਇਹ ਸਾਰੀ ਰਕਮ ਜੋ ਲਗ ਭਗ ੬,੦੦੦/- ਰੁਪਏ ਬਣਦੀ ਸੀ, ਆਪਣੇ ਪੱਲਿਓਂ ਤਾਰ ਦਿੱਤੀ। ਉਸ ਪਿੱਛੋਂ ਮਾਈ ਰਾਧਾ ਨੇ ਸ. ਤੇਜਾ ਸਿੰਘ ਨੂੰ ਧਰਮ ਪੁੱਤਰ ਬਣਾ ਲਿਆ ਤੇ ਉਸ ਵੀ ਮਾਈ ਰਾਧਾ ਨੂੰ "ਧਰਮ-ਮਾਤਾ" ਕਰਕੇ ਜਾਤਾ। ਸਰਦਾਰ ਜੀ ਦੀ ਆਪਣੀ ਮਾਂ ਇਸ ਤੋਂ ਪਹਿਲਾਂ ਗੁਜ਼ਰ ਚੁਕੀ ਸੀ ਤੇ ਮਾਂ ਦੇ ਪਿਆਰ ਤੇ ਮਾਂ ਦੀ ਠੰਢੀ ਛਾਂ ਦੀ ਉਨ੍ਹਾਂ ਨੂੰ ਲੋੜ ਸੀ। ਇੰਜ ਇਹ ਰਿਸ਼ਤਾ ਸਕੇ

Digitized by Panjab Digital Library | www.panjabdigilib.org

ਮਾਂ ਪੁੱਤਾਂ ਤੋਂ ਵੀ ਅੱਗੇ ਨਿਕਲ ਗਿਆ ।

ਪਿਆਰ-ਵੱਸ ਹੋ ਕੇ ਮਾਈ ਰਾਧਾ ਨੇ ਆਪਣੇ ਪੰਜੇ ਮੁਰੱਬੇ ਸ. ਤੇਜਾ ਸਿੰਘ ਦੇ ਨਾਮ ਲਵਾਉਣ ਦੀ ਪੇਸ਼ਕਸ਼ ਕੀਤੀ, ਪਰ ਸਰਦਾਰ ਹੋਰਾਂ ਇਕ ਨ ਮੰਨੀ । ਮਾਈ ਜੀ ਨੇ ਬਾਰ ਬਾਰ ਜ਼ੋਰ ਲਾਇਆ ਤੇ ਤਰਲੇ ਕੱਢੇ ਪਰ ਸਰਦਾਰ ਜੀ ਤਾਂ ਇਸ ਮਿੱਟੀ ਦੇ ਬਣੇ ਹੋਏ ਹੀ ਨਹੀਂ ਸਨ । ਉਹ ਤਾਂ ਆਪ ਮਾਇਆ ਦੇ ਤਿਆਗੀ ਸਨ । ਇਸ ਲਈ ਉਨ੍ਹਾਂ ਇੱਕੋ ਨੰਨਾ ਫੜੀ ਰੱਖਿਆ । ਆਖ਼ਰ ਮਾਤਾ ਜੀ ਨੇ ਬਦੋ ਬਦੀ, ਸਰਦਾਰ ਜੀ ਦੀ ਮਰਜ਼ੀ ਤੋਂ ਬਗ਼ੈਰ ਹੀ, ਇਕ ਮੁਰੱਬਾ ਆਪਣੇ ਆਪ ਇਨ੍ਹਾਂ ਦੇ ਨਾਮ ਲਵਾ ਦਿੱਤਾ । ਉਸ ਤੋਂ ਪਿੱਛੋਂ ਆਪ ਨੇ ਮਾਈ ਰਾਧਾ ਨਾਲ ਆਪਣਾ ਰਿਸ਼ਤਾ ਸਕੀ ਮਾਂ ਤੋਂ ਵੀ ਵਧ ਨਿਭਾਇਆ, ਉਸਦੇ ਮੁਰੱਬਿਆਂ ਦੀ ਪੂਰੀ ਤਰ੍ਹਾਂ ਦੇਖ ਰੇਖ ਕੀਤੀ ਤੇ ਆਪਣੇ ਘਰ ਤੇ ਮਾਈ ਰਾਧਾ ਦੇ ਘਰ ਵਿਚ ਕੋਈ ਫ਼ਰਕ ਨ ਜਾਤਾ; ਨ ਹੀ ਮਾਈ ਰਾਧਾ ਨੇ ਇਹ ਖ਼ਿਆਲ ਕੀਤਾ ਕਿ ਤੇਜਾ ਸਿੰਘ ਕਿਸੇ ਹੋਰ ਦਾ ਪੁੱਤਰ ਹੈ । ਉਸ ਨੇ ਵੀ ਆਪਣਾ ਸਾਰਾ ਘਰ ਬਾਰ ਸਰਦਾਰ ਹੁਰਾਂ ਦੇ ਸਪੁਰਦ ਕਰ ਦਿੱਤਾ । ਸਰਦਾਰ ਸਾਹਿਬ ਨੇ ਮਾਈ ਜੀ ਨੂੰ ਕਦੀ ਵੀ ਨਾਰਾਜ਼ਗੀ ਦਾ ਮੌਕਾ ਨ ਦਿੱਤਾ; ਜੇ ਕਿਤੇ ਉਹ ਨਾਰਾਜ਼ ਹੋ ਵੀ ਜਾਂਦੀ ਤਾਂ ਪੈਰੀਂ ਪੈ ਕੇ ਖ਼ਿਮਾ ਮੰਗ ਲੈਂਦੇ ਤੇ ਉਸ ਨੂੰ ਮਨਾਏ ਬਗ਼ੈਰ ਰੋਟੀ ਤਕ ਨ ਖਾਂਦੇ । ਸ. ਤੇਜਾ ਸਿੰਘ ਜੀ ਦੇ ਸੱਚੇ ਪੁੱਤਰਾਂ ਵਾਲੇ ਪਿਆਰ ਤੇ ਸੇਵਾ ਨੇ ਮਾਈ ਨੂੰ ਰੰਡੇਪਾ ਉੱਕਾ ਹੀ ਭੁਲਾ ਦਿੱਤਾ ਤੇ ਉਹ ਬੜੇ ਆਨੰਦ ਵਿਚ ਦਿਨ ਗੁਜ਼ਾਰ ਸਕੀ । ਪਿੰਡ ਵਿਚ ਜੋ ਵੀ ਸੱਜਣ ਜਾਂਦਾ ਉਹ ਇਹ ਨਹੀਂ ਸੀ ਸਮਝ ਸਕਦਾ ਕਿ ਮਾਈ ਰਾਧਾ ਸ. ਤੇਜਾ ਸਿੰਘ ਜੀ ਦੀ ਸਕੀ ਮਾਂ ਨਹੀਂ ਹੈ ।

ਇਕ ਵੇਰਾਂ ਮਾਈ ਰਾਧਾ ਨੂੰ ਨਾਲ ਲੈ ਕੇ ਸਰਦਾਰ ਹੁਰੀਂ ਮੱਸਿਆ ਦੇ ਮੇਲੇ ਉੱਤੇ ਤਰਨਤਾਰਨ ਸਾਹਿਬ ਗਏ । ਸਿਆਲ ਦਾ ਮੌਸਮ ਸੀ, ਮਾਈ ਥੋੜਾ ਜੇਹਾ ਨਿਖੜ ਕੇ ਇਸ਼ਨਾਨ ਕਰਨ ਲਗ ਗਈ; ਭੀੜ ਬਹੁਤ ਸੀ ਤੇ ਇਸ ਭੀੜ ਵਿਚ ਉਹ ਮੁੜ ਨ ਮਿਲੀ । ਮਾਈ ਜੀ ਦੀ ਲੋਈ ਤੇ ਕੰਬਲ ਸਰਦਾਰ ਜੀ ਦੇ ਕੋਲ ਸਨ । ਹੁਣ ਫ਼ਿਕਰ ਵਿਚ ਸਰਦਾਰ ਜੀ ਨੂੰ ਚੈਨ ਕਿਥੋਂ ਆਵੇ ? ਉਹ ਸਾਰੀ ਰਾਤ ਪਰਕਰਮਾ ਵਿਚ ਤੇ ਦੀਵਾਨਾਂ ਵਿਚ ਮਾਈ ਜੀ ਨੂੰ ਢੂੰਡਦੇ ਫ਼ਿਰੇ; ਸਾਰੀ ਰਾਤ ਅੱਖ ਤਕ ਨ ਲਾਈ । ਸਵੇਰ ਹੋਣ 'ਤੇ ਜਦ ਮਾਈ ਜੀ ਪਰਕਰਮਾ ਵਿਚ ਸੁੰਗੜੇ ਬੈਠੇ ਇਕ ਥਾਂ ਮਿਲ ਗਏ, ਤਾਂ ਸਰਦਾਰ ਜੀ ਨੇ ਕਿਹਾ, "ਮਾਂ ਜੀ, ਤੁਸੀਂ ਮੇਰੇ ਨਾਲ ਅੱਜ ਚੰਗੀ ਕੀਤੀ ! ਮੈਂ ਸਾਰੀ ਰਾਤ ਪਰਕਰਮਾ ਵਿਚ ਢੂੰਡਦਾ ਰਿਹਾ" । ਇਕ ਹੋਰ ਮਾਈ, ਜੋ ਕੋਲ ਹੀ ਖੜੀ ਸੀ, ਅਗੋਂ ਬੋਲੀ, "ਪੁੱਤਰ, ਤੇ ਤੂੰ ਲੋਈ ਕਰਕੇ ਸੌਂ ਜਾਣਾ ਸੀ ਨ" । ਸ. ਤੇਜਾ ਸਿੰਘ ਨੇ ਕਿਹਾ, "ਮਾਤਾ ਜੀ ! ਕੀ ਇਹ ਪੁੱਤਰਾਂ ਦੇ ਕੰਮ ਹਨ ਕਿ ਮਾਂ ਪਾਲੇ ਮਰਦੀ ਹੋਵੇ ਤੇ ਪੁੱਤਰ ਆਰਾਮ ਨਾਲ ਸੌਂ ਜਾਵੇ ?"

ਮਾਈ ਰਾਧਾ ਵੀ ਸਰਦਾਰ ਜੀ ਨਾਲ ਘਟ ਪਿਆਰ ਨਹੀਂ ਸੀ ਕਰਦੀ । ਉਹ ਜਦ ੧੯੨੩-੨੬ ਵਿਚ ਜੇਲ੍ਹ ਗਏ ਤਾਂ ਮਾਈ ਹਰ ਮਹੀਨੇ ਮੁਲਾਕਾਤ ਲਈ ਉਨ੍ਹਾਂ ਕੋਲ ਜੇਲ੍ਹ ਵਿਚ ਆਉਂਦੀ ਤੇ ਆਪਣੇ ਨਾਲ ਘਿਉ ਖੰਡ ਆਦਿ ਲੈ ਕੇ ਪਹੁੰਚਦੀ । ਮਾਈ ਜੀ ਨੇ ਇਕ ਵਾਰ ਇਹ ਸੁਣਿਆ ਕਿ ਗਰਮੀ ਦੀ ਰੁੱਤੇ ਸਰਦਾਰ ਹੁਰੀਂ ਜੇਲ੍ਹ ਦੀ ਕੋਠੜੀ ਅੰਦਰ

Digitized by Panjab Digital Library | www.panjabdigilib.org

ਸੌਂਦੇ ਹਨ। ਜਦੋਂ ਗਰਮੀ ਦੀ ਰੁੱਤ ਆਈ ਤਾਂ ਉਹ ਆਪ ਵੀ ਅੰਦਰ ਸੌਣ ਲਗ ਪਈ। ਉਸ ਨੂੰ ਜਦ ਕਦੇ ਸ. ਤੇਜਾ ਸਿੰਘ ਦੇ ਬੀਮਾਰ ਹੋਣ ਦਾ ਪਤਾ ਲਗਦਾ, ਝਟ ਲਾਹੌਰ ਆ ਕੇ ਸਰਦਾਰ ਜੀ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਮੁੜਦੀ। ਉਹ ਪੁੱਤਰਾਂ ਵਾਂਗ ਉਸ ਨੂੰ ਪਿਆਰ ਦੇਂਦੀ ਤੇ ਉਸ ਦਾ ਮੂੰਹ ਸਿਰ ਚੁੰਮਦੀ ਨਹੀਂ ਰਜਦੀ ਸੀ। ਇਹੋ ਜੇਹਾ ਸੁੱਚਾ ਤੇ ਸੱਚਾ ਪਿਆਰ ਅੱਜ ਕਿਥੇ!

Digitized by Panjab Digital Library | www.panjabdigilib.org

२

# ਵਿਆਹ ਤੇ ਫ਼ੌਜ ਵਿਚ ਨੌਕਰੀ

ਤੇਜਾ ਸਿੰਘ ਦੇ ਪਿਤਾ ਨੇ ਆਪਣੇ ਇਕਲੌਤੇ ਪੁੱਤਰ ਦੀ ਸ਼ਾਦੀ ੧੦ ਸਾਲ ਦੀ ਛੋਟੀ ਉਮਰ ਵਿਚ ਹੀ ਕਰ ਦਿੱਤੀ। ਇਹ ਸ਼ਾਦੀ ਪਿੰਡ ਢੋਟੀਆਂ ਜ਼ਿਲਾ ਅਮ੍ਰਿਤਸਰ ਦੇ ਸੂਬੇਦਾਰ ਸ. ਜੇਠਾ ਸਿੰਘ ਜੀ ਦੀ ਸਪੁੱਤਰੀ ਬੀਬੀ ਰਾਮ ਕੌਰ ਨਾਲ ੭ ਹਾੜ ਸੰਮਤ ੧੯੪੮ ਬਿਕ੍ਰਮੀ, ਮੁਤਾਬਿਕ ੧੮੯੧ ਈ., ਨੂੰ ਹੋਈ। ਸ਼ਾਦੀ ਕੀਤਿਆਂ ੧੦ ਸਾਲ ਲੰਘ ਗਏ, ਪਰ ਸ. ਤੇਜਾ ਸਿੰਘ ਦੇ ਕੋਈ ਸੰਤਾਨ ਨ ਹੋਈ। ਉਸ ਵੇਲੇ ਉਸ ਦੀ ਆਯੂ ਅਜੇ ੨੦ ਸਾਲਾਂ ਦੀ ਹੀ ਹੋਈ ਸੀ, ਪਰ ਮਾਪਿਆਂ ਨੂੰ ਪੋਤਰੇ ਖਿਡਾਉਣ ਦੀ ਸੱਧਰ ਹੁੰਦੀ ਹੈ ਤੇ ਭੈਣਾਂ ਨੂੰ ਭਤੀਜੇ ਦੇਖਣ ਦਾ ਚਾਉ ਹੁੰਦਾ ਹੈ। ਸ. ਤੇਜਾ ਸਿੰਘ ਦੀਆਂ ਦੋ ਭੈਣਾਂ ਸਨ : ਬੀਬੀ ਆਸੋ ਤੇ ਬੀਬੀ ਦਾਤੋ। ਉਨ੍ਹਾਂ ਨੇ ਆਪਣੇ ਵੀਰ ਦੀ ਦੂਜੀ ਸ਼ਾਦੀ ਕਰਨ ਉੱਤੇ ਜ਼ੋਰ ਦਿੱਤਾ। ਇਸ ਜ਼ੋਰ ਦੇਣ ਦਾ ਇਕ ਕਾਰਣ ਇਹ ਵੀ ਸੀ ਕਿ ਸ਼ਰੀਕੇ ਵਿਚ ਸ. ਗੁਰਬਖ਼ਸ਼ ਸਿੰਘ ਦੇ ਪਿਤਾ ਦੀਆਂ ਦੋ ਸ਼ਾਦੀਆਂ ਸਨ। ਇਸ ਲਈ ਸ. ਤੇਜਾ ਸਿੰਘ ਦੀਆਂ ਭੈਣਾਂ ਵੀ ਬਹੁਤ ਖਹਿੜੇ ਪੈ ਗਈਆਂ ਕਿ ਅਸੀਂ ਵੀ ਆਪਣੇ ਵੀਰ ਦੀਆਂ ਦੋ ਸ਼ਾਦੀਆਂ ਕਰਵਾਉਣੀਆਂ ਹਨ। ਜਦ ਇਸ ਸੰਕਲਪ ਨੂੰ ਅਮਲੀ ਸ਼ਕਲ ਦੇਣ ਦਾ ਵੇਲਾ ਆਇਆ ਤਾਂ ਤੇਜਾ ਸਿੰਘ ਦੇ ਮਾਤਾ ਜੀ ਨੇ ਫਲਾਹੀਆਂ ਵਾਲੇ ਬਾਬਾ ਕਾਹਨ ਸਿੰਘ ਨਾਲ ਗੱਲ ਕੀਤੀ ਕਿ ਤੁਹਾਡੇ ਅਜ਼ੀਜ਼ ਦੀ ਦੂਜੀ ਸ਼ਾਦੀ ਕਰਨ ਲਗੇ ਹਾਂ। ਬਾਬਾ ਜੀ ਨੇ ਅੱਗੋਂ ਪੁੱਛਿਆ, "ਕਿਉਂ ?" ਇਸ ਉੱਤੇ ਇਨ੍ਹਾਂ ਦੇ ਮਾਤਾ ਜੀ ਨੇ ਕਿਹਾ, "ਬਾਬਾ ਜੀ, ਪਹਿਲੀ ਦੇ ਕੋਈ ਅੰਸ ਨਹੀਂ ਹੁੰਦੀ"। ਤਦ ਬਾਬਾ ਜੀ ਨੇ ਕਿਹਾ, "ਅੰਸ ਨਹੀਂ ਹੁੰਦੀ ! ਕਿਉਂ ? ਉਸ ਦੀ ਕੁਖ ਵਿੱਚੋਂ ਪੈਦਾ ਹੋਈ ਸੰਤਾਨ ਤਾਂ ਬੜੀ ਪ੍ਰਸਿੱਧ ਹੋਣੀ ਹੈ ! ਉਂਜ, ਕੋਈ ਗੱਲ ਨਹੀਂ, ਸਰਦਾਰਾਂ ਦੇ ਲੜਕੇ ਦੋ ਦੋ ਸ਼ਾਦੀਆਂ ਕਰਵਾ ਲੈਂਦੇ ਹਨ; ਤੁਸੀਂ ਚਾਹੋ ਤਾਂ ਸ਼ਾਦੀ ਕਰ ਦਿਓ; ਪਰ, ਸਰਦਾਰੀ ਪਹਿਲੀ ਇਸਤ੍ਰੀ ਦੀ ਹੀ ਰਹੇਗੀ।" ਇੰਜ ਭੈਣਾਂ ਦੀਆਂ ਸੱਧਰਾਂ ਤੇ ਮਾਪਿਆਂ ਦੀਆਂ ਉਮੰਗਾਂ ਪੂਰੀਆਂ ਕਰਨ ਲਈ ਸ. ਤੇਜਾ ਸਿੰਘ ਦੀ ਦੂਜੀ ਸ਼ਾਦੀ ਹੋ ਗਈ। ਦੂਜੀ ਪਤਨੀ ਦਾ ਨਾਂ ਸ਼ਾਮ ਕੌਰ ਸੀ ਤੇ ਇਹ ਨਵਾਂ ਚੰਦ, ਜ਼ਿਲਾ ਫੀਰੋਜ਼ਪੁਰ, ਦੇ ਸ. ਜੀਤਾ ਸਿੰਘ ਜੀ ਦੀ ਸਪੁੱਤਰੀ ਸੀ। ਇਹ ਸ਼ਾਦੀ ੨੧ ਫੱਗਣ ਸੰਮਤ ੧੯੫੮ ਬਿਕ੍ਰਮੀ, ਮੁਤਾਬਿਕ ੧੯੦੧ ਈ. ਨੂੰ ਹੋਈ।

ਦਾਤੇ ਦਾ ਅੰਤ ਕਿਸ ਨੇ ਪਾਇਆ ਹੈ ? ਦੂਜੇ ਵਿਆਹ ਤੋਂ ਅਗਲੇ ਸਾਲ ਹੀ ਪਹਿਲੀ ਸੁਪਤਨੀ, ਬੀਬੀ ਰਾਮ ਕੌਰ, ਦੀ ਕੁੱਖ ਹਰੀ ਹੋ ਗਈ। ੫ ਪੋਹ ਸ਼ੁਕਰਵਾਰ ਸੰਮਤ ੧੯੫੯ ਬਿਕ੍ਰਮੀ ਮੁਤਾਬਿਕ ੧੯੦੨ ਈ. ਨੂੰ ਸ. ਤੇਜਾ ਸਿੰਘ ਦੇ ਘਰ ਸਭ ਤੋਂ ਵੱਡੇ

Digitized by Panjab Digital Library | www.panjabdigilib.org

ਸਪੁੱਤਰ, ਸਾਹਿਬ ਸਿੰਘ, ਨੇ ਜਨਮ ਲਿਆ। ਇਸ ਪਿੱਛੋਂ ਬੀਬੀ ਰਾਮ ਕੌਰ ਦੀ ਕੁੱਖੋਂ ਤਿੰਨ ਲੜਕੇ ਹੋਰ ਜਨਮੇ ਤੇ ਇਕ ਬੀਬੀ ਵੀ ਹੋਈ। ਇਨ੍ਹਾਂ ਵਿਚੋਂ ਇਕ ਲੜਕਾ ਅਕਾਲ ਚਲਾਣਾ ਕਰ ਗਿਆ। ਜੀਵਿਤ ਔਲਾਦ ਵਿਚ ਦੂਜੇ ਦਾ ਨਾਮ ਸ. ਮਾਨ ਸਿੰਘ, ਤੀਜੇ ਦਾ ਸ. ਬਿਸ਼ਨ ਸਿੰਘ ਅਤੇ ਬੀਬੀ ਦਾ ਸਤਵੰਤ ਕੌਰ ਜਾਂ ਕੰਤੀ ਹੋਇਆ। ਇਨ੍ਹਾਂ ਬੱਚਿਆਂ ਦੀ ਮਾਤਾ ਸ. ਤੇਜਾ ਸਿੰਘ ਦੇ ਜੀਉਂਦੇ ਜੀ ਹੀ ਸੁਰਗਵਾਸ ਹੋ ਗਈ।

ਸਰਦਾਰ ਜੀ ਦੀ ਦੂਜੀ ਪਤਨੀ, ਬੀਬੀ ਸ਼ਾਮ ਕੌਰ, ਨੂੰ ਵੀ ਕਰਤਾਰ ਨੇ ਦੋ ਭੁਝੰਗੀ ਬਖਸ਼ੇ: ਵੱਡਾ ਸ. ਹਰਚਰਨ ਸਿੰਘ ਜਿਸ ਦਾ ਜਨਮ ੧੯੧੦ ਈਸਵੀ ਨੂੰ ਹੋਇਆ, ਅਤੇ ਦੂਜਾ ਸ. ਮਹਿੰਦਰ ਸਿੰਘ ਜੋ ਪਰਵਾਰ ਵਿਚੋਂ ਸਭ ਤੋਂ ਛੋਟਾ ਹੈ। ਵੱਡੇ ਪਤਨੀ ਜੀ ਦੇ ਗੁਜ਼ਰ ਜਾਣ ਤੇ ਅਤੇ ਬਾਅਦ ਵਿਚ ਸ. ਤੇਜਾ ਸਿੰਘ ਜੀ ਦੇ ਆਪ ਅਕਾਲ ਚਲਾਣਾ ਕਰ ਜਾਣ ਤੇ, ਸਾਰੇ ਬੱਚਿਆਂ ਦੀ ਪਾਲਣਾ ਤੇ ਪਰਵਾਰ ਦੀ ਦੇਖ ਰੇਖ ਦੀ ਜ਼ਿੰਮੇਵਾਰੀ ਮਾਤਾ ਸ਼ਾਮ ਕੌਰ ਦੇ ਸਿਰ ਆਈ ਜੋ ਇਨ੍ਹਾਂ ਨੇ ਬੜੇ ਸਨੇਹ ਤੇ ਪਿਆਰ ਨਾਲ ਨਿਭਾਈ। ਇਸ ਵਿਚ ਸ. ਤੇਜਾ ਸਿੰਘ ਦੇ ਵੱਡੇ ਸਪੁੱਤਰ ਸ. ਸਾਹਿਬ ਸਿੰਘ ਨੇ ਵੀ ਯੋਗ ਹਿੱਸਾ ਪਾਇਆ।

ਜਦੋਂ ਸ. ਤੇਜਾ ਸਿੰਘ ਦੇਸ਼ ਆਜ਼ਾਦੀ ਤੇ ਪੰਥਕ ਭਲਾਈ ਦੇ ਕੰਮਾਂ ਵਿਚ ਜੁਟ ਗਏ ਤਾਂ ਸਾਰਾ ਵਕਤ ਘਰੋਂ ਬਾਹਰ ਕਟੀਣ ਲਗਾ। ਓਦੋਂ ਨਨਕਾਣਾ ਸਾਹਿਬ ਦਾ ਸਾਕਾ ਹਾਲੀ ਵਾਪਰਿਆ ਹੀ ਸੀ। ਵੱਡਾ ਪੁੱਤਰ ਸਾਹਿਬ ਸਿੰਘ ਓਦੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਗਿਆਰਵੀਂ ਜਮਾਤ ਵਿਚ ਪੜ੍ਹਦਾ ਸੀ। ਸ. ਤੇਜਾ ਸਿੰਘ ਨਨਕਾਣਾ ਸਾਹਿਬ ਦੇ ਪ੍ਰਬੰਧ ਤੇ ਹੋਰ ਗੁਰਦਵਾਰਿਆਂ ਦੀ ਆਜ਼ਾਦੀ ਦੇ ਘੋਲ ਵਿਚ ਲਗੇ ਹੋਏ ਸਨ। ਉਨ੍ਹਾਂ ਇਕ ਦਿਨ ਸ. ਸਾਹਿਬ ਸਿੰਘ ਨੂੰ ਬੁਲਾ ਕੇ ਕਿਹਾ, "ਕਾਕਾ, ਤੂੰ ਪੜ੍ਹਾਈ ਛੱਡ ਦੇਹ। ਸਾਡੇ ਕੰਮ ਦਾ ਪਤਾ ਨਹੀਂ, ਇਹ ਕਦੋਂ ਮੁੱਕੇ ਜਾਂ ਨ ਮੁੱਕੇ: ਇਸ ਲਈ ਤੂੰ ਚੱਲ ਕੇ ਘਰ ਦਾ ਤੇ ਖੇਤੀ ਦਾ ਕੰਮ ਚਲਾ ਤਾਂ ਕਿ ਘਰ ਦਾ ਕੰਮ ਤੁਰਿਆ ਰਹੇ ਤੇ ਕੋਈ ਨੁਕਸਾਨ ਨ ਹੋਵੇ"। ਸਾਹਿਬ ਸਿੰਘ ਨੇ ਪਿਤਾ ਜੀ ਦੀ ਆਗਿਆ ਦਾ ਪਾਲਣ ਕਰਦਿਆਂ ਹੋਇਆਂ ਪੜ੍ਹਾਈ ਛੱਡ ਦਿੱਤੀ ਤੇ ਘਰ ਦੇ ਕੰਮ ਨੂੰ ਜਾ ਸੰਭਾਲਿਆ। ਇੰਜ ਸ. ਤੇਜਾ ਸਿੰਘ ਨੂੰ ਘਰ ਦੇ ਫ਼ਿਕਰਾਂ ਤੋਂ ਨਿਸ਼ਚਿੰਤ ਹੋ ਕੇ ਪੰਥ ਦੀ ਸੇਵਾ ਕਰਨ ਦਾ ਖੁਲ੍ਹਾ ਮੌਕਾ ਮਿਲ ਗਿਆ। ਸਾਹਿਬ ਸਿੰਘ ਨੇ ਨ ਕੇਵਲ ਖੇਤੀ ਬਾੜੀ ਦਾ ਕੰਮ ਸੰਭਾਲਿਆ, ਸਗੋਂ ਭਰਾਵਾਂ ਦੀ ਤਾਲੀਮ ਦਾ ਵੀ ਯੋਗ ਪ੍ਰਬੰਧ ਕੀਤਾ।

ਅਕਾਲੀ ਮੋਰਚਿਆਂ ਸਮੇਂ ਪਰਵਾਰ ਨੇ ਹੋਰ ਤਰ੍ਹਾਂ ਵੀ ਆਪ ਨੂੰ ਬਹੁਤ ਮਿਲਵਰਤਣ ਦਿੱਤੀ। ਆਪ ਬਾਹਰ ਮੋਰਚਿਆਂ ਤੇ ਪੰਥਕ ਕੰਮਾਂ ਵਿਚ ਜੁਟੇ ਹੋਏ ਹੁੰਦੇ ਸਨ। ਇਨ੍ਹਾਂ ਕੰਮਾਂ ਲਈ ਜਦੋਂ ਕਦੇ ਵੀ ਮਾਇਆ ਜਾਂ ਕਿਸੇ ਹੋਰ ਚੀਜ਼ ਦੀ ਲੋੜ ਪੈਂਦੀ ਤਾਂ ਆਪ ਝਟ ਘਰ ਸੁਨੇਹਾ ਘਲ ਦੇਂਦੇ। ਪਰਵਾਰ ਉਨ੍ਹਾਂ ਨੂੰ ਤੁਰਤ ਉਹ ਚੀਜ਼, ਜਿਥੇ ਉਹ ਕਹਿੰਦੇ, ਪਹੁੰਚਾ ਦੇਂਦਾ। ਆਪਣੇ ਘਰੋਂ ਮਾਤਾ ਜੀ ਨੇ ਕਈ ਵਾਰ ਖੱਦਰ ਦੇ ਸੌ ਸੌ ਕਛਹਿਰੇ ਸਿਉਂ ਕੇ ਸਿੰਘਾਂ ਲਈ ਮੋਰਚਿਆਂ ਵਿਚ ਭੇਜੇ ਤੇ ਹੋਰ ਹਰ ਤਰ੍ਹਾਂ ਦੀ ਕੁਰਬਾਨੀ ਕੀਤੀ।

ਜਦੋਂ ਸ. ਤੇਜਾ ਸਿੰਘ ਨੇ ਜਵਾਨੀ ਵਿਚ ਕਦਮ ਰੱਖਿਆ ਤਾਂ ਇਨ੍ਹਾਂ ਦੇ ਪਿਤਾ ਨੇ

Digitized by Panjab Digital Library | www.panjabdigilib.org

੧੮ ਸਾਲਾਂ ਦੀ ਉਮਰ ਵਿਚ ਇਨ੍ਹਾਂ ਨੂੰ ੨੨ ਨੰਬਰ ਰਿਸਾਲੇ ਵਿਚ ਦਫੇਦਾਰ ਭਰਤੀ ਕਰਵਾ ਦਿੱਤਾ। ਇਹ ਗੱਲ ੧੮੯੯ ਈ. ਦੀ ਹੈ। ਇਹ ਉਹੀ ਰਿਸਾਲਾ ਸੀ ਜਿਸ ਵਿਚ ਇਨ੍ਹਾਂ ਦੇ ਪਿਤਾ ਆਪ ਰਿਸਾਲਦਾਰ ਮੇਜਰ ਰਹੇ ਸਨ। ਸ. ਤੇਜਾ ਸਿੰਘ ਇਤਨੇ ਕਾਬਲ ਸਨ ਕਿ ਉਨ੍ਹਾਂ ਥੋੜ੍ਹੇ ਦਿਨਾਂ ਵਿਚ ਹੀ ਆਪਣੀ ਕਾਬਲੀਅਤ ਤੇ ਸਮਝ ਦੇ ਚਮਤਕਾਰੇ ਵਿਖਾ ਦਿੱਤੇ। ਆਪ ਨੇ ਕੁਝ ਦਿਨਾਂ ਵਿਚ ਹੀ ਸਾਰਾ ਕੰਮ ਸਿਖ ਲਿਆ ਤੇ ਫਿਰ ਉਸ ਟੋਲੀ ਵਿਚ ਹੀ ਰੰਗਰੂਟਾਂ ਦੇ ਇਨਸਪੈਕਟਰ ਤੇ ਉਸਤਾਦ ਮੁਕਰਰ ਹੋ ਗਏ ਜਿਸ ਵਿਚ ਉਨ੍ਹਾਂ ਆਪ ਕੰਮ ਸਿਖਿਆ ਸੀ।

ਸ. ਤੇਜਾ ਸਿੰਘ ਬਚਪਨ ਤੋਂ ਹੀ ਆਚਾਰ ਦੇ ਸੱਚੇ ਤੇ ਸੁੱਚੇ ਵਿਹਾਰ ਦੇ ਸਨ। ਉਹ ਰਿਸਾਲੇ ਵਿਚ ਨੌਕਰੀ ਕਰਦਿਆਂ ਕਦੀ ਵੀ ਸੱਚ ਬੋਲਣੋਂ ਨਹੀਂ ਸਨ ਡਰੇ। ਵੱਡੀ ਤੋਂ ਵੱਡੀ ਮੁਸੀਬਤ ਸਮੇਂ ਉਹ ਹਮੇਸ਼ਾਂ ਅਡੋਲ ਹੀ ਰਹਿੰਦੇ ਅਤੇ ਨ ਹੀ ਉਨ੍ਹਾਂ ਨੇ ਕਦੇ ਅਫ਼ਸਰਾਂ ਦਾ ਨਾਜਾਇਜ਼ ਰੁਅਬ ਮੰਨਿਆ। ਉਨ੍ਹਾਂ ਆਪ ਵੀ ਕਦੀ ਆਪਣੇ ਵਿਚ ਅਫ਼ਸਰਾਂ ਵਾਲੀ ਬੂ ਨ ਆਉਣ ਦਿੱਤੀ। ਉਹ ਹਰ ਇਕ ਨਾਲ ਭਰਾਵਾਂ ਵਾਲਾ ਸਲੂਕ ਕਰਦੇ ਸਨ। ਪਰ, ਫ਼ੌਜੀ ਅਫ਼ਸਰਾਂ ਨੂੰ ਆਪ ਦਾ ਅਜੇਹਾ ਵਤੀਰਾ ਪਸੰਦ ਨਹੀਂ ਸੀ। ਉਥੋਂ ਦਾ ਜ਼ਬਤ ਕੁਝ ਹੋਰ ਤਰ੍ਹਾਂ ਦਾ ਹੁੰਦਾ ਹੈ। ਫ਼ੌਜ ਵਿਚ ਖੁਸ਼ਾਮਦ ਤੇ ਚੁਗਲੀ ਕਰਨ ਵਾਲਾ ਵਿਅਕਤੀ ਅੰਗਰੇਜ਼ ਅਫ਼ਸਰਾਂ ਦੀ ਨਿਗਾਹ ਵਿਚ ਛੇਤੀ ਇੱਜ਼ਤ ਪਾ ਕੇ ਤਰੱਕੀ ਕਰ ਜਾਂਦਾ ਸੀ। ਇਸ ਦੇ ਉਲਟ ਨਿਡਰ, ਦਲੇਰ ਤੇ ਸੱਚ ਬੋਲਣ ਵਾਲੇ ਦਾ ਗੁਜ਼ਾਰਾ ਔਖਾ ਹੁੰਦਾ ਸੀ। ਸ੍ਵੈਮਾਨ ਤੇ ਸ੍ਵੈ-ਸਤਿਕਾਰ ਵਾਲਾ ਬੰਦਾ ਫ਼ੌਜੀ ਗੁਲਾਮੀ ਵਿਚ ਤੰਗੀ ਮਹਿਸੂਸ ਕਰਨ ਲਗ ਜਾਂਦਾ ਸੀ। ਸੁਭਾ ਦੀ ਸੁਤੰਤ੍ਰਤਾ ਕਾਰਣ ਸ. ਤੇਜਾ ਸਿੰਘ ਨੂੰ ਫ਼ੌਜੀ ਨੌਕਰੀ ਰਾਸ ਆਉਂਦੀ ਪ੍ਰਤੀਤ ਨਹੀਂ ਸੀ ਹੁੰਦੀ। ਉਨ੍ਹਾਂ ਦੇ ਸੁਭਾਵ ਨੇ ਅੰਗਰੇਜ਼ ਅਫ਼ਸਰਾਂ ਦੇ ਦਿਲਾਂ ਵਿਚ ਤੌਖਲਾ ਪੈਦਾ ਕਰ ਦਿੱਤਾ ਸੀ ਜਿਸ ਤੋਂ ਰਿਸਾਲੇ ਦੇ ਕਈ ਅੰਗਰੇਜ਼ ਅਫ਼ਸਰ ਉਨ੍ਹਾਂ ਦੇ ਵੈਰ ਪੈ ਗਏ। ਉਨ੍ਹਾਂ ਨੂੰ ਫਸਾਣ ਦੀਆਂ ਅੰਦਰਖਾਤੇ ਗੋਂਦਾਂ ਹੋਣ ਲਗੀਆਂ, ਪਰੰਤੂ ਨੌਜਵਾਨ ਸ. ਤੇਜਾ ਸਿੰਘ ਨੇ ਆਪਣੀ ਹਿੰਮਤ ਤੇ ਸਿਆਣਪ ਨਾਲ ਕਿਸੇ ਦੀ ਕੋਈ ਦਾਲ ਨ ਗਲਣ ਦਿੱਤੀ। ਉਹ ਆਪਣੀ ਸਿਆਣਪ, ਮੇਲ-ਮਿਲਾਪ ਤੇ ਦੂਰ-ਅੰਦੇਸ਼ੀ ਨਾਲ ਸਾਫ਼ ਬਚ ਜਾਂਦੇ ਰਹੇ। ਇਸ ਲਈ ਫ਼ੌਜੀ ਨੌਕਰੀ ਇਨ੍ਹਾਂ ਨੂੰ ਰਾਸ ਨ ਆਈ। ਅਸਲ ਵਿਚ ਆਪ ਅਜੇਹੀ ਨੌਕਰੀ ਲਈ ਪੈਦਾ ਹੀ ਨਹੀਂ ਸਨ ਹੋਏ। ਅੰਤ ਆਪ ਨੇ ਨੌਕਰੀ ਨੂੰ ਲੱਤ ਮਾਰੀ ਤੇ ਤਿੰਨ ਸਾਲਾਂ ਪਿੱਛੋਂ ਨਾਮ ਕਟਾ ਕੇ ੧੯੦੨ ਈ. ਵਿਚ ਘਰ ਆ ਗਏ।

ਨੌਕਰੀ ਛੱਡਣ ਦਾ ਇਕ ਤਟਫਟ ਕਾਰਣ ਇਹ ਸੀ ਕਿ ਇਨ੍ਹਾਂ ਦੇ ਰਿਸਾਲੇ ਵਿਚ ਹੀ ਇਕ ਕਤਲ ਹੋ ਗਿਆ ਸੀ। ਕਤਲ ਕਰਨ ਵਾਲੇ ਫ਼ੌਜੀ ਨੂੰ ਸ. ਤੇਜਾ ਸਿੰਘ ਨਾਲ ਬੜਾ ਪਿਆਰ ਸੀ। ਜਦੋਂ ਉਸ ਨੂੰ ਫਾਂਸੀ ਦੀ ਸਜ਼ਾ ਹੋਈ ਤਾਂ ਉਸ ਨੇ ਅੰਤਿਮ ਇੱਛਾ ਕੇਵਲ ਇਨ੍ਹਾਂ ਨੂੰ ਮਿਲਣ ਦੀ ਹੀ ਪ੍ਰਗਟ ਕੀਤੀ। ਇਸ ਉੱਤੇ ਦੂਜੇ ਧੜੇ ਵਾਲਿਆਂ ਨੂੰ ਸ਼ੱਕ ਹੋ ਗਿਆ ਕਿ ਇਹ ਕਤਲ ਜ਼ਰੂਰ ਹੀ ਇਨ੍ਹਾਂ ਦੀ ਸ਼ਹਿ ਤੇ ਹੋਇਆ ਹੈ। ਇੰਜ ਅਣਜਾਣੇ ਹੀ ਇਨ੍ਹਾਂ ਦੀ ਉਥੇ ਦੁਸ਼ਮਨੀ ਪੈਦਾ ਹੋ ਗਈ। ਉਸ ਧੜੇ ਦੇ ਲੋਕ ਇਨ੍ਹਾਂ ਨੂੰ ਮਾਰਨ ਦੀਆਂ

Digitized by Panjab Digital Library | www.panjabdigilib.org

ਵਿਓਂਤਾਂ ਗੁੰਦਣ ਲਗੇ। ਉਸ ਸਮੇਂ ਇਨ੍ਹਾਂ ਦੇ ਇਕ ਹਿਤੈਸ਼ੀ ਨੇ ਇਨ੍ਹਾਂ ਦੇ ਪਿਤਾ ਜੀ ਨੂੰ ਸੱਦ ਕੇ ਕਿਹਾ ਕਿ ਮੁੰਡੇ ਦਾ ਨਾਂ ਕਟਵਾ ਲਵੋ, ਅਜੇਹਾ ਨ ਹੋਵੇ ਕਿ ਕੋਈ ਨੁਕਸਾਨ ਹੋ ਜਾਵੇ।

ਰਿਸਾਲੇ ਵਿਚ ਸ. ਤੇਜਾ ਸਿੰਘ ਨੇ ਕੇਵਲ ਤਿੰਨ ਸਾਲ ਨੌਕਰੀ ਕੀਤੀ। ਉਥੇ ਰਹਿੰਦਿਆਂ ਇਨ੍ਹਾਂ ਗਤਕਾ ਖੇਡਣ ਦੀ ਚੰਗੀ ਮੁਹਾਰਤ ਪੈਦਾ ਕਰ ਲਈ ਤੇ ਥੋੜੇ ਸਮੇਂ ਵਿਚ ਹੀ ਗਤਕੇ ਦੇ ਕਮਾਲ ਦੇ ਖਿਡਾਰੀ ਬਣ ਗਏ। ਇਨ੍ਹਾਂ ਦਾ ਇਹ ਸ਼ੌਕ ਪਿੱਛੋਂ ਵੀ ਚਲਦਾ ਰਿਹਾ, ਪਰ ਫਿਰ ਕੁਝ ਮੱਠਾ ਪੈ ਗਿਆ। ਕੁਝ ਸਮਾਂ ਪਾ ਕੇ ਇਨ੍ਹਾਂ ਨੂੰ ਇਸ ਦਾ ਪਰਤਾਵਾ ਦੇਣ ਦਾ ਮੌਕਾ ਬਣਿਆ। ਇਕ ਦਿਨ ਇਨ੍ਹਾਂ ਦੇ ਪਿੰਡ ਦੇ ਇਕ ਚੰਗੇ ਖਿਡਾਰੀ ਗਭਰੂ ਨੇ ਇਨ੍ਹਾਂ ਨੂੰ ਹਸਦੇ ਹਸਦੇ ਦੋ ਹੱਥ ਕਰਨ ਦੀ ਵੰਗਾਰ ਪਾਈ। ਇਨ੍ਹਾਂ ਗਤਕਾ ਹੱਥ ਵਿਚ ਫੜ ਲਿਆ ਤੇ ਦੋ ਚਾਰ ਹੱਥ ਖੇਡਣ ਲਈ ਉਸ ਦੇ ਸਾਮ੍ਹਣੇ ਆ ਗਏ। ਕੁਝ ਚਿਰ ਉਸ ਦੇ ਵਾਰ ਰੋਕਦੇ ਰਹੇ। ਫਿਰ ਇਸ ਜ਼ੋਰ ਨਾਲ ਇਕ ਸੱਟ ਉਸ ਦੇ ਗੁੱਟ ਤੇ ਮਾਰੀ ਕਿ ਗਤਕਾ ਉਸ ਦੇ ਹੱਥੋਂ ਡਿਗ ਪਿਆ। ਜਦੋਂ ਉਸ ਨੂੰ ਮੁੜ ਗਤਕਾ ਚੁੱਕਣ ਲਈ ਕਿਹਾ ਤਾਂ ਉਸ ਨੇ ਹੱਥ ਜੋੜ ਦਿੱਤੇ।

ਗਤਕੇ ਤੋਂ ਬਿਨਾ ਆਪ ਨੂੰ ਪੋਲੋ ਖੇਡਣ ਦਾ ਬਹੁਤ ਸ਼ੌਕ ਸੀ। ਰਿਸਾਲੇ ਵਿਚ ਆਪ ਕਰਨਲ ਲੱਕ ਦੇ ਮੁੰਡੇ ਨਾਲ, ਜੋ ਇਨ੍ਹਾਂ ਦਾ ਹੀ ਹਾਣੀ ਸੀ, ਹਰ ਰੋਜ਼ ਪੋਲੋ ਖੇਡਿਆ ਕਰਦੇ ਸਨ। ਇਸ ਚੀਜ਼ ਨੇ ਇਨ੍ਹਾਂ ਨੂੰ ਘੋੜੇ ਦਾ ਚੰਗਾ ਸਵਾਰ ਬਣਾ ਦਿੱਤਾ ਸੀ।

ਹੋਰ ਸ਼ੌਕ ਆਪ ਦਾ ਨੇਜ਼ਾਬਾਜ਼ੀ ਤੇ ਤਲਵਾਰ ਦੀ ਖੇਡ ਸੀ। ਨੇਜ਼ਾਬਾਜ਼ੀ ਵਿਚ ਆਪ ਚੰਗੇ ਨਿਪੁੰਨ ਸਨ। ਘੋੜਾ ਤੇਜ਼ ਭਜਾਂਦੇ ਹੋਏ ਵੀ ਕਿੱਲੇ ਤੇ ਪਏ ਨਿੰਬੂ ਨੂੰ ਕੱਟ ਜਾਂਦੇ ਸਨ; ਕਿੱਲਾ ਪੁੱਟ ਖੜਨਾ ਤਾਂ ਇਕ ਮਾਮੂਲੀ ਗੱਲ ਸੀ।

ਬੰਦੂਕ ਦੇ ਵੀ ਆਪ ਚੰਗੇ ਨਿਸ਼ਾਨਚੀ ਸਨ। ਤੇਜਾ ਸਿੰਘ ਘਵਿੰਡ ਵੀ ਮੰਨਿਆ ਪ੍ਰਮੰਨਿਆ ਸ਼ਿਕਾਰੀ ਸੀ; ਹਮੇਸ਼ਾਂ ਜਾਨਵਰ ਨੂੰ ਉਡਾ ਕੇ ਨਿਸ਼ਾਨਾ ਮਾਰਦਾ। ਇਕ ਵਾਰ ਤਿਲਿਯਰਾਂ ਦੇ ਮੌਸਮ ਵਿਚ ਉਸ ਨੇ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਬਿਦ ਕੇ ਨਿਸ਼ਾਨਾ ਲਗਾਣ ਦੀ ਵੰਗਾਰ ਪਾਈ। ਪਹਿਲਾ ਨਿਸ਼ਾਨਾ ਸ. ਤੇਜਾ ਸਿੰਘ ਘਵਿੰਡ ਨੇ ਲਿਆ; ਸੱਤ ਅੱਠ ਤਿਲਿਯਰ ਮਰੇ। ਫਿਰ ਸ. ਤੇਜਾ ਸਿੰਘ ਸਮੁੰਦ੍ਰੀ ਨੇ ਨਿਸ਼ਾਨਾ ਕੀਤਾ; ਘਵਿੰਡ ਨਾਲੋਂ ਪੰਜ ਸੱਤ ਤਿਲਿਯਰ ਵਧ ਮਾਰੇ।

ਕੁਝ ਸਾਲਾਂ ਬਾਅਦ ਆਪਦੇ ਰਿਸਾਲੇ ਦਾ ਕਮਾਂਡਿੰਗ ਅਫ਼ਸਰ, ਕਰਨਲ ਲੱਕ ਇਨ੍ਹਾਂ ਦੇ ਇਲਾਕੇ ਵਿਚ ਆਪਣੇ ਰਿਸਾਲੇ ਵਿਚ ਜਵਾਨਾਂ ਦੀ ਭਰਤੀ ਕਰਨ ਵਾਸਤੇ ਆਇਆ ਤਾਂ ਉਹ ਪਿੰਡ ਰਾਏ ਕਾ ਬੁਰਜ ਤੇ ਫਿਰ ਚੱਕ ਨੰਬਰ ੧੪੦ (ਸਮੁੰਦ੍ਰੀ) ਵੀ ਪਹੁੰਚਿਆ। ਉਥੇ ਉਸ ਨੇ ਆਪ ਨੂੰ ਰਿਸਾਲੇ ਵਿਚ ਮੁੜ ਜਮਾਂਦਾਰ ਬਣਾ ਕੇ ਲਿਜਾਣ ਦੀ ਪੇਸ਼ਕਸ਼ ਕੀਤੀ, ਪਰ ਆਪ ਨ ਮੰਨੇ ਤੇ ਕਿਹਾ ਕਿ "ਮੈਂ ਹੁਣ ਇਕ ਹੋਰ ਹੀ ਫ਼ੌਜ ਵਿਚ ਭਰਤੀ ਹੋ ਗਿਆ ਹਾਂ।" ਉਸ ਸਮੇਂ ਤਕ ਆਪ ਵਿਦਿਆ-ਪ੍ਰਚਾਰ, ਅਛੂਤ ਉਧਾਰ, ਦੇਸ਼ ਭਲਾਈ ਤੇ ਕੌਮੀ ਅਜ਼ਾਦੀ ਦੇ ਕੰਮਾਂ ਵਿਚ ਜੁਟ ਚੁਕੇ ਸਨ। ਦੂਜਾ, ਉਨ੍ਹਾਂ ਦਿਨਾਂ ਵਿਚ ਸਿੱਖਾਂ ਦਾ ਫ਼ੌਜ ਵਿਚ ਆਦਰ

Digitized by Panjab Digital Library | www.panjabdigilib.org

ਸਤਿਕਾਰ ਘਟ ਹੋ ਜਾਣ ਕਾਰਣ ਬਾਬਾ ਕਿਹਰ ਸਿੰਘ ਪੱਟੀ ਤੇ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਪਣੇ ਇਲਾਕੇ ਵਿਚ ਨੌਜਵਾਨਾਂ ਨੂੰ ਫ਼ੌਜ ਵਿਚ ਭਰਤੀ ਹੋਣੋਂ ਰੋਕਿਆ ਹੋਇਆ ਸੀ।

ਕਰਨਲ ਲੱਕ ਦੇ ਉਚੇਚਾ ਇਨ੍ਹਾਂ ਪਾਸ ਜਾਣ ਦਾ ਕਾਰਣ ਇਸ ਭਰਤੀ ਨੂੰ ਖੁਲ੍ਹਵਾਉਣਾ ਸੀ। ਉਨ੍ਹੀਂ ਦਿਨੀ ਹੀ ਜਦੋਂ ਕਰਨਲ ਲੱਕ ਛੁੱਟੀ ਕੱਟਣ ਇੰਗਲੈਂਡ ਗਿਆ ਤਾਂ ਉਥੇ ਉਸ ਨੂੰ ਲਾਰਡ ਰਾਬਰਟ ਨੇ ਇਹ ਪ੍ਰੇਰਣਾ ਦਿੱਤੀ ਕਿ ਸ. ਜਮੀਅਤ ਸਿੰਘ ਦੇ ਇਲਾਕੇ ਵਿਚੋਂ ਜਾ ਕੇ ਫ਼ੌਜੀ ਭਰਤੀ ਕਰੋ। ਸ. ਜਮੀਅਤ ਸਿੰਘ ਲਾਰਡ ਰਾਬਰਟ ਦਾ ਏ. ਡੀ. ਸੀ. ਰਿਹਾ ਸੀ ਤੇ ਰਿਸ਼ਤੇ ਵਿਚ ਸ. ਤੇਜਾ ਸਿੰਘ ਦਾ ਪੜਦਾਦਾ ਲਗਦਾ ਸੀ। ਉਸ ਆਪਣੇ ਸਮੇਂ ਬੜੀ ਬਹਾਦਰੀ ਦਿਖਾਈ ਸੀ ਤੇ ਅੰਗਰੇਜ਼ ਉਸ ਦੇ ਤੇ ਉਸ ਦੇ ਖ਼ਾਨਦਾਨ ਦੇ ਵੱਡੇ ਮੱਦਾਹ ਸਨ। ਇਸ ਲਈ ਉਸ ਕਰਨਲ ਲੱਕ ਨੂੰ ਉਨ੍ਹਾਂ ਦੇ ਇਲਾਕੇ ਵਿਚ ਜਾ ਕੇ ਭਰਤੀ ਕਰਨ ਦੀ ਬਾਰ ਬਾਰ ਤਾਕੀਦ ਕੀਤੀ ਸੀ।

Digitized by Panjab Digital Library | www.panjabdigilib.org



ਚਿਤ੍ਰ ੩. ਸ. ਤੇਜਾ ਸਿੰਘ ਸਮੁੰਦ੍ਰੀ, ਦਫ਼ੇਦਾਰੀ ਸਮੇਂ ਫੌਜੀ ਵਰਦੀ ਵਿਚ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੩

# ਕੌਮੀ ਸੇਵਾ

੧੯੦੨ ਈ. ਵਿਚ ਫ਼ੌਜ ਦੀ ਨੌਕਰੀ ਛੱਡਣ ਪਿੱਛੋਂ ਸ. ਤੇਜਾ ਸਿੰਘ ਵਾਪਸ ਆਪਣੇ ਪਿੰਡ ਬੁਰਜ ਰਾਏ ਕਾ, ਆ ਗਏ। ਇਨ੍ਹਾਂ ਦਿਨਾਂ ਵਿਚ ਹੀ ਇਨ੍ਹਾਂ ਦੇ ਪਿਤਾ ਸ. ਦੇਵਾ ਸਿੰਘ ਨੂੰ ਚੱਕ ਨੰ: ੧੪੦ ਤਹਿਸੀਲ ਸਮੁੰਦ੍ਰੀ, ਜ਼ਿਲਾ ਲਾਇਲਪੁਰ, ਵਿਚ ਪੰਜ ਮੁਰੱਬੇ ਜ਼ਮੀਨ ਮਿਲ ਗਈ। ਸ. ਤੇਜਾ ਸਿੰਘ ਆਪਣੇ ਪਿਤਾ ਨਾਲ ਇਸ ਨਵੀਂ ਥਾਂ ਪਹੁੰਚੇ ਤੇ ਜ਼ਿਮੀਂਦਾਰੀ ਦਾ ਕੰਮ ਆਰੰਭ ਦਿੱਤਾ; ਅਤੇ ਬੜੀ ਮਿਹਨਤ ਨਾਲ ਨਵੀਂ ਜ਼ਮੀਨ ਆਬਾਦ ਕਰਨੀ ਸ਼ੁਰੂ ਕੀਤੀ। ਇਸ ਅਰਸੇ ਵਿਚ ਆਪ ਕਦੇ ਕਦੇ ਪਹਿਲੇ ਪਿੰਡ, ਰਾਏ ਕਾ ਬੁਰਜ, ਵੀ ਹੋ ਆਇਆ ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਸਿੱਖਾਂ ਵਿਚ ਸਿੰਘ ਸਭਾ ਲਹਿਰ ਚਲੀ ਹੋਈ ਸੀ ਤੇ ਸਿੱਖ ਬ੍ਰਹਮਣੀ ਸੰਸਕਾਰਾਂ ਨਾਲ ਭਰੇ ਹਿੰਦੂ ਧਰਮ ਵਿਚੋਂ ਨਿਕਲਣ ਦੇ ਆਹਰ ਵਿਚ ਸਨ। ਹਿੰਦੂਆਂ ਵਿਚ ਮੁਕਾਬਲੇ ਦੀ ਲਹਿਰ ਆਰੀਆ ਸਮਾਜ ਸੀ। ਦੂਜੇ ਪਾਸੇ ਮੁਸਲਮਾਨਾਂ ਵਿਚ ਇਸਲਾਮੀ ਧਰਮ ਦੇ ਪ੍ਰਚਾਰ ਦੀ ਲਹਿਰ ਜ਼ੋਰਾਂ ਤੇ ਸੀ ਅਤੇ ਈਸਾਈ ਪਾਦਰੀ ਆਪਣੀ ਥਾਂ ਤੇ ਲੋਕਾਂ ਨੂੰ ਈਸਾਈ ਬਣਾਉਣ ਉੱਪਰ ਤੁਲੇ ਹੋਏ ਸਨ। ਸੋ, ਪੰਜਾਬ ਵਿਚ ਅਜਬ ਤਰ੍ਹਾਂ ਦੀ ਮਜ਼੍ਹਬੀ ਖਿੱਚੋਤਾਣ ਚਲ ਰਹੀ ਸੀ।

ਸ. ਤੇਜਾ ਸਿੰਘ ਵਰਗੇ ਹਿੰਮਤੀ ਅਤੇ ਸੇਵਾ-ਭਾਵ ਵਾਲੇ ਆਦਮੀ ਲਈ ਘਰ ਵਿਚ ਵਿਹਲਾ ਬਹਿ ਰਹਿਣਾ ਸੰਭਵ ਨਹੀਂ ਸੀ। ਸੋ, ਆਪ ਝਟ ਸਿੰਘ ਸਭਾ ਲਹਿਰ ਵਿਚ ਸ਼ਾਮਿਲ ਹੋ ਗਏ। ਪੰਥਕ ਕੰਮਾਂ ਲਈ ਉਨ੍ਹਾਂ ਦੇ ਦਿਲ ਵਿਚ ਲਗਨ ਤਾਂ ਪਹਿਲੇ ਤੋਂ ਹੀ ਸੀ; ਪੰਜਾਬ ਵਿਚ ਚਲ ਰਹੀ ਮਜ਼ਬੀ ਖਿਚੋਤਾਣ ਨੇ ਇਸ ਨੂੰ ਹੋਰ ਵੀ ਤੇਜ਼ ਕਰ ਦਿੱਤਾ।

ਸਿੰਘ ਸਭਾ ਲਹਿਰ ਦੇ ਮੁਢਲੇ ਦਿਨਾਂ ਵਿਚ ਖ਼ਾਲਸਾ ਦੀਵਾਨ ਲਾਹੌਰ ਨੇ ਬਹੁਤ ਕੰਮ ਕੀਤਾ, ਪਰ ੧੮੯੮ ਈ. ਵਿਚ ਭਾਈ ਗੁਰਮੁਖ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਅਤੇ ੧੯੦੧ ਵਿਚ ਗਿਆਨੀ ਦਿੱਤ ਸਿੰਘ ਦੇ ਸੁਰਗਵਾਸ ਹੋ ਜਾਣ ਪਿੱਛੋਂ ਇਹ ਦੀਵਾਨ ਬਹੁਤ ਢਿੱਲਾ ਪੈ ਗਿਆ। ਇਸੇ ਅਰਸੇ ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ, ਨੇ ਸ. ਸੁੰਦਰ ਸਿੰਘ ਮਜੀਠਾ ਦੀ ਅਗਵਾਈ ਹਾਸਲ ਕਰ ਲਈ ਤੇ ਉਨ੍ਹਾਂ ਦੇ ਜਤਨਾਂ ਸਦਕਾ ੧੯੦੨ ਈ. ਵਿਚ ਅੰਮ੍ਰਿਤਸਰ ਵਿਚ ਹੋਏ ਚੋਣਵੇਂ ਸਿੱਖਾਂ ਦੇ ਇਕ ਇਕੱਠ ਵਿਚ 'ਚੀਫ਼ ਖ਼ਾਲਸਾ ਦੀਵਾਨ' ਦੀ ਨੀਂਹ ਰੱਖੀ ਗਈ। ਕੁਝ ਚਿਰ ਪਿੱਛੋਂ ੧੯੦੮ ਵਿਚ, ਇਸ ਦੀ 'ਸਿੱਖ ਵਿਦਿਅਕ ਕਮੇਟੀ' ਬਣੀ ਜਿਸ ਨੇ ਵਿਦਿਅਕ ਕਾਨਫ੍ਰੰਸਾਂ ਕਰਕੇ ਸਾਰੇ ਪੰਜਾਬ ਵਿਚ ਸਕੂਲ

Digitized by Panjab Digital Library | www.panjabdigilib.org

ਖੋਲ੍ਹੇ ਤੇ ਵਿਦਿਆ ਦੇ ਪ੍ਰਚਾਰ ਦਾ ਬੀੜਾ ਚੁੱਕੀ ਰੱਖਿਆ। ਇੰਜ ਚੀਫ਼ ਖ਼ਾਲਸਾ ਦੀਵਾਨ ਦੀ ਸਾਖ਼ ਬਹੁਤ ਛੇਤੀ ਵਧ ਗਈ।

ਖ਼ਾਲਸਾ ਦੀਵਾਨ ਲਾਹੌਰ ਤੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਰੀਸ ਵਿਚ ਵੀਹਵੀਂ ਸਦੀ ਦੇ ਸ਼ੁਰੂ ਹੋਣ ਤਕ ਇਲਾਕਾਈ ਦੀਵਾਨ ਵੀ ਕਈ ਥਾਵਾਂ ਉੱਤੇ ਬਣ ਚੁਕੇ ਸਨ। ਇਨ੍ਹਾਂ ਵਿੱਚੋਂ ਇਕ ਖ਼ਾਲਸਾ ਦੀਵਾਨ ਸਮੁੰਦ੍ਰੀ ਤੇ ਦੂਜਾ ਖ਼ਾਲਸਾ ਦੀਵਾਨ ਲਾਇਲਪੁਰ ਸੀ। ਸ. ਤੇਜਾ ਸਿੰਘ ਸਮੁੰਦ੍ਰੀ ਇਨ੍ਹਾਂ ਦੋਹਾਂ ਦੀਵਾਨਾਂ ਦੇ ਉਘੇ ਮੈਂਬਰ ਸਨ ਅਤੇ ਇਨ੍ਹਾਂ ਦੇ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਇਨ੍ਹਾਂ ਦੀਵਾਨਾਂ ਦਾ ਮਨੋਰਥ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਸੱਚੇ ਤੇ ਸੁੱਚੇ ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰਨ ਲਈ ਤਿਆਰ ਕਰਨਾ ਤੇ ਨਾਲ ਹੀ ਵਿਦਿਆ ਦੇ ਫੈਲਾਅ ਲਈ ਸਕੂਲ ਆਦਿ ਖੋਲ੍ਹਣੇ ਸਨ। ਕੁਝ ਚਿਰ ਪਿੱਛੋਂ ਬਾਰ ਦੇ ਅੱਡ ਅੱਡ ਦੀਵਾਨਾਂ ਨੂੰ ਮਿਲਾ ਕੇ ਇਕ ਵੱਡੀ ਸੰਸਥਾ 'ਖ਼ਾਲਸਾ ਦੀਵਾਨ ਬਾਰ' ਬਣਾ ਦਿੱਤੀ ਗਈ। ਇਸ ਨੂੰ ਸ਼ਕਲ ਦੇਣ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦਾ ਚੋਖਾ ਹੱਥ ਸੀ। ਆਪ ਨੇ ਇਲਾਕੇ ਦੇ ਹੋਰਨਾਂ ਪਤਵੰਤਿਆਂ ਨਾਲ ਮਿਲ ਕੇ ਇਸ ਸੰਸਥਾ ਰਾਹੀਂ ਬਾਰ ਦੇ ਇਲਾਕੇ ਵਿਚ ਵਿਦਿਅਕ ਆਸ਼੍ਰਮ ਖੋਲ੍ਹਣ, ਸਮਾਜਕ ਕੁਰੀਤੀਆਂ ਦੂਰ ਕਰਨ ਤੇ ਉੱਚੇ ਸਿੱਖ ਆਦਰਸ਼ ਪ੍ਰਚਾਰਣ ਦਾ ਬਹੁਤ ਕੰਮ ਕੀਤਾ। ਉਦੋਂ ਆਪ ਸਾਰੇ ਪੰਥਕ ਸਮਾਗਮਾਂ ਅਤੇ ਕਾਨਫ੍ਰੰਸਾਂ ਤੇ ਪਹੁੰਚਦੇ ਅਤੇ ਜੋ ਵੀ ਸੇਵਾ ਆਪ ਨੂੰ ਦਿੱਤੀ ਜਾਂਦੀ, ਬੜੀ ਤਨਦਹੀ ਨਾਲ ਕਰਦੇ। ਹੌਲੀ ਹੌਲੀ ਆਪ ਦੀ ਮਾਨਤਾ ਸਭ ਥਾਂ ਹੋਣ ਲੱਗੀ ਅਤੇ ਲੋਕ ਆਪ ਨੂੰ ਅਤਿ ਸੁਹਿਰਦ ਪੰਥ ਸੇਵਕ ਕਰਕੇ ਜਾਣਨ ਲਗੇ।

ਸ. ਤੇਜਾ ਸਿੰਘ ਸਮੁੰਦ੍ਰੀ ਦਾ ਸੰਬੰਧ ਚਾਰ ਵਿਦਿਅਕ ਆਸ਼੍ਰਮਾਂ ਨਾਲ ਅਟੁੱਟ ਰੂਪ ਵਿਚ ਜੁੜਿਆ ਰਿਹਾ: ਖ਼ਾਲਸਾ ਹਾਈ ਸਕੂਲ ਲਾਇਲਪੁਰ, ਬਾਰ ਖ਼ਾਲਸਾ ਹਾਈ ਸਕੂਲ ਚੱਕ ੪੧, ਖ਼ਾਲਸਾ ਮਿਡਲ ਸਕੂਲ ਚੱਕ ੧੪੦, ਅਤੇ ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ ਸਰਹਾਲੀ।

ਖ਼ਾਲਸਾ ਹਾਈ ਸਕੂਲ, ਲਾਇਲਪੁਰ, ਦੀ ਨੀਂਹ ੧੯੦੮ ਈ. ਵਿਚ ਸੰਤ ਅਤਰ ਸਿੰਘ ਜੀ ਮਸਤੂਆਨਾ ਨੇ ਰੱਖੀ। ਇਸ ਤੋਂ ਪਹਿਲਾਂ ਕੇਵਲ ਦੋ ਸਿੱਖ ਵਿਦਿਅਕ ਆਸ਼੍ਰਮ ਵਜੂਦ ਵਿਚ ਆ ਚੁਕੇ ਸਨ: ਇਕ ਖ਼ਾਲਸਾ ਕਾਲਜ ਅੰਮ੍ਰਿਤਸਰ ਸੀ ਤੇ ਦੂਜਾ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ। ਲਾਇਲਪੁਰ ਦਾ ਖ਼ਾਲਸਾ ਹਾਈ ਸਕੂਲ ਤੀਜਾ ਪੰਥਕ ਆਸ਼੍ਰਮ ਸੀ। ਇਸ ਦੇ ਖੋਲ੍ਹਣ ਦਾ ਸੁਝਾਉ ਮਾ. ਤਾਰਾ ਸਿੰਘ ਨੇ ਦਿੱਤਾ। ਉਹ ਲਿਖਦੇ ਹਨ ਕਿ "ਆਰੀਆ ਸਮਾਜੀ ਲਾਇਲਪੁਰ ਵਿਚ ਹਾਈ ਸਕੂਲ ਖੋਲ੍ਹਣ ਦਾ ਜਤਨ ਕਰ ਰਹੇ ਸਨ। ਇਸ ਕਰਕੇ ਅਸਾਂ ਤਿੰਨਾਂ (ਮਾ. ਬਿਸ਼ਨ ਸਿੰਘ, ਮਾ. ਸੁੰਦਰ ਸਿੰਘ ਤੇ ਮਾ. ਤਾਰਾ ਸਿੰਘ) ਨੇ ਸਲਾਹ ਕਰਕੇ ਖ਼ਾਲਸਾ ਦੀਵਾਨ ਬਾਰ ਨੂੰ ਇਕ ਸਾਲ ਲਈ ਪੰਦਰਾਂ ਪੰਦਰਾਂ ਰੁਪਏ ਮਹੀਨਾ ਲੈ ਕੇ ਕੰਮ ਕਰਨ ਲਈ ਲਿਖ ਦਿੱਤਾ, ਜੇ ਉਹ ਹਾਈ ਸਕੂਲ ਖੋਲ੍ਹਣ।"[1] ਜਦੋਂ

[1] ਦੇਖੋ 'ਮਾਸਟਰ ਤਾਰਾ ਸਿੰਘ: ਜੀਵਨ ਸੰਘਰਸ਼ ਤੇ ਉੱਦੇਸ਼', ਪੰਨਾ ੪੫-੪੬

Digitized by Panjab Digital Library | www.panjabdigilib.org



ਚਿਤ੍ਰ ੪. ਸ. ਤੇਜਾ ਸਿੰਘ ਸਮੁੰਦ੍ਰੀ, ਕੌਮੀ ਜੀਵਨ ਦੇ ਆਰੰਭਕ ਸਮੇਂ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਇਹ ਪੇਸ਼ਕਸ਼ ਖ਼ਾਲਸਾ ਦੀਵਾਨ ਬਾਰ ਪਾਸ ਪਹੁੰਚੀ ਤਾਂ ਉਨ੍ਹਾਂ ਇਸ ਦਾ ਸੁਆਗਤ ਕੀਤਾ ਅਤੇ ਸ. ਤੇਜਾ ਸਿੰਘ ਸਮੁੰਦ੍ਰੀ ਤੇ ਹੋਰਨਾਂ ਪਤਵੰਤਿਆਂ ਦੇ ਉੱਦਮ ਨਾਲ ਸਕੂਲ ਖੋਲ੍ਹਣ ਦੀ ਵਿਉਂਤ ਸਿਰੇ ਚੜ੍ਹ ਗਈ। ਮਾ. ਤਾਰਾ ਸਿੰਘ ਨੂੰ ਇਸ ਸਕੂਲ ਦਾ ਸ਼ੁਰੂ ਤੋਂ ਹੀ ਹੈਡਮਾਸਟਰ ਥਾਪ ਦਿੱਤਾ ਗਿਆ।

ਖ਼ਾਲਸਾ ਸਕੂਲ ਲਾਇਲਪੁਰ ਨੂੰ ਸ਼ੁਰੂ ਵਿਚ ਮਾਲੀ ਔਕੜਾਂ ਬਹੁਤ ਆਈਆਂ। ਮਾਇਆ ਦੀ ਕਮੀ ਨੂੰ ਪੂਰਾ ਕਰਨ ਲਈ ਸਕੂਲ ਦੀ ਉਗਰਾਹੀ ਦਾ ਕੰਮ ਕਮੇਟੀ ਵਿਚੋਂ ਤਿੰਨ ਮੈਂਬਰਾਂ ਨੇ ਚੁੱਕ ਲਿਆ। ਇਨ੍ਹਾਂ ਵਿਚੋਂ ਇਕ ਸ. ਤੇਜਾ ਸਿੰਘ ਸਮੁੰਦ੍ਰੀ ਸਨ, ਦੂਜੇ ਸ. ਬਿਸ਼ਨ ਸਿੰਘ ਸਿੰਘਪੁਰੀਆ ਤੇ ਤੀਜੇ ਸ. ਸੁੰਦਰ ਸਿੰਘ ਭੁੱਲਰ, ਚੱਕ ਨੰ: ੨੧੩। ਇਨ੍ਹਾਂ ਦੀ ਸਹਾਇਤਾ ਲਈ ਜ਼ਮਾਂਦਾਰ ਸਾਧੂ ਸਿੰਘ, ਬਾਬੂ ਤ੍ਰਿਪਤ ਸਿੰਘ, ਸ. ਹਰੀ ਸਿੰਘ ਚੱਕ ੪੧ ਤੇ ਸ. ਹਰਚੰਦ ਸਿੰਘ ਵੀ, ਜਦੋਂ ਲੋੜ ਪੈਂਦੀ, ਉੱਠ ਖਲੋਂਦੇ; ਮਾ. ਤਾਰਾ ਸਿੰਘ ਜੀ ਤਾਂ ਅਕਸਰ ਨਾਲ ਹੋਇਆ ਹੀ ਕਰਦੇ ਸਨ। ਸ. ਤੇਜਾ ਸਿੰਘ ਸਮੁੰਦ੍ਰੀ ਨ ਕੇਵਲ ਉਗਰਾਹੀ ਕਰਵਾਉਣ ਵਿਚ ਹੀ ਹਿੱਸਾ ਪਾਂਦੇ ਸਨ, ਸਗੋਂ ਆਪਣੇ ਪੱਲਿਓਂ ਵੀ ਬਹੁਤ ਕੁਝ ਦੇਂਦੇ ਰਹਿੰਦੇ ਸਨ। ਇਸ ਸਕੂਲ ਦੇ ਖੁਲ੍ਹਣ ਨਾਲ ਇਥੇ ਕੌਮ ਹਿਤੈਸ਼ੀ ਮਿਤ੍ਰਾਂ ਦਾ ਇਕ ਚੰਗਾ ਟੋਲਾ ਬਣ ਗਿਆ ਜਿਸ ਨੂੰ ਪਿੱਛੋਂ ਜਾ ਕੇ 'ਲਾਇਲਪੁਰ ਗਰੁੱਪ' ਕਿਹਾ ਜਾਣ ਲਗਾ। ਇਸ ਗਰੁੱਪ ਨੇ ਸ. ਤੇਜਾ ਸਿੰਘ ਸਮੁੰਦ੍ਰੀ ਤੋਂ ਬਿਨਾ ਮਾ. ਤਾਰਾ ਸਿੰਘ, ਮਾ. ਸੁੰਦਰ ਸਿੰਘ, ਪ੍ਰੋ. ਨਿਰੰਜਨ ਸਿੰਘ, ਸ. ਹਰਚੰਦ ਸਿੰਘ ਅਤੇ ਜਥੇਦਾਰ ਬੂਟਾ ਸਿੰਘ ਵਰਗੇ ਸੂਝਵਾਨ ਲੀਡਰ ਪੈਦਾ ਕੀਤੇ।

ਲਾਇਲਪੁਰ ਦਾ ਖ਼ਾਲਸਾ ਹਾਈ ਸਕੂਲ ਬਣਾਉਣ ਪਿੱਛੋਂ ਸ. ਤੇਜਾ ਸਿੰਘ ਸਮੁੰਦ੍ਰੀ ਦੀ ਪ੍ਰੇਰਣਾ ਨਾਲ ਚੱਕ ਨੰ: ੧੪੦ ਵਿਚ ਖ਼ਾਲਸਾ ਮਿਡਲ ਸਕੂਲ, ਚੱਕ ਨੰ: ੪੧ ਵਿਚ ਬਾਰ ਖ਼ਾਲਸਾ ਹਾਈ ਸਕੂਲ, ਅਤੇ ਸਰਹਾਲੀ ਜ਼ਿਲਾ ਅੰਮ੍ਰਿਤਸਰ ਵਿਚ ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ ਖੋਲ੍ਹੇ ਗਏ। ਸ. ਤੇਜਾ ਸਿੰਘ ਸਮੁੰਦ੍ਰੀ ਇਨ੍ਹਾਂ ਚੌਹਾਂ ਵਿਦਿਅਕ ਆਸ਼੍ਰਮਾਂ ਦੀ ਜਿੰਦ ਜਾਨ ਸਨ। ਚੱਕ ਨੰ: ੧੪੦ ਆਪ ਦਾ ਪਿੰਡ ਸੀ। ਸੋ, ਇਸ ਪਿੰਡ ਦੇ ਸਕੂਲ ਦਾ ਸਾਰਾ ਖ਼ਰਚ ਇਹ ਆਪ ਹੀ ਦਿਆ ਕਰਦੇ ਸਨ। ਇਨ੍ਹਾਂ ਨੂੰ ਵਿਦਿਆ ਨਾਲ ਇੱਨਾ ਪ੍ਰੇਮ ਸੀ ਕਿ ਕਈ ਵਾਰੀ ਅਧਿਆਪਕਾਂ ਨੂੰ ਤਨਖ਼ਾਹਾਂ, ਰੋਟੀ ਤੇ ਕਪੜੇ ਲਈ ਤਿੰਨ ਤਿੰਨ ਮਹੀਨੇ ਦੀ ਪੇਸ਼ਗੀ ਆਪਣੇ ਪੱਲਿਓਂ ਹੀ ਦੇ ਦੇਂਦੇ। ਚੱਕ ਨੰ: ੪੧ ਵਾਲੇ ਸਕੂਲ ਦੀ ਵੀ ਇਨ੍ਹਾਂ ਨੇ ਚੋਖੀ ਸਹਾਇਤਾ ਕੀਤੀ। ਸਰਹਾਲੀ ਦਾ ਸਕੂਲ ਬਾਬਾ ਕਿਹਰ ਸਿੰਘ ਪੱਟੀ ਦੀ ਸਹਾਇਤਾ ਨਾਲ ਖੜਾ ਹੋਇਆ। ਇਸ ਸਕੂਲ ਦਾ ਤਾਂ ਸਾਰਾ ਪ੍ਰਬੰਧ ਆਪ ਦੇ ਜ਼ਿੰਮੇ ਹੀ ਸੀ। ਆਪਣੇ ਅੰਤਲੇ ਸਮੇਂ ਤਕ ਆਪ ਇਸ ਸਕੂਲ ਦੇ ਮੈਨੇਜਰ ਰਹੇ।

੧੯੦੬ ਈ. ਤੋਂ ਪਹਿਲਾਂ ਸਿੱਖ ਵਧੇਰੇ ਕਰਕੇ ਅੰਗਰੇਜ਼ਾਂ ਦੇ ਹੱਕ ਵਿਚ ਸਨ। ਇਸ ਸਾਲ ਬੰਗਾਲ ਵਿਚ ਬੰਗਾਲ ਦੀ ਵੰਡ ਦੇ ਵਿਰੁੱਧ ਇਕ ਬਹੁਤ ਵੱਡੀ ਲਹਿਰ ਚਲੀ ਤੇ ਇਹ ਲਹਿਰ ਬਦੇਸ਼ੀ ਮਾਲ ਦੇ ਬਾਈਕਾਟ ਤੇ ਸੁਦੇਸ਼ੀ ਵਸਤਾਂ ਦੇ ਹੱਕ ਵਿਚ ਹੋ ਗਈ। ਕਪੜੇ ਤੋਂ ਬਿਨਾ ਸੁਦੇਸੀ ਲਹਿਰ ਨੇ ਕੁਝ ਹੋਰ ਚੀਜ਼ਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਮਾ. ਤਾਰਾ

Digitized by Panjab Digital Library | www.panjabdigilib.org

ਸਿੰਘ ਜੀ ਲਿਖਦੇ ਹਨ ਕਿ ਮੈਨੂੰ ਚੇਤੇ ਹੈ ਕਿ ਲਾਹੌਰ ਗੌਰਮਿੰਟ ਕਾਲਜ ਦੇ ਕਈ ਮੁੰਡਿਆਂ ਨੇ ਲੰਪ ਭੰਨ ਦਿੱਤੇ ਤੇ ਮਿੱਟੀ ਦੇ ਦੀਵਿਆਂ ਦੀ ਰੋਸ਼ਨੀ ਵਿਚ ਪੜ੍ਹਨਾ ਸ਼ੁਰੂ ਕਰ ਦਿੱਤਾ[2]।

ਉਸ ਸਮੇਂ ਪੰਜਾਬ ਵਿਚ ਦੋ ਘਟਨਾਵਾਂ ਦੂਰ ਰਸ ਸਿੱਟੇ ਕੱਢਣ ਵਾਲੀਆਂ ਵਾਪਰੀਆਂ : ਇਕ ਜ਼ਿਲਾ ਲਾਇਲਪੁਰ ਵਿਚ ਬਾਰ ਦੀਆਂ ਜ਼ਮੀਨਾਂ ਸੰਬੰਧੀ ਨਵੇਂ ਕਾਲੋਨੀ ਕਾਨੂੰਨ ਦਾ ਬਣਨਾ; ਅਤੇ ਦੂਜੀ, ਖ਼ਾਲਸਾ ਕਾਲਜ, ਅੰਮ੍ਰਿਤਸਰ, ਦਾ ਪ੍ਰਬੰਧ ਅੰਗਰੇਜ਼ਾਂ ਨੇ ਆਪਣੇ ਹੱਥ ਵਿਚ ਲੈ ਲੈਣਾ। ਇਨ੍ਹਾਂ ਦੋਹਾਂ ਦੇ ਵਿਰੁੱਧ ਰੋਸ ਵਜੋਂ ਪੰਜਾਬ ਵਿਚ ਜ਼ੋਰਦਾਰ ਲਹਿਰਾਂ ਚਲੀਆਂ। ਲੈਂਡ ਕਾਲੋਨਾਈਜ਼ੇਸ਼ਨ ਬਿਲ ਦੀ ਮਨਸੂਖੀ ਲਈ ਹੋਈ ਐਜੀਟੇਸ਼ਨ ਨੇ ਤਾਂ ਬੜਾ ਹੀ ਜ਼ੋਰ ਪਕੜਿਆ।

ਪੰਜਾਬ ਵਿਚ ਨਹਿਰਾਂ ਬਣਾ ਕੇ ਤੇ ਵਿਦਿਆ ਦਾ ਫੈਲਾਉ ਕਰਕੇ ਅੰਗਰੇਜ਼ ਸਰਕਾਰ ਅਕਸਰ ਇਹ ਦਾਅਵਾ ਕਰਦੀ ਸੀ ਕਿ ਉਹ ਪੰਜਾਬੀਆਂ ਨੂੰ ਆਰਥਿਕ ਤੌਰ ਤੇ ਉੱਨਤ ਕਰਨ ਦਾ ਜਤਨ ਕਰ ਰਹੀ ਹੈ। ਪਰ ਅੰਦਰੋਂ ਅੰਦਰੀ ਉਹ ਇਸ ਇਲਾਕੇ ਨੂੰ ਆਪਣੀ ਸਾਮਰਾਜੀ ਸ਼ਕਤੀ ਲਈ "ਅਨਾਜ ਦਾ ਘਰ" ਤੇ ਆਪਣੇ ਸਾਮਰਾਜੀ ਪਸਾਰ ਲਈ ਕਾਮਧੇਨੁ ਗਊ ਸਮਝਦੀ ਸੀ। ਸਰਕਾਰ ਦੇ ਇਸ ਫੋਕੇ ਦਾਅਵੇ ਦਾ ਪਤਾ ਪੰਜਾਬੀ ਕਿਸਾਨਾਂ ਨੂੰ ਓਦੋਂ ਲੱਗਾ ਜਦੋਂ ਦੋ ਭਿਆਨਕ ਕਾਲਾਂ ਤੇ ਪਲੇਗ ਦੀ ਬੀਮਾਰੀ ਨਾਲ ਅਤਿ ਦੀ ਤਬਾਹੀ ਪਿੱਛੋਂ ਵੀ ਸਰਕਾਰ ਨੇ ਜ਼ਮੀਨ ਦਾ ਮਾਲੀਆ ਤੇ ਨਹਿਰਾਂ ਦਾ ਆਬਿਆਨਾ ਵਧਾਉਣ ਤੋਂ ਸੰਕੋਚ ਨ ਕੀਤਾ। ੧੯੦੭ ਈ. ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਡੈਨਜ਼ਿਲ ਇਬੈੱਟਸਨ ਨੇ ਲੈਂਡ ਕਾਲੋਨਾਈਜ਼ੇਸ਼ਨ ਬਿਲ ਪਾਸ ਕਰਾ ਕੇ ਇਕ ਅਜੇਹਾ ਕਾਨੂੰਨ ਚਾਲੂ ਕਰਨ ਦੀ ਬਿਧ ਬਣਾਈ ਜਿਸ ਵਿਚ ਵਿਰਾਸਤ ਦਾ ਹੱਕ ਵੱਡੇ ਮੁੰਡੇ ਨੂੰ ਪਹੁੰਚਦਾ ਸੀ ਤੇ ਜਿਸ ਦੇ ਫਲਸਰੂਪ ਜ਼ਿਮੀਂਦਾਰਾਂ ਨੂੰ ਨ ਆਪਣੀ ਭੂਮੀ ਵੇਚਣ ਦਾ ਹੱਕ ਸੀ ਤੇ ਨ ਗਹਿਣੇ ਪਾਣ ਦਾ; ਸਗੋਂ ਕੁਝ ਹਾਲਤਾਂ ਵਿਚ, ਭੂਮੀ ਦੀ ਮਾਲਕੀ ਸਰਕਾਰ ਪਾਸ ਵਾਪਸ ਚਲੀ ਜਾਣੀ ਸੀ। ਪੰਜਾਬ ਦੇ ਜ਼ਿਮੀਂਦਾਰਾਂ ਨੂੰ ਇਹ ਚੀਜ਼ ਮਨਜ਼ੂਰ ਨਹੀਂ ਸੀ। ਇਸ ਤੋਂ ਛੁੱਟ ਇਹ ਬਿਲ ਕਿਸਾਨਾਂ ਉੱਤੇ ਆਪਣੀ ਜ਼ਮੀਨ ਵਿਚ ਫ਼ੀ ਏਕੜ ਖ਼ਾਸ ਗਿਣਤੀ ਦੇ ਦਰਖ਼ਤ ਲਗਾਉਣ, ਉਨ੍ਹਾਂ ਦੀ ਪਾਲਣਾ ਕਰਨ, ਘਰਾਂ ਅਤੇ ਡੰਗਰਾਂ ਦੇ ਢਾਰੇ ਦੀ ਸਫ਼ਾਈ ਦੱਸੇ ਤਰੀਕੇ ਅਨੁਸਾਰ ਰੱਖਣ ਅਤੇ ਵਿਓਂਤ ਅਨੁਸਾਰ ਘਰ ਉਸਾਰਨ ਦੀਆਂ ਸ਼ਰਤਾਂ ਲਾਉਂਦਾ ਸੀ; ਇਥੋਂ ਤਕ ਕਿ ਕਿਸਾਨਾਂ ਨੂੰ ਆਪਣੇ ਹਲ ਪੰਜਾਲੀ ਬਣਾਉਣ ਲਈ ਵੀ ਦਰਖ਼ਤ ਕੱਟਣ ਦੀ ਆਗਿਆ ਨਹੀਂ ਸੀ। ਮਾਲੀਆ ਤੇ ਆਬਿਆਨਾ ਵਧਣ ਕਾਰਣ ਵੀ ਲੋਕ ਦੁਖੀ ਸਨ। ਕੁਝ ਹਾਲਤ ਪ੍ਰਬੰਧਕੀ ਅਮਲੇ ਦੀਆਂ ਨਾ-ਜਾਇਜ਼ ਮੰਗਾਂ ਅਤੇ ਪੱਜ ਪਾ ਪਾ ਕੇ ਜੁਰਮਾਨੇ ਕਰਨ ਦੀ ਰੁਚੀ ਨੇ ਵੀ ਵਿਗਾੜੀ ਹੋਈ ਸੀ। ਸਿੱਟਾ ਇਹ ਨਿਕਲਿਆ ਕਿ ਹਿੰਦੂ ਮੁਸਲਿਮ ਤੇ ਸਿੱਖ ਸਾਰੇ ਕਾਸ਼ਤਕਾਰ ਇਸ ਬਿਲ ਵਿਰੁੱਧ ਉੱਠ ਖਲੋਤੇ।

ਇੰਜ ੧੯੦੭ ਈ. ਵਿਚ ਲਾਇਲਪੁਰ ਵਿਚ ਅਤੇ ਪਿੱਛੋਂ ਹੋਰਨਾਂ ਥਾਵਾਂ ਉੱਪਰ

---

[2] 'ਮਾਸਟਰ ਤਾਰਾ ਸਿੰਘ : ਜੀਵਨ ਸੰਘਰਸ਼ ਤੇ ਉੱਦੇਸ਼', ਪੰਨਾ ੨੯.

Digitized by Panjab Digital Library | www.panjabdigilib.org

ਲੈਂਡ ਕਾਲੋਨਾਈਜ਼ੇਸ਼ਨ ਬਿਲ ਦੇ ਖ਼ਿਲਾਫ਼ ਲਹਿਰ ਖ਼ੂਬ ਭਖੀ। ਇਸ ਲਹਿਰ ਦੇ ਮੋਢੀ ਸ. ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸ਼ਾਦ, ਸ੍ਰੀ ਪਿੰਡੀ ਦਾਸ, ਆਦਿ ਕਈ ਨੌਜਵਾਨ ਸਨ। ਨਵੇਂ ਕਾਨੂੰਨ ਨਾਲ ਚੂੰਕਿ ਸੱਟ ਸਭਨਾਂ ਨੂੰ ਲਗਣੀ ਸੀ, ਇਸ ਲਈ ਇਸ ਲਹਿਰ ਵਿਚ ਚੌਧਰੀ ਸ਼ਿਹਾਬੁੱਦੀਨ ਤੇ ਕੁਝ ਹੋਰ ਮੁਸਲਮਾਨ ਵਕੀਲ ਵੀ ਸ਼ਾਮਲ ਹੋਏ। ਲੋਕ ਕ੍ਾਲ ਤੇ ਪਲੇਗ ਹੱਥੋਂ ਦੁਖੀ ਸਨ। ਇਸ ਲਈ ਇਸ ਲਹਿਰ ਦੀ ਅੱਗ ਸੁੱਕੇ ਘਾਹ ਦੀ ਅੱਗ ਵਾਂਗ ਸਾਰੇ ਪੰਜਾਬ ਵਿਚ ਫੈਲ ਗਈ। ਸ. ਅਜੀਤ ਸਿੰਘ, ਸ੍ਰੀ ਪਿੰਡੀ ਦਾਸ ਤੇ ਸੂਫ਼ੀ ਅੰਬਾ ਪ੍ਰਸ਼ਾਦ ਨੇ 'ਭਾਰਤ ਮਾਤਾ ਸੋਸਾਇਟੀ' ਨਾਂ ਦੀ ਇਕ ਪਾਰਟੀ ਬਣਾਈ। ਲਾਲਾ ਲਾਜਪਤ ਰਾਏ ਨੇ ਇਸ ਨੂੰ ਆਪਣੀ ਸੇਵਾ ਦਿੱਤੀ ਅਤੇ ਸਾਰੇ ਪੰਜਾਬ ਵਿਚ ਕਾਨੂੰਨ ਅਤੇ ਮਾਲੀਏ ਵਿਰੁੱਧ ਰੋਸ ਪ੍ਰਗਟਾਏ ਗਏ। ਬਾਂਕੇ ਬਿਹਾਰੀ ਲਾਲ ਦਾ ਲਿਖਿਆ ਹਲੂਣਾ ਦੇਣ ਵਾਲਾ ਪੰਜਾਬੀ ਗੀਤ, 'ਪਗੜੀ ਸੰਭਾਲ ਓ ਜੱਟਾ' ਥਾਂ ਥਾਂ ਗਾਇਆ ਜਾਣ ਲੱਗਾ। ਭਾਈ ਜਗਤ ਸਿੰਘ ਨੇ ਬੜਾ ਕੰਮ ਕੀਤਾ। ਇਸ ਗੀਤ ਨੂੰ ਥਾਂ ਥਾਂ ਪਹੁੰਚਾਉਣ ਵਾਲਾ ਉਹੀ ਸੀ। ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਭਾਵੇਂ ਦੋਵੇਂ ਆਰੀਆ ਸਮਾਜੀ ਸਨ, ਪਰ ਇਸ ਐਜੀਟੇਸ਼ਨ ਦਾ ਪ੍ਰਭਾਵ ਵਧੇਰੇ ਕਰਕੇ ਸਿੱਖਾਂ ਅਤੇ ਮੁਸਲਮਾਨਾਂ ਉੱਪਰ ਹੋਇਆ, ਕਿਉਂਕਿ ਇਨ੍ਹਾਂ ਦੋਹਾਂ ਕੌਮਾਂ ਕੋਲ ਹੀ ਜ਼ਮੀਨਾਂ ਸਨ। ਉਸ ਵੇਲੇ ਸਿੱਖਾਂ ਦਾ ਰੁਅਬ ਇੰਨਾ ਸੀ ਕਿ ਜਿਸ ਐਜੀਟੇਸ਼ਨ ਵਿਚ ਸਿੱਖ ਸ਼ਾਮਿਲ ਨਹੀਂ ਸਨ ਹੁੰਦੇ, ਉਹ ਚਲ ਨਹੀਂ ਸੀ ਸਕਦੀ। ਇਸ ਕਰਕੇ ਹਿੰਦੂਆਂ ਤੇ ਮੁਸਲਮਾਨਾਂ ਦਾ ਹਮੇਸ਼ਾ ਇਹੋ ਜਤਨ ਹੁੰਦਾ ਸੀ ਕਿ ਕਿਸੇ ਨ ਕਿਸੇ ਤਰ੍ਹਾਂ ਸਿੱਖਾਂ ਨੂੰ ਐਜੀਟੇਸ਼ਨ ਵਿਚ ਲਿਆਂਦਾ ਜਾਏ। ਇਹ ਮਸਲਾ ਵੀ ਵਧੇਰੇ ਕਰਕੇ ਸਿੱਖਾਂ ਨਾਲ ਸੰਬੰਧ ਰੱਖਦਾ ਸੀ ਜੋ ਸਭ ਤੋਂ ਵਧੇਰੇ ਜ਼ਿਮੀਂਦਾਰ ਤੇ ਕਿਸਾਨ ਸਨ। ਇਸ ਲਈ ਬਾਰ ਦੇ ਲੀਡਰਾਂ ਨੇ ਸਿੱਖਾਂ ਵਿਚ ਰਾਜਸੀ ਚੇਤਨਾ ਲਿਆਉਣ ਦਾ ਬਹੁਤ ਜਤਨ ਕੀਤਾ। ਇਸ ਵਕਤ ਸਿੱਖਾਂ ਦੀ ਪ੍ਰਤਿਨਿਧ ਜਮਾਤ 'ਚੀਫ਼ ਖ਼ਾਲਸਾ ਦੀਵਾਨ' ਸੀ। ਉਸ ਨੇ ਆਪ ਤਾਂ ਇਸ ਲਹਿਰ ਵਿਚ ਹਿੱਸਾ ਨ ਲਿਆ ਪਰ ਉਸ ਦੇ ਇਕ ਰੁਕਨ, ਸ. ਹਰਬੰਸ ਸਿੰਘ ਅਟਾਰੀ, ਨੇ ਜ਼ਾਤੀ ਤੌਰ ਤੇ ਇਸ ਲਹਿਰ ਨਾਲ ਹਮਦਰਦੀ ਪ੍ਰਗਟ ਕੀਤੀ।

ਲੈਂਡ ਕਾਲੋਨਾਈਜ਼ੇਸ਼ਨ ਬਿਲ ਦੇ ਖ਼ਿਲਾਫ਼ ਬੜਾ ਉਭਾਰ ਉੱਠਿਆ। ਓਧਰ ਲਾਇਲਪੁਰ ਦੀ ਰੇਲਵੇ ਲਾਈਨ ਦੇ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਲਈ ਹੜਤਾਲ ਕਰ ਦਿੱਤੀ ਅਤੇ ਲੋਕਾਂ ਨੇ ਚੰਦੇ ਇਕੱਠੇ ਕਰਕੇ ਉਨ੍ਹਾਂ ਦੀ ਮਦਦ ਕੀਤੀ। ਮਜ਼ਦੂਰਾਂ ਨੇ ਰੋਹ ਵਿਚ ਆ ਕੇ ਇਕ ਦਿਨ ਦੋ ਥਾਵਾਂ ਤੇ ਰੇਲ ਦੀਆਂ ਪਟੜੀਆਂ ਉਖਾੜ ਦਿੱਤੀਆਂ। ਅੰਗਰੇਜ਼ ਹਾਕਮ ਇਸ ਸੰਗ੍ਰਾਮ ਤੇ ਏਕੇ ਤੋਂ ਏਨੇ ਘਬਰਾਏ ਕਿ ਉਨ੍ਹਾਂ ਨੇ ਅੰਨ੍ਹੇ ਵਾਹ ਅਤਿਆਚਾਰ ਤੇ ਜ਼ੁਲਮ ਸ਼ੁਰੂ ਕਰ ਦਿੱਤੇ; ਦਰਜਨਾਂ ਆਗੂਆਂ ਨੂੰ ਘਰਾਂ ਤੋਂ ਦੂਰ ਨਜ਼ਰਬੰਦ ਕਰ ਦਿੱਤਾ। ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਬਰਮਾ ਦੀਆਂ ਜੇਲ੍ਹਾਂ ਵਿਚ ਘਲੇ ਗਏ। ਲੀਡਰਾਂ ਦੀ ਗ੍ਰਿਫ਼ਤਾਰੀ ਨਾਲ ਇਹ ਲਹਿਰ ਇਕ ਵਾਰ ਤਾਂ ਦਬ ਗਈ; ਥਾਂ ਥਾਂ ਤੇ ਆਗੂ ਮਾਫ਼ੀਆਂ ਮੰਗ ਕੇ ਜੇਲੋਂ ਬਾਹਰ ਆਉਣ ਲਗੇ। ਆਰੀਆ ਸਮਾਜ ਲਾਹੌਰ ਨੇ ਤਾਂ ਇਕ ਰੈਜ਼ੋਲਿਊਸ਼ਨ ਰਾਹੀਂ ਇਹ ਵੀ ਕਹਿ ਦਿੱਤਾ ਕਿ ਲਾਲਾ ਲਾਜਪਤ ਰਾਏ ਆਰੀਆ

Digitized by Panjab Digital Library | www.panjabdigilib.org

ਸਮਾਜੀ ਹੀ ਨਹੀਂ ਹਨ ।[3]

ਇਸ ਐਜੀਟੇਸ਼ਨ ਦਾ ਪ੍ਰਭਾਵ ਫ਼ੌਜ ਉੱਪਰ ਪੈਣੋਂ ਨ ਰਹਿ ਸਕਿਆ । ਮੌਕਾ ਸੰਭਾਲਦਿਆਂ ਸੈਨਾਪਤੀ ਕਿਚਨਰ ਨੇ ਸਰਕਾਰ ਨੂੰ ਦੱਸ ਦਿੱਤਾ ਕਿ ਸਿੱਖ ਸੈਨਾ ਵਿਚ ਸਾਰੇ ਹੀ ਕਿਸਾਨ ਹਨ; ਇਸ ਲਈ ਪੰਜਾਬੀ ਕਿਸਾਨਾਂ ਨਾਲ ਧੱਕਾ ਕਰਨਾ ਸਿਆਣਪ ਨਹੀਂ । ਇਸ ਪ੍ਰਕਾਰ ਸਰਕਾਰ ਨੇ ਆਬਿਆਨਾ ਅਤੇ ਮਾਲੀਆ ਦੋਵੇਂ ਹੀ ਅੱਧੇ ਕਰ ਦਿੱਤੇ । ਇਸ ਐਜੀਟੇਸ਼ਨ ਵਿਚ ਹਿੰਦੂ-ਸਿੱਖ-ਮੁਸਲਿਮ ਸਭ ਦਾ ਏਕਾ ਸੀ । ਇਸ ਜਨਤਕ ਉਭਾਰ ਨੇ ਇਸ ਬਿਲ ਨੂੰ ਕਾਨੂੰਨੀ ਸ਼ਕਲ ਨ ਧਾਰਣ ਕਰਨ ਦਿੱਤੀ ਕਿਉਂਕਿ ਇਸ ਦੇ ਮਨਜ਼ੂਰ ਕਰਨ ਨਾਲ ਐਜੀਟੇਸ਼ਨ ਦੇ ਹੋਰ ਵਧਣ ਦਾ ਡਰ ਸੀ । ਲਾਰਡ ਮਿੰਟੋ ਨੇ ਇਸ ਉੱਤੇ ਮਨਜ਼ੂਰੀ ਦੀ ਮੁਹਰ ਨ ਲਾਈ । ਆਗੂਆਂ ਨੂੰ ਭਾਵੇਂ ਕੈਦਾਂ ਤੇ ਸਖ਼ਤੀਆਂ ਝਲਣੀਆਂ ਪਈਆਂ, ਪਰ ਐਜੀਟੇਸ਼ਨ ਫ਼ਤਹਿ ਹੋ ਗਈ । ਇੰਜ ਪੰਜਾਬੀ ਕਿਸਾਨ ਦੀ ਪੰਜਾਬ ਦੇ ਰਾਜਨੀਤਿਕ ਖੇਤਰ ਵਿਚ ਮਹੱਤਾ ਬਣ ਗਈ । ਇਸ ਦਾ ਸਿੱਟਾ ਇਹ ਹੋਇਆ ਕਿ ਆਉਣ ਵਾਲੇ ਸਮੇਂ ਵਿਚ ਸਭੇ ਰਾਜਨੀਤਿਕ ਦਲ ਪੰਜਾਬ ਵਿਚ ਲੋਕ-ਪ੍ਰਿਯ ਬਣਨ ਲਈ ਫੇਰ ਕਿਸਾਨਾਂ ਵਲ ਝਾਕਣ ਲਗੇ ।

ਸ. ਤੇਜਾ ਸਿੰਘ ਸਮੁੰਦ੍ਰੀ ਨੇ ਸਿੱਧੇ ਤੌਰ ਤੇ, ਅੱਗੇ ਹੋ ਕੇ, ਇਸ ਐਜੀਟੇਸ਼ਨ ਵਿਚ ਕੋਈ ਖ਼ਾਸ ਹਿੱਸਾ ਲਿਆ ਹੋਵੇ, ਇਸ ਦਾ ਵੇਰਵਾ ਸਾਡੇ ਤਕ ਨਹੀਂ ਪਹੁੰਚਿਆ । ਪਰ ਇਸ ਐਜੀਟੇਸ਼ਨ ਨੇ ਇਨ੍ਹਾਂ ਦੇ ਦਿਲ ਤੇ ਡੂੰਘਾ ਅਸਰ ਕੀਤਾ । ਇਹ ਜ਼ਿਲਾ ਲਾਇਲਪੁਰ ਦੇ ਮੰਨੇ ਪ੍ਰਮੰਨੇ ਨੌਜਵਾਨ ਜ਼ਿਮੀਂਦਾਰ ਸਨ । ਐਜੀਟੇਸ਼ਨ ਬਾਰ ਦੇ ਜ਼ਿਲਾ ਲਾਇਲਪੁਰ ਵਿਚ ਮਘੀ ਹੋਈ ਸੀ ਤੇ ਇਨ੍ਹਾਂ ਦੀ ਹਮਦਰਦੀ ਆਪਣੇ ਕਿਸਾਨ ਭਰਾਵਾਂ ਨਾਲ ਸੀ । ਇਸ ਲਈ ਇਨ੍ਹਾਂ ਆਪਣੇ ਇਲਾਕੇ ਦੇ ਜ਼ਿਮੀਦਾਰਾਂ ਨਾਲ ਰਲ ਕੇ, ਪਿੱਛੇ ਰਹਿ ਕੇ, ਕੰਮ ਕੀਤਾ । ਇਸ ਤਰ੍ਹਾਂ ਇਹ ਸਮਾਂ ਉਨ੍ਹਾਂ ਦੀ ਤਿਆਰੀ ਦਾ ਕਿਹਾ ਜਾ ਸਕਦਾ ਹੈ । ਇਸ ਨੇ ਉਨ੍ਹਾਂ ਨੂੰ ਜਨਤਾ ਦੀ ਸ਼ਕਤੀ ਦਾ ਇਹਸਾਸ ਕਰਾਇਆ ਤੇ ਬੇਗਾਨੀ ਸਰਕਾਰ ਦੀ ਪਰਜਾ ਪ੍ਰਤੀ ਬੇ-ਰੁਖੀ ਨੂੰ ਨੰਗਾ ਕੀਤਾ । ਉਨ੍ਹਾਂ ਨੂੰ ਦ੍ਰਿੜ ਹੋ ਗਿਆ ਕਿ ਏਕੇ ਨਾਲ ਉਸ ਸਰਕਾਰ ਨੂੰ ਵੀ ਨੀਚਾ ਦਿਖਾਇਆ ਜਾ ਸਕਦਾ ਹੈ ਜਿਸ ਦੀਆਂ ਜੜ੍ਹਾਂ ਪਾਤਾਲ ਵਿਚ ਗੱਡੀਆਂ ਹੋਈਆਂ ਦਸੀਦੀਆਂ ਹਨ ।

## ਖ਼ਾਲਸਾ ਕਾਲਜ ਦੀ ਐਜੀਟੇਸ਼ਨ

ਇਸੇ ਸਮੇਂ ਪੰਜਾਬ ਵਿਚ ਇਕ ਹੋਰ ਲਹਿਰ ਚੱਲੀ । ਖ਼ਾਲਸਾ ਕਾਲਜ ਦੀ ਵੱਡੀ ਇਮਾਰਤ ਬਣ ਰਹੀ ਸੀ ਤੇ ਸ. ਧਰਮ ਸਿੰਘ ਜੀ ਘਰਜਾਖ ਵਾਲੇ ਇਸ ਇਮਾਰਤ ਦੇ ਇੰਜੀਨੀਅਰ ਸਨ । ਉਹ ਮੁਫ਼ਤ ਸੇਵਾ ਕਰਦੇ ਸਨ । ਉਸ ਵੇਲੇ ਚੀਫ਼ ਖ਼ਾਲਸਾ ਦੀਵਾਨ ਦੀ ਲਾਹੌਰ ਪਾਰਟੀ ਸ. ਧਰਮ ਸਿੰਘ ਦੇ ਵਿਰੁੱਧ ਸੀ । ਖ਼ਾਲਸਾ ਕਾਲਜ ਕਮੇਟੀ ਵਿਚ ਜ਼ੋਰ ਭਾਵੇਂ ਅੰਮ੍ਰਿਤਸਰ ਪਾਰਟੀ ਦਾ ਸੀ ਤੇ ਸ. ਸੁੰਦਰ ਸਿੰਘ ਮਜੀਠੀਆ ਇਸ ਦੇ ਸਕੱਤਰ ਸਨ,

[3]'ਮਾਸਟਰ ਤਾਰਾ ਸਿੰਘ : ਜੀਵਨ ਸੰਘਰਸ਼ ਤੇ ਉੱਦੇਸ਼', ਪੰਨਾ ੩੦.

Digitized by Panjab Digital Library | www.panjabdigilib.org

ਫਿਰ ਵੀ ਲਾਹੌਰ ਪਾਰਟੀ ਕਾਫ਼ੀ ਪ੍ਰਬਲ ਸੀ। ਕਾਲਜ ਕਮੇਟੀ ਵਿਚ ਕੁਝ ਅੰਗਰੇਜ਼ ਮੈਂਬਰ ਸਨ। ਅੰਗਰੇਜ਼ ਮੈਂਬਰ ਵੀ ਅੰਮ੍ਰਿਤਸਰ ਪਾਰਟੀ ਦੇ ਇੰਜੀਨੀਅਰ ਸ. ਧਰਮ ਸਿੰਘ ਦੇ ਖ਼ਿਲਾਫ਼ ਸਨ। ਇਕ ਦਿਨ ਕਾਲਜ ਕਮੇਟੀ ਦੀ ਇਕਤ੍ਰਤਾ ਵਿਚ ਮੇਜਰ ਹਿੱਲ ਨੇ ਸ. ਧਰਮ ਸਿੰਘ ਦੀ ਬਿਨਾ ਪੈਸੇ ਲਏ ਕੀਤੀ ਸੇਵਾ ਵਿਰੁੱਧ ਇਹ ਸ਼ਬਦ ਕਹੇ : "ਪਿਆਰ ਦੇ ਨਾਂ ਤੇ ਸੇਵਾ ਨਿਪਟ ਬਕਵਾਸ ਹੈ (Labour of love is nonsense.)।" ਮੈਂਬਰਾਂ ਦੇ ਵਿਰੋਧ ਕਾਰਣ ਸ. ਧਰਮ ਸਿੰਘ ਇੰਜੀਨੀਅਰੀ ਤੋਂ ਤਾਂ ਹਟਾ ਦਿੱਤੇ ਗਏ ਪਰ ਉਪਰੋਕਤ ਸ਼ਬਦਾਂ ਨੂੰ ਫੜ ਕੇ ਅੰਮ੍ਰਿਤਸਰ ਪਾਰਟੀ ਨੇ ਕਾਲਜ ਦੇ ਲੜਕਿਆਂ ਵਿਚ ਅੰਗਰੇਜ਼ਾਂ ਵਿਰੁੱਧ ਖ਼ੂਬ ਰੋਸ ਖਿਲਾਰਿਆ। ਲੜਕਿਆਂ ਦੇ ਸਾਰੇ ਆਗੂ ਚੀਫ਼ ਖ਼ਾਲਸਾ ਦੀਵਾਨ ਦੇ ਹੱਥਾਂ ਵਿਚ ਸਨ ਤੇ ਮਾ. ਤਾਰਾ ਸਿੰਘ ਉਨ੍ਹਾਂ ਵਿਚੋਂ ਇਕ ਸੀ। ਇਸ ਗੱਲ ਤੇ ਲੜਕਿਆਂ ਨੇ ਖ਼ੂਬ ਐਜੀਟੇਸ਼ਨ ਕੀਤੀ; ਐਜੀਟੇਸ਼ਨ ਲਈ ਇਕ ਕਮੇਟੀ ਬਣਾਈ ਗਈ ਜਿਸ ਦਾ ਪ੍ਰਧਾਨ ਮਾ. ਤਾਰਾ ਸਿੰਘ ਥਾਪਿਆ ਗਿਆ। ਕਾਲਜ ਦੀ ਇਸ ਐਜੀਟੇਸ਼ਨ ਦੇ ਨਾਲ ਨਾਲ ਉਸ ਸਮੇਂ ਚਲ ਰਹੀਆਂ ਪਹਿਲੀਆਂ ਦੋ ਲਹਿਰਾਂ : ਸੁਦੇਸ਼ੀ ਤੇ ਲੈਂਡ ਕਾਲੋਨਾਈਜ਼ੇਸ਼ਨ ਦੀਆਂ ਵੀ ਇਸ ਨਾਲ ਜੁੜ ਗਈਆਂ। ਇੰਜ ਪੰਜਾਬ ਵਿਚ ਕੁਝ ਚਿਰ ਲਈ ਖ਼ੂਬ ਰੌਲਾ ਗੌਲਾ ਮਚਿਆ।

ਪੰਜਾਬ ਵਿਚ ਚਲ ਰਹੀ ਲੈਂਡ ਕਾਲੋਨਾਈਜ਼ੇਸ਼ਨ ਲਹਿਰ ਨੂੰ ਦਬਾਉਣ ਲਈ ਸਰਕਾਰ ਨੇ ਬਹੁਤ ਸਖ਼ਤੀ ਕੀਤੀ। ਉਸ ਪਿੱਛੋਂ ਕਾਲਜ ਦੀ ਐਜੀਟੇਸ਼ਨ ਛੇਤੀ ਹੀ ਮੁੱਕ ਗਈ ਕਿਉਂਕਿ ਚੌਥੇ ਸਾਲ ਦੇ ਲੀਡਰ ਮੁੰਡੇ ਇਮਤਿਹਾਨ ਦੇ ਕੇ ਚਲੇ ਗਏ ਤੇ ਉਨ੍ਹਾਂ ਦੇ ਪਿੱਛੇ ਕੋਈ ਤਕੜਾ ਵਿਦਿਆਰਥੀ-ਲੀਡਰ ਐਜੀਟੇਸ਼ਨ ਨੂੰ ਚਲਾਣ ਲਈ ਨ ਰਿਹਾ। ਸਰਕਾਰ ਨੇ ਇਸ ਐਜੀਟੇਸ਼ਨ ਦੀ ਜ਼ਿੰਮੇਵਾਰੀ ਚੀਫ਼ ਖ਼ਾਲਸਾ ਦੀਵਾਨ ਉੱਤੇ ਪਾਈ। ਭਾਵੇਂ ਉਹ ਸਾਹਮਣੇ ਨਹੀਂ ਸਨ ਆਏ ਪਰ ਪਿੱਛੇ ਰਹਿ ਕੇ ਤਾਰ ਉਹੀ ਹਿਲਾਂਦੇ ਸਨ। ਲੈਂਡ ਕਾਲੋਨਾਈਜ਼ੇਸ਼ਨ ਦੀ ਐਜੀਟੇਸ਼ਨ ਤਾਂ ਜਨਤਾ ਦੇ ਹੱਕ ਵਿਚ ਫ਼ਤਿਹ ਦੇ ਗਈ ਪਰ ਖ਼ਾਲਸਾ ਕਾਲਜ ਦੀ ਐਜੀਟੇਸ਼ਨ ਦਾ ਸਿੱਟਾ ਉਲਟ ਨਿਕਲਿਆ। ਸਰਕਾਰ ਦੇ ਹੱਥ ਵਿਚ ਰਿਆਸਤਾਂ ਦੇ ਸਾਰੇ ਹੀ ਮੈਂਬਰ ਸਨ ਤੇ ਹੋਰ ਵੀ ਬਹੁਤ ਸਾਰੇ ਰਈਸ ਉਨ੍ਹਾਂ ਦੇ ਵੱਸ ਵਿਚ ਸਨ। ਉਨ੍ਹਾਂ ਨੇ ੧੯੦੮ ਈ. ਵਿਚ ਕਾਲਜ ਦੀ ਨਿਯਮਾਵਲੀ ਬਦਲ ਕੇ ਕਾਲਜ ਆਪਣੇ ਹੱਥ ਵਿਚ ਕਰ ਲਿਆ। ਕਾਲਜ ਕੌਂਸਲ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਲਾਹੌਰ ਦੇ ਕਮਿਸ਼ਨਰ ਤੇ ਮੀਤ ਪ੍ਰਧਾਨ ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਬਣਾਏ ਗਏ। ਇੰਜ ਕਾਲਜ ਦਾ ਪ੍ਰਬੰਧ ਪੂਰਨ ਰੂਪ ਵਿਚ ਅੰਗਰੇਜ਼ਾਂ ਦੇ ਹੱਥ ਵਿਚ ਚਲਾ ਗਿਆ।

ਕਾਲਜ ਉੱਤੇ ਸਰਕਾਰ ਦੇ ਹੱਥ ਪੱਕਾ ਕਰ ਲੈਣ ਨੇ ਸਿੱਖਾਂ ਦੇ ਦਿਲ ਵਿਚ ਸਰਕਾਰ ਵਿਰੁੱਧ ਘਿਰਣਾ ਪੈਦਾ ਕਰ ਦਿੱਤੀ ਤੇ ਉਸ ਦਿਨ ਤੋਂ ਉਹ ਸਰਕਾਰ ਵਿਰੋਧੀ ਹੋ ਕੇ ਸਰਕਾਰ ਵਿਰੁੱਧ ਲਹਿਰਾਂ ਵਿਚ ਵਧੇਰੇ ਜ਼ੋਰ ਸ਼ੋਰ ਨਾਲ ਹਿੱਸਾ ਲੈਣ ਲਗ ਪਏ।

ਉਸ ਸਮੇਂ ਸ੍ਰੀ ਗੋਪਾਲ ਕ੍ਰਿਸ਼ਨ ਗੋਖਲੇ ਬੜੇ ਵੱਡੇ ਰਾਜਸੀ ਆਗੂ ਸਮਝੇ ਜਾਂਦੇ ਸਨ। ਉਹ ਅੰਮ੍ਰਿਤਸਰ ਆਏ ਤਾਂ ਖ਼ਾਲਸਾ ਕਾਲਜ ਦੇ ਵਿਦਿਆਰਥੀ ਭਾਈ ਜੋਧ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦੇ ਸੁਆਗਤ ਲਈ ਸਟੇਸ਼ਨ ਤੇ ਪਹੁੰਚੇ। ਉਥੇ ਉਨ੍ਹਾਂ ਉਸ ਦੀ ਗੱਡੀ ਖਿੱਚ ਕੇ

Digitized by Panjab Digital Library | www.panjabdigilib.org

ਉਸ ਪ੍ਰਤੀ ਆਪਣਾ ਸਨਮਾਨ ਪ੍ਰਗਟਾਇਆ। ਸਰਕਾਰ ਨੇ ਇਸ ਨੂੰ ਬੁਰਾ ਮਨਾਇਆ। ਫਲਸਰੂਪ ੧੯੧੨ ਵਿਚ ਭਾਈ ਜੋਧ ਸਿੰਘ ਨੂੰ ਅਸਤੀਫ਼ਾ ਦੇ ਕੇ ਕਾਲਜ ਵਿਚੋਂ ਜਾਣਾ ਪਿਆ। ਭਾਈ ਜੋਧ ਸਿੰਘ ਦੇ ਨਾਲ ਹੈਡਮਾਸਟਰ ਨਾਰਾਇਣ ਸਿੰਘ ਨੂੰ ਵੀ ਪੱਕੀ ਛੁੱਟੀ ਮਿਲ ਗਈ।

Digitized by Panjab Digital Library | www.panjabdigilib.org

੪

# ਅੰਗਰੇਜ਼ਾਂ ਵਿਰੁੱਧ ਸਿਖਾਂ ਦੇ ਰੋਸ ਦਾ ਵਧਣਾ

੧੯੧੩ ਵਿਚ ਕੈਨੇਡਾ ਵਿਚ ਇਕ ਕਾਨੂੰਨ ਪਾਸ ਕਰਕੇ ਹਿੰਦੁਸਤਾਨੀਆਂ ਨੂੰ ਉਥੇ ਵੜਨੋਂ ਰੋਕ ਦਿੱਤਾ ਗਿਆ। ਹਿੰਦੁਸਤਾਨੋਂ ਕੈਨੇਡਾ ਵਿਚ ਗਏ ਬਹੁਤੇ ਸਿੱਖ ਹੀ ਸਨ ਤੇ ਸਿੱਖ ਹੀ ਹੋਰ ਜਾ ਰਹੇ ਸਨ। ਸਿੱਖ ਉਥੇ ਪਹੁੰਚ ਕੇ ਕਮਾਈ ਕਰਦੇ ਸਨ ਤੇ ਉਹ ਪੰਥਕ ਆਗੂਆਂ ਨੂੰ ਵੀ ਕਾਫ਼ੀ ਸਹਾਇਤਾ ਘਲਦੇ ਸਨ। ਕੈਨੇਡਾ ਵਿਚ ਹਿੰਦੁਸਤਾਨੀਆਂ ਦੇ ਦਾਖ਼ਲੇ ਉੱਪਰ ਪਾਬੰਦੀ ਲਗ ਜਾਣ ਤੇ ਕੈਨੇਡਾ ਵਿਚ ਰਹਿਣ ਵਾਲੇ ਸਿੱਖਾਂ ਨੇ ਪੰਜਾਬ ਦੇ ਸਿੱਖਾਂ ਕੋਲ ਸਹਾਇਤਾ ਲਈ ਅਪੀਲ ਕੀਤੀ। ਸਰਕਾਰ ਦੀ ਇਸ ਨੀਤੀ ਵਿਰੁੱਧ ਇਧਰ ਬਹੁਤ ਸਾਰੇ ਮਤੇ ਪਾਸ ਹੋਏ, ਪਰ ਉਨ੍ਹਾਂ ਦੀ, ਜਿਵੇਂ ਕਿ ਗ਼ੁਲਾਮ ਦੇਸਾਂ ਦੀ ਹਾਲਤ ਵਿਚ ਹੋਇਆ ਕਰਦਾ ਹੈ, ਅੰਗਰੇਜ਼ ਸਰਕਾਰ ਨੇ ਕੋਈ ਪਰਵਾਹ ਨ ਕੀਤੀ। ਇਸ ਉਪਰੰਤ ਕੈਨੇਡਾ ਵਿਚ ਵਸਦੇ ਹਿੰਦੁਸਤਾਨੀਆਂ ਵਲੋਂ ਭਾਈ ਬਲਵੰਤ ਸਿੰਘ, ਭਾਈ ਨਰੈਣ ਸਿੰਘ ਤੇ ਭਾਈ ਨੰਦ ਸਿੰਘ ਨਾਲ ਸੰਮਿਲਿਤ ਇਕ ਡੈਪੂਟੇਸ਼ਨ ਘਲਿਆ ਗਿਆ। ਇਹ ਡੈਪੂਟੇਸ਼ਨ ਪਹਿਲਾਂ ਇੰਗਲੈਂਡ ਗਿਆ, ਉਥੇ ਬਰਤਾਨਵੀ ਹਕੂਮਤ ਨੇ ਉਨ੍ਹਾਂ ਦੀ ਕੋਈ ਗੱਲ ਨ ਸੁਣੀ। ਫਿਰ ਇਹ ਡੈਪੂਟੇਸ਼ਨ ਪੰਜਾਬ ਆਇਆ। ਇਥੋਂ ਦੇ ਲੋਕ ਉਨ੍ਹੀਂ ਦਿਨੀਂ ਬਹੁਤ ਦਬੇ ਹੋਏ ਸਨ। ਉਨ੍ਹਾਂ ਸਿੰਘਾਂ ਦੇ ਪੰਜਾਬ ਵਿਚ ਪਹੁੰਚਣ ਤੇ ਅੰਮ੍ਰਿਤਸਰ ਵਿਚ ਇਕ ਛੋਟਾ ਜੇਹਾ ਜਲਸਾ ਹੋਇਆ, ਜਿਸ ਦੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ ਬਣਾਏ ਗਏ। ਇਸ ਦੀਵਾਨ ਵਿਚ ਸ. ਸੁੰਦਰ ਸਿੰਘ ਨੇ ਭਾਈ ਬਲਵੰਤ ਸਿੰਘ ਨੂੰ ਤਕਰੀਰ ਕਰਦਿਆਂ ਵਿਚੇ ਹੀ ਰੋਕ ਦਿੱਤਾ ਅਤੇ ਆਪ ਇਕ ਅਜੇਹੀ ਤਕਰੀਰ ਕੀਤੀ ਜਿਸ ਨਾਲ ਡੈਪੂਟੇਸ਼ਨ ਵਾਲੇ ਮਾਯੂਸ ਹੋ ਗਏ।

ਉਨ੍ਹਾਂ ਦਾ ਫਿਰ ਇਕ ਛੋਟਾ ਜੇਹਾ ਜਲਸਾ ਲਾਹੌਰ ਵਿਚ ਕਾਂਗ੍ਰਸ ਨੇ ਕਰਵਾਇਆ। ਉਸ ਸਮੇਂ ਕਾਂਗ੍ਰਸ ਕਮੇਟੀ ਕੇਵਲ ਲਾਹੌਰ ਸ਼ਹਿਰ ਵਿਚ ਹੀ ਬਣੀ ਹੋਈ ਸੀ। ਇਸ ਜਲਸੇ ਪਿੱਛੋਂ ਜਲੰਧਰ ਤੇ ਫ਼ੀਰੋਜ਼ਪੁਰ ਦੇ ਸ਼ਹਿਰਾਂ ਵਿਚ ਵੀ ਜਲਸੇ ਹੋਏ ਜਿਨ੍ਹਾਂ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਆਗੂਆਂ ਨੇ ਤਕਰੀਰਾਂ ਕੀਤੀਆਂ। ਉਪਰੋਕਤ ਡੈਪੂਟੇਸ਼ਨ ਨੂੰ ਫਿਰ ਸ. ਤੇਜਾ ਸਿੰਘ ਸਮੁੰਦ੍ਰੀ ਅਤੇ ਹੋਰ ਮੁਖੀ ਸਿੱਖ ਲਾਇਲਪੁਰ ਲੈ ਗਏ। ਉਸ ਵੇਲੇ ਸਾਰੀ ਬਾਰ ਵਿਚ ਸ. ਹਰਚੰਦ ਸਿੰਘ, ਸ. ਤੇਜਾ ਸਿੰਘ ਸਮੁੰਦ੍ਰੀ, ਸ. ਬਿਸ਼ਨ ਸਿੰਘ ਸਿੰਘਪੁਰੀਆ, ਸ. ਮੱਘਰ ਸਿੰਘ, ਸ. ਸਾਧੂ ਸਿੰਘ ਬਾਹਮਣੀਵਾਲਾ ਆਦਿ, ਲਾਇਲਪੁਰ ਗਰੁੱਪ ਦੇ ਲੀਡਰਾਂ ਦਾ ਬੜਾ ਰਸੂਖ਼ ਸੀ। ਉਨ੍ਹਾਂ ਦੀ ਸਹਾਇਤਾ ਨਾਲ ਗੁਰਦਵਾਰਾ ਸਿੰਘ ਸਭਾ, ਲਾਇਲਪੁਰ, ਵਿਚ

Digitized by Panjab Digital Library | www.panjabdigilib.org

ਭਾਰੀ ਜਲਸਾ ਹੋਇਆ। ਉਨ੍ਹੀਂ ਦਿਨੀਂ ਹੀ ਖ਼ਾਲਸਾ ਹਾਈ ਸਕੂਲ, ਲਾਇਲਪੁਰ, ਦਾ ਸਲਾਨਾ ਦੀਵਾਨ ਚਲ ਰਿਹਾ ਸੀ। ਉਸ ਦੀਵਾਨ ਵਿਚ ਕੈਨੇਡਾ ਨਿਵਾਸੀ ਹਿੰਦੁਸਤਾਨੀਆਂ ਦੇ ਹੱਕ ਵਿਚ ਮਤਾ ਪਾਸ ਕੀਤਾ ਗਿਆ। ਡੈਪੂਟੇਸ਼ਨ ਵਾਲੇ ਕੁਝ ਦਿਨ ਲਾਇਲਪੁਰ ਠਹਿਰੇ ਤੇ ਫਿਰ ਮਾ. ਤਾਰਾ ਸਿੰਘ ਨਾਲ ਉਹ ਰਾਵਲਪਿੰਡੀ, ਗੁੱਜਰਖ਼ਾਨ ਆਦਿ ਥਾਵਾਂ ਤੇ ਵੀ ਗਏ। ਉਥੇ ਵੀ ਜਲਸੇ ਕਰਕੇ ਮਤੇ ਪਾਸ ਕੀਤੇ ਗਏ।

ਛੇਤੀ ਪਿੱਛੋਂ ਕੋਮਾ ਗਾਟਾ ਮਾਰੂ ਜਹਾਜ਼ ਦਾ ਸਾਕਾ ਵਾਪਰਿਆ ਤੇ ਗਦਰ ਪਾਰਟੀ ਦੀ ਲਹਿਰ ਚਲੀ।

ਗਦਰੀ ਲੀਡਰਾਂ ਵਿੱਚੋਂ ਸ. ਤੇਜਾ ਸਿੰਘ ਸਮੁੰਦ੍ਰੀ ਦੀ ਮੁਲਾਕਾਤ ਕਦੀ ਕਿਸੇ ਨਾਲ ਹੋਈ ਵੀ ਕਿ ਨਾ, ਅਤੇ ਜੇ ਹੋਈ ਤਾਂ ਕਿਸ ਕਿਸ ਨਾਲ ?—ਇਸ ਗੱਲ ਦਾ ਕੋਈ ਪਤਾ ਨਹੀਂ ਲਗ ਸਕਿਆ। ਪਰ ਸ. ਤੇਜਾ ਸਿੰਘ ਚੂਹੜਕਾਣਾ ਦੱਸਦੇ ਸਨ ਕਿ ਇਨ੍ਹਾਂ ਨੂੰ ਸ. ਹਰਚੰਦ ਸਿੰਘ ਦੀ ਕੋਠੀ ਸ. ਕਰਤਾਰ ਸਿੰਘ ਸਰਾਭਾ ਨਾਲ ਮਿਲਣ ਦਾ ਇਤਫ਼ਾਕ ਹੋਇਆ ਸੀ ਤੇ ਇਹ ਉਨ੍ਹਾਂ ਦੇ ਉੱਚੇ ਇਰਾਦਿਆਂ ਤੋਂ ਕਾਫ਼ੀ ਪ੍ਰਭਾਵਿਤ ਹੋਏ ਸਨ।

ਲਾਇਲਪੁਰ ਵਿਚ ਸ. ਹਰਚੰਦ ਸਿੰਘ ਦੀ ਕੋਠੀ ਸ਼ਹਿਰ ਦੇ ਬਿਲਕੁਲ ਨੇੜੇ ਸੀ। ਬਾਰ ਦੇ ਜ਼ਿਮੀਂਦਾਰਾਂ ਨੂੰ ਅਕਸਰ ਸ਼ਹਿਰ ਆਉਣਾ ਪੈਂਦਾ ਸੀ। ਉਨ੍ਹੀਂ ਦਿਨੀਂ ਲਾਰੀਆਂ ਬਹੁਤ ਘਟ ਸਨ, ਇਸ ਲਈ ਸਵਾਰੀ ਘੋੜੇ ਜਾਂ ਟਾਂਗੇ ਉੱਤੇ ਹੀ ਵਧੇਰੇ ਕੀਤੀ ਜਾਂਦੀ ਸੀ। ਸ਼ਹਿਰ ਵਿਚ ਜੋ ਵੀ ਸਰਦਾਰ ਕਿਸੇ ਕੰਮ ਆਉਂਦਾ, ਉਹ ਰਾਤੀਂ ਸ. ਹਰਚੰਦ ਸਿੰਘ ਦੀ ਕੋਠੀ ਹੀ ਠਹਿਰਦਾ। ਸ. ਹਰਚੰਦ ਸਿੰਘ ਆਪਣੇ ਆਜ਼ਾਦੀ ਪਸੰਦ ਖ਼ਿਆਲਾਂ ਲਈ ਪ੍ਰਸਿੱਧ ਸਨ। ਇਹੋ ਜੇਹੇ ਕਿਸੇ ਮੌਕੇ ਤੇ ਸਮੁੰਦ੍ਰੀ ਸਾਹਿਬ ਦੀ ਮੁਲਾਕਾਤ ਤੁਰ ਫਿਰ ਕੇ ਤੇ ਛੁਪ ਛੁਪਾ ਕੇ ਕੰਮ ਕਰ ਰਹੇ ਇਨਕਲਾਬੀਆਂ ਨਾਲ ਹੋਣੀ ਐਨ ਸੰਭਵ ਹੈ। ਕੁਝ ਵੀ ਹੋਵੇ, ਸ. ਹਰਚੰਦ ਸਿੰਘ ਨਾਲ ਇਨ੍ਹਾਂ ਦਾ ਉੱਠਣ ਬੈਠਣ ਬਹੁਤ ਸੀ ਤੇ ਰਾਜਸੀ ਤੇ ਧਾਰਮਿਕ ਮਾਮਲਿਆਂ ਵਿਚ ਦੋਹਾਂ ਦੇ ਖ਼ਿਆਲ ਰਲਦੇ ਸਨ।

੧੯੧੩ ਵਿਚ ਗੁਰਦਵਾਰਾ ਰਿਕਾਬ ਗੰਜ ਦੀ ਦੀਵਾਰ ਦੇ ਢਾਏ ਜਾਣ ਦੀ ਐਜੀਟੇਸ਼ਨ ਦਾ ਪ੍ਰਾਰੰਭ ਸ. ਹਰਚੰਦ ਸਿੰਘ ਤੇ ਉਨ੍ਹਾਂ ਦੇ ਲਾਇਲਪੁਰੀ ਸਾਥੀਆਂ ਦੁਆਰਾ ਹੀ ਹੋਇਆ। ਪਰ ਇਸ ਦਾ ਹਾਲ ਅਸੀਂ ਅਗਲੇ ਪ੍ਰਕਰਣ ਵਿਚ ਦਿਆਂਗੇ।

੧੯੦੯ ਵਿਚ ਮਿੰਟੋ ਮਾਰਲੇ ਰੀਫ਼ਾਰਮ ਸਕੀਮ ਆਈ। ਇਸ ਵਿਚ ਮੁਸਲਮਾਨਾਂ ਨੂੰ ਵੱਖਰੀਆਂ ਚੋਣਾਂ ਦੇ ਹੱਕ ਦੇ ਨਾਲ ਉਨ੍ਹਾਂ ਦੀ ਆਪਣੀ ਗਿਣਤੀ ਤੋਂ ਵਧ ਪ੍ਰਤਿਨਿਧਤਾ ਦਿੱਤੀ ਗਈ। ਚੀਫ਼ ਖ਼ਾਲਸਾ ਦੀਵਾਨ ਨੇ ਅਜੇਹੀਆਂ ਰਿਆਇਤਾਂ ਪੰਜਾਬ ਵਿਚ ਸਿੱਖਾਂ ਲਈ ਵੀ ਮੰਗੀਆਂ, ਪਰ ਸਰਕਾਰ ਨੇ ਕੁਝ ਵੀ ਨ ਕੀਤਾ। ੧੯੧੬ ਵਿਚ ਇੰਡੀਅਨ ਨੈਸ਼ਨਲ ਕਾਂਗ੍ਰਸ ਅਤੇ ਮੁਸਲਿਮ ਲੀਗ ਵਿਚ ਲਖਨਊ ਪੈਕਟ ਹੋਇਆ। ਇਹ ਸਮਝੌਤਾ ਕਰਨ ਸਮੇਂ ਨ ਕਿਸੇ ਸਿੱਖ ਲੀਡਰ ਨੂੰ ਬੁਲਾਇਆ ਗਿਆ ਤੇ ਨ ਹੀ ਕਿਸੇ ਸਿੱਖ ਲੀਡਰ ਦੀ ਸਲਾਹ ਲਈ ਗਈ। ਇਹ ਸਮਝੌਤਾ ਸੂਬਿਆਂ ਦੀ ਲੈਜਿਸਲੇਟਿਵ ਕੌਂਸਲ ਅਤੇ ਕੇਂਦ੍ਰ ਦੀ ਲੈਜਿਸਲੇਟਿਵ ਅਸੈਂਬਲੀ ਦੀ ਪ੍ਰਤਿਨਿਧਤਾ ਬਾਰੇ ਕੀਤਾ ਗਿਆ ਸੀ। ਪੰਜਾਬ ਦੀ ਹਾਲਤ

Digitized by Panjab Digital Library | www.panjabdigilib.org

ਵਿਚ ਫ਼ੈਸਲਾ ਇਹ ਹੋਇਆ ਕਿ ੫੦% ਸੀਟਾਂ ਮੁਸਲਮਾਨਾਂ ਨੂੰ ਦਿੱਤੀਆਂ ਜਾਣ ਤੇ ੪੦% ਹਿੰਦੂਆਂ ਨੂੰ। ਸਿੱਖਾਂ ਨੂੰ ਵੀ ਹਿੰਦੂਆਂ ਵਿਚ ਹੀ ਸ਼ਾਮਿਲ ਸਮਝਿਆ ਗਿਆ।

੧੯੧੭ ਵਿਚ ਮਾਂਟੇਗੋ ਚੈਮਸਫੋਰਡ ਤਜਵੀਜ਼ਾਂ ਆਈਆਂ। ਸਿੱਖਾਂ ਨੂੰ ਆਸ ਸੀ ਕਿ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਸਰਕਾਰ ਲਖਨਊ ਵਾਲੇ ਸਮਝੌਤੇ ਵਿਚ ਤਬਦੀਲੀ ਕਰਾ ਦੇਵੇਗੀ ਪਰ ਉਨ੍ਹਾਂ ਦੀ ਇਹ ਆਸ ਪੂਰੀ ਨ ਹੋਈ। ਮਾਂਟੇਗੋ ਚੈਮਸਫੋਰਡ ਤਜਵੀਜ਼ਾਂ ਦੇ ਸਿੱਟੇ ਵਜੋਂ ਜੋ ਗੌਰਮਿੰਟ ਆਫ਼ ਇੰਡੀਆ ਐਕਟ, ੧੯੧੯ ਈ. ਵਿਚ ਬਣਿਆ, ਉਸ ਵਿਚ ਵੀ ਸਿੱਖਾਂ ਨੂੰ ਉਸ ਤਰ੍ਹਾਂ ਦੀਆਂ ਰਿਆਇਤਾਂ ਨ ਦਿੱਤੀਆਂ ਗਈਆਂ ਜਿਸ ਤਰ੍ਹਾਂ ਦੀਆਂ ਮੁਸਲਮਾਨਾਂ ਨੂੰ ਘਟ ਗਿਣਤੀ ਵਾਲੇ ਸੂਬਿਆਂ ਵਿਚ ਦਿੱਤੀਆਂ ਗਈਆਂ ਸਨ। ਪੰਜਾਬ ਵਿਚ ਸਿੱਖਾਂ ਦੀ ਆਬਾਦੀ ੧੨% ਸੀ। ਇਨ੍ਹਾਂ ਨੂੰ ਤਰਜੀਹ ਦੇ ਕੇ ੧੮% ਪ੍ਰਤਿਨਿਧਤਾ ਦਿੱਤੀ ਗਈ। ਦੂਜੇ ਪਾਸੇ ਬਿਹਾਰ ਤੇ ਉੜੀਸਾ ਵਿਚ ਮੁਸਲਮਾਨਾਂ ਦੀ ਆਬਾਦੀ ੧੧% ਸੀ ਤੇ ਉਥੇ ਉਨ੍ਹਾਂ ਨੂੰ ੨੫% ਪ੍ਰਤਿਨਿਧਤਾ ਦਿੱਤੀ ਗਈ। ਇਸ ਕਾਰਣ ਸਿੱਖਾਂ ਵਿਚ ਨਾਰਾਜ਼ਗੀ ਵਧ ਗਈ। ਸਿੱਖਾਂ ਦਾ ਕਹਿਣਾ ਸੀ ਕਿ ਪੰਜਾਬ ਵਿਚ ਸਿੱਖ ਭੂਮੀ ਦੇ ਮਾਲਕ ਹੋਣ ਕਾਰਣ ਸੂਬੇ ਦੀ ਆਰਥਿਕਤਾ ਵਿਚ ਖ਼ਾਸ ਹਿੱਸਾ ਪਾਂਦੇ ਹਨ; ਸਰਕਾਰ ਨੂੰ ਮਾਲੀਏ ਤੇ ਟੈਕਸਾਂ ਵਿਚ ਹਰ ਸਾਲ ਚੋਖੀ ਵੱਡੀ ਰਕਮ ਦੇਂਦੇ ਹਨ; ਅਤੇ ਫ਼ੌਜੀ ਭਰਤੀ ਦੇ ਕੇ ਸਰਕਾਰ ਤੇ ਦੇਸ ਦੀ ਵੱਡੀ ਸੇਵਾ ਕਰਦੇ ਹਨ; ਇਸ ਲਈ ਉਹ ਵੀ ਉਸ ਤਰ੍ਹਾਂ ਦੀ ਤਰਜੀਹ ਦੇ ਹੱਕਦਾਰ ਹਨ ਜਿਸ ਤਰ੍ਹਾਂ ਦੀ ਮੁਸਲਮਾਨਾਂ ਨੂੰ ਘਟ ਗਿਣਤੀ ਵਾਲੇ ਦੂਜੇ ਸੂਬਿਆਂ ਵਿਚ ਦਿੱਤੀ ਗਈ ਸੀ। ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਾਂ ਨਾਲ ਹੋਈ ਇਸ ਬੇਇਨਸਾਫ਼ੀ ਨੂੰ ਦੂਰ ਕਰਾਉਣ ਲਈ ਬੜਾ ਜ਼ੋਰ ਲਾਇਆ ਪਰ ਉਸ ਨੂੰ ਕੋਈ ਸਫ਼ਲਤਾ ਨ ਹੋਈ। ਇਸ ਨਾਲ ਚੀਫ਼ ਖ਼ਾਲਸਾ ਦੀਵਾਨ ਦਾ ਸਿੱਖਾਂ ਉੱਪਰ ਰਸੂਖ਼ ਬਹੁਤ ਘਟ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਨੇ ਮਾਰਸ਼ਲ ਲਾਅ ਦੇ ਕਸ਼ਟ ਦੇਖੇ ਤੇ ਜੱਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ। ਇਸ ਵਿਚ ਵੀ ਵਧੇਰੇ ਨੁਕਸਾਨ ਸਿੱਖਾਂ ਦਾ ਹੀ ਹੋਇਆ ਨਵੇਂ ਬਣੇ ਗੌਰਮਿੰਟ ਆਫ਼ ਇੰਡੀਆ ਐਕਟ ਦੇ ਅਧੀਨ ਜੋ ਚੋਣਾਂ ੧੯੨੦ ਵਿਚ ਹੋਈਆਂ, ਉਨ੍ਹਾਂ ਵਿਚ ਵੀ ਸਿੱਖਾਂ ਦੇ ਅਸਲੀ ਪ੍ਰਤਿਨਿਧ ਸਾਹਮਣੇ ਨ ਆਏ। ਰਾਜਸੀ ਖੇਤਰ ਵਿਚ ਹੋਈ ਨਿਰਾਸ਼ਾ ਕਾਰਣ ਸਿੱਖ ਅੰਗਰੇਜ਼ ਸਰਕਾਰ ਤੋਂ ਪਿੱਛੇ ਹਟ ਕੇ ਆਪਣੀ ਵੱਖਰੀ ਰਾਜਸੀ ਹੋਂਦ ਲਭਣ ਲਗੇ। ੧੯੧੯ ਵਿਚ ਸੈਂਟ੍ਰਲ ਸਿੱਖ ਲੀਗ ਦੀ ਕਾਇਮੀ ਨਾਲ ਸਿੱਖ ਸਰਕਾਰ ਵਿਰੁੱਧ ਨਾ-ਮਿਲਵਰਤਨ ਦੀ ਲਹਿਰ ਵਲ ਜ਼ੋਰ ਨਾਲ ਵਧੇ। ਜਦੋਂ ਨਾ-ਮਿਲਵਰਤਨ ਦੀ ਲਹਿਰ ਕੁਝ ਜ਼ੋਰ ਪਕੜ ਗਈ ਤਾਂ ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਨੇ ਮਤਾ ਪਾਸ ਕੀਤਾ ਕਿ ਖ਼ਾਲਸਾ ਕਾਲਜ ਨਾ-ਮਿਲਵਰਤਨ ਦੀ ਲਪੇਟ ਤੋਂ ਤਾਂ ਹੀ ਬਚ ਸਕੇਗਾ ਜੇਕਰ ਸਰਕਾਰ ਇਸ ਉੱਤੇ ਆਪਣਾ ਕਬਜ਼ਾ ਛੱਡ ਦੇਵੇ। ਇਸ ਕੰਮ ਲਈ ਪ੍ਰੋਫ਼ੈਸਰਾਂ ਨੇ ੫ ਨਵੰਬਰ ੧੯੨੦ ਤਕ ਦਾ ਨੋਟਿਸ ਵੀ ਦਿੱਤਾ, ਪਰ ਸਰਕਾਰ ਨੇ ਮੰਗ ਪੂਰੀ ਨ ਕੀਤੀ। ਰੋਸ ਵਜੋਂ ੧੩ ਪ੍ਰੋਫ਼ੈਸਰਾਂ ਨੇ ਅਸਤੀਫ਼ਾ ਦੇ ਦਿੱਤਾ। ਬਾਅਦ ਵਿਚ ਗੱਲ ਬਾਤ ਹੋਣ ਤੇ ਸਰਕਾਰ ਨੇ ਗਿਆਰਾਂ ਦੇ ਗਿਆਰਾਂ ਸਰਕਾਰੀ ਮੈਂਬਰ ਉਠਾ ਲਏ ਤੇ ਉਨ੍ਹਾਂ ਦੀ ਥਾਂ ਨਰਮ ਧੜੇ

Digitized by Panjab Digital Library | www.panjabdigilib.org

ਦੇ ਸਿੱਖ ਮੈਂਬਰ ਭਰਤੀ ਕਰ ਦਿੱਤੇ। ਹੁਣ ਕਾਲਜ ਕੌਂਸਲ ਦੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ, ਸਕੱਤਰ ਸ. ਹਰਬੰਸ ਸਿੰਘ ਅਟਾਰੀ ਤੇ ਹੋਰ ਮੈਂਬਰ ਸ. ਤ੍ਰਿਲੋਚਨ ਸਿੰਘ, ਸ. ਜੋਧ ਸਿੰਘ ਆਦਿ ਬਣਾਏ ਗਏ। ਗਰਮ ਧੜੇ ਵਿਚੋਂ ਕੋਈ ਮੈਂਬਰ ਨ ਲਿਆ ਗਿਆ ਤੇ ਨ ਹੀ ਕਾਲਜ ਦੇ ਪ੍ਰੋਫੈਸਰਾਂ ਵਿਚੋਂ ਕਿਸੇ ਨੂੰ ਮੈਂਬਰ ਬਣਾਇਆ ਗਿਆ। ਇਸ ਨਾਲ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਖਿਚੋਤਾਣ ਹੋਰ ਵੀ ਵਧ ਗਈ। ਪਹਿਲੀ ਵੱਡੀ ਜੰਗ ਦੇ ੧੯੧੮ ਵਿਚ ਸਮਾਪਤ ਹੋਣ ਤੇ ਵੀ ਜਦ ਸਿੱਖਾਂ ਦੀ ਪੁਰਾਣੀ ਮੰਗ, ਗੁਰਦਵਾਰਾ ਰਿਕਾਬ ਗੰਜ ਦੀ ਢਾਹੀ ਹੋਈ ਕੰਧ ਮੁੜ ਉਸਾਰਨ ਦੀ, ਪੂਰੀ ਨ ਕੀਤੀ ਗਈ ਤਾਂ ਇਸ ਝਗੜੇ ਨਾਲ ਇਹ ਖਿਚੋਤਾਣ ਆਪਣੇ ਸਿਖ਼ਰ ਤੇ ਪੁਜ ਗਈ।

Digitized by Panjab Digital Library | www.panjabdigilib.org

## ੫

# ਗੁਰਦਵਾਰਾ ਰਿਕਾਬ ਗੰਜ

੧੯੧੧ ਈ. ਵਿਚ ਬਰਤਾਨੀਆ ਸਰਕਾਰ ਨੇ ਹਿੰਦੁਸਤਾਨ ਦੀ ਰਾਜਧਾਨੀ ਕਲਕੱਤੇ ਦੀ ਥਾਂ ਦਿੱਲੀ ਬਣਾਉਣ ਦਾ ਫ਼ੈਸਲਾ ਕੀਤਾ। ਇਥੇ ਦਿੱਲੀ ਵਿਚ ਸਕੱਤ੍ਰਤ ਤੇ ਪਾਰਲੀ-ਮੈਂਟ ਹਾਉਸ ਦੇ ਨਾਲ ਹੀ ਵਾਇਸਰਾਏ ਦੀ ਕੋਠੀ ਬਣਾਉਣ ਦੀ ਤਜਵੀਜ਼ ਕੀਤੀ ਗਈ। ਉਸ ਤੋਂ ਜੋ ਸੜਕ ਸ਼ਹਿਰ ਵਲ ਨੂੰ ਵਿਓਂਤੀ ਗਈ, ਉਸ ਦੇ ਐਨ ਰਸਤੇ ਵਿਚ ਗੁਰਦਵਾਰਾ ਰਿਕਾਬ ਗੰਜ ਦੀ ਕੰਧ ਅਤੇ ਥੋੜੀ ਜੇਹੀ ਵਿਹੜੇ ਦੀ ਥਾਂ ਪੈਂਦੀ ਸੀ। ਸਰਕਾਰ ਨੇ ਇਸ ਨੂੰ ਸਿੱਧਾ ਰੱਖਣ ਲਈ ਗੁਰਦਵਾਰੇ ਦੀ ਕੰਧ ਢਾਹੁਣ ਦਾ ਫ਼ੈਸਲਾ ਕਰ ਲਿਆ ਤੇ ਇਸ ਮਤਲਬ ਲਈ ਗੁਰਦਵਾਰੇ ਦੇ ਮਹੰਤ ਦੀ ਆਗਿਆ ਵੀ ਪ੍ਰਾਪਤ ਕਰ ਲਈ।

੧੯੧੨ ਈ. ਵਿਚ ਸਰਕਾਰ ਨੇ ਲੈਂਡ ਐਕਵੀਜ਼ੀਸ਼ਨ ਐਕਟ ਅਧੀਨ ਗੁਰਦਵਾਰੇ ਦੇ ਮਹੰਤ ਪਾਸੋਂ ਬਾਹਰਲੀ ਕੰਧ ਤੇ ਗੁਰਦਵਾਰੇ ਦੇ ਅੰਦਰਲੇ ਵਿਹੜੇ ਦੀ ਸਾਰੀ ਜ਼ਮੀਨ ਪ੍ਰਾਪਤ ਕਰ ਲਈ। ਅਗਲੇ ਸਾਲ ੧੯੧੩ ਵਿਚ ਸਰਕਾਰ ਨੇ ਆਪਣੇ ਨਕਸ਼ੇ ਮੁਤਾਬਕ ਗੁਰਦਵਾਰਾ ਰਿਕਾਬ ਗੰਜ ਦੀ ਬਾਹਰਲੀ ਕੰਧ ਦਾ ਕੁਝ ਹਿੱਸਾ ਢਾਹ ਦਿੱਤਾ। ਜਦੋਂ ਇਸ ਗੱਲ ਦੀ ਖ਼ਬਰ ਲੋਕਾਂ ਤਕ ਪਹੁੰਚੀ ਤਾਂ ਸਿੱਖ ਜਗਤ ਵਿਚ ਬੜਾ ਰੋਸ ਜਾਗਿਆ।

ਗੁਰਦਵਾਰਾ ਰਿਕਾਬ ਗੰਜ ਦੀ ਕੰਧ ਦਾ ਸਵਾਲ ਸਭ ਤੋਂ ਪਹਿਲਾਂ ਸ. ਹਰਚੰਦ ਸਿੰਘ ਨੇ ਉਠਾਇਆ। ਜਦੋਂ ਕੰਧ ਢਾਹੁਣ ਦੀ ਖ਼ਬਰ ਸ. ਹਰਚੰਦ ਸਿੰਘ ਤਕ ਪਹੁੰਚੀ ਤਾਂ ਉਹ ਸਾਰੀ ਗੱਲ ਦਾ ਜਾਇਜ਼ਾ ਲੈਣ ਲਈ ਆਪ ਦਿੱਲੀ ਗਿਆ। ਉਥੇ ਢੱਠੀ ਕੰਧ ਆਪਣੀ ਅੱਖੀਂ ਵੇਖੀ ਤੇ ਸਾਰੇ ਹਾਲਾਤ ਉਰਦੂ ਦੇ ਇਕ ਕਿਤਾਬਚੇ ਵਿਚ ਛਪਵਾ ਕੇ ਲੋਕਾਂ ਤਕ ਪਹੁੰਚਾਏ। ਉਸ ਕਿਤਾਬਚੇ ਵਿਚ ਉਸ ਢੱਠੀ ਹੋਈ ਕੰਧ ਤੇ ਸਰਕਾਰੀ ਤਜਵੀਜ਼ ਦਾ ਨਕਸ਼ਾ ਵੀ ਦਿੱਤਾ ਅਤੇ ਸਿੱਖਾਂ ਨੂੰ ਵੰਗਾਰ ਕੇ ਆਖਿਆ, "ਇਹ ਸਾਡੇ ਧਰਮ ਵਿਚ ਨਾਜਾਇਜ਼ ਸਰਕਾਰੀ ਦਖ਼ਲ ਹੈ; ਇਹ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਇਹ ਸਿੱਖ ਪੰਥ ਦਾ ਅਧਿਕਾਰ ਹੈ ਕਿ ਉਹ ਗੁਰਦਵਾਰੇ ਦਾ ਨਵਾਂ ਨਕਸ਼ਾ ਬਣਾਵੇ, ਉਸ ਵਿਚ ਅਦਲਾ ਬਦਲੀ ਕਰੇ; ਹਕੂਮਤ ਜਾਂ ਕਿਸੇ ਹੋਰ ਸਰਕਾਰੀ ਅਦਾਰੇ ਦਾ ਇਸ ਵਿਚ ਕੋਈ ਦਖ਼ਲ ਨਹੀਂ। ਜੇ ਹਕੂਮਤ ਅੱਜ ਸਿੱਖ ਪੰਥ ਦੀ ਰਜ਼ਾਮੰਦੀ ਲਏ ਬਗ਼ੈਰ ਇਕ ਇਤਿਹਾਸਕ ਗੁਰਦਵਾਰੇ ਦੀ ਕੰਧ ਢਾਹ ਸਕਦੀ ਹੈ ਜਾਂ ਜ਼ਮੀਨ ਕਬਜ਼ੇ ਵਿਚ ਲੈ ਸਕਦੀ ਹੈ, ਤਾਂ ਕੱਲ ਨੂੰ ਗੁਰਦਵਾਰਾ ਵੀ ਢਾਹੁਣ ਲਈ ਤਿਆਰ ਹੋ ਜਾਵੇਗੀ। ਸੁਆਲ ਸਹੇ ਦਾ ਨਹੀਂ, ਪਹੇ ਦਾ ਹੈ। ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਸਰਕਾਰ ਕੰਧ ਨ ਢਾਹੇ, ਬਲਕਿ ਢਾਹੀ ਹੋਈ ਕੰਧ ਉਸੇ ਤਰ੍ਹਾਂ

Digitized by Panjab Digital Library | www.panjabdigilib.org

ਉਸਾਰ ਦੇਵੇ[1] ।"

ਇਸ ਕਿਤਾਬਚੇ ਦੇ ਨਿਕਲਣ ਨਾਲ ਸਿੱਖ ਸਮਾਜ ਵਿਚ ਇਕ ਜ਼ਬਰਦਸਤ ਧਮਾਕਾ ਹੋਇਆ । ਸਿੱਖ ਮਹਿਸੂਸ ਕਰਨ ਲਗੇ ਕਿ ਸਰਕਾਰ ਦਰਬਾਰ ਸਾਹਿਬ ਤੇ ਕੁਝ ਹੋਰ ਗੁਰਦਵਾਰਿਆਂ ਵਾਂਗ ਇਸ ਸ਼ਹੀਦੀ ਅਸਥਾਨ ਉੱਤੇ ਵੀ ਕਬਜ਼ਾ ਕਰਨਾ ਚਾਹੁੰਦੀ ਹੈ । ਇਸ ਲਈ ਥਾਂ ਥਾਂ ਜਲਸਿਆਂ ਤੇ ਅਖ਼ਬਾਰਾਂ ਵਿਚ ਸਿੱਖ ਜਨਤਾ ਵਲੋਂ ਜ਼ੋਰਦਾਰ ਰੋਸ ਪ੍ਰਗਟ ਕੀਤਾ ਜਾਣ ਲਗਾ ।

ਗੁਰਦਵਾਰਾ ਰਿਕਾਬ ਗੰਜ ਦੇ ਇਸ ਪ੍ਰਸ਼ਨ ਨਾਲ ਸਿੱਖ ਸਮਾਜ ਦੋ ਗੁੱਟਾਂ ਵਿਚ ਵੰਡਿਆ ਗਿਆ । ਚੀਫ਼ ਖ਼ਾਲਸਾ ਦੀਵਾਨ ਦੇ ਆਗੂ ਤੇ ਹੋਰ ਸਰਕਾਰ-ਪੱਖੀ ਸਿੱਖ ਲੀਡਰ ਇਸ ਅੰਦੋਲਨ ਦੇ ਹਾਮੀ ਨਹੀਂ ਸਨ । ਜਿਥੇ ਕਿਤੇ ਵੀ ਇਸ ਸੰਬੰਧੀ ਕੋਈ ਜਲਸਾ ਹੁੰਦਾ, ਉਹ ਵਿਰੋਧ ਕਰਦੇ ਤੇ ਕਹਿੰਦੇ ਇੰਜ ਐਜੀਟੇਸ਼ਨ ਕਰਕੇ ਸਰਕਾਰ ਨੂੰ ਨਾਰਾਜ਼ ਨ ਕਰੋ; ਸਿੱਖ ਲੀਡਰਾਂ ਉੱਤੇ ਭਰੋਸਾ ਰੱਖੋ; ਸਰਕਾਰ ਨਾਲ ਮਿਲ ਕੇ ਕੋਈ ਸਮਝੌਤੇ ਦਾ ਰਾਹ ਨਿਕਲ ਆਵੇਗਾ । ਪਰ ਆਮ ਸਿੱਖਾਂ ਵਿਚ ਵਿਰੋਧ ਤੇ ਐਜੀਟੇਸ਼ਨ ਦੀ ਅੱਗ ਤੇਜ਼ ਹੋ ਗਈ ।

੧੦, ੧੧ ਤੇ ੧੨ ਅਪ੍ਰੈਲ ੧੯੧੪ ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਸਿੱਖ ਵਿਦਿਅਕ ਕਾਨਫ੍ਰੰਸ ਦਾ ਸਮਾਗਮ ਜਲੰਧਰ ਵਿਚ ਹੋਇਆ । ਉਸ ਸਮੇਂ ਅਜੇਹੇ ਸਮਾਗਮਾਂ ਵਿਚ ਹਜ਼ਾਰਾਂ ਸਿੱਖ ਹੁਮ ਹੁਮਾ ਕੇ ਸ਼ਾਮਿਲ ਹੋਇਆ ਕਰਦੇ ਸਨ । ਸ. ਹਰਚੰਦ ਸਿੰਘ ਨੇ ਇਸ ਕਾਨਫ੍ਰੰਸ ਦੇ ਪੰਡਾਲ ਵਿਚ ਖੜੇ ਹੋ ਕੇ ਬੜੇ ਜੋਸ਼ ਨਾਲ ਗੁਰਦਵਾਰਾ ਰਿਕਾਬ ਗੰਜ ਦਾ ਸੁਆਲ ਉਠਾਇਆ ਤੇ ਇਸ ਸੰਬੰਧੀ ਜ਼ੋਰਦਾਰ ਐਜੀਟੇਸ਼ਨ ਕਰਨ ਦਾ ਮਤਾ ਪੇਸ਼ ਕਰਨ ਦੀ ਆਗਿਆ ਚਾਹੀ । ਪ੍ਰਧਾਨ ਵਲੋਂ ਉਨ੍ਹਾਂ ਨੂੰ ਬੋਲਣ ਤੋਂ ਰੋਕਿਆ ਗਿਆ । ਉਨ੍ਹਾਂ ਨੇ ਫੇਰ ਕਿਹਾ ਕਿ ਇਹ ਜ਼ਰੂਰੀ ਪੰਥਕ ਮਾਮਲਾ ਹੈ ਅਤੇ ਸਾਰੇ ਸਿੱਖ ਸਮਾਜ ਦੇ ਦਿਲ ਤੜਫ ਰਹੇ ਹਨ । ਇਸ ਪੰਥਕ ਇਕੱਠ ਵਿਚ ਇਸ ਸੁਆਲ ਨੂੰ ਪੇਸ਼ ਕਰਕੇ ਇਸ ਸੰਬੰਧੀ ਪੰਥ ਦਾ ਫੈਸਲਾ ਲੈਣਾ ਯੋਗ ਹੈ; ਪਰ ਉਨ੍ਹਾਂ ਦੀ ਕਿਸੇ ਨ ਸੁਣੀ ਤੇ ਇਹ ਮਤਾ ਪੇਸ਼ ਕਰਨ ਦੀ ਆਗਿਆ ਨ ਦਿੱਤੀ ਗਈ । ਸਗੋਂ, ਪ੍ਰੋ. ਨਿਰੰਜਨ ਸਿੰਘ ਦੀ ਸੂਚਨਾ ਅਨੁਸਾਰ, ਸ. ਹਰਚੰਦ ਸਿੰਘ ਨੂੰ ਬਾਹੋਂ ਫੜ ਕੇ ਕਾਨਫ੍ਰੰਸ ਵਿਚੋਂ ਬਾਹਰ ਕੱਢ ਦਿੱਤਾ ਗਿਆ । ਇਸ ਉੱਤੇ ਸ. ਤੇਜਾ ਸਿੰਘ ਸਮੁੰਦ੍ਰੀ ਤੇ ਇਨ੍ਹਾਂ ਦੇ ਹੋਰ ਸਾਥੀ ਵੀ ਪੰਡਾਲੋਂ ਬਾਹਰ ਆ ਗਏ । ਬਾਹਰ ਖੁਲ੍ਹੀ ਜਗ੍ਹਾ ਤੇ ਉਸ ਵਕਤ ਧਾਰਮਿਕ ਦੀਵਾਨ ਚਲ ਰਿਹਾ ਸੀ । ਸ. ਹਰਚੰਦ ਸਿੰਘ ਆਪਣੇ ਸਾਥੀਆਂ ਸਮੇਤ ਉਥੇ ਪਹੁੰਚੇ ਤੇ ਧੜੱਲੇਦਾਰ ਭਾਸ਼ਣ ਦੇ ਕੇ ਸਰਕਾਰ ਤੇ ਚੀਫ਼ ਖ਼ਾਲਸਾ ਦੀਵਾਨ ਵਿਰੁੱਧ ਰੋਸ ਦੇ ਮਤੇ ਪਾਸ ਕੀਤੇ ਅਤੇ ਵੱਡੇ ਪੈਮਾਨੇ ਉੱਤੇ ਇਕ ਪੰਥਕ ਇਕੱਠ ਕਰਨ ਦੀ ਮੰਗ ਕੀਤੀ ।

ਇੰਜ ਪ੍ਰਤੀਤ ਹੁੰਦਾ ਹੈ ਕਿ ਲਾਇਲਪੁਰੀ ਨੇਤਾਵਾਂ ਨੇ ਇਸ ਪਿੱਛੋਂ ਆਪਣਾ ਨਾਤਾ ਚੀਫ਼ ਖ਼ਾਲਸਾ ਦੀਵਾਨ ਨਾਲੋਂ ਸਦਾ ਲਈ ਤੋੜ ਲਿਆ । ਇਸੇ ਕਾਰਣ ਲਾਇਲਪੁਰ ਵਿਚ

---

[1] ਹੀਰਾ ਸਿੰਘ ਦਰਦ, 'ਮੇਰੀਆਂ ਕੁਝ ਇਤਿਹਾਸਕ ਯਾਦਾਂ', ਪੰਨਾ ੧੪੧.

Digitized by Panjab Digital Library | www.panjabdigilib.org

ਵਿਦਿਅਕ ਕਾਨਫ੍ਰੰਸ ਅਗਲੇ ਬਾਈ ਸਾਲ, ਅਰਥਾਤ ੧੯੩੬ ਈ. ਤਕ ਨ ਹੋ ਸਕੀ ਕਿਉਂਜੋ ਲਾਇਲਪੁਰੀ ਨੇਤਾਵਾਂ ਵਿਚੋਂ ਕਿਸੇ ਨੇ ਵੀ ਉਨ੍ਹਾਂ ਨੂੰ ਉਥੇ ਆਉਣ ਦਾ ਸੱਦਾ ਨ ਦਿੱਤਾ।

ਐਜੀਟੇਸ਼ਨ ਦੇ ਵਧੇਰੇ ਜ਼ੋਰ ਪਕੜਨ ਨਾਲ ਸਰਕਾਰ ਲਈ ਜ਼ਰੂਰੀ ਹੋ ਗਿਆ ਕਿ ਉਹ ਕੰਧ ਢਾਹ ਕੇ ਨਕਸ਼ੇ ਅਨੁਸਾਰ ਸੜਕ ਬਣਾਉਣ ਲਈ ਸਿੱਖ ਪ੍ਰਤਿਨਿਧੀਆਂ ਦੀ ਪ੍ਰਵਾਨਗੀ ਲਏ। ਉਸ ਨੇ ਚੀਫ਼ ਖ਼ਾਲਸਾ ਦੀਵਾਨ ਨੂੰ ਲਿਖਿਆ। ਜਲੰਧਰ ਦੀ ਵਿਦਿਅਕ ਕਾਨਫ੍ਰੰਸ ਵਿਚ ਰੌਲਾ ਪੈਣ ਕਾਰਣ ਚੀਫ਼ ਖ਼ਾਲਸਾ ਦੀਵਾਨ ਲਈ ਵੀ ਆਪਣੇ ਬਲ ਤੇ ਫ਼ੈਸਲਾ ਦੇਣਾ ਮੁਸ਼ਕਿਲ ਹੋ ਗਿਆ। ਉਸ ਨੇ ੩ ਮਈ ੧੯੧੪ ਨੂੰ ਟਾਊਨ ਹਾਲ, ਅੰਮ੍ਰਿਤਸਰ, ਵਿਚ ਇਸ ਸੰਬੰਧੀ ਫ਼ੈਸਲਾ ਲੈਣ ਲਈ ਇਕ ਪੰਥਕ ਇਕੱਠ ਕੀਤਾ। ਸਾਰੀਆਂ ਸਿੱਖ ਸੰਸਥਾਵਾਂ ਦੇ ਪ੍ਰਤਿਨਿਧ ਬੁਲਾਏ ਗਏ ਤੇ ਕਈ ਲੋਕ ਅਣਬੁਲਾਏ ਵੀ ਆਣ ਪਹੁੰਚੇ। ਹਾਲ ਵਿਚ ਬਹੁਤ ਭੀੜ ਹੋ ਗਈ। ਚੀਫ਼ ਖ਼ਾਲਸਾ ਦੀਵਾਨ ਨੇ ਇਕ ਸਮਝੌਤੇ ਵਾਲਾ ਨਰਮ ਜੇਹਾ ਮਤਾ ਪੇਸ਼ ਕੀਤਾ ਤੇ ਉਸ ਵਿਚ ਨਕਸ਼ੇ ਮੁਤਾਬਕ ਕੁਝ ਵਾਧੇ ਘਾਟੇ ਕਰਕੇ ਕੰਧ ਬਣਾਉਣ ਦੀ ਆਗਿਆ ਦੇਣ ਦੀ ਤਜਵੀਜ਼ ਰੱਖੀ। ਇਸ ਮਤੇ ਦੇ ਹੱਕ ਤੇ ਵਿਰੋਧ ਵਿਚ ਬਹੁਤ ਕੁਝ ਕਿਹਾ ਗਿਆ, ਪਰ ਫ਼ੈਸਲਾ ਕੁਝ ਨ ਹੋ ਸਕਿਆ। ਸਾਰਾ ਸਮਾਗਮ ਰੌਲੇ ਰੱਪੇ ਵਿਚ ਹੀ ਮੁੱਕਿਆ। ਚੀਫ਼ ਖ਼ਾਲਸਾ ਦੀਵਾਨ ਦੇ ਮੁਖੀ ਕਹਿੰਦੇ ਸਨ ਕਿ ਮਤਾ ਪਾਸ ਹੋ ਗਿਆ ਹੈ; ਸ. ਹਰਚੰਦ ਸਿੰਘ ਤੇ ਸ. ਤੇਜਾ ਸਿੰਘ ਸਮੁੰਦ੍ਰੀ ਦੇ ਧੜੇ ਵਾਲੇ ਕਹਿੰਦੇ ਸਨ ਕਿ ਮਤਾ ਪਾਸ ਨਹੀਂ ਹੋਇਆ। ਇਸ ਧੜੇ ਦੀ ਮੰਗ ਸੀ ਕਿ ਕੰਧ ਪਹਿਲੇ ਵਾਂਗ ਉਸਾਰ ਦਿੱਤੀ ਜਾਵੇ। ਇਸ ਸਮਾਗਮ ਤੋਂ ਪਿੱਛੋਂ ਵਿਰੋਧ ਖ਼ਤਮ ਹੋਣ ਦੀ ਥਾਂ ਹੋਰ ਤੇਜ਼ ਹੋ ਗਿਆ।

੩੧ ਮਈ ੧੯੧੪ ਨੂੰ ਗੁਰਦਵਾਰਾ ਰਿਕਾਬ ਗੰਜ ਬਾਰੇ ਵਿਚਾਰ ਕਰਨ ਲਈ ਲੰਗੇ ਮੰਡੀ ਲਾਹੌਰ ਵਿਚ ਸਿੱਖ ਮੁਖੀਆਂ ਦੀ ਫਿਰ ਇਕਤ੍ਰਤਾ ਹੋਈ ਜਿਸ ਵਿਚ ਭਾਈ ਰਣਧੀਰ ਸਿੰਘ ਜੀ ਵੀ ਆਪਣੇ ਜਥਿਆਂ ਸਮੇਤ ਪਹੁੰਚੇ। ਇਕਤ੍ਰਤਾ ਵਿਚ ਸਰਕਾਰ ਦੇ ਫ਼ੈਸਲੇ ਦੀ ਨਿਖੇਧੀ ਕੀਤੀ ਗਈ।

ਐਜੀਟੇਸ਼ਨ ਦੇ ਚਲਾਣ ਲਈ ਪ੍ਰੈਸ ਦੀ ਲੋੜ ਮਹਿਸੂਸ ਕਰਦਿਆਂ ਸ. ਹਰਚੰਦ ਸਿੰਘ ਨੇ ਸਾਥੀ ਲੀਡਰਾਂ ਦੀ ਸਹਾਇਤਾ ਨਾਲ ਉਰਦੂ ਵਿਚ ਇਕ ਹਫ਼ਤਾਵਾਰੀ ਅਖ਼ਬਾਰ, 'ਖ਼ਾਲਸਾ' ਵੀ ਜਾਰੀ ਕੀਤਾ। ਇਹ ਅਖ਼ਬਾਰ ਬਹੁਤ ਗਰਮ ਖ਼ਿਆਲਾਂ ਵਾਲਾ ਸਮਝਿਆ ਜਾਂਦਾ ਸੀ। ਇਸ ਅਖ਼ਬਾਰ ਨਾਲ ਚੀਫ਼ ਖ਼ਾਲਸਾ ਦੀਵਾਨ ਦੀ ਅੰਨ੍ਹੀਂ ਸਰਕਾਰ ਭਗਤੀ ਦੇ ਖ਼ਿਲਾਫ਼ ਆਵਾਜ਼ ਉਠਾਈ ਗਈ। ਇਸ ਪ੍ਰਚਾਰ ਨਾਲ ਆਮ ਸਿੱਖਾਂ ਵਿਚ ਸਰਕਾਰ ਤੇ ਚੀਫ਼ ਖ਼ਾਲਸਾ ਦੀਵਾਨ ਵਿਰੁੱਧ ਬੜੀ ਨਾਰਾਜ਼ਗੀ ਫੈਲੀ। ਇਸ ਉੱਪਰ ਸਿਤਮ-ਜ਼ਰੀਫੀ ਇਹ ਕਿ ਸਰਕਾਰ ਨੇ ਚੀਫ਼ ਖ਼ਾਲਸਾ ਦੀਵਾਨ ਦਾ ਨਰਮ ਤੇ ਸਮਝੌਤੇ ਵਾਲਾ ਮਤਾ ਵੀ ਪ੍ਰਵਾਨ ਨ ਕੀਤਾ।

ਸਿੱਖ ਜਨਤਾ ਵਿਚ ਜੋਸ਼ ਵਧ ਜਾਣ ਨਾਲ ਸਰਕਾਰ ਦੀ ਇਸ ਆਪਹੁਦਰੀ ਨੀਤੀ ਵਿਰੁੱਧ ਥਾਂ ਥਾਂ ਜਲਸੇ ਹੋਣ ਲਗੇ। ਲਾਹੌਰ ਪਿੱਛੋਂ ਪੱਟੀ, ਰੋਪੜ, ਗੋਜਰਾ, ਖੰਨਾ ਤੇ ਭਸੌੜ ਵਿਚ ਜਲਸੇ ਹੋਏ। ਸ. ਤੇਜਾ ਸਿੰਘ ਚੂਹੜਕਾਣਾ ਇਨ੍ਹਾਂ ਜਲਸਿਆਂ ਲਈ ਲੋਕਾਂ ਨੂੰ

Digitized by Panjab Digital Library | www.panjabdigilib.org

ਤਿਆਰ ਕਰਨ ਹਿੱਤ ਪਹਿਲਾਂ ਪਹੁੰਚ ਕੇ ਇਸ਼ਤਿਹਾਰ ਆਦਿ ਵੰਡਦੇ ਤੇ ਲੋੜੀਂਦਾ ਪ੍ਰਚਾਰ ਕਰਦੇ। ਪੱਟੀ ਦੇ ਦੀਵਾਨ ਦਾ ਭਾਰ ਬਾਬਾ ਕਿਹਰ ਸਿੰਘ ਪੱਟੀ ਨੇ ਚੁੱਕਿਆ ਤੇ ਸ. ਤੇਜਾ ਸਿੰਘ ਸਮੁੰਦ੍ਰੀ ਉਨ੍ਹਾਂ ਦੀ ਸਹਾਇਤਾ ਨੂੰ ਪਹੁੰਚੇ। ਗੋਜਰਾ ਆਦਿ ਹੋਰਨਾਂ ਥਾਵਾਂ ਤੇ ਵੀ ਆਪ ਨੇ ਜਲਸਿਆਂ ਨੂੰ ਸਫ਼ਲ ਬਣਾਉਣ ਲਈ ਚੋਖਾ ਕੰਮ ਕੀਤਾ। ਬਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਵਲੋਂ ਵੀ ਸਰਕਾਰ ਨੂੰ ਮਤੇ ਤੇ ਤਾਰਾਂ ਆਉਣੀਆਂ ਸ਼ੁਰੂ ਹੋ ਗਈਆਂ।

ਅੰਗ੍ਰੇਜ਼ ਸਰਕਾਰ ਇਹ ਵੇਖਕੇ ਘਬਰਾ ਗਈ। ਓਦੋਂ ਹੀ ੪ ਅਗਸਤ ੧੯੧੪ ਨੂੰ ਪਹਿਲਾ ਸੰਸਾਰ ਯੁੱਧ ਆਰੰਭ ਹੋਇਆ। ਇਸ ਤੇ ਲਾਇਲਪੁਰ ਦੇ ਡਿਪਟੀ ਕਮਿਸ਼ਨਰ ਨੇ ਸ. ਹਰਚੰਦ ਸਿੰਘ ਨੂੰ ਆਖਿਆ, "ਹੁਣ ਜੰਗ ਸ਼ੁਰੂ ਹੋ ਗਿਆ ਹੈ ਤੇ ਹਕੂਮਤ ਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ। ਤੁਸੀਂ ਰਿਕਾਬ ਗੰਜ ਦਾ ਅੰਦੋਲਨ ਹੁਣ ਬੰਦ ਕਰ ਦਿਓ; ਸਰਕਾਰ ਨੇ ਕੰਧ ਢਾਹੁਣੀ ਬੰਦ ਕਰ ਦਿੱਤੀ ਹੈ। ਇਸ ਨੂੰ ਮੁੜ ਕੇ ਕਿਵੇਂ ਚੜ੍ਹਾਉਣਾ ਹੈ ?—ਇਸ ਦਾ ਫ਼ੈਸਲਾ ਜੰਗ ਦੇ ਖਾਤਮੇ ਮਗਰੋਂ ਸਿੱਖ ਪ੍ਰਤਿਨਿਧੀਆਂ ਦੀ ਸਲਾਹ ਨਾਲ ਕੀਤਾ ਜਾਏਗਾ। ਸਿੱਖਾਂ ਦੀ ਪ੍ਰਵਾਨਗੀ ਬਗ਼ੈਰ ਸਰਕਾਰ ਕੁਝ ਨਹੀਂ ਕਰੇਗੀ[2]।" ਸ. ਹਰਚੰਦ ਸਿੰਘ ਜੀ ਮੰਨ ਗਏ ਤੇ ਉਨ੍ਹਾਂ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਅੰਦੋਲਨ ਬੰਦ ਕਰਾ ਦਿੱਤਾ।

ਗੁਰਦਵਾਰਾ ਰਿਕਾਬ ਗੰਜ ਦੀ ਲਹਿਰ ਦੇ ਦੌਰਾਨ ਸ. ਤੇਜਾ ਸਿੰਘ ਸਮੁੰਦ੍ਰੀ ਲਹਿਰ ਵਿਚ ਸ਼ੁਰੂ ਤੋਂ ਅਖ਼ੀਰ ਤਕ ਸ. ਹਰਚੰਦ ਸਿੰਘ ਨਾਲ ਜੁੜੇ ਰਹੇ ਤੇ ਇਸ ਲਹਿਰ ਨੂੰ ਚਲਾਣ ਲਈ ਚੋਖਾ ਹਿੱਸਾ ਪਾਇਆ। ਇਸ ਗੱਲ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਗੁਰਦਵਾਰਾ ਰਿਕਾਬ ਗੰਜ ਦੀ ਲਹਿਰ ਦੇ ਭਖਣ ਉੱਤੇ ਜਿਥੇ ਸ. ਹਰਚੰਦ ਸਿੰਘ ਦੀ ਨਿਗਰਾਨੀ ਉੱਪਰ ਸਿਕੰਦਰ ਲਾਲ ਨਾਂ ਦਾ ਇਕ ਸੂਹੀਆ ਜਨਵਰੀ ੧੯੧੪ ਤੋਂ ਲਾਇਆ ਗਿਆ ਸੀ, ਉਥੇ ਉਨ੍ਹਾਂ ਦਿਨਾਂ ਵਿਚ ਹੀ ਸ. ਤੇਜਾ ਸਿੰਘ ਸਮੁੰਦ੍ਰੀ ਉੱਪਰ ਵੀ ਉਨ੍ਹਾਂ ਦੇ ਪਿੰਡ, ਚੱਕ ੧੪੦, ਵਿਚ ਉਨ੍ਹਾਂ ਦੀਆਂ ਸਰਗਰਮੀਆਂ ਤੇ ਅੱਖ ਰੱਖਣ ਲਈ ਇਕ ਪੁਲਸੀਆ ਵੀ ਨਿਯਤ ਕਰ ਦਿੱਤਾ ਗਿਆ ਸੀ।

ਸ. ਤੇਜਾ ਸਿੰਘ ਸਮੁੰਦ੍ਰੀ ਦੇ ਸਾਹਿਬਜ਼ਾਦੇ, ਸ. ਮਾਨ ਸਿੰਘ, ਦੱਸਦੇ ਹਨ ਕਿ ਬਾਵਜੂਦ ਪੁਲਿਸ ਦੀ ਨਿਗਰਾਨੀ ਦੇ ਸ. ਤੇਜਾ ਸਿੰਘ ਦੂਜੇ ਤੀਜੇ ਦਿਨ ਲਾਇਲਪੁਰ ਜਾ ਕੇ ਸ. ਹਰਚੰਦ ਸਿੰਘ ਨੂੰ ਮਿਲ ਆਇਆ ਕਰਦੇ ਸਨ। ਉਨ੍ਹਾਂ ਇਸ ਕੰਮ ਲਈ ਇਕ ਬਹੁਤ ਤੇਜ਼ ਰਫ਼ਤਾਰ ਬੋਤਾ ਰੱਖਿਆ ਹੋਇਆ ਸੀ ਜੋ ਰਾਤ ਦੇ ਹਨੇਰੇ ਵਿਚ ਸਹਿਜੇ ਹੀ ਵੀਹ ਪੰਝੀ ਕੋਹ ਕਰ ਕੇ ਸ. ਹਰਚੰਦ ਸਿੰਘ ਦੀ ਕੋਠੀ ਪਹੁੰਚਦਾ ਅਤੇ ਤੜਕੇ, ਜਦੋਂ ਹਾਲੀ ਮੂੰਹ ਝਾਖਰਾ ਹੀ ਹੁੰਦਾ, ਵਾਪਸ ਚੱਕ ਨੰਬਰ ੧੪੦ ਵਿਚ ਪਹੁੰਚ ਜਾਂਦਾ। ਇੰਜ ਦੋਹਾਂ ਲੀਡਰਾਂ ਵਿਚ ਪੂਰਾ ਪੂਰਾ ਸੰਪਰਕ ਬਣਿਆ ਹੋਇਆ ਸੀ ਤੇ ਲਹਿਰ ਦੀ ਗਤੀ ਦਾ ਉਹ ਜਾਇਜ਼ਾ ਲੈਂਦੇ ਰਹਿੰਦੇ ਸਨ।

---

[2] ਹੀਰਾ ਸਿੰਘ ਦਰਦ, 'ਮੇਰੀਆ ਕੁਝ ਇਤਿਹਾਸਕ ਯਾਦਾਂ', ਪੰਨਾ ੧੪੬.

Digitized by Panjab Digital Library | www.panjabdigilib.org

ਪਹਿਲੀ ਵੱਡੀ ਜੰਗ ਦੇ ਖ਼ਾਤਮੇ ਪਿੱਛੋਂ, ਮਈ ੧੯੨੦ ਵਿਚ, ਜਦ ਅਕਾਲੀ ਅਖ਼ਬਾਰ ਕੱਢਿਆ ਗਿਆ ਤਾਂ ਉਸ ਦੇ ਪਹਿਲੇ ਪਰਚੇ ਵਿਚ ਹੀ ਸਿੱਖਾਂ ਦੀਆਂ ਪੰਜ ਜ਼ਰੂਰੀ ਮੰਗਾਂ ਵਿਚੋਂ ਇਕ ਗੁਰਦਵਾਰਾ ਰਿਕਾਬ ਗੰਜ ਦੀ ਕੰਧ ਦੇ ਮੁੜ ਚੜ੍ਹਾਉਣ ਦੀ ਰੱਖੀ ਗਈ। ਇਸ ਨਾਲ ਸਿੱਖ ਜਨਤਾ ਦੇ ਦਿਲ ਵਿਚ ਕੰਧ ਸੰਬੰਧੀ ਦੱਬੀ ਹੋਈ ਨਾਰਾਜ਼ਗੀ ਮੁੜ ਜਾਗ ਪਈ। ਜੰਗ ਖ਼ਤਮ ਹੋਈ ਨੂੰ ਦੋ ਢਾਈ ਸਾਲ ਗੁਜ਼ਰ ਚੁਕੇ ਸਨ ਪਰ ਸਰਕਾਰ ਨੇ ਆਪਣੇ ਇਕਰਾਰ ਮੁਤਾਬਕ ਕੰਧ ਦੀ ਉਸਾਰੀ ਲਈ ਕੋਈ ਕਦਮ ਨ ਚੁੱਕਿਆ।

ਮਾਸਟਰ ਮੋਤਾ ਸਿੰਘ, ਸ. ਹਰਚੰਦ ਸਿੰਘ ਤੇ ਸ. ਤੇਜਾ ਸਿੰਘ ਸਮੁੰਦ੍ਰੀ ਇਕ ਦਿਨ ਸ. ਸਰਦੂਲ ਸਿੰਘ ਕਵੀਸ਼ਰ ਦੇ ਡੇਰੇ, ਲਾਹੌਰ ਵਿਚ, ਇਕੱਠੇ ਹੋਏ ਅਤੇ ਇਹ ਸੁਝਾਉ ਦਿੱਤਾ ਕਿ ਹੁਣ ਜਦੋਂ ਸਾਰੇ ਦੇਸ਼ ਵਿਚ ਆਜ਼ਾਦੀ ਦੀ ਨਵੀਂ ਲਹਿਰ ਚਲ ਰਹੀ ਹੈ, ਗੁਰਦਵਾਰਾ ਰਿਕਾਬ ਗੰਜ ਬਾਬਤ ਖ਼ਾਸ ਕਦਮ ਉਠਾਉਣਾ ਚਾਹੀਦਾ ਹੈ। ਇਸ ਫ਼ੈਸਲੇ ਦੀ ਪਾਲਣਾ ਵਿਚ ਸ. ਸਰਦੂਲ ਸਿੰਘ ਕਵੀਸ਼ਰ ਨੇ ਇਕ 'ਸ਼ਹੀਦੀ ਜਥਾ' ਤਿਆਰ ਕਰਨ ਲਈ 'ਅਕਾਲੀ' ਅਖ਼ਬਾਰ ਦੇ ਜੂਨ ਜਾਂ ਜੁਲਾਈ ੧੯੨੦ ਦੇ ਕਿਸੇ ਪਰਚੇ ਵਿਚ ਇਕ ਲੰਮੀ ਚਿੱਠੀ ਛਪਵਾਈ ਤੇ ਲਿਖਿਆ ਕਿ ਜਥੇ ਵਿਚ ਉਹ ਸੱਜਨ ਨਾਂ ਦੇਣ ਜਿਹੜੇ ਸ਼ਾਂਤਮਈ ਰਹਿੰਦੇ ਹੋਏ ਜਾਨ ਤਕ ਕੁਰਬਾਨ ਕਰਨ ਲਈ ਤਿਆਰ ਹਨ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਜਿਸ ਵੇਲੇ ਅਖ਼ਬਾਰ ਪੜ੍ਹੀ, ਉਸੇ ਵੇਲੇ ਆਪਣਾ ਨਾਮ ਸ਼ਹੀਦੀ ਜਥੇ ਵਿਚ ਸ਼ਾਮਲ ਕਰਨ ਲਈ ਭੇਜ ਦਿੱਤਾ[੩]। ਉਸ ਸਮੇਂ ਸਿੱਖਾਂ ਵਿਚ ਜੋਸ਼ ਬਹੁਤ ਵਧਿਆ ਹੋਇਆ ਸੀ। ਪੰਦਰਾਂ ਦਿਨਾਂ ਦੇ ਅੰਦਰ ਅੰਦਰ ੭੦੦ ਤੋਂ ਉੱਪਰ ਸਿੰਘਾਂ ਨੇ ਇਸ ਸੁਭ ਕਾਰਜ ਲਈ ਆਪਣੀ ਸੇਵਾ ਭੇਂਟ ਕਰ ਦਿੱਤੀ। ਕੁਝ ਕੁ ਦਿਨਾਂ ਵਿਚ ਹੀ ਇਹ ਗਿਣਤੀ ਵਧ ਕੇ ਹਜ਼ਾਰ ਤਕ ਜਾ ਪਹੁੰਚੀ। ਨਾਂ ਦੇਣ ਵਾਲਿਆਂ ਵਿਚ ਕੁਝ ਹਿੰਦੂ ਤੇ ਮੁਸਲਮਾਨ ਵੀ ਸਨ।

ਲਏ ਗਏ ਉਪਰੋਕਤ ਫ਼ੈਸਲੇ ਅਨੁਸਾਰ ਸ਼ਹੀਦੀ ਜਥੇ ਦੇ ਮੈਂਬਰਾਂ ਨੇ ੧ ਦਸੰਬਰ ੧੯੨੦ ਨੂੰ ਕੰਧ ਉਸਰਵਾਉਣ ਲਈ ਦਿੱਲੀ ਜਾਣ ਦਾ ਫ਼ੈਸਲਾ ਕੀਤਾ। ਇਸ ਉੱਤੇ ਸਰਕਾਰ ਘਬਰਾ ਗਈ ਤੇ ਉਸ ਨੇ ਢਾਹੀ ਹੋਈ ਕੰਧ ਮੁੜ ਉਸੇ ਤਰ੍ਹਾਂ ਚੜ੍ਹਾ ਲੈਣ ਲਈ ਸਿੱਖਾਂ ਨੂੰ ਕਹਿ ਦਿੱਤਾ; ਪਰ ਸਿੱਖ ਕੌਮ ਦੀ ਤਾਂ ਇਹ ਮੰਗ ਸੀ ਕਿ ਜਿਸ ਸਰਕਾਰ ਨੇ ਇਹ ਕੰਧ ਢਾਹੀ ਹੈ, ਉਹੀ ਚੜ੍ਹਾਵੇ। ਅੰਤ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਪੰਜਾਬ ਸਰਕਾਰ ਰਾਹੀਂ ਦਿੱਲੀ ਸਰਕਾਰ ਉੱਤੇ ਜ਼ੋਰ ਪਾਣ ਤੇ ਦਿੱਲੀ ਸਰਕਾਰ ਨੇ ਜਥੇ ਦੇ ਚਾਲੇ ਪਾਣ ਤੋਂ ਪਹਿਲਾਂ ਹੀ ਕੰਧ ਪਹਿਲੇ ਵਾਂਗ ਚੜ੍ਹਾ ਦਿੱਤੀ ਤੇ ਇੰਜ ਇਹ ਝਗੜਾ ਖ਼ਤਮ ਹੋਇਆ।

---

[੩] 'ਫੁਲਵਾੜੀ' (ਅਗਸਤ ੧੯੨੬), ਪੰਨਾ ੮੪੦.

Digitized by Panjab Digital Library | www.panjabdigilib.org

੬

# ਗੁਰਦਵਾਰਾ ਸੁਧਾਰ ਲਈ ਜਾਗ੍ਰਤੀ

ਜਦ ਵੀ ਕੋਈ ਨਵੀਂ ਲਹਿਰ ਉਠਦੀ ਹੈ ਤਾਂ ਉਸ ਦੀ ਤਹਿ ਵਿਚ ਕੋਈ ਨ ਕੋਈ ਪੁਰਾਣਾ ਕਾਰਣ ਹੋਇਆ ਕਰਦਾ ਹੈ। ਇਹੀ ਗੱਲ ਗੁਰਦਵਾਰਾ ਸੁਧਾਰ ਲਹਿਰ ਬਾਰੇ ਵੀ ਕਹੀ ਜਾ ਸਕਦੀ ਹੈ। ਗੁਰਦਵਾਰਾ ਸੁਧਾਰ ਲਹਿਰ ਕੋਈ ਅਚਨਚੇਤ ਚੱਲੀ ਲਹਿਰ ਨਹੀਂ ਸੀ। ਇਹ ਸਗੋਂ ਕਈ ਕਾਰਣਾਂ ਦਾ ਮਿਲਵਾਂ ਸਿੱਟਾ ਸੀ। ਇਸ ਦਾ ਮੁੱਢ ਤਾਂ ਪਿਛਲੀ ਸਦੀ ਦੇ ਅੰਤਲੇ ਤਿੰਨ ਦਹਾਕਿਆਂ ਵਿਚ ਚੱਲੀ ਸਿੰਘ ਸਭਾ ਲਹਿਰ ਨਾਲ ਬਝ ਚੁਕਾ ਸੀ, ਪਰ ਇਹ ਪੂਰੇ ਜੋਬਨ ਵਿਚ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਆਈ।

ਸਿੰਘ ਸਭਾ ਲਹਿਰ, ਜਿਵੇਂ ਕਿ ਅਸੀਂ ਜਾਣਦੇ ਹਾਂ, ਆਰੀਆ ਸਮਾਜ ਅਤੇ ਈਸਾਈ ਪਾਦਰੀਆਂ ਦੇ ਸਿੱਖੀ ਉੱਪਰ ਹਮਲਿਆਂ ਦੇ ਜਵਾਬ ਵਜੋਂ ਸ਼ੁਰੂ ਹੋਈ। ਇਸ ਦੇ ਫਲਸ੍ਵਰੂਪ ਸਿੱਖਾਂ ਵਿਚ ਨਵੀਂ ਜਾਗ੍ਰਤੀ ਆਈ ਅਤੇ ਥਾਂ ਥਾਂ ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋਈਆਂ। ਇਨ੍ਹਾਂ ਦਾ ਮਨਸ਼ਾ ਗੁਰਧਾਮਾਂ ਵਿਚ ਵਾਪਰ ਰਹੀ ਕੁਰੀਤੀ ਨੂੰ ਦੂਰ ਕਰਨਾ ਅਤੇ ਸਿੱਖਾਂ ਨੂੰ ਸਨਾਤਨੀ ਕਰਮ ਕਾਂਡ ਦੇ ਝੰਜਟ ਤੋਂ ਆਜ਼ਾਦ ਕਰਾਣਾ ਸੀ ਜੋ ਗੁਰਦਵਾਰਿਆਂ ਦੇ ਅੰਦਰ ਵੀ ਜੰਮ ਚੁਕਿਆ ਸੀ। ਪਰ, ਇਹ ਗੱਲ ਇੱਨੀ ਸਹਿਲ ਨਹੀਂ ਸੀ। ਬਹੁਤੇ ਗੁਰਦਵਾਰੇ ਮਹੰਤਾਂ ਦੇ ਕਬਜ਼ੇ ਵਿਚ ਸਨ ਤੇ ਉਨ੍ਹਾਂ ਨੇ ਇਨ੍ਹਾਂ ਨੂੰ ਨਿਜੀ ਮਾਲਕੀ ਬਣਾਇਆ ਹੋਇਆ ਸੀ। ਉਨ੍ਹਾਂ ਵਿਚ ਨ ਕਰਮ ਧਰਮ ਸੀ, ਨ ਸਿੱਖੀ ਦੀ ਰਹੁ ਰੀਤ। ਉਹ ਅਤਿ ਦਰਜੇ ਦੇ ਭ੍ਰਿਸ਼ਟ ਤੇ ਦੁਰਾਚਾਰੀ ਸਨ। ਦਰਦ ਰੱਖਣ ਵਾਲੇ ਸਿੱਖ ਇਹ ਸਭ ਕੁਝ ਦੇਖਦੇ ਹੋਏ ਵੀ ਮਜਬੂਰ ਸਨ ਕਿਉਂ ਜੋ ਕਾਨੂੰਨ ਮਹੰਤਾਂ ਵਲ ਸੀ।

ਉਧਰ ਮਜ਼ਬੀ ਖਿੱਚੋਤਾਣ ਆਪਣੇ ਕੋਝੇ ਜਹੇ ਢੰਗ ਨਾਲ ਲਗਾਤਾਰ ਚਲ ਰਹੀ ਸੀ। ਈਸਾਈ ਮੁਸਲਮਾਨਾਂ ਦੀਆਂ ਟੰਗਾਂ ਖਿੱਚ ਰਹੇ ਸਨ ਤੇ ਆਰੀਆ ਸਮਾਜੀ ਸਿੱਖਾਂ ਦੀਆਂ; ਅਤੇ ਸਿੱਖ ਆਪਣੀ ਥਾਂ ਦੂਜਿਆਂ ਨਾਲ ਉਹੋ ਭਾਣਾ ਵਰਤਾਣ ਦੀ ਫ਼ਿਕਰ ਵਿਚ ਸਨ।

"ਸੰਨ ੧੯੦੮ ਦਾ ਜ਼ਿਕਰ ਹੈ, ਜਲੰਧਰ ਸ਼ਹਿਰ ਵਿਚ ਆਰੀਆ ਸਮਾਜੀਆਂ ਨੇ ਆਪਣਾ ਐਤਵਾਰੀ ਜਲਸਾ ਕੀਤਾ ਜਿਸ ਵਿਚ ਅਠਤਾਲੀ ਗੁਰਸਿੱਖਾਂ ਨੂੰ ਪਤਿਤ ਕੀਤਾ ਗਿਆ ਅਤੇ ਇਨ੍ਹਾਂ ਦੇ ਕੇਸ ਕਤਲ ਕਰਕੇ ਸਿੱਖ ਹਿਰਦੇ ਨੂੰ ਠੇਸ ਪਹੁੰਚਾਉਣ ਲਈ ਉਨ੍ਹਾਂ ਦਾ ਰੱਸਾ ਵੱਟ ਕੇ ਬਾਜ਼ਾਰ ਵਿਚ ਢਾਈ ਆਨੇ ਤੋਂ ਨੀਲਾਮ ਕੀਤਾ ਗਿਆ"[1]। ਇਹ

[1]ਮੋਹਾਂ ਸਿੰਘ, "ਸਾਕਾ ਸ੍ਰੀ ਨਾਨਕਾਣਾ ਸਾਹਿਬ ਸੰਬੰਧੀ ਅੱਖੀਂ ਡਿੱਠੇ ਤੇ ਹੱਥੀਂ ਵਰਤੇ ਹਾਲਾਤ", 'ਗੁਰੂ ਨਾਨਕ ਦਰਸ਼ਨ' (ਫਰਵਰੀ ੧੯੩੩), ਪੰਨਾ ੭-੮.

Digitized by Panjab Digital Library | www.panjabdigilib.org

ਖ਼ਬਰ ਸਿੱਖ ਪੰਥ ਵਿਚ ਬਲਦੀ ਅੱਗ ਵਾਂਗ ਫੈਲ ਗਈ । ਸਿੰਘ ਸਭਾ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਕਾਰਕੁਨਾਂ ਨੂੰ ਬਹੁਤ ਦੁਖ ਹੋਇਆ । ਸਿੱਖ ਸੰਗਤਾਂ ਨੇ ਜਲੰਧਰ ਨੂੰ ਵਹੀਰਾਂ ਘਤ ਦਿੱਤੀਆਂ ਅਤੇ ਇਸ ਤੋਂ ਅਗਲੇ ਐਤਵਾਰ ਉੱਥੇ ਖ਼ਾਲਸੇ ਦਾ ਭਾਰੀ ਦੀਵਾਨ ਹੁਮਹੁਮਾ ਕੇ ਸਜਿਆ, ਜਿਸ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਰਵਿਦਾਸੀਆਂ, ਰਹਿਤੀਆਂ ਅਤੇ ਚੰਮਾਰਾਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਇਨ੍ਹਾਂ ਦੇ ਹੱਥੋਂ ਲੰਗਰ ਤਿਆਰ ਕਰਵਾ ਕੇ ਸੰਗਤਾਂ ਨੂੰ ਵਰਤਾਇਆ ਗਿਆ । ਚੀਫ਼ ਖ਼ਾਲਸਾ ਦੀਵਾਨ ਵਾਸਤੇ ਇਹ ਪਹਿਲਾ ਦਿਨ ਸੀ ਜਿਸ ਦਿਨ ਅਛੂਤ ਜਾਤੀਆਂ ਨੂੰ ਸਿੱਖਾਂ ਵਲੋਂ ਇਕ ਸੰਗਤ ਪੰਗਤ ਵਿਚ ਬਹਾਇਆ ਤੇ ਲੰਗਰ ਵਰਤਾਇਆ ਗਿਆ ।

ਉਪਰੋਕਤ ਸਮਾਗਮ ਵਿਚ, ਸ. ਤੇਜਾ ਸਿੰਘ ਚੂਹੜਕਾਣਾ ਦੀ ਸੂਚਨਾ ਅਨੁਸਾਰ, ਸ. ਤੇਜਾ ਸਿੰਘ ਸਮੁੰਦ੍ਰੀ ਵੀ ਮੌਜੂਦ ਸਨ । ਜਵਾਨੀ ਦੇ ਮੁੱਢਲੇ ਸਾਲਾਂ ਵਿਚ ਇਨ੍ਹਾਂ ਦਾ ਬਹੁਤ ਸਮਾਂ ਸਿੰਘ ਸਭਾ ਲਹਿਰ ਦੇ ਕੰਮਾਂ ਵਿਚ ਹੀ ਲਗਦਾ ਸੀ, ਜਿਸ ਦਾ ਇਕ ਨਿਸ਼ਾਨਾ ਅਛੂਤ ਉਧਾਰ ਸੀ । ਇਨ੍ਹਾਂ ਦਿਨਾਂ ਵਿਚ ਹੀ ਇਨ੍ਹਾਂ ਦੇ ਆਪਣੇ ਪਿੰਡ ਦੇ ਇਕ ਤਿਆਰ-ਬਰ-ਤਿਆਰ ਰਵਿਦਾਸੀਏ ਸਿਖ, ਹਰਦਿਆਲ ਸਿੰਘ, ਨੇ ਇਨ੍ਹਾਂ ਪਾਸ ਸ਼ਿਕਾਇਤ ਕੀਤੀ ਕਿ ਮੈਂ ਅੰਮ੍ਰਿਤ ਪਾਨ ਕੀਤਾ ਹੋਇਆ ਹੈ ਅਤੇ ਸਿੱਖੀ ਰਹੁ ਰੀਤਿ ਵਿਚ ਪੂਰਾ ਹਾਂ, ਪਰ ਮੈਨੂੰ ਪਿੰਡ ਦੇ ਸਰਦਾਰ ਖੂਹ ਤੇ ਚੜ੍ਹਨ ਤਕ ਨਹੀਂ ਦੇਂਦੇ । ਦੂਜੇ ਪਾਸੇ, ਮੁਸਲਮਾਨਾਂ ਦਾ ਬੋਕਾ (ਚੰਮ ਦਾ ਡੋਲ) ਖੂਹ ਵਿਚ ਬਾਕਾਇਦਾ ਪੈਂਦਾ ਹੈ । ਸ. ਤੇਜਾ ਸਿੰਘ ਨੂੰ ਇਹ ਸੁਣ ਕੇ ਤੜਾ ਦੁਖ ਹੋਇਆ । ਉਨ੍ਹਾਂ ਉਸ ਨੂੰ ਅਗਲੀ ਭਲਕ ਖੂਹ ਤੇ ਪਹੁੰਚਣ ਲਈ ਕਿਹਾ ।

ਅਗਲੀ ਭਲਕ ਜਦੋਂ ਆਪ ਖੂਹ ਤੇ ਪਹੁੰਚੇ ਤਾਂ ਉਥੇ ਪਿੰਡ ਦਾ ਛੋਟਾ ਨੰਬਰਦਾਰ, ਸ਼ੇਰ ਸਿੰਘ, ਅਤੇ ਕੁਝ ਹੋਰ ਸਿਰਕੱਢ ਸਰਦਾਰ ਬੈਠੇ ਸਨ । ਆਪ ਵੀ ਉਨ੍ਹਾਂ ਵਿਚ ਜਾ ਬੈਠੇ । ਝਟ ਕੁ ਮਗਰੋਂ ਉਨ੍ਹਾਂ ਰਵਿਦਾਸੀਏ ਹਰਦਿਆਲ ਸਿੰਘ ਨੂੰ ਖੂਹ ਵਿਚੋਂ ਪਾਣੀ ਕੱਢ ਕੇ ਪਿਲਾਣ ਲਈ ਕਿਹਾ । ਇਸ ਉੱਤੇ ਛੋਟਾ ਨੰਬਰਦਾਰ, ਸ਼ੇਰ ਸਿੰਘ, ਕਹਿਣ ਲੱਗਾ ਕਿ "ਸਰਦਾਰ ਜੀ, ਮੈਂ ਆਪ ਤੁਹਾਨੂੰ ਪਾਣੀ ਕੱਢ ਕੇ ਪਿਲਾਂਦਾ ਹਾਂ" । ਆਪ ਨੇ ਕਿਹਾ ਕਿ "ਨਹੀਂ, ਅੱਜ ਇਹ ਸੇਵਾ ਹਰਦਿਆਲ ਸਿੰਘ ਪਾਸੋਂ ਹੀ ਲੈਣੀ ਹੈ" । ਇਹ ਸੁਣ ਸਾਰੇ ਚੁਪ ਕਰ ਗਏ । ਹਰਦਿਆਲ ਸਿੰਘ ਉੱਠਿਆ ਤੇ ਉਸ ਪਾਣੀ ਦੀ ਬਾਲਟੀ ਕੱਢੀ । ਪਹਿਲਾਂ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਪ ਪਾਣੀ ਪੀਤਾ ਤੇ ਮਗਰੋਂ ਦੂਜਿਆਂ ਨੂੰ ਪਿਲਾਣ ਲਈ ਕਿਹਾ । ਉਨ੍ਹਾਂ ਦੇ ਕਹੇ ਨੂੰ ਕਿਸੇ ਵੀ ਨ ਮੋੜਿਆ ਅਤੇ ਹਰਦਿਆਲ ਸਿੰਘ ਹੱਥੋਂ ਸਭਨਾਂ ਪਾਣੀ ਪੀ ਲਿਆ । ਇਸ ਪਿੱਛੋਂ ਉਨ੍ਹਾਂ ਬੜੇ ਮਿੱਠੇ ਜੇਹੇ ਸ਼ਬਦਾਂ ਵਿਚ ਜਾਤੀ-ਅਭਿਮਾਨ ਤਿਆਗ ਕੇ ਅਛੂਤ ਭਰਾਵਾਂ ਨੂੰ ਗਲ ਨਾਲ ਲਾਉਣ ਦੀ ਪ੍ਰੇਰਣਾ ਦਿੱਤੀ ।

ਜਲੰਧਰ ਵਾਲੇ ਦੀਵਾਨ ਵਿਚ ਹੋਰਨਾਂ ਪਤਵੰਤਿਆਂ ਨਾਲ ਸ. ਸੁੰਦਰ ਸਿੰਘ ਮਜੀਠੀਆ ਵੀ ਸ਼ਾਮਲ ਸਨ । ਪਰ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਅਤੇ ਮਹੰਤਾਂ ਨੇ ਸਿੰਘ ਸਭੀਆਂ ਦੀ ਇਸ ਕਾਰਵਾਈ ਨੂੰ ਘ੍ਰਿਣਾ ਭਰੀ ਨਜ਼ਰ ਨਾਲ ਡਿੱਠਾ । ਨਤੀਜਾ ਇਹ ਹੋਇਆ ਕਿ ਇਸ ਤੋਂ ਕੁਝ ਚਿਰ ਪਿੱਛੋਂ, ਜਦ ਸ. ਸੁੰਦਰ ਸਿੰਘ ਜੀ ਆਪਣੇ ਵੱਡੇ ਲੜਕੇ ਦੀ

Digitized by Panjab Digital Library | www.panjabdigilib.org

ਸ਼ਾਦੀ ਦੀ ਖ਼ੁਸ਼ੀ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਏ ਤਾਂ ਆਪ ਦਾ ਲਿਆਂਦਾ ਕੜਾਹ ਪ੍ਰਸ਼ਾਦ ਪੁਜਾਰੀਆਂ ਪ੍ਰਵਾਨ ਨ ਕੀਤਾ ਅਤੇ ਅਰਦਾਸਾ ਨ ਸੋਧਿਆ।

ਇਸੇ ਸਮੇਂ ਇਕ ਦਿਨ ਇਕ ਸੂਬੇਦਾਰ ਪਿਨਸ਼ਨਰ ਭਾਈ ਵਸਾਵਾ ਸਿੰਘ ਨਾਮ ਦਾ ਤਿਆਰ-ਬਰ-ਤਿਆਰ ਮਜ਼੍ਹਬੀ ਸਿੱਖ ਸ੍ਰੀ ਚਮਕੌਰ ਸਾਹਿਬ ਦੇ ਗੁਰਦਵਾਰੇ ਪੁੱਜਾ ਅਤੇ ਪੰਜ ਰੁਪਏ ਖੋਲ੍ਹ ਕੇ ਬੇਨਤੀ ਕੀਤੀ ਕਿ ਇਸ ਰਕਮ ਦਾ ਪ੍ਰਸ਼ਾਦ ਮੇਰੀ ਵੱਲੋਂ ਭੇਂਟ ਕੀਤਾ ਜਾਵੇ ਅਤੇ ਮੈਨੂੰ ਅੰਦਰ ਜਾ ਕੇ ਗੁਰਦਵਾਰੇ ਦੇ ਦਰਸ਼ਨ ਦੀ ਆਗਿਆ ਦਿੱਤੀ ਜਾਵੇ, ਪਰੰਤੂ, ਸਮੇਂ ਦੇ ਪੁਜਾਰੀਆਂ ਵਲੋਂ ਆਪ ਦੀ ਬੇਨਤੀ ਰੱਦ ਕਰ ਦਿੱਤੀ ਗਈ; ਨ ਦਰਸ਼ਨ ਨਸੀਬ ਹੋਏ ਅਤੇ ਨ ਪ੍ਰਸ਼ਾਦ ਚੜ੍ਹਾਇਆ ਗਿਆ। ਇਸ ਗੱਲ ਤੇ ਭਾਈ ਵਸਾਵਾ ਸਿੰਘ ਨੂੰ ਇਤਨਾ ਰੰਜ ਹੋਇਆ ਕਿ ਉਸੇ ਵੇਲੇ ਸਣੇ ਪਰਿਵਾਰ ਕੇਸ ਕਤਲ ਕਰਵਾ ਲਏ। ਸਾਰੇ ਬੱਚੇ, ਅਤੇ ਜ਼ਨਾਨੀਆਂ ਤਕ, ਸੂਟ ਬੂਟ ਅਤੇ ਹੈਟ ਪਹਿਨ ਕੇ ਅਗਲੇ ਦਿਨ ਗੁਰਦਵਾਰੇ ਦਰਸ਼ਨਾਂ ਵਾਸਤੇ ਮੁੜ ਹਾਜ਼ਰ ਹੋਏ। ਪੁਜਾਰੀ ਸਾਹਿਬਾਨ ਨੇ ਇਨ੍ਹਾਂ ਨੂੰ ਇਕ ਉੱਚ ਘਰਾਣੇ ਦੇ ਸਾਹਿਬ ਲੋਕ ਸਮਝ ਗੁਰਦਵਾਰੇ ਦੇ ਅੰਦਰ ਬਾਹਰ ਲਿਜਾ ਕੇ ਦਰਸ਼ਨ ਕਰਾਏ ਅਤੇ ਗੁਰਦਵਾਰੇ ਦਾ ਸਾਰਾ ਇਤਿਹਾਸ ਖੋਲ੍ਹ ਕੇ ਦੱਸਿਆ। ਜਦੋਂ ਦਰਸ਼ਨ ਹੋ ਚੁਕੇ ਤਾਂ ਸਹਿਜੇ ਜੇਹੇ ਟੋਪੀ ਵਾਲੇ ਸਾਹਿਬ ਕਹਿਣ ਲੱਗੇ : "ਗ੍ਰੰਥੀ ਜੀ, ਆਪ ਨੂੰ ਪਤਾ ਹੈ, ਮੈਂ ਕੌਣ ਹਾਂ ?" ਫਿਰ ਜਦ ਉਸ ਨੇ ਆਪਣਾ ਅਸਲਾ ਦੱਸਿਆ ਤਾਂ ਗ੍ਰੰਥੀ ਨੂੰ ਸਿਵਾਇ ਇਸ ਦੇ ਕਿ ਤ੍ਰੇਲੋ ਤ੍ਰੇਲੀ ਹੋ ਜਾਵੇ, ਕੁਝ ਨ ਅਹੁੜੀ।[2]

ਸਿੰਘ ਸਭਾ ਦੇ ਪ੍ਰਚਾਰਕਾਂ ਵਿਚੋਂ ਇਕ ਉੱਘੀ ਪ੍ਰਚਾਰਿਕਾ ਪਿੰਡ ਛੱਜਲ ਵਢੀ, ਜ਼ਿਲਾ ਅੰਮ੍ਰਿਤਸਰ, ਦੀ ਮਾਈ ਰਾਮ ਕੌਰ ਸੀ। ਇਹ ਗੁਰਬਾਣੀ ਅਤੇ ਕੀਰਤਨ ਨਾਲ ਬੜਾ ਪ੍ਰੇਮ ਰੱਖਦੀ ਸੀ। ਇਕ ਦਿਨ ਇਹ ਮਾਈ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਦੇ ਦਰਸ਼ਨਾਂ ਨੂੰ ਆਈ ਅਤੇ ਕੀਰਤਨ ਸੁਣਦੇ ਸੁਣਦੇ ਐਸਾ ਪ੍ਰੇਮ ਆਇਆ ਕਿ ਉਸ ਨੇ ਇਕ ਜੋਟੀਆਂ ਦਾ ਸ਼ਬਦ ਆਰੰਭ ਦਿੱਤਾ। ਪੁਜਾਰੀਆਂ ਨੂੰ ਸਿੰਘ ਸਭਾ ਦੇ ਪ੍ਰਚਾਰ ਨਾਲ ਬੜੀ ਘ੍ਰਿਣਾ ਸੀ। ਸਿੰਘ ਸਭਾਈਆਂ ਦੀ ਤਰਜ਼ ਤੇ ਲੱਗਾ ਸ਼ਬਦ ਸੁਣ ਕੇ ਉਨ੍ਹਾਂ ਨੂੰ ਸੱਤੇ ਕਪੜੀਂ ਅੱਗ ਲਗ ਗਈ। ਗੁੱਸੇ ਵਿਚ ਉਹ ਮਾਈ ਜੀ ਨੂੰ ਧੂਹ ਕੇ ਦਰਬਾਰ ਸਾਹਿਬ ਦੇ ਉੱਪਰ ਲੈ ਗਏ ਅਤੇ ਇਤਨਾ ਮਾਰਿਆ ਕਿ ਮਾਈ ਜੀ ਦੀ ਪੱਸਲੀ ਟੁੱਟ ਗਈ। ਪੁਜਾਰੀ ਲੋਕ ਪੁਰਾਤਨ ਬ੍ਰਾਹਮਣਾਂ ਵਾਂਗ ਇਹ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਇਨ੍ਹਾਂ ਤੋਂ ਬਿਨਾ ਆਮ ਸਿੱਖ ਜਨਤਾ ਵਿਚ ਹੋਰ ਲੋਕ ਵੀ ਗੁਰਮਤਿ ਦੇ ਅਸੂਲਾਂ ਅਤੇ ਗੁਰਬਾਣੀ ਦੇ ਜਾਣੂ ਹੋਣ, ਕਿਉਂਕਿ ਅਜੇਹਾ ਹੋ ਜਾਣ ਨਾਲ ਉਨ੍ਹਾਂ ਦੀ ਚੌਧਰ ਵਿਚ ਫ਼ਰਕ ਆਉਣ ਦਾ ਡਰ ਸੀ।[3]

ਫਰਵਰੀ ਸਾਲ ੧੯੧੭ ਦਾ ਜ਼ਿਕਰ ਹੈ, ਇਕ ਦਿਨ ਖ਼ਾਲਸਾ ਮਿਡਲ ਸਕੂਲ ਸੱਚਾ ਸੌਦਾ ਦੇ ਕੁਝ ਸਿਆਣੇ ਵਿਦਿਆਰਥੀ ਸਕੂਲ ਦੇ ਪ੍ਰਬੰਧਕ ਸ੍ਰੀ ਮਾਨ ਭਾਈ ਕਰਤਾਰ ਸਿੰਘ

---

[2-3] ਮੀਹਾਂ ਸਿੰਘ, ਉਹੀ ਰਚਨਾ, ਪੰਨਾ ੯.

Digitized by Panjab Digital Library | www.panjabdigilib.org

ਝਬਰ ਪਾਸ ਆਏ ਤੇ ਰੋ ਪਏ। ਕਾਰਣ ਪੁੱਛਿਆ ਤਾਂ ਕਹਿਣ ਲਗੇ ਕਿ "ਅਸੀਂ ਅੱਜ ਸ਼ਹੀਦੀ ਗੁਰਦਵਾਰੇ ਗਏ ਸਾਂ, ਉਥੇ ਸ਼ਬਦ ਕੀਰਤਨ ਸੁਣਦੇ ਰਹੇ। ਜਦੋਂ ਭੋਗ ਦਾ ਸਮਾਂ ਆਇਆ ਤਾਂ ਪੁਜਾਰੀਆਂ ਨੇ ਕੜਾਹ ਪ੍ਰਸ਼ਾਦ ਦੀ ਦੇਗ ਪਹਿਲਾਂ ਮੂਰਤੀਆਂ ਅੱਗੇ ਭੇਂਟ ਕੀਤੀ ਜਿਹੜੀਆਂ ਪ੍ਰਕਾਸ਼ ਵਾਲੇ ਕਮਰੇ ਦੇ ਲਾਹਮ ਦੀ ਕੋਠੜੀ ਵਿਚ ਸਜੀਆਂ ਹੋਈਆਂ ਸਨ ਅਤੇ ਅਰਦਾਸਾ ਉਥੇ ਹੀ ਕੀਤਾ। ਉਪਰੰਤ ਪ੍ਰਸ਼ਾਦ ਸੰਗਤਾਂ ਵਿਚ ਵਰਤਾਉਣਾ ਸ਼ੁਰੂ ਕੀਤਾ। ਜਦੋਂ ਅਸਾਂ ਪ੍ਰਸ਼ਾਦ ਲੈਣ ਤੋਂ ਨਾਂਹ ਕਰ ਦਿੱਤੀ ਤਾਂ ਪੁਜਾਰੀਆਂ ਨੇ ਸਾਨੂੰ ਬੜਾ ਮਾਰਿਆ ਅਤੇ ਧੱਕੇ ਮਾਰ ਕੇ ਗੁਰਦਵਾਰੇ ਵਿੱਚੋਂ ਕੱਢ ਦਿੱਤਾ।"[4]

ਸ. ਕਰਤਾਰ ਸਿੰਘ ਝੱਬਰ ਨੂੰ ਇਹ ਗੱਲ ਸੁਣ ਕੇ ਬੜਾ ਦੁਖ ਹੋਇਆ। ਉਹ ਦਿਲ ਹੀ ਦਿਲ ਵਿਚ ਭੁੱਜ ਗਿਆ, ਪਰੰਤੂ ਵਿਦਿਆਰਥੀਆਂ ਨੂੰ ਦਿਲਾਸਾ ਦੇਣ ਲਈ ਇਤਨਾ ਹੀ ਕਿਹਾ ਕਿ ਤੁਸੀਂ ਅਗੋਂ ਨੂੰ ਉਸ ਗੁਰਦਵਾਰੇ ਨ ਜਾਇਆ ਕਰੋ। ਇਸ ਦੇ ਨਾਲ ਹੀ ਉਸ ਸ਼ੇਰ-ਮਰਦ ਨੇ ਦਿਲ ਵਿਚ ਇਹ ਪ੍ਰਣ ਕਰ ਲਿਆ ਕਿ ਜਿਤਨਾ ਚਿਰ ਗੁਰਦਵਾਰੇ ਵਿਚੋਂ ਇਹ ਕੁਰੀਤੀ ਤੇ ਬੇ-ਅਦਬੀ ਹਟਾਈ ਨਹੀਂ ਜਾਂਦੀ, ਸਾਹ ਨਹੀਂ ਲਵਾਂਗਾ, ਅਤੇ ਨ ਹੀ ਗੁਰਦਵਾਰੇ ਦੇ ਅੰਦਰ ਜਾਵਾਂਗਾ।

ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਵਿਚ ਮੱਸੇ ਰੰਘੜ ਨੇ ਵੇਸਵਾ ਨਾਚ ਕਰਵਾ ਕੇ ਘੋਰ ਪਾਪ ਕੀਤਾ ਸੀ, ਜਿਸ ਦੀ ਸਜ਼ਾ ਦੇਣ ਨੂੰ ਬੀਕਾਨੇਰ ਦੇ ਥਲੀਂ ਬੈਠੇ ਭਾਈ ਮਹਿਤਾਬ ਸਿਘ ਜੀ ਮੀਰਾਂਕੋਟੀਏ ਨੇ ਖੁਨਸ ਖਾਧੀ ਤੇ ਉਸ ਵੇਲੇ ਸਾਹ ਲਿਆ ਜਦ ਮੱਸੇ ਦਾ ਸਿਰ ਵੱਢ ਕੇ ਉਸ ਨੂੰ ਉਸ ਦੇ ਗੁਨਾਹ ਦੀ ਪੂਰੀ ਸਜ਼ਾ ਦੇ ਲਈ। ਪਰੰਤੂ ਸੁਖ ਤੇ ਮਾਇਆ ਦੀ ਖੁਮਾਰੀ ਨੇ ਗੁਰਦਵਾਰਿਆਂ ਦੇ ਮਹੰਤਾਂ ਉੱਪਰ ਇਤਨਾ ਅਸਰ ਪਾਇਆ ਹੋਇਆ ਸੀ ਕਿ ਸੰਨ ੧੯੧੩ ਵਿਚ ਨਿਰੰਕਾਰੀ ਜੋਤਿ, ਘਟ ਘਟ ਦੇ ਵਾਸੀ, ਸਤਿਗੁਰੂ ਨਾਨਕ ਦੇਵ ਦੇ ਪਵਿੱਤਰ ਜਨਮ-ਅਸਥਾਨ ਦੇ ਮਹੰਤ ਕਿਸ਼ਨ ਦਾਸ ਨੇ ਆਪਣੇ ਭਤੀਜੇ ਰਲਾ ਰਾਮ ਦੇ ਵਿਆਹ ਸਮੇਂ ਗੁਰਦਵਾਰੇ ਦੇ ਅੰਦਰ ਪ੍ਰਕਾਸ਼-ਅਸਥਾਨ ਦੇ ਐਨ ਸਾਮ੍ਹਣੇ ਵੇਸਵਾ-ਨਾਚ ਕਰਵਾਇਆ। ਕਿਹਾ ਜਾਂਦਾ ਹੈ ਕਿ ਇਸ ਅਕਹਿ ਅਪਰਾਧ ਨੂੰ ਨ ਜਰ ਕੇ ਕਰਤਾਰ ਦੀ ਕੁਦਰਤ ਵਿਚ ਉਸ ਦਿਨ ਅਜੇਹਾ ਥਲਕਾ ਮਚਿਆ ਕਿ ਜਨਮ-ਅਸਥਾਨ ਦੀ ਗੁਬੰਦ ਪਾਟ ਗਈ ਜਿਸ ਦੀ ਮੁਰੰਮਤ ਪਿੱਛੋਂ ਚੂਨੇ ਨਾਲ ਕਰਾਈ ਗਈ।[5] ਅਫ਼ਸੋਸ, ਸਿੱਖ ਪੰਥ ਦੀਆਂ ਕਮਜ਼ੋਰੀਆਂ ਤੇ ਪੁਜਾਰੀਆਂ ਦੀਆਂ ਆਪ-ਹੁਦਰੀਆਂ ਗੱਲਾਂ ਦਾ ਉਸ ਵਕਤ ਇਹ ਹਾਲ ਸੀ ਕਿ ਐਡਾ ਵੱਡਾ ਅਪਰਾਧ ਹੋ ਜਾਣ ਪੁਰ ਵੀ ਉਸ ਸਮੇਂ ਕਿਸੇ ਪਰਤ ਕੇ ਨ ਡਿੱਠਾ ਅਤੇ ਮਹੰਤ ਨੂੰ ਉਸ ਦੇ ਕੀਤੇ ਦੀ ਕੋਈ ਸਜ਼ਾ ਨ ਮਿਲੀ।

ਪੁਜਾਰੀਆਂ ਦਾ ਜ਼ੋਰ ਇਤਨਾ ਵਧ ਚੁਕਾ ਸੀ ਕਿ ਇਸ ਸਾਲ ਕੱਤਕ ਪੂਰਨਮਾਸ਼ੀ ਦੇ ਮੇਲੇ ਸਮੇਂ ਚੀਫ਼ ਖ਼ਾਲਸਾ ਦੀਵਾਨ ਵਲੋਂ ਧਾਰਮਿਕ ਦੀਵਾਨ ਲਈ ਲਗਾਏ ਗਏ ਸ਼ਾਮਿਆਨੇ ਵੀ ਪੁਜਾਰੀਆਂ ਨੇ ਪੁਟਵਾ ਦਿੱਤੇ।[6] ਹੋਰ ਇਹ ਦਸਿਆ ਜਾਂਦਾ ਹੈ ਕਿ ਇਸੇ

---

4-5-6 ਮੀਹਾਂ ਸਿੰਘ, ਉਹੀ ਰਚਨਾ, ਪੰਨਾ ੯ ਅਤੇ ੧੧

Digitized by Panjab Digital Library | www.panjabdigilib.org

ਸਾਲ ਸ੍ਰੀ ਨਨਕਾਣਾ ਸਾਹਿਬ ਵਿਚ ਜ਼ਿਲਾ ਸ਼ੇਖੂਪੁਰਾ ਦੀ ਸੰਗਤ ਦਾ ਦੀਵਾਨ ਸਜ ਰਿਹਾ ਸੀ; ਦੀਵਾਨ ਵਿਚ ਹੇਠਾਂ ਵਿਛਾਉਣ ਵਾਸਤੇ ਕੱਖ ਕਾਨ ਦੀ ਲੋੜ ਸੀ। ਪਰਾਲੀ ਦੀਆਂ ਪੰਡਾਂ ਇਨ੍ਹਾਂ ਪੁਜਾਰੀਆਂ ਦੇ ਘਰੀਂ ਬੇ ਓੜਕੀਆਂ ਪਈਆਂ ਸਨ, ਪਰ, ਚੂੰਕਿ ਇਹ ਦੀਵਾਨ ਸਿੰਘ ਸਭੀਆਂ ਦਾ ਸੀ, ਇਸ ਲਈ ਇਨ੍ਹਾਂ ਨੂੰ ਦੀਵਾਨ ਵਾਸਤੇ ਗੁਰਦਵਾਰੇ ਦੇ ਪੁਜਾਰੀਆਂ ਪਾਸੋਂ ਮੁਲ ਦੇ ਕੇ ਵੀ ਪਰਾਲੀ ਨਸੀਬ ਨ ਹੋਈ। ਸੰਗਤ ਨੂੰ ਇਹ ਸਭ ਕੁਝ ਸਬਰ ਦਾ ਘੁਟ ਪੀ ਕੇ ਜਰਨਾ ਪਿਆ।

ਇਥੇ ਹੀ ਬਸ ਨਹੀਂ। ਸੰਨ ੧੯੧੯ ਤੇ ੧੯੨੦ ਵਿਚ ਸ੍ਰੀ ਜਨਮ-ਅਸਥਾਨ ਅੰਦਰ ਉਹ ਘੋਰ ਉਪਦ੍ਰਵ ਹੋਏ, ਜਿਨ੍ਹਾਂ ਦਾ ਵਰਣਨ ਕਰਨਾ ਵੀ ਕਲਮ ਦੀ ਤਾਕਤ ਅਤੇ ਇਨਸਾਨੀਅਤ ਦੇ ਜ਼ਬਤ ਤੋਂ ਬਾਹਰ ਹੈ। ਉਦਾਹਰਣ ਵਜੋਂ, ਦੋ ਤਿੰਨ ਘਟਨਾਵਾਂ ਕਾਫ਼ੀ ਹੋਣਗੀਆਂ। ਲਾਇਲਪੁਰ ਤੋਂ ਦਰਸ਼ਨਾਂ ਵਾਸਤੇ ਆਈਆਂ ਛੇ ਸਿੰਘਣੀਆਂ ਜਦ ਦਰਸ਼ਨ ਕਰਕੇ ਵਾਪਸ ਮੁੜੀਆਂ ਤਾਂ ਦੇਵਨੇਤ ਨਾਲ ਗੱਡੀ ਤੋਂ ਰਹਿ ਗਈਆਂ। ਦੂਜੀ ਗੱਡੀ ਅਗਲੀ ਭਲਕ ਜਾਣੀ ਸੀ। ਇਹ ਰਾਤ ਕੱਟਣ ਵਾਸਤੇ ਵਾਪਸ ਜਨਮ-ਅਸਥਾਨ ਪੁਜੀਆਂ। ਇਨ੍ਹਾਂ ਨੂੰ ਉਨ੍ਹਾਂ ਕੋਠੀਆਂ ਵਿਚ, ਜੋ ਗੁਰਦਵਾਰੇ ਦੀ ਦੱਖਣੀ ਬਾਹੀ ਨੂੰ ਜਨ ਅਰ ਅੰਦਰ ਨੂੰ ਖੁਲ੍ਹਦੀਆਂ ਸਨ, ਉਤਾਰਾ ਦਿੱਤਾ ਗਿਆ ਅਤੇ ਰਾਤ ਨੂੰ ਛਿਆਂ ਦਾ ਹੀ ਸਤਿ ਇੱਕੋ ਵਕਤ ਭੰਗ ਕੀਤਾ ਗਿਆ।[7]

ਇਕ ਸਿੰਧੀ, ਗੁਰੂ ਘਰ ਦਾ ਸ਼ਰਧਾਲੂ, ਚੰਗਾ ਅਮੀਰ ਆਦਮੀ, ਸਣੇ ਪਰਿਵਾਰ ਸ੍ਰੀ ਜਨਮ-ਅਸਥਾਨ ਦੇ ਦਰਸ਼ਨ ਨੂੰ ਆਇਆ ਅਤੇ ਰਾਤ ਉੱਪਰ-ਕਥਿਤ ਕਮਰਿਆਂ ਵਿਚ ਹੀ ਇਸ ਨੂੰ ਬਿਸਰਾਮ ਦਿੱਤਾ ਗਿਆ। ਅਜੇ ਸੰਧਿਆ ਦਾ ਹੀ ਸਮਾਂ ਸੀ ਅਤੇ ਬਾਰਾਂਦਾਰੀ ਅੰਦਰ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ ਕਿ ਇਸ ਸਿੰਧੀ ਪ੍ਰੇਮੀ ਦੀ ਯੁਵਾਵਸਥਾ ਕੁਆਰੀ ਕੰਨਿਆ ਦਾ ਲੈਂਪ ਲੈਣ ਗਿਆਂ ਸਤਿ ਭੰਗ ਕੀਤਾ ਗਿਆ। ਉਪਰੰਤ ਤਿੰਨ ਦਿਨਾਂ ਵਾਸਤੇ ਇਸ ਕੰਨਿਆ ਨੂੰ ਲੁਕਾਈ ਰੱਖਿਆ ਗਿਆ, ਅਰ ਜਦ ਇਸ ਦੇ ਪਿਤਾ ਨੇ ਇਕਰਾਰ ਕੀਤਾ ਕਿ ਮੈਂ ਕਿਸੇ ਕਿਸਮ ਦਾ ਰੌਲਾ ਨਹੀਂ ਪਾਵਾਂਗਾ ਤਾਂ ਇਸ ਲੜਕੀ ਨੂੰ ਸਟੇਸ਼ਨ ਉਤੇ ਐਨ ਗੱਡੀ ਚਲਣ ਸਮੇਂ ਹੀ ਪਹੁੰਚਾਇਆ ਗਿਆ।[8]

ਯਾਤ੍ਰਾ ਨੂੰ ਆਏ ਇਕ ਪੋਠੋਹਾਰੀ ਸਿੰਘ ਦੀਆਂ ਜੇਬਾਂ ਖਾਲੀ ਕਰ ਲਈਆਂ ਗਈਆਂ ਅਤੇ ਹੱਥ ਵਿਚੋਂ ਸੋਨੇ ਦੀ ਛਾਪ ਲਾਹ ਲਈ ਗਈ ਅਤੇ ਜਦ ਉਸ ਨੇ ਰੌਲਾ ਪਾਇਆ ਤਾਂ ਇਸ ਨੂੰ ਗਾਲ੍ਹਾਂ ਅਤੇ ਮਾਰ ਕੁਟਾਈ ਕਰਕੇ ਕੱਢ ਦਿੱਤਾ ਗਿਆ। ਇਹ ਵਿਚਾਰਾ ਸੱਚੇ ਸੌਦੇ ਪੈਦਲ ਤੁਰ ਕੇ ਪੁੱਜਾ ਅਤੇ ਆਪਣੀ ਹੱਡ-ਬੀਤੀ ਦੱਸ ਕੇ ਸਿੰਘਾਂ ਦੇ ਨਨਕਾਣਾ ਸਾਹਿਬ ਵਲੋਂ ਅੱਗੇ ਹੀ ਜਲ ਰਹੇ ਹਿਰਦੇ ਤੇ ਲੂਣ ਛਿੜਕਿਆ।[9]

ਪਿੰਡ ਧਾਰੋਵਾਲ ਵਿਚ ਦੀਵਾਨ ਸਜਿਆ ਹੋਇਆ ਸੀ। ਭਾਈ ਕਰਤਾਰ ਸਿੰਘ

---

7-8-9 ਮੀਹਾਂ ਸਿੰਘ ਉਹੀ ਰਚਨਾ, ਪੰਨਾ ੧੧-੧੨. ਸ. ਨਰੈਣ ਸਿੰਘ ਐਮ ਏ. ਕਰਤਾ 'ਅਕਾਲੀ ਮੋਰਚੇ ਤੇ ਕਰਤਾਰ ਸਿੰਘ ਝੱਬਰ' ਦੀ ਸੂਚਨਾ ਅਨੁਸਾਰ ਇਸ ਪੋਠੋਹਾਰੀ ਸਿੰਘ ਦਾ ਨਾਂ ਭਾਈ ਬੂਟਾ ਸਿੰਘ ਸੀ ਅਤੇ ਉਸ ਦੀ ਕਿਰਪਾਨ ਤੇ ਰੁਪਏ ਖੋਹੇ ਗਏ ਸਨ —ਦੇਖੋ ਪੰਨਾ ੧੦੫.

Digitized by Panjab Digital Library | www.panjabdigilib.org

ਝੱਬਰ ਸੰਗਤਾਂ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਪੁਜਾਰੀਆਂ ਦੇ ਅਤਿਆਚਾਰ ਸੁਣਾ ਰਹੇ ਸਨ ਕਿ ਭਾਈ ਟਹਿਲ ਸਿੰਘ ਜੀ (ਸ਼ਹੀਦ ਨਨਕਾਣਾ ਸਾਹਿਬ) ਤੋਂ ਰਿਹਾ ਨ ਗਿਆ ਅਤੇ ਹੱਥ ਜੋੜ ਕੇ ਖੜੇ ਹੋ ਕੇ ਬੇਨਤੀ ਕੀਤੀ ਕਿ "ਖ਼ਾਲਸਾ ਜੀ, ਮੈਨੂੰ ਆਗਿਆ ਹੋਵੇ ਤਾਂ ਅਜੇਹੇ ਪਾਪੀ ਦਾ ਸਿਰ ਵੱਢ ਕੇ ਲੈ ਆਵਾਂ।" ਪਰੰਤੂ ਖ਼ਾਲਸਾ ਅਜੇ ਵਿਚਾਰਾਂ ਵਿਚ ਸੀ, ਸੋ ਭਾਈ ਟਹਿਲ ਸਿੰਘ ਜੀ ਦੀ ਮਨ ਦੀ ਮਨ ਵਿਚ ਹੀ ਰਹੀ।

ਗੁਰਦਵਾਰਾ ਬਾਬੇ ਦੀ ਬੇਰ, ਸਿਆਲਕੋਟ, ਦੇ ਮਹੰਤ ਦੇ ਮਰਨ ਉੱਤੇ ਉਸ ਦੇ ਨਾਬਾਲਿਗ ਪੁੱਤਰ ਨੂੰ ਗੱਦੀ ਤੇ ਬਿਠਾ ਕੇ ਗੰਡਾ ਸਿੰਘ ਨਾਂ ਦੇ ਇਕ ਪਤਿਤ ਸਿੱਖ ਨੂੰ, ਜੋ ਔਨਰੇਰੀ ਮੈਜਿਸਟਰੇਟ ਸੀ, ਗੁਰਦਵਾਰਾ ਸਾਹਿਬ ਦਾ ਸਰਬਰਾਹ ਬਣਾ ਦਿੱਤਾ ਗਿਆ। ਇਹ ਗੱਲ ਸਤੰਬਰ ੧੯੧੮ ਦੀ ਹੈ। ਇਸ ਨਾਲ ਸਿੱਖਾਂ ਅੰਦਰ ਬੜਾ ਰੋਸ ਜਾਗਿਆ। ਹੋਰ ਕ੍ਰੋਪੀ ਇਹ ਹੋਈ ਕਿ ਇਨ੍ਹਾਂ ਨੇ ਖ਼ਾਲਸਾ ਸੇਵਕ ਜਥੇ ਦੇ ਮੈਂਬਰਾਂ ਨੂੰ ਗੁਰਦਵਾਰੇ ਵਿਚ ਨ ਕੇਵਲ ਕੀਰਤਨ ਕਰਨ ਤੋਂ ਰੋਕਿਆ, ਸਗੋਂ ਉਨ੍ਹਾਂ ਉੱਪਰ ਮੁਕੱਦਮਾ ਵੀ ਬਣਾ ਦਿੱਤਾ। ਇਸ ਦੇ ਨਾਲ ਹੀ ਸੇਵਕ ਜਥੇ ਦੇ ਇਕ ਮੁਖੀ ਭਾਈ ਜਵਾਹਰ ਸਿੰਘ ਨੂੰ ਸਰਬਰਾਹ ਦੇ ਆਦਮੀਆਂ ਨੇ ਕੁਟਿਆ ਤੇ ਉਸ ਦੀ ਦਾੜ੍ਹੀ ਵੀ ਪੁੱਟੀ। ਗੰਡਾ ਸਿੰਘ ਦੇ ਪੁੱਤਰ, ਜੌਹਨ ਹੈਡੋ, ਨੇ ਗੁਰਦਵਾਰੇ ਵਿਚ ਪਿਸਤੌਲ ਵਿਖਾ ਕੇ ਕਈਆਂ ਨੂੰ ਡਰਾਇਆ ਵੀ। ਜਦੋਂ ਦਿਨੋਂ ਦਿਨ ਗੁੰਡਾ-ਗਰਦੀ ਵਧਦੀ ਗਈ ਤਾਂ ਅੰਮ੍ਰਿਤਸਰ ਤੋਂ ਝਬਾਲੀਏ ਭਰਾ (ਸ. ਅਮਰ ਸਿੰਘ ਤੇ ਸ. ਜਸਵੰਤ ਸਿੰਘ) ਸਿਆਲਕੋਟ ਪਹੁੰਚੇ। ਉਨ੍ਹਾਂ ਨੇ ਸੱਦਾ ਭੇਜ ਕੇ ਸ. ਕਰਤਾਰ ਸਿੰਘ ਝੱਬਰ ਨੂੰ ਵੀ ਸੱਚੇ ਸੌਦੇ ਤੋਂ ਮੰਗਵਾ ਲਿਆ। ਉਹ ਤਕੜਾ ਜਥਾ ਲੈ ਕੇ ਉਥੇ ਪਹੁੰਚਿਆ। ਜਥੇ ਵਿਚ ਉਪਰੋਕਤ ਭਾਈ ਟਹਿਲ ਸਿੰਘ ਅਤੇ ਦਲੀਪ ਸਿੰਘ ਸ਼ਹੀਦ ਵੀ ਸਨ। ਉਥੇ ਇਨ੍ਹਾਂ ਨਾਲ ਬਹੁਤ ਸਾਰੇ ਉਥੋਂ ਦੇ ਵਸਣੀਕ ਵੀ ਰਲ ਗਏ। ਇਸ ਨਾਲ ਗੰਡਾ ਸਿੰਘ ਤੇ ਉਸ ਦੇ ਸਾਥੀ ਦਿਲ ਛਡ ਗਏ ਅਤੇ ਗੁਰਦਵਾਰਾ ਬੇਰ ਸਾਹਿਬ ਉੱਤੇ ਪੰਥ ਦਾ ਕਬਜ਼ਾ ਹੋ ਗਿਆ।

ਸਿੰਘ ਸਭਾ ਲਹਿਰ ਦੇ ਵਧਣ ਨਾਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਦੀ ਹਾਲਤ ਦੇ ਸੁਧਾਰਣ ਦਾ ਖ਼ਿਆਲ ਵੀ ਪੈਦਾ ਹੋਇਆ। ਦਰਬਾਰ ਸਾਹਿਬ ਦੀ ਪਰਕਰਮਾ ਵਿਚ ਪਈਆਂ ਮੂਰਤੀਆਂ ੧੯੦੫ ਵਿਚ ਉਠਾ ਦਿੱਤੀਆਂ ਗਈਆਂ ਸਨ, ਪਰ ਦਰਬਾਰ ਸਾਹਿਬ ਉੱਪਰ ਕਬਜ਼ਾ ਸਰਬਰਾਹ ਅਰੂੜ ਸਿੰਘ ਅਤੇ ਪੁਜਾਰੀਆਂ ਦਾ ਹੀ ਸੀ। ਇਹ ਸਰਬਰਾਹ ਅਤੇ ਪੁਜਾਰੀ ਅੰਗਰੇਜ਼ ਸਰਕਾਰ ਦੇ "ਜੀ ਹਜ਼ੂਰੀਏ" ਸਨ। ਗਦਰ ਪਾਰਟੀ ਦੇ ਸਿੰਘਾਂ ਬਾਰੇ ਇਨ੍ਹਾਂ ਹੀ ਕਿਹਾ ਸੀ ਕਿ ਉਹ ਸਿੱਖ ਨਹੀਂ ਹਨ। ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਜਰਨੈਲ ਡਾਇਰ ਨੂੰ ਸਰੋਪਾ ਵੀ ਇਨ੍ਹਾਂ ਨਿਲੱਜਾਂ ਨੇ ਹੀ ਦਿੱਤਾ ਸੀ। ਇਸ ਕਾਰਣ ਸਿੱਖ ਸੰਗਤਾਂ ਇਨ੍ਹਾਂ ਨੂੰ ਘਿਰਣਾ ਕਰਦੀਆਂ ਸਨ, ਪਰ ਪੇਸ਼ ਕੋਈ ਨਹੀਂ ਸੀ ਜਾਂਦੀ।

੧੦, ੧੧ ਤੇ ੧੨ ਅਕਤੂਬਰ, ੧੯੨੦ ਨੂੰ ਖ਼ਾਲਸਾ ਬਰਾਦਰੀ ਵਾਲਿਆਂ ਇਕ ਦੀਵਾਨ ਜਲ੍ਹਿਆਂ ਵਾਲਾ ਬਾਗ਼ ਵਿਚ ਰੱਖਿਆ। ਖ਼ਾਲਸਾ ਬਰਾਦਰੀ ਦੀ ਸਥਾਪਨਾ ਭਾਈ

Digitized by Panjab Digital Library | www.panjabdigilib.org

ਮਤਾਬ ਸਿੰਘ ਬੀਰ, ਸਪੁੱਤਰ ਸੰਤ ਲਖਮੀਰ ਸਿੰਘ[10] ਜੀ ਨੇ ਕੀਤੀ ਸੀ ਤੇ ਇਸ ਦਾ ਮਨੋਰਥ ਅਛੂਤ ਜਾਤੀਆਂ ਦੀ ਸ਼ੁੱਧੀ ਤੇ ਉਨ੍ਹਾਂ ਨੂੰ ਸਿੱਖ ਸਮਾਜ ਵਿਚ ਲਿਆਉਣਾ ਸੀ। ਦੀਵਾਨ ਵਿਚ ਸਿੰਘ ਸਭਾ ਦੇ ਕੁਝ ਮੁਖੀ ਅਤੇ ਖ਼ਾਲਸਾ ਕਾਲਜ ਦੇ ਤਿੰਨ ਪ੍ਰੋਫੈਸਰ, ਬਾਵਾ ਹਰਕਿਸ਼ਨ ਸਿੰਘ, ਪ੍ਰੋ. ਨਿਰੰਜਨ ਸਿੰਘ ਅਤੇ ਪ੍ਰੋ. ਤੇਜਾ ਸਿੰਘ ਸਣੇ ਖ਼ਾਲਸਾ ਕਾਲਜ ਦੇ ਕੁਝ ਵਿਦਿਆਰਥੀਆਂ ਦੇ ਸ਼ਾਮਿਲ ਸਨ। ੧੨ ਅਕਤੂਬਰ ਵਾਲੇ ਦਿਨ ਅੰਮ੍ਰਿਤ ਪ੍ਰਚਾਰ ਪਿੱਛੋਂ ਨਵੇਂ ਸਜੇ ਸਿੰਘਾਂ ਦਾ ਇਕ ਜਲੂਸ ਜਲ੍ਹਿਆਂ ਵਾਲੇ ਬਾਗ਼ ਤੋਂ ਸ੍ਰੀ ਦਰਬਾਰ ਸਾਹਿਬ ਵਲ ਦਰਸ਼ਨ ਹਿਤ ਚਲ ਪਿਆ। ਸ਼ਹਿਰ ਵਿਚ ਬੜਾ ਰੌਲਾ ਸੀ ਕਿ ਮਜ਼੍ਹਬੀ ਤੇ ਰਵਿਦਾਸੀਏ ਦਰਬਾਰ ਸਾਹਿਬ ਜਾ ਰਹੇ ਹਨ। ਇਸ ਤੋਂ ਪਹਿਲਾਂ ਪੁਜਾਰੀ ਨ ਤਾਂ ਇਨ੍ਹਾਂ ਦੀ ਅਰਦਾਸ ਕਰਦੇ ਸਨ, ਨ ਕੜਾਹ ਪ੍ਰਸ਼ਾਦ ਲੈਂਦੇ ਸਨ। ਜਦ ਖ਼ਾਲਸਾ ਬਰਾਦਰੀ ਦਾ ਜਥਾ ਸ੍ਰੀ ਦਰਬਾਰ ਸਾਹਿਬ ਪਹੁੰਚਿਆ ਤਾਂ ਲੋਕਾਂ ਦੀ ਭੀੜ ਬਹੁਤ ਹੋ ਗਈ। ਨਵੇਂ ਸਜੇ ਸਿੰਘਾਂ ਨੇ ਕੜਾਹ ਪ੍ਰਸ਼ਾਦ ਭੇਟ ਕੀਤਾ, ਪਰ ਪੁਜਾਰੀਆਂ ਨੇ ਲੈਣ ਤੋਂ "ਨਾਂਹ" ਕਰ ਦਿੱਤੀ। ਪੁਜਾਰੀਆਂ ਨਾਲ ਹਾਲੀ ਤਕਰਾਰ ਚਲ ਹੀ ਰਹੀ ਸੀ ਕਿ ਕਰਤਾਰ ਸਿੰਘ ਝੱਬਰ, ਭਾਈ ਤੇਜਾ ਸਿੰਘ ਭੁੱਚਰ, ਸ. ਤੇਜਾ ਸਿੰਘ ਚੂਹੜਕਾਣਾ ਆਪਣੇ ਕੁਝ ਸਾਥੀਆਂ ਸਮੇਤ ਉਥੇ ਪਹੁੰਚ ਗਏ। ਇਨ੍ਹਾਂ ਨੂੰ ਸਾਰੇ ਝਗੜੇ ਦੀ ਟੋਹ ਕਿਸੇ ਪਾਸੋਂ ਮਿਲ ਚੁਕੀ ਸੀ। ਇਨ੍ਹਾਂ ਆਉਂਦਿਆਂ ਹੀ ਪੁਜਾਰੀਆਂ ਨੂੰ ਤਕੜੀ ਝਾੜ ਪਾਈ। ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜਾਵੇ। ਦੇਵਨੇਤ ਨਾਲ ਇਹ ਵਾਕ ਨਿਕਲਿਆ :

ਨਿਗੁਣਿਆ ਨੋ ਆਪੇ ਬਖਸਿ ਲਏ
ਭਾਈ ਸਤਿਗੁਰ ਕੀ ਸੇਵਾ ਲਾਇ।
ਸਤਿਗੁਰ ਕੀ ਸੇਵਾ ਉਤਮ ਹੈ ਭਾਈ
ਰਾਮ ਨਾਮਿ ਚਿਤੁ ਲਾਇ ॥ ੧ ॥

ਹਰਿ ਜੀਉ ਆਪੇ ਬਖਸਿ ਮਿਲਾਇ।
ਗੁਣਹੀਣ ਹਮ ਅਪਰਾਧੀ ਭਾਈ
ਪੂਰੈ ਸਤਿਗੁਰਿ ਲਏ ਰਲਾਏ ॥

... ... ...

ਮੌਕੇ ਅਨੁਕੂਲ ਅਜੇਹਾ ਵਾਕ ਸੁਣ ਕੇ ਸੰਗਤ ਬਹੁਤ ਹੈਰਾਨ ਹੋਈ। ਕਈਆਂ ਸਿਦਕਵਾਨਾਂ ਦੇ ਅਥਰੂ ਨਿਕਲ ਆਏ। ਨਵੇਂ ਸਜੇ ਸਿੰਘ ਗਦ ਗਦ ਹੋ ਗਏ। ਪੁਜਾਰੀਆਂ ਨੇ ਕੜਾਹ ਪ੍ਰਸ਼ਾਦ ਦੀ ਅਰਦਾਸ ਕੀਤੀ ਤੇ ਪ੍ਰਸ਼ਾਦ ਵਰਤਾਇਆ ਗਿਆ।

---

[10]ਇਹ ਜਨਮ ਦੇ ਮੁਸਲਮਾਨ ਸਨ। ਇਕ ਸਿੱਖ ਸੰਤ ਦੀ ਸੰਗਤ ਸਦਕਾ ਸਿੰਘ ਸਜ ਗਏ ਤੇ ਲਖਮੀਰ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦੇ ਸਪੁਤ੍ਰ ਸ. ਮਤਾਬ ਸਿੰਘ ਬੀਰ ਨੇ ਖ਼ਾਲਸਾ ਬਰਾਦਰੀ ਕਾਇਮ ਕਰਕੇ ਅਛੂਤ ਜਾਤੀਆਂ ਵਿਚ ਸਿੱਖੀ ਫੈਲਾਈ। ਇਨ੍ਹਾਂ ਦੇ ਹਾਲ ਲਈ ਦੇਖੋ 'ਅਕਾਲੀ ਮੋਰਚੇ ਤੇ ਕਰਤਾਰ ਸਿੰਘ ਝੱਬਰ', ਪੰਨਾ ੬੦-੬੧ (ਫੁ. ਨੋਟ).

Digitized by Panjab Digital Library | www.panjabdigilib.org

ਇਸ ਪਿੱਛੋਂ ਆਪਣੇ ਕਾਰਜ ਆਪ ਕਰਨ ਵਾਲੇ ਵਾਹਿਗੁਰੂ ਜੀ ਨੇ ਇਕ ਅਜਬ ਕੌਤਕ ਵਰਤਾਇਆ। ਸਾਰੀ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਦਰਸ਼ਨ ਹਿਤ ਪਹੁੰਚੀ। ਜਾਤੀ ਅਭਿਮਾਨ ਵਿਚ ਮੱਤੇ ਪੁਜਾਰੀ, ਅਛੂਤਾਂ ਨੂੰ ਮੱਥੇ ਨ ਲਾਉਣ ਦੇ ਖ਼ਿਆਲ ਨਾਲ ਅਕਾਲ ਤਖ਼ਤ ਸਾਹਿਬ ਖ਼ਾਲੀ ਛਡ ਕੇ ਭਜ ਗਏ। ਉੱਥੇ ਚੰਗਾ ਦੀਵਾਨ ਸਜਿਆ; ਸ. ਕਰਤਾਰ ਸਿੰਘ ਝੱਬਰ ਤੇ ਸ. ਤੇਜਾ ਸਿੰਘ ਚੂਹੜਕਾਣਾ ਬੋਲੇ। ਸ. ਤੇਜਾ ਸਿੰਘ ਚੂਹੜ-ਕਾਣਾ ਤੇ ਸ. ਤੇਜਾ ਸਿੰਘ ਭੁੱਚਰ ਦੇ ਕਹਿਣ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕਬਜ਼ਾ ਕਰ ਲਿਆ ਗਿਆ। ਸ੍ਰੀ ਅਕਾਲ ਤਖ਼ਤ ਦੇ ਪ੍ਰਬੰਧ ਲਈ ਸ. ਤੇਜਾ ਸਿੰਘ ਭੁੱਚਰ ਨੇ ਪੰਝੀ ਸਿੰਘਾਂ ਦਾ ਇਕ ਜਥਾ ਤਰਨ ਤਾਰਨ ਤੋਂ ਮੰਗਵਾ ਲਿਆ। ਉੱਨਾ ਚਿਰ ਸੰਗਤ ਅਕਾਲ ਤਖ਼ਤ ਉੱਪਰ ਹੀ ਡਟੀ ਰਹੀ। ਜਥਾ ਆਇਆ ਤਾਂ ਅਕਾਲ ਤਖਤ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਗਿਆ। ਮਹੰਤਾਂ ਪਾਸੋਂ ਗੁਰਧਾਮ ਛੁਡਾਉਣ ਲਈ ਗੁਰਦਵਾਰਾ ਬਾਬੇ ਦੀ ਬੇਰ, ਸਿਆਲਕੋਟ, ਪਿੱਛੋਂ ਸਿੰਘਾਂ ਦੀ ਇਹ ਦੂਜੀ ਵੱਡੀ ਜਿੱਤ ਸੀ।

ਗੁਰਦਵਾਰਾ ਸੁਧਾਰ ਲਹਿਰ ਦੀ ਲਪੇਟ ਵਿਚ ਤੀਜਾ ਗੁਰਦਵਾਰਾ ਪੰਜਾ ਸਾਹਿਬ ਆਇਆ। ਇਹ ਗੱਲ ੧੯੨੦ ਦੇ ਅੰਤਲੇ ਮਹੀਨਿਆਂ ਦੀ ਹੈ। ਗੁਰਦਵਾਰਾ ਪੰਜਾ ਸਾਹਿਬ ਦਾ ਮਹੰਤ ਮਿੱਠਾ ਸਿੰਘ ਬੜਾ ਐਬਾਸ਼ ਤੇ ਆਚਰਣਹੀਨ ਸੀ। ਨਾਰਾ ਜ਼ਿਲਾ ਰਾਵਲਪਿੰਡੀ ਦਾ ਇਕ ਗੁਰਸਿੱਖ, ਭਾਈ ਅਮੀਰ ਸਿੰਘ, ਪੰਜੇ ਸਾਹਿਬ ਦੇ ਦਰਸ਼ਨ ਕਰਨ ਗਿਆ। ਉਸ ਵੇਖਿਆ ਕਿ ਇਕ ਤਮਾਕੂ ਫ਼ਰੋਸ਼ ਗੁਰਦਵਾਰੇ ਲਈ ਕੜਾਹ ਪ੍ਰਸ਼ਾਦ ਤਿਆਰ ਕਰ ਰਿਹਾ ਹੈ। ਉਸ ਨੇ ਇਤਰਾਜ਼ ਕੀਤਾ। ਮਹੰਤ ਮਿੱਠਾ ਸਿੰਘ ਦੇ ਭਰਾ ਸੰਤ ਸਿੰਘ ਨੇ ਪਸਤੌਲ ਚਲਾ ਕੇ ਉਸ ਨੂੰ ਗੋਲੀ ਨਾਲ ਜ਼ਖ਼ਮੀ ਕਰ ਦਿੱਤਾ। ਇਸ ਨਾਲ ਸਾਰੇ ਸਿੱਖਾਂ ਵਿਚ ਮਹੰਤ ਵਿਰੁੱਧ ਬੜਾ ਗੁੱਸਾ ਫੈਲ ਗਿਆ।

ਨਵੰਬਰ ੧੯੨੦ ਵਿਚ ਮਹੰਤ ਮਿੱਠਾ ਸਿੰਘ ਮਰ ਗਿਆ। ਅੰਮ੍ਰਿਤਸਰ ਵਿਚ ਸਿੱਖ ਲੀਡਰਾਂ ਨੇ ਸਲਾਹ ਮਸ਼ਵਰਾ ਕਰ ਕੇ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਪੰਝੀ ਸਿੰਘਾਂ ਦਾ ਇਕ ਜਥਾ ਅੰਮ੍ਰਿਤਸਰੋਂ ਪੰਜਾ ਸਾਹਿਬ ਨੂੰ ਘੱਲਿਆ। ਕੋਈ ਚਾਰਾ ਨ ਚਲਦਾ ਵੇਖ ਕੇ ਮਹੰਤ ਦੀ ਵਿਧਵਾ ਤੇ ਉਸ ਦੇ ਭਰਾ ਸੰਤ ਸਿੰਘ ਨੇ ਸਮਝੌਤਾ ਕਰ ਲਿਆ। ਇਹ ਸਮਝੌਤਾ ਕਰਾਉਣ ਵਿਚ ਉਥੋਂ ਦੇ ਡਿਪਟੀ ਕਮਿਸ਼ਨਰ ਨੇ ਚੋਖਾ ਹਿੱਸਾ ਪਾਇਆ।

ਤਰਨ ਤਾਰਨ ਦਾ ਪ੍ਰਬੰਧ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਦੇ ਸਰਬਰਾਹ ਦੇ ਅਧੀਨ ਹੀ ਸੀ, ਪਰ ਸ਼ਹਿਰੋਂ ਦੂਰ ਹੋਣ ਕਾਰਣ ਇਥੋਂ ਦੇ ਪੁਜਾਰੀ ਮਨ-ਆਈਆਂ ਕਰਦੇ ਸਨ। ੧੯੨੦ ਦੇ ਅਖ਼ੀਰ ਵਿਚ ਭਾਈ ਲਛਮਣ ਸਿੰਘ ਧਾਰੋਵਾਲੀਆ ਲੜਕੀਆਂ ਦਾ ਇਕ ਜਥਾ ਲੈ ਕੇ ਤਰਨ ਤਾਰਨ ਆਇਆ। ਉਸ ਨੇ ਦਰਬਾਰ ਸਾਹਿਬ ਦੇ ਅੰਦਰ ਕੀਰਤਨ ਕਰਨਾ ਚਾਹਿਆ, ਪਰ ਪੁਜਾਰੀਆਂ ਨੇ ਆਗਿਆ ਨ ਦਿੱਤੀ, ਸਗੋਂ ਬੀਬੀਆਂ ਨੂੰ ਹੱਤਕ ਕਰਕੇ ਬਾਹਰ ਕੱਢ ਦਿੱਤਾ। ਉਥੇ ਹੋਰ ਵੀ ਕਈ ਤਰ੍ਹਾਂ ਦੇ ਉਪਦ੍ਰਵ ਹੋਏ ਜਿਨ੍ਹਾਂ ਦੀ ਰਿਪੋਰਟ ਇਕ ਇਸਤ੍ਰੀ ਨੇ ਆ ਕੇ ਅੰਮ੍ਰਿਤਸਰ ਦਿੱਤੀ। ਉਸ ਦੱਸਿਆ ਕਿ ਮੇਰੇ ਲੜਕੇ ਨੂੰ ਸਰੋਵਰ ਵਿਚ ਸੁਟਿਆ ਗਿਆ ਤੇ ਲੜਕੀ ਨੂੰ ਮੰਦਿਰ ਦੇ ਅੰਦਰ ਧਮਕਾਇਆ ਡਰਾਇਆ ਗਿਆ। ਇਸੇ

Digitized by Panjab Digital Library | www.panjabdigilib.org

ਤਰ੍ਹਾਂ ਇਕ ਹਿੰਦੂ ਲੜਕੀ ਦੀ ਬੇਪਤੀ ਵੀ ਕੀਤੀ ਗਈ।

ਤਰਨ ਤਾਰਨ ਦੇ ਵਿਗੜੇ ਹਾਲਾਤ ਨੂੰ ਸਵਾਰਨ ਲਈ ੨੫ ਜਨਵਰੀ ੧੯੨੧ ਨੂੰ ਚਾਲ੍ਹੀ ਸਿੰਘਾਂ ਦਾ ਇਕ ਜਥਾ ਭਾਈ ਤੇਜਾ ਸਿੰਘ ਭੁੱਚਰ ਦੀ ਕਮਾਨ ਹੇਠ ਤਰਨ ਤਾਰਨ ਵਲ ਟੁਰ ਪਿਆ। ਉਥੇ ਉਸ ਦਰਬਾਰ ਸਾਹਿਬ ਵਿਚ ਬੈਠ ਕੇ ਕੀਰਤਨ ਕਰਨਾ ਆਰੰਭਿਆ। ਪੁਜਾਰੀ ਉੱਪਰੋਂ ਤਾਂ ਸੁਲਹ ਦੀ ਗੱਲ ਕਰਦੇ ਰਹੇ ਪਰ ਅੰਦਰੋ ਅੰਦਰੀ ਸਿੰਘਾਂ ਨੂੰ ਸਬਕ ਸਿਖਾਣ ਲਈ ਗੋਂਦਾਂ ਗੁੰਦਦੇ ਰਹੇ। ਹਕੀਮ ਬਹਾਦਰ ਸਿੰਘ ਲੈਕਚਰ ਕਰ ਰਿਹਾ ਸੀ ਜੋ ਉੜੇ-ਉੜਤੀ ਪੰਜ ਛੇ ਗੋਲੇ ਦੀਵਾਨ ਵਿਚ ਆ ਪਏ। ਇਹ ਪੁਜਾਰੀਆਂ ਨੇ ਸੁੱਟੇ ਸਨ। ਪੁਜਾਰੀਆਂ ਨੇ ਕੁਝ ਸਿੰਘਾਂ ਉੱਤੇ ਛਵ੍ਹੀਆਂ ਨਾਲ ਵੀ ਹਮਲਾ ਕਰ ਦਿੱਤਾ। ਜਥੇ ਦੇ ਸਤਾਰਾਂ ਆਦਮੀ ਸਖ਼ਤ ਜ਼ਖ਼ਮੀ ਹੋਏ ਜਿਨ੍ਹਾਂ ਵਿਚ ਭਾਈ ਹਜ਼ਾਰਾ ਸਿੰਘ ਅਲਦੀਨਪੁਰ ਵਾਲੇ ਸ਼ਹੀਦ ਹੋ ਗਏ। ਇਕ ਹੋਰ ਸਿੰਘ ਭਾਈ ਹੁਕਮ ਸਿੰਘ ਵਸਾਊ ਕੋਟ ਵਾਲੇ ਵੀ ਚਲਾਣਾ ਕਰ ਗਏ। ਇਸ ਸਾਕੇ ਨੂੰ ਭਾਈ ਮੋਹਨ ਸਿੰਘ ਵੈਦ ਨੇ ਰੋਕਣ ਦਾ ਬੜਾ ਜਤਨ ਕੀਤਾ ਪਰ ਕੁਝ ਪੇਸ਼ ਨ ਗਈ।

ਅੰਤ ੨੬ ਜਨਵਰੀ ੧੯੨੦ ਨੂੰ ਸਿੰਘਾਂ ਦਾ ਗੁਰਦਵਾਰੇ ਉੱਪਰ ਕਬਜ਼ਾ ਹੋ ਗਿਆ। ਪੁਜਾਰੀਆਂ ਮੁਆਫ਼ੀ ਮੰਗ ਲਈ।

ਗੁਰਦਵਾਰਾ ਸੁਧਾਰ ਲਹਿਰ ਦਾ ਸ਼ਾਂਤਮਈ ਯੁੱਧ ਸ਼ੁਰੂ ਹੋ ਚੁਕਾ ਸੀ। ਤਿੰਨ ਚਾਰ ਵੱਡੇ ਗੁਰਦਵਾਰੇ ਪੰਥ ਦੇ ਕਬਜ਼ੇ ਵਿਚ ਆ ਚੁਕੇ ਸਨ। ਇਸ ਨਾਲ ਭਾਈ ਕਰਤਾਰ ਸਿੰਘ ਝੱਬਰ, ਸ. ਤੇਜਾ ਸਿੰਘ ਭੁੱਚਰ ਸੁਧਾਰਵਾਦੀਆਂ ਦੇ ਹੌਂਸਲੇ ਬਹੁਤ ਵਧ ਗਏ ਸਨ। ਹੁਣ ਉਹ ਹੋਰ ਵਧੇਰੇ ਗੁਰਧਾਮ ਪੰਥ ਦੇ ਕਬਜ਼ੇ ਵਿਚ ਲਿਆਉਣ ਦੇ ਸੁਫ਼ਨੇ ਲੈ ਰਹੇ ਸਨ; ਪਰ ਉਹ ਆਪਣੇ ਸੁਭਾ ਅਨੁਸਾਰ ਸਾਵਧਾਨੀ ਤੋਂ ਕੰਮ ਲੈ ਕੇ ਚਲਣਾ ਚਾਹੁੰਦੇ ਸਨ।

ਉੱਪਰ ਵਰਣਿਤ ਸਮੱਸਿਆਵਾਂ ਦੇ ਹੱਲ ਕਰਨ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਨੇ ਪਿੱਛੇ ਰਹਿ ਕੇ ਕਾਫ਼ੀ ਹਿੱਸਾ ਪਾਇਆ। ਇਸ ਵਕਤ ਆਪ ਪੰਥਕ ਮਾਮਲਿਆਂ ਵਿਚ ਪੂਰੀ ਦਿਲਚਸਪੀ ਲੈ ਰਹੇ ਸਨ; ਪਰ ਸੁਭਾ ਕਰ ਕੇ ਆਪ ਚੁਪ ਚਾਪ ਵਰਕਰ ਸਨ, ਆਪਾ ਨਹੀਂ ਸਨ ਜਣਾਉਂਦੇ। ਆਪ ਦੀ ਨਿਸ਼ਕਾਮ ਸੇਵਾ ਨੇ ਆਪ ਦੀ ਮਾਨਤਾ ਪੰਥਕ ਹਲਕਿਆਂ ਵਿਚ ਚੋਖੀ ਬਣਾ ਦਿੱਤੀ ਹੋਈ ਸੀ। ਬਾਰ ਖ਼ਾਲਸਾ ਦੀਵਾਨ ਦੇ ਤਾਂ ਆਪ ਉੱਘੇ ਨੇਤਾ ਸਨ। ਬਾਹਰ ਵੀ ਚੰਗੇ ਜਾਣੇ ਜਾਂਦੇ ਸਨ।

Digitized by Panjab Digital Library | www.panjabdigilib.org

੭

# ਸਾਕਾ ਨਨਕਾਣਾ ਸਾਹਿਬ

ਗੁਰਦਵਾਰਾ ਪੰਜਾ ਸਾਹਿਬ ਦਾ ਕਬਜ਼ਾ ਲੈਣ ਲਈ ਪੰਝੀ ਸਿੰਘਾਂ ਦਾ ਜਿਹੜਾ ਜਥਾ ਭਾਈ ਕਰਤਾਰ ਸਿੰਘ ਝੱਬਰ ਨਾਲ ਗਿਆ ਸੀ, ਉਸ ਵਿਚ ਸਾਰੇ ਸਿੰਘ ਸੈਂਟਰਲ ਖ਼ਾਲਸਾ ਮਾਝਾ ਦੀਵਾਨ ਦੇ ਹੀ ਸਨ। ਉਨ੍ਹੀਂ ਦਿਨੀਂ ਸਾਰੇ ਪੰਜਾਬ ਵਿਚ ਹੋਰ ਕੋਈ ਅਕਾਲੀ ਜਥਾ ਹੈ ਹੀ ਨਹੀਂ ਸੀ। ਭਾਈ ਕਰਤਾਰ ਸਿੰਘ ਝੱਬਰ ਦੇ ਜੀ ਵਿਚ ਆਈ ਕਿ ਬਾਰ ਦੇ ਇਲਾਕੇ ਦਾ ਆਪਣਾ ਅਕਾਲੀ ਜਥਾ ਬਣਾਉਣਾ ਚਾਹੀਦਾ ਹੈ। ਇਸ ਮਤਲਬ ਲਈ ਉਸ ੨੪ ਦਸੰਬਰ ੧੯੨੦ ਨੂੰ ਸ਼ੁੱਕਰਵਾਰ ਵਾਲੇ ਦਿਨ ਸ਼ੇਖੂਪੁਰੇ ਵਿਚ ਇਲਾਕੇ ਦੇ ਸਿੰਘਾਂ ਦੀ ਇਕਤ੍ਰਤਾ ਬੁਲਾਈ ਅਤੇ "ਅਕਾਲੀ ਦਲ ਸੱਚਾ ਸੌਦਾ ਬਾਰ" ਕਾਇਮ ਕੀਤਾ ਤੇ ਸਿੰਘਾਂ ਦੀ ਭਰਤੀ ਆਰੰਭ ਦਿੱਤੀ। ਨਨਕਾਣਾ ਸਾਹਿਬ ਦਾ ਮਹੰਤ ਨਰਾਇਣ ਦਾਸ ਵੀ ਓਦੋਂ ਸ਼ੇਖੂਪੁਰੇ ਹੀ ਸੀ। ਉਸ ਭਾਈ ਮੂਲ ਸਿੰਘ ਗਰਮੂਲਾ ਰਾਹੀਂ ਸੁਨੇਹਾ ਭੇਜਿਆ ਕਿ "ਮੈਂ ਸੁਣਿਆ ਹੈ ਕਿ ਤੂੰ ਭਰਤੀ ਕਰਨੀ ਚਾਹੁੰਦਾ ਹੈਂ; ਮੇਰੇ ਪਾਸ ਵੀ ਬਹੁਤ ਸਾਰੀ ਭਰਤੀ ਹੈ। ਜੇ ਲੋੜ ਹੋਵੇ ਤਾਂ ਕੁਝ ਆਦਮੀ ਘੱਲ ਦੇਵਾਂ।" ਅਜੇ ਮੀਟਿੰਗ ਸਮਾਪਤ ਨਹੀਂ ਹੋਈ ਸੀ ਕਿ ਮਹੰਤ ਦਾ ਇਕ ਚੇਲਾ ਲੱਧੂ ਰਾਮ ਸ਼ਰਾਬ ਪੀ ਕੇ ਉਥੇ ਆਣ ਵੜਿਆ ਅਤੇ ਆ ਕੇ ਪੁੱਛਣ ਲੱਗਾ, "ਓਇ ਕਿਹੜਾ ਏ ਝੱਬਰ ? ਮੈਂ ਉਹਨੂੰ ਵੇਖਣਾ ਏ।" ਝੱਬਰ ਨੇ ਉਸ ਨੂੰ ਕਿਹਾ, "ਜਾਹ ਭਾਈ, ਆਪਣਾ ਕੰਮ ਕਰ, ਤੂੰ ਝੱਬਰ ਤੋਂ ਕੀ ਲੈਣਾ ਏ ?" ਪਰ ਲੱਧੂ ਰਾਮ ਨਸ਼ੇ ਦੇ ਲੋਰ ਵਿਚ ਆਪਣੀ ਰਟ ਲਾਈ ਗਿਆ। ਇਸ ਉੱਤੇ ਸੰਗਤ ਵਿਚੋਂ ਕੁਝ ਸਿੰਘਾਂ ਉੱਠ ਕੇ ਉਸ ਨੂੰ ਸੋਧਿਆ ਤੇ ਉਸ ਦਾ ਮੂੰਹ ਕਾਲਾ ਕਰਕੇ ਅਤੇ ਖੋਤੇ ਉੱਤੇ ਚੜ੍ਹਾ ਕੇ ਸ਼ਹਿਰ ਵਿਚ ਫਿਰਾਇਆ ਤੇ ਪਿੱਛੋਂ ਪੁਲਿਸ ਦੇ ਹਵਾਲੇ ਕਰ ਦਿੱਤਾ, ਕਿਉਂਜੋ ਉਸ ਦੀ ਤਲਾਸ਼ੀ ਲੈਣ ਉਤੇ ਉਸ ਦੇ ਪੱਲਿਓਂ ਕੁਝ ਕਾਰਤੂਸ ਤੇ ਇਕ ਬੋਤਲ ਸ਼ਰਾਬ ਦੀ ਨਿਕਲੀ ਸੀ। ਉਸ ਦਿਨ ਤਾਂ ਮਹੰਤ ਨਰਾਇਣ ਦਾਸ ਉਥੋਂ ਖਿਸਕ ਗਿਆ, ਪਰ ਦੂਜੇ ਦਿਨ ਆਪਣੇ ਚੇਲੇ ਨੂੰ ਛੁਡਾ ਕੇ ਲੈ ਗਿਆ।[1]

ਨਵੇਂ ਸਜੇ ਅਕਾਲੀ ਦਲ ਨੇ ੨੭ ਦਸੰਬਰ, ਸੋਮਵਾਰ, ਨੂੰ ਗੁਰਦਵਾਰਾ ਸੱਚੇ ਸੌਦੇ ਉੱਤੇ ਕਬਜ਼ਾ ਕਰ ਲਿਆ ਅਤੇ ਇਸ ਦੀ ਬਾਕਾਇਦਾ ਕਮੇਟੀ ਚੁਣਨ ਲਈ ਸੰਗਤਾਂ ਨੂੰ ਇਸ਼ਤਿਹਾਰ ਰਾਹੀਂ ਸੱਦਾ ਦੇਣ ਦਾ ਫ਼ੈਸਲਾ ਕੀਤਾ। ਇਸ ਮਤਲਬ ਲਈ ਇਕ ਵੱਡੀ

---

[1] ਦੇਖੋ ਨਰੈਣ ਸਿੰਘ, 'ਅਕਾਲੀ ਮੋਰਚੇ ਅਤੇ ਕਰਤਾਰ ਸਿੰਘ ਝੱਬਰ', ਪੰਨਾ ੮੯-੯੦.

Digitized by Panjab Digital Library | www.panjabdigilib.org

ਇਕਤ੍ਰਤਾ ੧੩ ਅਤੇ ੧੪ ਜਨਵਰੀ, ੧੯੨੧ ਨੂੰ ਸੱਚੇ ਸੌਦੇ ਬੁਲਾਈ ਗਈ।

ਛੇਤੀ ਪਿੱਛੋਂ ਭਾਈ ਕਰਤਾਰ ਸਿੰਘ ਝੱਬਰ ਇਸ਼ਤਿਹਾਰ ਛਪਵਾਉਣ ਲਈ ਲਾਹੌਰ 'ਅਕਾਲੀ ਪ੍ਰੈਸ' ਵਿਚ ਗਿਆ। ਉਥੇ ਕਮਿਸ਼ਨਰ ਲਾਹੌਰ, ਮਿਸਟਰ ਕਿੰਗ, ਦੀ ਲਿਖੀ ਇਕ ਗੁਪਤ ਚਿੱਠੀ ਉਸ ਦੇ ਹੱਥ ਲੱਗੀ। ਇਸ ਵਿਚ ਮਹੰਤਾਂ ਅਤੇ ਪੁਜਾਰੀਆਂ ਨੂੰ ਕਾਨੂੰਨੀ ਮਸ਼ਵਰਾ ਅਤੇ ਪੁਲਿਸ ਦੀ ਮਦਦ ਲੈਣ ਦੀ ਹਿਦਾਇਤ ਕੀਤੀ ਗਈ ਸੀ। ਇਸ ਤੋਂ ਝੱਬਰ ਜੀ ਨੂੰ ਇਹ ਦ੍ਰਿੜ ਹੋ ਗਿਆ ਕਿ ਸਰਕਾਰ ਗੁਰਦਵਾਰਿਆਂ ਦਾ ਕਬਜ਼ਾ ਮਹੰਤਾਂ ਦੇ ਹੱਥ ਵਿਚ ਰਿਹਾ ਹੀ ਦੇਖਣਾ ਚਾਹੁੰਦੀ ਹੈ। ਉਨ੍ਹਾਂ ਫ਼ੈਸਲਾ ਕੀਤਾ ਕਿ ਗੁਰਦਵਾਰਾ ਨਨਕਾਣਾ ਸਾਹਿਬ ਉੱਪਰ ਛੇਤੀ ਕਬਜ਼ਾ ਕਰਨਾ ਚਾਹੀਦਾ ਹੈ।

ਸੱਚੇ ਸੌਦੇ ੧੩ ਤੇ ੧੪ ਜਨਵਰੀ ਨੂੰ ਰੱਖੇ ਗਏ ਇਕੱਠ ਦੀ ਖ਼ਬਰ ਮਹੰਤ ਨਰਾਇਣ ਦਾਸ ਨੂੰ ਪਹੁੰਚੀ ਤਾਂ ਉਹ ਬਹੁਤ ਘਬਰਾਇਆ। ਉਸ ਨੂੰ ਭੈ ਉਪਜਿਆ ਕਿ ਮਤੇ ਅਕਾਲੀ ਸਿੰਘ ਇਕੱਠੇ ਹੋ ਕੇ ਏਧਰ ਹੀ ਧਾਵਾ ਬੋਲ ਦੇਣ। ਇਸ ਲਈ ਉਸ ਮੁਕਤਸਰ ਤੋਂ ਪੰਜ ਸੌ ਸਾਧ ਮੰਗਵਾ ਲਏ। ਇਨ੍ਹਾਂ ਨੂੰ ਇਸ ਗੱਲ ਦੀ ਕੋਈ ਖ਼ਬਰ ਨਹੀਂ ਸੀ ਕਿ ਇਹ ਕਿਉਂ ਬੁਲਾਏ ਗਏ ਹਨ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਅਕਾਲੀ ਸਿੰਘਾਂ ਨਾਲ ਲੜਾਈ ਦਾ ਖ਼ਤਰਾ ਹੈ ਤਾਂ ਉਹ ਸਭ ਵਾਪਸ ਚਲੇ ਗਏ।

ਸੱਚੇ ਸੌਦੇ ਜੋ ਇਕੱਠ ਮਾਘੀ ਵਾਲੇ ਦਿਨ ਹੋਇਆ, ਉਸ ਵਿਚ ਨਨਕਾਣਾ ਸਾਹਿਬ ਉੱਪਰ ਕਬਜ਼ੇ ਲਈ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਆਗਿਆ ਲੈ ਲੈਣ ਦਾ ਫ਼ੈਸਲਾ ਕੀਤਾ ਗਿਆ। ਇਸ ਮਨੋਰਥ ਲਈ ਝੱਬਰ ਜੀ ਅੰਮ੍ਰਿਤਸਰ ਪਹੁੰਚੇ। ਸ਼ਿਰੋਮਣੀ ਗੁਰਦਵਾਰਾ ਕਮੇਟੀ ਦੀ ਮੀਟਿੰਗ ਅਕਾਲ ਤਖ਼ਤ ਉੱਪਰ ੨੪ ਜਨਵਰੀ, ੧੯੨੧ ਨੂੰ ਹੋਈ। ਕਮੇਟੀ ਨੇ ਫ਼ੈਸਲਾ ਕੀਤਾ ਕਿ ੫, ੬ ਅਤੇ ੭ ਮਾਰਚ, ੧੯੨੧ ਨੂੰ ਨਨਕਾਣਾ ਸਾਹਿਬ ਵਿਚ ਇਕ ਪੰਥਕ ਇਕੱਠ ਕੀਤਾ ਜਾਵੇ, ਜਿਸ ਵਿਚ ਮਹੰਤ ਨਾਲ ਗੱਲ ਬਾਤ ਕਰਕੇ ਗੁਰਦਵਾਰੇ ਉੱਪਰ ਕਬਜ਼ਾ ਕਰ ਲਿਆ ਜਾਵੇ। ਇਸ ਸੰਬੰਧੀ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਬਾਕਾਇਦਾ ਐਲਾਨ ਕੀਤਾ ਗਿਆ। ਇਕੱਠ ਤੇ ਲੰਗਰ ਆਦਿ ਦਾ ਪ੍ਰਬੰਧ ਕਰਨ ਲਈ ਪੰਜ ਸਿੰਘਾਂ ਦੀ ਕਮੇਟੀ ਬਣਾਈ ਗਈ ਜਿਸ ਵਿਚ ਸ. ਤੇਜਾ ਸਿੰਘ ਸਮੁੰਦ੍ਰੀ, ਜਥੇਦਾਰ ਬੂਟਾ ਸਿੰਘ ਚੱਕ ਨੰ: ੨੦੩ ਵਾਲੇ, ਸ. ਬੂਟਾ ਸਿੰਘ ਸ਼ੇਖ਼ੂਪੁਰਾ, ਭਾਈ ਲਛਮਣ ਸਿੰਘ ਸ਼ਹੀਦ ਅਤੇ ਕਰਤਾਰ ਸਿੰਘ ਝੱਬਰ ਸ਼ਾਮਿਲ ਸਨ।

ਕਮੇਟੀ ਦੇ ਉਕਤ ਫ਼ੈਸਲੇ ਦਾ ਪਤਾ ਜਦੋਂ ਮਹੰਤ ਨੂੰ ਲਗਾ ਤਾਂ ਉਸ ਨੂੰ ਬਹੁਤ ਘਬਰਾਹਟ ਹੋਈ। ਉਸ ਪਹਿਲਾਂ ਹਿੰਦੂ ਲੀਡਰਾਂ ਦਾ ਆਸਰਾ ਲੈਣ ਦੀ ਸੋਚੀ। ਇਸ ਮਤਲਬ ਲਈ ਉਹ ਲਾਲਾ ਲਾਜਪਤ ਰਾਏ ਕੋਲ ਗਿਆ। ਉਨ੍ਹਾਂ ਗੁਰਦਵਾਰੇ ਦੇ ਪ੍ਰਬੰਧ ਲਈ ਹਿੰਦੂ ਲੀਡਰਾਂ ਦੀ ਇਕ ਟ੍ਰਸਟ ਕਮੇਟੀ ਬਣਾਉਣ ਦੀ ਸਲਾਹ ਦਿੱਤੀ। ਜਦੋਂ ਮਹੰਤ ਨੇ ਇਸ ਤਜਵੀਜ਼ ਦੀ ਹੋਰ ਵਧੇਰੇ ਵਿਆਖਿਆ ਮੰਗੀ ਤਾਂ ਉਨ੍ਹਾਂ ਦੱਸਿਆ ਕਿ ਟ੍ਰਸਟ ਕਮੇਟੀ ਕੇਵਲ ਜਾਇਦਾਦ ਆਦਿ ਦਾ ਪ੍ਰਬੰਧ ਹੀ ਕਰੇਗੀ, ਕਬਜ਼ੇ ਵਿਰੁੱਧ ਕੋਈ ਕਾਰਵਾਈ ਕਰਨ ਤੋਂ ਉਹ ਅਸਮਰਥ ਹੋਵੇਗੀ। ਇਸ ਉੱਤੇ ਮਹੰਤ ਮਾਯੂਸ ਹੋ ਕੇ ਵਾਪਸ ਆ ਗਿਆ।

Digitized by Panjab Digital Library | www.panjabdigilib.org

ਇਸ ਪਿੱਛੋਂ ਉਸ ਦੋ ਸਾਧ ਹਰੀ ਦਾਸ ਅਤੇ ਸੁੰਦਰ ਦਾਸ ਭਾਈ ਕਰਤਾਰ ਸਿੰਘ ਝੱਬਰ ਪਾਸ ਭੇਜੇ ਕਿ ਤੂੰ ਵੀਹ ਹਜ਼ਾਰ ਰੁਪਿਆ ਮੇਰੇ ਪਾਸੋਂ ਲੈ ਲੈ ਅਤੇ ਨਨਕਾਣਾ ਸਾਹਿਬ ਜਥਾ ਲਿਆਉਣ ਦਾ ਖ਼ਿਆਲ ਛੱਡ ਦੇ। ਪਰੰਤੂ ਝੱਬਰ ਜੀ ਨੇ ਸਾਫ਼ ਇਨਕਾਰ ਕਰ ਦਿੱਤਾ ਅਤੇ ਮਹੰਤ ਨੂੰ ਪੰਥ ਨਾਲ ਸਮਝੌਤਾ ਕਰਨ ਲਈ ਕਿਹਾ ਅਤੇ ਦੋ ਹਜ਼ਾਰ ਰੁਪਿਆ ਪਿਨਸ਼ਨ ਵਜੋਂ, ਦਸ ਮੁਰੱਬੇ ਜ਼ਮੀਨ, ਰਹਿਣ ਨੂੰ ਘਰ, ਚੜ੍ਹਨ ਨੂੰ ਘੋੜੇ ਆਦਿ ਦਿਵਾਉਣ ਦਾ ਭਰੋਸਾ ਦਿਵਾਇਆ। ਹੋਰ ਇਹ ਯਕੀਨ ਦਿਵਾਇਆ ਕਿ ਉਸ ਨੂੰ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਵੀ ਬਣਾਇਆ ਜਾਏਗਾ।

ਜਦੋਂ ਇਹ ਸੁਨੇਹਾ ਮਹੰਤ ਨੂੰ ਮਿਲਿਆ ਤਾਂ ਉਹ ਸੋਚੀਂ ਪੈ ਗਿਆ ਤੇ ਅਖ਼ੀਰ ਕਹਿ ਭੇਜਿਆ ਕਿ ਮੈਨੂੰ ਇਹ ਸ਼ਰਤਾਂ ਮਨਜ਼ੂਰ ਹਨ। ਝੱਬਰ ਜੀ ਨੇ ਮਹੰਤ ਨੂੰ ਮਿਲ ਕੇ ਇਸ ਗੱਲ ਦੀ ਤਸਦੀਕ ਕੀਤੀ ਅਤੇ ਅੰਮ੍ਰਿਤਸਰ ਪਹੁੰਚ ਕੇ ਸਾਰੀ ਗੱਲਬਾਤ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਦੱਸੀ। ਕਮੇਟੀ ਵਿਚ ਵਿਚਾਰ ਉਪਰੰਤ ਮਹੰਤ ਨਰਾਇਣ ਦਾਸ ਨਾਲ ਸਮਝੌਤੇ ਦੀ ਗੱਲ ਨੂੰ ਸਿਰੇ ਚੜ੍ਹਾਣ ਲਈ ਇਨ੍ਹਾਂ ਪੰਜ ਸੱਜਨਾਂ ਦੀ ਇਕ ਸਬ-ਕਮੇਟੀ ਬਣਾਈ ਗਈ : ਸ. ਤੇਜਾ ਸਿੰਘ ਸਮੁੰਦ੍ਰੀ, ਸ. ਬੂਟਾ ਸਿੰਘ ਸ਼ੇਖੂਪੁਰਾ, ਬਾਬਾ ਕਿਹਰ ਸਿੰਘ ਪੱਟੀ, ਪ੍ਰੋਫ਼ੈਸਰ ਜੋਧ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ।

੭, ੮ ਅਤੇ ੯ ਫਰਵਰੀ, ੧੯੨੧ ਨੂੰ ਸੱਚੇ ਸੌਦੇ ਏਕਮ ਦਾ ਮੇਲਾ ਸੀ। ਉਪਰੋਕਤ ਸਬ-ਕਮੇਟੀ ਨੇ ਮਹੰਤ ਨੂੰ ਗੱਲ ਬਾਤ ਲਈ ੯ ਫਰਵਰੀ ਨੂੰ ਸੱਚੇ ਸੌਦੇ ਪਹੁੰਚਣ ਲਈ ਕਿਹਾ। ਪਰ ਇਸ ਅਰਸੇ ਵਿਚ ਉਸ ਦੀਆਂ ਅੱਖਾਂ ਬਦਲ ਚੁਕੀਆਂ ਸਨ। ਉਹ ਸੱਚੇ ਸੌਦੇ ਨ ਗਿਆ, ਸਗੋਂ ਬਾਬੇ ਥੰਮਨ ਦੇ ਡੇਰੇ ਚਲਾ ਗਿਆ। ਉਥੇ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਬਾਵਾ ਖੁਸ਼ਾਲ ਦਾਸ ਅਤੇ ਹੋਰ ਉੱਘੇ ਸਾਧਾਂ ਦੀ ਮੀਟਿੰਗ ਹੋਈ। ਖੁਸ਼ਾਲ ਦਾਸ ਨੇ ਉਸ ਨੂੰ ਗ਼ਲਤ ਰਸਤੇ ਪਾ ਦਿੱਤਾ ਤੇ ਕਿਹਾ ਕਿ "ਅਕਾਲੀ ਕੀ ਚੀਜ਼ ਹਨ, ਤੂੰ ਤਕੜਾ ਹੋ, ਮੈਂ ਬਹੁਤ ਸਾਰੇ ਮਾਝੇ ਦੇ ਬਦਮਾਸ਼ ਤੇਰੀ ਮਦਦ ਨੂੰ ਘੱਲ ਦਿਆਂਗਾ।" ਇਸ ਨਾਲ ਮਹੰਤ ਦਾ ਹੌਂਸਲਾ ਵਧ ਗਿਆ ਅਤੇ ਉਸ ਨੇ ਬਦਮਾਸ਼ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿਚੋਂ ਬਹੁਤ ਸਾਰੇ ਮੁਸਲਮਾਨ ਪਠਾਣ ਸਨ। ਇਨ੍ਹਾਂ ਕੁਰਾਨ ਤੇ ਹੱਥ ਰੱਖ ਕੇ ਅਕਾਲੀ ਸਿੰਘਾਂ ਦਾ ਟਾਕਰਾ ਕਰਨ ਦੀ ਕਸਮ ਖਾਧੀ। ਇਵਜ਼ਾਨੇ ਵਿਚ ਮਹੰਤ ਨੇ ਉਨ੍ਹਾਂ ਲਈ ਸ਼ਰਾਬ, ਕਬਾਬ ਤੇ ਤਜੌਰੀਆਂ ਦੇ ਮੂੰਹ ਖੋਲ੍ਹ ਦਿੱਤੇ।

ਪੰਥਕ ਲੀਡਰ ੯ ਫਰਵਰੀ ਵਾਲੇ ਦਿਨ ਮਹੰਤ ਨੂੰ ਸਾਰਾ ਦਿਨ ਉਡੀਕਦੇ ਰਹੇ। ਦਿਨ ਢਲੇ ਉਸ ਵਲੋਂ ਸੁਨੇਹਾ ਆਇਆ ਕਿ ਮੈਂ ਸੱਚੇ ਸੌਦੇ ਨਹੀਂ ਮਿਲ ਸਕਦਾ; ਕਿਸੇ ਸ਼ਹਿਰ ਸੱਦੋ ਤਾਂ ਹਾਜ਼ਰ ਹੋ ਜਾਵਾਂਗਾ। ਇਸ ਪੁਰ ਸਬ-ਕਮੇਟੀ ਨੇ ਉਸ ਨੂੰ ੧੪ ਫਰਵਰੀ ਵਾਲੇ ਦਿਨ ਸ਼ੇਖੂਪੁਰੇ ਮਿਲਣ ਲਈ ਕਿਹਾ। ਉਹ ਉਥੇ ਵੀ ਨ ਪਹੁੰਚਿਆ, ਪਰ ੧੫ ਫਰਵਰੀ ਨੂੰ ਲਾਹੌਰ ਮਿਲਣ ਦਾ ਸੁਨੇਹਾ ਘੱਲ ਦਿੱਤਾ।

੧੫ ਫਰਵਰੀ ਨੂੰ ਸ. ਬੂਟਾ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਲਾਹੌਰ ਗਏ। ਉਨ੍ਹਾਂ ਨੂੰ ਖ਼ਬਰ ਮਿਲੀ ਕਿ ੧੪-੧੫ ਫਰਵਰੀ ਦੀ ਦਰਮਿਆਨੀ ਰਾਤ ਨੂੰ ਰਾਮਗਲੀ

Digitized by Panjab Digital Library | www.panjabdigilib.org

ਵਿਚ ਸਾਧਾਂ ਦੀ ਇਕ ਮੀਟਿੰਗ ਹੋਈ ਸੀ। ਉਸ ਵਿਚ ਫ਼ੈਸਲਾ ਹੋਇਆ ਹੈ ਕਿ ਜਦ ੫, ੬ ਅਤੇ ੭ ਮਾਰਚ ਨੂੰ ਨਨਕਾਣਾ ਸਾਹਿਬ ਵਿਚ ਲੀਡਰ ਇਕੱਠੇ ਹੋਣ ਤਾਂ ਪੰਦਰਾਂ ਵੀਹ ਬਦਮਾਸ਼, ਛਵ੍ਹੀਆਂ ਟਕੂਏ, ਬੰਦੂਕਾਂ ਆਦਿ ਲੈ ਕੇ ਘੋੜਿਆਂ ਉੱਪਰ ਨਨਕਾਣੇ ਸਾਹਿਬ ਪਹੁੰਚਣ ਅਤੇ ਗੁਰਦਵਾਰੇ ਦੇ ਪੱਛਮੀ ਦਰਵਾਜ਼ੇ ਥਾਣੀਂ ਅੰਦਰ ਦਾਖ਼ਲ ਹੋਣ ਅਤੇ ਅੰਦਰ ਵੜਦੇ ਸਾਰ ਲੀਡਰਾਂ ਅਤੇ ਜਥੇਦਾਰਾਂ ਨੂੰ ਵੱਢ ਦੇਣ ਅਤੇ ਖਲੇ ਪੈਰੀਂ ਘੋੜਿਆਂ ਤੇ ਚੜ੍ਹ ਕੇ ਟਿੱਬ ਜਾਣ। ਇਸ ਉਪਰੰਤ ਮਹੰਤ ਪਾਰਟੀ ਇਹ ਰੌਲਾ ਪਾ ਦੇਵੇਗੀ ਕਿ ਡਾਕੂ ਪੈ ਕੇ ਇਨ੍ਹਾਂ ਲੋਕਾਂ ਨੂੰ ਮਾਰ ਗਏ ਹਨ। ਇਹ ਸੂਚਨਾ ਮਿਲਣ ਉੱਤੇ ਕਰਤਾਰ ਸਿੰਘ ਝੱਬਰ ਨੂੰ ਮਹੰਤ ਦੀ ਸੁਲਹ ਦੀ ਨੀਤੀ ਦਾ ਪਤਾ ਲੱਗਾ ਤੇ ਉਸ ਦੇ ਮਨ ਦਾ ਖੋਟ ਚਿੱਟੇ ਦਿਨ ਵਾਂਗ ਰੋਸ਼ਨ ਹੋ ਗਿਆ।

ਅਕਾਲੀਆਂ ਨੂੰ ਭੈ ਭੀਤ ਕਰਨ ਲਈ ਨਨਕਾਣਾ ਸਾਹਿਬ ਦੇ ਮਹੰਤ ਨੇ ਸਨਾਤਨੀ ਖ਼ਿਆਲਾਂ ਦੇ ਇਕ ਸਿੱਖ, ਕਰਤਾਰ ਸਿੰਘ ਬੇਦੀ, ਦੀ ਪ੍ਰਧਾਨਗੀ ਹੇਠ ਇਕ ਕਾਨਫ੍ਰੰਸ ੧੯-੨੦ ਫਰਵਰੀ ਨੂੰ ਲਾਹੌਰ ਰੱਖੀ। ਅਕਾਲੀਆਂ ਨੂੰ ਇਸ ਗੱਲ ਤੇ ਹੋਰ ਵੀ ਗੁੱਸਾ ਆਇਆ। ਭਾਈ ਕਰਤਾਰ ਸਿੰਘ ਝੱਬਰ ਅਤੇ ਭਾਈ ਲਛਮਣ ਸਿੰਘ ਧਾਰੋਵਾਲੀਆ ਨੇ ਆਪਸ ਵਿਚ ਸਲਾਹ ਪਕਾਈ ਕਿ ਠੀਕ ਕਾਨਫ੍ਰੰਸ ਵਾਲੇ ਦਿਨ ਹੀ ੨੦ ਫਰਵਰੀ ਨੂੰ ਨਨਕਾਣਾ ਸਾਹਿਬ ਉੱਤੇ ਕਬਜ਼ਾ ਕਰ ਲਿਆ ਜਾਵੇ। ਇਹ ਵੀ ਫ਼ੈਸਲਾ ਕੀਤਾ ਕਿ ਇਸ ਗੱਲ ਦੀ ਖ਼ਬਰ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਨ ਮਿਲੇ ਕਿਉਂਕਿ ਉਹ ਸਮਝਦੇ ਸਨ ਕਿ ਕਮੇਟੀ ਨੇ ਇਸ ਕਬਜ਼ੇ ਦੀ ਆਗਿਆ ਨਹੀਂ ਦੇਣੀ।

ਇਸ ਸਲਾਹ ਮੁਤਾਬਕ ਇਹ ਦੋਵੇਂ ਸੱਜਨ ਤਿਆਰੀ ਕਰਨ ਲਗ ਪਏ। ਇਤਫ਼ਾਕ ਨਾਲ ਸ਼ਿਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਵੀ ਮਹੰਤਾਂ ਦੀ ਕਾਨਫ੍ਰੰਸ ਵਾਲੇ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਰੱਖੀ ਗਈ ਸੀ। ਮੀਟਿੰਗ ਤੋਂ ਦੋ ਤਿੰਨ ਦਿਨ ਪਹਿਲਾਂ ਭਾਈ ਬੂਟਾ ਸਿੰਘ ਚੱਕ ਨੰ: ੨੦੪ ਵਾਲੇ ਨੇ ਮਾਸਟਰ ਤਾਰਾ ਸਿੰਘ ਨੂੰ ਕਬਜ਼ੇ ਵਾਲੀ ਗੱਲ ਦੱਸੀ ਤੇ ਨਾਲ ਹੀ ਕਿਹਾ ਕਿ "ਮੇਰੀ ਡਿਊਟੀ ਪੌੜੀਆਂ ਇਕੱਠੀਆਂ ਕਰਨ ਦੀ ਲੱਗੀ ਹੈ। ਗੁਰਦਵਾਰੇ ਦੀ ਕੰਧ ਕਾਫ਼ੀ ਉੱਚੀ ਹੋਣ ਕਰਕੇ ਉਹ ਪੌੜੀਆਂ ਬਿਨਾ ਟੱਪੀ ਨਹੀਂ ਜਾ ਸਕਦੀ। ਇਸ ਲਈ ਇਸ ਕੰਮ ਵਾਸਤੇ ਦੋ ਤਿੰਨ ਦਿਨ ਪਹਿਲਾਂ ਨਨਕਾਣੇ ਸਾਹਿਬ ਜਾਣ ਦੀ ਮਨਸ਼ਾ ਰੱਖਦਾ ਹਾਂ।"

ਭਾਈ ਲਛਮਣ ਸਿੰਘ ਧਾਰੋਵਾਲੀਆ ਨੇ ਇਸ ਕੰਮ ਲਈ ਜ਼ਿਲਾ ਲਾਇਲਪੁਰ ਵਿਚੋਂ ਅਕਾਲੀ ਸਿੰਘ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਉਹ ਜਦੋਂ ਲਾਇਲਪੁਰ ਗਿਆ ਤਾਂ ਉਸ ਨੇ ਸਾਰੀ ਗੱਲ ੧੮ ਫਰਵਰੀ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਦੱਸ ਦਿੱਤੀ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਉਸ ਨੂੰ ਇਸ ਪਾਸਿਓਂ ਮਨ੍ਹਾ ਕੀਤਾ ਤਾਂ ਉਸ ਨੇ ਜਵਾਬ ਦਿੱਤਾ ਕਿ ਉਹ ਇਹ ਇਰਾਦਾ ਤਦੋਂ ਛੱਡ ਸਕੇਗਾ ਜਦੋਂ ਭਾਈ ਕਰਤਾਰ ਸਿੰਘ ਝੱਬਰ ਵੀ ਇਹ ਗੱਲ ਮੰਨ ਲਏ। ਸਮੁੰਦ੍ਰੀ ਸਾਹਿਬ ਨੂੰ ਇਸ ਤੋਂ ਪਹਿਲਾਂ ਹੀ ਇਸ ਕਬਜ਼ੇ ਦਾ ਬਹੁਤ ਫ਼ਿਕਰ ਸੀ। ਉਹ ਚਾਹੁੰਦੇ ਸਨ ਕਿ ਕੋਈ ਭਾਣਾ ਨ ਵਰਤੇ ਤੇ ਇਹ ਕੰਮ ਸ਼ਾਂਤੀ ਨਾਲ ਹੋ

Digitized by Panjab Digital Library | www.panjabdigilib.org

ਜਾਵੇ । ਕਬਜ਼ੇ ਵਾਲੀ ਗੱਲ ਸੁਣਦਿਆਂ ਹੀ ਉਹ ਮਾ. ਤਾਰਾ ਸਿੰਘ ਕੋਲ ਲਾਇਲਪੁਰ ਗਏ । ਉਥੇ ਹੋਰ ਸਰਕਰਦਾ ਅਕਾਲੀ ਵੀ ਮੌਜੂਦ ਸਨ । ਉਨ੍ਹਾਂ ਸਾਰਿਆਂ ਰਲ ਕੇ ਫ਼ੈਸਲਾ ਕੀਤਾ ਕਿ ਜਿਸ ਤਰ੍ਹਾਂ ਵੀ ਹੋ ਸਕੇ ਕਮੇਟੀ ਦੇ ਫ਼ੈਸਲੇ ਵਿਰੁੱਧ ਕੋਈ ਕਾਰਵਾਈ ਨ ਹੋਣ ਦਿੱਤੀ ਜਾਵੇ । ਫ਼ੈਸਲਾ ਹੋਇਆ ਕਿ ਝੱਬਰ ਜੀ ਤੇ ਭਾਈ ਲਛਮਣ ਸਿੰਘ ਨੂੰ ਰੋਕਣ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਜਾਵੇ । ਪਰ, ਚੂੰਕਿ ਸਮਾਂ ਥੋੜਾ ਹੈ ਇਸ ਵਾਸਤੇ ਦੂਜੇ ਪਾਸਿਓਂ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਆਗਿਆ ਲੈਣ ਦਾ ਜਤਨ ਵੀ ਕੀਤਾ ਜਾਵੇ, ਤਾ ਕਿ ਜੇ ਕਬਜ਼ਾ ਹੋ ਜਾਵੇ ਤਾਂ ਉਸ ਵਿਚ ਘਟੋ ਘਟ ਸ਼ਿਰੋਮਣੀ ਕਮੇਟੀ ਦੀ ਰਜ਼ਾਮੰਦੀ ਜ਼ਰੂਰ ਹੋਵੇ ।

ਉਸੇ ਦਿਨ ਰਾਤ ਦੀ ਗੱਡੀ ਸ. ਤੇਜਾ ਸਿੰਘ ਸਮੁੰਦ੍ਰੀ ਤੇ ਮਾਸਟਰ ਤਾਰਾ ਸਿੰਘ ਲਾਇਲਪੁਰ ਤੋਂ ਅੰਮ੍ਰਿਤਸਰ ਵਲ ਸ਼ਿਰੋਮਣੀ ਕਮੇਟੀ ਦੀ ਇਕਤ੍ਰਤਾ ਵਿਚ ਭਾਗ ਲੈਣ ਲਈ ਚਲ ਪਏ । ਨਾਲ ਹੀ ਭਾਈ ਕਰਤਾਰ ਸਿੰਘ ਝੱਬਰ ਨੂੰ ਤਾਰ ਦਿੱਤੀ ਕਿ ਸਾਨੂੰ ਚੂਹੜਕਾਣੇ ਸਟੇਸ਼ਨ ਉੱਤੇ ਆ ਕੇ ਮਿਲੋ । ਭਾਈ ਕਰਤਾਰ ਸਿੰਘ ਝੱਬਰ ਆਪ ਤਾਂ ਨ ਆਇਆ, ਪਰ ਆਪਣੀ ਥਾਂ ਮਿਲਣ ਲਈ ਭਾਈ ਸੁੱਚਾ ਸਿੰਘ ਨੂੰ ਘੱਲ ਦਿੱਤਾ । ਭਾਈ ਸੁੱਚਾ ਸਿੰਘ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਤੇ ਮਾਸਟਰ ਤਾਰਾ ਸਿੰਘ ਜੀ ਨੇ ਬੜੀ ਤਾਕੀਦ ਕੀਤੀ ਤੇ ਕਿਹਾ ਕਿ ਉਹ ਭਾਈ ਕਰਤਾਰ ਸਿੰਘ ਨੂੰ ਉਨ੍ਹਾਂ ਵਲੋਂ ਕਹੇ ਕਿ ਨਨਕਾਣਾ ਸਾਹਿਬ ਉੱਤੇ ਕਬਜ਼ਾ ਕਰਨ ਦੀ ਤਜਵੀਜ਼ ਸਿਰੇ ਚੜ੍ਹਾਣੀ ਹਾਲ ਦੀ ਘੜੀ ਮੁਲਤਵੀ ਕਰ ਦੇਵੇ । ਭਾਈ ਸੁੱਚਾ ਸਿੰਘ ਨੇ ਅੱਗੋਂ ਕਿਹਾ ਕਿ ਮੈਂ ਭਾਈ ਕਰਤਾਰ ਸਿੰਘ ਨੂੰ ਆਪ ਜੀ ਦਾ ਸੁਨੇਹਾ ਤਾਂ ਪਹੁੰਚਾ ਦੇਵਾਂਗਾ ਪਰ ਕਬਜ਼ਾ ਲੈਣ ਦੇ ਪ੍ਰੋਗਰਾਮ ਦੇ ਮੁਲਤਵੀ ਹੋਣ ਬਾਰੇ ਯਕੀਨੀ ਤੌਰ ਤੇ ਕੁਝ ਨਹੀਂ ਕਹਿ ਸਕਦਾ ।

ਸ. ਤੇਜਾ ਸਿੰਘ ਸਮੁੰਦ੍ਰੀ ਤੇ ਮਾਸਟਰ ਜੀ ਜਦ ਲਾਹੌਰ ਸਟੇਸ਼ਨ ਤੇ ਅਪੜੇ ਤਾਂ ਉਨ੍ਹਾਂ ਨੂੰ ਭਾਈ ਦਲੀਪ ਸਿੰਘ ਜੀ ਧਾਰੋਵਾਲੀਆ ਵੀ ਸ਼ਿਰੋਮਣੀ ਕਮੇਟੀ ਦੀ ਇਕਤ੍ਰਤਾ ਤੇ ਜਾਂਦਾ ਮਿਲ ਪਿਆ । ਉਹ ਉਥੋਂ ਹੀ ਗੱਡੀ ਚੜ੍ਹਿਆ ਸੀ । ਉਸ ਨੂੰ ਕਬਜ਼ੇ ਵਾਲੀ ਗੱਲ ਦਾ ਕੁਝ ਵੀ ਪਤਾ ਨਹੀਂ ਸੀ । ਸਮੁੰਦ੍ਰੀ ਜੀ ਤੇ ਮਾਸਟਰ ਜੀ ਨੇ ਉਸ ਨੂੰ ਸਾਰੀ ਗੱਲ ਦੱਸੀ ਤੇ ਕਿਹਾ ਕਿ ਅਸੀਂ ਅੰਮ੍ਰਿਤਸਰ ਜਾਂਦੇ ਹਾਂ ਤੇ ਤੁਸੀਂ ਚੂਹੜਕਾਣੇ ਅਪੜ ਕੇ ਜਥਿਆਂ ਨੂੰ ਰੋਕੋ । ਸ. ਦਲੀਪ ਸਿੰਘ ਨਾਲ ਸ. ਜਸਵੰਤ ਸਿੰਘ ਝਬਾਲ ਵੀ ਸਨ । ਆਗਿਆ ਮੰਨ ਕੇ ਦੋਵੇਂ ਗੁਰਦਵਾਰਾ ਸੱਚਾ ਸੌਦਾ ਸਾਹਿਬ ਪਹੁੰਚੇ ਤੇ ਉਨ੍ਹਾਂ ਭਾਈ ਕਰਤਾਰ ਸਿੰਘ ਝੱਬਰ ਤੇ ਉਸ ਦੇ ਸਾਥੀਆਂ ਨੂੰ ਮਨਾ ਲਿਆ ਕਿ ਉਹ ਕਬਜ਼ਾ ਕਰਨ ਨਹੀਂ ਜਾਣਗੇ; ਪਰ ਹੁਣ ਫ਼ਿਕਰ ਭਾਈ ਲਛਮਣ ਸਿੰਘ ਦੇ ਜਥੇ ਦਾ ਪਿਆ ।

ਲਛਮਣ ਸਿੰਘ ਨੇ ਧਾਰੋਵਾਲ ਤੋਂ ਚਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਚੰਦਰਕੋਟ ਦੀ ਝਾਲ ਤੇ ਮਿਲਣਾ ਸੀ । ਸੋ ਸੱਚੇ ਸੌਦੇ ਬੈਠਕੇ ਇਕ ਚਿੱਠੀ ਜਥੇਦਾਰ ਲਛਮਣ ਸਿੰਘ ਦੇ ਨਾਂ ਲਿਖੀ ਗਈ ਜਿਸ ਉੱਪਰ ਭਾਈ ਦਲੀਪ ਸਿੰਘ ਸ਼ਹੀਦ, ਸ. ਜਸਵੰਤ ਸਿੰਘ ਝਬਾਲ, ਸੰਤ ਤੇਜਾ ਸਿੰਘ, ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਇਕ

Digitized by Panjab Digital Library | www.panjabdigilib.org

ਹੋਰ ਸਿੰਘ ਦੇ ਦਸਤਖ਼ਤ ਹੋਏ। ਇਹ ਚਿੱਠੀ ਲੈ ਕੇ ਚਾਰ ਘੋੜ ਸਵਾਰ : ਭਾਈ ਦਲੀਪ ਸਿੰਘ ਸ਼ਹੀਦ, ਭਾਈ ਵਰਿਆਮ ਸਿੰਘ ਗਰਮੂਲਾ, ਭਾਈ ਗੁਰਦਿਤ ਸਿੰਘ ਝੀਂਡ ਅਤੇ ਭਾਈ ਰਾਮ ਸਿੰਘ ੧੯ ਫਰਵਰੀ, ੧੯੨੧ ਨੂੰ ਦਿਨ ਛਿਪੇ ਦੇ ਕਰੀਬ ਚਲੇ। ਇਹ ਸਿੱਧੇ ਚੰਦਰਕੋਟ ਦੀ ਝਾਲ ਤੇ ਪਹੁੰਚੇ ਪਰ ਭਾਈ ਲਛਮਣ ਸਿੰਘ ਦਾ ਜਥਾ ਹਾਲੀ ਇਥੇ ਨਹੀਂ ਪਹੁੰਚਿਆ ਸੀ। ਸ. ਰਾਮ ਸਿੰਘ ਨੂੰ ਉਥੇ ਛੱਡ ਬਾਕੀ ਤਿੰਨੇ ਸਵਾਰ ਸਾਰੀ ਰਾਤ ਧਾਰੋਵਾਲ ਤੋਂ ਨਨਕਾਣਾ ਸਾਹਿਬ ਦੇ ਰਸਤਿਆਂ ਤੇ ਅੱਗੇ ਪਿੱਛੇ ਘੁੰਮਦੇ ਰਹੇ, ਪਰ ਲਛਮਣ ਸਿੰਘ ਦੇ ਜਥੇ ਨਾਲ ਮੇਲ ਨ ਹੋਇਆ। ੨੦ ਫਰਵਰੀ ਸਵੇਰੇ ਚਾਰ ਵਜੇ ਇਹ ਨਨਕਾਣਾ ਸਾਹਿਬ ਦੇ ਨੇੜੇ ਪਹੁੰਚੇ, ਪਰ ਜਥੇ ਦੀ ਕਿਸੇ ਬੰਨਿਓਂ ਸੋਅ ਨ ਸੁਣੀ। ਹਾਰ ਕੇ ਇਹ ਵਸਦੇ ਅੰਦਰ ਚਲੇ ਗਏ। ਭਾਈ ਵਰਿਆਮ ਸਿੰਘ ਗਰਮੂਲਾ ਤੇ ਭਾਈ ਗੁਰਦਿਤ ਸਿੰਘ ਤਾਂ ਮੰਡੀ ਜਾ ਕੇ ਸੌਂ ਰਹੇ ਅਤੇ ਭਾਈ ਦਲੀਪ ਸਿੰਘ ਸ. ਉੱਤਮ ਸਿੰਘ ਦੇ ਕਾਰਖ਼ਾਨੇ ਪਹੁੰਚੇ। ਉਥੇ ਭਾਈ ਬੂਟਾ ਸਿੰਘ ੨੦੪ ਚੱਕ ਵਾਲੇ ਅਤੇ ਭਾਈ ਵਰਿਆਮ ਸਿੰਘ ਭੋਜੀਆ (ਜ਼ਿਲਾ ਮਿੰਟਗੁਮਰੀ) ਪਹਿਲਾਂ ਹੀ ਮੌਜੂਦ ਸਨ। ਭਾਈ ਦਲੀਪ ਸਿੰਘ ਨੇ ਭਾਈ ਵਰਿਆਮ ਸਿੰਘ ਨੂੰ ਚਿੱਠੀ ਦੇ ਕੇ ਗੁਰਦਵਾਰਾ ਜਨਮ-ਅਸਥਾਨ ਦੇ ਨੇੜੇ ਤੇੜੇ ਰਹਿ ਕੇ ਪੜਤਾਲ ਰੱਖਣ ਅਤੇ ਚਿੱਠੀ ਭਾਈ ਲਛਮਣ ਸਿੰਘ ਨੂੰ ਦੇਣ ਦੀ ਤਾਕੀਦ ਕੀਤੀ।

ਵਰਿਆਮ ਸਿੰਘ ਨੂੰ ਭਾਈ ਲਛਮਣ ਸਿੰਘ ਆਪਣੇ ਜਥੇ ਸਮੇਤ ਗੁਰਦਵਾਰਾ ਜਨਮ-ਅਸਥਾਨ ਤੋਂ ਕੁਝ ਦੂਰੀ ਤੇ ਮਿਲ ਪਿਆ। ਭਾਈ ਲਛਮਣ ਸਿੰਘ ਨੇ ਚਿੱਠੀ ਪੜ੍ਹ ਕੇ ਜਥੇ ਨੂੰ ਸੁਣਾਈ। ਫ਼ੈਸਲਾ ਹੋਇਆ ਕਿ ਜਥਾ ਇਥੋਂ ਵਾਪਸ ਮੁੜ ਜਾਵੇ ਪਰ ਭਾਈ ਟਹਿਲ ਸਿੰਘ ਅੜ ਖਲੋਤਾ ਤੇ ਕਿਹਾ, "ਅਸੀਂ ਅਰਦਾਸਾ ਸੋਧ ਕੇ ਤੁਰੇ ਹਾਂ, ਬੇ-ਮੁੱਖ ਹੋ ਕੇ ਪਿੱਛੇ ਨਹੀਂ ਪਰਤਾਂਗੇ।" ਇਹ ਕਹਿ ਕੇ ਉਹ ਗੁਰਦਵਾਰੇ ਵਲ ਨੂੰ ਅੱਗੇ ਵਧਿਆ। ਭਾਈ ਲਛਮਣ ਸਿੰਘ ਨੇ ਉਸ ਦਾ ਇਕੱਲੇ ਜਾਣਾ ਉਚਿਤ ਨ ਸਮਝਿਆ ਅਤੇ ਆਪ ਵੀ ਨਾਲ ਹੋ ਲਿਆ। ਫੇਰ ਕੀ ਸੀ? ਜਥੇਦਾਰ ਦੇ ਨਾਲ ਬਾਕੀ ਜਥਾ ਵੀ ਗੁਰਦਵਾਰੇ ਵਲ ਤੁਰ ਪਿਆ। ਗੁਰਦਵਾਰੇ ਵਿਚ ਦਾਖ਼ਲ ਹੋ ਕੇ ਭਾਈ ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਿਆ।

ਮਹੰਤ ਨਰਾਇਣ ਦਾਸ ਨੇ ਕਤਲਾਮ ਦੀ ਪੂਰੀ ਤਿਆਰੀ ਕੀਤੀ ਹੋਈ ਸੀ ਤੇ ਇਸ ਮਤਲਬ ਲਈ ਉਸ ਨੇ ਤੇਲ ਦੇ ਪੀਪੇ, ਲੱਕੜੀਆਂ, ਛਵ੍ਹੀਆਂ, ਗੰਡਾਸੇ ਤੇ ਬੰਦੂਕਾਂ ਮੰਗਵਾਈਆਂ ਹੋਈਆਂ ਸਨ। ਜਦ ਜਥਾ ਜਨਮ-ਅਸਥਾਨ ਵਿਚ ਦਾਖ਼ਲ ਹੋਇਆ ਤਾਂ ਮਹੰਤ ਦੇ ਇਕੱਠੇ ਕੀਤੇ ਗੁੰਡਿਆਂ ਨੇ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਕਈਆਂ ਨੂੰ ਛਵ੍ਹੀਆਂ ਤੇ ਗੰਡਾਸਿਆਂ ਨਾਲ ਟੁੱਕ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਜਥੇਦਾਰ ਲਛਮਣ ਸਿੰਘ ਉੱਤੇ ਗੋਲੀਆਂ ਚਲਾਈਆਂ ਗਈਆਂ। ਪਿਛੋਂ ਉਸ ਨੂੰ ਜੀਉਂਦੇ ਜੀ ਜੰਡ ਨਾਲ ਬੰਨ੍ਹ ਕੇ, ਤੇਲ ਪਾ ਕੇ ਸਾੜ ਦਿੱਤਾ ਗਿਆ। ਨੌਂ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੇਹ ਨੂੰ ਲੱਗੀਆਂ।

ਜਦੋਂ ਤਾੜ ਤਾੜ ਚਲਦੀਆਂ ਗੋਲੀਆਂ ਦੀ ਆਵਾਜ਼ ਸ. ਉੱਤਮ ਸਿੰਘ ਦੇ ਕਾਰਖ਼ਾਨੇ

Digitized by Panjab Digital Library | www.panjabdigilib.org

ਪਹੁੰਚੀ ਤਾਂ ਭਾਈ ਦਲੀਪ ਸਿੰਘ ਦਾ ਮੱਥਾ ਠਣਕਿਆ। ਉਨ੍ਹਾਂ ਕਿਹਾ, "ਲਓ, ਭਾਣਾ ਵਰਤ ਗਿਆ ਜੇ। ਹੁਣ ਅਸੀਂ ਵੀ ਚਲਦੇ ਹਾਂ।" ਭਾਈ ਬੂਟਾ ਸਿੰਘ ਨੂੰ ਤਾਂ ਇਕ ਮਿਸਤ੍ਰੀ ਸੱਜਨ ਨੇ ਗੁਰਦਵਾਰਾ ਸਾਹਿਬ ਵਲ ਜਾਣੋਂ ਰੋਕ ਲਿਆ, ਪਰ ਭਾਈ ਦਲੀਪ ਸਿੰਘ ਜੀ ਅੱਗੇ ਚਲੇ ਗਏ। ਜਦੋਂ ਉਹ ਦਰਸ਼ਨੀ ਡਿਓਢੀ ਦੇ ਸਾਮ੍ਹਣੇ ਪੁਜੇ ਤਾਂ ਮਹੰਤ ਨਰਾਇਣ ਦਾਸ ਘੋੜੀ ਤੇ ਚੜ੍ਹਿਆ ਬਾਹਰ ਆ ਰਿਹਾ ਸੀ। ਮਹੰਤ ਦੇ ਇਸ਼ਾਰੇ ਤੇ ਉਸ ਨੂੰ ਵੀ ਪਾਰ ਬੁਲਾਇਆ ਗਿਆ ਅਤੇ ਵੱਢ ਟੁੱਕ ਕੇ ਲਾਗੇ ਘੁਮਿਆਰਾਂ ਦੀ ਭੱਠੀ ਵਿਚ ਸੁਟ ਦਿੱਤਾ ਗਿਆ।

ਉਧਰ ਸ. ਤੇਜਾ ਸਿੰਘ ਸਮੁੰਦ੍ਰੀ ਤੇ ਮਾਸਟਰ ਤਾਰਾ ਸਿੰਘ ਨੇ ਸ਼ਿਰੋਮਣੀ ਕਮੇਟੀ ਦੀ ਇਕਤ੍ਰਤਾ ਵਿਚ ਪੁੱਜ ਕੇ ਸਾਰੀ ਗੱਲ ਦੱਸੀ ਤੇ ਨਾਲ ਹੀ ਬੇਨਤੀ ਕੀਤੀ ਕਿ ਅਸਾਂ ਭਾਵੇਂ ਉਨ੍ਹਾਂ ਨੂੰ ਰੋਕਣ ਦਾ ਪ੍ਰਬੰਧ ਕੀਤਾ ਹੈ ਪਰ ਸ਼ਾਇਦ ਉਹ ਨ ਰੁਕਣ। ਇਸ ਲਈ ਭਾਈ ਲਛਮਣ ਸਿੰਘ ਨੂੰ ਕਬਜ਼ਾ ਕਰਨ ਦੀ ਆਗਿਆ ਦੇ ਦਿੱਤੀ ਜਾਵੇ। ਕਮੇਟੀ ਦੇ ਮੈਂਬਰ ਘਬਰਾ ਗਏ। ਉਨ੍ਹਾਂ ਆਗਿਆ ਨ ਦਿੱਤੀ ਤੇ ਬਿਨਾ ਕੋਈ ਫ਼ੈਸਲਾ ਕੀਤੇ ਹੀ ਮੀਟਿੰਗ ਵਿਚੋਂ ਉੱਠ ਗਏ।

ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਸਮੁੰਦ੍ਰੀ ਸਾਹਿਬ, ਮਾਸਟਰ ਜੀ ਤੇ ਬਾਬਾ ਕਿਹਰ ਸਿੰਘ ਲੋਕਾਂ ਨੂੰ ਨਨਕਾਣੇ ਸਾਹਿਬ ਜਾਣੋਂ ਰੋਕਣ ਲਈ ਤੁਰਤ ਚਲ ਪਏ, ਪਰ ਰਾਤ ਦੀ ਗੱਡੀ ਉਹ ਨ ਪਕੜ ਸਕੇ ਤੇ ਸਵੇਰੇ ਦੀ ਪਹਿਲੀ ਗੱਡੀ ਚੜ੍ਹੇ। ਉਨ੍ਹਾਂ ਨੂੰ ਰਾਹ ਵਿਚ ਚੀਚੋਕੀ ਮਲੀਆਂ ਸਟੇਸ਼ਨ ਉੱਤੇ ਨਨਕਾਣਾ ਸਾਹਿਬ ਵਿਚ ਵਰਤੇ ਭਾਣੇ ਦਾ ਪਤਾ ਲੱਗਾ।

ਸ. ਤੇਜਾ ਸਿੰਘ ਸਮੁੰਦ੍ਰੀ, ਬਾਬਾ ਕਿਹਰ ਸਿੰਘ ਤੇ ਮਾ. ਤਾਰਾ ਸਿੰਘ, ਤਿੰਨੇ ਸਾਂਗਲੇ ਸਟੇਸ਼ਨ ਤੇ ਉਤਰ ਬੈਠੇ ਤੇ ਉਥੋਂ ਲਾਗਲੇ ਪਿੰਡਾਂ ਵਿਚੋਂ ਕੁਝ ਸਿੰਘ ਨਾਲ ਲੈ ਕੇ ਰਾਤੋ ਰਾਤ ਚੰਦਰਕੋਟ ਦੀ ਝਾਲ ਉੱਤੇ ਜਾ ਪਹੁੰਚੇ। ਓਥੇ ਭਾਈ ਕਰਤਾਰ ਸਿੰਘ ਝੱਬਰ ਜਥੇ ਸਣੇ ਪਹਿਲਾਂ ਪਹੁੰਚਿਆ ਹੋਇਆ ਸੀ। ਉਸ ਤੋਂ ਬਿਨਾ ਹੋਰ ਸੈਂਕੜੇ ਸਿੰਘ ਉਥੇ ਇਕੱਠੇ ਹੋਏ ਹੋਏ ਸਨ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਉਨ੍ਹਾਂ ਨੂੰ ਪ੍ਰਸ਼ਾਦ ਪਾਣੀ ਛਕਾਇਆ। ਉਥੇ ਹੀ ਜੜਾਂਵਾਲਾ, ਤਾਂਦਲਿਆਂ ਵਾਲਾ ਆਦਿ ਕਈ ਥਾਵਾਂ ਤੋਂ ਜਥੇ ਪਹੁੰਚ ਗਏ। ਸ਼ਾਮ ਤਕ ਵੱਡਾ ਭਾਰੀ ਇਕੱਠ ਹੋ ਗਿਆ। ਅਗਲੀ ਭਲਕ ਸਾਰਾ ਜਥਾ ਭਾਈ ਕਰਤਾਰ ਸਿੰਘ ਝੱਬਰ ਦੀ ਕਮਾਨ ਹੇਠ ਨਨਕਾਣਾ ਸਾਹਿਬ ਪੁੱਜਾ। ਗੁਰਦਵਾਰਾ ਜਨਮ-ਅਸਥਾਨ ਗੋਰਾ ਫ਼ੌਜ ਦੇ ਘੇਰੇ ਵਿਚ ਸੀ ਤੇ ਆਲੇ ਦੁਆਲੇ ਮਸ਼ੀਨ ਗੰਨਾਂ ਗੱਡੀਆਂ ਹੋਈਆਂ ਸਨ। ਇਹ ਵੇਖ ਭਾਈ ਕਰਤਾਰ ਸਿੰਘ ਝੱਬਰ ਨੇ ਇਕ ਲੀਕ ਕੱਢੀ ਤੇ ਕਿਹਾ ਕਿ ਉਹੀ ਸਿੱਖ ਇਹ ਲੀਕ ਟੱਪ ਕੇ ਅੱਗੇ ਆਵਣ ਜੋ ਜਿੰਦ ਵਾਰਨ ਲਈ ਤਿਆਰ ਹਨ। ਬਾਈ ਸੌ ਜਵਾਨ ਲਕੀਰ ਟੱਪ ਕੇ ਅੱਗੇ ਵਧੇ। ਇਨ੍ਹਾਂ ਦੇ ੧੧ ਜਥੇ ਬਣਾਏ ਗਏ। ਹਰ ਇਕ ਜਥੇ ਦਾ ਆਪਣਾ ਆਪਣਾ ਜਥੇਦਾਰ ਸੀ ਜੋ ਘੋੜੇ ਉੱਪਰ ਸਵਾਰ ਸੀ। ਬਾਕੀ ਦੇ ਨਾਲ ਬਾਕਾਇਦਾ ਮਾਰਚ ਕਰਦੇ ਜਾਂਦੇ ਸਨ। ਸਭ ਹਥਿਆਰਬੰਦ ਸਨ। ਡਿਪਟੀ ਕਮਿਸ਼ਨਰ ਕਰੀ ਨੇ ਜਥੇ ਵਾਲਿਆਂ ਨੂੰ ਅੱਗੇ ਨ ਵਧਣ ਲਈ ਕਿਹਾ ਤੇ ਗੋਲੀ ਦਾ ਡਰਾਵਾ

Digitized by Panjab Digital Library | www.panjabdigilib.org

ਵੀ ਦਿੱਤਾ, ਪਰ ਰੋਹ ਵਿਚ ਆਏ ਸਿੰਘ ਭਲਾ ਕਦੋਂ ਸੁਣਦੇ ਸਨ ?

ਕਮਿਸ਼ਨਰ ਕਿੰਗ ਨੇ ਸ. ਮਹਿਤਾਬ ਸਿੰਘ, ਸ. ਹਰਬੰਸ ਸਿੰਘ ਅਟਾਰੀ ਤੇ ਪ੍ਰੋਫ਼ੈਸਰ ਜੋਧ ਸਿੰਘ ਨੂੰ ਵਿਚ ਪਾ ਕੇ ਸਿੰਘਾਂ ਨੂੰ ਪਿੱਛੇ ਪਰਤਾਉਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੀ ਕਿਸੇ ਨ ਸੁਣੀ ਅਤੇ ਗੁਰਦਵਾਰਾ ਸਾਹਿਬ ਦਾ ਕਬਜ਼ਾ ਫੌਰਨ ਦਿੱਤੇ ਜਾਣ ਦੀ ਮੰਗ ਕੀਤੀ। ਅੰਤ ਕਮਿਸ਼ਨਰ ਨੂੰ ਝੁਕਣਾ ਪਿਆ ਤੇ ਉਸ ਚਾਬੀਆਂ ਸਿੱਖ ਲੀਡਰਾਂ ਦੇ ਹਵਾਲੇ ਕਰ ਦਿੱਤੀਆਂ। ਗੋਰਾ ਫ਼ੌਜ ਗੁਰਦਵਾਰੇ ਤੋਂ ਹਟਾ ਲਈ ਗਈ ਅਤੇ ਜਥਾ ਬਾਕਾਇਦਾ ਮਾਰਚ ਕਰਦਾ ਮੰਡੀ ਵਿਚੋਂ ਹੁੰਦਾ ਜਨਮ-ਅਸਥਾਨ ਪਹੁੰਚ ਗਿਆ।

੨੨ ਫ਼ਰਵਰੀ ਨੂੰ ਗਵਰਨਰ ਪੰਜਾਬ, ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣੇ ਸਾਹਿਬ ਪੁੱਜਾ ਤੇ ਸਾਰੀ ਘਟਨਾ ਦਾ ਜਾਇਜ਼ਾ ਲਿਆ। ਉਸ ਵਕਤ ਕਮਿਸ਼ਨਰ ਕਿੰਗ ਵਿਰੁੱਧ ਬੜਾ ਰੋਸ ਸੀ। ਲੋਕ ਆਖਦੇ ਸਨ ਕਿ ਇਹ ਕਾਰਾ ਮਿਸਟਰ ਕਿੰਗ ਨੇ ਵਰਤਾਇਆ ਹੈ ਤੇ ਪੁਲਿਸ ਨੂੰ ਸਾਜ਼ਿਸ਼ ਦਾ ਪਤਾ ਸੀ।

ਨਨਕਾਣੇ ਸਾਹਿਬ ਦੇ ਸਾਕੇ ਦੀ ਖ਼ਬਰ ਸੁਣ ਕੇ ਮਹਾਤਮਾ ਗਾਂਧੀ ਵੀ ਪੰਜਾਬ ਵਿਚ ੩ ਮਾਰਚ ੧੯੨੧ ਨੂੰ ਆਏ। ਉਨ੍ਹਾਂ ਸਾਰੇ ਹਾਲਾਤ ਆਪਣੀਆਂ ਅੱਖਾਂ ਨਾਲ ਵੇਖ ਕੇ ਤਕਰੀਰ ਕਰਦਿਆਂ ਕਿਹਾ : "ਇਤਨਾ ਵੱਡਾ ਕਾਰਾ ਇਕੱਲਾ ਮਹੰਤ ਨਹੀਂ ਕਰ ਸਕਦਾ। ਇਸ ਵਿਚ ਸਰਕਾਰੀ ਅਫ਼ਸਰਾਂ ਦਾ ਵੀ ਹੱਥ ਹੈ। ਜਦ ਮਹੰਤ ਇਸ ਕਤਲਾਮ ਦੀ ਤਿਆਰੀ ਕਰ ਰਿਹਾ ਸੀ, ਉਸ ਦਾ ਇਲਮ ਅਫ਼ਸਰਾਂ ਨੂੰ ਕਿਉਂ ਨਹੀਂ ਹੋਇਆ ?"[2]

ਸ਼ਹੀਦੀ ਸਾਕੇ ਵਾਲੇ ਸਾਲ ਜਦੋਂ ਕੱਤਕ ਪੂਰਨਮਾਸ਼ੀ ਦਾ ਗੁਰਪੁਰਬ ਆਇਆ ਤਾਂ ਸ਼ਿਰੋਮਣੀ ਕਮੇਟੀ ਨੇ ਸ਼ਹੀਦਾਂ ਦੇ ਸੋਗ ਵਿਚ ਸਾਰੇ ਸਿੰਘਾਂ ਨੂੰ ਕਾਲੇ ਦਸਤਾਰੇ ਅਤੇ ਸਾਰੀਆਂ ਸਿੰਘਣੀਆਂ ਨੂੰ ਕਾਲੇ ਦੁਪੱਟੇ ਸਜਾਉਣ ਦਾ ਹੁਕਮ ਦਿਤਾ। ਓਦੋਂ ਪੰਜਾਬ ਵਿਚ ਸਭ ਪਾਸੇ ਕਾਲੀਆਂ ਪਗੜੀਆਂ ਤੇ ਕਾਲੇ ਦੁਪੱਟਿਆਂ ਦਾ ਸਮੁੰਦ੍ਰ ਠਾਠਾਂ ਮਾਰ ਰਿਹਾ ਸੀ। ਕਾਲੀ ਦਸਤਾਰ ਅਕਾਲੀਆਂ ਦੀ ਪੁਸ਼ਾਕ ਦਾ ਅੰਗ ਓਦੋਂ ਤੋਂ ਹੀ ਬਣੀ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੂੰ ਟਾਲਣ ਲਈ ਸ. ਤੇਜਾ ਸਿੰਘ ਸਮੁੰਦ੍ਰੀ ਨੇ ਬੜਾ ਜਤਨ ਕੀਤਾ, ਪਰ ਜਦ ਮਹੰਤ ਦੀ ਕੁਟਿਲ ਨੀਤੀ ਕਾਰਣ ਇਹ ਸਾਕਾ ਟਲ ਨ ਸਕਿਆ ਤਾਂ ਇਸ ਹਿਰਦੇ-ਵੇਧਕ ਘਟਨਾ ਨੇ ਇਨ੍ਹਾਂ ਦੇ ਹਿਰਦੇ ਉਤੇ ਅਜੇਹੀ ਸੱਟ ਮਾਰੀ ਕਿ ਇਨ੍ਹਾਂ ਆਪਣਾ ਘਰ ਬਾਰ, ਕਾਰ-ਵਿਹਾਰ, ਜ਼ਮੀਨ ਆਦਿ ਸਭ ਕੁਝ ਭੁਲਾ ਦਿੱਤਾ ਤੇ ਹਰ ਵੇਲੇ ਪੰਥਕ ਸੇਵਾ ਵਿਚ ਜੁਟੇ ਰਹਿਣ ਲਗੇ। ਉਸ ਵਕਤ ਇਨ੍ਹਾਂ ਦਾ ਵੱਡਾ ਸਪੁੱਤਰ ਸ. ਸਾਹਿਬ ਸਿੰਘ ਖ਼ਾਲਸਾ ਕਾਲਜ ਵਿਚ ਪੜ੍ਹਦਾ ਸੀ। ਆਪ ਨੇ ਉਸ ਨੂੰ ਸੱਦਿਆ ਤੇ ਕਿਹਾ, "ਕਾਕਾ, ਤੂੰ ਪੜ੍ਹਾਈ ਛੱਡ ਦੇ। ਸਾਡੇ ਕੰਮ ਦਾ ਕੀ ਪਤਾ ਇਹ ਕਦੋਂ ਮੁਕੇ ? ਤੂੰ ਚਲ ਕੇ ਘਰ ਦਾ ਤੇ ਖੇਤੀ ਬਾੜੀ ਦਾ ਕੰਮ ਸਾਂਭ ਤਾਂ ਜੋ ਘਰ ਦਾ ਬਾਨ੍ਹਣੂ ਬੱਝਾ ਰਹੇ।"

ਨਨਕਾਣਾ ਸਾਹਿਬ ਉੱਤੇ ਕਬਜ਼ਾ ਹੋ ਜਾਣ ਪਿੱਛੋਂ ਉਥੋਂ ਦੇ ਗੁਰਦਵਾਰਿਆਂ ਦੇ

---

[2] ਵੇਖੋ ਪ੍ਰਤਾਪ ਸਿੰਘ (ਗਿਆਨੀ), 'ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ', ਪੰਨਾ ੧੨੩.

Digitized by Panjab Digital Library | www.panjabdigilib.org

ਪ੍ਰਬੰਧ ਲਈ ਜੋ ਸਬ-ਕਮੇਟੀ ਬਣਾਈ ਗਈ, ਉਸ ਵਿਚ ਸ. ਤੇਜਾ ਸਿੰਘ ਸਮੁੰਦ੍ਰੀ, ਸ. ਉੱਤਮ ਸਿੰਘ ਨਨਕਾਣਾ ਸਾਹਿਬ, ਸ. ਬੂਟਾ ਸਿੰਘ ਸ਼ੇਖੂਪੁਰਾ, ਸ. ਤੇਜਾ ਸਿੰਘ ਚੂਹੜਕਾਣਾ, ਸ. ਅਮਰ ਸਿੰਘ ਝਬਾਲ, ਸ. ਸੁੱਚਾ ਸਿੰਘ ਸੱਚਾ ਸੌਦਾ, ਕਪਤਾਨ ਰਾਮ ਸਿੰਘ, ਸ. ਸਾਵਲ ਸਿੰਘ ਭਿੱਖੀ, ਸ. ਦਿਆਲ ਸਿੰਘ, ਰਿਸਾਲਦਾਰ ਸੁੰਦਰ ਸਿੰਘ ਤੇ ਸ. ਬਖ਼ਸ਼ੀਸ਼ ਸਿੰਘ ਸ਼ਾਮਿਲ ਸਨ। ਸ. ਨਰਾਇਣ ਸਿੰਘ ਬੈਰਿਸਟਰ ਸਰਗੋਧਾ ਨੂੰ ਮੈਨੇਜਰ ਥਾਪਿਆ ਗਿਆ। ਬਾਅਦ ਵਿਚ ਇਸ ਪ੍ਰਬੰਧ ਦੀ ਵਧੇਰੇ ਜ਼ਿੱਮੇਦਾਰੀ ਸ. ਤੇਜਾ ਸਿੰਘ ਸਮੁੰਦ੍ਰੀ ਦੇ ਸਿਰ ਹੀ ਆ ਪਈ। ਇਸ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਉਨ੍ਹਾਂ ਨਨਕਾਣਾ ਸਾਹਿਬ ਹੀ ਜਾ ਡੇਰੇ ਲਾਏ।

ਨਨਕਾਣਾ ਸਾਹਿਬ ਲਈ ਬਣੀ ਪ੍ਰਬੰਧਕ ਕਮੇਟੀ ਨੂੰ ਪਹਿਲਾਂ ਪਹਿਲ ਬਹੁਤ ਦਿੱਕਤਾਂ ਪੇਸ਼ ਆਈਆਂ, ਪਰੰਤੂ ਉਹ ਸ. ਤੇਜਾ ਸਿੰਘ ਸਮੁੰਦ੍ਰੀ ਦੀ ਸੁਯੋਗ ਅਗਵਾਈ ਨਾਲ ਹੌਲੀ ਹੌਲੀ ਹੱਲ ਹੁੰਦੀਆਂ ਗਈਆਂ। ਇਨ੍ਹਾਂ ਦੀ ਪ੍ਰੇਰਣਾ ਨਾਲ ਹੀ ਗੁਰਦਵਾਰਾ ਮਾਲ ਸਾਹਿਬ ਦੇ ਮਹੰਤ ਕਿਰਪਾ ਰਾਮ ਨੇ ਸ਼ਿਰੋਮਣੀ ਕਮੇਟੀ ਨਾਲ ਸਮਝੌਤਾ ਕਰਕੇ ਗੁਰਦਵਾਰੇ ਤੇ ਜ਼ਮੀਨ ਦਾ ਕਬਜ਼ਾ ਦੇਣ ਲਈ ਰਜ਼ਾਮੰਦੀ ਪ੍ਰਗਟ ਕੀਤੀ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਅੱਗੇ ਲਗ ਕੇ ਕਮੇਟੀ ਵਲੋਂ ਉਸ ਨੂੰ ਬੜੀਆਂ ਰਿਆਇਤਾਂ ਲੈ ਦਿੱਤੀਆਂ। ਕਿਰਪਾ ਰਾਮ ਨੂੰ ਇਕ ਹਜ਼ਾਰ ਰੁਪਇਆ ਮਹੀਨਾ ਤਨਖਾਹ ਤੇ ੮੦ ਹਜ਼ਾਰ ਰੁਪਏ ਦੀ ਕੀਮਤ ਦੇ ਮਕਾਨ ਦਿੱਤੇ ਗਏ। ਇਸ ਤੋਂ ਛੁਟ ਉਸ ਦਾ ੪੫ ਹਜ਼ਾਰ ਕਰਜ਼ਾ ਚੁਕਾਉਣ ਦਾ ਫ਼ੈਸਲਾ ਕੀਤਾ ਗਿਆ ਤੇ ਉਸ ਨੂੰ ਤਿੰਨ ਮੁਰੱਬੇ ਜ਼ਮੀਨ ਵੀ ਦਿੱਤੀ ਗਈ। ਉਸ ਦੇ ਮਰਨ ਪਿੱਛੋਂ ਉਸ ਦੀ ਇਸਤ੍ਰੀ ਤੇ ਪਰਵਾਰ ਨੂੰ ੫੦੦ ਰੁਪਏ ਤੇ ਪੋਤਰਿਆਂ ਨੂੰ ੨੫੦ ਰੁਪਏ ਮਾਹਵਾਰ ਰੋਜ਼ੀਨਾ ਦੇਣਾ ਵੀ ਮੰਨਿਆ ਗਿਆ।

ਨਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਇਕ ਸ਼ਹੀਦੀ ਫ਼ੰਡ ਜਾਰੀ ਕੀਤਾ ਗਿਆ, ਜਿਸ ਵਿਚ ੩੧ ਜੁਲਾਈ, ੧੯੨੨ ਤਕ ੨੪,੮੪੬ ਰੁਪਏ ਜਮ੍ਹਾ ਹੋ ਗਏ ਸਨ। ਉਸ ਵਿਚੋਂ ੭੦੦ ਰੁਪਏ ਮਾਹਵਾਰ ਸ਼ਹੀਦਾਂ ਦੇ ਪਰਵਾਰਾਂ ਨੂੰ ਪੈਨਸ਼ਨਾਂ ਦਿੱਤੀਆਂ ਗਈਆਂ ਤੇ ੧੩,੦੦੦ ਰੁਪਏ ਨਾਲ ਉਨ੍ਹਾਂ ਦਾ ਕਰਜ਼ਾ ਚੁਕਾਇਆ ਗਿਆ।[3]

ਇਸ ਫੰਡ ਵਿਚੋਂ ਸ. ਮਹਿਤਾਬ ਸਿੰਘ ਆਦਿ ਸਿੱਖ ਮੁਖੀਆਂ ਦੀ ਪ੍ਰੇਰਣਾ ਨਾਲ ੧੯੨੧ ਵਿਚ ਸ਼ਿਰੋਮਣੀ ਕਮੇਟੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਸਿੱਖ ਮਿਸ਼ਨਰੀ ਸੁਸਾਇਟੀ ਕਾਇਮ ਕੀਤੀ ਜਿਸ ਦਾ ਦਫ਼ਤਰ ਪਹਿਲਾਂ ਨਨਕਾਣੇ ਸਾਹਿਬ ਸੀ ਤੇ ਪਿੱਛੋਂ ੧੯ ਅਕਤੂਬਰ, ੧੯੨੧ ਤੋਂ ਅੰਮ੍ਰਿਤਸਰ ਲਿਆਂਦਾ ਗਿਆ। ੩੦ ਮਾਰਚ, ੧੯੨੨ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਸਿੱਖ ਮਿਸ਼ਨਰੀ ਕਾਲਜ ਕਾਇਮ ਕਰਨ ਦਾ ਫ਼ੈਸਲਾ ਹੋਇਆ। ਸ. ਸਾਹਿਬ ਸਿੰਘ ਸਪੁੱਤਰ ਸ. ਤੇਜਾ ਸਿੰਘ ਸਮੁੰਦ੍ਰੀ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ (ਸ. ਤੇਜਾ ਸਿੰਘ ਸਮੁੰਦ੍ਰੀ) ਨੇ ਇਸ ਸਾਲ ਸ਼ਿਰੋਮਣੀ ਕਮੇਟੀ ਦੇ ਫੰਡਾਂ ਵਿਚੋਂ ੩੫,੦੦੦ ਰੁਪਏ ਦੀ ਰਕਮ ਖਰਚ ਕੇ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਲਈ ਇਕ ਕੋਠੀ ਆਪਣੀ ਹੱਥੀਂ

---

[3] ਉਹੀ, ਪੰਨਾ ੧੨੭.

Digitized by Panjab Digital Library | www.panjabdigilib.org

ਖ਼ਰੀਦੀ ਤੇ ਇਸ ਮਹਾਨ ਸੰਸਥਾ ਨੂੰ ਵਜੂਦ ਵਿਚ ਲਿਆਉਣ ਦੇ ਪੰਥਕ ਸੰਕਲਪ ਨੂੰ ਨੇਪਰੇ ਚੜ੍ਹਾਇਆ। ਇਸ ਸੁਸਾਇਟੀ ਨੇ ਸਿੱਖ ਧਰਮ ਨੂੰ ਫੈਲਾਉਣ ਲਈ ਬੜੇ ਚੰਗੇ ਪ੍ਰਚਾਰਕ ਤੇ ਰਾਗੀ ਪੈਦਾ ਕੀਤੇ।

Digitized by Panjab Digital Library | www.panjabdigilib.org

੮

# ਅਕਾਲੀ ਅਖ਼ਬਾਰ ਦੀ ਸਥਾਪਨਾ

ਅਕਾਲੀ ਲਹਿਰ ਦਾ ਮੁੱਢ ਅਕਾਲੀ ਅਖ਼ਬਾਰ ਨਾਲ ਬੱਝਾ। ਪ੍ਰੋ. ਨਿਰੰਜਨ ਸਿੰਘ, ਸ. ਹਰਚੰਦ ਸਿੰਘ, ਸ. ਤੇਜਾ ਸਿੰਘ ਸਮੁੰਦ੍ਰੀ, ਮਾ. ਸੁੰਦਰ ਸਿੰਘ ਆਦਿ ਲਾਇਲਪੁਰੀ ਗਰੁੱਪ ਦੇ ਲੀਡਰ ਕਿੱਨੇ ਚਿਰ ਤੋਂ ਵਿਚਾਰ ਕਰ ਰਹੇ ਸਨ ਕਿ ਸਿੱਖਾਂ ਦਾ ਪੰਜਾਬੀ ਵਿਚ ਕੋਈ ਆਪਣਾ ਰੋਜ਼ਾਨਾ ਅਖ਼ਬਾਰ ਹੋਣਾ ਚਾਹੀਦਾ ਹੈ। ੧੯੧੯ ਈ. ਵਿਚ ਰੌਲਟ ਐਕਟ ਦੇ ਖ਼ਿਲਾਫ ਐਜ਼ੀਟੇਸ਼ਨ ਸਮੇਂ ਅੰਗਰੇਜ਼ ਸਰਕਾਰ ਵੱਲੋਂ ਪੰਜਾਬ ਉੱਤੇ ਬਹੁਤ ਸਖ਼ਤੀ ਹੋਈ। ਉਦੋਂ ਹੀ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ। ਪੰਜਾਬ ਵਿਚ ਸਰਕਾਰ ਵੱਲੋਂ ਜੋ ਸਖ਼ਤੀ ਹੋਈ ਉਸ ਦੇ ਫ਼ਲਸਰੂਪ ਪੰਜਾਬੀ ਬਹੁਤ ਭੈ-ਭੀਤ ਹੋ ਚੁਕੇ ਸਨ; ਪੰਜਾਬ ਵਿਚ ਸਭ ਪਾਸੇ ਉਦਾਸੀ ਛਾਈ ਹੋਈ ਸੀ। ਉਦੋਂ ਮੂਧੇ ਮੂੰਹ ਪਏ ਪੰਜਾਬ ਨੂੰ ਪੰਡਿਤ ਮਾਲਵੀਆ ਨੇ ਮੁੜ ਆ ਟੁੰਬਿਆ। ਪੰਜਾਬ ਦੀ ਹਾਲਤ ਦਾ ਅੰਦਾਜ਼ਾ ਲਾਣ ਲਈ ਉਸ ਆਪਣਾ ਡੇਰਾ ਕੁਝ ਚਿਰ ਲਈ ਲਾਹੌਰ ਲੈ ਆਂਦਾ। ਉਸ ਸਮੇਂ ਪੰਡਿਤ ਮਾਲਵੀਆ ਨੂੰ ਮਿਲਣਾ ਬੜਾ ਦਲੇਰੀ ਦਾ ਕੰਮ ਸੀ। ਮਾ. ਸੁੰਦਰ ਸਿੰਘ ਨੇ ਇਹ ਦਲੇਰੀ ਕੀਤੀ। ਉਹ ਕੁਝ ਹੋਰ ਸਿੱਖ ਲੈ ਕੇ ਪੰਡਿਤ ਜੀ ਨੂੰ ਲਾਹੌਰ ਜਾ ਮਿਲਿਆ। ਉਸ ਮਿਲਣੀ ਵਿਚ ਪੰਡਿਤ ਮਦਨ ਮੋਹਨ ਮਾਲਵੀਆ ਨੇ ਮਾ. ਸੁੰਦਰ ਸਿੰਘ ਨੂੰ ਤਾਅਨਾ ਮਾਰਿਆ, ਕਿ "ਮਾਸਟਰ ਜੀ ਸਿੱਖ ਇਤਿਹਾਸ ਵਾਲੇ ਸ਼ਹੀਦ ਸਿੱਖਾਂ ਦੇ ਨਮੂਨੇ ਕਿਤੇ ਚਲੇ ਗਏ? ਬੰਦ ਬੰਦ ਕਟਾਉਣ ਅਤੇ ਖੋਪਰੀਆਂ ਉਤਰਵਾਉਣ ਵਾਲੀਆਂ ਸ਼ਹੀਦਾਂ ਦੀਆਂ ਸਾਖੀਆਂ ਤਾਂ ਗੁਰਦਵਾਰਿਆਂ ਵਿਚ ਹੰਝੂ ਕੇਰ ਕੇਰ ਕੇ ਸੁਣਾਈਆਂ ਜਾਂਦੀਆਂ ਹਨ, ਪਰ ਤੁਹਾਡੇ ਸਿੱਖ ਆਗੂ ਤਾਂ ਸੱਚੀ ਗੱਲ ਦੀ ਗਵਾਹੀ ਦੇਣ ਤੋਂ ਵੀ ਥਰ ਥਰ ਕੰਬਦੇ ਹਨ।"[1]

ਮਾਲਵੀਆ ਜੀ ਨੂੰ ਇਹ ਤਾਅਨਾ ਦੇਣ ਦੀ ਇਸ ਲਈ ਲੋੜ ਪਈ ਕਿ ਮਾਰਸ਼ਲ ਲਾਅ ਦੇ ਅਤਿਆਚਾਰਾਂ ਸੰਬੰਧੀ ਕਾਂਗ੍ਰਸ ਪੜਤਾਲੀਆ ਕਮੇਟੀ ਸਾਹਮਣੇ ਮੰਨੇ ਪ੍ਰਮੰਨੇ ਸਿੱਖ ਆਗੂ ਵੀ ਗਵਾਹੀ ਦੇਣ ਤੋਂ ਕੰਨੀ ਕਤਰਾਂਦੇ ਰਹੇ। ਮਾਰਸ਼ਲ ਲਾਅ ਦੇ ਦਿਨਾਂ ਵਿਚ ਇਕ ਆਸ਼੍ਰਮ ਦੀਆਂ ਵਿਦਿਆਰਥਣਾਂ ਦੀ ਅੰਮ੍ਰਿਤਸਰ ਸਟੇਸ਼ਨ ਉੱਤੇ ਬੜੀ ਬੇਇਜ਼ਤੀ ਕੀਤੀ ਗਈ ਸੀ। ਜਦੋਂ ਉਸ ਆਸ਼੍ਰਮ ਦੇ ਪ੍ਰਬੰਧਕ ਨੂੰ ਇਸ ਘਟਨਾ ਬਾਰੇ ਗਵਾਹੀ ਦੇਣ ਲਈ ਕਿਹਾ ਗਿਆ

---

[1] ਹੀਰਾ ਸਿੰਘ ਦਰਦ, 'ਮੇਰੀਆਂ ਕੁਝ ਇਤਿਹਾਸਕ ਯਾਦਾਂ', ਪੰਨਾ ੧੨੭.

Digitized by Panjab Digital Library | www.panjabdigilib.org

ਤਾਂ ਉਸ ਨੇ ਸਾਫ਼ ਇਨਕਾਰ ਕਰ ਦਿੱਤਾ ਅਤੇ ਬਹਾਨਾ ਇਹ ਕੀਤਾ ਕਿ "ਅਸੀਂ ਤਿਆਰ-ਬਰ-ਤਿਆਰ ਸਿੱਖ ਹੋ ਕੇ ਅੰਨਮਤੀਆਂ ਪਾਸ ਗਵਾਹੀ ਨਹੀਂ ਦੇ ਸਕਦੇ।"[2]

ਮਾ. ਸੁੰਦਰ ਸਿੰਘ ਨੇ ਉੱਤਰ ਵਿਚ ਕਿਹਾ, "ਕੁਝ ਕਾਲੀਆਂ ਭੇਡਾਂ ਵੇਖ ਕੇ ਹੀ ਸਿੱਖਾਂ ਦਾ ਅੰਦਾਜ਼ਾ ਨ ਲਾ ਲੈਣਾ।" ਪੰਡਿਤ ਜੀ ਹੱਸ ਪਏ ਅਤੇ ਕਹਿਣ ਲਗੇ, "ਕੋਈ ਸਫ਼ੇਦ ਭੇਡ ਵੀ ਮੁਝੇ ਦਿਖਾਓ।" ਗੱਲਾਂ ਬਾਤਾਂ ਹੁੰਦੀਆਂ ਰਹੀਆਂ, ਜਿਨ੍ਹਾਂ ਦੇ ਦਰਮਿਆਨ ਮਾ. ਸੁੰਦਰ ਸਿੰਘ ਨੇ ਕਿਹਾ ਕਿ ਅਸੀਂ ਸਿੱਖਾਂ ਵਿਚ ਆਜ਼ਾਦੀ ਦਾ ਪ੍ਰਚਾਰ ਕਰਨ ਲਈ ਇਕ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਕੱਢਣ ਵਾਲੇ ਹਾਂ। ਪੰਡਿਤ ਜੀ ਖੁਸ਼ ਹੋਏ ਤੇ ਕਹਿਣ ਲਗੇ, "ਲਓ, ਪੈਸੇ ਮੈਂ ਦਿਆਂਗਾ, ਤੁਸੀਂ ਅਖ਼ਬਾਰ ਕੱਢੋ।" ਮਾ. ਸੁੰਦਰ ਸਿੰਘ ਨੇ ਜਵਾਬ ਦਿੱਤਾ ਕਿ ਸਾਡੇ ਪਾਸ ਪੈਸਿਆਂ ਦਾ ਘਾਟਾ ਨਹੀਂ; ਸਾਡੇ ਨਾਲ ਧਨਾਢ ਆਦਮੀ ਹਨ; ਅਸੀਂ ਬਾਹਰਲੀ ਸਹਾਇਤਾ ਤੋਂ ਬਿਨਾ ਹੀ ਅਖ਼ਬਾਰ ਚਲਾਵਾਂਗੇ।[3]

ਦਸੰਬਰ ੧੯੧੯ ਵਿਚ ਅੰਮ੍ਰਿਤਸਰ ਵਿਚ ਹੋਏ ਕਾਂਗ੍ਰਸ ਦੇ ਸਾਲਾਨਾ ਸੈਸ਼ਨ ਸਮੇਂ ਸ. ਹਰਚੰਦ ਸਿੰਘ, ਸ. ਤੇਜਾ ਸਿੰਘ ਸਮੁੰਦ੍ਰੀ ਤੇ ਲਾਇਲਪੁਰ ਗਰੁੱਪ ਦੇ ਹੋਰ ਮੈਂਬਰ ਅੰਮ੍ਰਿਤਸਰ ਪ੍ਰੋ. ਨਿਰੰਜਨ ਸਿੰਘ ਦੇ ਘਰ ਇਕੱਠੇ ਹੋਏ ਅਤੇ ਅਖ਼ਬਾਰ ਜਾਰੀ ਕਰਨ ਬਾਰੇ ਵਿਚਾਰਾਂ ਹੋਈਆਂ। ਅਖ਼ਬਾਰ ਕੱਢਣ ਲਈ ਸ. ਮੰਗਲ ਸਿੰਘ ਤੇ ਮਾ. ਸੁੰਦਰ ਸਿੰਘ ਬੜੇ ਕਾਹਲੇ ਪਏ ਹੋਏ ਸਨ।

ਮਾਰਚ ੧੯੨੦ ਵਿਚ ਮਾ. ਸੁੰਦਰ ਸਿੰਘ ਲਾਇਲਪੁਰੀ ਗਿਆਨੀ ਹੀਰਾ ਸਿੰਘ ਦਰਦ ਨੂੰ ਰਾਵਲਪਿੰਡੀ ਮਿਲਣ ਗਏ ਤੇ ਉਥੇ ਉਨ੍ਹਾਂ ਗਿਆਨੀ ਹੀਰਾ ਸਿੰਘ ਦਰਦ ਨਾਲ ਅਖ਼ਬਾਰ ਚਲਾਉਣ ਦਾ ਆਪਣਾ ਵਿਚਾਰ ਸਾਂਝਾ ਕੀਤਾ ਅਤੇ ਉਨ੍ਹਾਂ ਪਾਸੋਂ ਤਜਵੀਜ਼ ਕੀਤੇ ਗਏ ਅਖ਼ਬਾਰ ਦੀ ਐਡੀਟਰੀ ਸੰਭਾਲਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਮਾ. ਸੁੰਦਰ ਸਿੰਘ ਨੇ ਦਰਦ ਜੀ ਨੂੰ ਦੱਸਿਆ ਕਿ "ਰੋਜ਼ਾਨਾ ਅਖ਼ਬਾਰ ਲਈ ਘਟੋ ਘਟ ਪੰਜਾਹ ਹਜ਼ਾਰ ਰੁਪਏ ਦੀ ਲੋੜ ਹੈ, ਪਰ ਸਾਡੇ ਕੋਲ ਇਸ ਸਮੇਂ ਕੇਵਲ ਪੰਜਾਹ ਕੁ ਦਮੜੇ ਹਨ। ਇਸ ਰਕਮ ਨਾਲ ਅਸੀਂ ਇਸ਼ਤਿਹਾਰ ਕੱਢ ਦੇਵਾਂਗੇ। ਮੈਨੂੰ ਪੂਰਾ ਪੂਰਾ ਭਰੋਸਾ ਹੈ ਕਿ ਰੁਪਏ ਦੀ ਕੋਈ ਘਾਟ ਨਹੀਂ ਰਹੇਗੀ, ਪਰ ਆਰੰਭ ਵਿਚ ਅਖ਼ਬਾਰ ਦੇ ਸਟਾਫ਼ ਦੇ ਕਿਸੇ ਮੈਂਬਰ ਨੂੰ ਤਨਖ਼ਾਹ ਨਹੀਂ ਮਿਲੇਗੀ। ਸਾਂਝਾ ਲੰਗਰ ਚਲੇਗਾ। ਸਭ ਨੂੰ ਇਕੋ ਜੇਹਾ ਪ੍ਰਸ਼ਾਦਾ ਮਿਲੇਗਾ, ਲੋੜ ਅਨੁਸਾਰ ਕਪੜਾ ਵੀ ਮਿਲੇਗਾ, ਅਤੇ ਜਦੋਂ ਅਖ਼ਬਾਰ ਚਲ ਨਿਕਲਿਆ ਤਾਂ ਫਿਰ ਖ਼ਰਚ ਦੀ ਲੋੜ ਮੁਤਾਬਕ ਤਨਖਾਹਾਂ ਮੁਕਰਰ ਕਰ ਦਿੱਤੀਆਂ ਜਾਣਗੀਆਂ।"[4]

ਥੋੜੇ ਦਿਨਾਂ ਮਗਰੋਂ ਰੋਜ਼ਾਨਾ ਅਕਾਲੀ ਦਾ ਇਸ਼ਤਿਹਾਰ ਨਿਕਲ ਗਿਆ। ਉਸ ਵਿਚ

---

[2] ਉਹੀ, ਪੰਨਾ, ੧੨੬.

[3] ਨਿਰੰਜਨ ਸਿੰਘ (ਪ੍ਰੋ.), 'ਜੀਵਨ ਯਾਤਰਾ ਮਾਸਟਰ ਤਾਰਾ ਸਿੰਘ', ਪੰਨਾ ੬੨-੬੪.

[4] ਹੀਰਾ ਸਿੰਘ ਦਰਦ, ਉਹੀ ਰਚਨਾ, ਪੰਨਾ ੧੨੭-੨੮.

Digitized by Panjab Digital Library | www.panjabdigilib.org

੨੧ ਮਈ, ੧੯੨੦ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਵਾਲੇ ਦਿਨ ਪਹਿਲਾ ਪਰਚਾ ਕੱਢਣ ਦਾ ਐਲਾਨ ਕੀਤਾ ਗਿਆ ਅਤੇ ਦਰਦ ਜੀ ਨੂੰ ਤੁਰਤ ਲਾਹੌਰ ਪਹੁੰਚਣ ਲਈ ਸੱਦਾ ਦਿੱਤਾ ਗਿਆ ।[5]

ਪੰਜਾਹ ਰੁਪਏ ਤਾਂ ਇਸ਼ਤਿਹਾਰ ਉੱਤੇ ਖ਼ਰਚ ਹੋ ਗਏ, ਪਰ ਪਹਿਲਾ ਪਰਚਾ ਕੱਢਣ ਲਈ ਮਾਇਆ ਨਹੀਂ ਸੀ । ਮਾ. ਸੁੰਦਰ ਸਿੰਘ ਕਿਧਰੋਂ ਪੰਜ ਸੌ ਰੁਪਏ ਉਧਾਰ ਲੈ ਆਏ ਤੇ ਕਹਿਣ ਲਗੇ, "ਚਲੋ ਇਸ ਨਾਲ ਹੀ ਕੰਮ ਰੋੜ੍ਹ ਦੇਈਏ" । ਮਿੱਥੇ ਪ੍ਰੋਗਰਾਮ ਅਨੁਸਾਰ ਰੋਜ਼ਾਨਾ ਅਕਾਲੀ ੨੧ ਮਈ, ੧੯੨੦ ਤੋਂ ਲਾਹੌਰ ਤੋਂ ਜਾਰੀ ਹੋ ਗਿਆ । ਇਸ ਮੌਕੇ ਤੇ ਪ੍ਰੋ. ਨਿਰੰਜਨ ਸਿੰਘ ਤੇ ਉਨ੍ਹਾਂ ਦੇ ਵਿਦਿਆਰਥੀ ਅਖ਼ਬਾਰ ਦੇ ਬਹੁਤ ਕੰਮ ਆਏ । ਪ੍ਰੋ. ਸਾਹਿਬ ਨੇ ਛੇ ਸਿਰਲੱਥ ਮੁੰਡੇ ਕਾਲਜੋਂ ਛੁੱਟੀ ਦਿਵਾ ਕੇ ਅਖ਼ਬਾਰ ਨਾਲ ਜੋੜ ਦਿੱਤੇ । ਹੈ ਤਾਂ ਮੁੰਡਿਆਂ ਦੀ ਖੇਡ ਹੀ ਸੀ, ਪਰ ਮੁੰਡਿਆਂ ਨੇ ਕਮਾਲ ਕਰ ਵਿਖਾਇਆ ਅਤੇ ਮਈ ਤੋਂ ਜੁਲਾਈ ੧੯੨੦ ਤਕ ਇਸ ਦਾ ਭਾਰਾ ਚੁੱਕੀ ਰੱਖਿਆ । ਇੰਜ ਅਖ਼ਬਾਰ ਆਸ ਤੋਂ ਵੀ ਵਧ ਚਲ ਪਿਆ ।

ਲਗਭਗ ਇਕ ਮਹੀਨੇ ਪਿੱਛੋਂ ਗਿਆਨੀ ਹੀਰਾ ਸਿੰਘ ਦਰਦ ਆ ਗਏ ਅਤੇ ਹੋਰ ਦੋ ਮਹੀਨੇ ਬਾਅਦ ਸ. ਮੰਗਲ ਸਿੰਘ ਵੀ ਤਹਿਸੀਲਦਾਰੀ ਨੂੰ ਲੱਤ ਮਾਰ ਕੇ ਅਕਾਲੀ ਦੇ ਐਡੀਟਰ ਆ ਬਣੇ ।[6] ਨਵੇਂ ਨਿਕਲੇ ਅਖ਼ਬਾਰ ਦਾ ਨਾਂ ਪ੍ਰੋ. ਨਿਰੰਜਨ ਸਿੰਘ ਤੇ ਮਾ. ਸੁੰਦਰ ਸਿੰਘ ਨੇ ਰਲ ਕੇ ਤਜਵੀਜ਼ ਕੀਤਾ । ਇਸ ਦੇ ਪਹਿਲੇ ਪਰਚੇ ਲਈ ਜੋ ਕਵਿਤਾ ਗਿਆਨੀ ਹੀਰਾ ਸਿੰਘ ਦਰਦ ਨੇ ਲਿਖੀ, ਉਸ ਦਾ ਪਹਿਲਾ ਬੰਦ ਇਸ ਤਰ੍ਹਾਂ ਚਲਦਾ ਸੀ :

ਅੱਖਾਂ ਖੋਲ੍ਹੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ,
ਝੰਡਾ ਫੜਿਆ ਹੱਥ ਸੱਚ ਦਾ, ਜੋਤ ਮਾਰਦੀ ਲਾਲੀ ਜੇ ।[7]

ਇਸ ਅਖ਼ਬਾਰ ਨੇ ਦੇਸ਼ ਅਤੇ ਕੌਮ ਦੀ ਜਾਗ੍ਰਤੀ ਲਈ ਜੋ ਨਾਹਰਾ ਦਿੱਤਾ ਉਹ ਪ੍ਰੋ. ਨਿਰੰਜਨ ਸਿੰਘ ਅਨੁਸਾਰ ਇਸ ਤਰ੍ਹਾਂ ਸੀ :

ਅਸੀਂ ਗੀਤ ਵਤਨ ਦੇ ਗਾਵਾਂਗੇ ।
ਅਸੀਂ ਝਗੜੇ ਸਭ ਮਿਟਾਵਾਂਗੇ ।

ਇਹ ਸਤਰਾਂ ਉਨ੍ਹਾਂ ਦਿਨਾਂ ਵਿਚ ਬੜਾ ਹਲੂਣਾ ਦੇਣ ਵਾਲੀਆਂ ਸਨ । ਇਸ ਕਾਰਣ ਅਖ਼ਬਾਰ ਛੇਤੀ ਹੀ ਹਰਮਨ ਪਿਆਰਾ ਹੋ ਗਿਆ । ਸਗੋਂ ਸਿੱਖ ਜਗਤ ਦਾ ਵਾਹਿਦ ਤਰਜੁਮਾਨ ਸਮਝਿਆ ਜਾਣ ਲੱਗਾ । ਅਖ਼ਬਾਰ ਦੇ ਪ੍ਰਬੰਧ ਲਈ ਜੋ ਕਮੇਟੀ ਬਣਾਈ ਗਈ, ਉਸ ਵਿਚ ਲਾਇਲਪੁਰ ਗਰੁੱਪ ਦੇ ਲਗਭਗ ਸਾਰੇ ਹੀ ਮੈਂਬਰ : ਸ. ਹਰਚੰਦ ਸਿੰਘ, ਸ. ਤੇਜਾ ਸਿੰਘ ਸਮੁੰਦ੍ਰੀ, ਸ. ਬਿਸ਼ਨ ਸਿੰਘ ਸਿੰਘਪੁਰੀਆ, ਮਾ. ਤਾਰਾ ਸਿੰਘ, ਮਾ. ਸੁੰਦਰ ਸਿੰਘ,

---

[5] ਹੀਰਾ ਸਿੰਘ ਦਰਦ. ਉਹੀ ਰਚਨਾ, ਪੰਨਾ ੧੨੯.

[6] ਨਿਰੰਜਨ ਸਿੰਘ (ਪ੍ਰੋ.), ਉਹੀ ਰਚਨਾ, ਪੰਨਾ ੬੪-੬੫.

[7] ਹੀਰਾ ਸਿੰਘ ਦਰਦ, ਉਹੀ ਰਚਨਾ, ਪੰਨਾ ੧੩੨.

Digitized by Panjab Digital Library | www.panjabdigilib.org

ਪ੍ਰੋ. ਨਿਰੰਜਨ ਸਿੰਘ ਆਦਿ ਸ਼ਾਮਿਲ ਸਨ । ਪ੍ਰਬੰਧਕ ਕਮੇਟੀ ਦੇ ਕੁਲ ੧੪ ਮੈਂਬਰ ਸਨ । ਲਾਇਲਪੁਰੀ ਗਰੁੱਪ ਤੋਂ ਬਿਨਾ ਹੋਰਨਾਂ ਉੱਘੇ ਮੈਂਬਰਾਂ ਵਿਚੋਂ ਸ. ਸਰਦੂਲ ਸਿੰਘ ਕਵੀਸ਼ਰ ਵੀ ਸਨ । ਪ੍ਰੋ. ਨਿਰੰਜਨ ਸਿੰਘ ਨੂੰ ਇਸ ਪ੍ਰਬੰਧਕੀ ਬੋਰਡ ਦਾ ਸੈਕ੍ਰੇਟਰੀ ਥਾਪਿਆ ਗਿਆ ।

ਅਖ਼ਬਾਰ ਨੂੰ ਆਪਣੇ ਪੈਰਾਂ ਤੇ ਖੜਾ ਕਰਨ ਲਈ ਫ਼ੈਸਲਾ ਹੋਇਆ ਕਿ ਪ੍ਰਬੰਧਕੀ ਬੋਰਡ ਦੇ ੧੪ ਮੈਂਬਰਾਂ ਵਿਚੋਂ ਹਰੇਕ ਇਕ ਇਕ ਹਜ਼ਾਰ ਰੁਪਏ ਦੀ ਮਦਦ ਅਖ਼ਬਾਰ ਨੂੰ ਜਾਂ ਤਾਂ ਆਪ ਦਏ ਜਾਂ ਇਕੱਠੀ ਕਰਕੇ ਦਏ ।

ਸ. ਤੇਜਾ ਸਿੰਘ ਸਮੁੰਦ੍ਰੀ ਦੀ ਇਸ ਪਾਸੇ ਦਿੱਤੀ ਸਹਾਇਤਾ ਬਾਰੇ ਗਿਆਨੀ ਹੀਰਾ ਸਿੰਘ ਜੀ 'ਦਰਦ' ਇਕ ਥਾਂ ਲਿਖਦੇ ਹਨ :

"ਸ. ਤੇਜਾ ਸਿੰਘ ਜੀ ਸਮੁੰਦ੍ਰੀ ਅਕਾਲੀ ਅਖ਼ਬਾਰ ਦੇ ਮੋਢੀਆਂ ਵਿਚੋਂ ਸਨ । ਪਹਿਲਾਂ ਕਿਤਨਾ ਚਿਰ ਸਲਾਹਾਂ ਹੁੰਦੀਆਂ ਰਹੀਆਂ ਕਿ ਕਮੇਟੀ ਜਾਂ ਕੰਪਨੀ ਬਣਾ ਕੇ ਗੁਰਮੁਖੀ ਵਿਚ ਰੋਜ਼ਾਨਾ ਅਖ਼ਬਾਰ ਕੱਢਿਆ ਜਾਵੇ, ਪਰ ਗੱਲ ਕੋਈ ਤੋੜ ਨ ਚੜ੍ਹੇ । ਜਦ ਮਾ. ਸੁੰਦਰ ਸਿੰਘ ਜੀ ਲਾਇਲਪੁਰੀ ਨੇ ਨੰਗੇ ਧੜ ਅਕਾਲ ਪੁਰਖ ਉੱਪਰ ਭਰੋਸਾ ਰੱਖ ਕੇ ੨੧ ਮਈ, ਸੰਨ ੧੯੨੦ ਤੋਂ 'ਅਕਾਲੀ' ਜਾਰੀ ਕਰ ਦਿੱਤਾ ਤਾਂ ਆਪ [ਸ. ਤੇਜਾ ਸਿੰਘ ਸਮੁੰਦ੍ਰੀ] ਨੇ ਲਾਹੌਰ ਆ ਕੇ ਮਾ. ਸੁੰਦਰ ਸਿੰਘ ਜੀ ਨੂੰ ਆਖਿਆ ਕਿ 'ਹੁਣ ਤੁਸਾਂ ਅਖ਼ਬਾਰ ਸ਼ੁਰੂ ਕਰ ਹੀ ਦਿੱਤਾ ਹੈ, ਇਸ ਲਈ ਘਬਰਾਣਾ ਨਹੀਂ; ਮੈਥੋਂ ਜੋ ਵੀ ਮਦਦ ਹੋ ਸਕੀ ਕਰਾਂਗਾ ਅਤੇ ਇਸ ਅਖ਼ਬਾਰ ਨੂੰ ਚੰਗੀ ਤਰ੍ਹਾਂ ਚਲਾਵਾਂਗੇ ।' ਆਪ ਨੇ ਉਸੇ ਵੇਲੇ ਪੰਜ ਸੌ ਰੁਪਏ ਨਕਦ ਮਾਸਟਰ ਜੀ ਦੇ ਹੱਥ ਫੜਾਏ ਤੇ ਆਖਿਆ ਕਿ ਮੈਂ ਹੋਰ ਵੀ ਜਿਤਨੀ ਹੋਵੇਗੀ, ਮਦਦ ਕਰਾਂਗਾ । ਮਗਰੋਂ ਫਿਰ ਆਪ ਨੇ ਪੰਜ ਸੌ ਰੁਪਇਆ ਹੋਰ ਆਪਣੇ ਕੋਲੋਂ ਦਿੱਤਾ ਸੀ ਅਤੇ 'ਅਕਾਲੀ' ਅਖ਼ਬਾਰ ਦੀ ਸਦਾ ਹੀ ਪੂਰੀ ਤਰ੍ਹਾਂ ਮਦਦ ਕਰਦੇ ਰਹੇ ।"[8]

ਜਿਉਂ ਜਿਉਂ ਅਖ਼ਬਾਰ ਦੀ ਸਾਖ ਵਧਦੀ ਗਈ ਲੋਕਾਂ ਨੇ ਅਖ਼ਬਾਰ ਨੂੰ ਧੜਾ ਧੜ ਸਹਾਇਤਾ ਦੇਣੀ ਸ਼ੁਰੂ ਕੀਤੀ । ਪਿੰਡਾਂ ਤੇ ਸ਼ਹਿਰਾਂ ਵਿਚ ਅਕਾਲੀ ਬਹੁਤ ਪਸੰਦ ਕੀਤਾ ਜਾਣ ਲੱਗਾ । ਲੋਕ ਈਦ ਦੇ ਚੰਦ ਵਾਂਗ ਇਸ ਦੀ ਉਡੀਕ ਕਰਦੇ । ਪਰਚਾ ਜਿਥੇ ਵੀ ਜਾਂਦਾ, ਗੁਰਦਵਾਰਿਆਂ ਜਾਂ ਪਰ੍ਹਿਆਂ ਵਿਚ, ਲੋਕ ਇਕੱਠੇ ਬਹਿ ਕੇ ਅਖੰਡ ਪਾਠ ਵਾਂਗ ਸ਼ੁਰੂ ਤੋਂ ਅੰਤ ਤਕ ਪੜ੍ਹਦੇ ਜਾਂ ਸੁਣਦੇ । ਅਕਾਲੀ ਵੀ ਬੜੀ ਦਲੇਰੀ ਤੇ ਨਿਰਭੈਤਾ ਨਾਲ ਅੰਗਰੇਜ਼ੀ ਰਾਜ ਦੇ ਅਤਿਆਚਾਰ ਨੰਗੇ ਕਰਦਾ ਅਤੇ ਹਿੰਦੂ ਮੁਸਲਿਮ ਏਕਤਾ ਤੇ ਦੇਸ਼ ਦੀ ਆਜ਼ਾਦੀ ਦੇ ਹੱਕ ਵਿਚ ਲਿਖਦਾ ।

ਅਕਾਲੀ ਅਖ਼ਬਾਰ ਦੀ ਚੜ੍ਹਤਲ ਦੇਖ ਕੇ ਅੰਗਰੇਜ਼ ਹਕੂਮਤ ਤੇ ਸਿੱਖਾਂ ਦੀ ਸਰਕਾਰ-ਪ੍ਰਸਤ ਲੀਡਰਸ਼ਿਪ ਘਬਰਾ ਗਈ । ਅਖ਼ਬਾਰ ਦੇ ਵਿਰੋਧ ਲਈ ਕਈ ਪਰਚੇ ਸਰਕਾਰੀ-

[8] "ਸ. ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨ ਕਥਾ", 'ਫੁਲਵਾੜੀ' (ਅਗਸਤ ੧੯੨੬), ਪੰਨਾ ੮੪੦-੪੧.

Digitized by Panjab Digital Library | www.panjabdigilib.org

ਸਹਾਇਤਾ ਨਾਲ ਜਾਰੀ ਕੀਤੇ ਗਏ। ਉਨ੍ਹਾਂ ਦਾ ਜਦ ਕੋਈ ਪ੍ਰਭਾਵ ਨ ਪਿਆ ਤਾਂ ਸਰਕਾਰ ਨੇ 'ਅਕਾਲੀ' ਦੇ ਐਡੀਟਰਾਂ ਦੀਆਂ ਗ੍ਰਿਫ਼ਤਾਰੀਆਂ, ਪ੍ਰੈਸ ਦੀਆਂ ਜ਼ਮਾਨਤਾਂ ਦੀ ਜ਼ਬਤੀ ਤੇ ਮੁਕੱਦਮਿਆਂ ਦੇ ਹਥਿਆਰ ਵਰਤ ਕੇ ਇਸ ਨੂੰ ਕੁਚਲਣ ਦਾ ਬੜਾ ਜਤਨ ਕੀਤਾ। ਪਹਿਲੇ ਢਾਈ ਸਾਲਾਂ ਵਿਚ ਇਸ ਦੇ ਲਗਭਗ ਦਸ ਬਾਰਾਂ ਐਡੀਟਰ ਕੈਦ ਹੋਏ ਤੇ ਕਈ ਹਜ਼ਾਰ ਰੁਪਇਆਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ, ਮੁਕੱਦਮੇ ਚਲੇ ਤੇ ਡਿਗਰੀਆਂ ਹੋਈਆਂ, ਜਿਸ ਦੇ ਸਿੱਟੇ ਵਜੋਂ ਲਾਹੌਰ ਵਿਚ ਅਖ਼ਬਾਰ ਛਾਪਣ ਲਈ ਪ੍ਰੈਸ ਦਾ ਮਿਲਣਾ ਵੀ ਮੁਸ਼ਕਲ ਹੋ ਗਿਆ।

ਅਕਾਲੀ ਅਖਬਾਰ ਨੂੰ ਮੋਰਚਿਆਂ ਵਾਲੇ ਦਿਨਾਂ ਵਿਚ ਜਿਸ ਅਪਦਾ ਵਿਚੋਂ ਲੰਘਣਾ ਪਿਆ ਅਤੇ ਇਸ ਦੇ ਸਟਾਫ਼ ਨੇ ਜਿਸ ਵਫ਼ਾਦਾਰੀ ਨਾਲ ਕੰਮ ਕੀਤਾ ਉਸ ਨੂੰ ਯਾਦ ਕਰਾਉਂਦੇ ਸ. ਮੰਗਲ ਸਿੰਘ ਜੀ ਆਪਣੀ ਇਕ ਚਿੱਠੀ ਵਿਚ ਲਿਖਦੇ ਹਨ :

> "ਉਨ੍ਹਾਂ ਦਿਨਾਂ ਵਿਚ ਰੋਜ਼ਾਨਾ ਅਕਾਲੀ ਅਖ਼ਬਾਰਾਂ ਦਾ ਪ੍ਰਬੰਧ ਵੀ ਬੜੇ ਔਖੇ ਹੋ ਕੇ ਕਰਨਾ ਪੈਂਦਾ ਸੀ। ਹਰ ਦੂਜੇ ਦਿਨ ਤਲਾਸ਼ੀਆਂ ਹੁੰਦੀਆਂ ਸਨ। ਗੌਰਮਿੰਟ ਇਹ ਪਤਾ ਕਰਨਾ ਚਾਹੁੰਦੀ ਸੀ ਕਿ ਇਨ੍ਹਾਂ ਅਖ਼ਬਾਰਾਂ ਨੂੰ ਕੌਣ ਚਲਾ ਰਿਹਾ ਹੈ ਤੇ ਇਨ੍ਹਾਂ ਦਾ ਮਾਲਕ ਕੌਣ ਹੈ, ਪਰ ਇਸ ਦਾ ਪਤਾ ਗੌਰਮਿੰਟ ਨੂੰ ਨ ਲਗ ਸਕਿਆ। ਸਾਡੇ ਕਈ ਕਲਰਕਾਂ ਤੇ ਚਪੜਾਸੀਆਂ ਨੂੰ ਪੁਲਿਸ ਫੜ ਕੇ ਲੈ ਜਾਂਦੀ ਤੇ ਉਨ੍ਹਾਂ ਕੋਲੋਂ ਪੁੱਛ ਗਿੱਛ ਕਰਦੀ ਕਿ ਮਾਲਕ ਕੌਣ ਹੈ। ਸਭ ਦਾ ਬਿਆਨ ਇਹ ਹੁੰਦਾ ਕਿ ਇਨ੍ਹਾਂ ਦਾ ਮਾਲਕ ਪੰਥ ਹੈ। ਕੌਣ ਐਡੀਟੋਰੀਅਲ ਲਿਖਦਾ ਹੈ ?– ਕੁਝ ਪਤਾ ਨਹੀਂ। ਕੰਪੋਜ਼ਿਟਰਾਂ ਤੇ ਹੋਰ ਵਰਕਰਾਂ ਪਾਸ ਹਰ ਵੇਲੇ ਦੀਆ-ਸਿਲਾਈ ਦੀਆਂ ਡੱਬੀਆਂ ਰਹਿੰਦੀਆਂ ਸਨ। ਪੁਲਸ ਆਉਣ ਤੇ ਜੋ ਲਿਖਤਾਂ ਉਨ੍ਹਾਂ ਦੇ ਹੱਥ ਵਿਚ ਹੁੰਦੀਆਂ, ਸਭਨਾਂ ਨੂੰ ਅੱਗ ਲਾ ਕੇ ਜਾਲ ਦਿੱਤਾ ਜਾਂਦਾ। ਸਾਡੇ ਕਿਸੇ ਬੰਦੇ ਨੇ ਕਦੇ ਵੀ ਕੋਈ ਭੇਤ ਵਾਲੀ ਗੱਲ ਪੁਲਿਸ ਨੂੰ ਨਹੀਂ ਸੀ ਦੱਸੀ। ਇਥੋਂ ਤਕ ਕਿ ਪੁਲਿਸ ਦੇ ਬੰਦੇ ਵੀ ਸਾਡੀ ਮਦਦ ਕਰਦੇ ਸਨ। ਛਾਪਾ ਮਾਰਨ ਤੇ ਤਲਾਸ਼ੀ ਦੀਆਂ ਖ਼ਬਰਾਂ ਪਹਿਲੇ ਹੀ ਸਾਨੂੰ ਲਗ ਜਾਂਦੀਆਂ ਸਨ।"

ਪੰਜਾਬ ਵਿਚ ਧਾਰਮਿਕ ਆਜ਼ਾਦੀ ਲਈ ਚਲ ਰਹੇ ਅੰਦੋਲਨ ਨੂੰ ਰਾਜਸੀ ਲਹਿਰ ਵਿਚ ਬਦਲਣ ਦਾ ਸਿਹਰਾ ਇਸੇ ਅਖ਼ਬਾਰ ਦੇ ਸਿਰ ਹੈ। ਗੁਰਦਵਾਰਾ ਰਿਕਾਬ ਗੰਜ ਦੇ ਸਵਾਲ, ਅਤੇ ਉਸ ਦੇ ਪਿੱਛੋਂ ਅਕਾਲੀ ਲਹਿਰ ਦੀ ਜ਼ਬਰਦਸਤ ਫਤਹਿ 'ਅਕਾਲੀ' ਸਦਕਾ ਹੀ ਹੋਈ। ਇਸ ਨੇ ਨ ਕੇਵਲ ਅਕਾਲੀ ਲਹਿਰ ਦੀ ਅਗਵਾਈ ਕੀਤੀ, ਸਗੋਂ ਸਿੱਖ ਜਨਤਾ ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਪੁਰਾਣੀ, ਪਿਛਾਂਹ ਖਿਚੂ ਲੀਡਰਸ਼ਿਪ ਤੋਂ ਛੁਟਕਾਰਾ ਵੀ ਦੁਆਇਆ ਤੇ ਕੌਮੀ ਆਜ਼ਾਦੀ ਦੇ ਘੋਲ ਵਿਚ ਵਧ ਚੜ੍ਹਕੇ ਹਿੱਸਾ ਪਾਣ ਲਈ ਪ੍ਰੇਰਿਆ। ਇਸ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਸਾਂਝੇ ਕੌਮੀ ਘੋਲ ਵਿਚ ਹਿੱਸਾ ਲੈਣ ਦੀ ਪ੍ਰੇਰਣਾ ਕਰਨ ਵਾਲਾ ਸਿੱਖਾਂ ਦਾ ਆਪਣਾ ਕੋਈ ਰੋਜ਼ਾਨਾ ਅਖ਼ਬਾਰ ਨਹੀਂ ਸੀ। ੧੯੧੪ ਵਿਚ 'ਸੱਚਾ ਢੰਡੋਰਾ' ਨਾਂ ਦਾ ਇਕ ਹਫ਼ਤੇ ਵਿਚ ਦੋ ਵੇਰ ਛਪਣ ਵਾਲਾ ਕੜਾਕੇਦਾਰ ਰਾਜਸੀ

Digitized by Panjab Digital Library | www.panjabdigilib.org

ਅਖ਼ਬਾਰ ਲਾਇਲਪੁਰੋਂ ਸ. ਹਰਦਿੱਤ ਸਿੰਘ ਦੌਰ ਨੇ ਕੱਢਿਆ ਸੀ। ਪਰ ਸਰਕਾਰ ਨੇ ਉਸ ਨੂੰ ਛੇ ਮਹੀਨੇ ਵੀ ਨ ਚੱਲਣ ਦਿੱਤਾ।

'ਅਕਾਲੀ' ਅਖ਼ਬਾਰ ਨੇ ਮਹਾਤਮਾ ਗਾਂਧੀ ਦੇ ਨਾ-ਮਿਲਵਰਤਨ ਪ੍ਰੋਗਰਾਮ ਦੀ ਪੂਰੀ ਤਰ੍ਹਾਂ ਹਮਾਇਤ ਕੀਤੀ ਅਤੇ ਗੁਰਦਵਾਰਿਆਂ ਨੂੰ ਮਹੰਤਾਂ ਦੀਆਂ ਕੁਰੀਤੀਆਂ ਤੋਂ ਛੁਡਾਣ ਲਈ ਜ਼ੋਰ ਲਾਇਆ। ਇਸੇ ਨੇ ਸਰਕਾਰੀ ਜ਼ੁਲਮਾਂ ਨੂੰ ਨੰਗਾ ਕਰਨ ਅਤੇ ਦੇਸ਼ ਆਜ਼ਾਦੀ ਲਈ ਸਿੱਖਾਂ ਨੂੰ ਜੂਝਣ ਤੇ ਬਦੇਸ਼ੀ ਹਕੂਮਤ ਨਾਲ ਟੱਕਰ ਲੈਣ ਦੇ ਯੋਗ ਬਣਾਇਆ। ਇਸ ਵਿਚ ਲਿਖੀ ਗੱਲ ਇੰਨੇ ਸਰਲ ਤੇ ਸਿੱਧੇ ਢੰਗ ਨਾਲ ਕਹੀ ਗਈ ਹੁੰਦੀ ਕਿ ਉਸ ਦੀ ਸਮਝ ਅਨਪੜ੍ਹਾਂ ਤਕ ਨੂੰ ਆ ਜਾਂਦੀ। "ਨਾ-ਮਿਲਵਰਤਨ" ਵਰਗੇ ਪ੍ਰਭਾਵਸ਼ਾਲੀ ਸ਼ਬਦ ਦਾ ਘੜਨਾ ਤੇ ਚਲਾਣਾ ਇਸੇ ਅਖ਼ਬਾਰ ਦਾ ਹੀ ਕੰਮ ਸੀ। ਇਹ ਸ਼ਬਦ ਇਕੱਲੇ ਪੰਜਾਬ ਵਿਚ ਹੀ ਨਹੀਂ, ਸਾਰੇ ਭਾਰਤ ਵਿਚ ਚਲ ਪਿਆ ਤੇ ਕੌਮੀ ਇਤਿਹਾਸ ਤੇ ਕੌਮੀ ਸੰਘਰਸ਼ ਦੇ ਕੋਸ਼ ਦਾ ਅਨਿੱਖੜ ਅੰਗ ਬਣ ਗਿਆ।

ਨਨਕਾਣਾ ਸਾਹਿਬ ਦੇ ਸਾਕੇ ਸੰਬੰਧੀ ਅੰਦਰੂਨੀ ਸਾਜ਼ਿਸ਼ ਨੰਗਾ ਕਰਨ ਉੱਤੇ ਲਾਹੌਰ ਦੇ ਕਮਿਸ਼ਨਰ ਮਿਸਟਰ ਸੀ. ਐਮ. ਕਿੰਗ ਅਤੇ ਡਿਪਟੀ ਇੰਸਪੈਕਟਰ ਜਨਰਲ ਪੋਲੀਸ, ਮਿਸਟਰ ਬੋਰਿੰਗ, ਨੇ 'ਅਕਾਲੀ' ਅਖ਼ਬਾਰ ਉਤੇ ੪੦ ਹਜ਼ਾਰ ਰੁਪਏ ਦੇ ਹੱਤਕ-ਇੱਜ਼ਤ ਦੇ ਦਾਅਵੇ ਕਰ ਦਿੱਤੇ। ੬ ਅਪ੍ਰੈਲ, ੧੯੨੧ ਨੂੰ ਇਸ ਅਖ਼ਬਾਰ ਵਿਚ ਇਕ ਅਜੇਹਾ ਮਜ਼ਮੂਨ ਛਪਿਆ ਸੀ ਜਿਸ ਵਿਚ ਮਿਸਟਰ ਕਿੰਗ ਨੂੰ ਨਨਕਾਣੇ ਸਾਹਿਬ ਦੀ ਖ਼ੂਨੀ ਘਟਨਾ ਲਈ ਮਹੰਤ ਨੂੰ ਸ਼ਹਿ ਦੇਣ ਵਾਲਾ ਪ੍ਰਗਟਾਇਆ ਗਿਆ ਸੀ। ਮਿਸਟਰ ਕਿੰਗ ਅਤੇ ਮਿਸਟਰ ਬੋਰਿੰਗ ਨੇ ਇਸ ਨੂੰ ਆਪਣੀ ਹੱਤਕ ਸਮਝਿਆ। ਇਸ ਲਈ ਉਨ੍ਹਾਂ 'ਅਕਾਲੀ' ਅਖ਼ਬਾਰ ਦੇ ਪਬਲਿਸ਼ਰ, ਪ੍ਰਿੰਟਰ, ਐਡੀਟਰ ਸਣੇ ਪ੍ਰਬੰਧਕੀ ਕਮੇਟੀ ਦੇ ੧੨ ਮੈਂਬਰਾਂ, ਕੁਲ ੧੫ ਵਿਅਕਤੀਆਂ ਦੇ ਵਿਰੁੱਧ ਚਾਲ੍ਹੀ ਹਜ਼ਾਰ ਰੁਪਏ ਦੇ ਹੱਤਕ-ਇੱਜ਼ਤ ਦੇ ਦਾਅਵੇ ਦਾਇਰ ਕਰ ਦਿੱਤੇ। ਮਿਸਟਰ ਕਿੰਗ ਵਿਰੁੱਧ ਛਪੇ ਲਫ਼ਜ਼ ਵਾਪਸ ਲੈਣ ਦੀ ਸੂਰਤ ਵਿਚ ਮੁਕੱਦਮਾ ਵਾਪਸ ਲਿਆ ਜਾ ਸਕਦਾ ਸੀ। ਪਰ ਜੋਸ਼ ਖਰੋਸ਼ ਵਾਲੇ ਉਸ ਵਾਯੂ ਮੰਡਲ ਵਿਚ ਲਿਖੇ ਸ਼ਬਦ ਵਾਪਸ ਲੈਣ ਵਾਲਾ ਕੌਣ ਹੋ ਸਕਦਾ ਸੀ? ਅਕਾਲੀ ਲੀਡਰਾਂ ਦਾ ਮੱਤ ਸੀ ਕਿ "ਇਹ ਦਾਅਵੇ ਨਨਕਾਣਾ ਸਾਹਿਬ ਦੇ ਸਾਕੇ ਸੰਬੰਧੀ ਹਨ। ਇਸ ਲਈ ਇਹ ਪੰਥਕ ਆਨ ਦਾ ਸਵਾਲ ਹੈ। ਇਸ ਵਿਚ ਮੁਆਫ਼ੀ ਮੰਗਣੀ ਪੰਥ ਦੀ ਹਾਨੀ ਹੋਵੇਗੀ।"[9]

ਦਰਦ ਜੀ ਦੀ ਸੂਚਨਾ ਅਨੁਸਾਰ ਜਦੋਂ ਕਿਸੇ ਨੇ ਇਹ ਕਿਹਾ ਕਿ ਚਾਲ੍ਹੀ ਹਜ਼ਾਰ ਕੌਣ ਭਰੇਗਾ, ਅਕਾਲੀ ਅਖ਼ਬਾਰ ਨਾਲ ਸੰਬੰਧ ਰੱਖਣ ਵਾਲਿਆਂ ਦੀਆਂ ਜਾਇਦਾਦਾਂ ਕੁਰਕ ਹੋ ਜਾਣਗੀਆਂ ਤਾਂ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਖਿਆ, "ਭਰਾਵੋ, ਤੁਸੀਂ ਕਿਉਂ ਘਬਰਾਂਦੇ ਹੋ। ਜਿਤਨੀ ਡਿਗਰੀ ਹੋਵੇਗੀ, ਮੈਂ ਭਰ ਦਿਆਂਗਾ। ਇਸ ਗੱਲ ਦੀ ਜ਼ਮਾਨਤ ਲਈ ਮੈਂ ਆਪਣਾ ਮੁਰੱਬਾ ਤੁਹਾਨੂੰ ਲਿਖ ਦੇਂਦਾ ਹਾਂ। ਜੇ ਪੂਰੇ ਚਾਲ੍ਹੀ ਹਜ਼ਾਰ ਹੀ ਭਰਨੇ ਪਏ ਤਾਂ ਆਪ

---

[9] ਉਹੀ, ਪੰਨਾ ੮੪੧.

Digitized by Panjab Digital Library | www.panjabdigilib.org

ਬੜੀ ਖੁਸ਼ੀ ਨਾਲ ਭਾਵੇਂ ਮੇਰੇ ਦੋ ਮੁਰੱਬੇ ਨੀਲਾਮ ਕਰਕੇ ਭਰ ਦੇਣੇ, ਪਰ ਤੁਸੀਂ ਮੁਆਫ਼ੀ ਮੰਗਣ ਦਾ ਖਿਆਲ ਹੀ ਨ ਕਰੋ[10] ।"

ਮੈਜਿਸਟਰੇਟ ਨੇ ਮੁਕੱਦਮੇ ਦਾ ਫ਼ੈਸਲਾ ਸੁਣਾਦਿਆਂ (੧) ਸ. ਨਰਿੰਦਰ ਸਿੰਘ, (੨) ਕਾਜ਼ੀ ਅਬਦੁਲ ਰਹਿਮਾਨ ਅਤੇ (੩) ਸ. ਪ੍ਰਤਾਪ ਸਿੰਘ ਵਿਰੁੱਧ ੮ ਹਜ਼ਾਰ (ਖ਼ਰਚ ਵਖਰਾ) ਦੀ ਡਿਗਰੀ ਦੇ ਦਿੱਤੀ । ਫ਼ੈਸਲਾ ਪਹਿਲੇ ਤੇ ਤੀਜੇ ਅਰਥਾਤ ਸ. ਨਰਿੰਦਰ ਸਿੰਘ ਅਤੇ ਸ. ਪ੍ਰਤਾਪ ਸਿੰਘ ਵਿਰੁੱਧ ਯਕਤਰਫ਼ਾ ਸੀ ਕਿਉਂਜੋ ਇਨ੍ਹਾਂ ਮੁਕੱਦਮੇ ਦੀ ਕਾਰਵਾਈ ਵਿਚ ਕੋਈ ਦਿਲਚਸਪੀ ਨਹੀਂ ਲਈ ਸੀ । ਬਾਕੀਆਂ ਵਿਰੁੱਧ ਮੁਕੱਦਮਾ ਖਾਰਜ ਕਰ ਦਿੱਤਾ ਗਿਆ ।[11]

ਪਤਾ ਨਹੀਂ ਇਸ ਫ਼ੈਸਲੇ ਦਾ ਹਸ਼ਰ ਕੀ ਹੋਇਆ ? ਕਿਸੇ ਨੇ ਡਿਗਰੀ ਇਜਰਾ ਕਰਾਈ ਜਾਂ ਨਾ ? ਪ੍ਰੋ. ਨਿਰੰਜਨ ਸਿੰਘ ਦੀ ਸੂਚਨਾ ਅਨੁਸਾਰ "ਕਿੰਗ ਅਤੇ ਬੋਰਿੰਗ ਹਿੰਦੁਸਤਾਨੋਂ ਬਾਹਰ ਚਲੇ ਗਏ", ਤੇ ਇਸ ਕਾਰਣ ਵਸੂਲੀ ਵਾਲਾ ਮਾਮਲਾ, ਸ਼ਾਇਦ, ਖੱਟੇ ਹੀ ਪੈ ਗਿਆ ।

੧੯੨੨ ਵਿਚ ਜਦੋਂ ਅਕਾਲੀ ਦੇ ਸੰਪਾਦਕ ਤੇ ਪ੍ਰਬੰਧਕ ਸ. ਹੀਰਾ ਸਿੰਘ ਦਰਦ, ਸ. ਮੰਗਲ ਸਿੰਘ, ਮਾ. ਸੁੰਦਰ ਸਿੰਘ ਤੇ ਮਾ. ਪ੍ਰਤਾਪ ਸਿੰਘ ਕੈਦ ਹੋ ਗਏ ਤਾਂ ਲਾਹੌਰ ਵਿਚ 'ਅਕਾਲੀ' ਨੂੰ ਚਲਾਉਣ ਵਾਲਾ ਕੋਈ ਜ਼ਿੰਮੇਦਾਰ ਲੀਡਰ ਨ ਰਿਹਾ । ਉਸ ਵੇਲੇ ਪ੍ਰੋ. ਨਿਰੰਜਨ ਸਿੰਘ ਤੇ ਮਾ. ਤਾਰਾ ਸਿੰਘ ਨੇ ਅਕਾਲੀ ਦੀ ਪ੍ਰਬੰਧਕੀ ਕਮੇਟੀ ਦੇ ਹੋਰਨਾਂ ਮੈਂਬਰਾਂ : ਸ. ਤੇਜਾ ਸਿੰਘ ਸਮੁੰਦ੍ਰੀ, ਆਦਿ ਨਾਲ ਸਲਾਹ ਕਰਕੇ ਇਸ ਨੂੰ ਅੰਮ੍ਰਿਤਸਰ ਲੈ ਆਂਦਾ । ਇਨ੍ਹਾਂ ਦਿਨਾਂ ਵਿਚ ਹੀ ਦੁਆਬੇ ਦੇ ਕੁਝ ਉਤਸਾਹੀ ਸਿੰਘਾਂ ਨੇ ਅਮਰੀਕਾ ਤੇ ਕੈਨੇਡਾ ਦੇ ਸਿੱਖਾਂ ਦੀ ਮਦਦ ਨਾਲ ਅੰਮ੍ਰਿਤਸਰੋਂ ਇਕ ਰੋਜ਼ਾਨਾ ਅਖ਼ਬਾਰ 'ਪ੍ਰਦੇਸੀ ਖ਼ਾਲਸਾ' ਜਾਰੀ ਕੀਤਾ ਹੋਇਆ ਸੀ । ਗਿਆਨੀ ਗੁਰਦਿੱਤ ਸਿੰਘ, ਜੋ ਉਸ ਸਮੇਂ 'ਅਕਾਲੀ' ਅਖ਼ਬਾਰ ਦੇ ਛਾਪਣ ਵਾਲੇ ਅਮਲੇ ਵਿਚ ਕੰਮ ਕਰਦੇ ਸਨ, ਦੱਸਦੇ ਹਨ ਕਿ ਉਦੋਂ ਦੋਹਾਂ ਰੋਜ਼ਾਨਾ ਅਖ਼ਬਾਰਾਂ ਨੂੰ ਇਕੱਠਾ ਕਰਨ ਦੀ ਬਿਧ ਸ. ਤੇਜਾ ਸਿੰਘ ਸਮੁੰਦ੍ਰੀ ਨੇ ਹੀ ਬਣਾਈ। ਇਨ੍ਹਾਂ ਭਾਈ ਪਿਆਰਾ ਸਿੰਘ ਲੰਗੇਰੀ ਤੇ ਮਾ. ਤਾਰਾ ਸਿੰਘ ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਕੀਤਾ, ਜਿਸ ਦੇ ਸਿੱਟੇ ਵਜੋਂ ਅਕਾਲੀ ਨੂੰ ਲਾਹੌਰੋਂ ਲਿਆ ਕੇ ਅੰਮ੍ਰਿਤਸਰੋਂ ਜਾਰੀ ਕੀਤਾ ਗਿਆ; ਦੋਹਾਂ ਅਖ਼ਬਾਰਾਂ ਦੇ ਸਟਾਫ਼ ਨੂੰ ਇਕੱਠਾ ਕਰਕੇ ਅਤੇ ਦੋਹਾਂ ਦੇ ਨਾਵਾਂ ਨੂੰ ਰਲਾ ਕੇ ਇਕ ਨਵੇਂ ਅਖ਼ਬਾਰ 'ਅਕਾਲੀ ਤੇ ਪ੍ਰਦੇਸੀ' ਦੀ ਨੀਂਹ ਰੱਖੀ ਗਈ । ਇਹ ਅਖ਼ਬਾਰ ਬੜਾ ਚਲਿਆ । ਹਜ਼ਾਰਾਂ ਦੀ ਗਿਣਤੀ ਵਿਚ ਛਪਦਾ ਰਿਹਾ । ਇਸ ਨੂੰ ਛਾਪਣ ਲਈ ਪ੍ਰਬੰਧਕੀ ਬੋਰਡ ਨੇ ਆਪਣਾ ਵੱਖਰਾ ਪ੍ਰੈਸ ਅੰਮ੍ਰਿਤਸਰ ਵਿਚ ਲਾ ਲਿਆ । ਇਸ ਪਿੱਛੋਂ ਇਹ ਅਖ਼ਬਾਰ ਅਕਾਲੀ ਲਹਿਰ ਦਾ ਇਕ ਤਰ੍ਹਾਂ ਆਫ਼ਿਸ਼ੀਅਲ ਆਰਗਨ ਬਣ ਗਿਆ । ਉਸ ਸਮੇਂ ਸ. ਤੇਜਾ ਸਿੰਘ ਇਸ ਦੇ ਮੁਖੀ ਪ੍ਰਬੰਧਕਾਂ ਵਿਚੋਂ ਸਨ ।

ਪੰਜਾਬ ਦੀ ਬਹੁਤੀ ਵਸੋਂ ਉਰਦੂਦਾਨ ਸੀ । ਉਸ ਨੂੰ ਸਿੱਖ ਸੰਸਾਰ ਨਾਲ ਜਾਣੂ

---

10 ਉਹੀ.

11 ਵੇਖੋ 'ਅਕਾਲੀ ਤੇ ਪ੍ਰਦੇਸੀ' (੭ ਮਾਰਚ ੧੯੨੩), ਪੰਨਾ ੩.

Digitized by Panjab Digital Library | www.panjabdigilib.org

ਰੱਖਣ ਲਈ ਇਕ ਅਖ਼ਬਾਰ ਉਰਦੂ ਵਿਚ ਵੀ 'ਅਕਾਲੀ' ਨਾਂ ਹੇਠ ੧੯੨੨-੨੩ ਵਿਚ ਅੰਮ੍ਰਿਤਸਰੋਂ ਜਾਰੀ ਕੀਤਾ ਗਿਆ। ਇਹ ੧੯੩੦ ਤਕ ਚਲਦਾ ਰਿਹਾ। ਇਸ ਪਿਛੋਂ ਆਰਥਿਕ ਮੰਦਵਾੜੇ ਕਾਰਣ ਬੰਦ ਹੋ ਗਿਆ। ਇਸ ਦੀ ਇਸ਼ਾਇਤ ਪੰਜ ਹਜ਼ਾਰ ਦੇ ਕਰੀਬ ਸੀ।[12]

ਦੇਸ਼ਾਂ ਬਿਦੇਸ਼ਾਂ ਦੇ ਪੜ੍ਹੇ ਲਿਖੇ ਲੋਕਾਂ ਵਿਚ ਆਪਣੇ ਪੱਖ ਨੂੰ ਪੂਰਣ ਲਈ ਅਕਾਲੀ ਅਬਬਾਰ ਦੇ ਪ੍ਰਬੰਧਕੀ ਬੋਰਡ ਨੇ ਇਕ ਰੋਜ਼ਾਨਾ ਅਖ਼ਬਾਰ ਅੰਗਰੇਜ਼ੀ ਵਿਚ ਵੀ ਚਲਾਣ ਦਾ ਮਨ ਬਣਾਇਆ। ਇਸ ਦੇ ਜਾਰੀ ਕਰਨ ਲਈ ਮਾ. ਸੁੰਦਰ ਸਿੰਘ ਲਾਇਲਪੁਰੀ ਤੇ ਸ. ਮੰਗਲ ਸਿੰਘ ਦੀ ਡਿਊਟੀ ਲਾਈ ਗਈ। ਪਰ, ਅਕਾਲੀ ਦੇ ਪ੍ਰਬੰਧਕਾਂ ਦੇ ਜੇਲ੍ਹ ਚਲੇ ਜਾਣ ਅਤੇ ਗੁਰੂ ਕਾ ਬਾਗ ਦਾ ਮੋਰਚਾ ਲਗ ਜਾਣ ਕਾਰਣ ਇਹ ਤਜਵੀਜ਼ ਖੱਟੇ ਪੈ ਗਈ।

ਗੁਰੂ ਕੇ ਬਾਗ ਦਾ ਮੋਰਚਾ ਫ਼ਤਹਿ ਹੋ ਜਾਣ ਪਿੱਛੋਂ ਸ. ਤੇਜਾ ਸਿੰਘ ਸਮੁੰਦ੍ਰੀ ਨੇ ਅੰਗਰੇਜ਼ੀ ਅਖ਼ਬਾਰ ਦੀ ਲੋੜ ਵਲ ਫਿਰ ਧਿਆਨ ਦਿੱਤਾ। ਫ਼ੌਰੀ ਤੌਰ ਤੇ ਇਹ ਲੋੜ ਲਾਹੌਰ ਤੋਂ ਨਿਕਲਦੇ ਅੰਗਰੇਜ਼ੀ ਅਖ਼ਬਾਰ 'ਨੇਸ਼ਨ' ਦੇ ਕੁਝ ਹਿੱਸੇ ਖਰੀਦ ਕੇ ਪੂਰੀ ਕੀਤੀ ਗਈ। ਸ਼ਿਰੋਮਣੀ ਕਮੇਟੀ ਨੇ ਆਪਣੇ ਵੱਲੋਂ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਇਸ ਅਖ਼ਬਾਰ ਦਾ ਡਾਇਰੈਕਟਰ ਮੁਕੱਰਰ ਕਰ ਦਿੱਤਾ, ਪਰ ਆਪ ਇਸ ਅਖ਼ਬਾਰ ਦੇ ਡਾਇਰੈਕਟਰਾਂ ਦੀ ਕਿਸੇ ਵੀ ਇਕੱਤ੍ਰਤਾ ਵਿਚ ਸ਼ਾਮਲ ਨ ਹੋਏ। ਇਹ ਅਖ਼ਬਾਰ ਵੀ ਛੇਤੀ ਪਿੱਛੋਂ ਬੰਦ ਹੋ ਗਿਆ।

ਸੰਨ ੧੯੨੩ ਵਿਚ ਜਦੋਂ ਸ਼ਿਰੋਮਣੀ ਕਮੇਟੀ ਨੇ ਨਾਭੇ ਦਾ ਸਵਾਲ ਹੱਥ ਵਿਚ ਲਿਆ ਤਾਂ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਦੀ ਲੋੜ ਫਿਰ ਬੜੀ ਸ਼ਿੱਦਤ ਨਾਲ ਮਹਿਸੂਸ ਹੋਣ ਲਗੀ। ਓਦੋਂ ਸ. ਮੰਗਲ ਸਿੰਘ ਜੇਲ੍ਹ ਵਿਚ ਸਨ। ਉਹ ਆਪਣੀ ਇਕ ਚਿੱਠੀ ਵਿਚ ਦੱਸਦੇ ਹਨ :

> "ਜਦੋਂ ਮੈਂ ਤਿੰਨ ਸਾਲ ਦੀ ਕੈਦ ਕਟ ਕੇ ਜੇਲ੍ਹ ਤੋਂ ਬਾਹਰ ਆਇਆ ਤਾਂ ਸ. ਤੇਜਾ ਸਿੰਘ ਸਮੁੰਦ੍ਰੀ ਨੇ ਮੈਨੂੰ ਅੰਗਰੇਜ਼ੀ ਅਖ਼ਬਾਰ ਚਲਾਉਣ ਦੀ ਸੇਵਾ ਸੰਭਾਲਣ ਲਈ ਕਿਹਾ। ਭਲਾ ਮੈਂ ਸ. ਤੇਜਾ ਸਿੰਘ ਦੀ ਗੱਲ ਨੂੰ ਕਿਵੇਂ 'ਨਾਂਹ' ਕਰ ਸਕਦਾ ਸਾਂ? ਮੈਂ ਝਟ ਪਟ 'ਹਾਂ' ਕਰ ਦਿੱਤੀ। ਇਸ ਦੇ ਥੋੜੇ ਦਿਨਾਂ ਪਿੱਛੋਂ ਹੀ ਸਾਰੇ ਅਕਾਲੀ ਲੀਡਰ ਫੜੇ ਗਏ ਤੇ ਅਖ਼ਬਾਰ ਚਲਾਉਣ ਦੀ ਸਕੀਮ ਫਿਰ ਠਪ ਹੋ ਗਈ। ਇਸ ਵਾਕਿਆ ਤੋਂ ਇਕ ਸਾਲ ਬਾਅਦ ਦਿੱਲੀਓਂ 'ਹਿੰਦੁਸਤਾਨ ਟਾਈਮਜ਼' ਕਢਿਆ ਗਿਆ। ਇਸ ਮਤਲਬ ਲਈ ਮੈਂ ਅਮਰੀਕਾ ਵਿਚ ਰਹਿੰਦੇ ਸਿੱਖਾਂ ਪਾਸ ਫੰਡਜ਼ ਲਈ ਅਪੀਲ ਕੀਤੀ। ਉਨ੍ਹਾਂ ਨੇ ਡੇਢ ਲਖ ਰੁਪਇਆ ਇਕਤ੍ਰ ਕਰਕੇ ਸਾਨੂੰ ਭੇਜ ਦਿੱਤਾ, ਜਿਸ ਨਾਲ 'ਹਿੰਦੁਸਤਾਨ ਟਾਈਮਜ਼' ਚਲਾਇਆ ਗਿਆ।"

---

12 Ruchi Ram Sahni, *Struggle for Freedom in Sikh Shrines*, pp. 94-95.

Digitized by Panjab Digital Library | www.panjabdigilib.org

ਗਿਆਨੀ ਗੁਰਦਿਤ ਸਿੰਘ, ਸਾਬਕ ਮੈਨੇਜਰ ਪ੍ਰੈਸ, 'ਅਕਾਲੀ' ਅਖ਼ਬਾਰ, ਦਸਦੇ ਹਨ ਕਿ ਬਾਅਦ ਵਿਚ ਇਹ ਅਖ਼ਬਾਰ ਪੰਡਿਤ ਮਾਲਵੀਆ ਜੀ ਪਾਸ ਵੇਚ ਦਿੱਤਾ ਗਿਆ ਤੇ ਕੈਨੇਡਾ ਦੇ ਸਿੰਘਾਂ ਪਾਸੋਂ ਲਿਆ ਰੁਪਇਆ ਉਨ੍ਹਾਂ ਨੂੰ ਮੋੜ ਦਿੱਤਾ ਗਿਆ।

ਕਹਿਣ ਦੀ ਲੋੜ ਨਹੀਂ ਕਿ ਸ. ਤੇਜਾ ਸਿੰਘ ਸਮੁੰਦ੍ਰੀ ਭਾਵੇਂ ਆਪ ਬਹੁਤੀਆਂ ਜਮਾਤਾਂ ਪੜ੍ਹੇ ਹੋਏ ਨਹੀਂ ਸਨ, ਉਹ ਪ੍ਰੈਸ ਦੀ ਤਾਕਤ ਤੋਂ ਪੂਰੀ ਤਰ੍ਹਾਂ ਵਾਕਿਫ਼ ਸਨ। ਉਹ ਜਾਣਦੇ ਸਨ ਕਿ ਕਿਸੇ ਲਹਿਰ ਦੀ ਸਫ਼ਲਤਾ ਲਈ ਉਸ ਦੇ ਆਪਣੇ ਅਖ਼ਬਾਰ ਹੋਣੇ ਜ਼ਰੂਰੀ ਹਨ ਜੋ ਪਬਲਿਕ ਦੀ ਹਮਦਰਦੀ ਖਿੱਚ ਸਕਣ। ਉਹ ਦੂਜਿਆਂ ਅਖ਼ਬਾਰਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਬਾਰੇ ਵੀ ਸੋਚਦੇ ਰਹਿੰਦੇ। ਇਸੇ ਖ਼ਿਆਲ ਤੋਂ ਉਨ੍ਹਾਂ ਸ਼੍ਰੋਮਣੀ ਕਮੇਟੀ ਅੱਗੇ ਸਿਫ਼ਾਰਿਸ਼ ਕਰਕੇ ਅਖ਼ਬਾਰ 'ਹਿੰਦ' ਨੂੰ, ਜੋ ਗੁਰਦਿਤ ਸਿੰਘ ਦਾਰਾ ਇੰਗਲੈਂਡ ਤੋਂ ਅੰਗਰੇਜ਼ੀ ਵਿਚ ਕਢਦਾ ਸੀ, ਗੁਰੂ ਕੇ ਬਾਗ਼ ਦੇ ਹਾਲਾਤ ਪ੍ਰਕਾਸ਼ਿਤ ਕਰਨ ਤੇ ਮਾਰ ਕੁਟਾਈ ਦੀਆਂ ਤਸਵੀਰਾਂ ਛਾਪਣ ਲਈ ਕੁਝ ਰਕਮ ਦਿਵਾ ਦਿੱਤੀ ਸੀ।[13]

---

[13] ਦੇਖੋ ਪ੍ਰਤਾਪ ਸਿੰਘ (ਗਿਆਨੀ), 'ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ', ਪੰਨਾ ੩੩੧.

Digitized by Panjab Digital Library | www.panjabdigilib.org

੯

# ਸਿੱਖ ਕੇਂਦ੍ਰੀ ਸੰਸਥਾਵਾਂ ਦੀ ਸੇਵਾ ਵਿਚ

ਅਸੀਂ ਪਿੱਛੇ ਦੱਸ ਆਏ ਹਾਂ ਕਿ ੧੯੧੬ ਵਿਚ ਲਖਨਊ ਵਿਚ ਹੋਈ ਮੁਸਲਿਮ ਲੀਗ ਨੇ ਪੰਜਾਬ ਦੇ ਮੁਸਲਮਾਨਾਂ ਲਈ ੫੦ ਫ਼ੀ ਸਦੀ ਹੱਕਾਂ ਦੀ ਮੰਗ ਕੀਤੀ ਸੀ ਜੋ ਕਾਂਗ੍ਰਸ ਦੇ ਲੀਡਰਾਂ ਅਤੇ ਅੰਗਰੇਜ਼ੀ ਸਰਕਾਰ ਨੇ ਵੀ ਸਮਾਂ ਪਾ ਕੇ ਮੰਨ ਲਈ ਸੀ। ਇਸ ਫ਼ੈਸਲੇ ਵਿਰੁੱਧ ਸਿੱਖਾਂ ਨੇ ਬਥੇਰਾ ਰੌਲਾ ਪਾਇਆ, ਪਰ ਉਨ੍ਹਾਂ ਦੀ ਗੱਲ ਨ ਕਾਂਗ੍ਰਸ ਨੇ ਸੁਣੀ ਤੇ ਨ ਅੰਗਰੇਜ਼ੀ ਸਰਕਾਰ ਨੇ। ਇਸ ਲਈ ਆਪਣੇ ਹੱਕਾਂ ਦੀ ਰਾਖੀ ਲਈ ਉਨ੍ਹਾਂ ਸੈਂਟ੍ਰਲ ਸਿੱਖ ਲੀਗ ਬਣਾਣ ਦਾ ਫ਼ੈਸਲਾ ਕੀਤਾ। ਫਲਸਰੂਪ ਇਕ ਜਥੇਬੰਦੀ ਮੁਸਲਿਮ ਲੀਗ ਦੀਆਂ ਲੀਹਾਂ ਉਤੇ 'ਸੈਂਟ੍ਰਲ ਸਿੱਖ ਲੀਗ' ਦੇ ਨਾਂ ਹੇਠ ੧੯੧੯ ਈ. ਵਿਚ ਅੰਮ੍ਰਿਤਸਰ ਵਿਚ ਕਾਂਗ੍ਰਸ ਦੇ ਸਮਾਗਮ ਸਮੇਂ ਬਣਾਈ ਗਈ। ਇਸ ਦਾ ਪਹਿਲਾ ਪ੍ਰਧਾਨ ਸ. ਗੱਜਨ ਸਿੰਘ ਲੁਧਿਆਣਾ ਤੇ ਮੀਤ ਪ੍ਰਧਾਨ ਕੈਪਟਨ ਗੋਪਾਲ ਸਿੰਘ ਭਾਗੋਵਾਲੀਆ ਥਾਪੇ ਗਏ। ਇਸ ਦੀ ਸਕੱਤਰੀ ਦੀ ਸੇਵਾ ਗਿਆਨੀ ਗੁਰਬਖਸ਼ ਸਿੰਘ ਬੈਰਿਸਟਰ, ਅੰਮ੍ਰਿਤਸਰੀ, ਨੂੰ ਦਿੱਤੀ ਗਈ। ਇਹ ਸਾਰੇ ਨਰਮ ਖ਼ਿਆਲ ਦੇ ਲੀਡਰ ਸਨ ਤੇ ਇਹ ਸਿੱਖ ਲੀਗ ਨੂੰ ਉਥੋਂ ਸ਼ੁਰੂ ਕਰਨਾ ਚਾਹੁੰਦੇ ਸਨ ਜਿਥੋਂ ਕਾਂਗ੍ਰਸ ਨੇ ੧੮੮੫ ਈ. ਵਿਚ ਅਤੇ ਮੁਸਲਿਮ ਲੀਗ ਨੇ ੧੯੦੬ ਈ. ਵਿਚ ਸ਼ੁਰੂ ਕੀਤਾ ਸੀ। ਇਨ੍ਹਾਂ ਦਾ ਜਤਨ ਸਰਕਾਰ ਅੰਗਰੇਜ਼ੀ ਦੀ ਖ਼ੁਸ਼ਨੂਦੀ ਹਾਸਲ ਕਰਕੇ ਸਿੱਖਾਂ ਲਈ ਰਿਆਇਤਾਂ ਲੈਣਾ ਸੀ। ਪਰੰਤੂ ਪੰਜਾਬ ਦੀ ਹਵਾ ਮਾਰਸ਼ਲ ਲਾਅ ਦੇ ਅਤਿਆਚਾਰਾਂ ਤੇ ਮਹੰਤਾਂ ਪਾਸੋਂ ਗੁਰਦਵਾਰਿਆਂ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿਚ ਲੈ ਕੇ ਨ ਦੇਣ ਦੀ ਸਰਕਾਰ ਦੀ ਨੀਤੀ ਨੇ ਸਿੱਖਾਂ ਨੂੰ ਅੰਗਰੇਜ਼ੀ ਸਰਕਾਰ ਵਲੋਂ ਉਪਰਾਮ ਕਰ ਦਿੱਤਾ ਸੀ। ਉਸ ਦੇ ਨਾਲ ਹੀ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਚਲਾਏ ਨਾ-ਮਿਲਵਰਤਨ ਪ੍ਰੋਗਰਾਮ ਕਾਰਣ ਕੌਮੀ ਜਜ਼ਬਾ ਬੜਾ ਪ੍ਰਬਲ ਹੋ ਚੁਕਾ ਸੀ। ਇਸ ਸਭ ਦਾ ਸਿੱਟਾ ਇਹ ਨਿਕਲਿਆ ਕਿ ਅਗਲੇ ਸਾਲ ਜਦੋਂ ਅਕਤੂਬਰ ੧੯੨੦ ਵਿਚ ਸੈਂਟ੍ਰਲ ਸਿੱਖ ਲੀਗ ਦਾ ਦੂਸਰਾ ਸਮਾਗਮ ਲਾਹੌਰ ਵਿਚ ਹੋਇਆ ਤਾਂ ਸੈਂਟ੍ਰਲ ਸਿੱਖ ਲੀਗ ਦੀ ਲੀਡਰਸ਼ਿਪ ਗਰਮ ਧੜੇ ਦੇ ਹੱਥਾਂ ਵਿਚ ਆ ਗਈ। ਹੁਣ ਇਸ ਦੇ ਪ੍ਰਧਾਨ ਸ. ਖੜਕ ਸਿੰਘ ਬਣੇ। ਇਸ ਸਮਾਗਮ ਵਿਚ ਹੋਰਨਾਂ ਮਤਿਆਂ ਨਾਲ ਅੰਗਰੇਜ਼ੀ ਸਰਕਾਰ ਨਾਲ ਨਾ-ਮਿਲਵਰਤਨ ਦਾ ਮਤਾ ਵੀ ਬਹੁ-ਗਿਣਤੀ ਨਾਲ ਪਾਸ ਕਰ ਦਿੱਤਾ ਗਿਆ। ਮਤਾ ਸ. ਮੰਗਲ ਸਿੰਘ ਨੇ ਪੇਸ਼ ਕੀਤਾ ਤੇ ਇਸ ਦੀ ਪ੍ਰੋੜਤਾ ਸ. ਸਰਦੂਲ ਸਿੰਘ ਕਵੀਸ਼ਰ ਨੇ ਕੀਤੀ।

੧੯੨੦ ਈ. ਵਾਲੇ ਸੈਂਟ੍ਰਲ ਸਿੱਖ ਲੀਗ ਦੇ ਸਮਾਗਮ ਨੂੰ ਸਫ਼ਲ ਬਣਾਣ ਲਈ

Digitized by Panjab Digital Library | www.panjabdigilib.org

ਸ. ਮੰਗਲ ਸਿੰਘ, ਸ. ਤੇਜਾ ਸਿੰਘ ਸਮੁੰਦ੍ਰੀ ਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਸਿਰ ਤੋੜ ਜਤਨ ਕੀਤਾ। ਇਸ ਪ੍ਰਸੰਗ ਵਿਚ ਉਸ ਵੇਲੇ ਦਾ ਇਕ ਅਖਬਾਰ, 'ਕ੍ਰਿਪਾਨ ਬਹਾਦਰ' ਸ. ਤੇਜਾ ਸਿੰਘ ਸਮੁੰਦ੍ਰੀ ਦੀ ਸੇਵਾ ਨੂੰ ਚਿਤਾਰਦਾ ਲਿਖਦਾ ਹੈ :

"ਸੰਨ ੧੯੨੦ ਵਿਚ ਆਪ ਨੇ ਸਿੱਖ ਲੀਗ ਨੂੰ ਸਫ਼ਲ ਬਣਾਉਣ ਲਈ ਸਿਰ ਤੋੜ ਜਤਨ ਕੀਤਾ। ਨਾ-ਮਿਲਵਰਤਨ ਦੀ ਲਹਿਰ ਨੂੰ ਅਮਲੀ ਰੂਪ ਵਿਚ ਸਿੱਖਾਂ ਵਿਚ ਫੈਲਾਣ ਵਿਚ ਜਿਤਨਾ ਨਿੱਗਰ ਕੰਮ ਆਪ ਨੇ ਕੀਤਾ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ।"[1]

ਇਸ ਸਮਾਗਮ ਦਾ ਫੌਰੀ ਅਸਰ ਇਹ ਹੋਇਆ ਕਿ ਇਸ ਦੇ ਥੋੜੇ ਦਿਨਾਂ ਮਗਰੋਂ ਹਕੂਮਤ ਨੇ ਗੁਰਦਵਾਰਾ ਰਿਕਾਬ ਗੰਜ ਦੀ ਕੰਧ ਚੜ੍ਹਾ ਦਿੱਤੀ; ਖ਼ਾਲਸਾ ਕਾਲਜ ਨੂੰ ਸਿੱਖਾਂ ਦੇ ਸਪੁਰਦ ਕਰਨ ਦਾ ਐਲਾਨ ਕਰ ਦਿੱਤਾ ਅਤੇ ਦਰਬਾਰ ਸਾਹਿਬ ਤੇ ਇਸ ਨਾਲ ਸੰਬੰਧਿਤ ਗੁਰਦਵਾਰਿਆਂ ਦੇ ਪ੍ਰਬੰਧ ਲਈ ੩੬ ਮੈਂਬਰਾਂ ਦੀ ਇਕ ਕਮੇਟੀ ਬਣਾ ਦਿੱਤੀ।

੧੦ ਅਕਤੂਬਰ ੧੯੨੧ ਨੂੰ ਸਿੱਖ ਲੀਗ ਦਾ ਤੀਜਾ ਸਮਾਗਮ ਲਾਇਲਪੁਰ ਵਿਚ ਹੋਇਆ। ਇਸ ਸਮਾਗਮ ਦਾ ਸਾਰਾ ਪ੍ਰਬੰਧ ਸ. ਤੇਜਾ ਸਿੰਘ ਸਮੁੰਦ੍ਰੀ ਤੇ ਉਨ੍ਹਾਂ ਦੇ ਲਾਇਲਪੁਰੀ ਸਾਥੀਆਂ ਨੇ ਆਪਣੇ ਜ਼ਿੰਮੇ ਲਿਆ। ਇਸ ਦਾ ਪ੍ਰਧਾਨ ਸ. ਅਮਰ ਸਿੰਘ ਝਬਾਲ ਨੂੰ ਚੁਣਿਆ ਗਿਆ। ਇਸ ਵਿਚ ਕਈ ਮਤੇ ਪੇਸ਼ ਹੋਏ। ਇਕ ਮਤਾ ਜ਼ਿਮੀਂਦਾਰਾਂ ਉੱਪਰ ਮਾਮਲੇ ਦੀ ਸਖਤੀ ਬਾਰੇ ਸ. ਸਰਦਾਰਾ ਸਿੰਘ ਐਡੀਟਰ 'ਖਾਲਸਾ ਅਖ਼ਬਾਰ' ਨੇ ਪੇਸ਼ ਕੀਤਾ ਜਿਸ ਦੀ ਪ੍ਰੋੜਤਾ ਸ. ਤੇਜਾ ਸਿੰਘ ਸਮੰਦ੍ਰੀ ਨੇ ਕੀਤੀ।

ਜੂਨ ੧੯੨੩ ਵਿਚ ਸੈਂਟ੍ਰਲ ਸਿੱਖ ਲੀਗ ਦਾ ਸਮਾਗਮ ਜਲ੍ਹਿਆਂ ਵਾਲੇ ਬਾਗ਼, ਅੰਮ੍ਰਿਤਸਰ, ਵਿਚ ਹੋਇਆ। ਇਸ ਦਾ ਪ੍ਰਧਾਨ ਸ. ਸੁੰਦਰ ਸਿੰਘ ਲਾਇਲਪੁਰੀ ਨੂੰ ਬਣਾਇਆ ਗਿਆ। ਇਸ ਸਮਾਗਮ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਤੇ ਹੋਰਨਾਂ ਸਿੱਖ ਲੀਡਰਾਂ ਨੇ ਸਰਕਾਰ ਹਿੰਦ ਦੇ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੁਣ ਦੇ ਇਰਾਦੇ ਨੂੰ ਨੰਗਾ ਕੀਤਾ, ਤੇ ਸਰਕਾਰ ਦੀ ਇਸ ਖੋਟੀ ਨੀਤ ਦੀ ਨਿਖੇਧੀ ਕੀਤੀ। ਅਕਤੂਬਰ ੧੯੨੩ ਵਿਚ ਸ਼ਿਰੋਮਣੀ ਕਮੇਟੀ ਦੇ ਗ਼ੈਰ ਕਾਨੂੰਨੀ ਕਰਾਰ ਦਿੱਤੇ ਜਾਣ ਉੱਤੇ ਜਦ ਸਿੱਖ ਲੀਡਰਾਂ ਨੂੰ ਜੇਲ੍ਹ ਅੰਦਰ ਡੱਕ ਦਿੱਤਾ ਗਿਆ ਤਾਂ ਉਸ ਤੋਂ ਕੁਝ ਚਿਰ ਬਾਅਦ ਸਿੱਖ ਲੀਗ ਸ਼ਿਰੋਮਣੀ ਅਕਾਲੀ ਦਲ ਵਿਚ ਹੀ ਜਾ ਮਿਲੀ। ਇਸ ਪਿੱਛੋਂ ਸ਼ਿਰੋਮਣੀ ਅਕਾਲੀ ਦਲ ਹੀ ਸਿੱਖਾਂ ਦੀ ਇੱਕੋ ਇਕ ਰਾਜਨੀਤਿਕ ਪਾਰਟੀ ਰਹਿ ਗਈ।

ਗੁਰਦਵਾਰਾ ਰਿਕਾਬ ਗੰਜ ਲਈ ਸ਼ਹੀਦੀ ਦਲ ਲਈ ਅਪੀਲ ਦੇ ਜੂਨ-ਜੁਲਾਈ ੧੯੨੦ ਵਿਚ 'ਅਕਾਲੀ' ਅਖ਼ਬਾਰ ਵਿਚ ਛਪਣ ਪਿੱਛੋਂ ਸਿੱਖ ਹਲਕਿਆਂ ਵਿਚ ਜਥੇਬੰਦੀ ਦਾ ਕੰਮ ਜ਼ੋਰ ਪਕੜਨ ਲਗਾ। ਅੰਮ੍ਰਿਤਸਰ ਪਹਿਲਾ ਜ਼ਿਲਾ ਸੀ ਜਿਸ ਵਿਚ ਅਕਾਲੀ ਭਰਤੀ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ। ਸ. ਸੋਹਨ ਸਿੰਘ ਜੋਸ਼, ਵੀ. ਡਬਲਯੂ ਸਮਿਥ ਦੇ ਹਵਾਲੇ ਨਾਲ ਲਿਖਦੇ ਹਨ ਕਿ "ਭਾਦਰੋਂ ਦੀ ਮੱਸਿਆ (ਜੁਲਾਈ-ਅਗਸਤ ੧੯੨੦)

[1] ਵੇਖੋ 'ਕ੍ਰਿਪਾਨ ਬਹਾਦਰ' (੩੦ ਜੁਲਾਈ, ੧੯੨੯), ਪੰਨਾ ੪.

Digitized by Panjab Digital Library | www.panjabdigilib.org

ਤੇ ਤਰਨਤਾਰਨ ਵਿਚ ਸਿੱਖ ਲੀਗ ਵਲੋਂ ਇਕ ਜਲਜਾ ਹਇਆ, ਜਿਸ ਵਿਚ ਅਮਰ ਸਿੰਘ ਝਬਾਲ ਨੇ ਸਰੋਤਿਆਂ ਨੂੰ ਅਪੀਲ ਕੀਤੀ ਕਿ ਦਿੱਲੀ ਵਿਚ ਗੁਰਦਵਾਰਾ ਰਿਕਾਬ ਗੰਜ ਦੀ ਕੰਧ ਬਣਾਉਣ ਲਈ ਆਪਣਾ ਨਾਮ ਸ਼ਹੀਦਾਂ ਵਿਚ ਦਰਜ ਕਰਵਾਉਣ। ਕੋਈ ੭੦-੮੦ ਸਿੱਖਾਂ ਨੇ ਆਪਣੇ ਨਾਮ ਲਿਖਵਾਏ...।[2]

ਜਥੇਬੰਦੀ ਲਈ ਇਹ ਜਾਗ ਹੋਰ ਜ਼ਿਲਿਆਂ ਵਿਚ ਵੀ ਲਗ ਗਈ ਅਤੇ ਥਾਂ ਥਾਂ ਜਥੇ ਬਣਨ ਲਗੇ। ਛੇਤੀ ਹੀ ਵਕਤ ਆ ਗਿਆ ਕਿ ਇਸ ਖਿੰਡੀ ਪੁੰਡੀ ਸ਼ਕਤੀ ਨੂੰ ਕੇਂਦ੍ਰਿਤ ਕੀਤਾ ਜਾਵੇ। ਇਸ ਮਕਸਦ ਲਈ ਅੰਮ੍ਰਿਤਸਰ ਵਿਚ ੧੪ ਦਸੰਬਰ ੧੯੨੦ ਨੂੰ ਜਥਿਆਂ ਦੇ ਪ੍ਰਤਿਨਿਧੀਆਂ ਦੀ ਮੀਟਿੰਗ ਹੋਈ ਜਿਸ ਵਿਚ ਸਰਵ ਸੰਮਤੀ ਨਾਲ ਸੈਂਟ੍ਰਲ ਅਕਾਲੀ ਦਲ ਨਾਂ ਦੀ ਇਕ ਜਥੇਬੰਦੀ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਪਹਿਲੇ ਪ੍ਰਧਾਨ ਸ. ਸਰਮੁਖ ਸਿੰਘ ਝਬਾਲ ਚੁਣੇ ਗਏ ਅਤੇ ਅਕਾਲੀ ਜਥੇ ਦਾ ਦਫ਼ਤਰ ਅੰਮ੍ਰਿਤਸਰ ਰੱਖਣ ਦਾ ਹੀ ਫ਼ੈਸਲਾ ਕੀਤਾ ਗਿਆ।[3]

ਪਰੰਤੂ, ਸਰਦਾਰ ਨਰੈਣ ਸਿੰਘ ਕਰਤਾ 'ਅਕਾਲੀ ਮੋਰਚੇ ਤੇ ਝੱਬਰ' ਸੈਂਟ੍ਰਲ ਅਕਾਲੀ ਦਲ ਦੀ ਕਾਇਮੀ ਦਾ ਕੁਝ ਵੱਖਰਾ ਵੇਰਵਾ ਦੇਂਦੇ ਹਨ। ਉਹ ਦੱਸਦੇ ਹਨ ਕਿ ਗੁਰਦਵਾਰਾ ਪਜਾ ਸਾਹਿਬ ਉੱਪਰ ਨਵੰਬਰ ੧੯੨੦ ਵਿਚ ਕਬਜ਼ਾ ਹੋ ਜਾਣ ਪਿੱਛੋਂ ਤੀਜੇ ਦਿਨ ਦੋ ਢਾਈ ਹਜ਼ਾਰ ਦੀ ਗਿਣਤੀ ਵਿਚ ਹਿੰਦੂਆਂ ਨੇ ਝੱਬਰ ਦੇ ਜਥੇ ਉੱਤੇ ਹਮਲਾ ਕੀਤਾ। ਉਦੋਂ ਝੱਬਰ ਨੇ ਰਾਤ ਨੂੰ ਆਪਣੀ ਰੋਜ਼ਾਨਾ ਕਾਰਵਾਈ ਲਿਖ ਕੇ ਭੇਜੀ ਜੋ ਰੋਜ਼ਾਨਾ 'ਅਕਾਲੀ' ਅਖ਼ਬਾਰ ਲਾਹੌਰ ਵਿਚ ਛਪੀ। ਉਸ ਵਿਚ ਇਹ ਤਜਵੀਜ਼ ਕੀਤੀ ਗਈ ਕਿ ਸਿੱਖ ਕੌਮ ਨੂੰ ਇਕ ਦਲ ਕਾਇਮ ਕਰਨਾ ਚਾਹੀਦਾ ਹੈ ਜਿਸ ਦੇ ੨੦੦ ਜਵਾਨ ਹੈਡਕੁਆਟਰ, ਸ੍ਰੀ ਅੰਮ੍ਰਿਤਸਰ, ਉੱਪਰ ਹਰ ਵਕਤ ਹਾਜ਼ਰ ਰਹਿਣ ਅਤੇ ਜਿਥੇ ਲੋੜ ਪਵੇ ਮੌਕੇ ਸਿਰ ਪੁਜ ਜਾਣ। ਇਸ ਪਿੱਛੋਂ ੨੪ ਜਨਵਰੀ, ੧੯੨੧ ਨੂੰ ਜਦੋਂ ਗੁਰਦਵਾਰਾ ਕਮੇਟੀ ਦੀ ਮੀਟਿੰਗ ਸ੍ਰੀ ਅੰਮ੍ਰਿਤਸਰ ਵਿਚ ਹੋਈ ਤੇ ਦੂਰ ਦੂਰ ਤੋਂ ਸਿੰਘ ਪੁੱਜੇ ਹੋਏ ਸਨ, ਸ੍ਰੀ ਅਕਾਲ ਤਖ਼ਤ ਆਸਾ ਦੀ ਵਾਰ ਦੇ ਕੀਰਤਨ ਪਿੱਛੋਂ ਝੱਬਰ ਨੇ ਪੰਜਾ ਸਾਹਿਬ ਦੇ ਕਬਜ਼ੇ ਦੇ ਦਿਲਚਸਪ ਹਾਲਾਤ ਸੁਣਾਏ ਅਤੇ "ਅਕਾਲੀ ਦਲ" ਨਾਂ ਦੀ ਇਕ ਕੇਂਦ੍ਰੀ ਜਥੇਬੰਦੀ ਬਣਾਉਣ ਦੀ ਆਪਣੀ ਤਜਵੀਜ਼ ਨੂੰ ਮੁੜ ਦੁਹਰਾਇਆ ਜਿਸ ਨੂੰ ਸੰਗਤ ਨੇ ਬੜੀ ਖੁਸ਼ੀ ਨਾਲ ਪ੍ਰਵਾਨ ਕੀਤਾ।[4]

ਸੈਂਟ੍ਰਲ ਅਕਾਲੀ ਦਲ ਦੀ ਕੇਂਦ੍ਰੀ ਜਥੇਬੰਦੀ ਦੇ ਬਣ ਜਾਣ ਨਾਲ ਅਧੀਨ ਅਕਾਲੀ ਜਥੇ ਥਾਂ ਥਾਂ ਬਣਨ ਲਗੇ। ਇਨ੍ਹਾਂ ਨੇ ਇਕ ਪਾਸੇ ਗੁਰਦਵਾਰਾ ਸੁਧਾਰ ਲਹਿਰ ਨੂੰ ਲੜਾਕੂ ਪੈਂਤੜੇ ਉੱਤੇ ਚਲਾਇਆ ਤੇ ਦੂਜੇ ਪਾਸੇ ਸਿੱਖ ਜਨਤਾ ਨੂੰ ਆਜ਼ਾਦੀ ਦੇ ਘੋਲ ਵਿਚ ਹਿੱਸਾ

---

[2] ਸੋਹਨ ਸਿੰਘ ਜੋਸ਼ 'ਅਕਾਲੀ ਮੋਰਚਿਆਂ ਦਾ ਇਤਿਹਾਸ', ਪੰਨਾ ੫੦-੫੧.

[3] ਉਹੀ, ਪੰਨਾ ੫੧; ਪ੍ਰਤਾਪ ਸਿੰਘ [ਗਿਆਨੀ], 'ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ', ਪੰਨਾ ੧੦੨.

[4] ਪੰਨਾ ੯੫.

Digitized by Panjab Digital Library | www.panjabdigilib.org

ਪਾਉਣ ਲਈ ਵੰਗਾਰਿਆ। ੧੯੨੨ ਵਿਚ ਇਸ ਦਾ ਨਾਂ ਸ਼ਿਰੋਮਣੀ ਅਕਾਲੀ ਦਲ ਪੈ ਗਿਆ। ਸ਼ਿਰੋਮਣੀ ਅਕਾਲੀ ਦਲ ਦੇ ਨਿਯਮ ੩੦ ਅਨੁਸਾਰ ਜਦ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਾਂ ਕਿਸੇ ਹੋਰ ਪੰਥਕ ਜਥੇਬੰਦੀ ਨੂੰ ਗੁਰਦਵਾਰਿਆਂ ਦੇ ਕੰਮ ਲਈ ਜਾਂ ਕਿਸੇ ਹੋਰ ਸੇਵਾ ਲਈ ਸੇਵਾਦਾਰਾਂ ਦੀ ਲੋੜ ਪੈਂਦੀ ਤਾਂ ਸ਼ਿਰੋਮਣੀ ਅਕਾਲੀ ਦਲ ਉਸ ਸੰਸਥਾ ਦੇ ਖਰਚ ਉੱਤੇ ਆਪਣੇ ਸੇਵਾਦਾਰ ਦੇਣ ਲਈ ਤਿਆਰ ਬਰ ਤਿਆਰ ਰਹਿੰਦਾ। ਇਸ ਨਿਯਮ ਅਧੀਨ ਗੁਰੂ ਕੇ ਬਾਗ਼ ਦੀ ਰੱਖ ਵਿੱਚੋਂ ਲੰਗਰ ਲਈ ਲੱਕੜੀ ਕੱਟਣ ਵਾਸਤੇ ਸ਼ਿਰੋਮਣੀ ਅਕਾਲੀ ਦਲ ਨੇ ਆਪਣੇ ਸੇਵਾਦਾਰ ਘੱਲੇ ਸਨ। ਸ਼ੁਰੂ ਸ਼ੁਰੂ ਵਿਚ ਇਸ ਦਾ ਵੱਡਾ ਮਨੋਰਥ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਆਗਿਆ ਅਨੁਸਾਰ ਗੁਰਦਵਾਰਿਆਂ ਦਾ ਸੁਧਾਰ ਕਰਨਾ ਤੇ ਪੰਥਕ ਸੇਵਾ ਕਰਨਾ ਸੀ, ਪਰ ਦਲ ਹੌਲੀ ਹੌਲੀ ਸਿੱਖਾਂ ਦੇ ਰਾਜਸੀ ਮਾਮਲਿਆਂ ਵਿਚ ਹਿੱਸਾ ਲੈਣ ਲਗ ਪਿਆ ਤੇ ਸਿੱਖ ਲੀਗ ਦੇ ਖ਼ਤਮ ਹੋਣ ਉੱਤੇ ਸ਼ਿਰੋਮਣੀ ਅਕਾਲੀ ਦਲ ਸਿੱਖਾਂ ਦੀ ਪ੍ਰਮੁੱਖ ਰਾਜਸੀ ਜਮਾਤ ਬਣ ਗਈ।

ਜਿਵੇਂ ਕਿ ਸੁਭਾਵਕ ਹੈ ਸ਼ਿਰੋਮਣੀ ਅਕਾਲੀ ਦਲ ਨੂੰ ਸਥਾਪਿਤ ਕਰਨ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦਾ ਚੋਖਾ ਹੱਥ ਸੀ। ਗੁਰਦਵਾਰਾ ਰਿਕਾਬ ਗੰਜ ਦੀ ਦੀਵਾਰ ਨੂੰ ਉਸਾਰਨ ਲਈ ਜਿਹੜਾ ਸ਼ਹੀਦੀ ਦਲ ਕਾਇਮ ਹੋਇਆ ਸੀ ਉਸ ਦੇ ਵੀ ਆਪ ਉੱਘੇ ਮੈਂਬਰ ਸਨ। 'ਸ਼ਿਰੋਮਣੀ ਅਕਾਲੀ ਦਲ' ਦੇ ਕਾਇਮ ਹੋਣ ਤੋਂ ਲੈ ਕੇ ਅਖ਼ੀਰ ਤਕ ਆਪ ਇਸ ਦਲ ਦੇ ਸਰਗਰਮ ਵਰਕਰ ਰਹੇ। 'ਸ਼ਿਰੋਮਣੀ ਅਕਾਲੀ ਦਲ' ਕਾਇਮ ਕਰਨ ਅਤੇ ਇਸ ਦੇ ਥਾਂ ਥਾਂ ਜਥੇ ਖੜੇ ਕਰਨ ਵਿਚ ਵੀ ਇਨ੍ਹਾਂ ਵਿਸ਼ੇਸ਼ ਹਿੱਸਾ ਪਾਇਆ।

ਗੁਰਦਵਾਰਿਆਂ ਦੇ ਵੈਲੀ ਤੇ ਕੁਕਰਮੀ ਮਹੰਤਾਂ ਅਤੇ ਪੁਜਾਰੀਆਂ ਨਾਲ ਟੱਕਰ ਲੈ ਕੇ ਖ਼ਾਲਸਾ ਪੰਥ ਨੇ ਜਿਸ ਤਰ੍ਹਾਂ ਗੁਰਦਵਾਰਾ ਬਾਬੇ ਦੀ ਬੇਰ, ਸਿਆਲਕੋਟ, ਪੰਜਾ ਸਾਹਿਬ ਅਤੇ ਦਰਬਾਰ ਸਾਹਿਬ, ਅੰਮ੍ਰਿਤਸਰ, ਉੱਪਰ ਕਬਜ਼ਾ ਕਰ ਲਿਆ ਹੋਇਆ ਸੀ, ਉਸ ਦਾ ਕੁਝ ਬਿਓਰਾ ਅਸੀਂ ਪਿੱਛੇ ਦੇ ਆਏ ਹਾਂ। ਇਨ੍ਹਾਂ ਵੱਡੇ ਵੱਡੇ ਗੁਰਦਵਾਰਿਆਂ ਦੇ ਪੰਥਕ ਅਧਿਕਾਰ ਹੇਠ ਆ ਜਾਣ ਨਾਲ ਇਕ ਕੇਂਦ੍ਰੀ ਜਥੇਬੰਦੀ ਦੀ ਲੋੜ ਬੜੀ ਤੀਬਰਤਾ ਸਹਿਤ ਮਹਿਸੂਸ ਹੋ ਰਹੀ ਸੀ। ਪੰਥ ਦੇ ਆਪਣੇ ਅਖ਼ਬਾਰ, 'ਅਕਾਲੀ' ਰਾਹੀਂ ਇਸ ਦੀ ਲੋੜ ਹਰ ਰੋਜ਼ ਦ੍ਰਿੜ੍ਹ ਕਰਾਈ ਜਾਂਦੀ ਸੀ। ਇਸ ਕਾਰਜ ਨੂੰ ਸਾਧਨ ਲਈ ੧੫ ਨਵੰਬਰ ੧੯੨੦ ਨੂੰ ਸਮੂਹ ਸਿੱਖਾਂ ਦੇ ਪ੍ਰਤਿਨਿਧੀਆਂ ਦਾ ਇਕ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੱਦਿਆ ਗਿਆ। 'ਅਕਾਲੀ' ਅਖ਼ਬਾਰ ਨੇ ਇਸ ਲਈ ਪ੍ਰਚਾਰ ਕਰਨਾ ਆਰੰਭ ਦਿੱਤਾ। ਲੋਕਾਂ ਵਿਚ ਬੜਾ ਜੋਸ਼ ਖਰੋਸ਼ ਸੀ। ਇਸ ਨੂੰ ਵੇਖ ਕੇ ਅੰਗਰੇਜ਼ ਸਰਕਾਰ, ਜੋ ਪਹਿਲਾਂ ਟਸ ਤੋਂ ਮਸ ਨਹੀਂ ਸੀ ਹੋਈ, ਹਿਲਜੁਲ ਵਿਚ ਆ ਗਈ। ਉਸ ੧੫ ਨਵੰਬਰ ਦੇ ਇਕੱਠ ਤੋਂ ਤਿੰਨ ਦਿਨ ਪਹਿਲਾਂ, ੧੨ ਨਵੰਬਰ ੧੯੨੦ ਈ. ਨੂੰ ਮਹਾਰਾਜਾ ਪਟਿਆਲਾ ਦੀ ਸਲਾਹ ਨਾਲ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ ੩੬ ਆਦਮੀਆਂ ਦੀ ਇਕ ਕਮੇਟੀ ਨਾਮਜ਼ਦ ਕਰ ਦਿੱਤੀ।

੧੫-੧੬ ਨਵੰਬਰ ੧੯੨੦ ਈ. ਨੂੰ ਸ੍ਰੀ ਅਕਾਲ ਤਖ਼ਤ ਦੇ ਹਜ਼ੂਰ ਇਕ ਭਾਰੀ

Digitized by Panjab Digital Library | www.panjabdigilib.org

ਪੰਥਕ ਦੀਵਾਨ ਹੋਇਆ ਜਿਸ ਵਿਚ ਸਭ ਸਿੱਖ ਸਭਾ ਸੋਸਾਇਟੀਆਂ ਦੇ ਪ੍ਰਤਿਨਿਧੀ ਆਏ। ਇਸ ਦੀਵਾਨ ਵਿਚ ਸਰਕਾਰੀ ਕਮੇਟੀ ਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਤੇ ਸਕੱਤਰ ਭਾਈ ਜੋਧ ਸਿੰਘ ਤੇ ਹੋਰ ਕਈ ਮੈਂਬਰ ਵੀ ਹਾਜ਼ਰ ਸਨ। ਧਾਰਮਿਕ ਮਾਮਲਿਆਂ ਵਿਚ ਆਜ਼ਾਦੀ ਦੀ ਆਪਣੀ ਰਵਾਇਤ ਨੂੰ ਕਾਇਮ ਰੱਖਦਿਆਂ ਪੰਥ ਨੇ ੧੬ ਨਵੰਬਰ ਨੂੰ ੧੭੫ ਮੈਂਬਰਾਂ ਦੀ ਇਕ ਵੱਡੀ ਕਮੇਟੀ ਬਣਾਈ, ਜਿਸ ਵਿਚ ਸਰਕਾਰੀ ਆਦਮੀਆਂ ਦੇ ਨਾਲ ਪੰਥ ਦੇ ਪ੍ਰਸਿੱਧ ਆਗੂਆਂ ਨੂੰ ਵੀ ਰੱਖਿਆ ਗਿਆ। ਨਵੀਂ ਬਣੀ ਕਮੇਟੀ ਦਾ ਨਾਂ 'ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ। ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਕੰਮ ਗੁਰਦਵਾਰਿਆਂ ਦਾ ਸੁਧਾਰ, ਪ੍ਰਬੰਧ ਅਤੇ ਧਰਮ-ਪ੍ਰਚਾਰ ਮਿਥਿਆ ਗਿਆ। ਇਸ ਕਮੇਟੀ ਦਾ ਪਹਿਲਾ ਸਮਾਗਮ ਉਸੇ ਦਿਨ ੧੬ ਨਵੰਬਰ ਨੂੰ ਹੋਇਆ। ਉਸ ਵਿਚ ਸ. ਸੁੰਦਰ ਸਿੰਘ ਮਜੀਠੀਆ ਅਕਾਲ ਤਖ਼ਤ ਉੱਤੇ ਆਏ ਅਤੇ ਉਨ੍ਹਾਂ ਆਪਣੀਆਂ ਪਿਛਲੀਆਂ ਸਾਰੀਆਂ ਭੁੱਲਾਂ ਲਈ ਪੰਥ ਪਾਸੋਂ ਖ਼ਿਮਾ ਮੰਗੀ ਤੇ ਅੱਗੋਂ ਲਈ ਪੰਥ ਦਾ ਸੇਵਕ ਬਣ ਕੇ ਸੇਵਾ ਕਰਨ ਦਾ ਇਕਰਾਰ ਕੀਤਾ। ਪੰਥ ਵਲੋਂ ਸਰਬ-ਸੰਮਤੀ ਨਾਲ ਸ. ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਨੂੰ ਮੀਤ ਪ੍ਰਧਾਨ ਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਸਕੱਤਰ ਚੁਣਿਆ ਗਿਆ। ੧੯੨੧ ਵਿਚ ਸ. ਸੁੰਦਰ ਸਿੰਘ ਮਜੀਠੀਆ ਜਦ ਪੰਜਾਬ ਸਰਕਾਰ ਦੇ ਐਗਜ਼ੈਕਟਿਵ ਮੈਂਬਰ ਥਾਪੇ ਗਏ ਤਾਂ ਉਨ੍ਹਾਂ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਉਨ੍ਹਾਂ ਦੀ ਥਾਂ ਸ. ਸੁੰਦਰ ਸਿੰਘ ਰਾਮਗੜ੍ਹੀਆ ਪ੍ਰਧਾਨ ਬਣੇ। ਇਹ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ੩੦ ਅਪ੍ਰੈਲ ੧੯੨੧ ਨੂੰ ਰਜਿਸਟਰ ਹੋਈ।

ਸ਼ਿਰੋਮਣੀ ਕਮੇਟੀ ਦਾ ਹਰ ਰੋਜ਼ ਦਾ ਕੰਮ ਚਲਾਣ ਲਈ ਸਰਕਾਰ ਵਲੋਂ ਨਾਮਜ਼ਦ ਕਮੇਟੀ ਦੇ ੩੬ ਮੈਂਬਰ ਅਤੇ ੩੬ ਹੀ ਪੰਥ ਦੇ ਪ੍ਰਤਿਨਿਧੀ ਮਿਲਾ ਕੇ, ਕੁਲ ੭੨ ਮੈਂਬਰਾਂ ਦੀ ਇਕ ਅੰਤਰਿੰਗ ਕਮੇਟੀ ਬਣਾਈ ਗਈ। ਸ. ਤੇਜਾ ਸਿੰਘ ਸਮੁੰਦ੍ਰੀ ਇਸ ਕਮੇਟੀ ਦੇ ਮੈਂਬਰ ਸ਼ੁਰੂ ਤੋਂ ਲੈ ਕੇ ਅੰਤ ਤਕ ਰਹੇ।

੧੯੨੧ ਵਿਚ ਨਨਕਾਣੇ ਸਾਹਿਬ ਦੇ ਸਾਕੇ ਪਿੱਛੋਂ ਸੱਤ ਆਦਮੀਆਂ ਦੀ ਇਕ ਸਬ-ਕਮੇਟੀ ਬਣਾਈ ਗਈ ਜਿਸ ਦਾ ਕੰਮ ਇਸ ਗੱਲ ਦੀ ਰਿਪੋਰਟ ਕਰਨਾ ਸੀ ਕਿ ਗੁਰਦਵਾਰੇ ਪੰਥਕ ਪ੍ਰਬੰਧ ਵਿਚ ਕਿਸ ਤਰ੍ਹਾਂ ਆ ਸਕਦੇ ਹਨ। ਇਸ ਸਬ-ਕਮੇਟੀ ਵਿਚ ਸ. ਹਰਬੰਸ ਸਿੰਘ ਅਟਾਰੀ ਤੇ ਭਾਈ ਜੋਧ ਸਿੰਘ ਨਾਲ ਸ. ਤੇਜਾ ਸਿਘ ਸਮੁੰਦ੍ਰੀ ਵੀ ਮੈਂਬਰ ਵਜੋਂ ਲਏ ਗਏ।

ਜੁਲਾਈ ੧੯੨੧ ਦੀ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਸ. ਤੇਜਾ ਸਿੰਘ ਨੂੰ ਜ਼ਿਲਾ ਲਾਇਲਪੁਰ ਵਲੋਂ ਮੈਂਬਰ ਚੁਣਿਆ ਗਿਆ। ਓਦੋਂ ਤਕ ਅੰਤਰਿੰਗ ਕਮੇਟੀ ਦਾ ਕੰਮ ਵੀ ਬਹੁਤ ਵਧ ਚੁਕਾ ਸੀ। ਅੰਤਰਿੰਗ ਕਮੇਟੀ ਨੇ ਆਪਣੀ ਮਰਜ਼ੀ ਨਾਲ ਅੱਗੋਂ ਸੱਤ ਮੈਂਬਰਾਂ ਦੀ ਇਕ ਕਾਰਜ-ਸਾਧਕ ਕਮੇਟੀ ਬਣਾ ਲਈ ਜਿਸ ਦਾ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਵੀ ਮੈਂਬਰ ਲਿਆ ਗਿਆ। ਆਪ ਉਸ ਕਮੇਟੀ ਦੇ ਵੀ

Digitized by Panjab Digital Library | www.panjabdigilib.org

ਅੰਤ ਤਕ ਮੈਂਬਰ ਰਹੇ। ਹੁਣ ਤਕ ਆਪ ਨੇ ਆਪਣੀ ਮਾਨਤਾ ਇਸ ਤਰ੍ਹਾਂ ਬਣਾ ਲਈ ਹੋਈ ਸੀ ਕਿ ਜਿਥੇ ਵੀ ਕੋਈ ਪੰਥਕ ਸੰਸਥਾ ਬਣਦੀ ਜਾਂ ਕਿਸੇ ਪੰਥਕ ਕਾਰਜ ਦਾ ਬੀੜਾ ਚੁਕਿਆ ਜਾਂਦਾ, ਆਪ ਦਾ ਨਾਂ ਉਸ ਵਿਚ ਸਭ ਤੋਂ ਪਹਿਲਾਂ ਦਾਖ਼ਲ ਕਰ ਲਿਆ ਜਾਂਦਾ। ਦੂਜੇ ਪਾਸੇ, ਆਪ ਦੀ ਇਹ ਹਾਲਤ ਸੀ ਕਿ ਮਹੀਨਿਆਂ ਬੱਧੀ ਆਪ ਆਪਣੇ ਬਾਲ ਬੱਚੇ ਨੂੰ ਮਿਲਣ ਹਿਤ ਘਰ ਨ ਜਾਂਦੇ ਅਤੇ ਜੇ ਕਿਤੇ ਜਾਣਾ ਵੀ ਨਸੀਬ ਹੁੰਦਾ ਤਾਂ ਮੁਸਾਫ਼ਿਰਾਂ ਵਾਂਗ ਰਾਤ ਕੱਟ ਕੇ ਅਗਲੇ ਹੀ ਦਿਨ ਪੰਥਕ ਡਿਊਟੀ ਤੇ ਹਾਜ਼ਿਰ ਹੋ ਜਾਂਦੇ।

੨੯-੩੦ ਸਤੰਬਰ ੧੯੨੧ ਨੂੰ ਸ਼ਿਰੋਮਣੀ ਕਮੇਟੀ ਵਿਚ ਇਕ ਮੈਂਬਰ ਨੇ ਪ੍ਰਿੰਸ ਆਫ਼ ਵੇਲਜ਼ ਦੇ ਬਾਈਕਾਟ ਦੀ ਤਜਵੀਜ਼ ਰੱਖੀ। ਉਸ ਸਮੇਂ ਸ. ਤੇਜਾ ਸਿੰਘ ਸਮੁੰਦ੍ਰੀ, ਸ. ਸੁੰਦਰ ਸਿੰਘ ਰਾਮਗੜ੍ਹੀਆ, ਮਾ. ਤਾਰਾ ਸਿੰਘ, ਸ. ਮਹਿਤਾਬ ਸਿੰਘ ਤੇ ਕਪਤਾਨ ਰਾਮ ਸਿੰਘ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਦੀ ਰਾਇ ਇਸ ਸੰਸਥਾ ਨੂੰ ਧਾਰਮਿਕ ਗੱਲਾਂ ਤਕ ਸੀਮਿਤ ਰੱਖਣ ਦੀ ਸੀ।

ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਮਹੰਤਾਂ ਦੀ ਹਾਰ ਨੇ ਜਿਸ ਦਾ ਜ਼ਿਕਰ ਅਸੀਂ ਅਗਲੇ ਪ੍ਰਕਰਣ ਵਿਚ ਕਰਾਂਗੇ, ਮਹੰਤਾਂ ਨੂੰ ਸ਼ਿਰੋਮਣੀ ਕਮੇਟੀ ਨਾਲ ਸਮਝੌਤੇ ਕਰਨ ਵਲ ਪ੍ਰੇਰਿਆ ਅਤੇ ਗੁਰਦਵਾਰੇ ਧੜਾ ਧੜ ਸ਼ਿਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਣ ਲਗ ਪਏ। ਇਸ ਸੰਬੰਧ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦੀ ਸੇਵਾ ਨੂੰ ਚਿਤਾਰਦਿਆਂ ਗਿਆਨੀ ਹੀਰਾ ਸਿੰਘ ਦਰਦ ਲਿਖਦਾ ਹੈ:

> "ਗੁਰਦਵਾਰੇ ਦੇ ਮਹੰਤਾਂ ਤੇ ਗ੍ਰੰਥੀਆਂ ਨਾਲ ਅਕਸਰ ਆਪ ਹੀ ਫ਼ੈਸਲੇ ਕਰਿਆ ਕਰਦੇ ਸਨ। ਆਪ ਅਜੇਹੇ ਪ੍ਰੇਮ ਭਾਵ ਨਾਲ ਪੇਸ਼ ਆਉਂਦੇ ਸਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਇਸ ਖੁਲ੍ਹ-ਦਿਲੀ ਤੇ ਇਨਸਾਫ਼ ਨਾਲ ਸੁਣ ਕੇ ਪੂਰਾ ਕਰਦੇ ਸਨ ਕਿ ਮਹੰਤ ਖੁਸ਼ੀ ਖੁਸ਼ੀ ਗੁਰਦਵਾਰੇ ਕਮੇਟੀ ਦੇ ਸਪੁਰਦ ਕਰਕੇ ਕਮੇਟੀ ਦੇ ਆਗਿਆਕਾਰ ਬਣ ਜਾਂਦੇ ਸਨ।"[5]

ਉਪਰੋਕਤ ਗੱਲ ਦੀ ਇਕ ਮਿਸਾਲ ਅਸੀਂ 'ਸਾਕਾ ਨਨਕਾਣਾ ਸਾਹਿਬ' ਵਾਲੇ ਪ੍ਰਕਰਣ ਵਿਚ ਮਹੰਤ ਕਿਰਪਾ ਰਾਮ ਨਾਲ ਹੋਏ ਸਮਝੌਤੇ ਦੀ ਦੇ ਆਏ ਹਾਂ। ਸ਼ਿਰੋਮਣੀ ਕਮੇਟੀ ਵਿਚ ਆਪ ਦੀ ਮਹਾਨਤਾ ਇਸ ਗੱਲ ਵਿਚ ਰਹੀ ਕਿ ਕਮੇਟੀ ਦੇ ਸਾਰੇ ਜ਼ਰੂਰੀ ਕੰਮਾਂ ਵਿਚ ਆਪ ਨੂੰ ਮੋਹਰੀ ਬਣਾਇਆ ਜਾਂਦਾ। ੨ ਅਪ੍ਰੈਲ ੧੯੨੩ ਨੂੰ ਸ਼ਿਰੋਮਣੀ ਕਮੇਟੀ ਵਲੋਂ ਸਰਕਾਰ ਦੀ ਇੱਛਾ ਅਨੁਸਾਰ ਸ਼ਿਰੋਮਣੀ ਕਮੇਟੀ ਦੇ ਦੋ ਪ੍ਰਤਿਨਿਧੀ, ਸ. ਤੇਜਾ ਸਿੰਘ ਸਮੁੰਦ੍ਰੀ ਤੇ ਮਾ. ਤਾਰਾ ਸਿੰਘ ਜੀ ਪੰਜਾਬ ਸਰਕਾਰ ਦੇ ਹੋਮ ਮੈਂਬਰ, ਸਰ ਜਾਨ ਮੇਨਾਰਡ, ਨਾਲ ਗੱਲਬਾਤ ਲਈ ਲਾਹੌਰ ਭੇਜੇ ਗਏ। ਉਸ ਦਿਨ ਹੀ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਅਕਾਲ ਤਖ਼ਤ ਉੱਤੇ ਜਨਰਲ ਇਕਤ੍ਰਤਾ ਆਰੰਭ ਹੋਈ। ਉਸ ਵਿਚ ਇਕ ਇਹ ਮਤਾ ਵੀ ਪੇਸ਼ ਹੋਇਆ ਕਿ ਜਦ ਤਕ ਕਾਂਗ੍ਰਸ ਸਿੱਖਾਂ ਦੇ ਹੱਕਾਂ ਦਾ ਫ਼ੈਸਲਾ ਨਹੀਂ ਕਰਦੀ, ਸ. ਤੇਜਾ ਸਿੰਘ ਸਮੁੰਦ੍ਰੀ ਰੋਸ ਵਜੋਂ ਕਾਂਗ੍ਰਸ ਦੀ ਵਰਕਿੰਗ

---

5 'ਫੁਲਵਾੜੀ' (ਅਗਸਤ ੧੯੨੬), ਪੰਨਾ ੮੪੩.

Digitized by Panjab Digital Library | www.panjabdigilib.org

ਕਮੇਟੀ ਤੋਂ ਅਸਤੀਫ਼ਾ ਦੇ ਦੇਣ। ਸਿੱਖਾਂ ਦੇ ਹੱਕਾਂ ਤੋਂ ਭਾਵ ਸਿੱਖਾਂ ਦੀ ਸਰਕਾਰੀ ਅਦਾਰਿਆਂ ਉੱਪਰ ਨੁਮਾਇੰਦਗੀ ਸੀ ਜਿਸ ਦਾ ਮੁਸਲਿਮ ਲੀਗ ਨਾਲ ਕਾਂਗ੍ਰਸ ਦੇ ਸਮਝੌਤੇ ਅਨੁਸਾਰ ੫੦ ਪ੍ਰਤਿਸ਼ਤ ਮੁਸਲਮਾਨਾਂ ਨੇ ਲੈ ਜਾਣਾ ਸੀ ਤੇ ਬਾਕੀ ਦਾ ਹਿੰਦੂਆਂ ਨੇ। ਇਹ ਮਤਾ ਅਗਲੀ ਇਕੱਤ੍ਰਤਾ ਤੇ ਸੁੱਟਿਆ ਗਿਆ।

ਇੱਨੇ ਚਿਰ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਤੇ ਮਾ. ਤਾਰਾ ਸਿੰਘ ਸਰ ਜਾਨ ਮੇਨਾਰਡ ਨਾਲ ਗੱਲ ਕਰਕੇ ਲਾਹੌਰ ਤੋਂ ਵਾਪਸ ਮੁੜ ਆਏ ਤੇ ਉਨ੍ਹਾਂ ਨੇ ਸਰ ਜਾਨ ਮੇਨਾਰਡ ਦੇ ਫ਼ੈਸਲੇ ਦੀਆਂ ਸ਼ਰਤਾਂ ਕਮੇਟੀ ਦੇ ਸਾਮ੍ਹਣੇ ਰੱਖ ਦਿੱਤੀਆਂ। ਕ੍ਰਿਪਾਨ ਕੈਦੀਆਂ ਬਾਰੇ ਸਰ ਜਾਨ ਮੇਨਾਰਡ ਦੀ ਇਹ ਤਜਵੀਜ਼ ਸੀ ਕਿ ਜੇ ਸ਼ਿਰੋਮਣੀ ਕਮੇਟੀ ਵਰਤਮਾਨ ਕ੍ਰਿਪਾਨ ਸੰਬੰਧੀ ਕਾਨੂੰਨ ਦੀ ਹਾਈਕੋਰਟ ਵੱਲੋਂ ਕੀਤੀ ਗਈ ਵਿਆਖਿਆ ਮੰਨ ਲਵੇ ਤਾਂ ਉਹ ਸਰਕਾਰ ਪਾਸ ਸਾਰੇ ਕ੍ਰਿਪਾਨ ਕੈਦੀ ਛੱਡ ਦੇਣ ਲਈ ਸਿਫਾਰਿਸ਼ ਕਰ ਦੇਵੇਗਾ। ਇਸ ਦਾ ਉੱਤਰ ਤਿਆਰ ਕਰਨ ਲਈ ਇਕ ੧੧ ਮੈਂਬਰੀ ਕਮੇਟੀ ਬਣਾਈ ਗਈ ਤੇ ਉਸ ਦਾ ਪ੍ਰਧਾਨ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਥਾਪਿਆ ਗਿਆ। ਦੂਜੇ ਦਿਨ ਉਸ ਸਬ-ਕਮੇਟੀ ਵਲੋਂ ਲਿਖਿਆ ਉੱਤਰ ਜਨਰਲ ਕਮੇਟੀ ਦੀ ਇਕੱਤ੍ਰਤਾ ਵਿਚ ਪੇਸ਼ ਕੀਤਾ ਗਿਆ ਜੋ ਪਾਸ ਹੋ ਗਿਆ ਤੇ ਉਹੀ ਸਰ ਜਾਨ ਮੇਨਾਰਡ ਨੂੰ ਘੱਲਿਆ ਗਿਆ।

ਸ. ਸਾਹਿਬ ਸਿੰਘ ਸਪੁਤ੍ਰ ਸ. ਤੇਜਾ ਸਿੰਘ ਸਮੁੰਦ੍ਰੀ ਦੱਸਦੇ ਹਨ ਕਿ ਸਰ ਜਾਨ ਮੇਨਾਰਡ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਉੱਪਰ ਅਥਾਹ ਵਿਸ਼ਵਾਸ ਸੀ। ਉਹ ਕਿਹਾ ਕਰਦਾ ਸੀ ਕਿ ਸ. ਤੇਜਾ ਸਿੰਘ ਤੋਂ ਬਿਨਾ ਅਕਾਲੀਆਂ ਦੀ ਜ਼ਿੱਮੇਦਾਰੀ ਲੈਣ ਵਾਲਾ ਹੋਰ ਕੋਈ ਨਹੀਂ।

ਸ਼ਿਰੋਮਣੀ ਕਮੇਟੀ ਦੇ ਉੱਦੇਸ਼ਾਂ ਨੂੰ ਪ੍ਰਗਟ ਕਰਨ ਲਈ ਸ. ਤੇਜਾ ਸਿੰਘ ਨੇ ਸ਼ਿਰੋਮਣੀ ਕਮੇਟੀ ਦੇ ਇਕ ਉੱਘੇ ਮੈਂਬਰ ਹੋਣ ਦੀ ਹੈਸੀਅਤ ਵਿਚ ਕਈ ਥਾਵਾਂ ਤੇ ਤਕਰੀਰਾਂ ਕੀਤੀਆਂ। ੧-੨ ਫ਼ਰਵਰੀ, ੧੯੨੩ ਨੂੰ ਪੰਥ ਦਾ ਇਕ ਵੱਡਾ ਇਕੱਠ ਮੋਗੇ ਵਿਚ ਹੋਇਆ। ਉਸ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਤੇ ਸ. ਸਰਮੁਖ ਸਿੰਘ ਝਬਾਲ ਵੀ ਗਏ। ਇਸ ਦੀਵਾਨ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਨੇ ਇਕ ਬੜੀ ਠਰੰਮੇ ਵਾਲੀ ਤਕਰੀਰ ਕੀਤੀ ਜਿਸ ਨੂੰ ਲੋਕਾਂ ਬਹੁਤ ਸਲਾਹਿਆ।

੩ ਜੂਨ ੧੯੨੩ ਨੂੰ ਸਮੁੰਦ੍ਰੀ ਵਿਚ ਇਕ ਵੱਡਾ ਦੀਵਾਨ ਕੀਤਾ ਗਿਆ। ਇਸ ਵਿਚ ਆਪ ਨੇ ਸਮੁੰਦ੍ਰੀ ਦੇ ਇਲਾਕੇ ਦੇ ਵਸਨੀਕ ਹੋਣ ਅਤੇ ਇਕ ਸਿਰ-ਕੱਢ ਅਕਾਲੀ ਲੀਡਰ ਹੋਣ ਦੇ ਨਾਤੇ ਤਹਿਸੀਲ ਸਮੰਦ੍ਰੀ ਦੇ ਅਕਾਲੀ ਸਿੰਘਾਂ ਨੂੰ ਸਰੋਪਾ ਦਿੱਤੇ ਤੇ ਉਨ੍ਹਾਂ ਦੀ ਸੇਵਾ ਦੀ ਸ਼ਲਾਘਾ ਵਿਚ ਇਕ ਵਧੀਆ ਤਕਰੀਰ ਕੀਤੀ।

੨੧ ਜੂਨ ੧੯੨੩ ਈ. ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦੀ ਪ੍ਰਧਾਨਗੀ ਹੇਠ ਛੂਤ ਛਾਤ ਦਾ ਭਰਮ ਦੂਰ ਕਰਨ ਉੱਤੇ ਵਿਚਾਰ ਕਰਨ ਲਈ ਬੜਾ ਭਾਰੀ ਦੀਵਾਨ ਹੋਇਆ। ਇਸ ਦੀਵਾਨ ਦੇ ਪ੍ਰਧਾਨਗੀ ਭਾਸ਼ਣ ਵਿਚ ਵੀ ਆਪ ਨੇ ਸਿੱਖ ਸੰਗਤਾਂ ਨੂੰ ਇਸ ਭਿਆਨਕ ਰੋਗ ਤੋਂ ਬਚੇ ਰਹਿਣ ਦੀ ਪ੍ਰੇਰਣਾ ਦਿੱਤੀ।

ਇਸ ਤੋਂ ਬਿਨਾ ਸਮੁੰਦ੍ਰੀ ਸਾਹਿਬ ਨੇ ਹੋਰ ਕਈ ਥਾਵਾਂ ਤੇ ਵੀ ਗੁਰਦਵਾਰਾ ਸੁਧਾਰ

Digitized by Panjab Digital Library | www.panjabdigilib.org

ਸੰਬੰਧੀ ਤਕਰੀਰਾਂ ਕੀਤੀਆਂ ਜਿਨ੍ਹਾਂ ਵਿਚੋਂ ਨਨਕਾਣਾ ਸਾਹਿਬ ਤੇ ਜੰਡਿਆਲਾ ਦੀਆਂ ਤਕਰੀਰਾਂ ਖ਼ਾਸ ਤੌਰ ਤੇ ਵਰਣਨਯੋਗ ਹਨ। ਇਨ੍ਹਾਂ ਦੀਆਂ ਤੁਕਰੀਰਾਂ ਸੰਖੇਪ ਪਰ ਬੜੀਆਂ ਭਾਵਪੂਰਤ ਤੇ ਸਰਲ ਹੁੰਦੀਆਂ ਸਨ।

੫ ਅਗਸਤ, ੧੯੨੩ ਨੂੰ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤ੍ਰਤਾ ਵਿਚ ਪੰਥ ਨੇ ਉਨ੍ਹਾਂ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਬਣਾਉਣਾ ਚਾਹਿਆ, ਪਰ ਉਨ੍ਹਾਂ ਪ੍ਰਵਾਨ ਨ ਕੀਤਾ। ਅਖ਼ੀਰ ਉਨ੍ਹਾਂ ਨੂੰ ਮੀਤ ਪ੍ਰਧਾਨ ਬਣਾਇਆ ਗਿਆ। ਇਸ ਦੇ ਪਿੱਛੋਂ ਜਦੋਂ ਸ. ਮਹਿਤਾਬ ਸਿੰਘ ਕਿਸੇ ਕੰਮ ਲਈ ਘਰ ਛੁੱਟੀ ਚਲੇ ਗਏ ਤਾਂ ਉਹ ਕਾਇਮ-ਮੁਕਾਮ ਪ੍ਰਧਾਨ ਦੇ ਤੌਰ ਤੇ ਕੰਮ ਕਰਦੇ ਰਹੇ। ਉਦੋਂ ਸਿੱਖ ਕੌਮ ਦੇ ਆਗੂ ਸਹੀ ਅਰਥਾਂ ਵਿਚ ਆਪ ਹੀ ਸਮਝੇ ਜਾਂਦੇ ਸਨ। ਪੰਥ ਵਿਚ ਬਹੁਤ ਸਿਆਣੇ ਸੱਜਨਾਂ ਦੀ ਮੌਜੂਦਗੀ ਹੁੰਦਿਆਂ ਹੋਇਆਂ ਵੀ ਕੋਈ ਕੰਮ ਆਪ ਦੀ ਸਲਾਹ ਤੋਂ ਬਗ਼ੈਰ ਨਹੀਂ ਸੀ ਕੀਤਾ ਜਾਂਦਾ। ਉਨ੍ਹਾਂ ਦੇ ਸ਼ਿਰੋਮਣੀ ਕਮੇਟੀ ਦੀ ਜਥੇਦਾਰੀ ਸਮੇਂ ਸਿੱਖ ਕੌਮ ਨੇ ਨੌਕਰਸ਼ਾਹੀ ਦੇ ਟਾਕਰੇ ਵਿਚ ਜੋ ਸੂਰਬੀਰਤਾ ਵਿਖਾਈ ਉਸ ਦੀ ਰੂਹ ਆਪ ਹੀ ਕਹੇ ਜਾ ਸਕਦੇ ਹਨ।

੧੯੨੩ ਵਿਚ ਪੰਡਿਤ ਮਦਨ ਮੋਹਨ ਮਾਲਵੀਆ ਵੱਲੋਂ ਹਿੰਦੂ ਤੇ ਸਿੱਖਾਂ ਵਿਚ ਆਪਸੀ ਸੰਬੰਧਾਂ ਦੇ ਸੁਧਾਰ ਲਈ ਇਕ ੧੦ ਮੈਂਬਰੀ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਪੰਜ ਮੈਂਬਰ ਸਿੱਖਾਂ ਵਿਚੋਂ ਤੇ ਪੰਜ ਹੀ ਹਿੰਦੂਆਂ ਦੇ ਲਏ ਗਏ। ਸਿੱਖਾਂ ਵਿਚੋਂ ਸ. ਤੇਜਾ ਸਿੰਘ ਸਮੁੰਦ੍ਰੀ, ਗਿਆਨੀ ਸ਼ੇਰ ਸਿੰਘ, ਮਾ. ਤਾਰਾ ਸਿੰਘ ਤੇ ਦੋ ਹੋਰਨਾਂ ਨੂੰ ਲਿਆ ਗਿਆ। ਹਿੰਦੂਆਂ ਤੇ ਮੁਸਲਮਾਨਾਂ ਦੇ ਆਪਸੀ ਸੰਬੰਧ ਸੁਧਾਰਣ ਲਈ ਵੀ ਅਜੇਹੀ ਹੀ ਇਕ ਕਮੇਟੀ ਸਥਾਪਿਤ ਕੀਤੀ ਗਈ ਜਿਸ ਵਿਚ ਦੋਹਾਂ ਧਿਰਾਂ ਦੇ ਅੱਠ ਅੱਠ ਮੈਂਬਰ ਲਏ ਗਏ।

Digitized by Panjab Digital Library | www.panjabdigilib.org

## ੧੦

# ਚਾਬੀਆਂ ਦਾ ਮੋਰਚਾ

ਅਪ੍ਰੈਲ ੧੯੨੧ ਵਿਚ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਨਾ-ਮਿਲਵਰਤਨ ਦਾ ਮਤਾ ਪਾਸ ਕਰਕੇ ਸਰਕਾਰ ਨਾਲ ਟੱਕਰ ਲੈਣ ਲਈ ਮਨ ਬਣਾ ਲਿਆ। ਸ਼ਿਰੋਮਣੀ ਕਮੇਟੀ ਨੂੰ ਇਹ ਫ਼ੈਸਲਾ ਉਸ ਵੇਲੇ ਕਰਨਾ ਪਿਆ ਜਦੋਂ ਸਰਕਾਰ ਨੇ ਗੁਰਦਵਾਰਾ ਐਕਟ ਬਣਾ ਕੇ ਗੁਰਦਵਾਰੇ ਪੰਥਕ ਪ੍ਰਬੰਧ ਵਿਚ ਦੇਣੋਂ ਉੱਕਾ ਹੀ ਨਾਂਹ ਕਰ ਦਿੱਤੀ।

ਸਾਕਾ ਨਨਕਾਣਾ ਸਾਹਿਬ ਤੋਂ ਲੈ ਕੇ ਅਪ੍ਰੈਲ ੧੯੨੧ ਤਕ ਇਹ ਜਤਨ ਹੁੰਦਾ ਰਿਹਾ ਕਿ ਕਿਸੇ ਕਿਸਮ ਦਾ ਗੁਰਦਵਾਰਾ ਐਕਟ ਬਣਾ ਕੇ ਗੁਰਦਵਾਰੇ ਸਿੱਖਾਂ ਦੇ ਹਵਾਲੇ ਕਰ ਦਿੱਤੇ ਜਾਣ। ਨਨਕਾਣਾ ਸਾਹਿਬ ਦੇ ਸਾਕੇ ਤੋਂ ਪੈਦਾ ਹੋਏ ਤਾਜ਼ੇ ਜੋਸ਼ ਦੇ ਸਮੇਂ ਤਾਂ ਅੰਗਰੇਜ਼ ਸਰਕਾਰ ਅਜੇਹਾ ਕਾਨੂੰਨ ਬਣਾਉਣ ਦਾ ਲਾਰਾ ਲਾਉਂਦੀ ਰਹੀ, ਪਰ ਉਸ ਪਿੱਛੋਂ ਜਦ ਸਰਕਾਰ ਨੇ ਸਮਝਿਆ ਕਿ ਸਿੱਖ ਕਈ ਵੇਰਾਂ ਧਮਕੀਆਂ ਦੇ ਕੇ ਚੁਪ ਕਰ ਗਏ ਹਨ, ਤਾਂ ਉਹ ਵੀ ਆਕੜ ਗਈ। ਸਰਕਾਰ ਦੀ ਇਹ ਇਕ ਵੱਡੀ ਭੁਲ ਸੀ ਜਿਸ ਦੇ ਸਿੱਟੇ ਵਜੋਂ ਸ਼ਿਰੋਮਣੀ ਕਮੇਟੀ ਨੇ ਨਾ-ਮਿਲਵਰਤਨ ਦਾ ਮਤਾ ਪਾਸ ਕਰ ਦਿੱਤਾ। ਇਸ ਮਤੇ ਦੇ ਪਾਸ ਹੋਣ ਤੇ ਚੀਫ਼ ਖ਼ਾਲਸਾ ਦੀਵਾਨੀਏ, ਸ. ਹਰਬੰਸ ਸਿੰਘ, ਰਈਸ ਅਟਾਰੀ ਅਤੇ ਭਾਈ ਜੋਧ ਸਿੰਘ ਅਸਤੀਫ਼ਾ ਦੇ ਕੇ ਸ਼ਿਰੋਮਣੀ ਕਮੇਟੀ ਵਿਚੋਂ ਨਿਕਲ ਗਏ। ਉਸ ਵੇਲੇ ਇਕ ਵਾਰ ਤਾਂ ਸ਼ਿਰੋਮਣੀ ਕਮੇਟੀ ਵਿਚ ਘਬਰਾਹਟ ਪੈਦਾ ਹੋ ਗਈ, ਪਰ ਦੂਜੇ ਪਾਸੇ ਸ. ਖੜਕ ਸਿੰਘ ਵੀ ਰਈਸ ਹੀ ਸਨ ਜੋ ਨਾ-ਮਿਲਵਰਤਨ ਦੇ ਹਾਮੀ ਸਨ। ਉਨ੍ਹਾਂ ਨੂੰ ਪ੍ਰਧਾਨ ਥਾਪ ਦਿੱਤਾ ਗਿਆ। ਮਾ. ਤਾਰਾ ਸਿੰਘ ਛੇ ਮਹੀਨੇ ਦੀ ਛੁੱਟੀ ਪੂਰੀ ਹੋ ਜਾਣ ਤੇ ਜਦ ਵਾਪਸ ਖ਼ਾਲਸਾ ਹਾਈ ਸਕੂਲ ਲਾਇਲਪੁਰ ਚਲੇ ਗਏ ਤਾਂ ਉਨ੍ਹਾਂ ਦੀ ਥਾਂ ਸ. ਮਹਿਤਾਬ ਸਿੰਘ ਬੈਰਿਸਟਰ ਨੂੰ ਸਕੱਤਰ ਬਣਾ ਦਿੱਤਾ ਗਿਆ।

ਸ਼ਿਰੋਮਣੀ ਕਮੇਟੀ ਨੇ ਕੋਈ ਵੱਡਾ ਕਦਮ ਤਾਂ ਨ ਚੁਕਿਆ ਪਰ ਉਸ ਨੇ ਦੀਵਾਨਾਂ ਤੇ ਜਲੂਸਾਂ ਦੀ ਐਜੀਟੇਸ਼ਨ ਸ਼ੁਰੂ ਕਰ ਦਿੱਤੀ। ਕਮੇਟੀ ਨੇ ਆਪਣੇ ਪੱਕੇ ਨਿਯਮ ਬਣਾ ਕੇ ਸਾਰੇ ਪੰਜਾਬ ਵਿਚੋਂ ਆਪਣੀ ਚੋਣ ਅਗਸਤ ੧੯੨੧ ਵਿਚ ਕਰ ਲਈ ਜਿਸ ਨਾਲ ਕਮੇਟੀ ਪੰਥ ਵਿਚੋਂ ਚੁਣੇ ਹੋਏ ਪ੍ਰਤਿਨਿਧੀਆਂ ਦੀ ਬਾਕਾਇਦਾ ਸੰਸਥਾ ਬਣ ਗਈ। ਇਸ ਦੇ ਪ੍ਰਧਾਨ ਸ. ਖੜਕ ਸਿੰਘ ਜੀ ਚੁਣੇ ਗਏ ਤੇ ਸਕੱਤਰ ਸ. ਮਹਿਤਾਬ ਸਿੰਘ ਬਣਾਏ ਗਏ।

ਇਸ ਪ੍ਰਤਿਨਿਧੀ ਕਮੇਟੀ ਨੇ ਇਕ ਮਤਾ ਪਾਸ ਕਰਕੇ ਫ਼ੈਸਲਾ ਕੀਤਾ ਕਿ ਸ੍ਰੀ ਦਰਬਾਰ

Digitized by Panjab Digital Library | www.panjabdigilib.org

ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸ. ਸੁੰਦਰ ਸਿੰਘ ਰਾਮਗੜ੍ਹੀਆ ਤੋਂ ਲੈ ਕੇ ਸ਼ਿਰੋਮਣੀ ਕਮੇਟੀ ਦੇ ਪ੍ਰਧਾਨ ਸ. ਖੜਕ ਸਿੰਘ ਦੇ ਹਵਾਲੇ ਕੀਤੀਆਂ ਜਾਣ। ਸ. ਸੁੰਦਰ ਸਿੰਘ ਰਾਮਗੜ੍ਹੀਆ ਵੀ ਇਸ ਇਕੱਤ੍ਰਤਾ ਵਿਚ ਸ਼ਾਮਿਲ ਸੀ। ਉਸ ਵੇਲੇ ਤਕ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਮੁਕਰਰ ਕੀਤਾ ਹੋਇਆ ਸੀ ਤੇ ਚਾਬੀਆਂ ਉਸ ਨੂੰ ਦਿੱਤੀਆਂ ਹੋਈਆਂ ਸਨ। ਉਨ੍ਹਾਂ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਤੇ ਬਾਕੀ ਸਾਰਾ ਚਾਰਜ ਸ਼ਿਰੋਮਣੀ ਕਮੇਟੀ ਨੂੰ ਦੇਣਾ ਸੀ।

ਜਦ ਸ਼ਿਰੋਮਣੀ ਕਮੇਟੀ ਨੇ ਉਕਤ ਫੈਸਲਾ ਕੀਤਾ ਤਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਪੁਲਿਸ ਭੇਜ ਕੇ ਸ. ਸੁੰਦਰ ਸਿੰਘ ਰਾਮਗੜ੍ਹੀਆ ਕੋਲੋਂ ੭ ਨਵੰਬਰ ੧੯੨੧ ਨੂੰ ਚਾਬੀਆਂ ਆਪਣੇ ਪਾਸ ਮੰਗਵਾ ਲਈਆਂ। ਪੰਜਾਬ ਸਰਕਾਰ ਨੇ ਆਪਣੀ ਇਸ ਗੱਲ ਨੂੰ ਠੀਕ ਸਿੱਧ ਕਰਨ ਲਈ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਦਰਜ ਸੀ ਕਿ "ਸ਼ਿਰੋਮਣੀ ਕਮੇਟੀ ਸਿੱਖਾਂ ਦੀ ਪ੍ਰਤਿਨਿਧ ਜਮਾਤ ਨਹੀਂ ਹੈ। ਸਰਕਾਰ ਦੀਵਾਨੀ ਮੁਕੱਦਮੇ ਰਾਹੀਂ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰ ਰਹੀ ਸੀ, ਪਰ ਗੁਰਦਵਾਰਾ ਕਮੇਟੀ ਨੇ ਚਾਬੀਆਂ ਲੈਣ ਵਿਚ ਕਾਹਲ ਕੀਤੀ ਹੈ, ਇਸ ਲਈ ਸਰਕਾਰ ਚਾਬੀਆਂ ਆਪਣੇ ਕਬਜ਼ੇ ਵਿਚ ਲੈਣ ਤੇ ਮਜਬੂਰ ਹੋ ਗਈ ਹੈ।"

ਇਸ ਉੱਤੇ ਪੰਥ ਵਿਚ ਕਾਫ਼ੀ ਹਿਲਜੁਲ ਮਚੀ ਤੇ ਐਜੀਟੇਸ਼ਨ ਸ਼ੁਰੂ ਹੋ ਗਈ। ਇਹ ਸ਼ਿਰੋਮਣੀ ਕਮੇਟੀ ਦੇ ਅਧਿਕਾਰਾਂ ਨੂੰ ਇਕ ਤਰ੍ਹਾਂ ਦਾ ਚੈਲਿੰਜ ਸੀ। ਸ਼ਿਰੋਮਣੀ ਕਮੇਟੀ ਦੀ ਰਾਜਸੀ ਸੰਸਥਾ, ਸ਼ਿਰੋਮਣੀ ਅਕਾਲੀ ਦਲ, ਨੇ ਇਸ ਚੈਲਿੰਜ ਨੂੰ ਕਬੂਲ ਕਰ ਲਿਆ।

ਸ. ਤੇਜਾ ਸਿੰਘ ਸਮੁੰਦ੍ਰੀ ਨੇ ਇਸ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਸ਼ਿਰੋਮਣੀ ਕਮੇਟੀ ਨੇ ਦੀਵਾਨਾਂ ਤੇ ਲੈਕਚਰਾਂ ਦਾ ਹੜ੍ਹ ਵਗਾ ਦਿੱਤਾ। ਸਰਕਾਰ ਘਬਰਾ ਗਈ। ਸਰਕਾਰ ਨੇ ਅੰਮ੍ਰਿਤਸਰ, ਲਾਹੌਰ ਤੇ ਸ਼ੇਖੂਪੁਰਾ ਦੇ ਜ਼ਿਲਿਆਂ ਵਿਚ ਦਫ਼ਾ ੧੪੪ ਲਾ ਕੇ ਸਿੱਖਾਂ ਦੇ ਜਲਸੇ ਤਾਂ ਰੋਕ ਦਿੱਤੇ ਪਰ ਉਨ੍ਹਾਂ ਦੀ ਥਾਂ ਆਪਣੇ ਲਾਣੇ ਸ਼ੁਰੂ ਕਰ ਦਿੱਤੇ। ਉਸ ਨੇ ਇਕ ਜਲਸਾ ੨੬ ਨਵੰਬਰ ੧੯੨੧ ਨੂੰ ਅਜਨਾਲੇ ਰੱਖਿਆ। ਇਸ ਜਲਸੇ ਵਿਚ ਡਿਪਟੀ ਕਮਿਸ਼ਨਰ ਨੇ ਚਾਬੀਆਂ ਦੇ ਮਾਮਲੇ ਬਾਰੇ ਇਕ ਐਲਾਨ ਪੜ੍ਹਿਆ ਤੇ ਸਰਕਾਰ ਦਾ ਪੱਖ ਸਪਸ਼ਟ ਕੀਤਾ। ਅਕਾਲੀਆਂ ਵਿੱਚੋਂ ਇਸ ਜਲਸੇ ਵਿਚ ਸ. ਤੇਜਾ ਸਿੰਘ ਸਮੁੰਦ੍ਰੀ, ਸ. ਜਸਵੰਤ ਸਿੰਘ ਝਬਾਲ, ਸ. ਦਾਨ ਸਿੰਘ ਵਛੋਆ, ਪੰਡਿਤ ਦੀਨਾ ਨਾਥ, ਸਕੱਤਰ ਅੰਮ੍ਰਿਤਸਰ ਕਾਂਗ੍ਰਸ ਕਮੇਟੀ, ਤੇ ਕੁਝ ਹੋਰ ਸੱਜਣ ਪਹੁੰਚੇ ਹੋਏ ਸਨ।

ਡਿਪਟੀ ਕਮਿਸ਼ਨਰ ਦੇ ਐਲਾਨ ਪੜ੍ਹਨ ਮਗਰੋਂ ਅਕਾਲੀਆਂ ਨੇ ਵੀ ਅਸਲ ਮਾਮਲੇ ਉੱਤੇ ਚਾਨਣਾ ਪਾਉਣ ਲਈ ਵਕਤ ਮੰਗਿਆ, ਪਰ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਵਕਤ ਦੇਣੋਂ ਨਾਂਹ ਕਰ ਦਿੱਤੀ ਤੇ ਦੀਵਾਨ ਬਰਖ਼ਾਸਤ ਕਰ ਦਿੱਤਾ। ਉਥੇ ਪੁੱਜੇ ਅਕਾਲੀ ਲੀਡਰਾਂ ਨੇ ਇਕਦਮ ਅੱਡਰਾ ਜਲਸਾ ਕਰਨ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਤਹਿਸੀਲ ਦੇ ਨੇੜੇ ਹੀ ਇਕ ਟਿੱਲੇ ਉੱਤੇ ਦੀਵਾਨ ਸਜਾ ਲਿਆ। ਦੀਵਾਨ ਵਿਚ ਅਜੇ ਰਾਗੀ ਜਥਾ ਪਹਿਲਾ ਸ਼ਬਦ ਹੀ ਪੜ੍ਹ ਰਿਹਾ ਸੀ ਕਿ ਡਿਪਟੀ ਕਮਿਸ਼ਨਰ,

Digitized by Panjab Digital Library | www.panjabdigilib.org

ਥਾਣੇਦਾਰ, ਤਹਿਸੀਲਦਾਰ ਤੇ ਕੁਝ ਪੁਲਿਸ ਦੇ ਸਿਪਾਹੀ ਉਥੇ ਪਹੁੰਚ ਗਏ। ਲੋਕ ਅਜੇ ਇਕੱਠੇ ਹੀ ਹੋ ਰਹੇ ਸਨ ਕਿ ਡੀ. ਸੀ. ਨੇ ਦਾਨ ਸਿੰਘ ਵਛੋਆ ਤੇ ਸ. ਜਸਵੰਤ ਸਿੰਘ ਝਬਾਲ ਨੂੰ ਦੀਵਾਨ ਤੋਂ ਬਾਹਰ ਬੁਲਾ ਕੇ ਪੁੱਛਿਆ, "ਇੱਥੇ ਕੀ ਹੋ ਰਿਹਾ ਹੈ?" ਉੱਤਰ ਮਿਲਿਆ, "ਇਥੇ ਸ਼ਬਦ ਪੜ੍ਹੇ ਜਾ ਰਹੇ ਹਨ।" ਡੀ. ਸੀ. ਨੇ ਕਿਹਾ, "ਕੀ ਤਕਰੀਰਾਂ ਹੋਣਗੀਆਂ?" ਅੱਗੋਂ ਉੱਤਰ ਮਿਲਿਆ ਕਿ "ਚਾਬੀਆਂ ਦੇ ਮਾਮਲੇ ਤੇ ਗੁਰਦਵਾਰਾ ਸੁਧਾਰ ਸੰਬੰਧੀ ਤਕਰੀਰਾਂ ਹੋਣਗੀਆਂ, ਪਰ ਸ੍ਵਰਾਜ ਜਾਂ ਨਾ-ਮਿਲਵਰਤਨ ਬਾਰੇ ਕੋਈ ਤਕਰੀਰ ਨਹੀਂ ਹੋਵੇਗੀ।" ਉਨ੍ਹਾਂ ਨੂੰ ਉਸੇ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ। ਜਦ ਸ. ਤੇਜਾ ਸਿੰਘ ਸਮੁੰਦ੍ਰੀ ਨੇ ਦੀਵਾਨ ਤੋਂ ਬਾਹਰ ਆ ਕੇ ਡੀ. ਸੀ. ਤੋਂ ਆਪਣੇ ਸਾਥੀਆਂ ਦੀ ਗ੍ਰਿਫ਼ਤਾਰੀ ਦਾ ਕਾਰਣ ਪੁੱਛਿਆ, ਤਾਂ ਉਨ੍ਹਾਂ ਨੂੰ ਤੇ ਪੰਡਿਤ ਦੀਨਾ ਨਾਥ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।

ਲੀਡਰਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਤਾਰ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਉਸ ਵੇਲੇ ਪੁੱਜੀ ਜਦ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਚਲ ਰਹੀ ਸੀ। ਖ਼ਬਰ ਦੇ ਪੁਜਦਿਆਂ ਹੀ ਸ. ਖੜਕ ਸਿੰਘ, ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਮਹਿਤਾਬ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ ਤੇ ਕੁਝ ਹੋਰ ਸਾਥੀ ਅਜਨਾਲੇ ਵਲ ਤੁਰ ਪਏ ਤੇ ਜਾਂਦੇ ਹੋਏ ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਦਰਜ ਸੀ : "ਅਸੀਂ ਅਜਨਾਲੇ ਜਾ ਕੇ ਤਕਰੀਰ ਕਰਾਂਗੇ ; ਸਾਨੂੰ ਗ੍ਰਿਫ਼ਤਾਰ ਕਰ ਲਓ।" ਉਨ੍ਹਾਂ ਅਜਨਾਲੇ ਜਾ ਕੇ ਦੀਵਾਨ ਸਜਾਇਆ ਜਿਸ ਵਿਚ ਸ. ਖੜਕ ਸਿੰਘ, ਸ. ਮਹਿਤਾਬ ਸਿੰਘ, ਆਦਿ ੧੯ ਮੁਖੀਆਂ ਨੇ ਤਕਰੀਰਾਂ ਕੀਤੀਆਂ ਤੇ ਇਸ ਤੇ ਸ. ਖੜਕ ਸਿੰਘ, ਸ. ਮਹਿਤਾਬ ਸਿੰਘ, ਸ. ਭਾਗ ਸਿੰਘ ਵਕੀਲ, ਸ. ਹਰੀ ਸਿੰਘ ਜਲੰਧਰੀ, ਸ. ਗੁਰਚਰਨ ਸਿੰਘ, ਮਾ. ਸੁੰਦਰ ਸਿੰਘ ਲਾਇਲਪੁਰੀ ਆਦਿ ੧੯ ਮੁਖੀ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿੱਤੇ ਗਏ।

ਅਜਨਾਲੇ ਮਾ. ਤਾਰਾ ਸਿੰਘ ਜੀ ਵੀ ਸਨ, ਪਰ ਉਹ ਗ੍ਰਿਫ਼ਤਾਰ ਨ ਕੀਤੇ ਗਏ। ਉਨ੍ਹਾਂ ਦੀ ਗ੍ਰਿਫ਼ਤਾਰੀ, ਮਗਰੋਂ ਅੰਮ੍ਰਿਤਸਰ ਅਕਾਲ ਤਖ਼ਤ ਦੇ ਸਾਹਮਣੇ ਤਕਰੀਰ ਕਰਦਿਆਂ ਹੋਈ।

ਅਜਨਾਲੇ ਵਿਚ ਹੋਇਆ ਦੀਵਾਨ ਗੁਰਦਵਾਰਾ ਕਮੇਟੀ ਵਲੋਂ ਸੀ। ਪਰ ਸਰਕਾਰ ਨੇ ਆਪਣੇ ਐਲਾਨ ਵਿਚ ਉਸ ਨੂੰ ਕਾਂਗ੍ਰਸ ਦਾ ਜਲਸਾ ਜ਼ਾਹਿਰ ਕੀਤਾ ਤਾ ਕਿ ਉਸ ਨੂੰ ਰਾਜਸੀ ਜਲਸਾ ਦਸ ਕੇ ਸਰਕਾਰ ਵਲੋਂ ਕੀਤੀਆਂ ਗਈਆਂ ਗਿਫ਼ਤਾਰੀਆਂ ਨੂੰ ਜਲਸੇ ਰੋਕੂ ਕਾਨੂੰਨ ਅਧੀਨ ਸਹੀ ਕਰਾਰ ਦਿੱਤਾ ਜਾ ਸਕੇ।

ਗ੍ਰਿਫ਼ਤਾਰ ਕੀਤੇ ਗਏ ਲੀਡਰਾਂ ਨੂੰ ਕਿਹਾ ਗਿਆ ਕਿ ਜੇ ਉਹ ਮੁਆਫ਼ੀਆਂ ਮੰਗ ਲੈਣ ਤਾਂ ਛੱਡ ਦਿੱਤੇ ਜਾਣਗੇ, ਪਰ ਕਿਸੇ ਵੀ ਮੁਆਫ਼ੀ ਨ ਮੰਗੀ। ਅਖ਼ੀਰ ੨੯ ਨਵੰਬਰ ਨੂੰ ਸ. ਤੇਜਾ ਸਿੰਘ ਸਮੁੰਦ੍ਰੀ, ਸ਼. ਦਾਨ ਸਿੰਘ, ਸ. ਜਸਵੰਤ ਸਿੰਘ, ਪੰਡਿਤ ਦੀਨਾ ਨਾਥ, ਸ. ਹਰਨਾਮ ਸਿੰਘ ਨੂੰ ਮਿਸਟਰ ਕਾਨਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਲਸੇ ਰੋਕੂ ਕਾਨੂੰਨ ਦੀ

Digitized by Panjab Digital Library | www.panjabdigilib.org

ਧਾਰਾ ੫ ਅਨੁਸਾਰ ਮੁਕੱਦਮੇ ਦੀ ਕਾਰਵਾਈ ਆਰੰਭ ਹੋਈ। ਸ. ਤੇਜਾ ਸਿੰਘ ਸਮੁੰਦ੍ਰੀ ਬਾਰੇ ਮਿਸਟਰ ਡੰਨਟ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਨੇ ਆਪਣੀ ਗਵਾਹੀ ਵਿਚ ਕਿਹਾ :

"ਮੈਂ ਉਨ੍ਹਾਂ ਨੂੰ ਅਜੇਹੇ ਆਦਮੀਆਂ ਵਿਚੋਂ ਸਮਝਦਾ ਹਾਂ ਜਿਨ੍ਹਾਂ ਨੂੰ ਧਾਰਮਿਕ ਖ਼ਿਆਲ ਬਹੁਤ ਪਿਆਰੇ ਹਨ। ਅਜੇਹੇ ਮੁਖੀਆਂ ਦੀ ਸਹਾਇਤਾ ਕਰਨ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਪੂਰਾ ਕਰਨ ਲਈ ਅਸੀਂ ਕਾਫ਼ੀ ਚਿਰ ਤੋਂ ਜਤਨ ਕਰ ਰਹੇ ਸੀ। ਮੈਨੂੰ ਆਸ ਸੀ ਕਿ ਇਨ੍ਹਾਂ ਦੀ ਸਹਾਇਤਾ ਨਾਲ ਸਰਕਾਰ ਦਾ ਨ ਕੇਵਲ ਸ੍ਰੀ ਦਰਬਾਰ ਸਾਹਿਬ ਬਲਕਿ ਹੋਰ ਗੁਰਦਵਾਰਿਆਂ ਸੰਬੰਧੀ ਸਮਝੌਤਾ ਹੋ ਜਾਂਦਾ। ਅਜੇਹੇ ਮੁਖੀਆਂ ਦੇ ਧਾਰਮਿਕ ਖ਼ਿਆਲਾਂ ਨੂੰ ਸਰਕਾਰ ਪੂਰਾ ਕਰਨ ਲਈ ਹਰ ਸਮੇਂ ਤਿਆਰ ਸੀ। ਪਰ ਅਫ਼ਸੋਸ ਹੈ ਕਿ ਕੁਝ ਚਿਰ ਤੋਂ ਸ. ਤੇਜਾ ਸਮੁੰਦ੍ਰੀ ਵੀ ਰਾਜਸੀ ਰੋਗ ਨਾਲ ਗ੍ਰਸੇ ਗਏ ਹਨ।"[2]

ਇਸ ਮੁਕੱਦਮੇ ਸੰਬੰਧੀ ਅਦਾਲਤ ਵਿਚ ਜਦ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਬਿਆਨ ਦੇਣ ਲਈ ਕਿਹਾ ਗਿਆ ਤਾਂ ਉਨ੍ਹਾਂ ਅਗੋਂ ਕਿਹਾ ਕਿ ਸਰਕਾਰ ਸਾਡੇ ਧਾਰਮਿਕ ਮਾਮਲਿਆਂ ਵਿਚ ਖੁਲ੍ਹਮ-ਖੁਲ੍ਹਾ ਦਖ਼ਲ ਦੇ ਰਹੀ ਹੈ। ਇਸ ਲਈ ਮੈਂ ਬਿਆਨ ਨਹੀਂ ਦੇਵਾਂਗਾ।

੨ ਦਸੰਬਰ ੧੯੨੧ ਨੂੰ ਮਿਸਟਰ ਕਾਨਰ ਨੇ ਇਸ ਮੁਕੱਦਮੇ ਦਾ ਫ਼ੈਸਲਾ ਸੁਣਾਇਆ। ਸ. ਤੇਜਾ ਸਿੰਘ ਸਮੁੰਦ੍ਰੀ, ਸ. ਦਾਨ ਸਿੰਘ, ਸ. ਜਸਵੰਤ ਸਿੰਘ ਤੇ ਪੰਡਿਤ ਦੀਨਾ ਨਾਥ ਨੂੰ ਇਕ ਇਕ ਹਜ਼ਾਰ ਰੁਪਇਆ ਜੁਰਮਾਨਾ ਤੇ ਪੰਜ ਪੰਜ ਮਹੀਨੇ ਕੈਦ ਸਖ਼ਤ ਦੀ ਸਜ਼ਾ ਹੋਈ। ਜੁਰਮਾਨਾ ਨ ਦੇਣ ਦੀ ਸੂਰਤ ਵਿਚ ਡੇਢ ਮਹੀਨਾ ਹੋਰ ਕੈਦ ਸਖ਼ਤ ਦੀ ਸਜ਼ਾ ਦਿੱਤੀ ਗਈ। ਸ. ਹਰਨਾਮ ਸਿੰਘ ਜ਼ੈਲਦਾਰ ਨੂੰ ਇਕ ਹਜ਼ਾਰ ਰੁਪਏ ਜੁਰਮਾਨਾ ਤੇ ਚਾਰ ਮਹੀਨੇ ਕੈਦ ਹੋਈ। ਸ. ਖੜਕ ਸਿੰਘ, ਸ. ਮਹਿਤਾਬ ਸਿੰਘ, ਸ. ਭਾਗ ਸਿੰਘ ਵਕੀਲ, ਸ. ਗੁਰਚਰਨ ਸਿੰਘ ਵਕੀਲ ਤੇ ਮਾ. ਸੁੰਦਰ ਸਿੰਘ ਨੂੰ ਇਕ ਇਕ ਹਜ਼ਾਰ ਰੁਪਏ ਜੁਰਮਾਨਾ ਤੇ ਛੇ ਛੇ ਮਹੀਨੇ ਕੈਦ ਸੁਣਾਈ ਗਈ।

ਸਿੱਖ ਲੀਡਰਾਂ ਨੂੰ ਅਜਨਾਲੇ ਦੇ ਮੁਕੱਦਮੇ ਵਿਚ ਕੈਦ ਕਰਕੇ ਜਦ ਵਾਪਸ ਜੇਲ੍ਹ ਪਹੁੰਚਾਇਆ ਗਿਆ ਤਾਂ ਉਥੇ ਉਨ੍ਹਾਂ ਨੂੰ ਇਕ ਨਿਰਦਈ ਤੇ ਕਠੋਰ ਚਿਤ ਦਰੋਗ਼ੇ ਦੇ ਵੱਸ ਪਾਇਆ ਗਿਆ। ਉਨ੍ਹਾਂ ਸਭਨਾਂ ਨੂੰ ਰਾਤ ਦੇ ਸਾਢੇ ਅੱਠ ਵਜੇ ਸਟੇਸ਼ਨ ਤੇ ਪਹੁੰਚਾਇਆ ਗਿਆ ਤੇ ਚੋਰਾਂ ਵਾਂਗੂ ਹਨੇਰੇ ਅਤੇ ਦੂਰ ਦੂਰ ਕੁਰਾਹੇ ਪਾ ਕੇ ਨਾਲੀਆਂ, ਖ਼ਾਲੀਆਂ, ਰੇਲ ਦੀਆਂ ਪਟੜੀਆਂ ਤੇ ਤਾਰਾਂ ਦੀਆਂ ਵਾੜਾਂ ਟਪਾ ਕੇ, ਲੋਹੇ ਦੀਆਂ ਸੀਖਾਂ ਦੇ ਪਿੰਜਰੇ ਵਾਲੀ ਗੱਡੀ ਵਿਚ ਬਿਠਾਇਆ ਗਿਆ, ਜਿਸ ਵਿਚ ਪੇਸ਼ਾਬ ਅਤੇ ਟੱਟੀ ਦਾ ਕੋਈ ਪ੍ਰਬੰਧ ਨਹੀਂ ਸੀ। ਉਸ ਦੇ ਦਰਵਾਜ਼ਿਆਂ ਨੂੰ ਉਸੇ ਵੇਲੇ ਚਾਬੀ ਲਾ ਦਿੱਤੀ ਗਈ ਤੇ ੮ ਬੰਦੂਕਾਂ ਵਾਲੇ ਪੁਲਸੀਏ ਜੋ ਰਾਖੀ ਲਈ ਨਾਲ ਸਨ, ਉਹ ਵੀ ਕੈਦ ਕੀਤੇ ਗਏ ਲੀਡਰਾਂ ਦੇ ਨਾਲ ਹੀ ਬੰਦ ਕਰ

---

[2] ਪ੍ਰਤਾਪ ਸਿੰਘ (ਗਿਆਨੀ), 'ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ', ਪੰਨਾ ੧੩੮.

Digitized by Panjab Digital Library | www.panjabdigilib.org

ਦਿੱਤੇ ਗਏ ਅਤੇ ਚਾਬੀ ਸਟੇਸ਼ਨ ਵਾਲੇ ਲੈ ਗਏ । ਕਈਆਂ ਨੇ ਤੰਗ ਹੋ ਕੇ ਵਿਚੇ ਹੀ ਪੇਸ਼ਾਬ ਕਰ ਦਿੱਤੇ । ਜੇਲ੍ਹ ਵਾਲਿਆਂ ਨੇ ਉਨ੍ਹਾਂ ਨੂੰ ਪਾਲੇ ਤੋਂ ਬਚਾਉਣ ਲਈ ਕੋਈ ਕੰਬਲ ਤਕ ਨ ਦਿੱਤੇ ।

ਸ. ਤੇਜਾ ਸਿੰਘ ਸਮੁੰਦ੍ਰੀ, ਸ. ਖੜਕ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਜ਼ਾ ਦੇ ਕੇ ਮੀਆਂਵਾਲੀ ਤੇ ਡੇਰਾ ਗਾਜ਼ੀਖਾਨ ਦੀਆਂ ਜੇਲ੍ਹਾਂ ਵਿਚ ਭੇਜਿਆ ਗਿਆ । ਜੇਲ੍ਹ ਵਿਚ ਘਲੇ ਜਾਣ ਪਿੱਛੋਂ ਥਾਂ ਥਾਂ ਤੇ ਵਧਾਈ ਦੇ ਮਤੇ ਪਾਸ ਹੋਏ । ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਇਨ੍ਹਾਂ ਦੇ ਆਪਣੇ ਇਲਾਕੇ ਦੇ ਲੋਕ ਪ੍ਰੇਮ ਨਾਲ "ਚਕ੍ਰਵਰਤੀ" ਕਿਹਾ ਕਰਦੇ ਸਨ । ਇਸ ਲਈ ਇਸ ਮੌਕੇ ਉਤੇ "ਚਕ੍ਰਵਰਤੀ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਵਧਾਈ" ਦੇ ਸਿਰਲੇਖ ਹੇਠ ਇਹ ਮਤਾ ਪਾਸ ਹੋਇਆ :

> ਖ਼ਾਲਸਾ ਹਾਈ ਸਕੂਲ ਸਰਹਾਲੀ ਦੇ ਸਕੱਤਰ ਸ. ਤੇਜਾ ਸਿੰਘ ਸਮੁੰਦ੍ਰੀ ਦੇ ਖ਼ਾਲਸਾ ਪੰਥ ਦੀ ਸੇਵਾ ਕਰਦਿਆਂ ਹੋਇਆਂ ਜੇਲ੍ਹ ਨੂੰ ਸੁਭਾਗ ਕਰਨ ਉੱਤੇ ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ, ਸਰਹਾਲੀ, ਦੀ ਨਾਵੀਂ ਜਮਾਤ ਖੱਦਰ ਧਾਰਣ ਕਰਕੇ ਸਰਦਾਰ ਜੀ ਨੂੰ ਵਧਾਈ ਦੇਂਦੀ ਹੈ ਤੇ ਸਰਦਾਰ ਜੀ ਨਾਲ ਹਮਦਰਦੀ ਪ੍ਰਗਟ ਕਰਦੀ ਹੈ ਅਤੇ ਵਾਹਿਗੁਰੂ ਅਗੇ ਬੇਨਤੀ ਕਰਦੀ ਹੈ ਕਿ ਹੇ ਵਾਹਿਗੁਰੂ, ਤੂੰ ਆਪਣੇ ਸੇਵਕ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਸਮਰੱਥਾ ਬਖ਼ਸ਼ ਕਿ ਉਹ ਪਾਪਣ ਤੇ ਦੁਸ਼ਟ ਨੌਕਰਸ਼ਾਹੀ ਦੇ ਜ਼ੁਲਮ ਨੂੰ ਸਹਾਰ ਸਕੇ ਤੇ ਇਹ ਸਾਢੇ ਛੇ ਮਹੀਨਿਆਂ ਦੀ ਕੈਦ ਕਟ ਕੇ ਫੇਰ ਖਾਲਸਾ ਪੰਥ ਦੀ ਸੇਵਾ ਤੇ ਆ ਡਟਣ । ਏਹ ਜਮਾਤ ਨੌਕਰਸ਼ਾਹੀ ਦੇ ਇਸ ਭੈੜੇ ਵਤੀਰੇ ਉੱਤੇ ਰੋਸ ਤੇ ਘ੍ਰਿਣਾ ਪ੍ਰਗਟ ਕਰਦੀ ਹੈ ਤੇ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਵਧਾਈ ਦੇਂਦੀ ਹੈ ।[3]

ਅਕਾਲੀ ਲੀਡਰਾਂ ਦੀ ਗ੍ਰਿਫ਼ਤਾਰੀ ਨੇ ਸਿੱਖਾਂ ਨੂੰ ਮਿਲ ਕੇ ਤੁਰਨ ਉੱਤੇ ਮਜਬੂਰ ਕਰ ਦਿੱਤਾ । ਸ. ਖੜਕ ਸਿੰਘ ਦੇ ਗ੍ਰਿਫ਼ਤਾਰ ਹੋ ਜਾਣ ਤੇ ਉਨ੍ਹਾਂ ਦੀ ਥਾਂ ਸ. ਹਰਚੰਦ ਸਿੰਘ ਲਾਇਲਪੁਰੀ ਪ੍ਰਧਾਨ ਬਣੇ । ਇਸ ਸੰਕਟ ਸਮੇਂ ਇਨ੍ਹਾਂ ਤੋਂ ਬਿਨਾ ਹੋਰ ਵੀ ਕਈ ਲੀਡਰ ਪੰਥ ਦੀ ਸੇਵਾ ਲਈ ਨਿਤਰ ਆਏ ਅਤੇ ਪੰਥ ਨੂੰ ਸਮੁੱਚੇ ਤੌਰ ਤੇ ਲੀਡਰਸ਼ਿਪ ਵਲੋਂ ਹਾਰ ਨ ਆਈ । ਨਵੀਂ ਬਣੀ ਕਮੇਟੀ ਨੇ ਹਿਦਾਇਤ ਕਰ ਦਿੱਤੀ ਕਿ ਜਿੱਨਾ ਚਿਰ ਜੇਲ੍ਹ ਵਿਚੋਂ ਸਾਰੇ ਅਕਾਲੀ ਕੈਦੀ ਰਿਹਾ ਨਹੀਂ ਹੁੰਦੇ, ਕੋਈ ਸਿੱਖ ਸਰਕਾਰ ਪਾਸੋਂ ਦਰਬਾਰ ਸਾਹਿਬ ਦੀਆਂ ਚਾਬੀਆਂ ਵਸੂਲ ਨ ਕਰੇ । ਉਨ੍ਹਾਂ ਦੀ ਮੰਗ ਸੀ ਕਿ ਚਾਬੀਆਂ ਪੰਥ ਦੇ ਬੇ-ਤਾਜ ਬਾਦਸ਼ਾਹ ਖੜਕ ਸਿੰਘ ਨੂੰ ਹੀ ਦਿੱਤੀਆਂ ਜਾਣ ।

ਲੀਡਰਾਂ ਦੀ ਗ੍ਰਿਫ਼ਤਾਰੀ ਪਿਛੋਂ ਲਹਿਰ ਛੇਤੀ ਹੀ ਤੇਜ਼ ਹੋ ਗਈ । ਥੋੜੇ ਸਮੇਂ ਵਿਚ ਹੀ ਸਰਕਾਰ ਨੇ ਚਾਬੀਆਂ ਖੋਹਣ ਦੀ ਮੂਰਖਤਾ ਨੂੰ ਅਨੁਭਵ ਕਰ ਲਿਆ । ੫ ਜਨਵਰੀ ਨੂੰ ਸਰਕਾਰ ਨੇ ਚਾਬੀਆਂ ਵਾਪਸ ਦੇਣ ਦਾ ਫ਼ੈਸਲਾ ਕਰ ਲਿਆ ਪਰ ਹੁਣ ਚਾਬੀਆਂ ਲਵੇ ਕੋਈ

---

[3] 'ਅਕਾਲੀ' (੧੨ ਦਸੰਬਰ ੧੯੨੧), ਪੰਨਾ ੪.

Digitized by Panjab Digital Library | www.panjabdigilib.org

ਨਾ । ਅੰਮ੍ਰਿਤਸਰ ਦੇ ਡੀ. ਸੀ. ਰਾਹੀਂ ਪੰਜਾਬ ਸਰਕਾਰ ਅੱਡੀ ਚੋਟੀ ਦਾ ਜ਼ੋਰ ਲਾ ਥੱਕੀ, ਪਰ ਕੋਈ ਸਿੱਖ ਚਾਬੀਆਂ ਲੈਣ ਲਈ ਅੱਗੇ ਨ ਆਇਆ । ਸਰਕਾਰ ਜਿਉਂ ਜਿਉਂ ਸਖ਼ਤੀ ਕਰਦੀ, ਲਹਿਰ ਹੋਰ ਵਧੇਰੇ ਜ਼ੋਰ ਫੜਦੀ । ਅੰਤ ਸਰਕਾਰ ਘਬਰਾ ਗਈ । ਡਿਪਟੀ ਕਮਿਸ਼ਨਰ ਡੰਨਟ ਨੇ ਸ. ਬੇਅੰਤ ਸਿੰਘ ਤਹਿਸੀਲਦਾਰ ਨੂੰ ਵਿਚ ਪਾਇਆ ਤੇ ਇਹ ਗੁੰਝਲ ਸੁਲਝਾਉਣੀ ਚਾਹੀ । ਡੰਨਟ ਸਾਹਿਬ ਨੇ ਸਿੱਖ ਲੀਡਰਾਂ ਨੂੰ ਸਾਰੇ ਅਕਾਲੀ ਕੈਦੀ ਛੱਡ ਦੇਣ ਅਤੇ ਗੁਰਦਵਾਰਾ ਕਾਨੂੰਨ ਸਿੱਖਾਂ ਦੀ ਇੱਛਾ ਅਨੁਸਾਰ ਬਣਾ ਦੇਣ ਦਾ ਭਰੋਸਾ ਦਿਵਾਇਆ, ਪਰ ਇਕ ਸ਼ਰਤ ਇਹ ਰੱਖੀ ਕਿ ਸਿੱਖ ਲੀਡਰ ਜੇਲ੍ਹਾਂ ਤੋਂ ਬਾਹਰ ਆ ਕੇ ਸਰਕਾਰ ਦੇ ਖ਼ਿਲਾਫ਼ ਕੁਝ ਨ ਬੋਲਣ ਤੇ ਸਰਕਾਰ ਨੂੰ ਇਸ ਗੁੰਝਲ ਨੂੰ ਸੁਲਝਾਉਣ ਦਾ ਮੌਕਾ ਦੇਣ । ਉਨ੍ਹਾਂ ਦੀ ਇਹ ਗੱਲ ਬੜੀ ਮਾਕੂਲ ਸੀ । ਜੇਲ੍ਹੋਂ ਬਾਹਰ ਮੌਜੂਦ ਲੀਡਰਾਂ ਨੇ ਇਸ ਨੂੰ ਸ੍ਵੀਕਾਰ ਕਰ ਲਿਆ । ਇਸ ਉੱਤੇ ਪ੍ਰੋ. ਨਿਰੰਜਨ ਸਿੰਘ ਤੇ ਗਿਆਨੀ ਸ਼ੇਰ ਸਿੰਘ, ਸ. ਤੇਜਾ ਸਿੰਘ ਸਮੁੰਦ੍ਰੀ ਅਤੇ ਮਾ. ਤਾਰਾ ਸਿੰਘ ਨੂੰ ਮੀਆਂਵਾਲੀ ਜੇਲ੍ਹ ਵਿਚ ਜਾ ਕੇ ਮਿਲੇ । ਉਹ ਉੱਪਰਲੀ ਤਜਵੀਜ਼ ਨਾਲ ਸਹਿਮਤ ਹੋ ਗਏ । ਦੋਵੇਂ ਬਾ-ਦਲੀਲ ਆਦਮੀ ਸਨ । ਉਸ ਪਿੱਛੋਂ ਪ੍ਰੋਫ਼ੈਸਰ ਸਾਹਿਬ ਤੇ ਗਿਆਨੀ ਜੀ ਸ. ਖੜਕ ਸਿੰਘ ਤੇ ਸ. ਮਹਿਤਾਬ ਸਿੰਘ ਕੋਲ ਡੇਰਾ ਗ਼ਾਜ਼ੀ ਖਾਂ ਵਾਲੀ ਜੇਲ੍ਹ ਗਏ । ਇਥੇ ਸ. ਮਹਿਤਾਬ ਸਿੰਘ ਤਾਂ ਉਨ੍ਹਾਂ ਦੇ ਹਮਖ਼ਿਆਲ ਬਣ ਗਏ ਪਰ ਸ. ਖੜਕ ਸਿੰਘ ਨੇ ਅਜੀਬ ਰਵੱਯਾ ਇਖ਼ਤਿਆਰ ਕਰ ਲਿਆ । ਆਪ ਇਹੀ ਕਹੀ ਜਾਣ ਕਿ ਜਦ ਤਕ ਇਹ ਕੁੱਤੀ ਨੌਕਰਸ਼ਾਹੀ ਮੁਆਫ਼ੀ ਨ ਮੰਗੇ ਮੈਂ ਜੇਲ੍ਹ ਤੋਂ ਬਾਹਰ ਨਹੀਂ ਜਾਵਾਂਗਾ ।[4]

ਹਾਲੀ ਇਹ ਪਾਰਟੀ ਵਾਪਸ ਅੰਮ੍ਰਿਤਸਰ ਪਹੁੰਚੀ ਹੀ ਸੀ ਕਿ ੧੭ ਜਨਵਰੀ ਨੂੰ ਲੀਡਰ ਰਿਹਾ ਕਰ ਦਿੱਤੇ ਗਏ । ੧੯ ਜਨਵਰੀ ਨੂੰ ਤੇਜਾ ਸਿੰਘ ਸਮੁੰਦ੍ਰੀ, ਸ. ਖੜਕ ਸਿੰਘ ਤੇ ਹੋਰ ਲੀਡਰ ਇਹ ਸ਼ਾਨਦਾਰ ਫ਼ਤਹਿ ਪ੍ਰਾਪਤ ਕਰਕੇ ਅੰਮ੍ਰਿਤਸਰ ਪਹੁੰਚੇ । ਸੰਗਤਾਂ ਨੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ । ਉਸੇ ਦਿਨ ਸਰਕਾਰ ਨੇ ਚਾਬੀਆਂ ਇਕ ਸਰਕਾਰੀ ਅਫ਼ਸਰ ਹੱਥ ਸ. ਖੜਕ ਸਿੰਘ ਨੂੰ ਭੇਜ ਦਿੱਤੀਆਂ, ਜੋ ਸ. ਖੜਕ ਸਿੰਘ ਨੇ ਸੰਗਤ ਤੋਂ ਪ੍ਰਵਾਨਗੀ ਲੈ ਕੇ ਇਕ ਭਰੇ ਦੀਵਾਨ ਵਿਚ ਲਈਆਂ ।

ਚਾਬੀਆਂ ਵਾਲੇ ਮਾਮਲੇ ਵਿਚ ਪੰਥ ਦੀ ਜਿੱਤ ਨੇ ਸਿੱਖਾਂ ਦਾ ਰੁਅਬ ਬਹੁਤ ਵਧਾ ਦਿੱਤਾ । ਮਹਾਤਮਾ ਗਾਂਧੀ ਨੇ ਇਸ ਨੂੰ "ਸ੍ਵਰਾਜ ਦੀ ਪਹਿਲੀ ਸ਼ਾਨਦਾਰ ਜਿੱਤ"[5] ਕਹਿ ਕੇ ਸਨਮਾਨਿਆ ਤੇ ਸ਼ਿਰੋਮਣੀ ਕਮੇਟੀ ਦੇ ਪ੍ਰਧਾਨ ਸ. ਖੜਕ ਸਿੰਘ ਨੂੰ ਵਧਾਈ ਭੇਜੀ ।

---

[4] ਨਿਰੰਜਨ ਸਿੰਘ (ਪ੍ਰਿੰਸੀਪਲ), 'ਜੀਵਨ ਯਾਤਰਾ ਮਾਸਟਰ ਤਾਰਾ ਸਿੰਘ', ਪੰਨਾ ੮੨-੮੩.

[5] *Some Confidential Papers of the Akali Movement*, p. 11.

Digitized by Panjab Digital Library | www.panjabdigilib.org

੧੧

# ਗੁਰੂ ਕੇ ਬਾਗ਼ ਦੇ ਮੋਰਚੇ ਦਾ ਹੀਰੋ

'ਗੁਰੂ ਕਾ ਬਾਗ਼' ਤਹਿਸੀਲ ਅਜਨਾਲੇ ਵਿਚ ਅੰਮ੍ਰਿਤਸਰੋਂ ੧੩ ਮੀਲ ਦੀ ਵਿਥ ਤੇ ਇਕ ਇਤਿਹਾਸਕ ਗੁਰਦਵਾਰਾ ਹੈ। ੧੯੨੦-੨੧ ਵਿਚ ਗੁਰਦਵਾਰਾ ਸੁਧਾਰ ਲਹਿਰ ਸ਼ੁਰੂ ਹੋਣ ਸਮੇਂ ਇਸ ਗੁਰਦਵਾਰੇ ਦਾ ਮਹੰਤ ਸੁੰਦਰ ਦਾਸ ਸੀ। ਉਹ ਬੜਾ ਆਚਰਣਹੀਣ ਤੇ ਨਨਕਾਣਾ ਸਾਹਿਬ ਦੇ ਮਹੰਤ ਵਾਂਗ ਐਬਾਸ਼ ਸੀ। ਇਲਾਕੇ ਦੀ ਸੰਗਤ ਨੂੰ ਉਸ ਦੇ ਵਿਰੁੱਧ ਕਈ ਸ਼ਿਕਾਇਤਾਂ ਸਨ। ਲੋਕਾਂ ਨੇ ਉਹ ਸ਼ਿਕਾਇਤਾਂ ਸ਼ਿਰੋਮਣੀ ਕਮੇਟੀ ਨੂੰ ਲਿਖ ਭੇਜੀਆਂ ਜਨਵਰੀ ੧੯੨੧ ਵਿਚ ਸ਼ਿਰੋਮਣੀ ਕਮੇਟੀ ਨੇ ਸ. ਦਾਨ ਸਿੰਘ ਵਛੋਆ, ਪ੍ਰਧਾਨ ਜ਼ਿਲਾ ਗੁਰਦਵਾਰਾ ਕਮੇਟੀ, ਦੀ ਡਿਊਟੀ ਲਾਈ ਕਿ ਉਹ ਮਹੰਤ ਸੁੰਦਰ ਦਾਸ ਨੂੰ ਆਪਣਾ ਚਲਣ ਸੰਵਾਰਨ ਅਤੇ ਗੁਰਦਵਾਰੇ ਦਾ ਪ੍ਰਬੰਧ ਠੀਕ ਕਰਨ ਲਈ ਕਹੇ। ੩੧ ਜਨਵਰੀ ੧੯੨੧ ਨੂੰ ਗੁਰੂ ਕੇ ਬਾਗ਼ ਵਿਚ ਬੜਾ ਭਾਰੀ ਦੀਵਾਨ ਲਗਾ ਜਿਸ ਵਿਚ ਸ. ਦਾਨ ਸਿੰਘ ਤੇ ਸੰਗਤ ਨੇ ਹੇਠ ਲਿਖੀਆਂ ਸ਼ਰਤਾਂ ਮਹੰਤ ਨੂੰ ਮੰਨਣ ਲਈ ਕਹੀਆਂ :

੧) ਮਹੰਤ ਸੁੰਦਰ ਦਾਸ ਕਿਸੇ ਇਸਤ੍ਰੀ ਨਾਲ ਅਯੋਗ ਸੰਬੰਧ ਨ ਰੱਖੇ, ਕਿਸੇ ਇਕ ਨਾਲ ਸ਼ਾਦੀ ਕਰ ਲਵੇ।

੨) ਅੰਮ੍ਰਿਤ ਛਕ ਕੇ ਸਿੰਘ ਸਜ ਜਾਵੇ ਤੇ ਸ਼ਿਰੋਮਣੀ ਕਮੇਟੀ ਦੇ ਅਧੀਨ ਹੋ ਕੇ ਸੇਵਾ ਕਰੇ।

ਮਹੰਤ ਨੇ ਦੀਵਾਨ ਵਿਚ ਇਹ ਸ਼ਰਤਾਂ ਪ੍ਰਵਾਨ ਕਰ ਲਈਆਂ ਤੇ ਇਕ ਸੰਧੀ-ਪੱਤਰ ਉੱਤੇ ਦਸਤਖ਼ਤ ਕਰ ਦਿੱਤੇ। ਇਸ ਦੀਵਾਨ ਵਿਚ ਗੁਰਦਵਾਰੇ ਦੇ ਪ੍ਰਬੰਧ ਲਈ ੧੧ ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਦੇ ਪ੍ਰਧਾਨ ਸ. ਦਾਨ ਸਿੰਘ ਵਛੋਆ ਤੇ ਸਕੱਤਰ ਸ. ਇੰਦਰ ਸਿੰਘ ਥਾਪੇ ਗਏ। ਹੋਏ ਫ਼ੈਸਲੇ ਅਨੁਸਾਰ ਮਹੰਤ ਨੇ ੪ ਫ਼ਰਵਰੀ ੧੯੨੧ ਨੂੰ ਅਕਾਲ ਤਖ਼ਤ ਹਾਜ਼ਰ ਹੋ ਕੇ ਅੰਮ੍ਰਿਤ ਛਕ ਲਿਆ ਤੇ ਇਕ ਇਸਤ੍ਰੀ ਨਾਲ ਆਨੰਦ ਪੜ੍ਹਾ ਲਿਆ।

ਨਨਕਾਣੇ ਸਾਹਿਬ ਦੇ ਸਾਕੇ ਪਿੱਛੋਂ ਸਰਕਾਰ ਦੀ ਨੀਤੀ ਸਿੱਖਾਂ ਵਿਰੁੱਧ ਵੇਖ ਕੇ ਮਹੰਤ ਨੇ ਆਪਣਾ ਵਤੀਰਾ ਫਿਰ ਬਦਲ ਲਿਆ। ਮਹੰਤ ਦਾ ਵਤੀਰਾ ਬਦਲਿਆ ਵੇਖ ਕੇ ੨੩ ਅਗਸਤ ੧੯੨੧ ਨੂੰ ਸ਼ਿਰੋਮਣੀ ਕਮੇਟੀ ਨੇ ਸ. ਦਾਨ ਸਿੰਘ ਦੀ ਜਥੇਦਾਰੀ ਹੇਠ ਇਕ ਜਥਾ ਗੁਰੂ ਕੇ ਬਾਗ਼ ਦਾ ਪ੍ਰਬੰਧ ਸੰਭਾਲਣ ਲਈ ਭੇਜਿਆ। ਹੋ ਚੁਕੇ ਸੰਧੀ-ਪੱਤਰ ਅਨੁਸਾਰ ਇਹ ਕਾਰਵਾਈ ਹਰ ਤਰ੍ਹਾਂ ਯੋਗ ਸੀ; ਪਰੰਤੂ ਮਹੰਤ ਨੇ ਸੁਪਰਡੰਟ ਪੁਲੀਸ, ਮਿਸਟਰ

Digitized by Panjab Digital Library | www.panjabdigilib.org

ਮੈਕਫਰਸਨ, ਪਾਸ ਸ਼ਿਕਾਇਤ ਕਰ ਦਿੱਤੀ। ਉਸ ਨੇ ਅਮਨ ਕਾਇਮ ਰੱਖਣ ਲਈ ਕੁਝ ਸਿਪਾਹੀ ਗੁਰੂ ਕਾ ਬਾਗ਼ ਭੇਜ ਦਿੱਤੇ। ਸਿੰਘਾਂ ਵਲੋਂ ਕੀਤਾ ਗਿਆ ਕਬਜ਼ਾ ਜਾਇਜ਼ ਸਾਬਤ ਹੋਣ ਉੱਤੇ ਮੈਕਫ਼ਰਸਨ ਨੇ ੫ ਸਤੰਬਰ ੧੯੨੧ ਨੂੰ ਇਕ ਚਿੱਠੀ ਸ਼ਿਰੋਮਣੀ ਕਮੇਟੀ ਨੂੰ ਇਸ ਮਤਲਬ ਦੀ ਲਿਖੀ ਕਿ "ਮੈਂ ਗੁਰੂ ਕੇ ਬਾਗ਼ ਵਿੱਚੋਂ ਪੁਲਿਸ ਹਟਾਉਣਾ ਚਾਹੁੰਦਾ ਹਾਂ; ਜੇ ਕਮੇਟੀ ਨੂੰ ਪੁਲਿਸ ਦੀ ਲੋੜ ਹੋਵੇ ਤਾਂ ਇਤਲਾਹ ਦੇਵੇ। ਉਸ ਸੂਰਤ ਵਿਚ ਪੁਲਿਸ ਦਾ ਖ਼ਰਚ ਸ਼ਿਰੋਮਣੀ ਕਮੇਟੀ ਨੂੰ ਦੇਣਾ ਪਵੇਗਾ।" ਇਸ ਦੇ ਉੱਤਰ ਵਿਚ ਸ਼ਿਰੋਮਣੀ ਕਮੇਟੀ ਨੇ ੯ ਸਤੰਬਰ ੧੯੨੧ ਨੂੰ ਮੈਕਫ਼ਰਸਨ ਨੂੰ ਲਿਖ ਭੇਜਿਆ ਕਿ ਸਾਨੂੰ ਗੁਰੂ ਕਾ ਬਾਗ਼ ਲਈ ਪੁਲਿਸ ਦੀ ਕੋਈ ਲੋੜ ਨਹੀਂ ; ਤੁਸੀਂ ਕ੍ਰਿਪਾ ਕਰਕੇ ਪੁਲਿਸ ਹਟਾ ਲਵੋ।

ਮਹੰਤ ਨੇ ਗੁਜ਼ਾਰੇ ਲਈ ਸ਼ਿਰੋਮਣੀ ਕਮੇਟੀ ਨਾਲ ਚਿੱਠੀ-ਪੱਤਰ ਕੀਤਾ। ਉਸ ਦੇ ਕੇਸ ਦਾ ਨਿਪਟਾਰਾ ਕਰਨ ਲਈ ਸ. ਤੇਜਾ ਸਿੰਘ ਸਮੁੰਦ੍ਰੀ, ਸ. ਗੁਰਚਰਨ ਸਿੰਘ ਤੇ ਸ. ਬਾਲ ਸਿੰਘ ਸਾਲਿਸ ਮੁਕਰਰ ਹੋਏ। ਮਹੰਤ ਨੇ ਇਨ੍ਹਾਂ ਸਾਲਿਸਾਂ ਦਾ ਫ਼ੈਸਲਾ ਫਰਵਰੀ ੧੯੨੨ ਵਿਚ ਮੰਨ ਲਿਆ। ਇਸ ਅਨੁਸਾਰ ਮਹੰਤ ਨੂੰ ੧੨੦ ਰੁਪਏ ਮਾਹਵਾਰ ਪੈਨਸ਼ਨ ਤੇ ਰਹਿਣ ਨੂੰ ਅੰਮ੍ਰਿਤਸਰ ਵਿਚ ਇਕ ਮਕਾਨ ਦਿੱਤਾ ਗਿਆ।

ਪਰੰਤੂ ਚਾਬੀਆਂ ਵਾਲੇ ਮੋਰਚੇ ਪਿੱਛੋਂ ਸਰਕਾਰ ਦੀ ਸਿੱਖਾਂ ਵਿਰੁੱਧ ਨੀਤੀ ਬਦਲੀ ਵੇਖ ਕੇ ਮਹੰਤ ਆਪਣੇ ਮੰਨੇ ਹੋਏ ਫ਼ੈਸਲੇ ਤੇ ਕਾਇਮ ਨ ਰਿਹਾ। ਗੁਰਦਵਾਰਾ ਗੁਰੂ ਕੇ ਬਾਗ਼ ਦਾ ਪ੍ਰਬੰਧ ਕਮੇਟੀ ਦੇ ਹੱਥਾਂ ਵਿਚ ਆਉਣ ਨਾਲ ਲੰਗਰ ਬਾਕਾਇਦਾ ਚਲਦਾ ਸੀ। ਲੰਗਰ ਲਈ ਰਸਦ ਇਲਾਕੇ ਦੀਆਂ ਸੰਗਤਾਂ ਭੇਜਦੀਆਂ ਸਨ, ਪਰੰਤੂ ਲੰਗਰ ਲਈ ਲੱਕੜੀ ਗੁਰਦਵਾਰੇ ਦੇ ਨਾਂ ਲੱਗੀ ਜ਼ਮੀਨ ਤੋਂ ਆਉਂਦੀ ਸੀ ਜੋ ਹਾਲੀ ਮਹੰਤ ਦੇ ਕਬਜ਼ੇ ਵਿਚ ਸੀ।

੮ ਅਗਸਤ ੧੯੨੨ ਨੂੰ ਗੁਰਦਵਾਰੇ ਦੇ ਪੰਜ ਸੇਵਾਦਾਰ ਗੁਰੂ ਕੇ ਲੰਗਰ ਲਈ ਗੁਰਦਵਾਰੇ ਦੀ ਜ਼ਮੀਨ ਵਿੱਚੋਂ ਇਕ ਸੁੱਕਾ ਕਿੱਕਰ ਵੱਢ ਲਿਆਏ। ੯ ਅਗਸਤ ਨੂੰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗ੍ਰਿਫ਼ਤਾਰੀ ਮਹੰਤ ਦੀ ਸ਼ਿਕਾਇਤ ਉੱਤੇ ਨਹੀਂ ਹੋਈ ਸੀ; ਸਰਕਾਰ ਆਪਣੇ ਆਪ ਹਰਕਤ ਵਿਚ ਆ ਗਈ ਸੀ। ਡਿਪਟੀ ਕਮਿਸ਼ਨਰ ਦੀ ਇਸ ਕਾਰਵਾਈ ਨੂੰ ਜਾਇਜ਼ ਸਿੱਧ ਕਰਨ ਲਈ ਮਿਸਟਰ ਬੀ.ਟੀ. ਐਡੀਸ਼ਨਲ ਸੁਪਰਡੰਟ ਪੁਲੀਸ ਤੇ ਇਕ ਹੋਰ ਪੁਲਿਸ ਅਫ਼ਸਰ ਨੇ ਗੁਰੂ ਕਾ ਬਾਗ਼ ਪਹੁੰਚ ਕੇ ਮਹੰਤ ਪਾਸੋਂ ਲੋੜੀਂਦੀ ਦਰਖ਼ਾਸਤ ਪਿੱਛੋਂ ਲੈ ਲਈ ਸੀ। ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਛੇ ਛੇ ਮਹੀਨੇ ਕੈਦ ਤੇ ਪੰਜਾਹ ਪੰਜਾਹ ਰੁਪਏ ਜੁਰਮਾਨਾ ਕੀਤਾ ਗਿਆ।

ਸਰਕਾਰ ਦੇ ਇਸ ਤਰ੍ਹਾਂ ਸੁੱਤੀ ਕਲ੍ਹਾ ਜਗਾਉਣ ਦਾ ਕਾਰਣ, ਜੋ ਕੁਝ ਉਸ ਸਮੇਂ ਦੇ ਚਿੰਤਕਾਂ ਨੂੰ ਮਿਲ ਸਕਿਆ, ਸਿੱਖਾਂ ਦਾ ਬੀਤੇ ਸਾਲ ਵਿਚ ਸਰਕਾਰ ਨਾਲ ਨਾ-ਮਿਲਵਰਤਨ ਦੀ ਲਹਿਰ ਵਿਚ ਸਭ ਨਾਲੋਂ ਅੱਗੇ ਹੋਣਾ ਸੀ। ਮੌਜੂਦਾ ਸਖ਼ਤੀ ਇਨ੍ਹਾਂ ਨੂੰ ਮਹਾਤਮਾ ਗਾਂਧੀ ਦਾ ਕੌਮੀ ਲਹਿਰ ਵਿਚ ਸਾਥ ਦੇਣ ਦਾ ਮਜ਼ਾ ਚਖਾਉਣ ਲਈ ਹੀ ਸੀ।[1] ਗੁਰੂ ਕੇ ਬਾਗ਼

[1] Ruchi Ram Sahni, *Struggle for Freedom in Sikh Shrines*, p. 119.

Digitized by Panjab Digital Library | www.panjabdigilib.org

ਵਿਚ ਗ੍ਰਿਫ਼ਤਾਰੀਆਂ ਹੋਣ ਦਾ ਪਤਾ ਜਦੋਂ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ ਤਾਂ ਉਨ੍ਹਾਂ ਪੰਜ ਪੰਜ ਸਿੰਘਾਂ ਦੇ ਜਥੇ ਲੱਕੜਾਂ ਕੱਟਣ ਲਈ ਹਰ ਰੋਜ਼ ਭੇਜਣੇ ਸ਼ੁਰੂ ਕਰ ਦਿੱਤੇ ।

੨੦-੨੨ ਅਗਸਤ ਨੂੰ ਮੰਜੀ ਸਾਹਿਬ, ਗੁਰੂ ਕਾ ਬਾਗ਼, ਅੰਮ੍ਰਿਤਸਰ, ਵਿਚ ਦੀਵਾਨ ਹੋਏ । ਉਨ੍ਹਾਂ ਵਿਚ ਸਰਕਾਰ ਦੀ ਕਾਰਵਾਈ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ ਤੇ ਲੋਕਾਂ ਨੂੰ ਗ੍ਰਿਫ਼ਤਾਰ ਹੋਣ ਲਈ ਪ੍ਰੇਰਣਾ ਦਿੱਤੀ ਗਈ । ੨੨ ਅਗਸਤ ਤਕ ਗ੍ਰਿਫ਼ਤਾਰੀਆਂ ਦੀ ਗਿਣਤੀ ੯੦ ਅਤੇ ੨੩ ਨੂੰ ੧੧੫ ਤਕ ਪਹੁੰਚ ਗਈ ।

੨੩ ਅਗਸਤ ਨੂੰ ਪੁਲਿਸ ਨੇ ਗੁਰਦਵਾਰਾ ਸਾਹਿਬ ਅੰਦਰ ਜਾ ਕੇ ਭਾਈ ਨਿਰੰਜਨ ਸਿੰਘ ਤੇ ਤਿੰਨ ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ । ਉਨ੍ਹਾਂ ਨੂੰ ਇਕ ਇਕ ਸਾਲ ਕੈਦ ਤੇ ਤਿੰਨ ਤਿੰਨ ਸੌ ਰੁਪਇਆ ਜੁਰਮਾਨੇ ਦੀ ਸਜ਼ਾ ਹੋਈ । ਉਸੇ ਦਿਨ ਸ਼ਾਮ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਛਤਰ ਛਾਇਆ ਹੇਠ, ਸ. ਤੇਜਾ ਸਿੰਘ ਸਮੁੰਦ੍ਰੀ ਦੀ ਪ੍ਰਧਾਨਗੀ ਵਿਚ ਇਕ ਭਾਰੀ ਇਕੱਠ ਅਕਾਲੀਆਂ ਦੇ ਬਾਗ਼ ਵਿਚ ਹੋਇਆ । ਉਸ ਵਿਚ ਸ. ਮਹਿਤਾਬ ਸਿੰਘ ਨੇ ਗੁਰੂ ਕੇ ਬਾਗ਼ ਦੇ ਹਾਲਾਤ ਬਿਆਨ ਕੀਤੇ ਤੇ ਸ਼੍ਰੋਮਣੀ ਕਮੇਟੀ ਦੀ ਪੁਜ਼ੀਸ਼ਨ ਦੱਸੀ । ਸ. ਮਹਿਤਾਬ ਸਿੰਘ ਤੋਂ ਬਿਨਾ ਇਸ ਦੀਵਾਨ ਵਿਚ ਸ. ਤੇਜਾ ਸਿੰਘ ਚੂਹੜਕਾਣਾ, ਸ. ਨਰੈਣ ਸਿੰਘ ਬੈਰਿਸਟਰ ਅਤੇ ਸ. ਰਵੇਲ ਸਿੰਘ ਨੇ ਧੜੱਲੇਦਾਰ ਤਕਰੀਰਾਂ ਕੀਤੀਆਂ ਤੇ ਸਰਕਾਰ ਦੀ ਕਾਰਵਾਈ ਨੂੰ ਨਿੰਦਿਆ ।[2]

੨੫ ਅਗਸਤ ਨੂੰ ਬਾਬਾ ਕਿਹਰ ਸਿੰਘ ਪੱਟੀ ਗੁਰੂ ਕਾ ਬਾਗ਼ ਗਏ ਤੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ । ਉਸ ਦਿਨ ਮੱਸਿਆ ਦਾ ਦਿਨ ਸੀ ਤੇ ਇਲਾਕੇ ਦੀ ਸੰਗਤ ਹੁਮ-ਹੁਮਾ ਕੇ ਆਈ ਹੋਈ ਸੀ । ਸਰਕਾਰ ਨੇ ਵਧੇਰੇ ਚੌਕਸੀ ਵਰਤ ਕੇ ਗੁਰਦਵਾਰੇ ਨੂੰ ਕਿਲ੍ਹੇ ਦਾ ਰੂਪ ਦੇ ਲਿਆ ਸੀ । ਗੁਰਦਵਾਰਾ ਸਾਹਿਬ ਦੇ ਆਲੇ ਦੁਆਲੇ ਕੰਡੇਦਾਰ ਤਾਰਾਂ ਲਾ ਦਿੱਤੀਆਂ ਗਈਆਂ ਸਨ । ਗੁਰਦਵਾਰਾ ਸਾਹਿਬ ਅੰਦਰ ਪੁਲਿਸ ਅਤੇ ਫ਼ੌਜ ਬਿਠਾ ਦਿੱਤੀ ਗਈ ਸੀ ਅਤੇ ਇਹ ਹੁਕਮ ਦੇ ਦਿੱਤਾ ਗਿਆ ਸੀ ਕਿ ਕੋਈ ਅਕਾਲੀ ਗੁਰਦਵਾਰੇ ਤੋਂ ਬਾਹਰ ਨਿਕਲ ਕੇ ਰਸਦ ਪਾਣੀ ਜਾਂ ਲੱਕੜਾਂ ਨ ਲਵੇ । ਬਾਹਰੋਂ ਸੰਗਤਾਂ ਨੇ ਰਸਦ ਦੇ ਗੱਡੇ ਲਿਆਂਦੇ, ਪਰ ਉਹ ਬਾਹਰ ਹੀ ਰੋਕ ਲਏ ਗਏ; ਸਗੋਂ ਰਸਦ ਲਿਆਉਣ ਵਾਲਿਆਂ ਨੂੰ ਕੈਦ ਕਰ ਲਿਆ ਗਿਆ ।

੨੬ ਅਗਸਤ ਵਾਲੇ ਦਿਨ ਅੰਦਰਲੇ ਸਿੰਘਾਂ ਦਾ ਇਕ ਜਥਾ ਲੱਕੜੀਆਂ ਕੱਟਣ ਗਿਆ । ਇਸ ਵਿਚ ੩੬ ਸਿੰਘ ਸਨ ਤੇ ਉਨ੍ਹਾਂ ਨੂੰ ਪੁਲਿਸ ਦੇ ਘੇਰੇ ਕਾਰਣ ਪਿਛਲੇ ੨੪ ਘੰਟਿਆਂ ਤੋਂ ਖਾਣ ਪੀਣ ਨੂੰ ਕੁਝ ਨਹੀਂ ਸੀ ਮਿਲਿਆ । ਫਿਰ ਵੀ ਉਹ ਆਪਣਾ ਪ੍ਰਣ ਪਾਲਦੇ ਹੋਏ ਲੱਕੜੀਆਂ ਕੱਟਣ ਗਏ । ਪੁਲਿਸ ਨੇ ਇਨ੍ਹਾਂ ਨੂੰ ਬੜੀ ਬੇਦਰੇਗੀ ਨਾਲ ਕੁਟਿਆ । ਸਰਕਾਰ ਹੁਣ ਗ੍ਰਿਫ਼ਤਾਰੀਆਂ ਕਰਨ ਦੀ ਥਾਂ ਮਾਰ ਕੁਟਾਈ ਉੱਤੇ ਉਤਰ

---

[2] ਪ੍ਰਤਾਪ ਸਿੰਘ (ਗਿਆਨੀ), 'ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ', ਪੰਨਾ ੧੯੦-੯੧; 'ਖ਼ਾਲਸਾ' ਅੰਮ੍ਰਿਤਸਰ (੨੬ ਅਗਸਤ ੧੯੨੨), ਪੰਨਾ ੧.

Digitized by Panjab Digital Library | www.panjabdigilib.org

ਆਈ ਸੀ।

੨੬ ਅਗਸਤ ੧੯੨੨ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਗੁਰੂ ਕਾ ਬਾਗ਼ ਗਏ ਤੇ ਉਥੇ ਉਨ੍ਹਾਂ ਮਿਸਟਰ ਬੀ.ਟੀ. ਐਡੀਸ਼ਨਲ ਪੁਲਿਸ ਕਪਤਾਨ ਅੰਮ੍ਰਿਤਸਰ ਨੂੰ ਜਨਰਲ ਸਕੱਤਰ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦੀ ਇਕ ਚਿੱਠੀ ਦਿੱਤੀ। ਇਸ ਵਿਚ ਲਿਖਿਆ ਹੋਇਆ ਸੀ ਕਿ "ਪੰਜਵੇਂ ਪਾਤਸ਼ਾਹ ਦੇ ਗੁਰਦਵਾਰੇ ਦੇ ਨਾਲ ਲਗਦੇ ਬਾਗ਼ ਵਿਚ ਸੰਗਤਾਂ ਚਿਰਕਾਲ ਤੋਂ ਦੀਵਾਨ ਸਜਾਂਦੀਆਂ ਆ ਰਹੀਆਂ ਹਨ। ਆਪ ਨੇ ਦੀਵਾਨ ਬੰਦ ਕਰਕੇ ਧਾਰਮਿਕ ਹੱਤਕ ਕੀਤੀ ਹੈ। ਦੀਵਾਨ ਲਾਣਾ ਸਾਡਾ ਧਾਰਮਿਕ ਹੱਕ ਹੈ। ਜੇ ਅਜੇਹਾ ਕਰੋਗੇ ਤਾਂ ਉਨ੍ਹਾਂ ਸਾਰਿਆਂ ਨਤੀਜਿਆਂ ਦੇ ਜ਼ੁਮੇਵਾਰ ਤੁਸੀਂ ਹੋਵੋਗੇ ਜੋ ਧਾਰਮਿਕ ਮਰਯਾਦਾ ਵਿਚ ਇੰਜ ਦਖ਼ਲ ਦੇਣ ਤੋਂ ਪੈਦਾ ਹੁੰਦੇ ਹਨ।"[3]

ਉਸੇ ਦਿਨ ਗੁਰੂ ਕਾ ਬਾਗ਼ ਸੰਬੰਧੀ ਵਿਚਾਰ ਕਰਨ ਲਈ ਸ਼ਿਰੋਮਣੀ ਕਮੇਟੀ ਦੀ ਇਕਤ੍ਰਤਾ ਹੋਈ। ਉਸ ਵਿਚ ੭੫ ਮੈਂਬਰ ਸ਼ਾਮਿਲ ਹੋਏ। ਕਮੇਟੀ ਨੇ ਸਤਿਆਗ੍ਰਹਿ ਕਰਨ ਦਾ ਫ਼ੈਸਲਾ ਕਰ ਦਿੱਤਾ। ਡਿਪਟੀ ਕਮਿਸ਼ਨਰ ਨੇ ਚਪੜਾਸੀ ਹੱਥ ਚਿੱਠੀ ਭੇਜੀ ਕਿ ਸ਼ਿਰੋਮਣੀ ਕਮੇਟੀ ਦੇ ਮੁਖੀਆਂ ਵਿੱਚੋਂ ਸ. ਮਹਿਤਾਬ ਸਿੰਘ, ਭਗਤ ਜਸਵੰਤ ਸਿੰਘ, ਸ. ਨਰੈਣ ਸਿੰਘ ਬੈਰਿਸਟਰ, ਪ੍ਰੋ. ਸਾਹਿਬ ਸਿੰਘ, ਸ. ਸਰਮੁਖ ਸਿੰਘ ਝਬਾਲ, ਮਾ. ਤਾਰਾ ਸਿੰਘ, ਸ. ਰਵੇਲ ਸਿੰਘ ਅਤੇ ਬਾਬਾ ਕਿਹਰ ਸਿੰਘ ਪੱਟੀ ਨੂੰ ਗ੍ਰਿਫ਼ਤਾਰ ਕਰਨਾ ਹੈ। ਇਸ ਉੱਤੇ ਇਨ੍ਹਾਂ ਮੁਖੀਆਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਹਜ਼ਾਰਾਂ ਸੰਗਤਾਂ ਨੇ ਉਨ੍ਹਾਂ ਨੂੰ ਜੈਕਾਰਿਆਂ ਦੀ ਗੂੰਜ ਵਿਚ ਵਿਦਾਇਗੀ ਦਿੱਤੀ।

ਇੰਜ ਡਿਪਟੀ ਕਮਿਸ਼ਨਰ ਮਿਸਟਰ ਡੰਨਟ ਦੀ ਗ਼ਲਤੀ ਨਾਲ ਇਹ ਮੋਰਚਾ ਭਖ ਪਿਆ। ਛੇਤੀ ਹੀ ਸਰਕਾਰ ਨੇ ਸਾਰੇ ਸਿਰਕੱਢ ਅਕਾਲੀ ਆਗੂ ਫੜ ਲਏ ਤੇ ਉਨ੍ਹਾਂ ਨੂੰ ਵਖ ਵਖ ਜੇਲ੍ਹਾਂ ਵਿਚ ਨਜ਼ਰਬੰਦ ਕਰ ਦਿੱਤਾ। ਕੇਵਲ ਸ. ਤੇਜਾ ਸਿੰਘ ਸਮੁੰਦ੍ਰੀ ਅਤੇ ਮੁੱਠੀ ਕੁ ਭਰ ਹੋਰ ਲੀਡਰ ਬਾਹਰ ਰਹਿ ਗਏ।

ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਸਰਕਾਰ ਦੇ ਗ੍ਰਿਫ਼ਤਾਰ ਨ ਕਰਨ ਦਾ ਕਾਰਣ ਇਹ ਦੱਸਿਆ ਜਾਂਦਾ ਹੈ ਕਿ ਉਸ ਵੇਲੇ ਦੇ ਅੰਮ੍ਰਿਤਸਰ ਦੇ ਵੱਡੇ ਤਹਿਸੀਲਦਾਰ ਸ. ਬੇਅੰਤ ਸਿੰਘ ਨੇ ਡੀ. ਸੀ. ਨੂੰ ਸਲਾਹ ਦਿੱਤੀ ਕਿ ਅਕਾਲੀਆਂ ਨਾਲ ਅੰਤ ਸਮਝੌਤਾ ਹੋਣਾ ਹੀ ਹੈ; ਇਸ ਲਈ ਕੋਈ ਨ ਕੋਈ ਸਰਕਰਦਾ ਆਦਮੀ ਬਾਹਰ ਰਹਿਣਾ ਚਾਹੀਦਾ ਹੈ, ਤੇ ਉਹ ਸ. ਤੇਜਾ ਸਿੰਘ ਸਮੁੰਦ੍ਰੀ ਹੀ ਹੋ ਸਕਦਾ ਹੈ। ਡੀ. ਸੀ. ਵੀ ਸ. ਤੇਜਾ ਸਿੰਘ ਦੇ ਠੰਢੇ ਸੁਭਾਉ ਤੋਂ ਜਾਣੂ ਸੀ। ਇਸ ਲਈ ਉਸ ਨੇ ਇਨ੍ਹਾਂ ਉੱਤੇ ਹੱਥ ਨ ਪਾਇਆ।

ਇਹ ਚੀਜ਼ ਅਕਾਲੀਆਂ ਨੂੰ ਵੀ ਰਾਸ ਆਈ, ਕਿਉਂਜੋ ਇਹ ਸ. ਤੇਜਾ ਸਿੰਘ ਸਮੁੰਦ੍ਰੀ ਹੀ ਸੀ ਜਿਸ ਨੇ ਪੰਥ ਦੀ ਅਥਾਹ ਸ਼ਕਤੀ ਨੂੰ ਸੰਗਠਿਤ ਕਰਕੇ ਉਸ ਬਿਖੜੇ ਸਮੇਂ ਪੰਥ ਦੀ ਜਿੱਤ ਕਰਾਈ। ਇਹ ਉਹ ਹੀ ਸੀ ਜਿਸ ਦੀ ਚੁੰਬਕੀ ਸ਼ਕਤੀ ਨੇ ਹਰ ਕਿਸੇ ਨੂੰ ਆਪਣੇ

---

[3] 'ਖ਼ਾਲਸਾ' (੩੦ ਅਗਸਤ ੧੯੨੨), ਪੰਨਾ ੧.

Digitized by Panjab Digital Library | www.panjabdigilib.org

ਵਲ ਖਿੱਚੀ ਰੱਖਿਆ ਤੇ ਸਭ ਪੂਰੀ ਪੂਰੀ ਤਨਦਹੀ ਨਾਲ ਆਪਣਾ ਆਪਣਾ ਕੰਮ ਕਰਦੇ ਰਹੇ । ਜੇ ਕੋਈ ਹੋਰ ਬੰਦਾ ਹੁੰਦਾ ਤਾਂ ਸ਼ਾਇਦ ਥਿੜਕ ਜਾਂਦਾ । ਇੰਜ ਇਹ ਮੋਰਚਾ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਥੋੜੇ ਜੇਹੇ ਆਪਾਵਾਰੂ ਸਾਥੀਆਂ ਦੀ ਸਹਾਇਤਾ ਨਾਲ ਆਪ ਹੀ ਚਲਾਉਣਾ ਪਿਆ । ਫਤਹਿ ਨੇ ਹਰ ਥਾਂ ਉਨ੍ਹਾਂ ਦੇ ਪੈਰ ਚੁੰਮੇ ਅਤੇ ਇਸ ਦੇ ਫਲਸਰੂਪ ਆਪ ਪੰਥ ਦੇ ਸ਼ਿਰੋਮਣੀ ਨੇਤਾ ਹੋ ਨਿਬੜੇ । ਇਸ ਮੋਰਚੇ ਨੇ ਸਾਬਤ ਕਰ ਦਿੱਤਾ ਕਿ ਆਪ ਅਥਾਹ ਸ਼ਕਤੀ ਰਖਣ ਵਾਲੇ ਹਰ-ਮਨ-ਪਿਆਰੇ ਲੀਡਰ ਹਨ ਤੇ ਆਪ ਸਫ਼ਲ ਲੀਡਰਾਂ ਵਾਂਗ ਸਾਰੇ ਕਾਰਜ ਵਿਉਂਤਣੇ ਜਾਣਦੇ ਹਨ ਤੇ ਉਨ੍ਹਾਂ ਨੂੰ ਨਿਭਾ ਕੇ ਵੀ ਦਿਖਾ ਸਕਦੇ ਹਨ । ਬਾਹਰੋਂ ਆਏ ਸਿੰਘਾਂ ਲਈ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ, ਜ਼ਖ਼ਮੀਆਂ ਦੀ ਦੇਖ ਰੇਖ ਤੇ ਨਿਗਰਾਨੀ, ਸਰਕਾਰ ਦੀਆਂ ਚਾਲਾਂ ਦਾ ਪਤਾ ਲਾਉਣਾ ਤੇ ਉਨ੍ਹਾਂ ਦੇ ਰੋਕਣ ਦਾ ਪ੍ਰਬੰਧ ਕਰਨਾ, ਇਹ ਸਾਰੇ ਕੰਮ ਆਪ ਦੇ ਜ਼ਿੰਮੇ ਹੀ ਸਨ । ਨਵੀਂ ਤਰ੍ਹਾਂ ਦਾ ਇਹ ਸ਼ਾਂਤਮਈ ਮੋਰਚਾ ਪੰਥ ਨੇ ਪਹਿਲੀ ਵੇਰ ਲਾਇਆ ਸੀ । ਇਸ ਤੋਂ ਪਹਿਲਾਂ ਖ਼ਾਲਸਾ ਪੰਥ ਤੇਗ ਦੇ ਮੋਰਚੇ ਹੀ ਲਾਉਂਦਾ ਰਿਹਾ ਸੀ । ਬੜਾ ਕਰੜਾ ਇਮਤਿਹਾਨ ਸੀ ਇਹ । ਇਸ ਵਿਚ ਅੱਖਾਂ ਦੇ ਸਾਮ੍ਹਣੇ ਪਵਿੱਤਰ ਕੇਸਾਂ ਦੀ ਬੇਅਦਬੀ ਹੁੰਦੀ, ਸਿੰਘਾਂ ਨੂੰ ਭੋਹ ਵਾਂਗ ਕੁਟੀਂਦੇ, ਤੇ ਫੱਟੜ ਹੁੰਦੇ ਤੇ ਬੇਸੁਰਤ ਹੁੰਦੇ ਵੇਖਣਾ ਪਿਆ । ਇਹ ਸਭ ਕੁਝ ਬਰਦਾਸ਼ਤ ਕਰਨਾ ਕਿਸੇ ਵੱਡੇ ਜੇਰੇ ਵਾਲੇ ਦਾ ਕੰਮ ਸੀ ਤੇ ਕੁਦਰਤ ਨੇ ਸਿੱਖਾਂ ਦੇ ਇਸ ਸੰਕਟ ਸਮੇਂ ਦੇ ਲੀਡਰ, ਸ. ਤੇਜਾ ਸਿੰਘ ਸਮੁੰਦ੍ਰੀ, ਨੂੰ ਬਣਾਇਆ ਹੀ ਇਸ ਕੰਮ ਲਈ ਸੀ । ਉਹ ਆਪ ਬੜਾ ਠੰਢੇ ਸੁਭਾ ਦਾ ਤੇ ਸਹਿਨਸ਼ੀਲ ਸੀ । ਉਸ ਦੇ ਪ੍ਰਭਾਵ ਹੇਠ ਬਾਕੀ ਵਰਕਰ ਵੀ ਬੜੇ ਸ਼ਾਂਤ ਚਿਤ ਤੇ ਠੰਢੇ ਹਿਰਦੇ ਵਾਲੇ ਰਹੇ । ਜੇਹੋ ਜੇਹੀ ਸਥਿਤੀ ਸੀ, ਉਹੋ ਜੇਹਾ ਹੀ ਲੀਡਰ ਗੁਰੂ ਨੇ ਕੌਮ ਨੂੰ ਜੁਟਾ ਦਿੱਤਾ ਸੀ ।

ਸਰਕਾਰ ਦਾ ਖ਼ਿਆਲ ਸੀ ਕਿ ਅਕਾਲੀ ਲਹਿਰ ਨੂੰ ਖ਼ਤਮ ਕੀਤਾ ਜਾ ਸਕੇਗਾ; ਪਰ ਇਸ ਵਿਚ ਉਸ ਨੂੰ ਬਹੁਤ ਭੁਲ ਹੋਈ । ਉਸ ਨੇ ਸਖ਼ਤੀ ਵਰਤਦਿਆਂ ਸ਼ਿਰੋਮਣੀ ਕਮੇਟੀ ਦੀ ਡਾਕ ਬੰਦ ਕਰ ਦਿੱਤੀ, ਬੈਂਕਾਂ ਵਿਚ ਜੋ ਪੈਸੇ ਸਨ ਉਹ ਜ਼ਬਤ ਕਰ ਲਏ, ਅਕਾਲੀਆਂ ਨੂੰ ਰੇਲ ਗੱਡੀਆਂ ਉੱਤੇ ਚੜ੍ਹਨ ਤੋਂ ਰੋਕ ਦਿੱਤਾ । ਜਿੱਥੇ ਜਿੱਥੇ ਅਕਾਲੀ ਜਥੇ ਸਨ ਉਨ੍ਹਾਂ ਦੇ ਦਫ਼ਤਰ ਬੰਦ ਕਰ ਦਿੱਤੇ । ਜੋ ਵੀ ਜ਼ੁਲਮ ਤੇ ਧੱਕਾ ਅਕਾਲੀਆਂ ਨਾਲ ਹੋ ਸਕਦਾ ਸੀ, ਅੰਗਰੇਜ਼ ਸਰਕਾਰ ਨੇ ਜੀ ਭਰ ਕੇ ਕੀਤਾ ।

੨੭-੨੮ ਅਗਸਤ ਤੋਂ ਅਕਾਲੀਆਂ ਉੱਪਰ ਘੋਰ ਸਖ਼ਤੀ ਹੋਣੀ ਸ਼ੁਰੂ ਹੋਈ । ਗੁਰੂ ਕਾ ਬਾਗ਼ ਵਾਲੇ ਜਥਿਆਂ ਨੂੰ ਇੰਨੀ ਬੇ-ਰਹਿਮੀ ਨਾਲ ਮਾਰਿਆ ਤੇ ਕੁਟਿਆ ਜਾਣ ਲੱਗਾ ਕਿ ਦੇਖਣ ਵਾਲੀ ਅੱਖ ਤ੍ਰਾਹ ਤ੍ਰਾਹ ਕਰ ਉਠਦੀ ਤੇ ਸੁਣਨ ਵਾਲੇ ਕੰਨ ਤਸੀਹੇ ਸੁਣ ਸੁਣ ਬੇਸੁਧ ਹੋ ਜਾਂਦੇ । ਇਨ੍ਹਾਂ ਦਿਨਾਂ ਨੇ ਸਿੱਖਾਂ ਦੇ ਪੁਰਾਣੇ ਇਤਿਹਾਸ ਨੂੰ ਨ ਸਿਰਫ਼ ਇਕ ਵਾਰ ਫਿਰ ਦੁਹਰਾ ਦਿੱਤਾ, ਸਗੋਂ ਕਸ਼ਟ ਝੱਲਣ ਤੇ ਤਸੀਹੇ ਸਹਿਣ ਵਿਚ ਉਸ ਨੂੰ ਮਾਤ ਵੀ ਪਾ ਦਿੱਤਾ ।

ਜਥਿਆਂ ਦੇ ਗੁਰੂ ਕਾ ਬਾਗ਼ ਘਲੇ ਜਾਣ ਅਤੇ ਉਨ੍ਹਾਂ ਦੇ ਪੁਲਿਸ ਹਥੋਂ ਬੁਰੀ ਤਰ੍ਹਾਂ ਮਾਰ ਖਾਣ ਦਾ ਇਹ ਸਿਲਸਿਲਾ ੧੩ ਸਤੰਬਰ ਤਕ ਇਸੇ ਸ਼ਿੱਦਤ ਨਾਲ ਚਲਦਾ ਰਿਹਾ ।

Digitized by Panjab Digital Library | www.panjabdigilib.org




ਚਿਤ੍ਰ ੫.   ਗੁਰੂ ਕੇ ਬਾਗ ਦੇ ਮੋਰਚੇ ਸਮੇਂ ਬੀ. ਟੀ. ਹੱਥੋਂ ਮਾਰਕੁਟਾਈ ਦਾ ਇਕ ਵਾਸਤਵਿਕ ਦ੍ਰਿਸ਼ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਚਿਤ੍ਰ ੬.   ਗੁਰੂ ਕੇ ਬਾਗ਼ ਦੇ ਮੋਰਚੇ ਦੀ ਮਾਰ-ਕੁਟਾਈ ਦਾ ਇਕ ਹੋਰ ਦ੍ਰਿਸ਼।

d by Panjab Digital Library | www.panjabd

Digitized by Panjab Digital Library | www.panjabdigilib.org

ਹਰ ਰੋਜ਼ ਸਵੇਰੇ ਇਕ ਸੌ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਮ੍ਹਣੇ ਹਾਜ਼ਰ ਹੁੰਦੇ। ਉਥੇ ਉਹ ਦੋਵੇਂ ਕਰ ਜੋੜ ਕੇ ਸੱਚੇ ਦਿਲ ਨਾਲ ਪ੍ਰਣ ਕਰਦੇ ਕਿ "ਗੁਰੂ ਕੇ ਬਾਗ਼ ਦੀ ਰੱਖ ਵਿਚੋਂ ਗੁਰਦਵਾਰਾ ਗੁਰੂ ਕੇ ਬਾਗ਼ ਦੇ ਲੰਗਰ ਲਈ ਲੱਕੜਾਂ ਲੈਣ ਜਾਵਾਂਗੇ। ਜੇ ਪੁਲਿਸ ਨੇ ਰਾਹ ਵਿਚ ਕਿਸੇ ਥਾਂ ਰੋਕ ਪਾਈ ਤਾਂ ਜਦ ਤਕ ਹੋਸ਼ ਹੈ ਜਾਂ ਸਰੀਰ ਵਿਚ ਤਾਕਤ ਹੈ, ਪਿੱਛੇ ਨਹੀਂ ਮੁੜਾਂਗੇ ਤੇ ਨ ਹੀ ਪੁਲਿਸ ਦੇ ਮੁਕਾਬਲੇ ਤੇ ਹੱਥ ਚੁਕਾਂਗੇ।"

ਅਕਾਲ ਤਖ਼ਤ ਸਾਮ੍ਹਣੇ ਆਪਣੇ ਇਸ ਪ੍ਰਣ ਨੂੰ ਅਕਾਲੀ ਜਥੇ ਕਿੱਨੇ ਹਠ ਨਾਲ ਨਿਭਾਉਂਦੇ ਸਨ, ਇਸ ਦੇ ਇਕ ਦੋ ਉਦਾਹਰਣ ਇਥੇ ਦੇਣੇ ਕੁਥਾਂ ਨਹੀਂ ਹੋਣਗੇ। ਗੁਰੂ ਕਾ ਬਾਗ਼ ਜਾਣ ਵਾਲੇ ਜਥਿਆਂ ਨੂੰ ਪੁਲਿਸ ਆਮ ਤੌਰ ਤੇ ਲਾਹੌਰ ਨਹਿਰ ਦੇ ਛੀਨਾ ਪੁਲ ਉਪਰ ਰੋਕ ਲੈਂਦੀ ਸੀ ਤੇ ਉਥੋਂ ਹੀ ਉਨ੍ਹਾਂ ਦੀ ਮਾਰ ਕੁਟਾਈ ਦਾ ਸਿਲਸਿਲਾ ਆਰੰਭ ਹੋ ਜਾਂਦਾ ਸੀ। ੯ ਸਤੰਬਰ ਵਾਲੇ ਦਿਨ ਜਦੋਂ ਜਥਾ ਛੀਨੇ ਪੁਲ ਤੇ ਅਪੜਿਆ ਤਾਂ ਉਥੇ ਪੁਲਿਸ ਨਹੀਂ ਸੀ। ਜਥੇ ਨੇ ਖ਼ੁਸ਼ੀ ਖ਼ੁਸ਼ੀ ਪੁਲ ਪਾਰ ਕੀਤਾ ਅਤੇ ਸੱਜੇ ਪਾਸੇ ਗੁਰੂ ਕਾ ਬਾਗ਼ ਵਲ ਨੂੰ ਜਾਂਦੀ ਸੜਕ ਤੇ ਪੈਣ ਦੀ ਬਜਾਇ ਅਜਨਾਲਾ ਵਲ ਨੂੰ ਜਾਂਦੀ ਸੜਕ ਉੱਪਰ ਪੈ ਗਏ। ਹਾਲੀ ਥੋੜੀ ਦੂਰ ਹੀ ਗਏ ਸਨ ਕਿ ਰਿਸਾਲਦਾਰ ਅਨੂਪ ਸਿੰਘ ਨੇ ਜਥੇਦਾਰ ਨੂੰ ਉਸ ਦੀ ਭੁਲ ਤੋਂ ਜਾਣੂ ਕਰਾਇਆ। ਜਥੇਦਾਰ ਨੇ ਜਥੇ ਨੂੰ ਇਕਦਮ ਠਹਿਰਨ ਦਾ ਹੁਕਮ ਦਿੱਤਾ ਅਤੇ ਕਿਹਾ : "ਸਿੰਘੋ, ਅਸੀਂ ਗੁਰੂ ਕਾ ਬਾਗ਼ ਨੂੰ ਜਾਂਦੀ ਸੜਕ ਪਿੱਛੇ ਛਡ ਆਏ ਹਾਂ। ਸਾਨੂੰ ਰਸਤੇ ਦਾ ਠੀਕ ਪਤਾ ਨਹੀਂ ਸੀ, ਇਸ ਕਾਰਣ ਭੁਲ ਹੋ ਗਈ ਹੈ। ਚੂੰਕਿ ਅਸੀਂ ਅਕਾਲ ਤਖ਼ਤ ਸਾਮ੍ਹਣੇ ਇਹ ਪ੍ਰਣ ਲੈ ਕੇ ਆਏ ਹਾਂ ਕਿ ਕਾਮਯਾਬੀ ਹਾਸਲ ਕੀਤੇ ਬਿਨਾ ਪਿੱਛੇ ਨਹੀਂ ਮੁੜਾਂਗੇ, ਇਸ ਲਈ ਅਸੀਂ ਹੁਣ ਇਨ੍ਹਾਂ ਖੇਤਾਂ ਵਿੱਚੋਂ ਲੰਘ ਕੇ ਗੁਰੂ ਕਾ ਬਾਗ਼ ਜਾਵਾਂਗੇ। ਇਹ ਕਹਿ ਕੇ ਉਹ ਅੱਗੇ ਅੱਗੇ ਤੁਰ ਪਿਆ ਅਤੇ ਬਾਕੀ ਸਿੰਘ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੂੰਜਾਉਂਦੇ, ਉਸ ਦੇ ਮਗਰ ਹੋ ਪਏ। ਆਪਣੀ ਇਸ ਭੁਲ ਕਾਰਣ ਜਥੇ ਨੂੰ ਗੁਰੂ ਕਾ ਬਾਗ਼ ਪਹੁੰਚਣ ਵਿਚ ਬੜੀ ਕਠਿਨਾਈ ਆਈ। ਰਾਹ ਕੱਚਾ ਸੀ ਤੇ ਉਸ ਵਿਚ ਪਾਣੀ ਦੇ ਵੱਡੇ ਵੱਡੇ ਚਲ੍ਹੇ ਸਨ। ਜਥੇ ਨੇ (ਅਤੇ ਨਾਲ ਹੀ ਦਰਸ਼ਕਾਂ ਨੇ) ਇਹ ਚਲ੍ਹੇ ਗੋਡੇ ਗੋਡੇ ਪਾਣੀ ਅਤੇ ਚਿੱਕੜ ਵਿਚ ਲੰਘ ਕੇ ਪਾਰ ਕੀਤੇ। ਕਈ ਥਾਈਂ ਵਾਹਣਾਂ ਤੇ ਕੰਡੇਦਾਰ ਝਾੜੀਆਂ ਵਿੱਚੋਂ ਲੰਘਣਾ ਪਿਆ, ਪਰ ਕੀ ਮਜਾਲ, ਕਿਸੇ ਦੀ ਜ਼ਬਾਨ ਤੇ ਕੋਈ ਸ਼ਿਕਾਇਤ ਆਈ ਹੋਵੇ! ਇਹ ਰਸਤਾ ਸਭ ਨੇ ਹਸ ਖੇਡ ਕੇ ਤੈ ਕੀਤਾ। ਅਜੇਹੇ ਜ਼ਬਤ ਤੇ ਸਿਦਕ ਦੇ ਮਾਲਕ ਸਨ ਉਸ ਵੇਲੇ ਦੇ ਸਿੱਖ।

ਅਜੇਹੇ ਹੀ ਇਕ ਹੋਰ ਸਮੇਂ ਇਕ ਜਥਾ ਗੁਰੂ ਕੇ ਬਾਗ਼ ਵੱਲ ਮੂੰਹ ਕਰਕੇ ਪੁਲਿਸ ਦੀ ਮਾਰ ਖਾਣ ਲਈ ਬੈਠਾ ਸੀ। ਸਭ ਤੋਂ ਅਗਲੀ ਪਾਲ ਵਿਚ ਉਨ੍ਹਾਂ ਦਾ ਜਥੇਦਾਰ ਸੀ। ਇਕ ਫ਼ੋਟੋਗ੍ਰਾਫ਼ਰ ਨੇ ਇਸ ਜਥੇ ਦੀ ਫੋਟੋ ਲਾਂਭਲੇ ਪਾਸੇ ਤੋਂ ਖਿੱਚਣ ਦਾ ਜਤਨ ਕੀਤਾ ਕਿਉਂਜੋ ਸਾਮ੍ਹਣੇ ਜਾਣ ਤੇ ਪੁਲਿਸ ਨੇ ਕੈਮਰਾ ਉਸ ਦੇ ਹੱਥੋਂ ਖੋਹ ਲੈਣਾ ਸੀ। ਇਸ ਮੌਕੇ ਉੱਤੇ ਜਥੇ ਦੇ ਕੁਝ ਸਿੰਘਾਂ ਨੇ ਫੋਟੋ ਖਿਚਵਾਣ ਦੇ ਖ਼ਿਆਲ ਨਾਲ ਪਿੱਛੇ ਵਲ ਨੂੰ ਝਾਕਿਆ। ਜਥੇਦਾਰ ਨੇ ਉਨ੍ਹਾਂ ਨੂੰ ਫੌਰਨ ਅਕਾਲ ਤਖ਼ਤ ਸਾਮ੍ਹਣੇ ਲਏ ਪ੍ਰਣ ਦਾ ਚੇਤਾ ਕਰਾਇਆ ਤੇ ਮੂੰਹ

Digitized by Panjab Digital Library | www.panjabdigilib.org

ਸਾਮ੍ਹਣੇ ਪਾਸੇ ਵਲ ਕਰਨ ਦਾ ਹੁਕਮ ਦਿੱਤਾ। ਭੁੱਲੜ ਸਿੰਘਾਂ ਲਈ ਇੰਨੀ ਕੁ ਚੇਤਾਵਨੀ ਹੀ ਕਾਫ਼ੀ ਸੀ।

ਇੰਜ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਸੌ ਸਿੰਘਾਂ ਦਾ ਜਥਾ ਹਰ ਰੋਜ਼ ਗੁਰੂ ਕੇ ਬਾਗ਼ ਵਲ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਤੋਂ ਚਲਦਾ। ਪੁਲਿਸ ਰਾਹ ਵਿਚ ਹੀ ਜਥੇ ਨੂੰ ਘੇਰ ਲੈਂਦੀ; ਸਿੰਘ ਹੱਥ ਜੋੜ ਕੇ ਭੁੰਞੇ ਬੈਠ ਜਾਂਦੇ ਤੇ "ਵਾਹਿਗੁਰੂ" "ਵਾਹਿਗੁਰੂ" ਕਰਦੇ ਰਹਿੰਦੇ ਜਾਂ ਸ਼ਬਦ ਪੜ੍ਹਦੇ ਰਹਿੰਦੇ। ਫਿਰ ਸਿੰਘ ਪੰਜ ਪੰਜ ਦਾ ਜਥਾ ਬਣਾ ਕੇ ਗੁਰੂ ਕੇ ਬਾਗ਼ ਵਲ ਵਧਣਾ ਸ਼ੁਰੂ ਕਰਦੇ। ਇਨ੍ਹਾਂ ਨੂੰ ਪੁਲਿਸ ਰੋਕ ਕੇ ਸੱਮਾਂ ਵਾਲੀਆਂ ਡਾਂਗਾਂ ਨਾਲ ਬੜੀ ਬੇਦਰੇਗ਼ੀ ਨਾਲ ਕੁਟਣਾ ਸ਼ੁਰੂ ਕਰਦੀ ਅਤੇ ਜਦ ਤਕ ਹਰੇਕ ਸਿੰਘ ਨਿਢਾਲ ਜਾਂ ਬੇਹੋਸ਼ ਹੋ ਕੇ ਜ਼ਮੀਨ ਤੇ ਨ ਢਠ ਜਾਂਦਾ, ਪੁਲਿਸ ਉਸ ਨੂੰ ਕੁੱਟੀ ਚਲੀ ਜਾਂਦੀ। ਕੁੱਟਣ ਲੱਗਿਆਂ ਪੁਲਿਸ ਹੱਡ ਪੱਸਲੀ, ਨੱਕ ਮੂੰਹ ਨਰਮ ਸਖ਼ਤ ਥਾਂ ਕੁਝ ਨ ਵੇਖਦੀ। ਕਈਆਂ ਦੇ ਗੁਪਤ ਅੰਗਾਂ ਨੂੰ ਡਾਂਗਾਂ ਦੀਆਂ ਹੁੱਜਾਂ ਦੇ ਦੇ ਕੇ ਫੇਹ ਦਿੱਤਾ ਜਾਂਦਾ; ਕਈਆਂ ਦੇ ਹੱਡ ਗੋਡੇ ਤੋੜ ਦਿੱਤੇ ਜਾਂਦੇ; ਕਈਆਂ ਦੇ ਗਿੱਟੇ ਤੇ ਕਈਆਂ ਦੇ ਗੁੱਟ ਲਾਠੀਆਂ ਮਾਰ ਮਾਰ ਭੰਨ ਦਿੱਤੇ ਜਾਂਦੇ। ਵੇਖਣ ਵਾਲੇ ਤ੍ਰਾਹ ਤ੍ਰਾਹ ਕਰ ਉੱਠਦੇ, ਪਰ ਪੁਲਿਸ ਨੂੰ ਸ਼ਰਮ ਤਕ ਨ ਆਉਂਦੀ; ਜ਼ਖ਼ਮੀਆਂ ਨੂੰ ਪਾਣੀ ਤਕ ਨ ਦਿੱਤਾ ਜਾਂਦਾ; ਸਗੋਂ ਧੂਹ ਕੇ ਸੜਕ ਦੇ ਪਾਸਿਆਂ ਵਿਚ ਸੁੱਟ ਦਿਤਾ ਜਾਂਦਾ। ਜਥੇ ਵਾਲੇ ਪਹਿਲੀਆਂ ਪਾਲਾਂ ਦੇ ਸਿੰਘਾਂ ਨੂੰ ਆਪਣੀ ਅੱਖੀਂ ਮਾਰ ਕੁਟਾਈ ਹੁੰਦੀ ਵੇਖਦੇ, ਪਰ ਨ ਕੋਈ ਅੱਗੋਂ ਹੱਥ ਚੁਕਦਾ, ਨ ਕੋਈ ਭੱਜਣ ਦਾ ਨਾਂ ਲੈਂਦਾ। ਉਨ੍ਹਾਂ ਦੇ ਮੂੰਹਾਂ ਵਿੱਚੋਂ "ਸੀ" ਤਕ ਨ ਨਿਕਲਦੀ; ਕੇਵਲ "ਵਾਹਿਗੁਰੂ", "ਵਾਹਿਗੁਰੂ" ਦੀ ਧੁਨੀ ਹੀ ਸੁਣਾਈ ਦੇਂਦੀ।

ਗੁਰਦਵਾਰਾ ਗੁਰੂ ਕਾ ਬਾਗ਼ ਵਿਚ ਘਿਰੇ ਅਕਾਲੀਆਂ ਨੂੰ ਰਸਦ ਆਦਿ ਪਹੁੰਚਾਣ ਦਾ ਕੰਮ ਪੰਥ ਲਈ ਬੜੀ ਭਾਰੀ ਵੰਗਾਰ ਸੀ। ਇਸ ਨੂੰ ਪੰਥ ਨੇ ਖੁਲ੍ਹੇ ਹਿਰਦੀਂ ਲੀਤਾ। ਪਹਿਲਾਂ ਪਹਿਲ ਇਹ ਵੰਗਾਰ ਗੁਰੂ ਕਾ ਬਾਗ਼ ਦੇ ਆਲੇ ਦੁਆਲੇ ਦੇ ਪਿੰਡਾਂ ਨੇ ਝਲੀ। ਉਹ ਚੋਰੀ ਛਿਪੀ, ਹਨੇਰੇ ਸਵੇਰੇ, ਰਸਦ ਗੁਰੂ ਕਾ ਬਾਗ਼ ਪਹੁੰਚਾ ਆਉਂਦੇ। ਫਿਰ ਜਦੋਂ ਸਖ਼ਤੀ ਵਧੇਰੇ ਹੋ ਗਈ ਤਾਂ ਇਸ ਕੰਮ ਨੂੰ ਕਰਨ ਲਈ ਇਕ ਡੁਰਲੀ ਜਥਾ ਬਣ ਗਿਆ। ਇਸ ਜਥੇ ਦੇ ਮੈਂਬਰ ਰਾਤ ਦੇ ਵੇਲੇ ਗੁਰਦਵਾਰਾ ਗੁਰੂ ਕਾ ਬਾਗ਼ ਦੇ ਲਾਗੇ ਵਗਦੀ ਲਾਹੌਰ ਬ੍ਰਾਂਚ ਵਾਲੀ ਨਹਿਰ ਲੰਘ ਕੇ, ਪੁਲਿਸ ਨੂੰ ਘੁਸਾਈ ਦੇ ਕੇ ਜਾਂ ਸਿੱਧਾ ਟਾਕਰਾ ਕਰ ਕੇ ਗੁਰਦਵਾਰੇ ਰਸਦ ਪਹੁੰਚਾ ਆਉਂਦੇ। ਇਹ ਡੁਰਲੀ ਜਥਾ ਨ ਤਾਂ ਬੱਬਰ ਅਕਾਲੀਆਂ ਵਾਂਗ ਖੁਲ੍ਹੇ ਤਸ਼ੱਦਦ ਦਾ ਹਾਮੀ ਸੀ ਤੇ ਨ ਅਕਾਲੀਆਂ ਵਾਂਗ ਉੱਕਾ ਸ਼ਾਂਤਮਈ ਸੀ; ਜੇਹੋ ਜੇਹਾ ਮੌਕਾ ਵੇਖਦੇ, ਉਸੇ ਤਰ੍ਹਾਂ ਵਰਤ ਲੈਂਦੇ।

ਇਸ ਜਥੇ ਦੇ ਬਣਨ ਦੀ ਕਹਾਣੀ ਸ. ਤੇਜਾ ਸਿੰਘ ਸਮੁੰਦ੍ਰੀ ਦੇ ਸਾਹਿਬਜ਼ਾਦੇ ਸ. ਮਾਨ ਸਿੰਘ ਤੋਂ ਮਿਲੀ ਹੈ। ਉਹ ਕਹਿੰਦੇ ਹਨ ਕਿ ਜਦੋਂ ਪੁਲਿਸ ਨੇ ਗੁਰੂ ਕਾ ਬਾਗ਼ ਰਸਦ ਪਹੁੰਚਾਉਣ ਦੇ ਸਾਰੇ ਰਾਹ ਰੋਕ ਲਏ ਤਾਂ ਇਕ ਦਿਨ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਪਣੇ ਇਲਾਕੇ ਦੇ ਇਕ ਸਿੰਘ, ਸ. ਸਰਨ ਸਿੰਘ ਲੁਬਾਣਾ ਨਾਲ ਇਸ ਸਬੰਧੀ ਗੱਲ ਕੀਤੀ।

Digitized by Panjab Digital Library | www.panjabdigilib.org

ਉਸ ਕਿਹਾ, "ਸਰਦਾਰ ਜੀ, ਅਸੀਂ ਰਸਦ ਪਹੁੰਚਾਣ ਦਾ ਕੰਮ ਤਾਂ ਕਰਾਂਗੇ, ਪਰ ਸਾਥੋਂ ਸ਼ਾਂਤਮਈ ਟੰਬੇ ਨਹੀਂ ਖਾਈਦੇ। ਅਸੀਂ ਇਹ ਕੰਮ ਆਪਣੇ ਹੀ ਢੰਗ ਨਾਲ ਕਰਾਂਗੇ।" ਡੁਰਲੀ ਜਥੇ ਦੀ ਵਿਓਂਤ ਉਸੇ ਨੇ ਕੱਢੀ ਅਤੇ ਇਸ ਜਥੇ ਨੇ ਜੋ ਕੰਮ ਕੀਤਾ ਉਹ ਕਿਸੇ ਤੋਂ ਗੱਝਾ ਨਹੀਂ।

ਗੁਰੂ ਕਾ ਬਾਗ਼ ਵਿਚ ਹੋ ਰਹੀ ਅੰਨ੍ਹੀ ਮਾਰ-ਕੁਟਾਈ ਸਮੇਂ ਇਕ ਬੜੀ ਵਿਚਿੱਤਰ ਘਟਨਾ ਵਾਪਰੀ। ਕੁਝ ਗੋਰਖੇ ਸਿਪਾਹੀਆਂ ਨੇ ਨਿਹੱਥੇ ਤੇ ਸ਼ਾਂਤਮਈ ਅਕਾਲੀਆਂ ਉੱਪਰ ਹੱਥ ਚੁਕਣ ਤੋਂ ਇਨਕਾਰ ਕਰ ਦਿੱਤਾ। ਇਹ ਗੋਰਖੇ ਸਿਪਾਹੀ ਕਿਲ੍ਹਾ ਗੋਬਿੰਦਗੜ੍ਹ (ਅੰਮ੍ਰਿਤਸਰ) ਵਿਚ ਰੱਖੇ ਗਏ ਸਨ ਤੇ ਸਰਕਾਰ ਇਨ੍ਹਾਂ ਨੂੰ ਅਕਾਲੀਆਂ ਨੂੰ ਕੁੱਟਣ ਲਈ ਵਰਤਦੀ ਸੀ। ਹੁਕਮ ਨ ਮੰਨਣ ਵਾਲਿਆਂ ਦੀ ਗਿਣਤੀ ੨੬-੨੭ ਸੀ। ਇਨ੍ਹਾਂ ਉੱਤੇ ਹੁਕਮ-ਉਦੂਲੀ ਦਾ ਇਲਜ਼ਾਮ ਲਾ ਕੇ ਇਨ੍ਹਾਂ ਨੂੰ ਕੋਰਟ ਗਾਰਡ ਦੇ ਹਵਾਲੇ ਕੀਤਾ ਗਿਆ। ਦੋਹਾਂ ਹੌਲਦਾਰਾਂ ਤੋਂ ਬਿਨਾ ਬਾਕੀਆਂ ਨੂੰ ਛੱਡ ਦਿੱਤਾ ਗਿਆ, ਪਰ ਇਨ੍ਹਾਂ ਵਿਚਾਰਿਆਂ ਨੂੰ ਘਰ ਜਾਣ ਲਈ ਕਿਰਾਇਆ ਤਕ ਨ ਮਿਲਿਆ। ਨੌਕਰੀਓਂ ਜਵਾਬ ਲੈ ਕੇ ਉਹ ਸ਼ਿਰੋਮਣੀ ਕਮੇਟੀ ਦੇ ਦਫ਼ਤਰ ਪਹੁੰਚੇ। ਉਨ੍ਹਾਂ ਵਿੱਚੋਂ ਕੁਝ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਨੇ ਹਿੰਦੂ ਕਾਰਖ਼ਾਨੇਦਾਰਾਂ ਤੇ ਸ਼ਾਹੂਕਾਰਾਂ ਪਾਸ ਚੌਕੀਦਾਰ ਰਖਾ ਦਿੱਤਾ ਤੇ ਕੁਝ ਮੁੜ ਪੁਲਿਸ ਵਿਚ ਲੈ ਲਏ ਗਏ।

ਗੋਰਖਿਆਂ ਦੇ ਜਵਾਬ ਦੇਣ ਪਿੱਛੋਂ ਸਰਕਾਰ ਨੇ ਸਿੰਘਾਂ ਦੀ ਮਾਰ-ਕੁਟਾਈ ਦਾ ਕੰਮ ਜ਼ਿਲਾ ਜਿਹਲਮ, ਅਟਕ, ਮੀਆਂਵਾਲੀ, ਆਦਿ ਦੇ ਛਾਛੀ ਸਿਪਾਹੀਆਂ ਪਾਸੋਂ ਲੈਣਾ ਸ਼ੁਰੂ ਕਰ ਦਿੱਤਾ।

ਅਕਾਲੀਆਂ ਉੱਪਰ ਕੀਤੀ ਗਈ ਸਖ਼ਤੀ ਨੇ ਸਾਰੇ ਦੇਸ਼ ਵਿਚ ਹਾਹਾਕਾਰ ਮਚਾ ਦਿੱਤੀ। ਹਿੰਦੂ ਮੁਸਲਮਾਨ ਸਭ ਦੀ ਹਮਦਰਦੀ ਸਿੱਖਾਂ ਨਾਲ ਹੋ ਗਈ। ਅੰਮ੍ਰਿਤਸਰ ਸ਼ਹਿਰ ਦੇ ਹਿੰਦੂ-ਸਿੱਖ-ਮੁਸਲਿਮ ਸਾਰੇ ਜ਼ਖ਼ਮੀਆਂ ਦੀ ਸੇਵਾ ਤੇ ਅਕਾਲੀਆਂ ਦੀ ਮਦਦ ਲਈ ਉਠ ਖੜੋਤੇ। ਸ਼ਹਿਰ ਵਿੱਚੋਂ ਜਿਸ ਵੀ ਚੀਜ਼ ਦੀ ਲੋੜ ਪਈ ਲੋਕਾਂ ਨੇ ਹਮਦਰਦੀ ਵਜੋਂ ਲੱਭ ਕੇ ਬਿਨਾ ਕੁਝ ਲਏ ਦੇ ਮੁਫ਼ਤ ਦਿੱਤੀ।

ਅੰਮ੍ਰਿਤਸਰ ਨਿਵਾਸੀਆਂ ਨੇ ਜ਼ਖ਼ਮੀ ਅਕਾਲੀਆਂ ਲਈ ਕਪੜੇ, ਬਿਸਤਰੇ, ਮੰਜੇ, ਦੁੱਧ, ਦਵਾਈਆਂ, ਐਂਬੂਲੈਂਸ ਗੱਡੀਆਂ ਤੇ ਹੋਰਨਾਂ ਲੋੜੀਂਦੀਆਂ ਚੀਜ਼ਾਂ ਦਾ ਮੁਫ਼ਤ ਪ੍ਰਬੰਧ ਕੀਤਾ। ਇਸ ਸੰਬੰਧ ਵਿਚ ਪ੍ਰੋ. ਰੁਚੀ ਰਾਮ ਸਾਹਨੀ ਸ. ਤੇਜਾ ਸਿੰਘ ਸਮੁੰਦ੍ਰੀ ਦੇ ਹਵਾਲੇ ਨਾਲ ਇਕ ਬੜੀ ਵਿਚਿਤ੍ਰ ਕਹਾਣੀ ਸੁਣਾਂਦਾ ਹੈ। ਉਹ ਲਿਖਦਾ ਹੈ ਕਿ ਇਕ ਦਿਨ ਸ. ਤੇਜਾ ਸਿੰਘ ਸਮੁੰਦ੍ਰੀ ਨੇ ਮੈਨੂੰ ਇਹ ਕਹਿ ਕੇ ਹੈਰਾਨ ਹੀ ਕਰ ਦਿੱਤਾ ਕਿ ਅਸੀਂ ਮੋਰਚਾ ਜਿੱਤ ਲਿਆ ਹੈ। ਇਸ ਉੱਤੇ ਮੈਂ (ਰੁਚੀ ਰਾਮ ਸਾਹਨੀ) ਬੜੀ ਉਤਸੁਕਤਾ ਨਾਲ ਪੁੱਛਿਆ, "ਪਰ ਭਾਈ ਸਾਹਿਬ, ਮੋਰਚਾ ਤਾਂ ਹਾਲੀ ਸ਼ੁਰੂ ਹੀ ਹੋਇਆ ਹੈ, ਇਹ ਜਿੱਤਣ ਦੀ ਗੱਲ ਕੀ ਹੋਈ ?" ਇਸ ਉੱਤੇ ਉਨ੍ਹਾਂ ਮੈਨੂੰ ਇਹ ਕਹਾਣੀ ਸੁਣਾਈ :

"ਅਗਸਤ ਦੇ ਅਖ਼ੀਰ ਵਿਚ ਜ਼ਖ਼ਮੀ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿਚ

Digitized by Panjab Digital Library | www.panjabdigilib.org

ਦਰਬਾਰ ਸਾਹਿਬ ਦੇ ਹਸਪਤਾਲ ਵਿਚ ਲਿਆਂਦੇ ਜਾਣ ਲਗੇ ਤਾਂ ਮੈਨੂੰ ਉਨ੍ਹਾ ਲਈ ਸੈਂਕੜਿਆਂ ਦੀ ਗਿਣਤੀ ਵਿਚ ਦਰੀਆਂ ਦੀ ਲੋੜ ਮਹਿਸੂਸ ਹੋਈ। ਇਸ ਉੱਤੇ ਮੈਂ (ਸ. ਤੇਜਾ ਸਿੰਘ ਸਮੁੰਦ੍ਰੀ) ਅੰਮ੍ਰਿਤਸਰ ਸ਼ਹਿਰ ਦੇ ਸਭ ਤੋਂ ਵੱਡੇ ਦਰੀ-ਫਰੋਸ਼ ਕੋਲ ਗਿਆ ਤੇ ਰਿਆਇਤੀ ਕੀਮਤ ਉੱਤੇ ਦਰੀਆਂ ਦੇਣ ਦੀ ਮੰਗ ਕੀਤੀ। ਜਦੋਂ ਦਰੀ-ਫਰੋਸ਼ ਨੂੰ ਦਰੀਆਂ ਖ਼ਰੀਦਣ ਲਈ ਆਏ ਬੰਦੇ ਦੇ ਨਾਂ ਅਤੇ ਦਰੀਆਂ ਖ਼ਰੀਦੇ ਜਾਣ ਦੇ ਮਨੋਰਥ ਦਾ ਪਤਾ ਲੱਗਾ, ਤਾਂ ਉਸ ਨੇ ਕਿਹਾ, 'ਸਰਦਾਰ ਜੀ, ਤੁਸੀਂ ਕੀਮਤ ਦਾ ਫ਼ਿਕਰ ਨ ਕਰੋ; ਜਿੰਨੀਆਂ ਦਰੀਆਂ ਤੁਹਾਨੂੰ ਚਾਹੀਦੀਆਂ ਹਨ, ਬਿਲ ਸਮੇਤ ਪਹੁੰਚ ਜਾਣਗੀਆਂ'। ਮੈਂ ਉਨ੍ਹਾਂ ਦੇ ਭਰੋਸਾ ਦਿਵਾਉਣ ਉਤੇ ਮੁੜ ਆਇਆ। ਸ਼ਾਮ ਤਕ ਲੋੜੀਂਦੀ ਗਿਣਤੀ ਵਿਚ ਦਰੀਆਂ ਹਸਪਤਾਲ ਪਹੁੰਚ ਗਈਆਂ ਤੇ ਨਾਲ ਹੀ ਉਨ੍ਹਾਂ ਦਾ ਬਿਲ, ਪੂਰੀ ਤਰ੍ਹਾਂ ਤਾਰਿਆ ਹੋਇਆ, ਪਹੁੰਚ ਗਿਆ। ਦਰੀ-ਫਰੋਸ਼ ਨੇ ਆਪਣੇ ਇਲਾਕੇ ਦੇ ਲੋਕਾਂ ਨੂੰ ਪ੍ਰੇਰ ਕੇ ਦੋ ਦੋ ਚਾਰ ਚਾਰ ਦਰੀਆਂ ਲਾਗਤ ਮੁਲ ਉੱਤੇ ਖ਼ਰੀਦ ਕਰਵਾ ਕੇ ਜ਼ਖ਼ਮੀਆਂ ਲਈ ਮੁਫ਼ਤ ਭੇਜ ਦਿੱਤੀਆਂ ਸਨ ਅਤੇ ਦਾਨੀਆਂ ਦੀ ਲਿਸਟ ਵੀ ਨਾਲ ਸੀ।"[4]

ਸ. ਤੇਜਾ ਸਿੰਘ ਸਮੁੰਦ੍ਰੀ ਅੰਮ੍ਰਿਤਸਰ ਨਿਵਾਸੀਆਂ ਦੀ ਸਿੰਘਾਂ ਲਈ ਇਹ ਹਮਦਰਦੀ ਦੇਖ ਕੇ ਗਦ ਗਦ ਹੋ ਗਏ ਅਤੇ ਉਦੋਂ ਹੀ ਉਨ੍ਹਾਂ ਮੋਰਚਾ ਜਿੱਤ ਲੈਣ ਦੀ ਭਵਿਖ ਬਾਣੀ ਕੀਤੀ।

ਅੰਮ੍ਰਿਤਸਰ ਨਿਵਾਸੀ ਲੋਕਾਂ ਦਾ, ਖਾਸ ਕਰਕੇ ਹਿੰਦੂ ਵਪਾਰੀਆਂ ਦਾ, ਇਸ ਤਰ੍ਹਾਂ ਸਿੱਖਾਂ ਦੀ ਮਦਦ ਨੂੰ ਆਉਣਾ ਕੇਵਲ ਦਰੀਆਂ ਦੀ ਹਾਲਤ ਵਿਚ ਹੀ ਨ ਹੋਇਆ; ਹੋਰਨਾਂ ਮੌਕਿਆਂ ਤੇ ਵੀ ਇਹ ਕਹਾਣੀ ਬਾਰ ਬਾਰ ਦੁਹਰਾਈ ਗਈ। ਪ੍ਰੋਫ਼ੈਸਰ ਰੁਚੀ ਰਾਮ ਸਾਹਨੀ ਦੱਸਦੇ ਹਨ ਕਿ ਸ਼ਹਿਰ ਦੇ ਹਿੰਦੂ ਵਸਨੀਕਾਂ ਨੇ ਗੁਰੂ ਕੇ ਬਾਗ਼ ਦੇ ਫੱਟੜਾਂ ਲਈ ਦਵਾਈਆਂ ਆਦਿ ਤੋਂ ਬਿਨਾ ਇਕ ਦਰਜਨ ਐਂਬੂਲੈਂਸ ਕਾਰਾਂ ਵੀ ਲੈ ਦਿੱਤੀਆਂ ਸਨ।[5] ਇਸ ਤੋਂ ਬਿਨਾ ਸ਼ਿਰੋਮਣੀ ਕਮੇਟੀ ਦੇ ਹਸਪਤਾਲਾਂ ਵਿਚ ਡੇਢ ਦੋ ਦਰਜਨ ਡਾਕਟਰ ਮੁਫ਼ਤ ਕੰਮ ਕਰਨ ਨੂੰ ਸਭ ਪਾਸਿਆਂ ਤੋਂ ਹੁੱਲ ਕੇ ਆ ਗਏ ਸਨ।

ਕੌਮ ਉਪਰ ਇਸ ਅਪਦਾ ਦੇ ਸਮੇਂ ਜਿਸ ਨੀਤੀ ਨਿਪੁੰਨਤਾ, ਨਿਸ਼ਕਾਮ ਸੇਵਾ, ਦ੍ਰਿੜਤਾ ਤੇ ਠਰੰਮੇ ਦਾ ਸਬੂਤ ਸ. ਤੇਜਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਦਿੱਤਾ, ਉਸ ਦੀ ਸ਼ਲਾਘਾ ਕਰਨ ਲਈ ਸ਼ਬਦ ਨਹੀਂ ਮਿਲਦੇ। ਇਨ੍ਹਾਂ ਦੀ ਹੀ ਹਿੰਮਤ ਸੀ ਕਿ ਇਕ ਪਾਸੇ ਜਥੇ ਭੇਜਣ ਦਾ ਕੰਮ ਹੋ ਰਿਹਾ ਸੀ, ਦੂਜੇ ਪਾਸੇ ਦੇਸ਼ ਦੇ ਆਗੂ ਅਤੇ ਸਰਕਾਰੀ ਅਫ਼ਸਰਾਂ ਨੂੰ ਆਪਣੀ ਸੱਚਾਈ ਤੇ ਨੌਕਰਸ਼ਾਹੀ ਦੀ ਗ਼ਲਤੀ ਦਾ ਇਹਸਾਸ ਕਰਾਉਣ ਦਾ ਉੱਦਮ ਚਲ ਰਿਹਾ ਸੀ। ਦਿਨ ਅਤੇ ਰਾਤ ਆਪ ਲਈ ਇਕ ਹੋਇਆ ਹੋਇਆ ਸੀ; ਨ ਆਰਾਮ ਦੀ ਪਰਵਾਹ ਸੀ ਨ ਖ਼ੁਰਾਕ ਦੀ ਫ਼ਿਕਰ। ਜੇ ਨੰਗੇ ਪੈ ਰਹਿਣਾ ਤਾਂ ਰਾਤ ਨੰਗੇ ਹੀ ਲੰਘ ਜਾਣੀ;

---

4 *Struggle for Freedom in Sikh Shrines*, pp. 133-34.

5 ਉਹੀ.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਚਿਤ੍ਰ ੭. ਸ. ਤੇਜਾ ਸਿੰਘ ਸਮੁੰਦ੍ਰੀ ਕੈਪਟਨ ਗੋਪਾਲ ਸਿੰਘ ਭਾਗੋਵਾਲੀਆ ਨਾਲ ਗੁਰੂ ਕੇ ਬਾਗ਼ ਦੇ ਮੋਰਚੇ ਸੰਬੰਧੀ ਵਿਚਾਰ-ਵਟਾਂਦਰਾ ਕਰਦੇ ਹੋਏ।

Digitized by Panjab Digital Library | www.panjabdigilib.org

ਜੇ ਸੌਣ ਨੂੰ ਭੋਈਂ ਨਸੀਬ ਹੋਈ ਹੈ ਤਾਂ ਭੋਈਂ ਹੀ ਸਹੀ; ਸਗੋਂ ਬਹੁਤ ਕਰਕੇ ਇਨ੍ਹਾਂ ਤੇ ਬਾਕੀ ਸਾਥੀਆਂ ਦਾ ਬਿਸਤ੍ਰਾ ਫਰਸ਼ ਉੱਤੇ ਹੀ ਹੁੰਦਾ ਸੀ। ਇਸੇ ਤਰ੍ਹਾਂ ਜੇ ਕਿਸੇ ਵੇਲੇ ਖਾਣ ਨੂੰ ਵਕਤ ਨਹੀਂ ਨਿਕਲਿਆ ਤਾਂ ਫਾਕਾ-ਮਸਤੀ ਹੀ ਸਹੀ। ਤੇ ਇਸ ਵਿਚ ਇਨ੍ਹਾਂ ਦੇ ਬਾਕੀ ਸਾਥੀ, ਬਾਵਾ ਹਰਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਨਿਰੰਜਨ ਸਿੰਘ, ਸ. ਭਾਗ ਸਿੰਘ ਤੇ ਮੁੱਠੀ ਕੁ ਭਰ ਹੋਰ ਪੰਥ-ਸੇਵਕ ਵੀ ਸ਼ਾਮਲ ਸਨ। ਅਜਬ ਜਾਨ-ਬਾਜ਼ੀ ਦਾ ਜੀਵਨ ਜੀ ਰਹੇ ਸਨ ਇਹ ਸਾਰੇ ਲੋਕ ! ਜਿਨ੍ਹਾਂ ਸੱਜਨਾਂ ਨੇ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਗੁਰੂ ਕੇ ਬਾਗ਼ ਦੇ ਦਿਨਾਂ ਵਿਚ ਸੇਵਾ ਕਰਦੇ ਵੇਖਿਆ ਹੈ, ਉਹ ਦੱਸਦੇ ਹਨ ਕਿ ਆਪ ਨੂੰ ਕਦੇ ਕਿਸੇ ਵਿਹਲਾ ਬੈਠਾ ਨਹੀਂ ਵੇਖਿਆ ਸੀ। ਕਦੀ ਲੰਗਰ ਵਿਚ, ਕਦੀ ਹਸਪਤਾਲ ਵਿਚ, ਕਦੀ ਗੁਰੂ ਕੇ ਬਾਗ਼ ਦੇ ਜਥਿਆਂ ਨਾਲ, ਕਦੇ ਬਾਜ਼ਾਰ ਵਿਚ; ਜਿਸ ਵੇਲੇ ਵੀ ਆਪ ਨੂੰ ਕਿਸੇ ਡਿੱਠਾ, ਆਪ ਸੇਵਾ ਵਿਚ ਭੱਜੇ ਫਿਰਦੇ ਨਜ਼ਰ ਆਏ।

ਸ. ਤੇਜਾ ਸਿੰਘ ਸਮੁੰਦ੍ਰੀ ਤੇ ਉਨ੍ਹਾਂ ਦੇ ਸਾਥੀ ਇਸ ਗੱਲ ਤੋਂ ਚੇਤਨ ਸਨ ਕਿ ਉਨ੍ਹਾਂ ਦੇ ਸਿੰਙ ਇਕ ਅਜੇਹੀ ਸਰਕਾਰ ਨਾਲ ਅੜ ਗਏ ਹਨ ਜੋ ਨ ਕੇਵਲ ਸ਼ਕਤੀਸ਼ਾਲੀ ਹੈ, ਸਗੋਂ ਸ਼ਾਤਿਰ ਵੀ ਬਹੁਤ ਹੈ। ਇਸ ਲਈ ਜੇ ਇਸ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ ਤਾਂ ਉਹ ਕੇਵਲ ਲੋਕਾਂ ਨੂੰ ਆਪਣੇ ਨਾਲ ਲੈ ਕੇ ਤੇ ਸਰਕਾਰ ਵਲੋਂ ਸਿੱਖਾਂ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਨੂੰ ਪਬਲਿਕ ਸਾਮ੍ਹਣੇ ਨੰਗਾ ਕਰਕੇ। ਇਸ ਕਾਰਜ ਦੀ ਸਿੱਧੀ ਲਈ ਉਨ੍ਹਾਂ ਨੇ ਦੋ ਬੜੇ ਸਫਲ ਅਦਾਰੇ ਕਾਇਮ ਕੀਤੇ ਹੋਏ ਸਨ : ਇਕ ਪਬਲਿਸਿਟੀ ਜਾਂ ਸੂਚਨਾ-ਪ੍ਰਸਾਰ ਦਾ ਅਦਾਰਾ ਸੀ, ਤੇ ਦੂਜਾ ਅੰਦਰੂਨੀ ਗੱਲਾਂ ਦੀ ਟੋਹ ਰੱਖਣ, ਅਥਵਾ ਜਾਸੂਸੀ ਕਰਨ ਵਾਲਾ ਅਦਾਰਾ। ਪਹਿਲੇ ਦੇ ਇਨਚਾਰਜ ਕੁਝ ਆਪਾਵਾਰੂ ਪੜ੍ਹੇ ਲਿਖੇ ਵਿਦਵਾਨ : ਬਾਵਾ ਹਰਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਨਿਰੰਜਨ ਸਿੰਘ ਤੇ ਸ. ਭਾਗ ਸਿੰਘ ਐਡਵੋਕੇਟ ਸਨ ਤੇ ਦੂਜੇ ਦੇ ਇਨਚਾਰਜ ਸਮੁੰਦ੍ਰੀ ਸਾਹਿਬ ਆਪ; ਤੇ ਹੋਰ ਸਿਖਰਲੇ ਲੀਡਰ ਸਨ। ਉਂਜ ਕੰਮ ਸਾਰੇ ਟੀਮ ਵਾਂਗ ਕਰਦੇ ਸਨ।

ਇਹ ਦੋਵੇਂ ਅਦਾਰੇ ਸਮੁੰਦ੍ਰੀ ਸਾਹਿਬ ਰਾਹੀਂ ਸਿੱਖਾਂ ਵਲੋਂ ਕਾਇਮ ਕੀਤੀ ਜੰਗੀ ਕੌਂਸਲ ਨਾਲ ਸਿੱਧੇ ਰੂਪ ਵਿਚ ਜੁੜੇ ਹੋਏ ਸਨ ਤੇ ਇਨ੍ਹਾਂ ਦੇ ਕੰਮ ਕਰਨ ਦਾ ਢੰਗ ਬੜਾ ਸੁਯੋਗ ਸੀ। ਮੋਰਚੇ ਬਾਰੇ ਖ਼ਬਰਾਂ ਨਾਲ ਭਰਿਆ ਇਕ ਐਲਾਨ ਹਰ ਰੋਜ਼ ਸਵੇਰੇ ਜਾਰੀ ਕੀਤਾ ਜਾਂਦਾ ਸੀ। ਇਸ ਦਾ ਖਰੜਾ ਰਾਤ ਨੂੰ ਤਿਆਰ ਹੋ ਕੇ ਵਾਰ ਕੌਂਸਲ ਦੇ ਸੰਬੰਧਿਤ ਮੈਂਬਰ ਪਾਸ ਬਾਰਾਂ ਕੁ ਵਜੇ ਪਹੁੰਚ ਜਾਂਦਾ। ਜੇ ਇਸ ਵਿਚ ਕੋਈ ਗੱਲ ਵਿਚਾਰਨ ਗੋਚਰੀ ਹੁੰਦੀ ਤਾਂ ਜੰਗੀ ਕੌਂਸਲ ਦੇ ਪ੍ਰਧਾਨ, ਸ. ਤੇਜਾ ਸਿੰਘ ਸਮੁੰਦ੍ਰੀ ਨੂੰ, ਜੋ ਉਥੇ ਹੀ ਫ਼ਰਸ਼ ਉੱਤੇ ਸੁੱਤੇ ਹੁੰਦੇ, ਉਠਾ ਲਿਆ ਜਾਂਦਾ। ਜੇ ਲੋੜ ਪੈਂਦੀ ਤਾਂ ਕੌਂਸਲ ਦੇ ਸਾਰੇ ਮੈਂਬਰਾਂ ਨੂੰ ਨੀਂਦਰ ਵਿਚੋਂ ਟੁੰਬ ਕੇ, ਉਸ ਉੱਪਰ ਲੋੜੀਂਦੀ ਬਹਿਸ ਕਰ ਲਈ ਜਾਂਦੀ। ਖਰੜੇ ਦੇ ਪ੍ਰਵਾਣ ਹੋਣ ਪਿੱਛੋਂ ਨਾਲ ਦੇ ਹੀ ਇਕ ਕਮਰੇ ਵਿਚ ਉਹ ਐਲਾਨ ਲੋੜੀਂਦੀ ਗਿਣਤੀ ਵਿਚ ਛਾਪ ਲਏ ਜਾਂਦੇ ਅਤੇ ਛਪਦਿਆਂ ਸਾਰ ਵੱਖ ਵੱਖ ਅਖ਼ਬਾਰਾਂ, ਜਥੇਬੰਦੀਆਂ ਅਤੇ ਕੁਝ ਅਹਿਮ ਸ਼ਖ਼ਸੀਅਤਾਂ ਨੂੰ ਘਲ

Digitized by Panjab Digital Library | www.panjabdigilib.org

ਦਿੱਤੇ ਜਾਂਦੇ । ਇਨ੍ਹਾਂ ਦੇ ਪਹੁੰਚਾਉਣ ਜਾਂ ਡਾਕ ਵਿਚ ਪਾਉਣ ਦਾ ਕੰਮ ਖ਼ਾਲਸਾ ਕਾਲਜ ਦੇ ਕੁਝ ਵਿਦਿਆਰਥੀ ਤੇ ਕੁਝ ਹੋਰ ਇਤਬਾਰੀ ਸੇਵਾਦਾਰਾਂ ਦੇ ਜ਼ਿੰਮੇ ਹੁੰਦਾ। ਉਹ ਡਾਕ ਅੰਮ੍ਰਿਤਸਰ ਵਿਚ ਨਹੀਂ, ਦੂਸਰੇ ਸ਼ਹਿਰਾਂ ਵਿਚ ਜਾ ਕੇ ਪਾਂਦੇ । ਸੂਚਨਾ-ਪ੍ਰਸਾਰ ਦਾ ਇਹ ਕੰਮ ਇੰਨਾ ਸੁਯੋਗ ਅਤੇ ਵਧੀਆ ਸੀ ਕਿ ਉਸ ਦੇ ਮੁਕਾਬਲੇ ਤੇ ਇੰਡੀਅਨ ਨੈਸ਼ਨਲ ਕਾਂਗ੍ਰਸ ਦੀ ਸੂਚਨਾ ਮਸ਼ੀਨਰੀ ਵੀ ਨਾਕਿਸ ਦਿਸਦੀ ਸੀ । ਪ੍ਰੋ. ਤੇਜਾ ਸਿੰਘ ਜੀ ਦਸਦੇ ਹਨ ਕਿ ਸ਼ਿਰੋਮਣੀ ਕਮੇਟੀ ਵਲੋਂ ਜਾਰੀ ਕੀਤੇ ਜਾਂਦੇ ਐਲਾਨ ਸਾਈਕਲੋਸਟਾਈਲ ਕਰਵਾ ਕੇ ਇਤਬਾਰੀ ਪੁਰਸ਼ਾਂ ਦੇ ਹੱਥ ਟ੍ਰਿਬਿਊਨ ਦੇ ਦਫ਼ਤਰ ਭੇਜ ਦਿੱਤੇ ਜਾਂਦੇ ਜੋ ਉਸ ਅਖ਼ਬਾਰ ਵਿਚ ਛੇ ਵਜੇ ਤਕ ਛਪ ਜਾਂਦੇ। ਸਰਕਾਰ ਦੇ ਐਲਾਨ ਇਕ ਦਿਨ ਪਛੜ ਕੇ ਛਪਦੇ। ਇਨ੍ਹਾਂ ਐਲਾਨਾਂ ਦੀ ਨਕਲ ਰੋਜ਼ ਦੀ ਰੋਜ਼ ਮਹਾਤਮਾ ਗਾਂਧੀ, ਸੀ. ਐਫ਼. ਐਡਰਿਊਜ਼ ਆਦਿ ਨੂੰ ਆਪਣੀ ਥਾਂ ਤੇ ਪੁਜ ਜਾਂਦੀ। ਇਸੇ ਲਈ ਮਹਾਤਮਾ ਗਾਂਧੀ ਜੀ ਨੇ ਇਸ ਪਬਲਿਸਿਟੀ ਨੂੰ "ਅਤਿ ਸੁਯੋਗ (most efficient)" ਕਿਹਾ ਸੀ ।[5]

ਪਬਲਿਸਿਟੀ ਦੀ ਸੁਯੋਗਤਾ ਦੀ ਇਕ ਹੋਰ ਕਹਾਣੀ ਪ੍ਰੋ. ਨਿਰੰਜਨ ਸਿੰਘ ਦੀ ਕਲਮ ਤੋਂ ਸੁਣੋ :

"ਉਨ੍ਹੀਂ ਦਿਨੀਂ ਪੰਜਾਬ ਦੇ ਹੋਮ ਮਨਿਸਟਰ ਸਰ ਜਾਨ ਮੇਨਾਰਡ ਅਤੇ ਸੈਂਟਰ ਵਿਚ ਸਰ ਵਿਲੀਅਮ ਵਿਨਸੈਂਟ ਸਨ । ਸਰ ਵਿਨਸੈਂਟ ਨੇ ਸੈਂਟਰ ਦੀ ਅਸੈਂਬਲੀ ਵਿਚ ਗੁਰੂ ਕੇ ਬਾਗ [ਦੇ] ਮੁਤਲਕ ਬਿਆਨ ਦਿੱਤਾ। ਉਹ ਬਿਆਨ ਸਿਵਲ ਮਿਲਿਟਰੀ ਗਜ਼ਟ [ਲਾਹੌਰ ਦੇ] ਅੰਗਰੇਜ਼ੀ ਅਖ਼ਬਾਰ 'ਚ ਛਪਿਆ। ਬਿਆਨ ਨੂੰ ਪੜ੍ਹ ਕੇ ਅਖ਼ਬਾਰ ਨਾਲ ਲੈ ਕੇ ਪ੍ਰੋਫ਼ੈਸਰ ਰੁਚੀ ਰਾਮ ਸਾਹਨੀ ਅੰਮ੍ਰਿਤਸਰ ਸਾਡੇ ਦਫਤਰ ਵਿਚ ਪਹੁੰਚੇ। ਦੇਵਨੇਤ ਨਾਲ ਉਸ ਦਿਨ ਪ੍ਰੋਫ਼ੈਸਰ ਤੇਜਾ ਸਿੰਘ ਜੀ ਭੀ ਆਏ ਹੋਏ ਸਨ। ਅਸਾਂ ਤਿੰਨਾਂ ਇਕੱਠਿਆਂ ਬੈਠ ਕੇ ਸਰ ਵਿਲੀਅਮ ਵਿਨਸੈਂਟ ਦਾ ਬਿਆਨ ਬੜਾ ਘੋਖ ਘੋਖ ਕੇ ਪੜ੍ਹਿਆ। ਉਹਦੇ ਵਿਚ ਬੜੀਆਂ ਗ਼ਲਤ-ਬਿਆਨੀਆਂ ਸਨ। ਫ਼ੈਸਲਾ ਕੀਤਾ ਕਿ ਇਹਦਾ ਮੂੰਹ ਤੋੜ ਜਵਾਬ ਦੇਣਾ ਚਾਹੀਦਾ ਹੈ ਅਤੇ ਅਸੈਂਬਲੀ ਦੇ ਸੈਸ਼ਨ ਦੇ ਖ਼ਤਮ ਹੋਣ ਤੋਂ ਪਹਿਲਾਂ ਸਾਡੇ ਜਵਾਬ ਦੀ ਕਾਪੀ ਹਰ ਇਕ ਮੈਂਬਰ ਨੂੰ ਪੁਚਾਣੀ ਚਾਹੀਦੀ ਹੈ। ਅਸੀਂ ਤਿੰਨੇ ਬੈਠ ਗਏ। ਜਵਾਬੀ ਬਿਆਨ ਬੜਾ ਸੋਹਣਾ ਬਣ ਗਿਆ, ਉਹਦੇ ਵਿਚ ਜੋ ਸੱਟਾਂ ਅਕਾਲੀਆਂ ਨੂੰ ਬੀ. ਟੀ. ਦੀਆਂ ਡਾਂਗਾਂ ਨਾਲ ਲਗਦੀਆਂ ਸਨ, ਉਨ੍ਹਾਂ ਦਾ ਵੇਰਵਾ ਅਤੇ ਵੱਖੋ ਵੱਖਰੇ ਅੰਕੜੇ ਭਰਨੇ ਸਨ। ਮੈਂ ਆਪਣੇ ਜਮਾਤੀ ਡਾਕਟਰਾਂ ਨੂੰ ਬੇਨਤੀ ਕੀਤੀ ਕਿ ਉਹ ਇਹ ਅੰਕੜੇ ਝਟ ਪਟ ਆਪ ਇਕੱਠੇ ਕਰਨ ਤਾ ਕਿ ਉਨ੍ਹਾਂ ਦੀ ਗ਼ਲਤੀ ਦੀ ਕੋਈ ਗੁੰਜਾਇਸ਼ ਨ ਰਹੇ। ਰਾਤ ਦੇ ਗਿਆਰਾਂ ਵਜੇ ਉਹ ਅੰਕੜੇ ਇਕੱਠੇ ਕਰਕੇ ਲਿਆਏ ਅਤੇ ਅਸਾਂ ਉਸ ਜਵਾਬੀ ਐਲਾਨ ਵਿਚ ਭਰ ਦਿੱਤੇ। ਫਿਰ ਮੈਂ ਪ੍ਰੈਸ ਵਲ ਦੌੜਿਆ। ਪ੍ਰੈਸ ਬੁਲਾਇਆ, ਆਦਮੀ ਬੁਲਾਏ, ਅਤੇ ਉਹ ਐਲਾਨ ਛਪਵਾਇਆ। ਇਕ ਵਜੇ ਤੋਂ ਉੱਪਰ ਵਕਤ ਹੋ ਗਿਆ ਹੋਵੇਗਾ, ਪਰ ਉਨ੍ਹੀਂ ਦਿਨੀਂ ਰਾਤ ਦਿਨ ਦਾ ਕੌਣ ਖ਼ਿਆਲ ਕਰਦਾ ਸੀ!

[5] ਦੇਖੋ ਤੇਜਾ ਸਿੰਘ, **'ਆਰਸੀ'**, ਪੰਨਾ ੬੨.

Digitized by Panjab Digital Library | www.panjabdigilib.org

ਸ਼ਿਮਲੇ ਜਾਣ ਵਾਲੀ ਗੱਡੀ ਅੰਮ੍ਰਿਤਸਰ ਤੋਂ ਸਵੇਰੇ ਤਿੰਨ ਚਾਰ ਵਜੇ ਚਲਦੀ ਸੀ। ਇਕ ਚੰਗੇ ਜ਼ਿੰਮੇਵਾਰ ਅਤੇ ਹੁਸ਼ਿਆਰ ਆਦਮੀ ਨੂੰ ਛਪੇ ਐਲਾਨ ਦੇ ਕੇ ਸ਼ਿਮਲੇ ਭੇਜ ਦਿੱਤਾ ਅਤੇ ਪੱਕੀ ਕੀਤੀ ਕਿ ਅਸੈਂਬਲੀ ਦੇ ਹਰ ਇਕ ਮੈਂਬਰ ਨੂੰ ਇਹਦੀ ਕਾਪੀ ਪੁਚਾਈ ਜਾਵੇ। ਹਕੂਮਤ ਨੂੰ ਚਿਤ ਚੇਤਾ ਹੀ ਨਹੀਂ ਸੀ ਕਿ ਉਨ੍ਹਾਂ ਦੇ ਐਲਾਨ ਦਾ ਕੋਈ ਜਵਾਬ ਦਏਗਾ ਅਤੇ ਇਤਨਾ ਮੂੰਹ ਤੋੜ ਅਤੇ ਇਤਨਾ ਛੇਤੀ। ਸਰ ਜਾਨ ਮੇਨਾਰਡ ਨੇ ਸ. ਚੰਦਾ ਸਿੰਘ ਨੂੰ ਦੋ ਤਿੰਨ ਦਿਨ ਪਿੱਛੋਂ ਕਿਹਾ ਕਿ ਇਸ ਜਵਾਬੀ ਐਲਾਨ ਨੇ ਸਾਡੀਆਂ ਅੱਖੀਆਂ ਖੋਲ੍ਹ ਦਿੱਤੀਆਂ ਅਤੇ ਸਾਨੂੰ ਪਹਿਲੀ ਵਾਰ ਪਤਾ ਲਗਾ ਕਿ ਸਿੱਖਾਂ ਦੀ ਬਾਂਹ ਹੀ ਨਹੀਂ, ਉਨ੍ਹਾਂ ਦਾ ਦਿਮਾਗ਼ ਭੀ ਸਾਡੇ ਮੁਕਾਬਲੇ ਤੇ ਡਟਿਆ ਹੋਇਆ ਹੈ।"[6]

ਸ਼ਿਰੋਮਣੀ ਕਮੇਟੀ ਬਿਦੇਸ਼ਾਂ ਵਿਚ ਬੈਠੇ ਸਿੱਖ ਵੀਰਾਂ ਨੂੰ ਵੀ ਆਪਣੇ ਐਲਾਨਾਂ ਦੀਆਂ ਕਾਪੀਆਂ ਭੇਜ ਦੇਂਦੀ ਤੇ ਉਹ ਆਪਣੀ ਥਾਂ ਸਰਕਾਰ ਉਤੇ ਅਖ਼ਲਾਕੀ ਦਬਾਉ ਪੀਣ ਲਈ ਭੂਮੀ ਤਿਆਰ ਕਰਦੇ ਰਹਿੰਦੇ।

ਸਿੱਖਾਂ ਦਾ ਦੂਜਾ ਅਦਾਰਾ, ਜਾਸੂਸੀ, ਜਿਸ ਨੂੰ ਅੱਜ ਕਲ ਇੰਟੈਲੀਜੈਂਸ (intelligence) ਕਹਿੰਦੇ ਹਨ, ਵੀ ਬੜਾ ਸੁਯੋਗ ਸੀ। ਸਰਕਾਰ ਨੂੰ ਅਕਾਲੀ ਲਹਿਰ ਬਾਰੇ ਮਿੰਟ ਮਿੰਟ ਬਾਅਦ ਪਹੁੰਚਦੀਆਂ ਖ਼ਬਰਾਂ ਤੇ ਉਨ੍ਹਾਂ ਦੀਆਂ ਆਪਣੀਆਂ ਚਾਲਾਂ ਜਾਣਨ ਬਾਰੇ ਜੋ ਸਾਧਨ ਅਕਾਲੀਆਂ ਨੇ ਬਣਾਇਆ ਹੋਇਆ ਸੀ, ਉਸ ਬਾਰੇ ਪ੍ਰੋ. ਰੁਚੀ ਰਾਮ ਸਾਹਨੀ ਲਿਖਦਾ ਹੈ :

> "ਮੇਰਾ ਯਕੀਨ ਹੈ ਕਿ ਉਸ (ਸ. ਤੇਜਾ ਸਿੰਘ ਸਮੁੰਦ੍ਰੀ) ਸਰਕਾਰੀ ਅਦਾਰਿਆਂ ਤੋਂ ਠੀਕ ਠੀਕ ਅਤੇ ਸ਼ੀਘਰ ਅੰਦਰੂਨੀ ਸੂਚਨਾ ਲੈਣ ਦਾ ਕੋਈ ਸਾਧਨ ਬਣਾਇਆ ਹੋਇਆ ਸੀ। ਕੁਝ ਮੌਕਿਆਂ ਉੱਤੇ ਇਹ ਸੂਚਨਾ ਸ਼ਿਰੋਮਣੀ ਕਮੇਟੀ ਨੂੰ ਬੜੀ ਲਾਭਦਾਇਕ ਸਿੱਧ ਹੋਈ। ...ਗੁਰੂ ਕੇ ਬਾਗ਼ ਦੇ ਮੋਰਚੇ ਦੇ ਦੌਰਾਨ ਸ਼ਿਰੋਮਣੀ ਕਮੇਟੀ ਨੂੰ ਇਹ ਰਿਪੋਰਟ ਮਿਲੀ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਆਪਣੇ ਸਾਧਨਾਂ ਤੋਂ ਇਹ ਖ਼ਬਰ ਮਿਲੀ ਹੈ ਕਿ ਗੁਰੂ ਕੇ ਬਾਗ ਜਾਣ ਲਈ ਅੰਮ੍ਰਿਤਸਰ ਵਿਚ ਹਰ ਵੇਲੇ ਅਕਾਲੀਆਂ ਦੇ ਜਿਹੜੇ ਜਥੇ ਦੋ ਦੋ ਤਿੰਨ ਤਿੰਨ ਹਜ਼ਾਰ ਦੀ ਗਿਣਤੀ ਵਿਚ ਮੌਜੂਦ ਰਹਿੰਦੇ ਸਨ, ਉਹ ਕਿਸੇ ਕਾਰਣ ਲਹਿਰ ਵਲੋਂ ਨਿਰਾਸ ਹੋ ਕੇ ਘਰਾਂ ਨੂੰ ਮੁੜ ਰਹੇ ਹਨ। ਇਸ ਘੜੀ ਸਰਕਾਰ, ਸਿਰੜੀ ਅਕਾਲੀਆਂ ਨਾਲ ਚਲ ਰਹੀ ਲੜਾਈ ਤੋਂ ਤੰਗ ਆ ਕੇ ਉਨ੍ਹਾਂ ਦੀਆਂ ਮੰਗਾਂ ਮੰਨ ਕੇ ਉਨ੍ਹਾਂ ਨਾਲ ਕਿਸੇ ਕਿਸਮ ਦਾ ਸਮਝੌਤਾ ਕਰਨ ਦੀ ਸੋਚ ਰਹੀ ਸੀ। ਜਦੋਂ ਇਹ ਖ਼ਬਰ ਉੱਪਰ ਸ਼ਿਮਲੇ ਉੱਚ-ਅਧਿਕਾਰੀਆਂ ਨੂੰ ਮਿਲੀ ਤਾਂ [ਹੋਮ ਮਨਿਸਟਰ] ਸਰ ਜਾਨ ਮੇਨਾਰਡ, ਨੇ ਜ਼ਿਲ੍ਹੇ ਦੇ ਹਾਕਮਾਂ ਨੂੰ ਲਿਖ ਭੇਜਿਆ ਕਿ ਚੂੰਕਿ ਅਕਾਲੀਆਂ ਵਿਚ ਫੁਟ ਪੈ ਗਈ ਹੈ ਅਤੇ ਲਹਿਰ ਮਰਦੀ ਦਿਸਦੀ ਹੈ, ਇਸ ਲ਼ਈ ਅਕਾਲੀਆਂ ਨਾਲ ਸਮਝੌਤੇ ਦੀ ਕੋਈ ਗੱਲ ਨ ਕੀਤੀ ਜਾਵੇ।

[6] ਨਿਰੰਜਨ ਸਿੰਘ (ਪ੍ਰਿ.), 'ਅਕਾਲੀ ਲਹਿਰ ਦੇ ਕ੍ਰਿਸ਼ਮੇ', ਪੰਨਾ ੩੮-੩੯.

Digitized by Panjab Digital Library | www.panjabdigilib.org

"ਜਦੋਂ ਇਹ ਖ਼ਬਰ ਪ੍ਰਧਾਨ ਜੀ (ਸ.ਤੇਜਾ ਸਿੰਘ ਜੀ ਸਮੁੰਦ੍ਰੀ) ਪਾਸ ਪਹੁੰਚੀ ਤਾਂ ਉਨ੍ਹਾਂ ਪਹਿਲਾਂ ਇਸ ਦੀ ਸਦਾਕਤ ਦਾ ਪਤਾ ਕੀਤਾ। ਖ਼ਬਰ ਦੇ ਠੀਕ ਸਿੱਧ ਹੋਣ ਤੇ ਉਹ ਕੁਝ ਜੋਸ਼ ਜੇਹੇ ਨਾਲ ਭਰ ਕੇ ਉੱਠ ਖਲੋਤੇ। ਜੋਸ਼ ਵਿਚ ਆਉਂਦਿਆਂ ਉਨ੍ਹਾਂ ਨੂੰ ਅੱਗੇ ਕਦੀ ਕਿਸੇ ਨਹੀਂ ਸੀ ਡਿੱਠਾ। ਇਹ ਸ਼ਾਇਦ ਪਹਿਲਾ ਮੌਕਾ ਸੀ। ਉਨ੍ਹਾਂ ਆਪਣੇ ਨਾਲ ਦੇ ਸਾਥੀਆਂ ਨੂੰ ਕਿਹਾ ਕਿ ਮੈਨੂੰ ਦੋ ਤਿੰਨ ਦਿਨ ਲਈ ਬਾਹਰ ਜਾਣ ਦੀ ਆਗਿਆ ਦਿਓ।

"ਇਸ ਸੰਕਟ ਵਾਲੀ ਘੜੀ ਉਨ੍ਹਾਂ ਦੇ ਇਸ ਤਰ੍ਹਾਂ ਬਾਹਰ ਜਾਣ ਦੀ ਮੈਨੂੰ ਕੋਈ ਸਮਝ ਨ ਆਈ। ਉਨ੍ਹਾਂ ਨੇ ਜੰਗੀ ਕੌਂਸਲ ਦੇ ਉੱਘੇ ਮੈਂਬਰਾਂ ਨਾਲ ਗੁਪਤ ਰੂਪ ਵਿਚ ਸ਼ਾਇਦ ਕੋਈ ਗੱਲ ਕਰ ਲਈ ਹੋਵੇ, ਪਰ ਬਹੁਤਿਆਂ ਨੂੰ ਉਨ੍ਹਾਂ ਦੇ ਬਾਹਰ ਜਾਣ ਦੇ ਕਾਰਣ ਦਾ ਪਤਾ ਨਹੀਂ ਸੀ। ਕੁਝ ਚਿਰ ਪਿੱਛੋਂ ਇਸ ਦਾ ਰਾਜ਼ ਖੁਲ੍ਹਿਆ। ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੇ ਨੇੜੇ ਆਉਣ ਤੇ ਅੰਮ੍ਰਿਤਸਰ ਵਿਚ ਮੌਜੂਦ ਦੋ ਢਾਈ ਹਜ਼ਾਰ ਅਕਾਲੀ ਸਿੰਘਾਂ ਨੇ ਸ਼ਿਰੋਮਣੀ ਕਮੇਟੀ ਪਾਸੋਂ ਘਰਾਂ ਨੂੰ ਜਾਣ ਅਤੇ ਆਪਣੇ ਟੱਬਰਾਂ ਨੂੰ ਨਨਕਾਣੇ ਸਾਹਿਬ ਦੇ ਦਰਸ਼ਨ ਕਰਾ ਲਿਆਉਣ ਦੀ ਆਗਿਆ ਮੰਗੀ ਸੀ। ਉਨ੍ਹਾਂ ਕਿਹਾ ਸੀ ਕਿ ਨਨਕਾਣਾ ਸਾਹਿਬ ਦੇ ਮੇਲੇ ਪਿੱਛੋਂ ਅਸੀਂ ਛੇਤੀ ਵਾਪਸ ਆ ਜਾਵਾਂਗੇ। ਸ਼ਿਰੋਮਣੀ ਕਮੇਟੀ ਨੇ ਪੰਜ ਕੁ ਸੌ ਸਿੰਘ ਅੰਮ੍ਰਿਤਸਰ ਲਈ ਰੱਖ ਕੇ ਬਾਕੀਆਂ ਨੂੰ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ। ਅਕਾਲੀਆਂ ਦੇ ਇਸ ਤਰ੍ਹਾਂ ਘਰ ਜਾਣ ਉੱਤੇ ਸਰਕਾਰ ਨੂੰ ਫੁੱਟ ਦਾ ਭੁਲੇਖਾ ਪਿਆ ਸੀ। ਸ. ਤੇਜਾ ਸਿੰਘ ਸਮੁੰਦ੍ਰੀ ਸਰਕਾਰ ਪਾਸ ਇਹ ਸਿੱਧ ਕਰਨਾ ਚਾਹੁੰਦੇ ਸਨ ਕਿ ਅਕਾਲੀ ਸਿੰਘਾਂ ਉਪਰ ਸ਼ਿਰੋਮਣੀ ਕਮੇਟੀ ਦਾ ਕੰਟਰੋਲ ਘਟਿਆ ਨਹੀਂ, ਇਹ ਪਹਿਲਾਂ ਵਾਂਗ ਹੀ ਅਥਾਹ ਹੈ।

"ਅੰਮ੍ਰਿਤਸਰੋਂ ਸ. ਤੇਜਾ ਸਿੰਘ ਸਿੱਧਾ ਨਨਕਾਣੇ ਸਾਹਿਬ ਪਹੁੰਚਿਆ ਤੇ ਉਥੋਂ ਮੇਲੇ ਪਿੱਛੋਂ ਆਪਣੇ ਨਾਲ ਦਸ ਹਜ਼ਾਰ ਸਿੰਘ ਲੈ ਆਇਆ, ਜਿਨ੍ਹਾਂ ਅੰਮ੍ਰਿਤਸਰ ਇਕ ਵੱਡਾ ਜਲੂਸ ਕੱਢ ਕੇ ਪੰਥ ਲਈ ਆਪਣੀ ਵਫ਼ਾਦਾਰੀ ਜਿਤਾਈ। ਅਕਾਲੀ ਸਿੰਘਾਂ ਦੇ ਇਸ ਵਿਖਾਵੇ ਦਾ ਸਰਕਾਰ ਉੱਤੇ ਬੜਾ ਅਸਰ ਹੋਇਆ। ਇਸ ਪਿੱਛੋਂ ਸਰਕਾਰ ਖ਼ਮ ਖਾਣ ਲਗ ਪਈ; ਉਸ ਨੂੰ ਯਕੀਨ ਹੋ ਗਿਆ ਕਿ ਸ਼ਿਰੋਮਣੀ ਕਮੇਟੀ ਦਾ ਕੰਟਰੋਲ ਸਿੰਘਾਂ ਉਪਰੋਂ ਘਟਿਆ ਨਹੀਂ, ਸਗੋਂ ਉਸ ਦੇ ਕਹੇ ਤੇ ਹਜ਼ਾਰਾਂ ਸਿੰਘ ਹਰ ਵੇਲੇ ਕੁਰਬਾਨੀ ਦੇਣ ਨੂੰ ਤਿਆਰ ਹਨ। ਇਸ ਪਿੱਛੋਂ ਉਸ ਨੇ ਸਮਝੌਤੇ ਵਾਲੀ ਨੀਤੀ ਧਾਰਨ ਕਰ ਲਈ। ਹਾਲਾਤ ਦੇ ਇਸ ਤਰ੍ਹਾਂ ਪੰਥ ਦੇ ਹੱਕ ਵਿਚ ਹੋ ਜਾਣ ਦਾ ਸਿਹਰਾ ਸਭ ਕਿਸੇ ਨੇ ਸ. ਤੇਜਾ ਸਿੰਘ ਸਮੁੰਦ੍ਰੀ ਦੇ ਸਿਰ ਰੱਖਿਆ।"[7]

ਘਟਨਾਵਾਂ ਦੀ ਲੜੀ ਨੂੰ ਮੁੜ ਹੱਥ ਵਿਚ ਲੈਂਦਿਆਂ, ੨੯ ਅਗਸਤ ਵਾਲੇ ਦਿਨ ਹੋਈ

[7] Ruchi Ram Sahni, *Struggle for Reform in Sikh Shrines*, pp. 37-39.

Digitized by Panjab Digital Library | www.panjabdigilib.org

ਮਾਰ ਕੁਟਾਈ ਨੇ ਸਿੱਖ ਲੀਡਰਾਂ, ਖ਼ਾਸ ਕਰਕੇ ਸ. ਤੇਜਾ ਸਿੰਘ ਸਮੁੰਦ੍ਰੀ, ਨੂੰ ਇਹ ਨਿਸ਼ਚਾ ਕਰਾ ਦਿੱਤਾ ਕਿ ਸਰਕਾਰ ਅਤਿ ਦਰਜੇ ਦੀ ਸਖ਼ਤੀ ਵਰਤ ਕੇ ਸਿੱਖਾਂ ਨੂੰ ਕੁਚਲਣ ਤੇ ਉਤਰ ਆਈ ਹੈ। ਉਨ੍ਹਾਂ ਨੂੰ ਸਿੱਖ ਜਨਤਾ ਦੀਆਂ ਕੁਰਬਾਨੀਆਂ ਅਤੇ ਆਪਣੇ ਪੱਖ ਦੀ ਸੱਚਾਈ ਬਾਰੇ ਕੋਈ ਸ਼ੰਕਾ ਨਹੀਂ ਸੀ। ਸਰਕਾਰ ਕੇਵਲ ਸਖ਼ਤੀ ਹੀ ਨਹੀਂ ਕਰ ਰਹੀ ਸੀ, ਅਕਾਲੀਆਂ ਬਾਰੇ ਕਈ ਤਰ੍ਹਾਂ ਦੀਆਂ ਗ਼ਲਤ-ਬਿਆਨੀਆਂ ਵੀ ਕਰ ਰਹੀ ਸੀ। ਇਸ ਗੱਲ ਨੂੰ ਉਨ੍ਹਾਂ ਵੱਡੇ ਪੈਮਾਨੇ ਉੱਤੇ ਪਬਲਿਸਿਟੀ ਕਰਕੇ ਰੋਕਣ ਦਾ ਜਤਨ ਕੀਤਾ। ਉਨ੍ਹਾਂ ਵਲੋਂ ਹਰ ਰੋਜ਼ ਨਿਕਲਦੇ ਐਲਾਨਾਂ ਦਾ ਜ਼ਿਕਰ ਅਸੀਂ ਪਿਛੇ ਕਰ ਆਏ ਹਾਂ। ਇਨ੍ਹਾਂ ਐਲਾਨਾਂ ਵਿਚ ਉਹ ਨ ਕੇਵਲ ਖ਼ਬਰਾਂ ਦੇਂਦੇ, ਸਗੋਂ ਸਰਕਾਰ ਵਲੋਂ ਜਾਰੀ ਕੀਤੇ ਗਏ ਐਲਾਨਾਂ ਦਾ ਪਾਜ ਵੀ ਖੋਲ੍ਹਦੇ। ਪਰ ਇੱਨਾ ਕੁਝ ਕਾਫ਼ੀ ਨਹੀਂ ਸੀ। ਉਨ੍ਹਾਂ ਇਸ ਲਹਿਰ ਲਈ ਵੱਡੇ ਵੱਡੇ ਨੇਤਾਵਾਂ ਦੀ ਹਮਦਰਦੀ ਹਾਸਲ ਕਰਨਾ ਜ਼ਰੂਰੀ ਸਮਝਿਆ। ਇਸ ਮਤਲਬ ਲਈ ਉਨ੍ਹਾਂ ੨੮ ਅਗਸਤ ਵਾਲੇ ਦਿਨ ਇਕ ਬੜੀ ਦਰਦ ਭਰੀ ਅਪੀਲ ਕੌਮ ਤੇ ਭਾਰਤੀ ਨੇਤਾਵਾਂ ਦੇ ਨਾਂ ਜਾਰੀ ਕੀਤੀ। ਉਸ ਵਿਚ ਉਨ੍ਹਾਂ ਲਿਖਿਆ :

"ਸਿਖ ਕੌਮ ਉਪਰ ਆਈ ਇਸ ਬਿਪਤਾ ਦੀ ਘੜੀ ਵਿਚ ਅਸੀਂ ਆਪ ਪਾਸੋਂ ਕੇਵਲ ਇਹ ਆਸ ਰਖਦੇ ਹਾਂ ਕਿ ਤੁਸੀਂ ਇਥੇ ਆਓਗੇ ਅਤੇ ਗੁਰੂ ਕਾ ਬਾਗ਼ ਵਿਚ ਆਦਰਸ਼ ਰੂਪ ਵਿਚ ਚਲ ਰਹੇ ਸਾਡੇ ਸ਼ਾਂਤਮਈ ਸਤਿਆਗ੍ਰਹਿ ਨੂੰ ਦੇਖੋਗੇ ਤੇ ਇਸ ਤਰ੍ਹਾਂ ਚਾਲਾਕ ਨੌਕਰਸ਼ਾਹੀ ਵਲੋਂ ਸਾਡੀ ਲਹਿਰ ਸੰਬੰਧੀ ਕੀਤੀਆਂ ਜਾਣ ਵਾਲੀਆਂ ਗ਼ਲਤ-ਬਿਆਨੀਆਂ ਦੀ ਸੰਭਾਵਨਾ ਨੂੰ ਘਟਾਓਗੇ।"[8]

ਇਸ ਅਪੀਲ ਦਾ ਅਸਰ ਬਹੁਤ ਹੋਇਆ। ਅਖ਼ਬਾਰਾਂ ਦੇ ਕੁਝ ਨੁਮਾਇੰਦੇ ਸਾਰੇ ਹਾਲਾਤ ਆਪਣੀਆਂ ਅੱਖਾਂ ਨਾਲ ਦੇਖਣ ਲਈ ਗੁਰੂ ਕਾ ਬਾਗ਼ ਪਹੁੰਚੇ। ਪੰਜਾਬ ਕਾਂਗ੍ਰਸ ਕਮੇਟੀ ਵਲੋਂ ਪ੍ਰੋ. ਰੁਚੀ ਰਾਮ ਸਾਹਨੀ ਅਤੇ ਮੀਆਂ ਫ਼ਜ਼ਲ ਦੀਨ ਆਏ। ਇਨ੍ਹਾਂ ਦੇ ਨਾਲ ਹੀ ਕਈ ਡਾਕਟਰ ਤੇ ਹੋਰ ਸੇਵਾਦਾਰ ਵੀ ਜ਼ਖ਼ਮੀਆਂ ਦੀ ਸਹਾਇਤਾ ਲਈ ਉਠ ਦੌੜੇ।

੩੧ ਅਗਸਤ ਨੂੰ ਗੜਗਜ ਅਕਾਲੀ ਜਥੇ ਦੇ ੧੩੦ ਸਿੰਘਾਂ ਦੀ ਮਾਰ ਕੁਟਾਈ ਪਸ਼ੂਆਂ ਵਾਂਗ ਕੀਤੀ ਗਈ, ਜਿਸ ਦੇ ਫਲਸ੍ਵਰੂਪ ੨੫-੩੦ ਆਦਮੀ ਬੇਹੋਸ਼ ਹੋ ਗਏ। ੧ ਸਤੰਬਰ ਨੂੰ ਸੈਂਟ੍ਰਲ ਮਾਝਾ ਦੀਵਾਨ ਦੇ ਸਿੰਘਾਂ ਦੇ ਜਥੇ ਦੀ ਨ ਕੇਵਲ ਡਾਂਗਾਂ ਨਾਲ ਮਾਰ ਕੁਟਾਈ ਕੀਤੀ ਗਈ, ਸਗੋਂ ਉਨ੍ਹਾਂ ਨੂੰ ਘੋੜਿਆਂ ਦੇ ਸੁੰਮਾਂ ਹੇਠ ਲਿਤਾੜਿਆ ਵੀ ਗਿਆ। ਇਸ ਮਾਰ-ਕੁਟਾਈ ਨੂੰ ਕੈਪਟਨ ਗੋਪਾਲ ਸਿੰਘ ਭਾਗੋਵਾਲੀਆ ਐਮ. ਐਲ. ਸੀ., ਪ੍ਰਿੰਸੀਪਲ ਜੋਧ ਸਿੰਘ ਅਤੇ ਹੋਰਨਾਂ ਸੈਂਕੜੇ ਦਰਸ਼ਕਾਂ ਨੇ ਆਪਣੀ ਅੱਖੀਂ ਦੇਖਿਆ।

ਗੁਰੂ ਕੇ ਬਾਗ਼ ਦੀ ਮਾਰ ਕੁਟਾਈ ਦੀ ਖ਼ਬਰ ਸੁਣ ਕੇ ਪੰਡਿਤ ਮਦਨ ਮੋਹਨ ਮਾਲਵੀਆ ੨ ਸਤੰਬਰ ਨੂੰ ਅੰਮ੍ਰਿਤਸਰ ਪਹੁੰਚੇ। ਸ੍ਰੀ ਦਰਬਾਰ ਸਾਹਿਬ ਹੋ ਕੇ ਜਦੋਂ ਉਹ

---

[8] ਉਹੀ, ਪੰਨਾ ੧੨੮.

Digitized by Panjab Digital Library | www.panjabdigilib.org

ਗੁਰੂ ਕਾ ਬਾਗ਼, ਮਾਰ ਕੁਟਾਈ ਵਾਲੀ ਥਾਂ ਤੇ; ਅਪੜੇ ਤਾਂ ਮਾਰ ਕੁਟਾਈ ਹੋ ਚੁਕੀ ਸੀ। ਉਸ ਦਿਨ ਮਾਰ ਕੁਟਾਈ ਅਤਿ ਬੇ-ਰਹਿਮੀ ਨਾਲ ਹੋਈ ਸੀ। ਪੁਲਿਸ ਨੇ ਢਿੱਡ, ਸਿਰ, ਛਾਤੀ ਅਤੇ ਗੁਪਤ ਅੰਗਾਂ ਤਕ ਤੇ ਲਾਠੀਆਂ ਮਾਰੀਆਂ ਸਨ । ਕਈ ਸਿੰਘ ਬੇਹੋਸ਼ ਹੋ ਗਏ; ਜਿਹੜਾ ਉਠਿਆ, ਉਸ ਨੂੰ ਫਿਰ ਮਾਰਿਆ ਗਿਆ। ਜਥੇ ਦੇ ਜ਼ਖਮੀ ਤੇ ਬੇਹੋਸ਼ ਸਿੰਘਾਂ ਨੂੰ ਦਾੜ੍ਹੀਆਂ, ਕੇਸਾਂ, ਲੱਤਾਂ ਤੋਂ ਫੜ ਕੇ ਸੜਕ ਦੇ ਦੋਹੀਂ ਪਾਸੀਂ ਅਤੇ ਖੇਤਾਂ ਵਿਚ ਪਾਣੀ ਅਤੇ ਚਿੱਕੜ ਵਿਚ ਸੁਟਿਆ ਗਿਆ। ਉਸ ਦਿਨ ਪੁਲਿਸ ਨੇ ਇਕ ਢੋਲ ਵਾਲਾ ਲਿਆਂਦਾ ਹੋਇਆ ਸੀ। ਉਹ ਢੋਲ ਵਜਾਂਦਾ ਸੀ ਤੇ ਪੁਲਿਸ ਮਾਰ ਕੁਟਾਈ ਕਰੀ ਜਾਂਦੀ ਸੀ। ਜਦੋਂ ਮਾਲਵੀਆ ਜੀ ਆਏ ਤਾਂ ਜਥੇ ਦੇ ਬਹੁਤ ਸਾਰੇ ਆਦਮੀ ਬੇਹੋਸ਼ ਸਨ। ਮਾਲਵੀਆ ਜੀ ਉਨ੍ਹਾਂ ਨੂੰ ਦੇਖ ਕੇ ਬੜੇ ਦੁਖੀ ਹੋਏ। ਉਨ੍ਹਾਂ ਦੀਆਂ ਅੱਖਾਂ ਅੱਥਰੂਆਂ ਨਾਲ ਭਰ ਗਈਆਂ। ਕਈਆਂ ਦੇ ਮੂੰਹ ਉਨ੍ਹਾਂ ਆਪ ਆਪਣੇ ਰੁਮਾਲ ਨਾਲ ਪੂੰਝੇ।

੩ ਸਤੰਬਰ ਅਤੇ ੪ ਸਤੰਬਰ ਦੀ ਮਾਰ ਕੁਟਾਈ ਮਾਲਵੀਆ ਜੀ ਨੇ ਫਿਰ ਆਪਣੀ ਅੱਖੀਂ ਡੇਖੀ। ਉਹ ਇਸ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਦੇ ਸੱਦੇ ਅਤੇ ਅਕਾਲੀ ਲੀਡਰਾਂ ਦੀ ਅਪੀਲ ਤੇ, ਹਿੰਦੁਸਤਾਨ ਭਰ ਤੋਂ ਹੋਰ ਵੀ ਬਹੁਤ ਸਾਰੇ ਲੀਡਰ ਸਾਰੇ ਹਾਲਾਤ ਅੱਖੀਂ ਵੇਖਣ ਲਈ ਅੰਮ੍ਰਿਤਸਰ ਪਹੁੰਚੇ। ਪੰਜਾਬ ਵਿਚੋਂ ਤਾਂ ਸ਼ਾਇਦ ਹੀ ਕੋਈ ਲੀਡਰ ਪਿੱਛੇ ਰਿਹਾ ਹੋਵੇ; ਪੰਜਾਬੋਂ ਬਾਹਰ ਜੋ ਲੀਡਰ ਇਸ ਮੌਕੇ ਤੇ ਅੰਮ੍ਰਿਤਸਰ ਪਹੁੰਚੇ, ਉਨ੍ਹਾਂ ਵਿਚੋਂ ਹਕੀਮ ਅਜਮਲ ਖਾਂ, ਮਿਸਟਰ ਸੀ. ਐਫ਼. ਐਂਡਰਿਊਜ਼, ਸਵਾਮੀ ਸਰਧਾ ਨੰਦ, ਮੀਆਂ ਕਿਫਾਯਤ ਉੱਲਾ ਅਤੇ ਪੰਡਿਤ ਮਾਲਵੀਆ ਜੀ ਦੇ ਨਾਂ ਖ਼ਾਸ ਤੌਰ ਤੇ ਲੈਣ ਯੋਗ ਹਨ।

ਪ੍ਰੈਸ ਪ੍ਰਤਿਨਿਧੀਆਂ ਵਿੱਚੋਂ ਪੰਡਿਤ ਮੋਤੀ ਲਾਲ ਨਹਿਰੂ ਦੇ ਅਖਬਾਰ ਇੰਡੀਪੈਨਡੈਂਟ (ਅਲਾਹਾਬਾਦ) ਦਾ ਮਿਸਟਰ ਜੀ. ਏ. ਸੁੰਦ੍ਰਮ ਵੀ ਉਥੇ ਪਹੁੰਚਿਆ। ਇਹ ਸਾਧਾਰਣ ਜੇਹੇ ਮਨੁੱਖਾਂ ਵਲੋਂ ਇੰਨੀ ਸ਼ਕਤੀਸ਼ਾਲੀ ਸਰਕਾਰ ਦੇ ਵਿਰੁਧ ਇੱਡਾ ਵੱਡਾ ਮੋਰਚਾ ਲਗਾ ਵੇਖ ਕੇ ਹੈਰਾਨ ਰਹਿ ਗਿਆ। ਇਕ ਦਿਨ ਇਹ ਨਿਰੰਜਨ ਸਿੰਘ ਜੀ ਨੂੰ ਕਹਿਣ ਲਗਾ ਕਿ "ਮੈਂ ਬੜਾ ਹੀ ਅਚੰਭਿਤ ਹਾਂ। ਤੁਸੀਂ ਸਾਰੇ ਆਗੂ ਮੈਨੂੰ ਔਸਤ ਦਰਜੇ ਦੇ ਆਦਮੀ ਹੀ ਨਜ਼ਰ ਆਉਂਦੇ ਹੋ, ਫਿਰ ਇੱਡਾ ਵੱਡਾ ਮੋਰਚਾ ਅਤੇ ਇੰਨੀ ਜਥੇਬੰਦੀ ਕਿਸ ਤਰ੍ਹਾਂ ਚਲ ਰਹੀ ਹੈ ?" ਪ੍ਰੋ. ਨਿਰੰਜਨ ਸਿੰਘ ਜੀ ਕਹਿਣ ਲਗੇ : "ਸਾਡੀ ਸ਼ਰਧਾ ਅਨੁਸਾਰ ਇਹ ਸਭ ਕੁਝ ਗੁਰੂ ਹੀ ਚਲਾ ਰਿਹਾ ਹੈ। ਹਰ ਇਕ ਸਿੱਖ ਸਿਪਾਹੀ ਹੈ; ਉਹਦੇ ਜੀਵਨ ਵਿਚ ਪੂਰਾ ਡਿਸਿਪਲਿਨ ਅਤੇ ਉਹਦੇ ਹਿਰਦੇ ਵਿਚ ਕੌਮ ਲਈ ਅਤਿਅੰਤ ਦਰਦ ਅਤੇ ਉਹਦੇ ਉਤੋਂ ਕੁਰਬਾਨ ਹੋਣ ਲਈ ਅਨੋਖੀ ਲਗਨ ਹੈ।"[੭]

ਸ੍ਰੀ ਸੁੰਦ੍ਰਮ ਸਿੱਖ ਕੌਮ ਦੇ ਇਸ ਡਿਸਿਪਲਿਨ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਆਪਣੇ ਧੜੱਲੇਦਾਰ ਲੇਖਾਂ ਨਾਲ ਸਰਕਾਰ ਦੇ ਝੂਠ ਦਾ ਚੰਗਾ ਪਾਜ ਖੋਲ੍ਹਿਆ। ਪਰ ਸਭ ਨਾਲੋਂ ਵਧ ਸਹਾਈ ਮਿਸਟਰ ਸੀ.ਐਫ਼. ਐਂਡੀਰਿਊਜ਼ ਸਿੱਧ ਹੋਇਆ। ਉਹ ਇਕ ਦੇਵਤਾ

[੭] ਨਿਰੰਜਨ ਸਿੰਘ (ਪ੍ਰਿ.), 'ਅਕਾਲੀ, ਲਹਿਰ ਦੇ ਕ੍ਰਿਸ਼ਮੇ', ਪੰਨਾ ੩੩-੩੪.

Digitized by Panjab Digital Library | www.panjabdigilib.org

ਸਰੂਪ ਮਿਸ਼ਨਰੀ ਸੀ। ਉਸ ਨੇ ੧੨ ਸਤੰਬਰ ਵਾਲੇ ਦਿਨ ਸਿੰਘਾਂ ਦੀ ਮਾਰ ਕੁਟਾਈ ਆਪਣੀ ਅੱਖੀਂ ਵੇਖੀ ਅਤੇ ਦੋ ਅਤਿ ਦਰਦ ਭਰੇ ਲੇਖ ਅੰਗਰੇਜ਼ੀ ਵਿਚ ਲਿਖੇ, ਜਿਹੜੇ ਹਿੰਦੁਸਤਾਨ ਦੀਆਂ ਸਾਰੀਆਂ ਅਖ਼ਬਾਰਾਂ ਅਤੇ ਇੰਗਲੈਂਡ ਦੀਆਂ ਅਖ਼ਬਾਰਾਂ ਵਿਚ ਛਪੇ। ਇਨ੍ਹਾਂ ਲੇਖਾਂ ਨੇ ਪੰਜਾਬ ਦੀ ਹਕੂਮਤ ਦਾ ਮੂੰਹ ਕਾਲਾ ਕਰ ਦਿੱਤਾ। ਅਕਾਲੀਆਂ ਨਾਲ ਹਮਦਰਦੀ ਵੰਡਾਉਣ ਲਈ ਆਗੂ ਸਭ ਪਾਸਿਓਂ ਆਉਣੇ ਸ਼ੁਰੂ ਹੋ ਗਏ। ਕਾਂਗ੍ਰਸ ਵਰਕਿੰਗ ਕਮੇਟੀ ਦੀ ਉੱਚੇਚੀ ਇਕਤ੍ਰਤਾ ਅੰਮ੍ਰਿਤਸਰ ਵਿਚ ਬੁਲਾਈ ਗਈ, ਜਿਸ ਮੌਕੇ ਤੇ ਸ੍ਰੀਨਿਵਾਸ ਆਇੰਗਰ, ਪੰਡਿਤ ਮੋਤੀ ਲਾਲ ਨਹਿਰੂ, ਮਿਸਟਰ ਵੀ. ਜੇ. ਪਟੇਲ, ਲਾਲਾ ਜਮਨਾ ਲਾਲ ਬਜਾਜ, ਬਾਬੂ ਰਾਜਿੰਦ੍ਰ ਪ੍ਰਸਾਦਿ, ਮਿਸਟਰ ਟੀ. ਪ੍ਰਕਾਸ਼ਮ ਆਦਿ ਆਏ ਤੇ ਉਨ੍ਹਾਂ ਸਾਰੇ ਮਾਮਲੇ ਦੀ ਖੋਜ ਕੀਤੀ।

ਸਰਕਾਰੀ ਜ਼ੁਲਮ ਦੇ ਨੰਗਾ ਹੋਣ ਉੱਤੇ ਸਰਕਾਰ ਨੇ ਹਾਰ ਕੇ ਮਾਰ ਕੁਟਾਈ ਬੰਦ ਕਰ ਦਿੱਤੀ ਅਤੇ ੧੩ ਸਤੰਬਰ ਤੋਂ ਪਿੱਛੋਂ ਗ੍ਰਿਫ਼ਤਾਰੀਆਂ ਦੀ ਨੀਤੀ ਆਰੰਭ ਦਿੱਤੀ। ਇਹ ਨੀਤੀ ਕੋਈ ਦੋ ਮਹੀਨੇ ਚਲੀ। ਅੰਤ ੧੭ ਨਵੰਬਰ, ੧੯੨੨ ਨੂੰ ਸਰ ਗੰਗਾਰਾਮ ਨੇ ਸਰਕਾਰ ਨੂੰ ਇਸ ਕੁੜਿਕੀ ਵਿੱਚੋਂ ਕੱਢਿਆ। ਉਸ ਗੁਰੂ ਕੇ ਬਾਗ਼ ਦੀ ਜ਼ਮੀਨ ਠੇਕੇ ਉੱਤੇ ਲੈ ਕੇ ਅਫ਼ਸਰਾਂ ਨੂੰ ਲਿਖ ਦਿਤਾ ਕਿ "ਮੈਨੂੰ ਪੁਲਿਸ ਦੀ ਲੋੜ ਨਹੀਂ", ਤੇ ਆਪਣੇ ਵੱਲੋਂ ਅਕਾਲੀਆਂ ਨੂੰ ਗੁਰੂ ਕੇ ਬਾਗ ਵਿੱਚੋਂ ਲੱਕੜੀਆਂ ਕੱਟਣ ਦੀ ਖੁਲ੍ਹ ਦੇ ਦਿੱਤੀ।

ਗੁਰੂ ਕਾ ਬਾਗ਼ ਦੇ ਮੋਰਚੇ ਦੇ ਕੈਦੀ ਮੁਲਤਾਨ, ਕੈਮਲਪੁਰ, ਅਟਕ ਤੇ ਅੰਬਾਲਾ ਜੇਲ੍ਹ ਵਿਚ ਰੱਖੇ ਜਾਂਦੇ। ਇਥੇ ਕੈਦੀਆਂ ਨਾਲ ਜੋ ਸਖ਼ਤੀਆਂ ਹੁੰਦੀਆਂ, ਉਹ ਬੀ. ਟੀ. ਦੀ ਮਾਰ ਨੂੰ ਵੀ ਭੁਲਾ ਦੇਂਦੀਆਂ। ਰੋਟੀ ਖਰਾਬ, ਆਟੇ ਵਿਚ ਰੇਤਾ, ਦਾਲ ਭਾਜੀ ਨਾਕਿਸ, ਟੱਟੀ ਪੇਸ਼ਾਬ ਉਪਰ ਪਾਬੰਦੀਆਂ, ਖੜੀਆਂ ਹੱਥ-ਕੜੀਆਂ ਤੇ ਡੰਡਾ-ਬੇੜੀਆਂ, ਅਤੇ ਗੱਲ ਗੱਲ ਉੱਤੇ ਬੈਂਤਾਂ ਦੀ ਸਜ਼ਾ, ਬੜੀਆਂ ਆਮ ਗੱਲਾਂ ਸਨ। ਅਕਾਲੀਆਂ ਉਪਰ ਜ਼ੁਲਮ ਢਾਹੁਣ ਵਿਚ ਅਵਲ ਦਰਜੇ ਦਾ ਬਦਨਾਮ ਦਰੋਗਾ ਗੋਕਲਚੰਦ ਸੀ। ਇਸੇ ਨੇ ਪਹਿਲਾਂ ਅਟਕ ਜੇਲ੍ਹ ਵਿਚ ਅਤੇ ਫਿਰ ਮੁਲਤਾਨ ਜੇਲ੍ਹ ਵਿਚ ਕੈਦੀਆਂ ਉਪਰ ਨ ਬਿਆਨ ਕੀਤੀਆਂ ਜਾ ਸਕਣ ਵਾਲੀਆਂ ਮੁਸੀਬਤਾਂ ਤੋੜੀਆਂ, ਜਿਸ ਕਾਰਣ ਬਹੁਤੇ ਕੈਦੀ ਤਰ੍ਹਾਂ ਤਰ੍ਹਾਂ ਦੇ ਰੋਗਾਂ ਵਿਚ ਗ੍ਰਸਤ ਹੋ ਗਏ ਤੇ ਕਈ ਚਲਾਣਾ ਵੀ ਕਰ ਗਏ।

ਗੁਰੂ ਕੇ ਬਾਗ਼ ਦੇ ਮੋਰਚੇ ਸੰਬੰਧੀ ਮਹੰਤ ਨਾਲ ਸਮਝੌਤਾ ਕਰ ਲੈਣ ਬਾਰੇ ਵਿਚਾਰ ਕਰਨ ਲਈ ਇਕ ਵਾਰ ਟੈਲੀਫ਼ੂਨ ਰਾਹੀਂ ਸ਼ਿਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਜੇਲ੍ਹ ਵਿਚ ਬੁਲਾਇਆ ਗਿਆ। ਉਥੇ ਸ. ਮਹਿਤਾਬ ਸਿੰਘ ਆਦਿ ਲੀਡਰ ਵੀ ਮੌਜੂਦ ਸਨ। ਕਮੇਟੀ ਵਲੋਂ ਸ. ਤੇਜਾ ਸਿੰਘ ਸਮੁੰਦ੍ਰੀ ਗਏ। ਉਥੇ ਤਹਿਸੀਲਦਾਰ ਸ. ਬੇਅੰਤ ਸਿੰਘ, ਮਹੰਤ ਸੁੰਦਰ ਦਾਸ, ਆਦਿ ਹਾਜ਼ਰ ਸਨ। ਤਹਿਸੀਲਦਾਰ ਸਾਹਿਬ ਨੇ ਕਿਹਾ ਕਿ ਡੀ. ਸੀ. ਸਾਹਿਬ ਨੇ ਮੈਨੂੰ ਸਮਝੌਤੇ ਲਈ ਭੇਜਿਆ ਹੈ, ਇਸ ਲਈ ਕ੍ਰਿਪਾ ਕਰਕੇ ਸਮਝੌਤਾ ਕਰ ਲਵੋ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਅਗੋਂ ਕਿਹਾ, "ਸਮਝੌਤਾ ਅਸੀਂ ਕਿਸ ਗੱਲ ਦਾ ਕਰੀਏ ? ਆਪਣੇ ਹੱਕ ਮੂਜਬ ਅਸੀਂ ਪਹਿਲਾਂ ਵੀ ਗੁਰੂ ਕੇ ਬਾਗ ਵਿੱਚੋਂ ਲੱਕੜਾਂ ਵੱਢਦੇ ਤੇ ਦੀਵਾਨੀ ਲਾਉਂਦੇ ਸਾਂ,

Digitized by Panjab Digital Library | www.panjabdigilib.org

ਹੁਣ ਵੀ ਲਾਣਾ ਹੈ। ਇਸ ਵਿਚ ਸਾਡਾ ਕੀ ਕਸੂਰ ਹੈ ? ਅਸੀਂ ਬਦ-ਦਿਆਨਤੀ ਨਹੀਂ ਕਰਦੇ, ਨ ਹੀ ਆਪਣਾ ਹੱਕ ਛੱਡਦੇ ਹਾਂ।" ਤਹਿਸੀਲਦਾਰ ਨੇ ਉਨ੍ਹਾਂ ਪਾਸੋਂ ਸਮਝੌਤੇ ਦੀਆਂ ਸ਼ਰਤਾਂ ਪੁੱਛੀਆਂ। ਸਮੁੰਦ੍ਰੀ ਸਾਹਿਬ ਨੇ ਕਿਹਾ, "ਸਾਡੀਆਂ ਸ਼ਰਤਾਂ ਹਨ : ਕਮੇਟੀ ਪਹਿਲੇ ਵਾਂਗ ਹੀ ਗੁਰੂ ਕਾ ਬਾਗ਼ ਦੀ ਝੋਈਂ ਵਿੱਚੋਂ 'ਇਸਤਿਹਕ੍ਾਕ੍ਨ' [as matter of right, ਆਪਣੇ ਹੱਕ ਵਜੋਂ] ਲਕੜੀਆਂ ਵੱਢਿਆ ਕਰੇ; ਦੀਵਾਨ ਲਗਾਇਆ ਕਰੇ, ਜਥੇ ਭੇਜਣ ਦੀ ਕੋਈ ਲੋੜ ਨ ਰਹੇ।" ਤਹਿਸੀਲਦਾਰ ਨੇ ਇਨ੍ਹਾਂ ਸ਼ਰਤਾਂ ਦੀ ਨਕਲ ਮਨਜ਼ੂਰੀ ਲਈ ਡੀ. ਸੀ. ਅੰਮ੍ਰਿਤਸਰ ਨੂੰ ਭੇਜੀ, ਪਰ ਡੀ. ਸੀ. ਨੇ ਲਫ਼ਜ਼ "ਇਸਤਿਹਕ੍ਾਕ੍ਨ" ਮਨਜ਼ੂਰ ਨ ਕੀਤਾ; ਇਸ ਲਈ ਸਮਝੌਤਾ ਨ ਹੋ ਸਕਿਆ।[10]

੧੩ ਅਪ੍ਰੈਲ ੧੯੨੩ ਦੀ ਵਿਸਾਖੀ ਤੋਂ ਦੋ ਦਿਨ ਪਹਿਲਾਂ ਅਚਾਨਕ ਹਿੰਦੂ-ਮੁਸਲਿਮ ਫ਼ਸਾਦ ਸ਼ੁਰੂ ਹੋ ਗਿਆ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਇਨ੍ਹਾਂ ਦੋਹਾਂ ਕੌਮਾਂ ਨੇ ਅਕਾਲੀਆਂ ਨਾਲ ਮਿਲਵਰਤਨ ਦਿੱਤੀ ਸੀ ਤੇ ਸਰਕਾਰ ਇਸ ਏਕੇ ਤੇ ਹੱਕੀ ਬੱਕੀ ਰਹਿ ਗਈ ਸੀ। ਜਿਉਂ ਹੀ ਫ਼ਸਾਦ ਸ਼ੁਰੂ ਹੋਇਆ, ਸ. ਤੇਜਾ ਸਿੰਘ ਸਮੁੰਦ੍ਰੀ, ਮਾ. ਤਾਰਾ ਸਿੰਘ ਆਦਿ ਅਕਾਲੀ ਆਗੂਆਂ ਨੇ ਮੌਕੇ ਦੀ ਨਜ਼ਾਕਤ ਨੂੰ ਤਾੜਦੇ ਹੋਏ ਆਪਣੇ ਵਾਲੰਟੀਅਰ ਭੇਜ ਕੇ ਇਨ੍ਹਾਂ ਫਸਾਦਾਂ ਨੂੰ ਰੋਕਣ ਦਾ ਸਿਰ ਤੋੜ ਜਤਨ ਕੀਤਾ। ਜ਼ਿਲ੍ਹੇ ਦੇ ਹਾਕਮ ਅਜੇ ਅਵੇਸਲੇ ਹੀ ਬੈਠੇ ਸਨ। ਅਮਨ ਲਈ ਵਾਲੰਟੀਅਰ ਭੇਜਣ ਪਿੱਛੋਂ ਸ਼ਿਰੋਮਣੀ ਕਮੇਟੀ ਨੇ ਡੀ. ਸੀ. ਡੰਨਟ ਨੂੰ ਲਿਖਿਆ ਕਿ ਅਸੀਂ ਅਮਨ ਕਾਇਮ ਕਰਨ ਲਈ ੨੦੦ ਅਕਾਲੀ ਵਾਲੰਟੀਅਰ ਦੇ ਸਕਦੇ ਹਾਂ; ਤੁਸੀਂ ਜਿਥੇ ਚਾਹੋ ਸੇਵਾ ਲੈ ਲਓ। ਡੰਨਟ ਨੇ ਇਸ ਪੇਸ਼ਕਸ਼ ਨੂੰ "ਜੀ ਆਇਆਂ" ਕਿਹਾ।

ਅਗਲੇ ਦਿਨ ਡੀ. ਸੀ. ਨੇ ਇਸ ਮਤਲਬ ਦਾ ਇਕ ਨੋਟ ਲਿਖ ਭੇਜਿਆ ਕਿ ਉਹ ਨਿਮਕ ਮੰਡੀ ਤੇ ਕਟੜਾ ਕਰਮ ਸਿੰਘ ਵਿਚ ਕਮੇਟੀ ਦੀ ਮਦਦ ਲੈ ਕੇ ਖੁਸ਼ ਹੋਵੇਗਾ। ਸਰਕਾਰ ਭਾਵੇਂ ਇਹ ਸਹਾਇਤਾ ਲੈਣੀ ਨਹੀਂ ਸੀ ਚਾਹੁੰਦੀ, ਫਿਰ ਵੀ ਡੀ. ਸੀ. ਸਮਝਦਾ ਸੀ ਕਿ ਫ਼ਸਾਦ ਹਟਾਣ ਵਿਚ ਸਿੱਖ ਵਾਲੰਟੀਅਰ ਸ਼ਲਾਘਾਯੋਗ ਕੰਮ ਕਰ ਰਹੇ ਹਨ। ਉਹ ਰਾਤ ਨੂੰ ਘੋੜਿਆਂ ਤੇ ਚੜ੍ਹ ਕੇ ਬਾਜ਼ਾਰਾਂ ਵਿਚ ਘੁੰਮਦੇ ਅਤੇ ਜ਼ਖ਼ਮੀਆਂ ਨੂੰ ਚੁੱਕ ਕੇ ਇਲਾਜ ਲਈ ਅਕਾਲੀਆਂ ਦੇ ਬਾਗ਼ ਵਿਚ ਲੈ ਆਉਂਦੇ। ਉਨ੍ਹਾਂ ਦੀ ਮਦਦ ਮਿਲਣ ਉਪਰੰਤ ਕੋਈ ਵਾਰਦਾਤ ਨ ਹੋਈ ਤੇ ਫ਼ਸਾਦ ਰੁਕ ਗਿਆ।

ਫ਼ਸਾਦਾਂ ਦੇ ਰੁਕਣ ਉਤੇ ਸ਼ਿਰੋਮਣੀ ਕਮੇਟੀ ਨੇ ਹਿੰਦੂ-ਮੁਸਲਮਾਨਾਂ ਵਿਚ ਪਹਿਲਾਂ ਵਰਗੇ ਹਾਲਾਤ ਪੈਦਾ ਕਰਨ ਲਈ ਟਾਊਨ ਹਾਲ, ਅੰਮ੍ਰਿਤਸਰ, ਵਿਚ ੧੪ ਅਪ੍ਰੈਲ ੧੯੨੩ ਨੂੰ ੬੦ ਮੁਖੀ ਹਿੰਦੂ ਮੁਸਲਮਾਨ ਨੇਤਾਵਾਂ ਦੀ ਇਕ ਕਾਨਫ੍ਰੰਸ ਬੁਲਾਈ ਜਿਸ ਦਾ ਪ੍ਰਧਾਨ ਸਰਬ ਸੰਮਤੀ ਨਾਲ ਸ. ਤੇਜਾ ਸਿੰਘ ਸਮੁੰਦ੍ਰੀ ਚੁਣਿਆ ਗਿਆ। ਉਸ ਕਾਨਫ੍ਰੰਸ ਵਿਚ ਸੁਧਾਰ ਲਈ ਵਿਚਾਰ ਕਰਕੇ ਇਕ ਤਿੰਨ ਮੈਂਬਰੀ ਕਮੇਟੀ ਵੀ ਬਣਾਈ ਗਈ।

---

[10] ਦੇਖੋ 'ਖ਼ਾਲਸਾ' (੨੧ ਦਸੰਬਰ ੧੯੨੨), ਪੰਨਾ ੩.

Digitized by Panjab Digital Library | www.panjabdigilib.org

ਉਨ੍ਹਾਂ ਦਿਨਾਂ ਵਿਚ ਹੀ ਬੱਬਰ ਅਕਾਲੀਆਂ ਨੇ ਕੌਮ ਘਾਤਕਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ । ਇਸ ਦਾ ਸਰਕਾਰ ਨੂੰ ਬਹੁਤ ਫ਼ਿਕਰ ਪਿਆ । ਉਹ ਅਕਾਲੀਆਂ ਨੂੰ ਬੱਬਰ ਅਕਾਲੀਆਂ ਨਾਲੋਂ ਨਿਖੇੜਨਾ ਚਾਹੁੰਦੀ ਸੀ । ਇਸ ਕਰਕੇ ਸਰਕਾਰ ਨੇ ਇਕ ਪਾਸੇ ਬੱਬਰ ਅਕਾਲੀਆਂ ਦੇ ਖਿਲਾਫ਼ ਲੱਕ ਬੱਧਾ ਤੇ ਦੂਜੇ ਪਾਸੇ ਅਕਾਲੀ ਕੈਦੀਆਂ ਨੂੰ ਇਹ ਬਹਾਨਾ ਬਣਾ ਕੇ ਰਿਹਾ ਕਰ ਦਿੱਤਾ ਕਿ ਅਕਾਲੀਆਂ ਨੇ ਉਸ ਸਮੇਂ ਦੇ ਹਿੰਦੂ-ਮੁਸਲਿਮ ਫ਼ਸਾਦ ਨੂੰ ਰੋਕਣ ਵਿਚ ਸਰਕਾਰ ਦੀ ਬਹੁਤ ਮਦਦ ਕੀਤੀ ਸੀ । ਸ਼ਿਰੋਮਣੀ ਕਮੇਟੀ ਦੇ ਸ. ਮਹਿਤਾਬ ਸਿੰਘ, ਆਦਿ ਮੁਖੀਆਂ ਨੂੰ ਤਾਂ ੧੪ ਮਾਰਚ, ੧੯੨੩ ਨੂੰ ਰਿਹਾ ਕਰ ਦਿੱਤਾ ਗਿਆ, ਪਰ ਆਮ ਰਿਹਾਈ ੨੯ ਅਪ੍ਰੈਲ ਨੂੰ ਹੋਈ ਤੇ ੩ ਮਈ, ੧੯੨੩ ਤਕ ਸਾਰੇ ਸਿੰਘ ਜੇਲ੍ਹਾਂ ਵਿੱਚੋਂ ਛੁੱਟ ਕੇ ਅੰਮ੍ਰਿਤਸਰ ਪਹੁੰਚ ਗਏ ।

ਗੁਰੂ ਕੇ ਬਾਗ਼ ਦਾ ਮੋਰਚਾ ਸਿੱਖ ਇਤਿਹਾਸ ਦੀ ਬੇਨਜ਼ੀਰ ਘਟਨਾ ਹੈ । ਇਸ ਨੇ ਮੁਗ਼ਲ ਕਾਲ ਵਿਚ ਸਿੱਖਾਂ ਦੀਆਂ ਕੁਰਬਾਨੀਆਂ ਦੀ ਯਾਦ ਇਕ ਵਾਰ ਫਿਰ ਤਾਜ਼ਾ ਕਰਾ ਦਿੱਤੀ । ਦੁਨੀਆ ਸਿੱਖ ਪੰਥ ਦੇ ਸਿਰੜ ਤੇ ਕੁਰਬਾਨੀ ਨੂੰ ਮੰਨ ਗਈ । ਆਲ ਇੰਡੀਆ ਪੱਧਰ ਦੇ ਲੀਡਰ ਨ ਕੇਵਲ ਸਿੱਖਾਂ ਦਾ ਸਨਮਾਨ ਹੀ ਕਰਨ ਲਗ ਪਏ, ਸਗੋਂ ਉਨ੍ਹਾਂ ਨੂੰ ਆਪਣੇ ਨਾਲ ਜੋੜਨ ਦੇ ਅਭਿਲਾਸ਼ੀ ਵੀ ਹੋ ਗਏ । ਸਭ ਤੋਂ ਪਹਿਲਾਂ ਉਨ੍ਹਾਂ ਦੀ ਨਜ਼ਰ ਸ. ਤੇਜਾ ਸਿੰਘ ਸਮੁੰਦ੍ਰੀ ਤੇ ਗਈ ਤੇ ਉਨ੍ਹਾਂ ਇਨ੍ਹਾਂ ਨੂੰ ਆਲ ਇੰਡੀਆ ਕਾਂਗ੍ਰਸ ਦੀ ਵਰਕਿੰਗ ਕਮੇਟੀ ਦਾ ਮੈਂਬਰ ਚੁਣ ਲਿਆ, ਪਰ ਇਸ ਦਾ ਉੱਲੇਖ ਅਸੀਂ ਕਿਸੇ ਅਗਲੇ ਪ੍ਰਕਰਣ ਵਿਚ ਕਰਾਂਗੇ ।

ਗੁਰੂ ਕੇ ਬਾਗ਼ ਦੇ ਮੋਰਚੇ ਦੀ ਇਕ ਵਿਚਿਤ੍ਰ ਰਵਾਇਤ ਜਥਿਆਂ ਦੇ ਚਲਣ ਸਮੇਂ ਕਿਸੇ ਬਾਜ਼ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਲਸ ਤੇ ਆ ਕੇ ਬੈਠਣਾ ਤੇ ਜਥੇ ਦੇ ਨਾਲ ਨਾਲ ਚਲਣਾ ਹੈ । ਲੋਕ ਇਸ ਨੂੰ ਦਸਮ ਪਿਤਾ ਸ੍ਰੀ ਕਲਗ਼ੀਧਰ ਦਾ ਬਾਜ਼ ਆਖਦੇ ਸਨ ਤੇ ਸੱਚ ਲਈ ਜੂਝ ਰਹੇ ਸਿੱਖਾਂ ਦਾ ਸਹਾਈ ਮੰਨਦੇ ਸਨ । ਇਸ ਘਟਨਾ ਨੇ ਸਿਦਕੀ ਸਿੱਖਾਂ ਦੇ ਹੌਂਸਲੇ ਨੂੰ ਖੂਬ ਚੁਕੀ ਰੱਖਿਆ ।

ਗੁਰੂ ਕਾ ਬਾਗ਼ ਦੇ ਮੋਰਚੇ ਵਿਚ ਸ. ਤੇਜਾ ਸਿੰਘ ਨੂੰ ਆਪਣੇ ਇਕ ਅਜ਼ੀਜ਼, ਪ੍ਰਿਥੀਪਾਲ ਸਿੰਘ ਦੀ ਮੌਤ ਦਾ ਸਦਮਾ ਝਲਣਾ ਪਿਆ । ਇਹ ਛੇ ਫੁੱਟਾ ਅਤਿ ਬਾਂਕਾ ਜਵਾਨ ਲਾਇਲਪੁਰ ਦੇ ਜਥੇ ਦਾ ਜਥੇਦਾਰ ਅਤੇ ਤੇਜਾ ਸਿੰਘ ਸਮੁੰਦ੍ਰੀ ਦੀ ਧਰਮ-ਮਾਤਾ, ਮਾਈ ਰਾਧਾ, ਦਾ ਭਾਣਜਾ ਸੀ । ਪ੍ਰੋਫ਼ੈਸਰ ਨਿਰੰਜਨ ਸਿੰਘ ਜੀ ਦਸਦੇ ਹਨ ਕਿ ਇਸ ਦਾ ਪਹਿਲਾ ਨਾਂ ਜਵੰਦ ਸਿੰਘ ਸੀ ਤੇ ਇਹ ਖ਼ਾਲਸਾ ਸਕੂਲ ਅੰਮ੍ਰਿਤਸਰ ਵਿਚ ਪੜ੍ਹਦਾ ਹੁੰਦਾ ਸੀ । ਜਥਿਆਂ ਨੂੰ ਮਾਰ ਪੈਂਦੀ ਵੇਖ ਕੇ ਉਸ ਦਾ ਖ਼ੂਨ ਖੌਲਿਆ । ਉਸ ਪਹਿਲਾਂ ਅੰਮ੍ਰਿਤ ਪਾਣ ਕੀਤਾ ਤੇ ਆਪਣਾ ਨਾਂ ਪ੍ਰਿਥੀਪਾਲ ਸਿੰਘ ਰਖਾਇਆ । ਇਸ ਪਿੱਛੋਂ ਇਹ ਲਾਇਲਪੁਰ ਦੇ ਜਥੇ ਦਾ ਜਥੇਦਾਰ ਬਣ ਕੇ ੫ ਸਤੰਬਰ ਨੂੰ ਮੋਰਚੇ ਤੇ ਪਹੁੰਚਿਆ । ਉਥੇ ਉਸ ਨੂੰ ਸੱਤ ਮਿੰਟਾਂ ਤਕ ਮਾਰ ਪੈਂਦੀ ਰਹੀ । ਛੇ ਸੱਤ ਪੁਲਸੀਏ ਉਸ ਦੀ ਛਾਤੀ ਤੇ ਚੜ੍ਹ ਜਾਂਦੇ ਰਹੇ ਤੇ ਉਹ ਸੂਰਾ ਸਾਰਿਆਂ ਨੂੰ ਲੈ ਕੇ ਉਠ ਖਲੋਂਦਾ ਰਿਹਾ । ਫੇਰ ਪੁਲਸੀਆਂ ਨੇ ਕਹਿਰ

Digitized by Panjab Digital Library | www.panjabdigilib.org

ਵਿਚ ਆ ਕੇ ਸੰਮਾਂ ਵਾਲੀਆਂ ਡਾਂਗਾਂ ਨਾਲ ਉਸ ਦਾ ਅੰਗ ਅੰਗ ਫੇਹ ਦਿੱਤਾ। ਇਸ ਹਾਲਤ ਵਿਚ ਵੀ ਉਹ ਸੱਤ ਵਾਰ ਉਠਿਆ ਤੇ ਰਹਿ ਰਹਿ ਕੇ ਮਾਰ ਖਾਂਦਾ ਰਿਹਾ। ਅੰਤ ਜਦੋਂ ਉਹ ਬੇਹੋਸ਼ ਹੋ ਗਿਆ ਤਾਂ ਉਸ ਨੂੰ ਹੋਰਨਾਂ ਫੱਟੜਾਂ ਨਾਲ ਐਂਬੂਲੈਂਸ ਕਾਰ ਵਿਚ ਪਾ ਕੇ ਅੰਮ੍ਰਿਤਸਰ ਲਿਆਂਦਾ ਗਿਆ। ਸਾਰੀ ਰਾਤ ਉਸ ਨੂੰ ਹੋਸ਼ ਨ ਆਈ। ਲੋਕ ਉਸ ਦੀ ਹਾਲਤ ਦੇਖ ਕੇ ਤ੍ਰਾਹ ਤ੍ਰਾਹ ਕਰ ਉੱਠੇ; ਕਈਆਂ ਨੂੰ ਰਾਤ ਨੀਂਦ ਤਕ ਨ ਆਈ। ਉਸ ਦੀਆਂ ਸੱਟਾਂ ਗੁੱਝੀਆਂ, ਡੂੰਘੀਆਂ ਅਤੇ ਖ਼ਤਰਨਾਕ ਸਨ । ਉਹ ਕਦੇ ਰਾਜ਼ੀ ਹੋ ਜਾਂਦਾ ਤੇ ਕਦੇ ਫਿਰ ਬੀਮਾਰ ਹੋ ਜਾਂਦਾ। ਅੰਤ ੨ ਅਪ੍ਰੈਲ ੧੯੨੪ ਨੂੰ ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ, ਵਿਚ ਆਪਣਾ ਪੰਚ ਭੌਤਿਕ ਸਰੀਰ ਤਿਆਗ ਕੇ ਇਤਿਹਾਸ ਦੇ ਪੰਨਿਆਂ ਵਿਚ ਆਪਣਾ ਨਾਂ ਸਦਾ ਲਈ ਲਿਖਾ ਕੇ ਪਰਲੋਕ ਗਮਨ ਕਰ ਗਿਆ।

Digitized by Panjab Digital Library | www.panjabdigilib.org

੧੨

# ਕੌਮੀ ਸੇਵਾ ਤੇ ਕਾਂਗ੍ਰਸ ਦੀ ਮੈਂਬਰਸ਼ਿਪ

ਸ. ਤੇਜਾ ਸਿੰਘ ਸਮੁੰਦ੍ਰੀ ਤਬੀਅਤ ਕਰਕੇ ਧਾਰਮਿਕ ਪੁਰਸ਼ ਸਨ। ਉਹ ਬਹੁਤਾ ਸਮਾਂ ਗੁਰਬਾਣੀ ਦੇ ਅਭਿਆਸ ਤੇ ਗੁਰਮਤਿ ਦੇ ਪ੍ਰਚਾਰ ਉੱਤੇ ਹੀ ਖਰਚ ਕਰਿਆ ਕਰਦੇ ਸਨ। ਉਨ੍ਹਾਂ ਦੇ ਦਿਲ ਵਿਚ ਗੁਰਦਵਾਰਿਆਂ ਦਾ ਸੁਧਾਰ ਕਰਕੇ ਇਨ੍ਹਾਂ ਨੂੰ ਸਿੱਖ ਧਰਮ ਦੇ ਵੱਡੇ ਕੇਂਦ੍ਰ ਵੇਖਣ ਦੀ ਜ਼ਬਰਦਸਤ ਖ਼ਾਹਿਸ਼ ਸੀ। ਉਨ੍ਹਾਂ ਦੇ ਧਾਰਮਿਕ ਸੁਭਾ ਦੀ ਸਾਖੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਡੰਨਟ ਨੇ ਭਰੀ ਸੀ ਜਿਸ ਦਾ ਉੱਲੇਖ ਅਸੀਂ ਪਿੱਛੇ ਪ੍ਰਕਰਣ ੧੦ ਵਿਚ ਕਰ ਆਏ ਹਾਂ।

ਬਾਵਜੂਦ ਧਾਰਮਿਕ ਰੁਝੇਵਿਆਂ ਦੇ ਸ. ਤੇਜਾ ਸਿੰਘ ਦਾ ਦਿਲ ਕੌਮ ਅਤੇ ਦੇਸ਼ ਲਈ ਪੀੜਿਤ ਰਹਿੰਦਾ ਸੀ। ਇਸ ਦਾ ਇਕ ਕਾਰਣ ਲਾਇਲਪੁਰ ਦੇ ਸ. ਹਰਚੰਦ ਸਿੰਘ ਨਾਲ ਉਨ੍ਹਾਂ ਦਾ ਮੇਲ ਜੋਲ ਸੀ। ਇਹ ਸਰਦਾਰ ਸਾਹਿਬ, ਜਿਵੇਂ ਕਿ ਅਸੀਂ ਉਪਰ ਦੱਸ ਆਏ ਹਾਂ, ਬੜੇ ਗ਼ਦਰੀ ਸੁਭਾ ਵਾਲੇ ਸਨ। ਉਨ੍ਹਾਂ ਦਾ ਘਰ ਦੇਸ਼-ਭਗਤਾਂ ਤੇ ਇਨਕਲਾਬੀਆਂ ਦੀ ਚੰਗੀ ਠਾਹਰ ਸੀ। ਸ. ਤੇਜਾ ਸਿੰਘ ਨੇ ਦੇਸ਼-ਭਗਤੀ ਦੇ ਪਹਿਲੇ ਸਬਕ ਉਥੋਂ ਹੀ ਲਏ ਸਨ।

ਦੇਸ਼-ਭਗਤੀ ਵਲ ਹੋਰ ਵਧੇਰੇ ਝੁਕਣ ਦਾ ਦੂਜਾ ਕਾਰਣ ਉਹ ਨਿਰਾਸ਼ਾ ਸੀ ਜੋ ਉਨ੍ਹਾਂ ਨੂੰ ਬਿਦੇਸ਼ੀ ਸਰਕਾਰ ਵਲੋਂ ਹੋਈ ਸੀ ਤੇ ਜਿਸ ਦੇ ਕੋਝੇ ਮੁਜ਼ਾਹਿਰੇ ਉਨ੍ਹਾਂ ਗੁਰਦਵਾਰਾ ਰਿਕਾਬ ਗੰਜ ਦੀ ਦੀਵਾਰ ਦੇ ਢਾਹੇ ਜਾਣ, ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਅਤੇ ਮਾਰਸ਼ਲ ਲਾਅ ਵੇਲੇ ਕੀਤੀਆਂ ਗਈਆਂ ਸਖ਼ਤੀਆਂ ਸਮੇਂ ਦੇਖੇ ਸਨ। ਗੁਰਦਵਾਰਾ ਸੁਧਾਰ ਸਮੇਂ ਅਕਾਲੀ ਲਹਿਰ ਦੀ ਟੱਕਰ ਮਹੰਤਾਂ ਤੋਂ ਉੱਤੇ ਸਿੱਧੀ ਸਰਕਾਰ ਨਾਲ ਜਾ ਹੋਈ ਸੀ। ਅੰਗਰੇਜ਼ ਸਰਕਾਰ ਮਹੰਤਾਂ ਦੀ ਰਾਖੀ ਬਣ ਕੇ ਅਕਾਲੀ ਲਹਿਰ ਉਪਰ ਹਮਲਾਵਰ ਹੋਈ ਸੀ। ਨਤੀਜਾ ਇਹ ਹੋਇਆ ਕਿ ਅਕਾਲੀ ਲਹਿਰ ਨੂੰ ਵੀ ਸਿੱਧਾ ਸਰਕਾਰ ਵਿਰੋਧੀ ਹੋਣਾ ਪਿਆ। ਕੀ ਲੀਡਰ ਤੇ ਕੀ ਆਮ ਅਕਾਲੀ, ਸਾਰੇ ਆਪਣੇ ਦਿਲਾਂ ਵਿਚ ਸਰਕਾਰ ਨੂੰ ਚਲਦਾ ਕਰਨ ਦੇ ਚਾਹਵਾਨ ਹੋ ਗਏ। ਇਸ ਨਾਲ ਨ ਸਿਰਫ਼ ਅਕਾਲੀਆਂ ਅੰਦਰ, ਸਗੋਂ ਸਾਰੇ ਪੰਜਾਬ ਅੰਦਰ ਸਰਕਾਰ ਵਿਰੋਧੀ ਜਜ਼ਬਾ ਜਾਗ ਉਠਿਆ। ਸ਼ਹਿਰਾਂ ਤੇ ਪਿੰਡਾਂ ਵਿਚ "ਨਹੀਂ ਰੱਖਣੀ ਸਰਕਾਰ ਜ਼ਾਲਮ ਨਹੀਂ ਰਖਣੀ" ਆਮ ਨਾਹਰਾ ਬਣ ਗਿਆ। ਅਕਾਲੀ ਲਹਿਰ ਦਾ ਇਹ ਵਹਾਉ ਸਰਬ ਹਿੰਦ ਕਾਂਗਰਸ ਦੀ ਆਜ਼ਾਦੀ ਦੀ ਲਹਿਰ ਨਾਲ ਸਾਵਾਂ ਹੋਣ ਕਰਕੇ ਆਪਸ ਵਿਚ

Digitized by Panjab Digital Library | www.panjabdigilib.org

ਰਲ ਤੁਰਿਆ । ਫਲਸ੍ਵਰੂਪ ਅਕਾਲੀਆਂ (ਸਿੱਖਾਂ) ਤੇ ਕਾਂਗਰਸੀਆਂ ਦੇ ਜਲਸੇ ਰਲ ਮਿਲ ਕੇ ਹੋਣ ਲਗੇ ।

ਇਨ੍ਹਾਂ ਹਾਲਤਾਂ ਵਿਚ ਸ. ਤੇਜਾ ਸਿੰਘ ਦੀ ਸੋਚਣੀ ਨੇ ਆਪ ਨੂੰ ਇਹ ਇਹਸਾਸ ਕਰਾ ਦਿੱਤਾ ਸੀ ਕਿ ਬਿਦੇਸ਼ੀ ਰਾਜ ਤੋਂ ਛੁਟਕਾਰੇ ਬਿਨਾ ਦੇਸ਼ ਤੇ ਕੌਮ ਦਾ ਕੁਝ ਨਹੀਂ ਸੌਰ ਸਕਦਾ । ਇਸ ਲਈ ਉਨ੍ਹਾਂ ਅਕਾਲੀ ਲਹਿਰ ਦੇ ਨਾਲ ਨਾਲ ਕਾਂਗ੍ਰਸ ਵਿਚ ਸ਼ਾਮਲ ਹੋ ਕੇ ਦੇਸ਼-ਆਜ਼ਾਦੀ ਦੀ ਲੜਾਈ ਵਿਚ ਵੀ ਹਿੱਸਾ ਪਾਣ ਦਾ ਮਨ ਬਣਾਇਆ ।

ਜਿਵੇਂ ਕਿ ਪਿੱਛੇ ਸੰਕੇਤ ਕੀਤਾ ਜਾ ਚੁਕਿਆ ਹੈ, ਮਾਰਸ਼ਲ ਲਾਅ ਸਮੇਂ ਕੀਤੇ ਗਏ ਜ਼ੁਲਮਾਂ ਦੇ ਨਿੰਦਣ ਅਤੇ ਪੰਜਾਬੀਆਂ ਨੂੰ ਹੌਂਸਲਾ ਦੇਣ ਲਈ ਆਲ ਇੰਡੀਆ ਕਾਂਗ੍ਰਸ ਕਮੇਟੀ ਦਾ ਸਾਲਾਨਾ ਇਜਲਾਸ ਦਸੰਬਰ ੧੯੧੯ ਵਿਚ ਜਲ੍ਹਿਆਂ ਵਾਲਾ ਬਾਗ਼, ਅੰਮ੍ਰਿਤਸਰ, ਵਿਚ ਹੋਇਆ, ਜਿਸ ਨਾਲ ਸਿੱਖਾਂ ਵਿਚ ਵੀ ਜਾਗ੍ਰਤੀ ਆਈ ਤੇ ਸੈਂਟ੍ਰਲ ਸਿੱਖ ਲੀਗ ਬਣੀ । ਭਾਵੇਂ ਉਸ ਵੇਲੇ ਇਸ ਦੇ ਵਧੇਰੇ ਲੀਡਰ ਜੀ-ਹਜ਼ੂਰੀਏ ਹੀ ਸਨ, ਉਹ ਹਾਲਾਤ ਤੋਂ ਮਜਬੂਰ ਹੋ ਕੇ ਹੀ ਇਸ ਪਾਸੇ ਝੁਕੇ ਸਨ । ਸੈਂਟ੍ਰਲ ਸਿੱਖ ਲੀਗ ਦਾ ਸਮਾਗਮ ਵੀ ਕਾਂਗ੍ਰਸ ਦੇ ਇਜਲਾਸ ਦੇ ਨਾਲ ਹੀ ਹੋਇਆ । ਉਸ ਵਿਚ ਗਾਂਧੀ, ਤਿਲਕ, ਪੰਡਿਤ ਮਦਨ ਮੋਹਨ ਮਾਲਵੀਆ, ਮੋਤੀ ਲਾਲ ਨਹਿਰੂ, ਹਕੀਮ ਅਜਮਲ ਖਾਂ, ਆਦਿ ਕਾਂਗ੍ਰਸੀ ਲੀਡਰ ਆਏ ਤੇ ਸਿੱਖ ਸਮੱਸਿਆਵਾਂ ਨੂੰ ਸਮਝਣ ਦਾ ਜਤਨ ਕੀਤਾ । ਅਗਲੇ ਸਾਲ, ੨੦ ਅਕਤੂਬਰ ੧੯੨੦ ਨੂੰ ਬ੍ਰੈਡਲਾ ਹਾਲ ਲਾਹੌਰ ਵਿਚ ਹੋਏ ਸੈਂਟ੍ਰਲ ਸਿੱਖ ਲੀਗ ਦੇ ਸਮਾਗਮ ਵਿਚ ਵੀ ਉੱਚ ਕੋਟੀ ਦੇ ਕਾਂਗ੍ਰਸੀ ਲੀਡਰ, ਮਹਾਤਮਾ ਗਾਂਧੀ, ਡਾਕਟਰ ਸੈਫੁੱਦੀਨ ਕਿਚਲੂ, ਦੋਵੇਂ ਅਲੀ ਭਰਾ ਤੇ ਹੋਰ ਲੀਡਰ ਆਏ ਤੇ ਤਕਰੀਰਾਂ ਕੀਤੀਆਂ । ਇਸ ਨਾਲ ਅਕਾਲੀ ਲੀਡਰਾਂ ਦਾ ਰੁਝਾਨ ਕੌਮੀ ਲਹਿਰ ਵਲ ਬਹੁਤ ਵਧ ਗਿਆ । ਬਾਬਾ ਖੜਕ ਸਿੰਘ ਤੇ ਸ. ਤੇਜਾ ਸਿੰਘ ਸਮੁੰਦ੍ਰੀ ਖ਼ਾਸ ਤੌਰ ਤੇ ਕਾਂਗ੍ਰਸ ਨਾਲ ਪੈਰ ਮਿਲਾ ਕੇ ਚੱਲਣ ਲਗੇ ।

ਸੰਨ ੧੯੨੧ ਜਾਂ ੨੨ ਦੇ ਸ਼ੁਰੂ ਦੀ ਗੱਲ ਹੈ; ਕਾਂਗ੍ਰਸ ਦਾ ਇਕ ਜਲਸਾ ਸ. ਤੇਜਾ ਸਿੰਘ ਸਮੁੰਦ੍ਰੀ ਦੇ ਆਪਣੇ ਕਸਬੇ 'ਸਮੁੰਦ੍ਰੀ' ਵਿਚ ਰਖਿਆ ਗਿਆ । ਉਸ ਜਲਸੇ ਵਿਚ ਲਾਲਾ ਲਾਜਪਤ ਰਾਏ ਨੇ ਵੀ ਆਉਣਾ ਸੀ । ਲਾਲਾ ਲਾਜਪਤ ਰਾਏ ਨੂੰ ਸੁਣਨ ਲਈ ਲੋਕ ਦੂਰੋਂ ਦੂਰੋਂ ਆਏ ਹੋਏ ਸਨ । ਜਲਸੇ ਦੀ ਆਉ-ਭਗਤ-ਕਮੇਟੀ ਦੇ ਕਨਵੀਨਰ ਸ. ਤੇਜਾ ਸਿੰਘ ਸਮੁੰਦ੍ਰੀ ਸਨ । ਸਰਕਾਰ ਨੇ ਨਾ-ਮਿਲਵਰਤਨ ਦੀ ਲਹਿਰ ਡਰਾਈ ਤੇ ਦਬਾਈ ਰੱਖਣ ਲਈ ਗੋਰਾ ਫ਼ੌਜ ਥਾਂ ਪਰ ਥਾਂ ਘਲੀ ਹੋਈ ਸੀ । ਇਕ ਦਸਤਾ ਓਦੋਂ ਸਮੁੰਦ੍ਰੀ ਵੀ ਪਹੁੰਚਿਆ ਹੋਇਆ ਸੀ । ਗੋਰਾ ਫ਼ੌਜ ਜਲਸੇ ਵਾਲੀ ਥਾਂ ਪਾਸੋਂ ਮਾਰਚ ਕਰਦੀ ਲੰਘੀ । ਲੋਕ ਉਨ੍ਹਾਂ ਨੂੰ ਵੇਖ ਕੇ ਡਰ ਗਏ ਅਤੇ ਇਧਰ ਉਧਰ ਖਿੰਡ ਗਏ । ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਇਹ ਗੱਲ ਚੰਗੀ ਨ ਲੱਗੀ । ਉਹ ਸਟੇਜ ਤੇ ਖਲੋ ਕੇ ਆਵਾਜ਼ਾਂ ਮਾਰਨ ਲਗੇ ਕਿ "ਲੋਕੋ, ਨਠਦੇ ਕਿਉਂ ਹੋ ? ਗੋਰਾ ਫ਼ੌਜ ਤੁਹਾਨੂੰ ਕਿਤੇ ਖਾ ਨਹੀਂ ਚੱਲੀ । ਆਓ, ਬੈਠੋ ।" ਫ਼ੌਜ ਗੇੜਾ ਕਢ ਕੇ ਚਲੀ ਗਈ, ਪਰ ਉਹ ਉਥੋਂ ਨ ਹਿਲੇ, ਸਗੋਂ ਛੇਤੀ ਹੀ ਫੇਰ ਸਾਰਿਆਂ ਨੂੰ ਇਕੱਠਾ ਕਰ ਲਿਆਏ । ਹੁਣ ਅੱਗੇ ਨਾਲੋਂ ਵੀ ਵੱਡੇਰਾ ਇਕੱਠ ਹੋ ਗਿਆ । ਲਾਲਾ ਲਾਜਪਤ ਰਾਏ ਆਏ । ਵਧ

Digitized by Panjab Digital Library | www.panjabdigilib.org

ਚੜ੍ਹ ਕੇ ਤਕਰੀਰਾਂ ਹੋਈਆਂ। ਕਾਂਗ੍ਰਸੀਆਂ ਨੇ ਸਰਦਾਰ ਹੋਰਾਂ ਦਾ ਬੜਾ ਧੰਨਵਾਦ ਕੀਤਾ। ਆਪ ਨੇ ਅੱਗੋਂ ਕੇਵਲ ਮੁਸਕ੍ਰਾ ਛੱਡਿਆ। ਸ. ਤੇਜਾ ਸਿੰਘ ਜੁਰਅਤ ਵਾਲੇ ਆਦਮੀ ਸਨ; ਕਿਸੇ ਕੋਲੋਂ ਖੌਫ਼ ਨਹੀਂ ਸਨ ਖਾਂਦੇ।

ਪ੍ਰਸਿੱਧ ਇਨਕਲਾਬੀ ਸ. ਗੁਰਚਰਨ ਸਿੰਘ ਸਹੰਸਰਾ ਸਰਦਾਰ ਸਾਹਿਬ ਦੇ ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਹਨ। ਇਨ੍ਹਾਂ ਨੂੰ ਉਨ੍ਹਾਂ ਨਾਲ ਬਚਪਨ ਵਿਚ ਕੁਝ ਚਿਰ ਰਹਿਣ ਦਾ ਮੌਕਾ ਮਿਲਿਆ। ਸਹੰਸਰਾ ਜੀ ਦਸਦੇ ਹਨ ਕਿ ਅੰਤਲੇ ਦਿਨਾਂ ਵਿਚ ਸਰਦਾਰ ਸਾਹਿਬ ਦੀ ਰਾਜਸੀ ਸੂਝ ਦੂਸਰੀਆਂ ਸਾਰੀਆਂ ਸੂਝਾਂ ਉਪਰ ਤਰਜੀਹ ਲੈਣ ਲਗ ਪਈ ਸੀ। ਉਹ ਦਸਦੇ ਹਨ ਕਿ ਇਕ ਵੇਰ ਇਕ ਜਲਸੇ ਵਿਚ ਸਮੁੰਦ੍ਰੀ ਸਾਹਿਬ ਦੇ ਇਕ ਪਰਮ ਮਿੱਤਰ, ਸ. ਉਜਾਗਰ ਸਿੰਘ ਨੇ ਸਰਦਾਰ ਸਾਹਿਬ ਨੂੰ ਸਵਾਲ ਕੀਤਾ ਕਿ ਇਸ ਵਕਤ ਆਪ ਤਿੰਨ ਜਥੇਬੰਦੀਆਂ, ਕਾਂਗ੍ਰਸ, ਸ਼ਿਰੋਮਣੀ ਕਮੇਟੀ ਤੇ ਸਿੱਖ ਲੀਗ, ਦੇ ਮੈਂਬਰ ਹੋ; ਜੇ ਤੁਹਾਨੂੰ ਤਿੰਨੇ ਇਕੋ ਵੇਲੇ ਸੱਦਾ-ਪੱਤਰ ਘਲ ਦੇਣ ਤਾਂ ਤੁਸੀਂ ਕਿਸ ਪਾਸੇ ਜਾਉਗੇ? ਸ. ਤੇਜਾ ਸਿੰਘ ਇਹ ਪ੍ਰਸ਼ਨ ਸੁਣ ਕੇ ਹੱਸ ਪਏ ਤੇ ਕਿਹਾ ਕਿ ਇਸ ਵਕਤ ਮੈਂ ਤਰਜੀਹ ਵੱਡੀ ਕੌਮੀ ਜਥੇਬੰਦੀ, ਕਾਂਗ੍ਰਸ, ਨੂੰ ਦਿਆਂਗਾ, ਫਿਰ ਸਿੱਖ ਲੀਗ ਨੂੰ ਤੇ ਇਸ ਪਿੱਛੋਂ ਕਿਸੇ ਹੋਰ ਸੰਸਥਾ ਨੂੰ। ਫ਼ਰਵਰੀ ੧੯੨੨ ਵਿਚ ਲਾਲਾ ਲਾਜਪਤ ਰਾਏ ਦੇ ਗ੍ਰਿਫ਼ਤਾਰ ਹੋ ਜਾਣ ਤੇ ਪੰਜਾਬ ਕਾਂਗ੍ਰਸ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਥਾਪੇ ਗਏ ਤੇ ਤੇਜਾ ਸਿੰਘ ਸਮੁੰਦ੍ਰੀ ਮੀਤ ਪ੍ਰਧਾਨ। ਸ਼ਿਰੋਮਣੀ ਕਮੇਟੀ ਵ੍ਰਿਚ ਵੀ ਬਾਬਾ ਜੀ ਦੀ ਪ੍ਰਧਾਨਗੀ ਦਾ ਕੰਮ ਵਾਸਤਵ ਵਿਚ ਸਮੁੰਦ੍ਰੀ ਸਾਹਿਬ ਹੀ ਕਰਦੇ ਸਨ ਇਥੇ ਵੀ ਬਾਬਾ ਜੀ ਨੇ ਉਨ੍ਹਾਂ ਨੂੰ ਕੰਮ ਚਲਾਣ ਲਈ ਆਪਣੇ ਨਾਲ ਹੀ ਰੱਖਣਾ ਯੋਗ ਸਮਝਿਆ।

ਦਸੰਬਰ ੧੯੨੨ ਵਿਚ ਕਾਂਗ੍ਰਸ ਦਾ ਸਮਾਗਮ ਗਯਾ ਵਿਚ ਹੋਇਆ। ਉਸ ਸਮਾਗਮ ਉੱਤੇ ੧੨ ਕੁ ਅਕਾਲੀ ਲੀਡਰ ਵੀ ਪਹੁੰਚੇ, ਜਿਨ੍ਹਾਂ ਵਿਚੋਂ ਸ. ਤੇਜਾ ਸਿੰਘ ਸਮੁੰਦ੍ਰੀ, ਮਾ. ਤਾਰਾ ਸਿੰਘ, ਸ. ਦਾਨ ਸਿੰਘ ਵਛੋਆ ਅਤੇ ਸ. ਸਰਮੁਖ ਸਿੰਘ ਦੇ ਨਾਂ ਵਰਣਨ ਯੋਗ ਹਨ। ਉਥੇ ਉਨ੍ਹਾਂ ਸਥਾਨਕ ਸਿੰਘਾਂ ਦੀ ਸਹਾਇਤਾ ਨਾਲ ਬੜੇ ਸਫਲ ਦੀਵਾਨ ਲਗਾਏ ਅਤੇ ਸਭਨਾਂ ਲਈ ਮੁਫ਼ਤ ਲੰਗਰ ਦਾ ਪ੍ਰਬੰਧ ਕੀਤਾ। ਇਨ੍ਹਾਂ ਦਾ ਉਥੇ ਰੁਅਬ-ਦਾਬ ਇੰਨਾ ਜ਼ਿਆਦਾ ਅਤੇ ਸੇਵਾ ਇੰਨੀ ਚੰਗੀ ਸੀ ਕਿ ਇਸ ਪਿੱਛੋਂ ਕਾਲੇ ਦਸਤਾਰਿਆਂ ਵਾਲੇ ਅਕਾਲੀਆਂ ਦਾ ਜਲੂਸ, 'ਸਤਿ ਸ੍ਰੀ ਅਕਾਲ' ਦੇ ਜੈਕਾਰੇ, ਅਤੇ ਮੁਫ਼ਤ ਗੁਰੂ ਦਾ ਲੰਗਰ ਹਰੇਕ ਕਾਂਗ੍ਰਸੀ ਸਮਾਗਮ ਦਾ ਅਟੁੱਟ ਅੰਗ ਬਣ ਗਿਆ।[1]

੨੪ ਦਸੰਬਰ ਨੂੰ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਤੋਂ ਇਕ ਦਿਨ ਪਹਿਲਾਂ ਗਯਾ ਵਿਚ ਇਕ ਭਾਰੀ ਦੀਵਾਨ ਲਾਇਆ ਗਿਆ ਜਿਸ ਵਿਚ ਗੁਰਦਵਾਰਾ ਸੁਧਾਰ ਲਹਿਰ ਬਾਰੇ ਤਕਰੀਰਾਂ ਹੋਈਆਂ। ੨੫ ਦਸੰਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਬੜੀ ਸਜ ਧਜ ਨਾਲ ਮਨਾਇਆ ਗਿਆ। ਸਿਖ ਰਵਾਇਤਾਂ ਅਨੁਸਾਰ ਪਹਿਲਾਂ ਇਕ ਜਲੂਸ ਕੱਢਿਆ

1 See B. Pattabhi Sitaramayya, *History of the Congress*, pp. 443-44.

Digitized by Panjab Digital Library | www.panjabdigilib.org

ਗਿਆ ਤੇ ਫਿਰ ਇਕ ਭਾਰੀ ਦੀਵਾਨ ਲਾਇਆ ਗਿਆ। ਉਸ ਦਿਨ ਦੁਪਹਿਰ ਪਿੱਛੋਂ ਕਾਂਗ੍ਰਸ ਦੀ ਕੋਈ ਕਾਰਵਾਈ ਨ ਹੋਣ ਕਾਰਣ ਬਹੁਤ ਸਾਰੇ ਕਾਂਗ੍ਰਸੀ ਨੇਤਾ ਵੀ ਇਸ ਦੀਵਾਨ ਵਿਚ ਆਏ। ਇਨ੍ਹਾਂ ਵਿੱਚੋਂ ਮਿਸਟਰ ਸੀ. ਆਰ. ਦਾਸ (ਪ੍ਰਧਾਨ ਸਰਬ ਹਿੰਦ ਕਾਂਗ੍ਰਸ), ਪੰਡਿਤ ਮਦਨ ਮੋਹਨ ਮਾਲਵੀਆ, ਮਿਸਟਰ ਵਿਜੈ ਰਘਵਾਚਾਰੀਆ, ਸ੍ਰੀਯੁਤ ਸ੍ਰੀਨਿਵਾਸ ਆਇੰਗਰ, ਬੀ. ਅੰਮਾ (ਸ਼ੌਕਤ ਅਲੀ/ਮੁਹੰਮਦ ਅਲੀ ਦੀ ਮਾਤਾ) ਪੰਡਿਤ ਮੋਤੀ ਲਾਲ ਨਹਿਰੂ ਤੇ ਮਿਸਟਰ ਪਟੇਲ ਦੇ ਨਾਂ ਵਰਣਨ ਯੋਗ ਹਨ। ਇਸ ਮੌਕੇ ਤੇ ਪੰਡਿਤ ਮਦਨ ਮੋਹਨ ਮਾਲਵੀਆ ਤੇ ਬੀ. ਅੰਮਾ ਨੇ ਗੁਰਦਵਾਰਾ ਸੁਧਾਰ ਲਹਿਰ ਵਿਚ ਕੀਤੀਆਂ ਸਿੱਖਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਤੇ ਦੂਜੀਆਂ ਕੌਮਾਂ ਨੂੰ ਅਕਾਲੀਆਂ ਪਾਸੋਂ ਦੇਸ਼-ਸੇਵਾ ਦੀ ਜਾਚ ਸਿੱਖਣ ਦੀ ਪ੍ਰੇਰਣਾ ਦਿੱਤੀ।

ਸ. ਤੇਜਾ ਸਿੰਘ ਸਮੁੰਦ੍ਰੀ ਦੀ ਕਾਂਗ੍ਰਸ ਵਿਚ ਦਿਲਚਸਪੀ ਦਾ ਉੱਲੇਖ ਅਸੀਂ ਉਪਰ ਕਰ ਆਏ ਹਾਂ। ਇਸ ਵਕਤ ਤਕ ਆਪ ਪੰਜਾਬ ਪ੍ਰਾਂਤ ਦੀ ਕਾਂਗ੍ਰਸ ਦੀ ਹਾਈ ਕਮਾਂਡ ਦੇ ਸਰਗਰਮ ਮੈਂਬਰ ਬਣ ਚੁਕੇ ਸਨ। ਅਕਾਲੀ ਮੋਰਚਿਆਂ ਵਿਚ ਉਨ੍ਹਾਂ ਦੀ ਲੀਡਰਸ਼ਿਪ ਖੂਬ ਚਮਕੀ ਸੀ। ਇਸ ਲਈ ਕਾਂਗ੍ਰਸੀ ਲੀਡਰਾਂ ਨੇ ਉਨ੍ਹਾਂ ਨੂੰ ਗਯਾ ਕਾਂਗ੍ਰਸ ਦੇ ਸਮਾਗਮ ਤੇ ਪਹੁੰਚਣ ਲਈ ਕਿਹਾ ਅਤੇ ਉਥੇ ਉਨ੍ਹਾਂ ਨੂੰ ਕਾਂਗ੍ਰਸ ਦੀ ਅਗਲੇ ਸਾਲ ਲਈ ਬਣੀ ਆਲ ਇੰਡੀਆ ਵਰਕਿੰਗ ਕਮੇਟੀ ਦਾ ਮੈਂਬਰ ਲੈ ਲਿਆ ਗਿਆ। ਪੰਜਾਬ ਵਿਚੋਂ ਇਕ ਹੋਰ ਮੈਂਬਰ ਲਾਲਾ ਦੁਨੀ ਚੰਦ ਵੀ ਇਸ ਕਮੇਟੀ ਉਪਰ ਲੈ ਲਿਆ ਗਿਆ। ਆਲ ਇੰਡੀਆ ਕਾਂਗ੍ਰਸ ਵਰਕਿੰਗ ਕਮੇਟੀ ਦੀ ਮੈਂਬਰੀ ਨੇ ਇਨ੍ਹਾਂ ਨੂੰ ਭਾਰਤ ਦੀ ਪੱਧਰ ਦੇ ਕੁਝ ਉਚ ਕੋਟੀ ਦੇ ਮੈਂਬਰਾਂ, ਸ੍ਰੀ ਰਾਜਗੋਪਾਲ ਆਚਾਰਯ, ਸ੍ਰੀ ਟੀ. ਪ੍ਰਕਾਸ਼ਮ, ਸ੍ਰੀ ਗੰਗਾਧਰ ਰਾਓ ਦੇਸ਼ ਪਾਂਡੇ, ਮੌਲਾਨਾ ਅਬਦੁਲ ਕਲਾਮ (ਆਜ਼ਾਦ), ਸ੍ਰੀ ਮਤੀ ਸਰੋਜਨੀ ਨਾਈਡੋ, ਸੇਠ ਜਮਨਾ ਲਾਲ ਬਜਾਜ, ਬਾਬੂ ਰਾਜਿੰਦ੍ਰ ਪ੍ਰਸਾਦ ਤੇ ਸ੍ਰੀ ਵਲਭ ਭਾਈ ਪਟੇਲ, ਨਾਲ ਮਿਲਣ ਦਾ ਮੌਕਾ ਦਿੱਤਾ।

ਇਸੇ ਸਮਾਗਮ ਉਤੇ ਕਾਂਗ੍ਰਸ ਨੇ ਅਕਾਲੀ ਸ਼ਹੀਦਾਂ ਵਲੋਂ ਸ਼ਾਂਤਮਈ ਰਹਿ ਕੇ ਕੀਤੀਆਂ ਕੁਰਬਾਨੀਆਂ ਅਤੇ ਅਹਿੰਸਾ ਦੀ ਕਾਇਮ ਕੀਤੀ ਅਦੁੱਤੀ ਮਿਸਾਲ ਦੀ ਬੜੇ ਜ਼ੋਰ ਸ਼ੋਰ ਨਾਲ ਸ਼ਲਾਘਾ ਕੀਤੀ।[2]

੧ ਜਨਵਰੀ ੧੯੨੩ ਨੂੰ ਆਲ ਇੰਡੀਆ ਕਾਂਗ੍ਰਸ ਕਮੇਟੀ ਨੇ ਸਿਵਲ ਨਾ-ਫ਼ਰਮਾਨੀ ਲਈ ੫੦,੦੦੦ ਵਾਲੰਟੀਅਰ ਭਰਤੀ ਕਰਨ ਤੇ ੨੫ ਲੱਖ ਰੁਪਏ ਇਕੱਠਾ ਕਰਨ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਦੀ ਪਾਲਣਾ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਪਣੇ ਇਲਾਕੇ; ਤਹਿਸੀਲ ਸਮੁੰਦ੍ਰੀ, ਦੇ ਹਰੇਕ ਘਰਾਣੇ ਵਿਚੋਂ ਇਕ ਇਕ ਦੋ ਦੋ ਰੁਪਏ ਇਕੱਠੇ ਕਰਕੇ ਚੋਖੀ ਵੱਡੀ ਰਕਮ ਘੱਲ ਦਿੱਤੀ। ਇਕੱਲੇ ਇਕੱਲੇ ਪਾਸੋਂ ਲਈ ਰਕਮ ਭਾਵੇਂ ਛੋਟੀ ਸੀ ਪਰ ਰਕਮ ਦੇਣ ਵਾਲਿਆਂ ਦੀ ਗਿਣਤੀ ਚੋਖੀ ਵੱਡੀ ਸੀ ਜੋ ਕਾਂਗ੍ਰਸ ਦੇ ਵਧ ਰਹੇ ਰਸੂਖ ਦੀ ਸੂਚਕ ਸੀ।

---

[2] ਉਹੀ, ਪੰਨਾ ੪੨੫.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org




ਚਿਤ੍ਰ ੮. ਕੌਮੀ ਪੱਧਰ ਦੇ ਲੀਡਰਾਂ ਵਿਚ ਸ. ਤੇਜਾ ਸਿੰਘ ਸਮੁੰਦ੍ਰੀ।

Digitized by Panjab Digital Library | www.panjabdigilib.org

ਇਸ ਚੀਜ਼ ਨੇ ਕਾਂਗ੍ਰਸੀ ਲੀਡਰਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਤੇ ਸਮੁੰਦ੍ਰੀ ਸਾਹਿਬ ਦੀ ਮਾਨ ਪ੍ਰਤਿਸ਼ਠਾ ਬਹੁਤ ਵਧ ਗਈ ।

ਸਤੰਬਰ ੧੯੨੩ ਨੂੰ ਦਿੱਲੀ ਵਿਚ ਸਰਬ ਹਿੰਦ ਕਾਂਗ੍ਰਸ ਕਮੇਟੀ ਦੀ ਸਬਜੈਕਟਸ ਕਮੇਟੀ ਦੀ ਇਕਤ੍ਰਤਾ ਇਕ ਹਾਲ ਕਮਰੇ ਵਿਚ ਹੋਈ ਜਿਸ ਵਿਚ ਉਕਤ ਕਮੇਟੀ ਦੇ ਮੈਂਬਰਾਂ ਤੋਂ ਬਿਨਾ ਕਿਸੇ ਹੋਰ ਨੂੰ ਜਾਣ ਦੀ ਆਗਿਆ ਨਹੀਂ ਸੀ । ਸ. ਤੇਜਾ ਸਿੰਘ ਸਮੁੰਦ੍ਰੀ ਉਸ ਕਮੇਟੀ ਦੇ ਮੈਂਬਰ ਸਨ । ਇਸ ਲਈ ਉਹ ਇਸ ਇਕਤ੍ਰਤਾ ਵਿਚ ਸ਼ਾਮਲ ਹੋਏ : ਇਸ ਇਕਤ੍ਰਤਾ ਵਿਚ ਇਕ ਮਤਾ ਸਿਵਲ ਨਾ-ਫ਼ਰਮਾਨੀ ਲਈ ਇਕ ਕਮੇਟੀ ਬਣਾਉਣ ਦਾ ਪਾਸ ਹੋਇਆ । ਕਈ ਮੈਂਬਰਾਂ ਨੇ ਇਸ ਮਤੇ ਦੇ ਹੱਕ ਵਿਚ ਤੇ ਕਈਆਂ ਨੇ ਇਸ ਦੇ ਵਿਰੁੱਧ ਖ਼ਿਆਲ ਪ੍ਰਗਟਾਏ । ਸਮੁੰਦ੍ਰੀ ਸਾਹਿਬ ਨੇ ਇਸ ਦੇ ਹੱਕ ਵਿਚ ਬਿਆਨ ਦੇਂਦਿਆਂ ਕਿਹਾ :

"ਜੇਕਰ ਕਾਂਗ੍ਰਸ ਵਲੋਂ ਸਿਵਲ ਨਾ-ਫ਼ਰਮਾਨੀ ਦਾ ਮੋਰਚਾ ਆਰੰਭ ਕੀਤਾ ਜਾਵੇ, ਜਿਹੜਾ ਕਿ ਮੇਰੇ ਖ਼ਿਆਲ ਵਿਚ ਜ਼ਰੂਰ ਸ਼ੁਰੂ ਹੋਣਾ ਚਾਹੀਦਾ ਹੈ, ਤਾਂ ਜਿਥੇ ਹਿੰਦੂ ਮੁਸਲਮਾਨ ਸਿਵਲ ਨਾ-ਫ਼ਰਮਾਨੀ ਦੇ ਝੰਡੇ ਹੇਠ ਇਕੱਠੇ ਹੋ ਜਾਣਗੇ, ਉਥੇ ਉਨ੍ਹਾਂ ਦੇ ਨਾਲ ਸਿੱਖ ਵੀ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਹੋਣਗੇ ।"[3]

ਉਨ੍ਹਾਂ ਦੀ ਇਸ ਪੇਸ਼ਕਸ਼ ਨੂੰ ਹੀ ਸਰਕਾਰ ਨੇ ਪਿਛੋਂ ਉਨ੍ਹਾਂ ਉਪਰ ਅੰਗਰੇਜ਼ੀ ਸਰਕਾਰ ਵਿਰੁੱਧ ਬਗ਼ਾਵਤ ਕਰਨ ਦੇ ਇਲਜ਼ਾਮ ਲਈ ਵਰਤਿਆ ।

ਸਮੁੰਦ੍ਰੀ ਸਾਹਿਬ ਦੇ ਕਹਿਣ ਉੱਤੇ ਹੀ ਸੈਂਟ੍ਰਲ ਸਿੱਖ ਲੀਗ ਨੇ ਅਗਸਤ ਵਿਚ ਨਾਗਪੁਰ ਵਿਚ ਕੌਮੀ ਝੰਡੇ ਦੇ ਸਤਿਆਗ੍ਰਹ ਸਮੇਂ ਵੱਡੇਰੀ ਗਿਣਤੀ ਵਿਚ ਸਿੱਖ ਵਾਲੰਟੀਅਰ ਭੇਜੇ ਸਨ ।

ਕਾਂਗ੍ਰਸੀ ਹਲਕਿਆਂ ਵਿਚ ਇਸ ਵਕਤ ਤਕ ਆਪ ਨੂੰ ਇੱਨੀ ਮਾਨ ਪ੍ਰਤਿਸ਼ਠਾ ਮਿਲ ਚੁਕੀ ਸੀ, ਤੇ ਆਪ ਇੱਨੇ ਵਧੇਰੇ ਲੋਕਾਂ ਦੇ ਦਿਲਾਂ ਤੇ ਛਾ ਚੁਕੇ ਸਨ ਕਿ ਹੋਰਨਾਂ ਵੱਡੇ ਲੀਡਰਾਂ ਦੇ ਨਾਲ ਉਨ੍ਹਾਂ ਦੀ ਤਸਵੀਰ ਵੀ ਛਪ ਕੇ ਸ਼ਹਿਰ ਸ਼ਹਿਰ ਤੇ ਕਸਬੇ ਕਸਬੇ ਵਿਕਣ ਲਗ ਪਈ ਸੀ । ਸੰਨ ੧੯੩੦ ਦੇ ਸਿਵਲ ਨਾ-ਫ਼ਰਮਾਨੀ ਵਾਲੇ ਦਿਨਾਂ ਦੀ, ਜਾਂ ਫਿਰ ਕੁਝ ਚਿਰ ਪਿੱਛੋਂ ਦੀ ਇਕ ਤਸਵੀਰ ਸਾਨੂੰ ਕਿਸੇ ਪੁਰਾਣੇ ਸੰਗ੍ਰਹਿ ਵਿਚ ਵੇਖਣ ਦਾ ਮੌਕਾ ਮਿਲਿਆ ਹੈ । ਇਸ ਵਿਚ ਚਿਤ੍ਰਕਾਰ ਨੇ ਭਾਰਤ ਮਾਤਾ ਦੀ ਆਜ਼ਾਦੀ ਦੇ ਰਥ ਨੂੰ ਚਲਾਣ ਵਾਲੇ ਮਹਾਤਮਾ ਗਾਂਧੀ ਜੀ ਦਿਖਾਏ ਹਨ । ਪੰਡਿਤ ਜਵਾਹਰ ਲਾਲ ਨਹਿਰੂ ਨੇ ਆਜ਼ਾਦੀ ਦਾ ਝੰਡਾ ਚੁਕਿਆ ਹੋਇਆ ਹੈ ਤੇ ਸੁਭਾਸ਼ ਚੰਦ੍ਰ ਬੋਸ ਅਤੇ ਇਕ ਇਸਤ੍ਰੀ, ਸੈਨਿਕ ਪੋਸ਼ਾਕ ਪਹਿਨੀ ਐਸਕੋਰਟ ਦਾ ਕੰਮ ਕਰ ਰਹੇ ਹਨ । ਇਨ੍ਹਾਂ ਦੇ ਉਪਰ ਇਕ ਕਤਾਰ ਵਿਚ ਖਲੋਤੇ ਕਾਂਗ੍ਰਸ ਦੇ ਪ੍ਰਸਿੱਧ ਸ੍ਵਰਗਵਾਸੀ ਆਗੂ ਹਕੀਮ ਅਜਮਲ ਖਾਂ, ਪੰਡਿਤ ਮੋਤੀ ਲਾਲ ਨਹਿਰੂ,

---

[3] *Akali Leaders' Case* (Court Proceeding), p. 812.

Digitized by Panjab Digital Library | www.panjabdigilib.org

ਸ੍ਰੀ ਆਰ. ਦਾਸ, ਦਾਦਾ ਭਾਈ ਨਾਓਰੋਜੀ, ਲਾਲਾ ਲਾਜਪਤ ਰਾਏ, ਸ. ਤੇਜਾ ਸਿੰਘ ਸਮੁੰਦ੍ਰੀ ਤੇ ਲੋਕਮਾਨੀਆ ਤਿਲਕ ਰੱਥ ਉੱਤੇ ਪੁਸ਼ਪ ਬਰਖਾ ਕਰ ਰਹੇ, ਮਾਣੋ ਆਜ਼ਾਦੀ ਦੀ ਜੰਗ ਵਲ ਵਧ ਰਹੀ ਕਾਂਗ੍ਰਸ ਲਹਿਰ ਨੂੰ ਅਸੀਸ ਦੇ ਰਹੇ ਹਨ।

ਇਸੇ ਮਤਲਬ ਦੀ ਇਕ ਹੋਰ ਘਟਨਾ ਸ. ਤੇਜਾ ਸਿੰਘ ਚੂਹੜਕਾਣਾ ਦੀ ਜ਼ਬਾਨੀ ਸੁਣੋ। ਉਹ ਦਸਦੇ ਸਨ ਕਿ ਇਕ ਵੇਰ ਉਹ ਲਾਇਲਪੁਰ ਜਾਣ ਲਈ ਗੱਡੀ ਤੇ ਚੜ੍ਹੇ। ਇਤਫ਼ਾਕ ਨਾਲ ਡੱਬਾ ਫਸਟ ਕਲਾਸ ਦਾ ਸੀ ਤੇ ਉਸ ਵਿਚ ਪੰਡਿਤ ਮਦਨ ਮੋਹਨ ਮਾਲਵੀਆ ਸਫ਼ਰ ਕਰ ਰਹੇ ਸਨ ; ਉਹ ਵੀ ਲਾਇਲਪੁਰ ਜਾ ਰਹੇ ਸਨ। ਫਸਟ ਕਲਾਸ ਦਾ ਡੱਬਾ ਵੇਖ ਕੇ ਸ. ਤੇਜਾ ਸਿੰਘ ਚੂਹੜਕਾਣਾ ਕੁਝ ਠਠੰਬਰਿਆ, ਪਰ ਪੰਡਿਤ ਮਾਲਵੀਆ ਨੇ ਉਸ ਨੂੰ ਪਛਾਣ ਲਿਆ ਤੇ ਡੱਬੇ ਵਿਚ ਆ ਕੇ ਬੈਠਣ ਲਈ ਕਿਹਾ। ਚੂਹੜਕਾਣਾ ਸਰਦਾਰ ਨੇ ਟਿਕਟ ਤੀਜੇ ਦਰਜੇ ਦਾ ਹੋਣ ਦੀ ਮਜਬੂਰੀ ਦੱਸੀ। ਪੰਡਿਤ ਜੀ ਨੇ ਕਿਹਾ : "ਕੋਈ ਡਰ ਨਹੀਂ, ਆ ਜਾਓ, ਵਾਧੂ ਪੈਸੇ ਮੈਂ ਦੇ ਦਿਆਂਗਾ।" ਰਸਤੇ ਵਿਚ ਗੱਲਾਂ ਹੋਣ ਲਗ ਪਈਆਂ। ਮਾਲਵੀਆ ਜੀ ਨੇ ਪੁੱਛਿਆ ਕਿ ਸਿੱਖਾਂ ਵਿਚ ਕੌਣ ਬੜਾ ਆਦਮੀ ਹੈ ? ਚੂਹੜਕਾਣਾ ਸਾਹਿਬ ਨੇ ਸੋਚ ਸੋਚ ਕੇ ਉੱਤਰ ਦਿੱਤਾ ; "ਤੇਜਾ ਸਿੰਘ ਸਮੁੰਦ੍ਰੀ।" ਉਨ੍ਹਾਂ ਅੱਗੋਂ ਕਿਹਾ : "ਠੀਕ ਹੈ, ਸਾਡਾ ਵੀ ਸਾਰੇ ਸੈਂਟਰ ਦਾ ਇਹੋ ਖ਼ਿਆਲ ਹੈ।"

ਚੂਹੜਕਾਣਾ ਸਾਹਿਬ ਤਾਂ ਕਹਿੰਦੇ ਸੀ ਕਿ ਜੇ ਸ. ਤੇਜਾ ਸਿੰਘ ਸਮੁੰਦ੍ਰੀ ਜੀਉਂਦਾ ਰਹਿੰਦਾ ਤਾਂ ਉਹ ਛੇਤੀ ਹੀ ਰਾਸ਼ਟ੍ਰੀ ਪੱਧਰ ਉਤੇ ਕਾਂਗ੍ਰਸ ਦਾ ਪ੍ਰਧਾਨ ਬਣ ਜਾਂਦਾ।

ਗੁਰੂ ਕੇ ਬਾਗ਼ ਦਾ ਮੋਰਚਾ ਤਾਂ ਸਰ ਗੰਗਾਰਾਮ ਦੇ ਵਿਚ ਪੈਣ ਨਾਲ ਮੁਕ ਗਿਆ। ਪਰ ਸਰਕਾਰ ਨੇ ਕੈਦੀ ਨ ਛੱਡੇ ਤੇ ਨ ਹੀ ਗੁਰਦਵਾਰਿਆਂ ਦੇ ਸਵਾਲ ਨੂੰ ਸੁਲਝਾਉਣ ਲਈ ਕੋਈ ਤਸੱਲੀ ਬਖ਼ਸ਼ ਵਤੀਰਾ ਫੜਿਆ। ਉਸ ਸਮੇਂ ਸਰਕਾਰ ਨੂੰ ਤਾੜਨਾ ਦੇਂਦੇ ਹੋਏ ਸ. ਤੇਜਾ ਸਿੰਘ ਸਮੁੰਦ੍ਰੀ ਨੇ ਕਿਹਾ ਸੀ : "ਮਹਾਤਮਾ ਗਾਂਧੀ ਜੀ ਤਾਂ ਬਾਰਦੋਲੀ ਵਿਚ ਢੇਰੀ ਢਾਹ ਬੈਠੇ ਹਨ, ਪਰ ਹੁਣ ਅਸੀਂ ਤਰਨ ਤਾਰਨ ਦੇ ਇਲਾਕੇ ਵਿਚ ਬਾਰਦੋਲੀ ਬਣਾ ਕੇ ਵਿਖਾਵਾਂਗੇ ਅਤੇ ਮਾਮਲਾ ਨ ਦੇਣ ਦੀ ਸਿਵਲ ਨਾ-ਫ਼ਰਮਾਨੀ ਸ਼ੁਰੂ ਕਰ ਕੇ ਦਸਾਂਗੇ ਕਿ ਸਰਕਾਰ ਕਿਸ ਤਰ੍ਹਾਂ ਸਿੱਖਾਂ ਦੀਆਂ ਜਾਇਜ਼ ਮੰਗਾਂ ਨਹੀਂ ਮੰਨਦੀ।"[4] ਜੇ ਸਰਕਾਰ ਕੁਝ ਚਿਰ ਹੋਰ ਗੁਰੂ ਕੇ ਬਾਗ਼ ਦੇ ਕੈਦੀ ਨ ਛੱਡਦੀ ਤਾਂ ਸਰਕਾਰ ਨਿਸਚੇ ਹੀ ਇਸ ਗੱਲ ਨੂੰ ਅਮਲੀ ਜਾਮਾ ਪਹਨਾਇਆ ਦੇਖ ਲੈਂਦੀ।

ਇੰਜ ਆਪ ਨਿਰੇ ਧਾਰਮਿਕ ਆਗੂ ਹੀ ਨਹੀਂ ਸਨ, ਦੇਸ਼ ਆਜ਼ਾਦੀ ਦੀ ਖ਼ਾਤਰ ਅੰਗਰੇਜ਼ਾਂ ਨਾਲ ਮੱਥਾ ਲਾਣ ਵਾਲੇ ਯੋਧੇ ਵੀ ਸਨ। ਜੇ ਜ਼ਰਾ ਡੂੰਘੀ ਨੀਝ ਨਾਲ ਦੇਖਿਆ ਜਾਏ ਤਾਂ ਉਸ ਵੇਲੇ ਦਾ ਹਰੇਕ ਅੰਦੋਲਨ—ਉਹ ਗੁਰਦਵਾਰੇ, ਮੰਦਿਰ ਜਾਂ ਮਸਜਦ ਵਿੱਚੋਂ ਉਠਿਆ ਤੇ ਭਾਵੇਂ ਖੇਤਾਂ, ਕਾਰਖਾਨਿਆਂ, ਰੇਲਾਂ ਤੇ ਵਰਕਸ਼ਾਪਾਂ ਵਿੱਚੋਂ—ਸੁਤੰਤਰਤਾ

---

[4] ਹੀਰਾ ਸਿੰਘ ਦਰਦ, "ਸਰਦਾਰ ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨ ਕਥਾ", 'ਫੁਲਵਾੜੀ' (ਅਗਸਤ ੧੯੨੬), ਪੰਨਾ ੮੪੪.

Digitized by Panjab Digital Library | www.panjabdigilib.org

ਲਈ ਲੜੀ ਜਾ ਰਹੀ ਜੰਗ ਹੀ ਸੀ। ਗੁਰਦਵਾਰਾ ਲਹਿਰ ਇਕ ਤਰ੍ਹਾਂ ਦੇਸ਼ ਦੀ ਆਜ਼ਾਦੀ ਦੀ ਜੰਗ ਦਾ ਪੇਸ਼-ਖੇਮਾ ਸੀ, ਕਿਉਂਜੋ ਸਰਕਾਰ ਗੁਰਦਵਾਰਿਆਂ ਉਤੇ ਕਾਬਿਜ਼ ਪੁਜਾਰੀ ਸ਼੍ਰੇਣੀ ਨੂੰ ਆਪਣੇ ਹੱਥ ਵਿਚ ਰੱਖ ਕੇ ਭਾਰਤ ਦੀ ਆਜ਼ਾਦੀ ਨੂੰ ਸਦਾ ਪਿੱਛੇ ਪਾਣਾ ਲੋੜਦੀ ਸੀ ਤੇ ਸਰਕਾਰ ਦੇ ਇਸ ਦਾਅ ਨੂੰ ਸਿੱਖਾਂ ਚਲਣ ਨ ਦਿੱਤਾ।

ਸ਼ਿਰੋਮਣੀ ਕਮੇਟੀ ਤੇ ਸ਼ਿਰੋਮਣੀ ਅਕਾਲੀ ਦਲ ਦੇ ਮੋਰਚੇ ਗੁਰਦਵਾਰਿਆਂ ਦੀ ਆਜ਼ਾਦੀ ਲਈ ਹੀ ਨਹੀਂ ਸਨ, ਸਗੋਂ ਪਾਪ, ਜ਼ੁਲਮ, ਭ੍ਰਿਸ਼ਟਾਚਾਰ ਤੇ ਬਦੇਸ਼ੀ ਸਰਕਾਰ ਦੇ ਜਬਰ ਵਿਰੁੱਧ ਖੁਲ੍ਹਾ ਪ੍ਰੋਟੈਸਟ ਸਨ। ਸਰਕਾਰ ਦੇ ਭ੍ਰਿਸ਼ਟਾਚਾਰ, ਬਦੀ ਤੇ ਜ਼ੁਲਮ ਦੇ ਵਿਰੁੱਧ ਜੰਗ ਲੜਨ ਲਈ ਸ਼ਿਰੋਮਣੀ ਅਕਾਲੀ ਦਲ ਇਕ ਜਥੇਬੰਦੀ ਸੀ ਤੇ ਇਸ ਦੇ ਇਕ ਸ੍ਰੇਸ਼ਟ ਮੈਂਬਰ ਸ. ਤੇਜਾ ਸਿੰਘ ਸਮੁੰਦ੍ਰੀ ਸਨ।

Digitized by Panjab Digital Library | www.panjabdigilib.org

੧੩

# ਮੁਕਤਸਰ ਤੇ ਖਡੂਰ ਸਾਹਿਬ

ਮੁਕਤਸਰ ਦੇ ਗੁਰਦਵਾਰੇ ਸੰਬੰਧੀ ਬੜੇ ਚਿਰ ਤੋਂ ਕੰਨਸੋਆਂ ਆ ਰਹੀਆਂ ਸਨ ਕਿ ਇਨ੍ਹਾਂ ਗੁਰਧਾਮਾਂ ਦਾ ਪ੍ਰਬੰਧ ਠੀਕ ਨਹੀਂ । ਇਸ ਵਕਤ ਤਕ ਸਾਰੇ ਵੱਡੇ ਵੱਡੇ ਗੁਰਦਵਾਰੇ ਪੰਥ ਦੇ ਕਬਜ਼ੇ ਵਿਚ ਆ ਚੁਕੇ ਸਨ, ਥੋੜੇ ਹੀ ਬਾਹਰ ਸਨ । ਮੁਕਤਸਰ ਦੇ ਗੁਰਦਵਾਰਿਆਂ ਦੀ ਗੁੱਥੀ ਸੁਲਝਾਉਣ ਲਈ ਸ਼ਿਰੋਮਣੀ ਕਮੇਟੀ ਨੇ ਸ. ਰਘਬੀਰ ਸਿੰਘ ਤੇ ਸ. ਜਗਤ ਸਿੰਘ ਪ੍ਰਦੇਸੀ ਨੂੰ ਪੁਜਾਰੀਆਂ ਪਾਸ ਭੇਜਿਆ । ਉਨ੍ਹਾਂ ਨੂੰ ਇਸ ਸੰਬੰਧੀ ਕਈ ਵਾਰ ਸੋਚਣ ਦਾ ਮੌਕਾ ਵੀ ਦਿੱਤਾ ਗਿਆ, ਪਰੰਤੂ ਉਨ੍ਹਾਂ ਵਲੋਂ ਕੋਈ ਤਸੱਲੀ-ਬਖ਼ਸ਼ ਉੱਤਰ ਨ ਮਿਲਿਆ । ਇਸ ਉਪਰ ਕਮੇਟੀ ਨੇ ਉਥੇ ਇਕ ਦੀਵਾਨ ਰੱਖਣ ਦਾ ਫ਼ੈਸਲਾ ਕੀਤਾ । ਇਸ ਮਤਲਬ ਲਈ ੧੬ ਫਰਵਰੀ ੧੯੨੩ ਨੂੰ ਸ਼ਿਰੋਮਣੀ ਕਮੇਟੀ ਦੇ ਕੁਝ ਮੈਂਬਰ ਸ੍ਰੀ ਮੁਕਤਸਰ ਪੁੱਜੇ । ਉਨ੍ਹਾਂ ਵਿੱਚੋਂ ਸ. ਤੇਜਾ ਸਿੰਘ ਸਮੁੰਦ੍ਰੀ, ਕਪਤਾਨ ਰਾਮ ਸਿੰਘ, ਸ. ਤਾਰਾ ਸਿੰਘ, ਰਿਸਾਲਦਾਰ ਸੁੰਦਰ ਸਿੰਘ ਦੇ ਨਾਂ ਵਰਣਨ ਯੋਗ ਹਨ ।

ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਦੀਵਾਨ ੧੬ ਫਰਵਰੀ ੧੯੨੩ ਨੂੰ ਮੁਕਤਸਰ ਦੇ ਬਾਹਰ ਇਕ ਖੇਤ ਵਿਚ ਸ਼ਾਮਿਆਨਾ ਲਗਾ ਕੇ ਕੀਤਾ ਗਿਆ । ਉਕਤ ਚਾਰ ਮੈਂਬਰ ਉਸ ਦਿਨ ਕੜਾਹ ਪ੍ਰਸ਼ਾਦ ਲੈ ਕੇ ਸ੍ਰੀ ਦਰਬਾਰ ਸਾਹਿਬ ਗਏ । ਪੁਜਾਰੀਆਂ ਅਰਦਾਸਾ ਤਾਂ ਕਰ ਦਿੱਤਾ ਪਰ ਪ੍ਰਸ਼ਾਦ ਇਨ੍ਹਾਂ ਚੌਹਾਂ ਵਿਚ ਹੀ ਵੰਡ ਕੇ ਬਾਕੀ ਦਾ ਵਾਪਸ ਕਰ ਦਿੱਤਾ । ਗੁਰਦਵਾਰਿਆਂ ਦਾ ਕਬਜ਼ਾ ਦੇਣ ਲਈ ਪੁਜਾਰੀਆਂ ਨਾਲ ਗੱਲ ਚਲਦੀ ਰਹੀ । ੧੭ ਫ਼ਰਵਰੀ ਨੂੰ ਸ. ਅਨੋਖ ਸਿੰਘ ਤੇ ਉਸ ਦੇ ਭਰਾ ਨੇ ਖ਼ੁਸ਼ੀ ਨਾਲ ਗੁਰਦਵਾਰਾ ਤੰਬੂ ਸਾਹਿਬ ਸ਼ਿਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤਾ । ਫੇਰ ਹਰ ਰੋਜ਼ ਉਥੇ ਦੀਵਾਨ ਹੋਣ ਲਗ ਪਿਆ ।

੧੭ ਦੀ ਸ਼ਾਮ ਨੂੰ ਸਰਕਾਰ ਵਲੋਂ ਮੁਕਤਸਰ ਸਾਹਿਬ ਦੀ ਬਣੀ ਲੋਕਲ ਕਮੇਟੀ ਦੇ ਮੈਂਬਰ ਸ਼ਿਰੋਮਣੀ ਕਮੇਟੀ ਦੇ ਮੈਂਬਰਾਂ ਪਾਸ ਆਏ ਤੇ ਕਹਿਣ ਲਗੇ ਕਿ ਉਨ੍ਹਾਂ ਨੂੰ ਸੋਚਣ ਦਾ ਮੌਕਾ ਦਿੱਤਾ ਜਾਵੇ । ਡਿਪਟੀ ਕਮਿਸ਼ਨਰ, ਕੋਲਡ ਸਟਰੀਮ, ਦਾ ਵੀ ਇਹੋ ਵਿਚਾਰ ਸੀ । ਇਸ ਲਈ ੧੮ ਤਾਰੀਖ਼ ਨੂੰ ਕੁਝ ਨ ਕੀਤਾ ਗਿਆ । ਜਦ ਕੋਈ ਉੱਤਰ ਨ ਆਇਆ ਤਾਂ ਉਸ ਦਿਨ ਸ਼ਾਮ ਨੂੰ ਇਕ ਗੁਰਮਤੇ ਰਾਹੀਂ ਇਹ ਪਾਸ ਹੋਇਆ ਕਿ ਸਵੇਰੇ ੯ ਵਜੇ ਦਰਬਾਰ ਸਾਹਿਬ ਦੀਵਾਨ ਕੀਤਾ ਜਾਵੇ ਤੇ ਉਥੇ ਹੀ ਕਬਜ਼ੇ ਸੰਬੰਧੀ ਪੁਜਾਰੀਆਂ ਪਾਸੋਂ ਜਵਾਬ ਲਿਆ ਜਾਵੇ । ਫ਼ੈਸਲੇ ਅਨੁਸਾਰ ੧੯ ਫ਼ਰਵਰੀ ੧੯੨੩ ਨੂੰ ਗੁਰਦਵਾਰਾ ਤੰਬੂ ਸਾਹਿਬ ਤੋਂ ੧੦੦

Digitized by Panjab Digital Library | www.panjabdigilib.org

ਸਿੰਘਾਂ ਦਾ ਇਕ ਸ਼ਹੀਦੀ ਜਥਾ ਕਪਤਾਨ ਰਾਮ ਸਿੰਘ ਦੀ ਕਮਾਨ ਹੇਠ ਸ੍ਰੀ ਦਰਬਾਰ ਸਾਹਿਬ ਪਹੁੰਚਿਆ ਤੇ ਉਥੇ ਦੀਵਾਨ ਸਜਾ ਕੇ ਅਖੰਡ ਪਾਠ ਰੱਖ ਦਿੱਤਾ ਤੇ ਦਰਵਾਜ਼ਿਆਂ ਤੇ ਪਹਿਰੇਦਾਰ ਬਿਠਾ ਦਿੱਤੇ ਕਿਉਂਜੋ ਪੁਜਾਰੀ ਗੁਰਦਵਾਰੇ ਸ਼ਿਰੋਮਣੀ ਕਮੇਟੀ ਦੇ ਹਵਾਲੇ ਕਰਨ ਦੀ ਥਾਂ ਅਖੰਡ ਪਾਠ ਵਿਚ ਰੁਕਾਵਟਾਂ ਪਾ ਰਹੇ ਸਨ ਤੇ ਉਨ੍ਹਾਂ ਕਈ ਗੁੰਡੇ ਸ਼ਰਾਰਤ ਤੇ ਖ਼ੂਨ ਖਰਾਬੇ ਲਈ ਇਕੱਠੇ ਕੀਤੇ ਹੋਏ ਸਨ। ਉਸ ਵੇਲੇ ਅਕਾਲੀ ਵੀ ਹਜ਼ਾਰਾਂ ਦੀ ਗਿਣਤੀ ਵਿਚ ਉੱਥੇ ਇਕੱਠੇ ਹੋਏ ਹੋਏ ਸਨ। ਸ. ਤੇਜਾ ਸਿੰਘ ਸਮੁੰਦ੍ਰੀ ਦੀ ਨੀਤੀ ਸ਼ਾਂਤ ਰਹਿ ਕੇ ਕਬਜ਼ਾ ਕਰਨ ਦੀ ਸੀ। ਉਸ ਦਿਨ ਸਿੰਘਾਂ ਬੜੀ ਸਖ਼ਤ ਡਿਊਟੀ ਦਿੱਤੀ; ਸਾਰਾ ਦਿਨ ਫ਼ਾਕੇ ਹੀ ਰਹਿਣਾ ਪਿਆ। ਫ਼ਸਾਦ ਦੇ ਡਰ ਤੋਂ ਸਾਰਾ ਦਿਨ ਤੇ ਰਾਤ, ਅਕਾਲੀਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਦੁਆਲੇ, ਅੰਦਰਵਾਰ ਤੇ ਛੱਤਾਂ ਉਤੇ ਪਹਿਰਾ ਦਿੱਤਾ। ਪੁਜਾਰੀ ਰਾਤ ਭਰ ਅੰਦਰ ਅੜੇ ਰਹੇ ਪਰ ਉਨ੍ਹਾਂ ਖ਼ਜ਼ਾਨੇ ਆਦਿ ਦੀਆਂ ਕੁੰਜੀਆਂ ਨ ਦਿੱਤੀਆਂ। ਰਾਤ ਨੂੰ ਕੋਈ ਫ਼ਸਾਦ ਨ ਹੋਇਆ। ਇਲਾਕੇ ਦੇ ਲੀਡਰ ਸਮਝੌਤਾ ਕਰਵਾਉਣ ਦਾ ਯਤਨ ਕਰਦੇ ਰਹੇ।

੧੯ ਫ਼ਰਵਰੀ ਦੀ ਰਾਤ ਨੂੰ ਪੁਜਾਰੀ ਦਰਬਾਰ ਸਾਹਿਬ ਦੇ ਅਸਲ ਮਕਾਨ ਨੂੰ ਜੰਦਰਾ ਲਾ ਕੇ ਕਿਤੇ ਚਲੇ ਗਏ। ਪੁਜਾਰੀਆਂ ਦਾ ਮੁਖੀ ਮਹੰਤ ਕਰਤਾਰ ਸਿੰਘ ੨੦ ਫ਼ਰਵਰੀ ਨੂੰ ਡਰਦਾ ਕਿਸੇ ਪਿੰਡ ਜਾ ਲੁਕਿਆ। ਉਸ ਦਿਨ ਕੋਈ ਵੀ ਪੁਜਾਰੀ ਨ ਆਇਆ, ਨ ਕਿਸੇ ਜੰਦਰਾ ਖੋਲ੍ਹਿਆ, ਨ ਸ਼ਸਤ੍ਰਾਂ ਨੂੰ ਇਸ਼ਨਾਨ ਕਰਾਇਆ, ਅਤੇ ਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਇਹ ਅਵੱਗਿਆ ਇਸ ਗੁਰਦਵਾਰੇ ਦੇ ਇਤਿਹਾਸ ਵਿਚ, ਸ਼ਾਇਦ, ਪਹਿਲੀ ਵਾਰ ਹੋਈ। ਇਸ ਕਾਰਣ ਸੰਗਤ ਬਹੁਤ ਨਾਰਾਜ਼ ਸੀ। ਕੁਝ ਸਿਆਣੇ ਪੁਜਾਰੀ ਸਮਝੌਤਾ ਕਰਨਾ ਚਾਹੁੰਦੇ ਸਨ, ਪਰ ਉਹ ਆਪਣੇ ਉਜੱਡ ਤੇ ਅੜਬ ਸਾਥੀਆਂ ਤੋਂ ਡਰਦੇ ਚੁਪ ਕਰੀ ਬੈਠੇ ਸਨ।

੨੦ ਫ਼ਰਵਰੀ ਦੀ ਸ਼ਾਮ ਨੂੰ ਹੋਏ ਦੀਵਾਨ ਵਿਚ ਪੁਜਾਰੀਆਂ ਨੂੰ 'ਤਨਖਾਹੀਆ' ਕਰਾਰ ਦਿੱਤਾ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਭਰੇ ਦੀਵਾਨ ਵਿਚ ਸੰਗਤ ਵਿਚ ਹਾਜ਼ਰ ਹੋ ਕੇ ਆਪਣਾ ਕਸੂਰ ਬਖ਼ਸ਼ਾਉਣ, ਪਰ ਪੁਜਾਰੀਆਂ ਨੇ ਕੋਈ ਪਰਵਾਹ ਨ ਕੀਤੀ। ਫ਼ੈਸਲਾ ਹੋਇਆ ਕਿ ਜਦ ਤਕ ਉਹ ਭੁੱਲਾਂ ਨਹੀਂ ਬਖਸ਼ਾਉਂਦੇ ਤੇ ਜੋ ਤਨਖਾਹ ਸੰਗਤ ਲਗਾਵੇ ਪ੍ਰਵਾਨ ਨਹੀਂ ਕਰਦੇ, ਉਨ੍ਹਾਂ ਨੂੰ ਕੋਈ ਸੇਵਾ ਨ ਕਰਨ ਦਿੱਤੀ ਜਾਵੇ।

੨੧ ਫ਼ਰਵਰੀ ਨੂੰ ਹਾਲਾਤ ਬਹੁਤ ਨਾਜ਼ਕ ਹੋ ਗਏ। ਪੁਜਾਰੀ ਕੁਝ ਬਦਮਾਸ਼ ਲੈ ਕੇ ਗੁਰਦਵਾਰੇ ਵਿਚ ਆਣ ਵੜੇ। ਸ੍ਰੀ ਦਰਬਾਰ ਸਾਹਿਬ ਅੰਦਰ ਜਿਥੇ ਅਕਾਲੀ ਸਿੰਘ ਪਾਠ ਕਰ ਰਹੇ ਸਨ, ਉਨ੍ਹਾਂ ਪੁਜਾਰੀਆਂ ਨਾਲ ਰਲ ਕੇ ਅਕਾਲੀਆਂ ਨੂੰ ਕੂਹਣੀਆਂ ਤੇ ਗੋਡੇ ਮਾਰੇ। ਉਸ ਸਮੇਂ ਪੁਜਾਰੀਆਂ ਨੇ ਗੁਰਦਵਾਰੇ ਦੇ ਅੰਦਰਲੇ ਅਸਥਾਨਾਂ ਨੂੰ ਜੰਦਰੇ ਲਾਏ ਹੋਏ ਸਨ ਤੇ ਅਖੰਡ ਪਾਠ ਵਿਚ ਰੁਕਾਵਟ ਪਾ ਰਹੇ ਸਨ। ਉਨ੍ਹਾਂ ਨੇ ਰਾਤ ਦੇ ੯ ਵਜੇ ਤਕ ਦਰਵਾਜ਼ੇ ਅੰਦਰੋਂ ਬੰਦ ਰੱਖੇ ਤੇ ਪੁਲਿਸ ਦੇ ਕਹਿਣ ਤੇ ਵੀ ਨ ਖੋਲ੍ਹੇ।

੨੧ ਦੀ ਰਾਤ ਨੂੰ ੯ ਵਜੇ ਕਮਿਸ਼ਨਰ ਜਲੰਧਰ ਡਿਵੀਜ਼ਨ, ਪੰਡਿਤ ਹਰਕਿਸ਼ਨ ਕੌਲ, ਉਥੇ ਪਹੁੰਚਿਆ ਤੇ ਉਸ ਸ਼ਿਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ।

Digitized by Panjab Digital Library | www.panjabdigilib.org

ਇਸ ਉਤੇ ਸ. ਤੇਜਾ ਸਿੰਘ ਸਮੁੰਦ੍ਰੀ, ਸ. ਤਾਰਾ ਸਿੰਘ, ਕਪਤਾਨ ਰਾਮ ਸਿੰਘ, ਤਿੰਨੇ ਉਸ ਦੇ ਬੰਗਲੇ ਗਏ ਤੇ ਸਾਰੇ ਹਾਲਾਤ ਤੋਂ ਜਾਣੂ ਕਰਾਇਆ। ਕਮਿਸ਼ਨਰ ਨੇ ਦਰਵਾਜ਼ੇ ਨ ਖੋਲ੍ਹਣ ਨੂੰ ਬਹੁਤ ਬੁਰਾ ਮਨਾਇਆ ਤੇ ਤਹਿਸੀਲਦਾਰ ਨੂੰ ਕਿਹਾ ਕਿ ਦਰਵਾਜ਼ੇ ਖੁਲ੍ਹ ਜਾਣੇ ਚਾਹੀਦੇ ਹਨ। ਰਾਤ ਦੇ ੯ ਵਜੇ ਤੋਂ ਪਿੱਛੋਂ ਕਮਿਸ਼ਨਰ ਦਾ ਇਹ ਹੁਕਮ ਤਹਿਸੀਲਦਾਰ ਰਾਹੀਂ ਪੁਜਾਰੀਆਂ ਨੂੰ ਪੁੱਜਾ। ਹੁਕਮ ਦੀ ਪਾਲਣਾ ਵਿਚ ਉਨ੍ਹਾਂ ਸ਼ਸਤ੍ਰ-ਅਸਥਾਨ ਦੇ ਜੰਦਰੇ ਖੋਲ੍ਹ ਦਿੱਤੇ ਅਤੇ ਪਾਠ ਵਿਚ ਰੁਕਾਵਟ ਪਾਣੀ ਬੰਦ ਕਰ ਦਿੱਤੀ।

੨੨ ਫ਼ਰਵਰੀ ਨੂੰ ਕਮਿਸ਼ਨਰ ਤੇ ਹੋਰ ਸੰਗਤਾਂ ਸਵੇਰੇ ੯ ਵਜੇ ਦਰਬਾਰ ਸਾਹਿਬ ਦੇ ਦਰਸ਼ਨ ਲਈ ਅੰਦਰ ਗਈਆਂ। ਕਮਿਸ਼ਨਰ ਆਪ ਪ੍ਰਸ਼ਾਦ ਲੈ ਕੇ ਅੰਦਰ ਗਿਆ ਤੇ ਸ਼ਿਰੋਮਣੀ ਕਮੇਟੀ ਦੇ ਗ੍ਰੰਥੀ ਨੇ ਅਰਦਾਸਾ ਕੀਤਾ। ਕਮਿਸ਼ਨਰ ਨੇ ਮੌਕੇ ਉਤੇ ਸਾਰੇ ਹਾਲਾਤ ਵੇਖੇ, ਪਰ ਉਸ ਦਿਨ ਕੋਈ ਫ਼ੈਸਲਾ ਨ ਹੋ ਸਕਿਆ। ਇਹ ਵੀ ਮੁਆਇਨਾ ਕੀਤਾ ਗਿਆ ਕਿ ਪੁਜਾਰੀਆਂ ਨੇ ੨੪ ਘੰਟੇ ਬੂਹੇ ਬੰਦ ਕਰ ਕੇ ਗੁਰਦਵਾਰੇ ਨੂੰ ਕਿਤੇ ਅਪਵਿਤ੍ਰ ਤਾਂ ਨਹੀਂ ਕੀਤਾ ? ਉਸ ਦਿਨ ਸਵੇਰ ਵੇਲੇ ਸ਼ਸਤ੍ਰਾਂ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਸ਼ਿਰੋਮਣੀ ਕਮੇਟੀ ਦੇ ਗ੍ਰੰਥੀ ਨੇ ਕੀਤੀ, ਪਰ ਸ਼ਾਮ ਨੂੰ ਤਹਿਸੀਲਦਾਰ ਦਰਬਾਰ ਸਾਹਿਬ ਦੀਆਂ ਚਾਬੀਆਂ ਆਪਣੇ ਨਾਲ ਲੈ ਗਿਆ। ੨੩ ਨੂੰ ਸਵੇਰੇ ਤਹਿਸੀਲਦਾਰ ਨੇ ਜੰਦਰੇ ਖੋਲ੍ਹੇ ਤੇ ਸੇਵਾ ਸ਼ਿਰੋਮਣੀ ਕਮੇਟੀ ਦੇ ਗ੍ਰੰਥੀ ਨੇ ਕੀਤੀ। ਉਸ ਦਿਨ ਸ. ਤੇਜਾ ਸਿੰਘ ਸਮੁੰਦ੍ਰੀ ਤੇ ਹੋਰ ਮੈਂਬਰਾਂ ਦੀ ਗੱਲ ਬਾਤ ਕਮਿਸ਼ਨਰ ਨਾਲ ਫੇਰ ਹੋਈ। ਕਮਿਸ਼ਨਰ ਨੇ ਕਿਹਾ ਕਿ ਪੁਜਾਰੀਆਂ ਦੀ ਤਨਖਾਹ ਬਖਸ਼ ਦਿਓ। ਉੱਤਰ ਵਿਚ ਸ. ਤੇਜਾ ਸਿੰਘ ਨੇ ਕਿਹਾ ਕਿ ਇਸ ਗੱਲ ਦਾ ਫ਼ੈਸਲਾ ਕਰਨ ਦਾ ਇਖ਼ਤਿਆਰ ਕੇਵਲ ਸੰਗਤ ਨੂੰ ਹੈ।

ਉਸੇ ਦਿਨ ਸ਼ਾਮ ਨੂੰ ਤਹਿਸੀਲਦਾਰ ਨੇ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਸੱਦ ਕੇ ਕਿਹਾ ਕਿ "ਮੈਂ ਕਮਿਸ਼ਨਰ ਦੇ ਹੁਕਮ ਨੂੰ ਮੰਨਦਾ ਹੋਇਆ ਕੁੰਜੀਆਂ ਪੁਜਾਰੀਆਂ ਨੂੰ ਵਾਪਸ ਦੇ ਰਿਹਾ ਹਾਂ।" ਉਸ ਨੇ ਚਾਬੀਆਂ ਭਾਈ ਕਰਤਾਰ ਸਿੰਘ ਪੁਜਾਰੀ ਨੂੰ ਦੇ ਦਿੱਤੀਆਂ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਤਹਿਸੀਲਦਾਰ ਨੂੰ ਕਿਹਾ ਕਿ ਕਮਿਸ਼ਨਰ ਨੂੰ ਜਾ ਕੇ ਦਸ ਦੇਵੋ ਕਿ ਇਹ ਸਾਡਾ ਧਾਰਮਿਕ ਮਾਮਲਾ ਹੈ। ਜਦ ਤਾਈਂ ਪੁਜਾਰੀ ਤਨਖ਼ਾਹ ਨਹੀਂ ਬਖ਼ਸ਼ਵਾ ਲੈਂਦੇ ਉਤਨਾ ਚਿਰ ਉਨ੍ਹਾਂ ਨੂੰ ਦਰਬਾਰ ਸਾਹਿਬ ਨਹੀਂ ਜਾਣ ਦਿੱਤਾ ਜਾਵੇਗਾ। ਸਮੁੰਦ੍ਰੀ ਸਾਹਿਬ ਨੇ ਦਰਵਾਜ਼ੇ ਦੇ ਖ਼ਾਲੀ ਕੁੰਡੇ ਵਿਚ ਦਰਵਾਜ਼ਾ ਬੰਦ ਕੀਤੇ ਬਗ਼ੈਰ ਜੰਦਰਾ ਲਾ ਦਿੱਤਾ ਤਾਂ ਜੋ ਪੁਜਾਰੀ ਰਾਤੀਂ ਜੰਦਰਾ ਨ ਲਾ ਦੇਣ। ਸਮੁੰਦ੍ਰੀ ਸਾਹਿਬ ਸ਼ਾਮ ਤਕ ਉਥੇ ਹੀ ਸਨ। ਦਿਨ ਢਲੇ ਤਹਿਸੀਲਦਾਰ ਫਿਰ ਆਇਆ ਤੇ ਕਹਿਣ ਲਗਾ ਕਿ ਉਹ ਜੰਦਰਾ ਲਾਣ ਲਈ ਆਇਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਸੁਨੇਹਾ ਪੁਜਣ ਤੇ ਕਮਿਸ਼ਨਰ ਨੇ ਪੁਜਾਰੀਆਂ ਪਾਸੋਂ ਚਾਬੀਆਂ ਫਿਰ ਵਾਪਸ ਮੰਗਵਾਉਣ ਲਈ ਕਹਿ ਦਿੱਤਾ ਸੀ। ਸਮੁੰਦ੍ਰੀ ਸਾਹਿਬ ਨੇ ਉਹ ਜੰਦਰਾ ਲੁਹਾ ਕੇ ਆਪਣਾ ਜੰਦਰਾ ਮਾਰ ਦਿੱਤਾ ਤੇ ਸ਼ਿਰੋਮਣੀ ਕਮੇਟੀ ਦੇ ਮੈਂਬਰਾਂ ਦੀ ਸਲਾਹ ਨਾਲ ਚਾਬੀ ਤਹਿਸੀਲਦਾਰ ਨੂੰ ਦੇਣੋਂ ਇਨਕਾਰ ਕਰ ਦਿੱਤਾ।

੨੩ ਫ਼ਰਵਰੀ ਦੀ ਰਾਤ ਨੂੰ ਕਮਿਸ਼ਨਰ ਨੇ ਸ. ਤੇਜਾ ਸਿੰਘ ਸਮੁੰਦ੍ਰੀ ਤੇ ਸ਼ਿਰੋਮਣੀ

Digitized by Panjab Digital Library | www.panjabdigilib.org

ਕਮੇਟੀ ਦੇ ਹੋਰਨਾਂ ਮੈਂਬਰਾਂ ਨੂੰ ਬੁਲਾ ਕੇ ਕਿਹਾ ਕਿ "ਇਹ ਤੁਹਾਨੂੰ ਐਵੇਂ ਗ਼ਲਤ ਫਹਿਮੀ ਹੋ ਗਈ ਹੈ ਕਿ ਮੈਂ ਤੁਹਾਡੇ ਵਿਰੁੱਧ ਹਾਂ, ਮੈਂ ਕਦਾਚਿਤ ਤੁਹਾਡੇ ਵਿਰੁੱਧ ਨਹੀਂ ਹਾਂ।"

ਸਮਝੌਤੇ ਲਈ ਹੋਰ ਸ਼ਰਤਾਂ ਵਿਚਾਰੀਆਂ ਗਈਆਂ। ਉਸ ਨੇ ਚਾਬੀਆਂ ਫੇਰ ਪੁਜਾਰੀਆਂ ਤੋਂ ਵਾਪਸ ਲੈ ਲਈਆਂ ਸਨ। ਉਨ੍ਹਾਂ ਵਿਚੋਂ ਇਕ ਚਾਬੀ ਸ਼ਸਤ੍ਰਾਂ ਵਾਲੀ ਅਲਮਾਰੀ ਦੀ ਸੀ। ਸ਼ਸਤ੍ਰਾਂ ਨੂੰ ਰੋਜ਼ ਇਸ਼ਨਾਨ ਕਰਾਉਣ ਲਈ ਉਸ ਦੀ ਲੋੜ ਪੈਂਦੀ ਸੀ। ਤਹਿਸੀਲ-ਦਾਰ ਹਰ ਰੋਜ਼ ਆ ਕੇ ਅਲਮਾਰੀ ਖੋਲ੍ਹ ਦੇਂਦਾ ਤੇ ਸ਼ਿਰੋਮਣੀ ਕਮੇਟੀ ਦੇ ਗ੍ਰੰਥੀ ਇਸ਼ਨਾਨ ਕਰਵਾ ਦੇਂਦੇ। ਉਸ ਪਿੱਛੋਂ ਅਲਮਾਰੀ ਫੇਰ ਬੰਦ ਹੋ ਜਾਂਦੀ। ਉਥੇ ਇਸੇ ਤਰ੍ਹਾਂ ਸਰਕਾਰੀ ਅਫ਼ਸਰ ਕਈ ਵਾਰ ਕੁੰਜੀਆਂ ਲੈ ਲੈਂਦੇ ਤੇ ਫਿਰ ਵਾਪਸ ਦੇਣ ਦੀਆਂ ਚਾਲਾਂ ਕਰਦੇ। ਅਜਬ ਕਮਜ਼ੋਰੀ ਦਾ ਇਜ਼ਹਾਰ ਹੋ ਰਿਹਾ ਸੀ।

੨੪ ਫ਼ਰਵਰੀ ਨੂੰ ਡੀ. ਐਸ. ਪੀ. ਜ਼ਿਲਾ ਸੁਪਰਡੈਂਟ ਪੁਲਿਸ, ਤਹਿਸੀਲਦਾਰ ਅਤੇ ਪੁਜਾਰੀਆਂ ਦੀ ਸ਼ਿਰੋਮਣੀ ਕਮੇਟੀ ਦੇ ਪ੍ਰਤਿਨਿਧੀਆਂ ਨਾਲ ਗੱਲ ਬਾਤ ਹੋਈ। ਅਫ਼ਸਰ ਤੇ ਪੁਜਾਰੀ ਇਹ ਚਾਹੁੰਦੇ ਸਨ ਕਿ ਤਨਖ਼ਾਹ ਦੇ ਸਵਾਲ ਨੂੰ ਸੰਗਤ ਤੋਂ ਬਾਹਰਾ ਹੀ ਨਿਜਿਠਿਆ ਜਾਵੇ। ਇਹ ਗੱਲ ਅਸੂਲਨ ਗ਼ਲਤ ਸੀ। ਇਸ ਲਈ ਸ਼ਿਰੋਮਣੀ ਕਮੇਟੀ ਦੇ ਪ੍ਰਤਿਨਿਧੀਆਂ ਇਹ ਸਵਾਲ ਦੀਵਾਨ ਵਿਚ ਪੇਸ਼ ਕੀਤਾ। ਅਫ਼ਸਰਾਂ ਨੇ ਪੁਜਾਰੀਆਂ ਨੂੰ ਸੰਗਤ ਪਾਸ ਜਾਣ ਲਈ ਕਿਹਾ; ਪਰੰਤੂ ਉਨ੍ਹਾਂ ਇਕ ਨ ਸੁਣੀ। ਇਸ ਲਈ ਇਸ ਇਕੱਠ ਦਾ ਕੋਈ ਸਿੱਟਾ ਨ ਨਿਕਲਿਆ। ਉਸੇ ਦਿਨ ਕਮਿਸ਼ਨਰ ਸਰਕਾਰ ਨਾਲ ਸਲਾਹ ਕਰਨ ਲਾਹੌਰ ਚਲਾ ਗਿਆ।

੨੫ ਫ਼ਰਵਰੀ ਨੂੰ ਕਮਿਸ਼ਨਰ ਵਾਪਸ ਆਇਆ ਤੇ ਉਸੇ ਸ਼ਾਮ ਕੋਈ ੪੦ ਕੁ ਨਵੇਂ ਪੁਲਸੀਏ ਮੁਕਤਸਰ ਪਹੁੰਚੇ। ਇਸ ਤੇ ਅਫ਼ਵਾਹ ਉਡ ਗਈ ਕਿ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਹੋਣਗੀਆਂ। ਪਰ ਇਸ ਅਫ਼ਵਾਹ ਦੀ ਤਰਦੀਦ ਕਮਿਸ਼ਨਰ ਨੇ ਉਸੇ ਰਾਤ ਕਰ ਦਿੱਤੀ। ਅਗਲੇ ਦਿਨ ਸ. ਤੇਜਾ ਸਿੰਘ ਸਮੁੰਦ੍ਰੀ ਨੇ ਦੀਵਾਨ ਵਿਚ ਦੱਸਿਆ ਕਿ ਸ਼ਿਰੋਮਣੀ ਕਮੇਟੀ ਨੂੰ ਕਮਿਸ਼ਨਰ ਨੇ ਇਹ ਯਕੀਨ ਦਵਾਇਆ ਹੈ ਕਿ ਜਦ ਤਕ ਕਿਸੇ ਪਾਸਿਓਂ ਕੋਈ ਵਾਧਾ ਨਹੀਂ ਹੁੰਦਾ ਸਰਕਾਰ ਕੋਈ ਦਖ਼ਲ ਨਹੀਂ ਦੇਵੇਗੀ; ਜੋ ਪੁਲਿਸ ਨਵੀਂ ਆਈ ਹੈ, ਉਹ ਗ੍ਰਿਫ਼ਤਾਰੀਆਂ ਵਾਸਤੇ ਨਹੀਂ ਆਈ, ਸਗੋਂ ਪਹਿਲੀ ਪੁਲਿਸ ਦੇ ਬਦਲਣ ਵਾਸਤੇ ਆਈ ਹੈ। ਇਸ ਨਾਲ ਜੋਸ਼ ਕੁਝ ਠੰਢਾ ਹੋ ਗਿਆ।

੨੫ ਫ਼ਰਵਰੀ ਨੂੰ ਇਕ ਪੁਜਾਰੀ, ਭਾਈ ਕਿਸ਼ਨ ਸਿੰਘ ਨੇ ਹੌਂਸਲਾ ਕਰਕੇ ਦਰਬਾਰ ਸਾਹਿਬ ਦਾ ਆਪਣਾ ਹਿੱਸਾ ਕਮੇਟੀ ਨੂੰ ਲਿਖ ਦਿੱਤਾ। ਜਦੋਂ ਦੂਜੇ ਪੁਜਾਰੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਨੂੰ ਬਹੁਤ ਤੰਗ ਕੀਤਾ। ਉਨ੍ਹਾਂ ਦੇ ਦਬਾ ਹੇਠ ਉਸ ੨੬ ਫ਼ਰਵਰੀ ਨੂੰ ਇਕ ਇਸਤਿਗਾਸਾ ਜ਼ੇਰੇ ਦਫ਼ਾ ੪੨੦ ਫ਼ੌਜਦਾਰੀ, ਗਿਆਨੀ ਰਤਨ ਸਿੰਘ ਜੀ ਮੁਕਤਸਰੀ ਤੇ ਸ. ਤੇਜਾ ਸਿੰਘ ਸਮੁੰਦ੍ਰੀ ਦੇ ਖ਼ਿਲਾਫ਼ ਦਾਇਰ ਕਰਵਾ ਦਿੱਤਾ। ਇਸਤਿਗਾਸੇ ਦਾ ਮਜ਼ਮੂਨ ਸੀ ਕਿ ਪ੍ਰਾਰਥੀ ਨੇ ਕੇਵਲ ਅਕਾਲੀ ਬਣਨ ਵਾਸਤੇ ਦਰਖ਼ਾਸਤ ਉਤੇ ਦਸਤਖ਼ਤ ਕੀਤੇ ਸਨ, ਪਰ ਇਨ੍ਹਾਂ ਨੇ ਧੋਖੇ ਨਾਲ ਦਰਬਾਰ ਸਾਹਿਬ ਦਾ ਹਿੱਸਾ ਲਿਖਵਾ ਲਿਆ। ਮੁਕੱਦਮਾ ਅਦਾਲਤ ਵਿਚ ਪਹੁੰਚਿਆ। ਪ੍ਰਾਰਥੀ ਨੇ ਝੂਠ ਨ ਬੋਲਿਆ, ਸਗੋਂ ਇਕ ਬੇਥਵਾ ਜੇਹਾ

Digitized by Panjab Digital Library | www.panjabdigilib.org

ਬਿਆਨ ਦਿੱਤਾ। ਅਦਾਲਤ ਨੇ ਉਸੇ ਵੇਲੇ ਮੁਕੱਦਮਾ ਖ਼ਾਰਿਜ ਕਰ ਦਿੱਤਾ।

ਇਸ ਤਰ੍ਹਾਂ ਕਈ ਕਠਿਨਾਈਆਂ ਪਿੱਛੋਂ ਸ. ਤੇਜਾ ਸਿੰਘ ਸਮੁੰਦ੍ਰੀ ਨੇ ਇਸ ਇਤਿਹਾਸਕ ਗੁਰਦਵਾਰੇ ਦਾ ਕਬਜ਼ਾ ੬ ਮਾਰਚ ੧੯੨੩ ਨੂੰ ਲੈ ਲਿਆ। ਉਨ੍ਹਾਂ ਦਾ ਠਰੰਮੇ ਭਰਿਆ ਸੁਭਾ ਤੇ ਸ਼ਾਂਤਮਈ ਨੀਤੀ ਇਹ ਕਾਰਜ ਬਿਨਾ ਕਿਸੇ ਖ਼ੂਨ ਖ਼ਰਾਬੇ ਦੇ ਸਿਰੇ ਚੜ੍ਹਾ ਸਕੀ।

## ਤਸਫ਼ੀਆ ਗੁਰਦਵਾਰਾ ਖਡੂਰ ਸਾਹਿਬ

ਖਡੂਰ ਸਾਹਿਬ ਦੇ ਬਾਵਿਆਂ ਨੇ ੧੯੨੧ ਵਿਚ ਇਕ ਲਿਖਤ ਦੁਆਰਾ ਖ਼ਡੂਰ ਸਾਹਿਬ ਦਾ ਗੁਰਦਵਾਰਾ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਹੋਇਆ ਸੀ ਤੇ ਉਥੋਂ ਦੇ ਇੰਤਜ਼ਾਮ ਲਈ ਇਕ ਲੋਕਲ ਕਮੇਟੀ ਬਣਾ ਦਿੱਤੀ ਗਈ ਸੀ, ਪਰੰਤੂ ਕੁਝ ਚਿਰ ਪਿੱਛੋਂ ਜਦ ਲੋਕਲ ਕਮੇਟੀ ਨੇ ਖ਼ਤ ਲਿਖ ਕੇ ਹਿਸਾਬ ਕਿਤਾਬ ਮੰਗਿਆ ਤਾਂ ਬਾਵਿਆਂ ਨੇ ਕੋਈ ਉੱਤਰ ਨ ਦਿੱਤਾ।

ਗੁਰੂ ਕੇ ਬਾਗ਼ ਦਾ ਫ਼ੈਸਲਾ ਹੋ ਚੁਕਣ ਪਿੱਛੋਂ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪਾਸ ਇਸ ਮਤਲਬ ਦੀਆਂ ਸ਼ਿਕਾਇਤਾਂ ਪੁੱਜੀਆਂ ਕਿ ਖਡੂਰ ਸਾਹਿਬ ਦੇ ਬਾਵਿਆਂ ਨੇ ਪੁਲਿਸ ਮੰਗਵਾ ਲਈ ਹੈ ਜਿਹੜੀ ਗੁਰਦਵਾਰੇ ਦੇ ਬਾਹਰਲੇ ਇਹਾਤੇ ਵਿਚ ਬੈਠੀ ਰਹਿੰਦੀ ਹੈ। ਫਿਰ ਇਹ ਵੀ ਸ਼ਿਕਾਇਤ ਆਈ ਕਿ ਪੁਲਿਸ ਵਾਲੇ ਗੁਰਦਵਾਰੇ ਦੇ ਅੰਦਰਲੇ ਇਹਾਤੇ ਵਿਚ ਵੀ ਡੇਰਾ ਲਾਈ ਬੈਠੇ ਹਨ ਤੇ ਤਮਾਕੂ ਪੀਂਦੇ ਰਹਿੰਦੇ ਹਨ, ਜਿਸ ਤੋਂ ਯਾਤ੍ਰੀਆਂ ਨੂੰ ਬੜੀ ਤਕਲੀਫ਼ ਹੁੰਦੀ ਹੈ ਅਤੇ ਨਾਲ ਹੀ ਗੁਰਦਵਾਰੇ ਦੀ ਬੇਅਦਬੀ ਵੀ ਹੁੰਦੀ ਹੈ। ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਖਡੂਰ ਸਾਹਿਬ ਦੀ ਲੋਕਲ ਕਮੇਟੀ ਨੂੰ ਖ਼ਤ ਲਿਖਿਆ ਗਿਆ ਕਿ ਉਹ ਗੁਰਦਵਾਰੇ ਤੋਂ ਪੁਲਿਸ ਨੂੰ ਉਠਵਾ ਦੇਵੇ, ਪਰੰਤੂ ਬਾਵਿਆਂ ਨੇ ਪੁਲਿਸ ਨੂੰ ਉੱਠਣ ਨ ਦਿੱਤਾ। ਬਾਵਿਆਂ ਨੇ ਇਸ ਗੁਰਦਵਾਰੇ ਨੂੰ "ਸਮਾਧ" ਦਾ ਨਾਮ ਦੇ ਕੇ ਹਥਿਆਣਾ ਚਾਹਿਆ ਸੀ ਅਤੇ ਆਪਣੀ ਤੇ ਗੁਰਦਵਾਰੇ ਦੀ ਰੱਖਿਆ ਲਈ ਪੁਲਿਸ ਦੀ ਧਾੜ ਮੰਗਵਾ ਲਈ ਹੋਈ ਸੀ। ਜਦ ਸ਼ਿਰੋਮਣੀ ਕਮੇਟੀ ਨੇ ਡਿਪਟੀ ਕਮਿਸ਼ਨਰ ਤੋਂ ਇਹ ਪੁਛਿਆ ਕਿ ਸ਼ਿਰੋਮਣੀ ਕਮੇਟੀ ਦੀ ਆਗਿਆ ਬਿਨਾ ਉਥੇ ਪੁਲਿਸ ਕਿਉਂ ਬਿਠਾਈ ਗਈ ਹੈ ਤਾਂ ਅਗੋਂ ਇਹ ਉੱਤਰ ਮਿਲਿਆ ਕਿ ਪੁਲਿਸ ਬਾਵਿਆਂ ਦੀ ਮੰਗ ਉੱਤੇ ਗਈ ਹੈ। ਕਮੇਟੀ ਨੇ ਡੀ. ਸੀ. ਡੰਨਟ ਨੂੰ ਲਿਖਿਆ ਕਿ "ਖਡੂਰ ਸਾਹਿਬ ਦਾ ਗੁਰਦਵਾਰਾ ਬਾਕਾਇਦਾ ਤੌਰ ਤੇ ਕਮੇਟੀ ਨਾਲ ਸੰਬੰਧਿਤ ਹੈ; ਪੁਲਿਸ ਨੂੰ ਉਥੇ ਬਿਠਾਣਾ ਕਮੇਟੀ ਦੇ ਹੱਕਾਂ ਤੇ ਛਾਪਾ ਮਾਰਨਾ ਹੈ; ਪੁਲਿਸ ਦੇ ਸਿਪਾਹੀ ਡਿਓਢੀ ਵਿਚ ਬੈਠੇ ਹੁੱਕਾ ਪੀਂਦੇ ਰਹਿੰਦੇ ਹਨ ਜਿਸ ਨਾਲ ਗੁਰਦਵਾਰੇ ਦੀ ਬੇ-ਇੱਜ਼ਤੀ ਹੁੰਦੀ ਹੈ। ਸੋ ਪੁਲਿਸ ਨੂੰ ਉਥੋਂ ਬੁਲਵਾ ਲਓ।" ਨਾਲ ਹੀ ਸ਼ਿਰੋਮਣੀ ਕਮੇਟੀ ਦੇ ਸਕੱਤਰ ਤੇ ਸ. ਤੇਜਾ ਸਿੰਘ ਸਮੁੰਦ੍ਰੀ ਨੇ ਬਾਵਿਆਂ ਨਾਲ ਹੋਏ ਸਮਝੌਤੇ ਦੀਆਂ ਨਕਲਾਂ ੯ ਦਸੰਬਰ ੧੯੨੨ ਨੂੰ ਡਿਪਟੀ ਕਮਿਸ਼ਨਰ ਨੂੰ ਪੇਸ਼ ਕਰ ਦਿੱਤੀਆਂ। ਸਮਝੌਤੇ ਵਿਚ ਸ਼ਿਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਚਲਣ ਦਾ ਇਕਰਾਰ ਕੀਤਾ ਹੋਇਆ

Digitized by Panjab Digital Library | www.panjabdigilib.org

ਸੀ ਅਤੇ ਇਸ ਟੱਬੂ ਉੱਤੇ ਅੱਠਾਂ ਬਾਵਿਆਂ ਦੇ ਦਸਤਖ਼ਤ ਸਨ। ਇਸ ਲਿਖਤ ਦਾ ਡੀ. ਸੀ. ਨੂੰ ਪਹਿਲਾਂ ਪਤਾ ਨਹੀਂ ਸੀ। ਹੁਣ ਉਸ ਨੂੰ ਸੱਚਾਈ ਜ਼ਾਹਰ ਹੋ ਗਈ।

੧੦ ਦਸੰਬਰ ਨੂੰ ਡਿਪਟੀ ਕਮਿਸ਼ਨਰ ਤੇ ਪੁਲਿਸ ਕਪਤਾਨ ਖਡੂਰ ਸਾਹਿਬ ਗਏ ਅਤੇ ੧੧ ਦਸੰਬਰ ਨੂੰ ਪੁਲਿਸ ਵਾਪਸ ਬੁਲਾ ਲਈ ਗਈ। ਉਸੇ ਦਿਨ ਸਵੇਰੇ ਸੂਰਜ ਨਿਕਲਦਿਆਂ ਹੀ ਸ਼ਿਰੋਮਣੀ ਕਮੇਟੀ ਦੇ ਸੇਵਾਦਾਰਾਂ ਨੇ ਗੁਰਦਵਾਰੇ ਦੀ ਸੇਵਾ ਆਪਣੇ ਹੱਥ ਵਿਚ ਲੈ ਲਈ। ਉਸੇ ਦਿਨ ਸ਼ਾਮ ਨੂੰ ਸ਼ਿਰੋਮਣੀ ਕਮੇਟੀ ਵਲੋਂ ਖਡੂਰ ਸਾਹਿਬ ਦੇ ਬਾਹਰ ਇਕ ਦੀਵਾਨ ਸਜਿਆ ਜਿਸ ਵਿਚ ਬਹੁਤ ਸਾਰੇ ਅਕਾਲੀ ਸ਼ਾਮਲ ਹੋਏ। ਸ. ਤੇਜਾ ਸਿੰਘ ਸਮੁੰਦ੍ਰੀ ਤੇ ਹੋਰ ਮੈਂਬਰ ਵੀ ਖਡੂਰ ਸਾਹਿਬ ਪੁੱਜੇ। ਉਨ੍ਹਾਂ ਗੱਲਾਂ ਬਾਤਾਂ ਰਾਹੀਂ ਬਾਵਿਆਂ ਨੂੰ ਸਿੱਧੇ ਰਸਤੇ ਪਾਉਣ ਦਾ ਜਤਨ ਕੀਤਾ। ਬਾਵਿਆਂ ਨੇ ਇਸ ਗੱਲ ਤੇ ਬੜਾ ਜ਼ੋਰ ਦਿੱਤਾ ਕਿ ਸ਼ਿਰੋਮਣੀ ਕਮੇਟੀ ਵੱਲੋਂ ਗੁਰਦਵਾਰਾ ਖਡੂਰ ਸਾਹਿਬ ਦੇ ਪ੍ਰਬੰਧ ਲਈ ਬਾਵਿਆਂ ਦੀ ਹੀ ਕਮੇਟੀ ਬਣਾਈ ਜਾਵੇ। ਇਸ ਮਤਲਬ ਲਈ ਬਾਵਿਆਂ ਦਾ ਇਕ ਡੈਪੂਟੇਸ਼ਨ ਸ਼ਿਰੋਮਣੀ ਕਮੇਟੀ ਦੇ ਦਫ਼ਤਰ, ਅੰਮ੍ਰਿਤਸਰ, ਵੀ ਆਇਆ। ਉਸ ਡੈਪੂਟੇਸ਼ਨ ਵਿਚ ਬਾਵਾ ਬੁਧ ਸਿੰਘ ਐਗਜ਼ੈਕਟਿਵ ਇੰਜੀਨੀਅਰ ਅਤੇ ਬਾਵਾ ਸਲਾਮਤ ਰਾਏ ਵਕੀਲ ਵੀ ਸ਼ਾਮਲ ਸਨ। ਡੈਪੂਟੇਸ਼ਨ ਨੇ ਕਿਹਾ ਕਿ ਕੇਵਲ ਬਾਵਿਆਂ ਦੀ ਹੀ ਲੋਕਲ ਕਮੇਟੀ ਬਣਾਈ ਜਾਵੇ ਅਤੇ ਸ਼ਿਰੋਮਣੀ ਕਮੇਟੀ ਵਲੋਂ ਉਸ ਵਿਚ ਇਕ ਆਦਮੀ ਸਕੱਤਰ ਥਾਪ ਦਿੱਤਾ ਜਾਵੇ, ਪਰ ਸ਼ਿਰੋਮਣੀ ਕਮੇਟੀ ਨੇ ਇਹ ਗੱਲ ਅਸੂਲਨ ਨ ਮੰਨੀ।

ਜੁਲਾਈ ੧੯੨੩ ਵਿਚ ਖਡੂਰ ਸਾਹਿਬ ਦੇ ਪ੍ਰਬੰਧ ਸੰਬੰਧੀ ਕੁਝ ਰੁਕਾਵਟਾਂ ਫੇਰ ਆਈਆਂ। ਉਥੋਂ ਦੇ ਅਕਾਲੀ ਪ੍ਰਬੰਧਕਾਂ ਤੇ ਬਾਵਿਆਂ ਵਿਚਕਾਰ ਕੁਝ ਝਗੜੇ ਹੋ ਗਏ। ਉਨ੍ਹਾਂ ਨੂੰ ਨਿਜਿਠਣ ਲਈ ਸ਼ਿਰੋਮਣੀ ਕਮੇਟੀ ਵਲੋਂ ਸ. ਤੇਜਾ ਸਿੰਘ ਸਮੁੰਦ੍ਰੀ ਤੇ ਬਾਵਾ ਹਰਕ੍ਰਿਸ਼ਨ ਸਿੰਘ ਖਡੂਰ ਸਾਹਿਬ ਗਏ ਅਤੇ ਸਾਰਾ ਝਗੜਾ ਬੜੇ ਪਿਆਰ ਤੇ ਠਰੰਮੇ ਨਾਲ ਮੁਕਾ ਦਿੱਤਾ। ਦੋਵੇਂ ਧਿਰਾਂ ਖੁਸ਼ ਹੋ ਗਈਆਂ। ਇਸ ਦੇ ਨਾਲ ਹੀ ਉਨ੍ਹਾਂ ਗੁਰਦਵਾਰਾ ਸਾਹਿਬ ਦਾ ਪ੍ਰਬੰਧ ਸੁਧਾਰਣ ਲਈ ਕੁਝ ਸਿਫ਼ਾਰਿਸ਼ਾਂ ਕੀਤੀਆਂ ਜੋ ਸ੍ਵੀਕਾਰ ਕਰ ਲਈਆਂ ਗਈਆਂ।

Digitized by Panjab Digital Library | www.panjabdigilib.org

੧੪

# ਕਾਰ ਸੇਵਾ ਕਿਵੇਂ ਨਿਭਾਈ

ਗੁਰੂ ਕੇ ਬਾਗ਼ ਦੇ ਮੋਰਚੇ ਤੋਂ ਛੇਤੀ ਹੀ ਪਿੱਛੋਂ ੧੭ ਜੂਨ ੧੯੨੩ ਨੂੰ ਸ੍ਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਆਰੰਭ ਹੋਈ। ਇਸ ਕੰਮ ਲਈ ਅੰਮ੍ਰਿਤਸਰ ਸ਼ਹਿਰ ਦੇ ਸਿੱਖਾਂ ਦੀ ਇਕ ਕਾਰ ਸੇਵਾ ਕਮੇਟੀ ਬਣਾਈ ਗਈ ਜਿਸ ਦੇ ਸਕੱਤਰ ਭਗਤ ਜਸਵੰਤ ਸਿੰਘ ਜੀ ਸਨ। ਸ. ਤੇਜਾ ਸਿੰਘ ਸਮੁੰਦ੍ਰੀ ਤੇ ਹੋਰ ਕਈ ਮੁਖੀਆਂ ਨੂੰ ਵੀ ਇਸ ਕਮੇਟੀ ਉਪਰ ਲਿਆ ਗਿਆ। ਉਸ ਸਮੇਂ ਅਕਾਲੀ ਜਥੇਬੰਦੀ ਨੇਕ ਨਾਮੀ, ਪਵਿਤ੍ਰਤਾ, ਧਰਮ ਤੇ ਸੇਵਾ ਦਾ ਚਿੰਨ੍ਹ ਸੀ। ਅਕਾਲੀ ਆਗੂਆਂ ਦੇ ਜੀਵਨ ਤੇ ਆਚਰਣ ਬੜੇ ਉੱਚੇ ਤੇ ਸੁੱਚੇ ਸਨ। ਇਸ ਕਾਰਣ ਅਕਾਲੀਆਂ ਨਾਲ ਸਭਨਾਂ ਦੀ ਹਮਦਰਦੀ ਸੀ। ਅਕਾਲੀ ਲਹਿਰ ਉਸ ਵੇਲੇ ਸਿਖ਼ਰ ਉੱਤੇ ਸੀ। ਸ਼੍ਰੋਮਣੀ ਕਮੇਟੀ ਦਾ ਹੁਕਮ ਗੁਰੂ ਦਾ ਹੁਕਮ ਸਮਝ ਕੇ ਮੰਨਿਆ ਜਾਂਦਾ ਸੀ। ਉਸ ਸਮੇਂ ਸ਼੍ਰੋਮਣੀ ਕਮੇਟੀ ਵਿਚ ਨਰਮ ਤੇ ਗਰਮ ਦੋਹਾਂ ਖ਼ਿਆਲਾਂ ਦੇ ਲੋਕ ਮੌਜੂਦ ਸਨ। ਇਸ ਕਾਰਣ ਵੀ ਸ਼੍ਰੋਮਣੀ ਕਮੇਟੀ ਨਾਲ ਸਭ ਜੁੜੇ ਹੋਏ ਸਨ।

ਸਰੋਵਰ ਵਿਚੋਂ ਸਾਰਾ ਜਲ ਕੱਢ ਕੇ ਕਾਰ ਸੇਵਾ ਆਰੰਭਣ ਦਾ ਦਿਨ ੧੭ ਜੂਨ ੧੯੨੩ ਸੀ। ਉਸ ਦਿਨ ਦੂਰੋਂ ਦੂਰੋਂ ਬੇਅੰਤ ਸੰਗਤਾਂ ਤੇ ਅਕਾਲੀ ਜਥੇ ਪੁੱਜੇ। ਸਿੱਖਾਂ ਦਾ ਅੰਮ੍ਰਿਤਸਰ ਵਿਚ ਇਤਨਾ ਵੱਡਾ ਮੇਲਾ ਪਹਿਲਾਂ ਕਦੇ ਨਹੀਂ ਸੀ ਹੋਇਆ। ਕਈ ਹਜ਼ਾਰਾਂ ਦੀ ਗਿਣਤੀ ਵਿਚ ਮਾਈ ਭਾਈ ਸ੍ਰੀ ਅੰਮ੍ਰਿਤਸਰ ਪਹੁੰਚੇ ਹੋਏ ਸਨ। ਗੁਰਦਵਾਰਾ ਪਿਪਲੀ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਜਾਣ ਲਈ ਜਲੂਸ ਆਰੰਭ ਹੋਇਆ। ਕਈ ਜਲੂਸ ਵਾਲੇ ਵਰਦੀਆਂ ਪਾ ਕੇ ਚਾਰ ਚਾਰ ਦੀਆਂ ਕਤਾਰਾਂ ਵਿਚ ਮਾਰਚ ਕਰ ਰਹੇ ਸਨ। ਜਲੂਸ ਇੰਨਾ ਲੰਮਾ ਸੀ ਕਿ ਉਸ ਦਾ ਅਗਲਾ ਸਿਰਾ ਦਰਬਾਰ ਸਾਹਿਬ ਪਹੁੰਚ ਚੁਕਾ ਸੀ ਤੇ ਇਧਰ ਹਾਲੀ ਸਾਰਾ ਜਲੂਸ ਬਣਿਆ ਵੀ ਨਹੀਂ ਸੀ। ਬੇਅੰਤ ਲੋਕ ਜਾਣ ਦੀ ਉਡੀਕ ਵਿਚ ਖੜੇ ਸਨ। ਆਏ ਅਕਾਲੀ ਜਥਿਆਂ ਵਿਚ ਜ਼ਬਤ ਕਮਾਲ ਦਾ ਸੀ। ਆਖਰ ਅੱਕ ਕੇ ਸ਼ਾਮ ਦੇ ਪੰਜ ਵਜੇ ਪ੍ਰਬੰਧਕਾਂ ਨੇ ਪਿਪਲੀ ਸਾਹਿਬ ਬੈਠੇ ਅਕਾਲੀਆਂ ਨੂੰ ਖੁਲ੍ਹ ਦੇ ਦਿੱਤੀ ਕਿ ਉਹ ਜਲੂਸ ਛੱਡ ਕੇ ਸਿੱਧੇ ਦਰਬਾਰ ਸਾਹਿਬ ਪਹੁੰਚ ਜਾਣ।

ਕਾਰ ਸੇਵਾ ਪੰਜ ਪਿਆਰਿਆਂ ਨੇ ਆਰੰਭਣੀ ਸੀ। ਉਨ੍ਹਾਂ ਲਈ ਪੰਜ ਸੋਨੇ ਦੀਆਂ ਕਹੀਆਂ ਤੇ ਪੰਜ ਚਾਂਦੀ ਦੀਆਂ ਕੜਾਹੀਆਂ ਬਣਾਈਆਂ ਗਈਆਂ ਸਨ। ਇਸ ਦੀ ਪ੍ਰਵਾਨਗੀ ਸ਼੍ਰੋਮਣੀ ਕਮੇਟੀ ਨੇ ਦਿੱਤੀ ਹੋਈ ਸੀ। ਕੁਝ ਵਧੇਰੇ ਤਿਆਰ-ਬਰ-ਤਿਆਰ ਸਿੰਘਾਂ ਨੂੰ

Digitized by Panjab Digital Library | www.panjabdigilib.org

ਇਸ ਚੀਜ਼ ਤੇ ਇਤਰਾਜ਼ ਸੀ। ਪਰ ਜਦੋਂ ਉਨ੍ਹਾਂ ਦੇ ਇਤਰਾਜ਼ ਦਾ ਅਸਰ ਆਮ ਸੰਗਤਾਂ ਉਪਰ ਕੁਝ ਵੀ ਨ ਹੋਇਆ ਤਾਂ ਉਨ੍ਹਾਂ ਸਿੰਘਾਂ ਨੇ ਕਾਰ ਸੇਵਾ ਸ਼ੁਰੂ ਹੋਣ ਦੇ ਸਮੇਂ ਤੋਂ ਪਹਿਲਾਂ ਹੀ ਕਾਰ ਕੱਢਣੀ ਸ਼ੁਰੂ ਕਰ ਦਿੱਤੀ। ਇਸ ਉਤੇ ਲੜਾਈ ਦਾ ਖ਼ਦਸ਼ਾ ਪੈਦਾ ਹੋ ਗਿਆ। ਇਸ ਮੌਕੇ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਅਤੇ ਹੋਰਨਾਂ ਲੀਡਰਾਂ ਨੇ ਬੜੀ ਹੁਸ਼ਿਆਰੀ ਨਾਲ ਸੰਭਾਲਿਆ ਅਤੇ ਲੜਾਈ ਹੋਣੋਂ ਬਚ ਗਈ। ਸੰਗਤਾਂ ਵਿਚ ਸੇਵਾ ਦਾ ਉਤਸਾਹ ਤੇ ਲਗਨ ਏਨੀ ਸੀ ਕਿ ਪਹਿਲੇ ਦੋ ਤਿੰਨ ਦਿਨਾਂ ਵਿਚ ਹੀ ਅੱਧੇ ਸਰੋਵਰ ਦੀ ਕਾਰ ਕਢ ਲਈ ਗਈ।

ਕਾਰ ਸੇਵਾ ਦੇ ਸਮੇਂ ਪ੍ਰਬੰਧ ਵਿਚ ਇਕ ਵੱਡਾ ਨੁਕਸ ਇਹ ਰਹਿ ਗਿਆ ਕਿ ਬਾਹਰੋਂ ਆਈਆਂ ਸੰਗਤਾਂ ਲਈ ਲੰਗਰ ਦਾ ਚੰਗਾ ਪ੍ਰਬੰਧ ਨ ਕੀਤਾ ਜਾ ਸਕਿਆ, ਜਿਸ ਕਾਰਣ ਬਹੁਤਿਆਂ ਨੂੰ ਰੋਟੀ ਨ ਮਿਲੀ ਅਤੇ ਉਹ ਲੋਕੀਂ ਭੁੱਖੇ ਰਹੇ। ਬਾਹਰੋਂ ਆਏ ਲੋਕਾਂ ਨਾਲ ਸ਼ਹਿਰ ਭਰਿਆ ਪਿਆ ਸੀ ਤੇ ਸਾਰੇ ਸ਼ਹਿਰ ਵਿਚ ਦੁਕਾਨਾਂ ਤੋਂ ਰੋਟੀਆਂ, ਪੂਰੀਆਂ, ਦੁੱਧ ਆਦਿ ਸਭ ਕੁਝ ਮੁੱਕ ਚੁੱਕਾ ਸੀ। ਇਸ ਤੇ ਸ਼ਿਰੋਮਣੀ ਕਮੇਟੀ ਨੂੰ ਬੜੀ ਨਮੋਸ਼ੀ ਆਈ। ਸ. ਤੇਜਾ ਸਿੰਘ ਸਮੁੰਦ੍ਰੀ ਇਕਦਮ ਉਠੇ ਤੇ ਲੰਗਰ ਦਾ ਪ੍ਰਬੰਧ ਆਪਣੇ ਹੱਥ ਵਿਚ ਲਿਆ। ਰਾਤੋ ਰਾਤ ਅਡੋ ਅਡਰੇ ਜਥਿਆਂ ਲਈ ਰਸਦ ਤੇ ਭਾਂਡੇ ਉਨ੍ਹਾਂ ਦੇ ਨਿਵਾਸ-ਅਸਥਾਨਾਂ ਤੇ ਭਿਜਵਾ ਦਿੱਤੇ ਕਿ ਖ਼ਾਲਸਾ ਜੀ ਆਪਣੇ ਲਈ ਅੰਨ ਆਪ ਪਕਾਓ ਤੇ ਛਕੋ। ਇਸ ਨਾਲ ਸ਼ਹਿਰ ਵਿਚ ਤੀਹ ਚਾਲੀ ਲੰਗਰ ਜਾਰੀ ਹੋ ਗਏ। ਦੂਜੇ ਦਿਨ ਸੰਗਤਾਂ ਨੂੰ ਰਜ ਕੇ ਪ੍ਰਸ਼ਾਦ ਮਿਲਿਆ ਤੇ ਸੰਗਤਾਂ ਨਿਹਾਲ ਹੋ ਗਈਆਂ।

ਕਾਰ-ਸੇਵਾ ਲਗਾਤਾਰ ਇਕ ਮਹੀਨਾ ਹੁੰਦੀ ਰਹੀ। ਅੰਮ੍ਰਿਤ-ਸਰੋਵਰ ਵਿੱਚੋਂ ਬਹੁਤ ਸਾਰੀਆਂ ਵਸਤਾਂ ਮਿਲੀਆਂ। ਇਕ ਪਿੱਤਲ ਦੀ ੩ ਮਣ ਦੇ ਲਗਭਗ ਭਾਰੀ ਦੇਗ ਮਿਲੀ। ਇਸ ਤੋਂ ਸਿਵਾ ਕਈ ਤਲਵਾਰਾਂ, ਦੋ-ਨਾਲੀ ਬੰਦੂਕਾਂ, ਖੋਖਰੀਆਂ, ਕ੍ਰਿਪਾਨਾਂ, ਸੋਨੇ ਦੀਆਂ ਛਾਪਾਂ, ਚੱਕਰ, ਇਕ ਮਾਣਕ ਤੇ ਕੁਝ ਸਿੱਕੇ ਮਿਲੇ। ਜੋ ਕੁਝ ਕਿਸੇ ਨੂੰ ਮਿਲਿਆ, ਉਸ ਕਮੇਟੀ ਪਾਸ ਜਮ੍ਹਾ ਕਰਾ ਦਿੱਤਾ। ਸ਼ਾਇਦ ਹੀ ਕਿਸੇ ਦਾ ਮਨ ਭਰਮਿਆਂ ਹੋਵੇ। ਜਿਸ ਸਿਦਕ ਤੇ ਪਿਆਰ ਨਾਲ ਸੰਗਤਾਂ ਨੇ ਗਾਰੇ ਦੀਆਂ ਤਗਾਰੀਆਂ ਚੁਕੀਆਂ, ਉਸ ਦੀ ਮਿਸਾਲ ਇਤਿਹਾਸ ਵਿਚ ਮਿਲਣੀ ਮੁਸ਼ਕਿਲ ਹੈ। ਕਾਰ-ਸੇਵਾ ਲਈ ਆਇਆ ਹਰੇਕ ਯਾਤ੍ਰੀ ਸਰੋਵਰ ਦੀ ਕੁਝ ਮਿੱਟੀ ਆਪਣੇ ਨਾਲ ਸ਼ੁਭ ਵਸਤੂ ਵਜੋਂ ਘਰਾਂ ਨੂੰ ਨਾਲ ਲੈ ਗਿਆ।

ਕਾਰ-ਸੇਵਾ ਦੇ ਸਮੇਂ ਦੇ ਆਮ ਪ੍ਰਬੰਧ ਦੇ ਮੁਖ ਰੂਪ ਵਿਚ ਜ਼ਿੰਮੇਵਾਰ ਸ. ਤੇਜਾ ਸਿੰਘ ਸਮੁੰਦ੍ਰੀ ਆਪ ਸਨ। ਸਭ ਤਰ੍ਹਾਂ ਦੀਆਂ ਸ਼ਿਕਾਇਤਾਂ ਉਨ੍ਹਾਂ ਪਾਸ ਪਹੁੰਚਦੀਆਂ ਜੋ ਉਹ ਬੜੀ ਸਿਆਣਪ ਤੇ ਦੂਰ-ਅੰਦੇਸ਼ੀ ਨਾਲ ਦੂਰ ਕਰਦੇ। ਅਜੇਹੀ ਇਕ ਘਟਨਾ ਗਿਆਨੀ ਸ਼ੰਕਰ ਸਿੰਘ ਜਗਾਧਰੀ ਦੀ ਜ਼ਬਾਨੀ ਸੁਣੋ :

"੧੯੨੩ ਵਿਚ ਕਾਰ ਸੇਵਾ ਸਮੇਂ ਪਹਿਲੇ ਦਿਨ ਜਲੂਸ ਵਿਚ ਬੇਅੰਤ ਭੀੜ ਸੀ। ਉਸ ਦਿਨ ਕਾਰ ਸੇਵਾ ਲਈ ਜਲੂਸ ਵਿਚ ਮੈਂ (ਗਿਆਨੀ ਸ਼ੰਕਰ ਸਿੰਘ) ਤੇ ਮੇਰੇ ਬਿਰਧ ਮਾਤਾ ਜੀ, ਜਿਨ੍ਹਾਂ ਦੀ ਨਜ਼ਰ ਕਮਜ਼ੋਰ ਸੀ, ਵੀ ਸ਼ਾਮਲ ਸਨ। ਮਾਈਆਂ ਦੀ ਭੀੜ ਵਿਚ ਮੇਰੇ ਮਾਤਾ ਜੀ ਨੂੰ ਸ. ਹਰਬੰਸ ਸਿੰਘ ਜੀ ਜਾਮਾਰਾਏ

Digitized by Panjab Digital Library | www.panjabdigilib.org

ਦੀ ਪਤਨੀ ਰਸਤੇ ਵਿਚ ਸਹਾਰਾ ਦੇ ਰਹੇ ਸਨ। ਜਦ ਜਲੂਸ ਪਰਕਰਮਾ ਵਿਚ ਪਹੁੰਚਿਆ ਤਾਂ ਸ. ਹਰਬੰਸ ਸਿੰਘ ਦੀ ਪਤਨੀ ਆਪਣੀ ਬਾਲੜੀ ਉਮਰ ਦੀ ਬੱਚੀ ਨੂੰ ਉਥੇ ਹੀ, ਮੇਰੇ ਮਾਤਾ ਜੀ ਕੋਲ, ਛੱਡ ਕੇ ਸੇਵਾ ਲਈ ਸਰੋਵਰ ਵਿਚ ਉਤਰ ਗਈ। ਉਸ ਦੇ ਜਾਣ ਪਿੱਛੋਂ ਬੱਚੀ ਉੱਚੀ ਉੱਚੀ ਰੋਣ ਲਗ ਪਈ। ਭੀੜ ਬੜੀ ਸੀ। ਮਾਤਾ ਜੀ ਭੀੜ ਵਿਚ ਸਰੋਵਰ ਦੀਆਂ ਪੌੜੀਆਂ ਵੀ ਨਹੀਂ ਸਨ ਉਤਰ ਸਕਦੇ। ਉਨ੍ਹਾਂ ਨੇ ਕੁੜੀ ਨੂੰ ਕੁਛੜ ਚੁਕ ਲਿਆ ਪਰ ਉਹ ਰੋਣੋਂ ਚੁਪ ਹੀ ਨ ਕਰੇ ਤੇ ਭੀੜ ਦੇ ਧੱਕੇ ਮਾਤਾ ਜੀ ਦੇ ਪੈਰ ਵੀ ਨ ਲਗਣ ਦੇਣ। ਆਖਰ ਧੱਕਿਆਂ ਵਿਚ ਮਾਤਾ ਜੀ ਬਾਹਰ ਨਿਕਲ ਕੇ ਬਾਬਾ ਅਟਲ ਵਲ ਚਲੇ ਗਏ ਤੇ ਆਮ ਬੰਦਿਆਂ ਨੂੰ ਪੁਛੀ ਜਾਣ ਕਿ ਕਿਸੇ ਨੇ ਐਥੇ ਕਿਤੇ ਮੇਰਾ ਲੜਕਾ ਸ਼ੈਂਕਰ ਸਿੰਘ ਤਾਂ ਨਹੀਂ ਵੇਖਿਆ ? ਏਨੀ ਭੀੜ ਵਿਚ ਸ਼ੈਂਕਰ ਸਿੰਘ ਨੂੰ ਕੌਣ ਜਾਣੇ ਤੇ ਕਿੱਥੋਂ ਲੱਭੇ ? ਆਖਰ ਉਹ ਫੇਰ ਰੋਂਦੀ ਲੜਕੀ ਨੂੰ ਲੈ ਕੇ ਪਰਕਰਮਾ ਵਲ ਤੁਰ ਪਏ। ਉਦੋਂ ਗੁਰੂ ਕੇ ਲੰਗਰ ਤੇ ਰਾਮਗੜ੍ਹੀਆਂ ਦੇ ਬੁੰਗੇ ਵਲ ਦੁਖ ਭੰਜਨੀ ਬੇਰੀ ਸਾਹਮਣੇ ਇਕ ਛੋਟਾ ਜੇਹਾ ਦਰਵਾਜ਼ਾ ਪਰਕਰਮਾ ਵਿਚ ਦੀ ਬਾਹਰ ਨਿਕਲਦਾ ਸੀ। ਮਾਤਾ ਜੀ ਲੜਕੀ ਸਮੇਤ ਜਦ ਉਸ ਦਰਵਾਜ਼ੇ ਪਾਸ ਪੁੱਜੇ ਤਾਂ ਭੀੜ ਵਿਚ ਪੈਰ ਉਖੜ ਕੇ ਡਿਗ ਪਏ। ਉਥੇ ਕਿਸੇ ਬੰਦੇ ਨੇ ਉਹ ਲੜਕੀ ਚੁਕ ਕੇ ਸੰਭਾਲ ਲਈ ਤੇ ਭੀੜ ਦੇ ਧੱਕਿਆਂ ਵਿਚ ਉਸ ਨੂੰ ਲੈ ਕੇ ਗੁੰਮ ਹੋ ਗਿਆ। ਮਾਤਾ ਜੀ ਨੇ ਕਾਫੀ ਹਾਲ-ਦੁਹਾਈ ਪਾਈ ਪਰ ਲੜਕੀ ਦਾ ਕੁਝ ਪਤਾ ਨ ਲੱਗਾ। ਆਖਰ ਸ਼ਾਮ ਨੂੰ ਭੀੜ ਕੁਝ ਘਟ ਹੋਣ ਤੇ ਮਾਤਾ ਜੀ ਨੇ ਮੈਨੂੰ (ਗਿਆਨੀ ਸ਼ੈਂਕਰ ਸਿੰਘ ਨੂੰ) ਜਾ ਲਭਿਆ। ਮਿਲਣ ਉੱਤੇ ਮਾਤਾ ਜੀ ਨੇ ਸਾਰੀ ਗੱਲ ਸੁਣਾਈ। ਗਿਆਨੀ ਜੀ ਨੇ ਸ. ਹਰਬੰਸ ਸਿੰਘ ਜਾਮਾਰਾਏ ਨੂੰ ਲੱਭਣ ਦਾ ਬੜਾ ਯਤਨ ਕੀਤਾ ਪਰ ਮੇਲ ਨ ਹੋਇਆ।

ਦੂਜੇ ਦਿਨ ਮਾਤਾ ਜੀ ਤੇ ਮੈਂ ਆਪਣੇ ਪਿੰਡ ਜੌਹਲ ਢਾਏ ਵਾਲੇ ਪੁੱਜੇ। ਉਧਰ ਲੜਕੀ ਦੀ ਤਲਾਸ਼ ਵਿਚ ਮਾਪਿਆਂ ਨੂੰ ਸ਼ੱਕ ਪਿਆ ਕਿ ਅਸਾਂ ਜਾਣ ਬੁਝ ਕੇ ਉਨ੍ਹਾਂ ਦੀ ਬੇ-ਇਜ਼ਤੀ ਕਰਨ ਲਈ ਲੜਕੀ ਗੁੰਮ ਕਰ ਦਿੱਤੀ ਹੈ। ਸ਼ੱਕ ਦੀ ਗੁੰਜਾਇਸ਼ ਇਸ ਕਰਕੇ ਸੀ ਕਿ ਸਾਡੇ ਦੋਹਾਂ ਖ਼ਾਨਦਾਨਾਂ ਵਿਚ ਕਿਸੇ ਸਮੇਂ ਜ਼ੈਲਦਾਰੀ ਤੋਂ ਇਕ ਝਗੜਾ ਵੀ ਚਲਦਾ ਰਿਹਾ ਸੀ।

ਬਹੁਤ ਯਕੀਨ ਦੁਆਣ ਦੇ ਬਾਵਜੂਦ ਝਗੜਾ ਵਧ ਗਿਆ। ਕਿਸੇ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਤੁਸੀਂ ਆਪਣਾ ਝਗੜਾ ਸ. ਤੇਜਾ ਸਿੰਘ ਸਮੁੰਦ੍ਰੀ ਪਾਸ ਲੈ ਜਾਓ ; ਉਹ ਬਾ-ਰਸੂਖ਼ ਹਨ, ਕੁੜੀ ਲਭਾ ਦੇਣਗੇ। ਸਮੁੰਦ੍ਰੀ ਸਾਹਿਬ ਨੇ ਜਥੇਦਾਰ ਮੋਹਨ ਸਿੰਘ ਤੁੜ ਦੇ ਪਿਤਾ, ਸ. ਜਗਤ ਸਿੰਘ ਚੱਕ ਮਹਿਰ, ਨੂੰ ਮੇਰੇ ਵਲ ਘੱਲਿਆ। ਮੈਂ ਤੇ ਮੇਰੇ ਪਿਤਾ ਜੀ ਸਣੇ ਮਾਤਾ ਜੀ ਦੇ, ਸ. ਜਗਤ ਸਿੰਘ ਨਾਲ ਅੰਮ੍ਰਿਤਸਰ ਪੁੱਜੇ। ਤੇਜਾ ਸਿੰਘ ਸਮੁੰਦ੍ਰੀ ਨੇ ਦੂਰ-ਅੰਦੇਸ਼ੀ ਵਰਤਦਿਆਂ ਸਾਨੂੰ

Digitized by Panjab Digital Library | www.panjabdigilib.org

ਸਾਰਿਆਂ ਨੂੰ ਇਕੱਲਿਆਂ ਇਕੱਲਿਆਂ ਲੜਕੀ ਬਾਰੇ ਪੁੱਛਿਆ। ਇਸ ਵਿਚ ਉਨ੍ਹਾਂ ਪਿਆਰ ਨਾਲ ਗੱਲ ਕੀਤੀ ਤੇ ਕਿਸੇ ਕਿਸੇ ਵੇਲੇ ਜਲਾਲ ਵਿਚ ਵੀ ਆਏ। ਮੈਂ ਉਨ੍ਹਾਂ ਦੀ ਮਜਬੂਰੀ ਤੇ ਜ਼ਿੰਮੇਵਾਰੀ ਸਮਝਦਾ ਸਾਂ। ਮੈਂ ਉਨ੍ਹਾਂ ਨੂੰ ਆਪਣੀ ਤੇ ਮਾਤਾ ਜੀ ਦੀ ਬੇ-ਗੁਨਾਹੀ ਦਾ ਯਕੀਨ ਦੁਆ ਦਿੱਤਾ। ਉਨ੍ਹਾਂ ਕੁਝ ਚਿਰ ਸੋਚਿਆ ਤੇ ਫਿਰ ਕਿਹਾ : "ਮੇਰਾ ਦਿਲ ਨਹੀਂ ਮੰਨਦਾ ਕਿ ਇਨ੍ਹਾਂ ਨੇ ਲੜਕੀ ਗੁੰਮ ਕੀਤੀ ਹੋਵੇ।" ਇਸ ਪਿੱਛੋਂ ਉਨ੍ਹਾਂ ਸ. ਹਰਬੰਸ ਸਿੰਘ ਜਾਮਾਰਾਏ ਨੂੰ ਕਿਹਾ, "ਇਹ ਬੇਕਸੂਰ ਦਿਸਦੇ ਹਨ, ਤੁਸੀਂ ਲੜਕੀ ਦੀ ਤਲਾਸ਼ ਜਾਰੀ ਰੱਖੋ, ਸਤਿਗੁਰੂ ਮਿਹਰ ਕਰੇਗਾ।"

ਸ. ਤੇਜਾ ਸਿੰਘ ਸਮੁੰਦ੍ਰੀ ਦੇ ਇਸ ਫ਼ੈਸਲੇ ਨਾਲ ਸਾਡੀ ਜਿੰਦ ਵਿਚ ਜਿੰਦ ਆਈ। ਅਸਾਂ ਸਰਦਾਰ ਜੀ ਦੇ ਮਨ ਵਿਚ ਮਿਹਰ ਪਾਣ ਲਈ ਵਾਹਿਗੁਰੂ ਜੀ ਦਾ ਸ਼ੁਕਰ ਕੀਤਾ। ਇਸ ਫ਼ੈਸਲੇ ਨਾਲ ਸਾਡੇ ਦੋ ਖਾਨਦਾਨ ਤਬਾਹੀ ਤੋਂ ਬਚ ਗਏ ਤਾਂ ਵੀ ਸਾਨੂੰ ਅੰਦਰੋਂ ਤੌਖ਼ਲਾ ਲਗਾ ਰਿਹਾ।

ਗੁੰਮ ਹੋਈ ਲੜਕੀ ਦੇ ਨਾਨਕੇ ਕਸੇਲ ਸਨ। ਮੇਰੇ ਭੂਆ ਜੀ ਕਸੇਲ ਹੀ ਵਿਆਹੇ ਹੋਏ ਸਨ। ਲੜਕੀ ਦੇ ਮਾਪਿਆਂ ਨੇ ਸਾਡੀ ਭੂਆ ਹੱਥ ਬਹੁਤ ਸੁਨੇਹੇ ਭੇਜੇ ਕਿ ਜੋ ਲੈਣਾ ਹੈ ਲੈ ਲਓ, ਪਰ ਲੜਕੀ ਮੋੜ ਦਿਓ। ਇਹ ਗੱਲ ਸਾਡੀ ਬਦਨਾਮੀ ਦਾ ਜ਼ਿਆਦਾ ਕਾਰਣ ਬਣ ਰਹੀ ਸੀ। ਪਰ "ਸੰਤ ਬਚਨ ਅਟਲਾਧਾ" ਦੇ ਮਹਾ ਵਾਕ ਅਨੁਸਾਰ ਗੁਆਚੀ ਲੜਕੀ ਛੇਤੀ ਹੀ ਮਿਲ ਗਈ। ਲੜਕੀ ਦੇ ਮਾਮਾ ਜੀ ਆਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਗਏ। ਉਥੇ ਉਨ੍ਹਾਂ ਸ੍ਰੀ ਕੇਸਗੜ੍ਹ ਸਾਹਿਬ ਇਕੱਲੀ ਖਲੋਤੀ ਇਕ ਲੜਕੀ ਦੇਖੀ। ਉਸ ਦੀ ਸ਼ਕਲ ਸੂਰਤ ਗੁੰਮ ਹੋਈ ਲੜਕੀ ਵਾਂਗ ਸੀ। ਉਨ੍ਹਾਂ ਉਸ ਨੂੰ ਆਵਾਜ਼ ਦੇ ਕੇ ਪੁਛਿਆ : "ਕੀ ਤੂੰ ਭੋਲਾਂ ਏਂ ?" ਲੜਕੀ ਦੌੜ ਕੇ ਉਨ੍ਹਾਂ ਵਲ ਆ ਗਈ। ਲੜਕੀ ਚੁਕਣ ਵਾਲਾ ਲੜਕੀ ਲਈ ਖਾਣ ਨੂੰ ਕੁਝ ਲੈਣ ਗਿਆ ਹੋਇਆ ਸੀ। ਇੱਨੇ ਨੂੰ ਉਹ ਭੀ ਉਥੇ ਪਹੁੰਚ ਗਿਆ। ਲੜਕੀ ਦੇ ਮਾਮੇ ਨੇ ਉਸ ਨੂੰ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਤੇ ਲੜਕੀ ਮਾਪਿਆਂ ਕੋਲ ਪਹੁੰਚਾ ਦਿੱਤੀ। ਲੜਕੀ ਚੁਕਣ ਵਾਲੇ ਨੂੰ ਅਦਾਲਤ ਵਿਚ ਮੁਕੱਦਮੇ ਪਿੱਛੋਂ ਕੈਦ ਹੋ ਗਈ। ਇੰਜ ਸਰਦਾਰ ਤੇਜਾ ਸਿੰਘ ਸਮੁੰਦ੍ਰੀ ਦੇ ਸਾਧ ਬਚਨ ਨਾਲ ਅਸੀਂ ਕੁੜੀ ਚੁੱਕਣ ਦੇ ਦੋਸ਼ ਤੋਂ ਬਰੀ ਹੋਏ।

Digitized by Panjab Digital Library | www.panjabdigilib.org

# ਮਹਾਰਾਜਾ ਨਾਭੇ ਦਾ ਸਵਾਲ ਤੇ ਜੈਤੋ ਦਾ ਮੋਰਚਾ

ਕਾਰ ਸੇਵਾ ਦੇ ਦਿਨਾਂ ਵਿਚ ਹੀ ਨਾਭੇ ਦਾ ਝਗੜਾ ਸ਼ੁਰੂ ਹੋ ਗਿਆ। ਇਸ ਝਗੜੇ ਦਾ ਮੁਢ ਨਾਭੇ-ਪਟਿਆਲੇ ਦਾ ਕਿਸੇ ਗੱਲੋਂ ਹੋਇਆ ਆਪਸੀ ਵਿਰੋਧ ਸੀ। ਉਸ ਵਿਰੋਧ ਨੂੰ ਅੰਗਰੇਜ਼ ਸਰਕਾਰ ਨੇ ਚੰਗੀ ਹਵਾ ਦਿੱਤੀ। ਹੌਲੀ ਹੌਲੀ ਇਹ ਵਿਰੋਧ ਝਗੜੇ ਦਾ ਰੂਪ ਧਾਰਣ ਕਰ ਗਿਆ। ਮਹਾਰਾਜਾ ਰਿਪੁਦਮਨ ਸਿੰਘ ਅਕਾਲੀ ਲਹਿਰ ਨਾਲ ਸ਼ੁਰੂ ਤੋਂ ਹੀ ਹਮਦਰਦੀ ਰੱਖਦਾ ਸੀ। ਨਨਕਾਣਾ ਸਾਹਿਬ ਦੇ ਸਾਕੇ ਦਾ ਸ਼ਹੀਦੀ ਦਿਨ ਜਦੋਂ ਸ਼ਿਰੋਮਣੀ ਕਮੇਟੀ ਨੇ ਕਾਲੀਆਂ ਦਸਤਾਰਾਂ ਸਜਾ ਕੇ ਮਨਾਉਣ ਦਾ ਐਲਾਨ ਕੀਤਾ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਸ਼ਿਰੋਮਣੀ ਕਮੇਟੀ ਦੇ ਹੁਕਮ ਦੀ ਪਾਲਨਾ ਵਿਚ ਕਾਲੀ ਦਸਤਾਰ ਸਜਾਈ। ਕੁੰਜੀਆਂ ਦੇ ਮੋਰਚੇ ਮਗਰੋਂ ਜਦ ਸਰਕਾਰ ਨੇ ਰਿਆਸਤਾਂ ਨੂੰ ਨਾਲ ਲੈ ਕੇ ਅਕਾਲੀਆਂ ਉੱਤੇ ਗ੍ਰਿਫ਼ਤਾਰੀਆਂ ਦਾ ਹੱਲਾ ਬੋਲਿਆ ਤਾਂ ਕੇਵਲ ਨਾਭਾ ਰਿਆਸਤ ਹੀ ਇਸ ਹੱਲੇ ਵਿਚ ਸ਼ਾਮਿਲ ਨਹੀਂ ਸੀ ਹੋਈ।

ਦੂਜੇ ਬੰਨੇ ਪਟਿਆਲੇ ਦਾ ਮਹਾਰਾਜਾ ਭੂਪਿੰਦਰ ਸਿੰਘ ਬੜਾ ਚਤੁਰ, ਦਾਅ-ਮਾਰ ਤੇ ਪਾਲਿਸੀਬਾਜ਼ ਸੀ। ਉਸ ਵਿਚ ਅਖ਼ਲਾਕੀ ਆਚਰਣ ਦੀ ਕਮਜ਼ੋਰੀ ਬਹੁਤ ਸੀ। ਇਸ ਕਾਰਣ ਉਹ ਸਦਾ ਹੀ ਅੰਗਰੇਜ਼ ਸਰਕਾਰ ਨਾਲ ਬਣਾ ਕੇ ਆਪਣੀ ਗੱਦੀ ਕਾਇਮ ਰੱਖਣ ਦੇ ਜਤਨ ਵਿਚ ਰਹਿੰਦਾ ਸੀ। ਅੰਗਰੇਜ਼ ਸਰਕਾਰ ਨੂੰ ਖੁਸ਼ ਕਰਨ ਲਈ ਉਸ ਅਕਾਲੀ ਲਹਿਰ ਦੇ ਉਠਦਿਆਂ ਹੀ ਕੁਝ ਅਕਾਲੀ ਲੀਡਰ ਖ਼ਰੀਦ ਕੇ ਲਹਿਰ ਨੂੰ ਫ਼ੇਲ ਕਰਾਣ ਦੀ ਕੋਸ਼ਿਸ਼ ਕੀਤੀ। ਉਪਰੋਂ ਉਹ ਆਪਣੇ ਆਪ ਨੂੰ ਅਕਾਲੀਆਂ ਨਾਲ ਜੁੜਿਆ ਪ੍ਰਗਟ ਕਰਦਾ ਸੀ। ਇਹ ਦੋਰੰਗੀ ਕਿੰਨਾ ਕੁ ਚਿਰ ਚਲਦੀ? ਇਸ ਤੋਂ ਸਿੱਖ ਪੰਥ ਵਿਚ ਮਹਾਰਾਜੇ ਵਿਰੁੱਧ ਬੜਾ ਰੋਸ ਪੈਦਾ ਹੋਇਆ। ਮਹਾਰਾਜਾ ਵਲੋਂ ਖ਼ਰੀਦੇ ਗਏ ਲੀਡਰ ਬਦਨਾਮੀ ਦੇ ਅਜੇਹੇ ਖ਼ੂਹ ਵਿਚ ਡਿੱਗੇ ਕਿ ਉਹ ਮੁੜ ਉਠ ਹੀ ਨ ਸਕੇ। ਪਰ ਮਹਾਰਾਜੇ ਨੇ ਅਕਾਲੀ ਲਹਿਰ ਨੂੰ ਚੋਖਾ ਨੁਕਸਾਨ ਪਹੁੰਚਾਇਆ। ਮਹਾਰਾਜਾ ਭੂਪਿੰਦਰ ਸਿੰਘ ਦੇ ਮੁਕਾਬਲੇ ਤੇ ਮਹਾਰਾਜਾ ਰਿਪੁਦਮਨ ਸਿੰਘ ਬਹੁਤ ਨੇਕਨਾਮ ਸੀ। ਉਸ ਦੀ ਨੇਕਨਾਮੀ ਤੇ ਪੰਥ ਨਾਲ ਹਮਦਰਦੀ ਰੱਖਣ ਕਾਰਣ ਆਮ ਸੰਗਤਾਂ ਉਸ ਲਈ ਚੋਖੀ ਸ਼ਰਧਾ ਤੇ ਸਤਿਕਾਰ ਰੱਖਦੀਆਂ ਸਨ।

ਪਟਿਆਲੇ ਤੇ ਨਾਭੇ ਦੇ ਮਹਾਰਾਜਿਆਂ ਵਿਚਕਾਰ ਝਗੜਾ ਦਿਨੋ ਦਿਨ ਵਧਦਾ ਗਿਆ। ਦੋਵੇਂ ਸਿੱਖ ਰਿਆਸਤਾਂ ਸਨ, ਇਸ ਲਈ ਕੁਦਰਤੀ ਤੌਰ ਤੇ ਪੰਥ ਦਾ ਧਿਆਨ ਇਧਰ

Digitized by Panjab Digital Library | www.panjabdigilib.org

ਗਿਆ । ੧੯੨੩ ਈ. ਵਿਚ ਇਸ ਸਵਾਲ ਨੇ ਬੜੀ ਨਾਜ਼ੁਕ ਸੂਰਤ ਇਖ਼ਤਿਆਰ ਕਰ ਲਈ। ਪੰਥ ਦੇ ਵੈਰੀਆਂ ਨੇ ਕੁਟਿਲ ਨੀਤੀ ਨਾਲ ਇਸ ਝਗੜੇ ਨੂੰ ਇਤਨਾ ਵਧਾਇਆ ਕਿ ਇਸ ਦਾ ਅਸਰ ਪੰਥ ਉਪਰ ਬਹੁਤ ਹਾਨੀਕਾਰਕ ਪਿਆ, ਜਿਸ ਕਾਰਣ ਪੰਥ ਇਸ ਝਗੜੇ ਨੂੰ ਬੜੇ ਤੌਖ਼ਲੇ ਨਾਲ ਵੇਖਣ ਲਗਾ ।

ਸਭ ਤੋਂ ਪਹਿਲਾਂ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਦੋਹਾਂ ਮਹਾਰਾਜਿਆਂ ਵਿਚ ਸੁਲ੍ਹਾ ਸਫ਼ਾਈ ਕਰਾਉਣ ਦਾ ਯਤਨ ਕੀਤਾ । ਸ. ਤੇਜਾ ਸਿੰਘ ਸਮੁੰਦ੍ਰੀ ਨੇ ਇਸ ਕੰਮ ਵਿਚ ਖ਼ਾਸ ਤੌਰ ਤੇ ਹਿੱਸਾ ਲਿਆ । ਇਸ ਮਤਲਬ ਲਈ ਸ. ਤੇਜਾ ਸਿੰਘ ਸਮੁੰਦ੍ਰੀ, ਮਾ. ਤਾਰਾ ਸਿੰਘ, ਬਾਬਾ ਕਿਹਰ ਸਿੰਘ ਪੱਟੀ, ਬਾਵਾ ਹਰਕਿਸ਼ਨ ਸਿੰਘ ਤੇ ਪ੍ਰੋ. ਤੇਜਾ ਸਿੰਘ ਨਾਲ ਸੰਮਿਲਿਤ ਪੰਜ ਆਦਮੀਆਂ ਦਾ ਇਕ ਡੈਪੂਟੇਸ਼ਨ ਮਹਾਰਾਜਾ ਪਟਿਆਲਾ ਤੇ ਨਾਭਾ ਦੀ ਆਪੋ ਵਿਚ ਸੁਲ੍ਹਾ ਕਰਾਉਣ ਲਈ ਮਈ ੧੯੨੩ ਵਿਚ ਪਟਿਆਲੇ ਤੇ ਨਾਭੇ ਗਿਆ । ਡੈਪੂਟੇਸ਼ਨ ਦੀ ਮਹਾਰਾਜਾ ਪਟਿਆਲਾ ਨਾਲ ਮੁਲਾਕਾਤ ੨ ਮਈ ਦੀ ਸ਼ਾਮ ਨੂੰ ਹੋਈ । ਕੋਈ ਤਿੰਨ ਘੰਟੇ ਖੁਲ੍ਹੀ ਗੱਲਬਾਤ ਹੁੰਦੀ ਰਹੀ । ਸਾਰੇ ਗੁਪਤ ਕਾਗ਼ਜ਼ਾਤ ਤੇ ਹਾਲਾਤ ਦਸੇ ਤੇ ਸੁਣੇ ਗਏ । ਮਹਾਰਾਜਾ ਵਲੋਂ ਸਮਝੌਤੇ ਵਾਸਤੇ ਰਜ਼ਾਮੰਦੀ ਪ੍ਰਗਟ ਕੀਤੀ ਗਈ ਤੇ ਸ਼ਰਤਾਂ ਵੀ ਦਸੀਆਂ ਗਈਆਂ ਜੋ ਘਟ ਵਧ ਵੀ ਹੋ ਸਕਦੀਆਂ ਸਨ । ਇਸ ਉੱਤੇ ਡੈਪੂਟੇਸ਼ਨ ਨੂੰ ਸਮਝੌਤਾ ਹੋ ਜਾਣ ਦੀ ਇੰਨੀ ਆਸ ਬਝ ਗਈ ਕਿ ਉਹ ਅਗਲੇ ਦਿਨ ਬਿਨ ਬੁਲਾਏ ਹੀ ਨਾਭੇ ਪਹੁੰਚ ਗਏ । ਮਹਾਰਾਜਾ ਸਾਹਿਬ ਨਾਭਾ ਨੂੰ ਡੈਪੂਟੇਸ਼ਨ ਦੇ ਪਹੁੰਚਣ ਦੀ ਸੂਚਨਾ ਦਿੱਤੀ ਗਈ, ਉੱਤਰ ਆਇਆ ਕਿ ਵਜ਼ੀਰ ਸਾਹਿਬ ਡੈਪੂਟੇਸ਼ਨ ਨਾਲ ਗੱਲਬਾਤ ਕਰਨਗੇ । ਡੈਪੂਟੇਸ਼ਨ ਨੇ ਸਿੱਧੀ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਹਾਰਾਜਾ ਸਾਹਿਬ ਵਲੋਂ ਸਮਾਂ ਨ ਮਿਲਿਆ । ਪਤਾ ਲਗਾ ਕਿ ਉਹ ਬੀਮਾਰ ਹਨ । ਮਹਾਰਾਜਾ ਪਾਸ ਫੇਰ ਬੇਨਤੀ ਕੀਤੀ ਗਈ ਕਿ ਸਾਨੂੰ ਆਪ ਦੇ ਬੀਮਾਰ ਹੋਣ ਦੀ ਗੱਲ ਸੁਣ ਕੇ ਦੁੱਖ ਹੋਇਆ ਹੈ ਪਰ ਕੰਮ ਸਿੱਧਾ ਆਪ ਜੀ ਨਾਲ ਹੀ ਹੈ, ਇਸ ਲਈ ੮ ਮਈ ਤੋਂ ਪਹਿਲਾਂ ਪਹਿਲਾਂ ਸਾਨੂੰ ਗੱਲਬਾਤ ਲਈ ਕੋਈ ਹੋਰ ਤਾਰੀਖ਼ ਦਿਓ । ਇਸ ਉਪਰ ਵੀ ਮੁਲਾਕਾਤ ਨ ਹੋ ਸਕੀ । ਨਿਰਾਸ ਹੋ ਕੇ ਡੈਪੂਟੇਸ਼ਨ ਵਾਪਸ ਅੰਮ੍ਰਿਤਸਰ ਆ ਗਿਆ । ਇਥੋਂ ਉਨ੍ਹਾਂ ਵਿਸ਼ੇਸ਼ ਆਦਮੀ ਹੱਥ ਮਹਾਰਾਜਾ ਨਾਭਾ ਨੂੰ ਫਿਰ ਚਿੱਠੀ ਘੱਲੀ ਕਿ ਜੇ ਮਹਾਰਾਜਾ ਸਾਹਿਬ ਮਿਲਣ ਦਾ ਮੌਕਾ ਦੇਣ ਤਾਂ ਅਸੀਂ ਆ ਸਕਦੇ ਹਾਂ । ਇਸ ਚਿੱਠੀ ਦੇ ਉੱਤਰ ਵਿਚ ਤਾਰ ਆਈ Too Late, ਅਰਥਾਤ ਹੁਣ ਵੇਲਾ ਲੰਘ ਗਿਆ ਹੈ । ਇਸ ਤਰ੍ਹਾਂ ਸ਼ਿਰੋਮਣੀ ਕਮੇਟੀ ਦੇ ਅਣਥਕ ਜਤਨਾਂ ਦੇ ਬਾਵਜੂਦ ਦੋਹਾਂ ਸਿੱਖ ਮਹਾਰਾਜਿਆਂ ਦੀ ਸੁਲ੍ਹਾ ਨ ਹੋ ਸਕੀ । ਮਾੜੇ ਭਾਗਾਂ ਨੂੰ ਪੰਥ ਦੇ ਵੈਰੀਆਂ ਦੇ ਜਾਲ ਇਤਨੇ ਫੈਲੇ ਹੋਏ ਸਨ ਅਤੇ ਉਨ੍ਹਾਂ ਦੀਆਂ ਡੂੰਘੀਆਂ ਕੁਟਿਲ ਚਾਲਾਂ ਇਤਨੀਆਂ ਘਰ ਕਰ ਚੁਕੀਆਂ ਸਨ ਕਿ ਉਨ੍ਹਾਂ ਸ਼ਿਰੋਮਣੀ ਕਮੇਟੀ ਨੂੰ ਗੱਲਬਾਤ ਕਰਨ ਦਾ ਮੌਕਾ ਹੀ ਨ ਦਿੱਤਾ ।

ਸ਼ਿਰੋਮਣੀ ਕਮੇਟੀ ਵਿਚ ਖ਼ਬਰ ਪੁੱਜੀ ਕਿ ਨਾਭੇ ਤੇ ਪਟਿਆਲੇ ਦੇ ਝਗੜੇ ਦਾ ਫਲ ਇਹ ਨਿਕਲਣ ਲਗਾ ਹੈ ਕਿ ਮਹਾਰਾਜਾ ਰਿਪੁਦਮਨ ਸਿੰਘ ਆਪ ਹੀ ਗੱਦੀਓਂ ਲਹਿਣ

Digitized by Panjab Digital Library | www.panjabdigilib.org

ਵਾਸਤੇ ਤਿਆਰ ਹੋ ਗਏ ਹਨ । ਸੰਤ ਦੀਦਾਰ ਸਿੰਘ ਮਹਾਰਾਜਾ ਰਿਪੁਦਮਨ ਸਿੰਘ ਨੂੰ ਮਿਲ ਕੇ ਆਏ ਸਨ ਤੇ ਉਨ੍ਹਾਂ ਨੇ ਹੀ ਇਹ ਖ਼ਬਰ ਸ਼ਿਰੋਮਣੀ ਕਮੇਟੀ ਨੂੰ ਸੁਣਾਈ ਸੀ । ਸਾਰੀ ਗੱਲ ਸੁਣ ਕੇ ਮਾਸਟਰ ਤਾਰਾ ਸਿੰਘ ਤੇ ਸ਼ਿਰੋਮਣੀ ਕਮੇਟੀ ਦੇ ਹੋਰ ਆਗੂ ਸੰਤ ਦੀਦਾਰ ਸਿੰਘ ਦੇ ਨਾਲ ਨਾਭੇ ਗਏ । ਉਨ੍ਹਾਂ ਦਾ ਨਾਭੇ ਜਾਣ ਦਾ ਮਤਲਬ ਇਹ ਸੀ ਕਿ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਛੱਡਣ ਤੋਂ ਰੋਕਿਆ ਜਾਵੇ । ਉਥੇ ਪੁੱਜ ਕੇ ਉਨ੍ਹਾਂ ਨੇ ਬਹੁਤ ਜ਼ੋਰ ਲਾਇਆ ਕਿ ਮਹਾਰਾਜਾ ਸਾਹਿਬ ਗੱਦੀ ਛੱਡਣ ਤੋਂ ਬਾਜ ਰਹੇ ਪਰ ਮਹਾਰਾਜਾ ਇੰਨਾ ਕਮਜ਼ੋਰ ਦਿਲ ਸਿੱਧ ਹੋਇਆ ਕਿ ਇਕ ਪਲ ਅਕਾਲੀਆਂ ਦੀ ਗੱਲ ਮੰਨ ਕੇ ਗੱਦੀ ਲਈ ਅੜਨ ਦਾ ਖਿਆਲ ਬਣਾ ਲੈਂਦਾ ਤੇ ਦੂਜੇ ਪਲ ਮੁਸ਼ੀਰਾਂ ਤੇ ਅਹਿਲਕਾਰਾਂ ਦੀ ਗੱਲ ਸੁਣ ਕੇ ਗੱਦੀ ਛੱਡਣ ਲਈ ਤਿਆਰ ਹੋ ਜਾਂਦਾ । ਇਸ ਤਰ੍ਹਾਂ ਉਸ ਕਈ ਵਾਰ ਰਾਏ ਬਦਲੀ । ਮੁਲਾਕਾਤ ਦੇ ਅੰਤ ਤੇ ਮਹਾਰਾਜਾ ਸਾਹਿਬ ਅਕਾਲੀ ਆਗੂਆਂ ਦੀ ਗੱਲ ਮੰਨ ਗਏ, ਤੇ ਸਾਰੇ ਆਗੂ ਸਫ਼ਲਤਾ ਵੇਖ ਰਾਤ ਸੌਣ ਲਈ ਚਲੇ ਗਏ ।

ਦੂਜੇ ਦਿਨ ਸਵੇਰੇ ਜਦ ਆਗੂ ਹੀਰਾ ਮਹਿਲ ਪੁੱਜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਕੋਈ ਘੰਟਾ ਡੇਢ ਘੰਟਾ ਹੋਇਆ ਮਹਾਰਾਜਾ ਸਾਹਿਬ ਦਾ ਹੀ ਇਕ ਅੰਗਰੇਜ਼ ਮੁਲਾਜ਼ਮ ਮਹਾਰਾਜਾ ਸਾਹਿਬ ਦੇ ਗੱਦੀ ਛੱਡਣ ਦੀ ਚਿੱਠੀ ਲੈ ਕੇ ਸ਼ਿਮਲੇ ਚਲਾ ਗਿਆ ਹੈ । ਇਸ ਉੱਤੇ ਸ਼ਿਰੋਮਣੀ ਕਮੇਟੀ ਦੇ ਆਗੂ ਬਹੁਤ ਹੈਰਾਨ ਹੋਏ । ਉਨ੍ਹਾਂ ਨੇ ਮਹਾਰਾਜਾ ਸਾਹਿਬ ਨੂੰ ਫੇਰ ਆਖਿਆ ਤੇ ਉਹ ਫਿਰ ਗੱਦੀ ਨ ਛੱਡਣ ਲਈ ਮੰਨ ਗਿਆ । ਮਹਾਰਾਜਾ ਸਾਹਿਬ ਨੇ ਦੋ ਅਹਿਲਕਾਰਾਂ ਨੂੰ ਤੇਜ਼ ਮੋਟਰ ਦੇ ਕੇ ਪਹਿਲੇ ਅੰਗਰੇਜ਼ ਮੁਲਾਜ਼ਮ ਦੇ ਮਗਰ ਭਜਾਇਆ ਕਿ ਗੱਦੀ ਛੱਡਣ ਵਾਲੀ ਚਿੱਠੀ ਮੋੜ ਲਿਆਓ । ਇਸ ਉਤੇ ਅਕਾਲੀ ਆਗੂ ਬਹੁਤ ਖੁਸ਼ ਹੋਏ ਤੇ ਬਾਹਰ ਨੂੰ ਚਲੇ ਗਏ, ਪਰ ਥੋੜੀ ਦੇਰ ਬਾਅਦ ਜਦ ਫੇਰ ਮਹਿਲਾਂ ਵਿਚ ਵਾਪਸ ਆਏ ਤਾਂ ਇਕ ਅਹਿਲਕਾਰ ਨੇ ਦਸਿਆ ਕਿ ਪਿੱਛੇ ਗਈ ਮੋਟਰ ਨੇ ਅਗੇ ਗਈ ਮੋਟਰ ਨੂੰ ਕਾਲਕਾ ਜਾ ਫੜਿਆ ਸੀ, ਪਰ ਉਸ ਅੰਗਰੇਜ਼ ਨੇ ਗੱਦੀ ਛੱਡਣ ਵਾਲੀ ਚਿੱਠੀ ਵਾਪਸ ਦੇਣ ਤੋਂ ਨਾਂਹ ਕਰ ਦਿੱਤੀ ਹੈ । ਵਾਪਸ ਆਉਣ ਤੋਂ ਪਹਿਲਾਂ ਉਨ੍ਹਾਂ ਅਹਿਲਕਾਰਾਂ ਨੇ ਸਿੱਖ ਆਗੂਆਂ ਨੂੰ ਮਹਾਰਾਜਾ ਸਾਹਿਬ ਨੂੰ ਮਿਲਣ ਤਕ ਨ ਦਿੱਤਾ; ਅਕਾਲੀ ਲੀਡਰ ਪਰਦੇ ਪਿੱਛੇ ਹੋ ਰਹੀ ਸਾਜ਼ਿਸ਼ ਨੂੰ ਭਾਂਪ ਗਏ ।

ਵਾਸਤਵ ਵਿਚ ਪਿੱਛੇ ਦੱਸੀ "ਟੂ ਲੇਟ" ਵਾਲੀ ਗੱਲ ਠੀਕ ਸੀ । ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦਾ ਝਗੜਾ ਅੰਗਰੇਜ਼ ਸਰਕਾਰ ਦੇ ਪੋਲੀਟੀਕਲ ਵਿਭਾਗ ਨਾਲ ਇੰਨਾ ਵਧ ਚੁਕਿਆ ਸੀ ਕਿ ਮਹਾਰਾਜਾ ਆਪਣੇ ਆਪ ਨੂੰ ਮਜਬੂਰ ਸਮਝਣ ਲਗ ਪਿਆ ਸੀ । ਸ. ਦੀਵਾਨ ਸਿੰਘ ਮਫ਼ਤੂਨ ਨੇ ਜੋ ਮਹਾਰਾਜੇ ਦਾ ਨਿਕਟ-ਵਰਤੀ ਸੀ, ਸਾਰੇ ਝਗੜੇ ਦਾ ਪਿਛੋਕੜ ਪੁਸਤਕ 'ਨਾ-ਕਾਬਲੇ ਫ਼ਰਾਮੋਸ਼' ਵਿਚ ਵੇਰਵੇ ਸਹਿਤ ਦਿੱਤਾ ਹੈ ।[1] ਜਿਸ ਦਾ ਸਾਰੰਸ਼ ਇਸ ਪ੍ਰਕਾਰ ਹੈ :

1. ਦੇਖੋ ਪੰਨੇ ੫੮-੬੬ ਤੇ ੧੧੪-੧੨੦.

Digital Library / ww

ਸ੍ਵਰਗਵਾਸੀ ਮਹਾਰਾਜਾ ਵਿਚ ਕਈ ਮਨੁਖੀ ਕਮਜ਼ੋਰੀਆਂ ਸਨ, ਪਰ ਇਨ੍ਹਾਂ ਦੇ ਗੱਦੀਓਂ ਲਾਹੇ ਜਾਣ ਦਾ ਅਸਲ ਕਾਰਣ ਪੋਲੀਟੀਕਲ ਵਿਭਾਗ ਦਾ ਇਨ੍ਹਾਂ ਵਿਰੁੱਧ ਹੋ ਜਾਣਾ ਸੀ। ਇਹ ਹਾਲੀ ਟਿੱਕਾ ਜੀ ਹੀ ਸਨ ਕਿ ਅੰਗਰੇਜ਼ ਸਰਕਾਰ ਨੇ ਇਨ੍ਹਾਂ ਨੂੰ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਥਾਪ ਦਿੱਤਾ। ਇਨ੍ਹਾਂ ਕੌਂਸਲ ਵਿਚ ਸਰਕਾਰ ਦਾ ਪੱਖ ਪੂਰਣ ਦੀ ਬਜਾਏ ਨੈਸ਼ਨਿਲਿਸਟ ਧੜੇ ਦੇ ਮਿਸਟਰ ਗੋਖਲੇ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਇਥੋਂ ਹੀ ਇਨ੍ਹਾਂ ਦੀਆਂ ਮੁਸੀਬਤਾਂ ਦਾ ਸ੍ਰੀ ਗਣੇਸ਼ ਹੋਇਆ। ਮਹਾਰਾਜਾ ਨਾਭਾ ਨੂੰ ਇਕ ਦਿਨ ਇਹ ਇਤਲਾਹ ਪਹੁੰਚੀ ਕਿ ਨਾਭਾ-ਪਟਿਆਲਾ ਝਗੜੇ ਦੀ ਤਹਕੀਕਾਤ ਕਰਨ ਵਾਲੇ ਜੱਜ ਦੀ ਰਿਪੋਰਟ ਦੇ ਆਧਾਰ ਤੇ ਸਰਕਾਰ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੁਣਾ ਚਾਹੁੰਦੀ ਹੈ। ਇਸ ਚੀਜ਼ ਦੀ ਰੋਕ-ਥਾਮ ਲਈ ਮਹਾਰਾਜਾ, ਭਾਈ ਕਾਹਨ ਸਿੰਘ ਨਾਭਾ ਦੀ ਸਲਾਹ ਨਾਲ ਕਰਨਲ ਮਿਨਚਨ ਨੂੰ ਮਿਲਣ ਕਸੌਲੀ ਗਿਆ। ਕਰਨਲ ਮਿਨਚਨ ਓਦੋਂ ਪੰਜਾਬ ਸਟੇਟਸ ਦਾ ਏਜੰਟ ਟੂ ਗਵਰਨਰ ਜਨਰਲ ਲੱਗਾ ਹੋਇਆ ਸੀ। ਕਰਨਲ ਮਿਨਚਨ ਨੇ ਮਹਾਰਾਜੇ ਨੂੰ ਹਿੰਦ ਸਰਕਾਰ ਦੇ ਇਸ ਫ਼ੈਸਲੇ ਦੀ ਸੂਚਨਾ ਦਿੱਤੀ ਕਿ ਜਾਂ ਤਾਂ ਆਪਣੇ ਆਪ ਗੱਦੀ ਛੱਡ ਜਾਓ, ਨਹੀਂ ਤਾਂ ਅਦਾਲਤ ਵਿਚ ਮਾਮੂਲੀ ਮੁਜਰਮਾਂ ਵਾਂਗ ਮੁਕੱਦਮਾ ਭੁਗਤਣ ਲਈ ਤਿਆਰ ਹੋ ਜਾਓ। ਮਹਾਰਾਜੇ ਉਪਰ ਇਸ ਫ਼ੈਸਲੇ ਦਾ ਬਹੁਤ ਅਸਰ ਹੋਇਆ ਤੇ ਉਹ ਆਪਣਾ ਦਿਮਾਗੀ ਤਵਾਜ਼ੁਨ ਖੋ ਬੈਠਾ। ਇਸੇ ਹਾਲਤ ਵਿਚ ਉਹ ਕਦੀ ਗੱਦੀ ਛੱਡਣ ਦਾ ਫ਼ੈਸਲਾ ਕਰ ਲੈਂਦਾ ਕਦੀ ਗੱਦੀ ਲਈ ਅੜਨ ਦਾ ਮਨ ਬਣਾ ਲੈਂਦਾ। ਇਸੇ ਦੁਬੱਧਾ ਵਿਚ ਉਹ ਅਕਾਲੀਆਂ ਨੂੰ ਮਿਲਣ ਤੋਂ ਭੇੜਾ ਪੈਂਦਾ ਰਿਹਾ। ਅੰਤ ਹਾਰ ਕੇ ਉਸ ਕਰਨਲ ਮਿਨਚਨ ਨੂੰ ਸਰਕਾਰ ਦੀ ਗੱਲ ਮੰਨ ਲੈਣ ਦੀ ਇਤਲਾਹ ਆਪਣੇ ਇਕ ਅੰਗਰੇਜ਼ ਅਫਸਰ ਹੱਥ ਘੱਲ ਦਿੱਤੀ। ਪਿੱਛੋਂ ਅਕਾਲੀਆਂ ਦੇ ਕਹਿਣ ਤੇ ਆਪਣੇ ਦੋ ਅਹਿਲਕਾਰ ਚਿੱਠੀ ਵਾਪਸ ਮੰਗਵਾਉਣ ਲਈ ਵੀ ਤੋਰ ਦਿੱਤੇ। ਉਨ੍ਹਾਂ ਦੋਹਾਂ ਨੇ ਚਿੱਠੀ ਲਿਜਾਣ ਵਾਲੇ ਨੂੰ ਚਿੱਠੀ ਵਾਪਸ ਦੇਣ ਦੀ ਬਜਾਏ ਉਸ ਨੂੰ ਕਰਨਲ ਮਿਨਚਨ ਪਾਸ ਛੇਤੀ ਪਹੁੰਚਾਉਣ ਦੀ ਤਾਕੀਦ ਕੀਤੀ। ਕਰਨਲ ਮਿਨਚਨ ਨੂੰ ਨਾਭਾ ਦਰਬਾਰ ਦੇ ਅੰਦਰੂਨੀ ਹਾਲਾਤ ਪਲ ਪਲ ਪਿੱਛੋਂ ਪਹੁੰਚਦੇ ਰਹਿੰਦੇ ਸਨ। ਚਿੱਠੀ ਮਿਲਦੇ ਹੀ ਉਹ ਗੋਰਖਾ ਫ਼ੌਜ ਦਾ ਇਕ ਦਸਤਾ ਲੈ ਕੇ ਨਾਭੇ ਪਹੁੰਚਿਆ ਤੇ ਕੁਝ ਘੰਟਿਆਂ ਵਿਚ ਹੀ ਮਹਾਰਾਜੇ ਨੂੰ ਮਹਿਲ ਛੱਡ ਕੇ ਪਰਵਾਰ ਸਹਿਤ ਡੇਹਰਾਦੂਨ ਜਾਣ ਤੇ ਮਜਬੂਰ ਕਰ ਦਿੱਤਾ। ਇਸ ਤਰ੍ਹਾਂ ਗੱਦੀ ਦਾ ਇਹ ਤਿਆਗ ਦਬਾਉ ਪਾ ਕੇ ਕਰਾਇਆ ਗਿਆ ਸੀ; ਮਨ-ਮਰਜ਼ੀ ਨਾਲ ਨਹੀਂ। ਨਾਭਾ ਛੁਡਾਉਣ ਸਮੇਂ ਮਹਾਰਾਜੇ ਤੇ ਉਸ ਦੇ ਪਰਵਾਰ ਉਤੇ ਬੜੀ ਸਖ਼ਤੀ ਕੀਤੀ ਗਈ। ਉਸ ਵਕਤ ਉਨ੍ਹਾਂ ਦੇ ਮਾਤਾ ਜੀ, ਮਹਾਰਾਣੀ ਤੇ ਉਨ੍ਹਾਂ ਦੀ ਲੜਕੀ ਉਨ੍ਹਾਂ ਨਾਲ ਸੀ। ਇਨ੍ਹਾਂ ਨੂੰ ਕਰਨਲ ਮਿਨਚਨ ਦੀ ਹਿਰਾਸਤ ਵਿਚ ਭੁੱਖੇ ਰਹਿਣਾ ਪਿਆ ਤੇ ਇਨ੍ਹਾਂ ਦੇ ਜੰਦਰੇ ਜ਼ਬਰਦਸਤੀ ਤੋੜ ਲਏ ਗਏ ਤੇ ਇਨ੍ਹਾਂ ਨੂੰ ਅਪਮਾਨ ਭਰੀਆਂ ਹੋਰ ਵੀ ਕਈ ਗੱਲਾਂ ਸਹਿਣੀਆਂ ਪਈਆਂ।

ਨਾਭਿਓਂ ਵਾਪਸ ਆ ਕੇ ਮਾ. ਤਾਰਾ ਸਿੰਘ ਨੇ ਮਹਾਰਾਜਾ ਰਿਪੁਦਮਨ ਸਿੰਘ ਦੀ

Digitized by Panjab Digital Library | www.panjabdigilib.org

ਬਰਤਰਫ਼ੀ ਦੇ ਅਖੀਂ ਡਿੱਠੇ ਹਾਲ 'ਅਕਾਲੀ ਤੇ ਪ੍ਰਦੇਸੀ' ਵਿਚ ਛਾਪੇ ਤੇ ਅੰਗਰੇਜ਼ ਸਰਕਾਰ ਦੀ ਸਾਜ਼ਿਸ਼ ਨੂੰ ਨੰਗਾ ਕੀਤਾ। ਹੋਰ ਸਿੱਖ ਅਖ਼ਬਾਰਾਂ ਵਿਚ ਵੀ ਇਸ ਮਤਲਬ ਦਾ ਪ੍ਰਚਾਰ ਸ਼ੁਰੂ ਹੋ ਗਿਆ, ਜਿਸ ਤੋਂ ਆਮ ਸਿੱਖ ਜਨਤਾ ਵਿਚ ਜੋਸ਼ ਬਹੁਤ ਵਧ ਗਿਆ। ਹਰ ਪਾਸਿਓਂ ਮਹਾਰਾਜਾ ਸਾਹਿਬ ਦੀ ਬਹਾਲੀ ਲਈ ਮੋਰਚੇ ਲਾਏ ਜਾਣ ਦੀ ਮੰਗ ਹੋਣ ਲਗੀ। ਤੇ ਸ਼ਿਰੋਮਣੀ ਕਮੇਟੀ ਨੂੰ ਇਹ ਸਵਾਲ ਹੱਥ ਵਿਚ ਲੈਣ ਲਈ ਜ਼ੋਰ ਦਿੱਤਾ ਜਾਣ ਲੱਗਾ। ਉਨ੍ਹਾਂ ਦਿਨਾਂ ਵਿਚ ਸ਼ਿਰੋਮਣੀ ਕਮੇਟੀ ਦੀ ਨਵੀਂ ਚੋਣ ਹੋਣ ਵਾਲੀ ਸੀ। ਸੋ ਇਸ ਕੰਮ ਨੂੰ ਨਵੀਂ ਕਮੇਟੀ ਦੀ ਚੋਣ ਤਕ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਗਿਆ।

ਬਣਾਈ ਗਈ ਸਕੀਮ ਅਨੁਸਾਰ ਮਹਾਰਾਜੇ ਦੇ ੯ ਜੁਲਾਈ ੧੯੨੩ ਨੂੰ ਦਸਤ-ਬਰਦਾਰ ਹੋਣ ਪਿਛੋਂ ਅੰਗਰੇਜ਼ ਸਰਕਾਰ ਨੇ ਰਿਆਸਤ ਦਾ ਪ੍ਰਬੰਧ ਮਿ. ਵਿਲਸਨ ਜਾਨਸਨ ਦੇ ਹਵਾਲੇ ਕਰਕੇ ਉਸ ਨੂੰ ਰਿਆਸਤ ਦਾ ਐਡਮਿਨਿਸਟਰੇਟਰ ਲਾ ਦਿੱਤਾ। ਸ਼ਿਰੋਮਣੀ ਕਮੇਟੀ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਨਿਆਂ ਵਿਰੁੱਧ ਅਤੇ ਅਕਾਲੀ ਲਹਿਰ ਉਪਰ ਟੇਢਾ ਹਮਲਾ ਸਮਝਿਆ। ਪਰ ਇਸ ਵਕਤ ਅਕਾਲੀ ਆਗੂ ਨਾਭਾ ਸੰਬੰਧੀ ਐਜੀਟੇਸ਼ਨ ਸ਼ੁਰੂ ਕਰਨ ਬਾਰੇ ਦੋ-ਚਿੱਤੀ ਵਿਚ ਸਨ। ਇਕ ਪਾਸੇ ਐਜੀਟੇਸ਼ਨ ਤੇਜ਼ੀ ਨਾਲ ਚਲਾਉਣ ਦੀ ਇੱਛਾ ਸੀ. ਤੇ ਦੂਜੇ ਪਾਸੇ ਮੋਰਚਾ ਲਾਉਣ ਤੋਂ ਹਿਚਕਚਾਹਟ ਸੀ। ਸ. ਤੇਜਾ ਸਿੰਘ ਸਮੁੰਦ੍ਰੀ ਮੋਰਚਾ ਲਾਣ ਦੇ ਹੱਕ ਵਿਚ ਨਹੀਂ ਸਨ। ਸ਼ਿਰੋਮਣੀ ਅਕਾਲੀ ਦਲ ਦੇ ਆਗੂ ਮੋਰਚੇ ਦੇ ਹੱਕ ਵਿਚ ਸਨ। ਉਹ ਚਾਹੁੰਦੇ ਸਨ ਕਿ ਮੋਰਚਾ ਜ਼ਰੂਰ ਲਗੇ। ਆਖ਼ਰ ਹਾਲਤ ਇਥੋਂ ਤਕ ਪਹੁੰਚ ਗਈ ਕਿ ਸ਼ਿਰੋਮਣੀ ਅਕਾਲੀ ਦਲ ਦਾ ਜਥੇਦਾਰ ਸ. ਸਰਮੁਖ ਸਿੰਘ ਝਬਾਲ ਰੁੱਸ ਕੇ ਪਿੰਡ ਚਲਾ ਗਿਆ ਤੇ ਜਾਂਦੀ ਵਾਰੀ ਕਹਿ ਗਿਆ ਕਿ ਜੇ ਮੋਰਚਾ ਲਗੇਗਾ ਤਾਂ ਮੁੜਾਂਗਾ। ਸ਼ਿਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਵਿਚ ਇਸ ਬਾਰੇ ਰੋਜ਼ ਹੀ ਵਿਚਾਰ ਹੁੰਦੀ ਸੀ। ਸ਼ਿਰੋਮਣੀ ਕਮੇਟੀ ਨੂੰ ਖ਼ਦਸ਼ਾ ਭਾਸਣ ਲਗ ਪਿਆ ਕਿ ਜੇ ਸ਼ਿਰੋਮਣੀ ਕਮੇਟੀ ਮੋਰਚਾ ਨਹੀਂ ਲਾਂਦੀ ਤਾਂ ਸ਼ਿਰੋਮਣੀ ਅਕਾਲੀ ਦਲ ਲਾ ਲਵੇਗਾ। ਇਹ ਵੀ ਦਿਸ ਰਿਹਾ ਸੀ ਕਿ ਜੇ ਅਕਾਲੀ ਦਲ ਦੀ ਹਾਰ ਹੋ ਗਈ ਤਾਂ ਸ਼ਿਰੋਮਣੀ ਕਮੇਟੀ ਵੀ ਨਾਲ ਹੀ ਮਰ ਜਾਵੇਗੀ। ਫ਼ੈਸਲਾ ਹੋਇਆ ਕਿ ਪਾਟਣਾ ਨਹੀਂ ਚਾਹੀਦਾ ਤੇ ਅਕਾਲੀਆਂ ਦੇ ਨਾਲ ਹੀ ਮਰਨਾ ਜੀਉਣਾ ਚਾਹੀਦਾ ਹੈ। ਪਹਿਲਾਂ ਮਾ. ਤਾਰਾ ਸਿੰਘ ਤੇ ਬਾਵਾ ਹਰਕਿਸ਼ਨ ਸਿੰਘ ਮੋਰਚੇ ਦੇ ਹੱਕ ਵਿਚ ਹੋਏ, ਪਿੱਛੋਂ ਸ. ਤੇਜਾ ਸਿੰਘ ਸਮੁੰਦ੍ਰੀ ਤੇ ਸ. ਮਹਿਤਾਬ ਸਿੰਘ ਵੀ ਉਨ੍ਹਾਂ ਨਾਲ ਸਹਿਮਤ ਹੋ ਗਏ।

ਉਸ ਵਕਤ ਅਕਾਲੀਆਂ ਦੀ ਸ਼ੋਭਾ ਹਰ ਪਾਸੇ ਫੈਲੀ ਹੋਈ ਸੀ। ਨਾ ਕੇਵਲ ਆਮ ਜਨਤਾ ਅਕਾਲੀਆਂ ਨਾਲ ਸੀ, ਸਗੋਂ ਬਹੁਤੇ ਸਰਕਾਰੀ ਅਫ਼ਸਰ ਵੀ ਉਨ੍ਹਾਂ ਨਾਲ ਸਨ। ਉਹ ਗੁਪਤ ਤੋਂ ਗੁਪਤ ਸਰਕਾਰੀ ਫ਼ਾਈਲਾਂ ਸ਼ਿਮਲੇ ਤੋਂ ਲਿਆ ਕੇ ਅਕਾਲੀਆਂ ਨੂੰ ਵਿਖਾ ਜਾਂਦੇ। ਇਹ ਉਨ੍ਹਾਂ ਦੀ ਵਰਤੋਂ ਕਰਕੇ ਮੋੜ ਦੇਂਦੇ। ਇਨ੍ਹਾਂ ਹੀ ਫ਼ਾਈਲਾਂ ਦੀ ਮਦਦ ਨਾਲ ਜੈਤੋ ਦੇ ਮੋਰਚੇ ਵੇਲੇ ਪ੍ਰੋ. ਤੇਜਾ ਸਿੰਘ ਨੇ *Truth About Nabha* ਲਿਖਿਆ ਸੀ। ਜਿਹੜੀ ਗੁਪਤ, ਕੋਡ ਵਾਲੀ ਤਾਰ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੁਣ ਸੰਬੰਧੀ ਭੇਜੀ

Digital Library | w

ਗਈ ਸੀ, ਉਹ ਵੀ ਅਕਾਲੀ ਲੀਡਰਾਂ ਪਾਸ ਪੁੱਜ ਚੁਕੀ ਸੀ ।

ਇਕ ਦਿਨ ਸ. ਤੇਜਾ ਸਿੰਘ ਸਮੁੰਦ੍ਰੀ, ਸੰਤ ਦੀਦਾਰ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ, ਮਹਾਰਾਜਾ ਨਾਭਾ ਨੂੰ ਮਿਲਣ ਡੇਹਰਾਦੂਨ ਗਏ ਤੇ ਉਨ੍ਹਾਂ ਨਾਲ ਖੁਲ੍ਹ ਕੇ ਗੱਲ ਬਾਤ ਕੀਤੀ । ਉਸ ਵੇਲੇ ਮਹਾਰਾਜੇ ਪਾਸ ਮਹਾਰਾਜੇ ਦੇ ਮਾਤਾ ਜੀ, ਸਪੁਤ੍ਰੀ ਤੇ ਮਹਾਰਾਣੀ ਸਾਹਿਬਾ ਮੌਜੂਦ ਸਨ । ਉਨ੍ਹਾਂ ਨੇ ਬੜੇ ਦਰਦ ਭਰੇ ਹਾਲ ਸੁਣਾਏ ਤੇ ਦੱਸਿਆ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਭੁੱਖਿਆਂ ਰਹਿਣਾ ਪਿਆ, ਉਨ੍ਹਾਂ ਦੇ ਜੰਦਰੇ ਤੋੜੇ ਗਏ, ਤੇ ਨਿਰਾਦਰੀ ਕੀਤੀ ਗਈ ।

੧੫ ਜੁਲਾਈ ੧੯੨੩ ਨੂੰ ਸ਼ਿਰੋਮਣੀ ਕਮੇਟੀ ਦੀ ਦੂਜੀ ਚੋਣ ਹੋਈ । ਇਸ ਸਮੇਂ ਪੰਥ ਦੀ ਜ਼ਬਰਦਸਤ ਖ਼ਾਹਿਸ਼ ਸੀ ਕਿ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ ਜਾਵੇ । ਬੜੀ ਕੋਸ਼ਿਸ਼ ਕੀਤੀ ਗਈ । ਸ. ਗੁਪਾਲ ਸਿੰਘ ਕੌਮੀ ਤੇ ਹੋਰ ਕਈ ਸਜਨਾਂ ਨੇ ਸ. ਤੇਜਾ ਸਿੰਘ ਨੂੰ ਬੜਾ ਕਿਹਾ, ਪਰ ਉਨ੍ਹਾਂ ਪ੍ਰਧਾਨ ਬਣਨਾ ਸ੍ਵੀਕਾਰ ਨ ਕੀਤਾ । ਇਸ ਤੇ ਆਪ ਦੇ ਕੁਝ ਸ਼ਰਧਾਲੂ ਆਪ ਜੀ ਨਾਲ ਨਾਰਾਜ਼ ਵੀ ਹੋ ਗਏ । ਬੜਾ ਜ਼ੋਰ ਪੈਣ ਉੱਤੇ ਆਖ਼ਿਰ ਆਪ ਨੇ ਮੀਤ ਪ੍ਰਧਾਨ ਬਣਨਾ ਸ੍ਵੀਕਾਰ ਕਰ ਲਿਆ । ਇਸ ਇਕਤ੍ਰਤਾ ਵਿਚ ਸ. ਖੜਕ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ, ਪਰ ਉਹ ਹਾਲੀ ਜੇਲ੍ਹ ਵਿਚ ਹੀ ਸਨ । ਉਨ੍ਹਾਂ ਦੀ ਥਾਂ ਸ. ਮਹਿਤਾਬ ਸਿੰਘ ਨੂੰ ਪ੍ਰਧਾਨ ਥਾਪਿਆ ਗਿਆ । ਸ. ਤੇਜਾ ਸਿੰਘ ਨੇ ਇਸ ਅਪਦਾ ਸਮੇਂ ਪ੍ਰਧਾਨ ਬਣਨਾ ਇਸ ਕਰਕੇ ਸ੍ਵੀਕਾਰ ਨਹੀਂ ਸੀ ਕੀਤਾ ਕਿ ਆਪ ਅੰਦਰ ਕਿਸੇ ਕਿਸਮ ਦਾ ਭੈ ਸੀ, ਸਗੋਂ ਇਸ ਕਰਕੇ ਕਿ ਆਪ ਕਿਸੇ ਅਹੁਦੇ ਦੀ ਭੁੱਖ ਨਹੀਂ ਰੱਖਦੇ ਸਨ ਅਤੇ ਅਹੁਦਾ ਲੈਣੋਂ ਹਮੇਸ਼ ਕਤਰਾਉਂਦੇ ਰਹੇ ਸਨ । ਆਪ ਇਕ ਨਿਸ਼ਕਾਮ ਸੇਵਕ ਹੀ ਰਹਿਣਾ ਚਾਹੁੰਦੇ ਸਨ । ਆਪ ਨੇ ਪ੍ਰਧਾਨ ਬਣਨਾ ਭਾਵੇਂ ਨ ਮੰਨਿਆ, ਅਮਲੀ ਤੌਰ ਤੇ ਸ਼ਿਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਕੰਮ ਆਪ ਦੇ ਸਿਰ ਹੀ ਪਿਆ ਰਹਿੰਦਾ, ਕਿਉਂਜੋ ਸ. ਮਹਿਤਾਬ ਸਿੰਘ ਹੋਰਨਾਂ ਰੁਝੇਵਿਆਂ ਵਿਚ ਫਸੇ ਹੋਏ ਸਨ । ਵਾਸਤਵ ਵਿਚ ਪਹਿਲਾਂ ਬਾਬਾ ਖੜਕ ਸਿੰਘ ਤੇ ਫੇਰ ਆਪ ਪੰਥ ਦੇ ਹਿਰਦੇ ਤੇ ਰਾਜ ਕਰਦੇ ਸਨ । ਅਕਾਲੀ ਲਹਿਰ ਦੀ ਮਸ਼ੀਨਰੀ ਨੂੰ ਹਰਕਤ ਦੇਣ ਵਾਲੀ ਕਲਾ ਵਧੇਰੇ ਆਪ ਦੇ ਅਤੇ ਆਪ ਦੇ ਇਕ ਦੋ ਹੋਰ ਸਾਥੀਆਂ ਦੇ ਹੱਥ ਵਿਚ ਹੀ ਸੀ ।

੧੯ ਜੁਲਾਈ ੧੯੨੩ ਨੂੰ ਸ਼ਿਰੋਮਣੀ ਅਕਾਲੀ ਦਲ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦਾ ਹੇਠ ਲਿਖਿਆ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ :

> ਸ਼ਿਰੋਮਣੀ ਅਕਾਲੀ ਦਲ ਦੀ ਅੰਤਰਿੰਗ ਕਮੇਟੀ ਦਾ ਅੱਜ ਦਾ ਇਕੱਠ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸੈਂਟ੍ਰਲ ਸਿੱਖ ਲੀਗ ਪਾਸ ਬੇਨਤੀ ਕਰਦਾ ਹੈ ਕਿ ਸਰਕਾਰ ਨੇ ਮਹਾਰਾਜਾ ਸਾਹਿਬ ਨਾਭਾ ਨੂੰ ਗੱਦੀਓਂ ਉਤਾਰ ਕੇ ਪੰਥਕ ਜਥੇਬੰਦੀ ਨੂੰ ਕੁਚਲਣ ਦਾ ਯਤਨ ਕੀਤਾ ਹੈ ਅਤੇ ਖ਼ਾਲਸਾ ਕੌਮ ਨੂੰ ਸਖ਼ਤ ਚੋਟ ਲਾਈ ਹੈ । ਇਸ ਲਈ ਇਸ ਔਕੜ ਦੇ ਹੱਲ ਕਰਨ ਲਈ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸੈਂਟ੍ਰਲ ਸਿੱਖ ਲੀਗ ਪੰਥ ਦੀ ਅਗਵਾਈ

Digitized by Panjab Digital Library | www.panjabdigilib.org

ਕਰਨ। ਸ਼ਿਰੋਮਣੀ ਅਕਾਲੀ ਦਲ ਸ਼ਿਰੋਮਣੀ ਕਮੇਟੀ ਅਤੇ ਸੈਂਟ੍ਰਲ ਸਿੱਖ ਲੀਗ ਨੂੰ ਪੂਰਾ ਭਰੋਸਾ ਦਿਵਾਉਂਦਾ ਹੈ ਕਿ ਉਹ ਉਨ੍ਹਾਂ ਦੇ ਹੁਕਮ ਅਨੁਸਾਰ ਪੂਰਨ ਸ਼ਾਂਤਮਈ ਤਰੀਕੇ ਨਾਲ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਹੋਵੇਗਾ।

੫ ਅਗਸਤ ੧੯੨੩ ਨੂੰ ਹੋਈ ਮੀਟਿੰਗ ਵਿਚ ਸ਼ਿਰੋਮਣੀ ਕਮੇਟੀ ਨੇ ਵੀ ਨਾਭਾ ਸਵਾਲ ਸੰਬੰਧੀ ਦੋ ਪ੍ਰਸਿੱਧ ਮਤੇ ਪਾਸ ਕੀਤੇ। ਪਹਿਲੇ ਮਤੇ ਵਿਚ ਇਹ ਕਿਹਾ ਗਿਆ ਕਿ ਸ਼ਿਰੋਮਣੀ ਕਮੇਟੀ ਮਹਾਰਾਜਾ ਨਾਭਾ ਨੂੰ ਗੱਦੀਓਂ ਉਤਾਰੇ ਜਾਣ ਨੂੰ ਗੁਰਦਵਾਰਾ ਸੁਧਾਰ ਉੱਤੇ ਇਕ ਪਾਸਿਓਂ ਧਾਵਾ ਸਮਝਦੀ ਹੈ ਅਤੇ ਸਰਕਾਰ ਦੀ ਇਸ ਕਾਰਵਾਈ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦੀ ਹੈ। ਦੂਜੇ ਮਤੇ ਵਿਚ ਮੰਗ ਕੀਤੀ ਗਈ ਕਿ ਮਹਾਰਾਜਾ ਨਾਭਾ ਨੂੰ ਗੱਦੀਓਂ ਉਤਾਰਣ ਵਿਚ ਜੋ ਅਨਿਆਂ ਕੀਤਾ ਗਿਆ ਹੈ ਸ਼ਿਰੋਮਣੀ ਕਮੇਟੀ ਇਸ ਮਸਲੇ ਨੂੰ ਆਪਣੇ ਹੱਥ ਵਿਚ ਲਵੇ ਤੇ ਜਿਸ ਤਰ੍ਹਾਂ ਹੋ ਸਕੇ ਪੁਰ ਅਮਨ ਤਰੀਕਿਆਂ ਨਾਲ ਇਸ ਦਾ ਨਿਪਟਾਰਾ ਕਰਾਏ। ਭਾਈ ਜੋਧ ਸਿੰਘ ਇਸ ਮਤੇ ਦੇ ਵਿਰੋਧ ਵਿਚ ਬੋਲਿਆ। ਉਸ ਦੀ ਰਾਏ ਸੀ ਕਿ ਸ਼ਿਰੋਮਣੀ ਕਮੇਟੀ ਵਰਗੀ ਧਾਰਮਿਕ ਜਥੇਬੰਦੀ ਨੂੰ ਰਿਆਸਤਾਂ ਦੇ ਰਾਜਨੀਤਿਕ ਮਾਮਲਿਆਂ ਵਿਚ ਨਹੀਂ ਉਲਝਣਾ ਚਾਹੀਦਾ। ਤਾਂ ਵੀ, ਮਤਾ ਪਾਸ ਹੋ ਗਿਆ। ੧੬ ਅਗਸਤ ਦੀ ਜਨਰਲ ਮੀਟਿੰਗ ਵਿਚ ੩੧ ਮੈਂਬਰਾਂ ਦੀ ਅੰਤਰਿੰਗ ਕਮੇਟੀ ਤੇ ਉਸ ਵਿੱਚੋਂ ਅੱਗੇ ਕਾਰਜ-ਸਾਧਕ ਕਮੇਟੀ ਬਣਾਈ ਗਈ ਜਿਨ੍ਹਾਂ ਨੂੰ ਮਹਾਰਾਜਾ ਸਾਹਿਬ ਨਾਲ ਇਨਸਾਫ਼ ਕਰਾਉਣ ਦਾ ਅਧਿਕਾਰ ਦਿੱਤਾ ਗਿਆ। ਕਮੇਟੀ ਦਾ ਮਤਾ ਇਹ ਸੀ ਕਿ ਇਸ ਸਵਾਲ ਨੂੰ ਯੋਗ ਤੇ ਪੁਰ-ਅਮਨ ਢੰਗ ਨਾਲ ਨਿਪਟਾਇਆ ਜਾਵੇ।

੯ ਸਤੰਬਰ ੧੯੨੩ ਨੂੰ 'ਨਾਭਾ ਦਿਨ' ਮਨਾਇਆ ਗਿਆ ਤੇ ਮਹਾਰਾਜੇ ਨਾਲ ਹਮਦਰਦੀ ਪ੍ਰਗਟਾਉਣ ਲਈ ਥਾਂ ਥਾਂ ਦੀਵਾਨ ਲਗਾਏ ਗਏ। ਨਾਭਾ ਰਿਆਸਤ ਅੰਦਰ ਅਕਾਲੀ ਜਥਾ ਇਲਾਕਾ ਜੈਤੋ ਵਲੋਂ ਭੀ ਇਕ ਦੀਵਾਨ ਇਸ ਮਤਲਬ ਦਾ ੨੫, ੨੬ ਅਤੇ ੨੭ ਅਗਸਤ ਨੂੰ ਜੈਤੋ ਵਿਚ ਰੱਖਿਆ ਗਿਆ ਸੀ। ੨੭ ਅਗਸਤ ਅਰਥਾਤ ਸਮਾਪਤੀ ਵਾਲੇ ਦਿਨ ਰਿਆਸਤੀ ਪੁਲਿਸ ਭਾਈ ਇੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਆਈ। ਦੀਵਾਨ ਦੇ ਕਰਤਿਆਂ ਧਰਤਿਆਂ ਨੇ ਵਾਰੰਟ ਵਿਖਾਉਣ ਲਈ ਕਿਹਾ। ਪੁਲਿਸ ਨੇ ਜਵਾਬ ਦਿੱਤਾ ਕਿ ਅਸੀਂ ਉਨ੍ਹਾਂ ਨੂੰ ਬਿਨਾ ਵਾਰੰਟ ਹੀ ਗ੍ਰਿਫ਼ਤਾਰ ਕਰਨਾ ਹੈ। ਇਹ ਕਹਿ ਕੇ ਪੁਲਿਸ ਨੇ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਤੇ ਦੀਵਾਨ ਬੰਦ ਕਰਨ ਦਾ ਹੁਕਮ ਦੇ ਦਿੱਤਾ। ਸੰਗਤ ਨੇ ਪੁਲਿਸ ਦੀ ਇਸ ਕਾਰਵਾਈ ਦਾ ਬਹੁਤ ਬੁਰਾ ਮਨਾਇਆ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੱਤਕ ਸਮਝੀ ਗਈ। ਸੰਗਤ ਨੇ ਉਸੇ ਸਮੇਂ ਰੋਸ ਦਾ ਮਤਾ ਪਾਸ ਕਰ ਦਿੱਤਾ ਅਤੇ ਦੀਵਾਨ ਬੰਦ ਕਰਨੋਂ ਇਨਕਾਰ ਕਰ ਦਿੱਤਾ।

ਉਪਰੋਕਤ ਸਾਰੀ ਘਟਨਾ ਤੋਂ ਸ਼ਿਰੋਮਣੀ ਕਮੇਟੀ ਨੂੰ ਜਾਣੂ ਕਰਾਣ ਲਈ ਜੈਤੋ ਤੋਂ ਉਰੇ ਇਕ ਆਦਮੀ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਪੁੱਜਾ ਤੇ ਸ਼ਿਰੋਮਣੀ ਕਮੇਟੀ ਦੀ ਸਹਾਇਤਾ ਮੰਗੀ। ਉਸ ਵੇਲੇ ਸ਼੍ਰੋਮਣੀ ਗੁਰਦਵਾਰਾ ਕਮੇਟੀ ਦਾ

igital Library

ਕੰਮ ਕਾਇਮ ਮੁਕਾਮ ਪ੍ਰਧਾਨ ਦੀ ਹੈਸੀਅਤ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਭੁਗਤਾ ਰਹੇ ਸਨ। ਉਨ੍ਹਾਂ ਨੇ ਉਸ ਆਦਮੀ ਦੀ ਗੱਲ ਸੁਣ ਕੇ ਕਿਹਾ ਕਿ ਜੇ ਇਹ ਗੱਲ ਸੱਚੀ ਹੈ ਤਾਂ ਸ਼ਿਰੋਮਣੀ ਕਮੇਟੀ ਉਨ੍ਹਾਂ ਦੀ ਮਦਦ ਜ਼ਰੂਰ ਕਰੇਗੀ ਅਤੇ ਧਾਰਮਿਕ ਦੀਵਾਨ ਲਾਉਣ ਦੇ ਹੱਕ ਨੂੰ ਕਾਇਮ ਰੱਖਣ ਲਈ ਪੂਰਾ ਪੂਰਾ ਤ੍ਰਾਣ ਲਾਏਗੀ। ਉਹ ਆਦਮੀ ਜੈਤੋਂ ਵਾਪਸ ਚਲਾ ਗਿਆ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਪਣੇ ਆਦਮੀ ਭੇਜ ਕੇ ਇਹ ਪਤਾ ਕਢ ਲਿਆ ਕਿ ਉਸ ਦੀ ਦੱਸੀ ਘਟਨਾ ਕਿਸੇ ਹੱਦ ਤੀਕ ਠੀਕ ਹੈ। ਪਤਾ ਲਿਆਉਣ ਵਾਲੇ ਨੇ ਸਾਰੀ ਗੱਲ ਦੀ ਪੁਸ਼ਟੀ ਕਰ ਦਿੱਤੀ। ਉੱਥੋਂ ਇਹ ਵੀ ਪਤਾ ਲੱਗਾ ਕਿ ਪੁਲਿਸ ਪਿੰਡਾਂ ਦੀ ਰਾਹ ਤੇ ਬੈਠੀ ਲੋਕਾਂ ਨੂੰ ਦੀਵਾਨ ਵਿਚ ਜਾਣੋਂ ਰੋਕ ਰਹੀ ਹੈ।

ਧਾਰਮਿਕ ਹੱਕਾਂ ਉਪਰ ਨਾ-ਜਾਇਜ਼ ਛਾਪਾ ਵਜਦਾ ਵੇਖ ਕੇ ਸ. ਤੇਜਾ ਸਿੰਘ ਸਮੁੰਦ੍ਰੀ ਨੇ ਸ਼ਿਰੋਮਣੀ ਅਕਾਲੀ ਦਲ ਵਾਲਿਆਂ ਨੂੰ ਕਿਹਾ, "ਕੁਝ ਸਿੰਘ ਜੈਤੋ ਨੂੰ ਘਲ ਦਿਓ।" ਅਕਾਲੀ ਦਲ ਦੇ ਸਕੱਤਰ ਨੇ ਉਨ੍ਹਾਂ ਦੀ ਬੇਨਤੀ ਮੰਨ ਕੇ ਅਖੰਡ ਪਾਠ ਜਾਰੀ ਰੱਖਣ ਲਈ ੧ ਸਤੰਬਰ ੧੯੨੩ ਨੂੰ ੨੫ ਸਿੰਘਾਂ ਦਾ ਇਕ ਜਥਾ ਜੈਤੋ ਭੇਜ ਦਿੱਤਾ। ਉਹ ਜਥਾ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਪਣੀ ਜ਼ਿੰਮੇਵਾਰੀ ਤੇ ਭੇਜਿਆ ਸੀ, ਕਿਉਂ ਜੋ ਕਾਰਜ-ਸਾਧਕ ਕਮੇਟੀ ਦੇ ਕੁਝ ਮੈਂਬਰ ਹਾਜ਼ਰ ਨਹੀਂ ਸਨ।

੨ ਸਤੰਬਰ ੧੯੨੩ ਨੂੰ ਗੁਰੂ ਕੇ ਬਾਗ਼ ਵਿਚ ਅਕਾਲੀ ਜਥੇ ਵਲੋਂ ਦੀਵਾਨ ਕੀਤਾ ਗਿਆ ਉਸ ਵਿਚ ਮਹਾਰਾਜਾ ਨਾਭਾ ਨਾਲ ਹਮਦਰਦੀ ਪ੍ਰਗਟਾਈ ਗਈ ਤੇ ਸਰਕਾਰ ਨੂੰ ਇਹ ਬੇ-ਇਨਸਾਫ਼ੀ ਦੂਰ ਕਰਨ ਲਈ ਕਿਹਾ ਗਿਆ। ਇਸ ਦੀਵਾਨ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਤੇ ਗਿਆਨੀ ਸ਼ੇਰ ਸਿੰਘ ਵੀ ਸ਼ਾਮਿਲ ਹੋਏ।

ਪਿਛੋਂ ਜਦ ਸ਼ਿਰੋਮਣੀ ਕਮੇਟੀ ਵਿਚ ਕੁਝ ਖ਼ਬਰਾਂ ਜੈਤੋ ਤੋਂ ਇਸ ਮਤਲਬ ਦੀਆਂ ਪਹੁੰਚੀਆਂ ਕਿ ਦੀਵਾਨ ਵਿਚ ਲੰਗਰ ਲਈ ਰਸਦ ਲੈ ਜਾਣੀ ਬੰਦ ਕਰ ਦਿੱਤੀ ਗਈ ਹੈ ਅਤੇ ਲੋਕਾਂ ਨੂੰ ਵੀ ਰੋਕ ਦਿੱਤਾ ਗਿਆ ਹੈ ਤਾਂ ਉਨ੍ਹਾਂ ੩ ਸਤੰਬਰ ਨੂੰ ਰਿਸਾਲਦਾਰ ਰਣਜੋਧ ਸਿੰਘ ਅਤੇ ਇਕ ਦੋ ਪ੍ਰਚਾਰਕਾਂ ਨੂੰ ਜੈਤੋ ਭੇਜਿਆ ਕਿ ਸਾਰੇ ਹਾਲਾਤ ਅੱਖੀਂ ਵੇਖ ਕੇ ਰਿਪੋਰਟ ਕਰਨ। ਉਨ੍ਹਾਂ ਨੂੰ ਹਿਦਾਇਤ ਹੋਈ ਕਿ ਰਿਆਸਤ ਦੇ ਅਫ਼ਸਰਾਂ ਨੂੰ ਮਿਲਿਆ ਜਾਵੇ ਅਤੇ ਜਿਥੋਂ ਤਕ ਹੋ ਸਕੇ ਸਾਰੇ ਮਾਮਲੇ ਨੂੰ ਸ਼ਾਂਤਮਈ ਢੰਗ ਨਾਲ ਨਿਜਿਠਣ ਦਾ ਯਤਨ ਕੀਤਾ ਜਾਵੇ। ਪਰ ਇਨ੍ਹਾਂ ਸੱਜਨਾਂ ਨੂੰ ਦੀਵਾਨ ਵਿਚ ਨ ਜਾਣ ਦਿੱਤਾ ਗਿਆ।

੪ ਸਤੰਬਰ ਨੂੰ ਰਿਸਾਲਦਾਰ ਸਾਹਿਬ ਵਾਪਸ ਆ ਗਏ। ਉਨ੍ਹਾਂ ਅਗਲੇ ਦਿਨ ਸਾਰੀ ਗੱਲ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਦੱਸੀ। ੪ ਸਤੰਬਰ ਨੂੰ ਹੀ ਸ. ਮਹਿਤਾਬ ਸਿੰਘ ਜੀ ਵੀ ਕਸ਼ਮੀਰ ਤੋਂ ਪੁਜ ਗਏ। ਉਸੇ ਦਿਨ ਸ਼ਿਰੋਮਣੀ ਕਮੇਟੀ ਦੀ ਇਕ ਇਕਤ੍ਰਤਾ ਹੋਈ ਜਿਸ ਵਿਚ ਜੈਤੋ ਬਾਰੇ ਵਿਚਾਰ ਹੋਈ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਦੱਸਿਆ ਕਿ ਮਹਾਰਾਜਾ ਨਾਭਾ ਦੇ ਗੱਦੀਓਂ ਲਾਹੇ ਜਾਣ ਤੇ ਰਿਆਸਤ ਦੇ ਲੋਕ ਬਹੁਤ ਬੇਚੈਨ ਹਨ। ਸਰਕਾਰ ਨੇ ਜੋ ਵਰਤਾਉ ਮਹਾਰਾਜੇ, ਮਹਾਰਾਣੀ ਤੇ ਉਨ੍ਹਾਂ ਦੀ ਲੜਕੀ ਨਾਲ ਕੀਤਾ ਹੈ, ਉਸ ਤੇ ਲੋਕ ਬਹੁਤ ਔਖੇ ਹਨ। ਉਸ ਇਕਤ੍ਰਤਾ ਵਿਚ ਸ. ਮਹਿਤਾਬ ਸਿੰਘ ਨੇ ਪਿਛਲੀ ਸਾਰੀ ਕਾਰਵਾਈ ਨਾਲ ਆਪਣੀ

Digitized by Panjab Digital Library | www.panjabdigilib.org

ਸਮਤੀ ਪ੍ਰਗਟਾਈ। ਦੀਵਾਨ ਕਰਨ ਦੇ ਧਾਰਮਿਕ ਹੱਕ ਨੂੰ ਕਾਇਮ ਰੱਖਣ ਲਈ ਕਾਰਜ-ਸਾਧਕ ਕਮੇਟੀ ਨੂੰ ਸਾਰੇ ਅਧਿਕਾਰ ਦਿੱਤੇ ਗਏ।

੫ ਸਤੰਬਰ ਨੂੰ ਰਿਸਾਲਦਾਰ ਰਣਜੋਧ ਸਿੰਘ ਤੇ ਸ. ਹਰੀ ਸਿੰਘ ਜਲੰਧਰੀ ਦੇ ਨਾਲ ਕੁਝ ਹੋਰ ਸਿੰਘਾਂ ਨੂੰ ਕਾਰਜ-ਸਾਧਕ ਕਮੇਟੀ ਵਲੋਂ ਫਿਰ ਜੈਤੋ ਭੇਜਿਆ ਗਿਆ ਕਿ ਉਹ ਕਿਸੇ ਨ ਕਿਸੇ ਤਰ੍ਹਾਂ ਦੀਵਾਨ ਵਿਚ ਜਾ ਕੇ ਹਾਲ ਦਾ ਪਤਾ ਕਰਨ ਕਿਉਂਕਿ ਜੈਤੋ ਤੋਂ ਬਾਰ ਬਾਰ ਇਹ ਖ਼ਬਰਾਂ ਆ ਰਹੀਆਂ ਸਨ ਕਿ ਦੀਵਾਨ ਵਿਚ ਸੰਗਤ ਨੂੰ ਬਹੁਤ ਤੰਗ ਕੀਤਾ ਜਾ ਰਿਹਾ ਹੈ ਤੇ ਯਾਤ੍ਰੀਆਂ ਨੂੰ ਜ਼ਬਰਦਸਤੀ ਰੋਕਿਆ ਜਾ ਰਿਹਾ ਹੈ।

੧੩ ਸਤੰਬਰ ੧੯੨੩ ਨੂੰ ਇਕ ਅਕਾਲੀ ਜਥਾ ਜੈਤੋ ਦੀਵਾਨ ਵਾਲੀ ਜਗ੍ਹਾ ਵਲ ਸ਼ਬਦ ਪੜ੍ਹਦਾ ਤੇ ਜੈਕਾਰੇ ਛਡਦਾ ਤੁਰਿਆ ਆਉਂਦਾ ਸੀ। ਰਿਆਸਤੀ ਫੌਜ ਨੇ ਅਗੋਂ ਰੋਕ ਲਿਆ ਤੇ ਪੁੱਛਿਆ ਕਿ ਤੁਸਾਂ ਕਿਥੇ ਜਾਣਾ ਹੈ ? ਉਨ੍ਹਾਂ ਜਵਾਬ ਦਿੱਤਾ ਕਿ ਅਸੀਂ ਦੀਵਾਨ ਵਿਚ ਜਾਣਾ ਹੈ। ਪਰੰਤੂ ਫ਼ੌਜੀਆਂ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਕੁੱਟ ਮਾਰ ਕੇ ਕਿਲ੍ਹੇ ਵਿਚ ਲੈ ਜਾਣਾ ਆਰੰਭਿਆ।

ਉਨ੍ਹਾਂ ਦਿਨਾਂ ਵਿਚ ਹੀ ਕਾਂਗ੍ਰਸ ਵਰਕਿੰਗ ਕਮੇਟੀ ਦਾ ਇਕ ਸਮਾਗਮ ਦਿੱਲੀ ਵਿਚ ਹੋ ਰਿਹਾ ਸੀ। ਸ. ਤੇਜਾ ਸਿੰਘ ਸਮੁੰਦ੍ਰੀ ਉਸ ਸਮਾਗਮ ਤੇ ਪਹੁੰਚੇ ਹੀ ਸਨ ਕਿ ਪਿੱਛੋਂ ੧੫-੧੬ ਸਤੰਬਰ ਨੂੰ ਸ਼ਿਰੋਮਣੀ ਕਮੇਟੀ ਵਲੋਂ ਇਕ ਆਦਮੀ ਉਨ੍ਹਾਂ ਪਾਸ ਦਿੱਲੀ ਪਹੁੰਚਿਆ। ਉਸ ਨੇ ਦੱਸਿਆ ਕਿ ੧੪ ਸਤੰਬਰ ੧੯੨੩ ਨੂੰ ਜੈਤੋ ਦੇ ਗੁਰਦਵਾਰਾ ਗੰਗਸਰ ਵਿਚ ਹੋ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਨੂੰ ਰੋਕ ਦਿੱਤਾ ਗਿਆ ਹੈ ਅਤੇ ਪਾਠੀ ਨੂੰ ਜ਼ਬਰਦਸਤੀ ਘਸੀਟ ਕੇ ਅੱਡ ਕਰ ਦਿੱਤਾ ਗਿਆ ਹੈ; ਸਾਰੇ ਪਾਠੀਆਂ ਤੇ ਸੰਗਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੰਗਤ ਦੀਵਾਨ ਵਿਚ ਬੈਠੀ ਸ਼ਾਂਤੀ ਨਾਲ ਪਾਠ ਸੁਣ ਰਹੀ ਸੀ। ਸੰਗਤ ਇਕ ਦੋ ਦਿਨ ਤੋਂ ਭੁੱਖੀ ਸੀ ਜਿਸ ਕਰਕੇ ਸਿੰਘ ਬਹੁਤ ਕਮਜ਼ੋਰ ਹੋਏ ਹੋਏ ਸਨ ਤੇ ਚਲ ਫਿਰ ਨਹੀਂ ਸਨ ਸਕਦੇ। ਉਨ੍ਹਾਂ ਸਿੰਘਾਂ ਨੂੰ ਵੀ ਗ੍ਰਿਫ਼ਤਾਰ ਕਰਕੇ ਛਕੜਿਆਂ ਉੱਤੇ ਕਿਤੇ ਲਿਜਾਇਆ ਗਿਆ। ਉਸ ਆਦਮੀ ਨੇ ਇਹ ਵੀ ਦੱਸਿਆ ਕਿ ਸੰਗਤ ਨੇ ਅਖੰਡ ਪਾਠ ਇਸ ਲਈ ਰਖਿਆ ਸੀ ਕਿ ਦੀਵਾਨ ਲਾਣ ਦੇ ਹੱਕ ਨੂੰ ਕਾਇਮ ਰੱਖਿਆ ਜਾ ਸਕੇ। ਉਸੇ ਦਿਨ ਅਖੰਡ ਪਾਠ ਦਾ ਭੋਗ ਪੈਣਾ ਸੀ। ਗੁਰਦਵਾਰੇ ਤੋਂ ਕੜਾਹ ਪ੍ਰਸ਼ਾਦ ਤਿਆਰ ਕਰ ਕੇ ਦੀਵਾਨ ਵਿਚ ਭੇਜਿਆ ਗਿਆ, ਪਰ ਪੁਲਿਸ ਨੇ ਕੜਾਹ ਪ੍ਰਸ਼ਾਦ ਦੀਵਾਨ ਵਿਚ ਨ ਜਾਣ ਦਿੱਤਾ ਅਤੇ ਭੋਗ ਕੜਾਹ ਪ੍ਰਸ਼ਾਦ ਦੇ ਬਗ਼ੈਰ ਹੀ ਪਾਇਆ ਗਿਆ।

ਸ. ਤੇਜਾ ਸਿੰਘ ਸਮੁੰਦ੍ਰੀ ਉਸੇ ਰਾਤ ਦਿੱਲੀ ਤੋਂ ਕਾਂਗ੍ਰਸ ਦਾ ਸਮਾਗਮ ਵਿੱਚੇ ਛੱਡ ਕੇ ਅੰਮ੍ਰਿਤਸਰ ਨੂੰ ਚਲ ਪਏ ਤੇ ੧੯ ਸਤੰਬਰ ਨੂੰ ਇੱਥੇ ਪੁੱਜੇ। ਆਉਂਦਿਆਂ ਹੀ ਸ਼ਿਰੋਮਣੀ ਕਮੇਟੀ ਵਲੋਂ ਵਾਇਸਰਾਏ ਨੂੰ ਤਾਰ ਦਿੱਤੀ ਗਈ ਕਿ ਜੈਤੋ ਵਿਚ ਸਿੱਖ ਧਰਮ ਦਾ ਸਖ਼ਤ ਨਿਰਾਦਰ ਕੀਤਾ ਗਿਆ ਹੈ। ਉਸ ਸਮੇਂ ਜਥੇ ਲਗਾਤਾਰ ਜੈਤੋ ਨੂੰ ਜਾਂਦੇ ਰਹੇ। ਇਹ ਜਥੇ ਖੰਡਿਤ ਅਖੰਡ ਪਾਠ ਨੂੰ ਮੁੜ ਕੇ ਆਰੰਭ ਕਰਨ ਅਤੇ ਧਾਰਮਿਕ ਦੀਵਾਨ ਦੀ ਆਜ਼ਾਦੀ ਕਾਇਮ ਰੱਖਣ ਲਈ ਸ਼ਿਰੋਮਣੀ ਕਮੇਟੀ ਦੀ ਬਿਨਤੀ ਉੱਤੇ ਅਕਾਲੀ ਦਲ ਵੱਲੋਂ ਭੇਜੇ

Digital Library

ਜਾਂਦੇ ਸਨ ।

੨੧ ਸਤੰਬਰ ੧੯੨੩ ਨੂੰ ਸ੍ਰੀਯੁਤ ਗਿਡਵਾਲੀ, ਪੰਡਿਤ ਜਵਾਹਰ ਲਾਲ ਨਹਿਰੂ ਤੇ ਮਿਸਟਰ ਸਨਤਾਨਮ ਸਾਰੇ ਹਾਲਾਤ ਆਪਣੇ ਅੱਖੀਂ ਵੇਖਣ ਲਈ ਜੈਤੋ ਆਏ । ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰਕੇ ਨਾਭਾ ਜੇਲ੍ਹ ਵਿਚ ਭੇਜ ਦਿੱਤਾ ਗਿਆ ।

ਇਸ ਗੱਲ ਉਤੇ ਕਾਫ਼ੀ ਜੋਸ਼ ਵਧਿਆ । ਇਸ ਸਵਾਲ ਤੋਂ ਘਬਰਾਈ ਹੋਈ ਅੰਗਰੇਜ਼ ਸਰਕਾਰ ਨੇ ਆਖ਼ਿਰ ਆਪਣੇ ਐਲਾਨ ਨੰ: ੨੩੭੭੩, ਮਿਤੀ ੧੨ ਅਕਤੂਬਰ, ੧੯੧੩ ਰਾਹੀਂ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਸ਼ਿਰੋਮਣੀ ਅਕਾਲੀ ਦਲ ਨੂੰ ਖ਼ਿਲਾਫ਼ਿ ਕਾਨੂੰਨ ਜਮਾਤਾਂ ਕਰਾਰ ਦੇ ਦਿੱਤਾ । ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਸ਼ਿਰੋਮਣੀ ਕਮੇਟੀ ਦੇ ਹੋਰਨਾਂ ਮੈਂਬਰਾਂ ਨਾਲ ੧੩ ਅਕਤੂਬਰ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਅੰਮ੍ਰਿਤਸਰ ਜੇਲ੍ਹ ਵਿਚ ਡੱਕ ਦਿੱਤਾ ਗਿਆ । ਉਨ੍ਹਾਂ ਉਪਰ ਸਰਕਾਰ ਦੇ ਵਿਰੁੱਧ ਬਗ਼ਾਵਤ ਫੈਲਾਉਣ ਤੇ ਰਾਜ ਖੋਹਣ ਦੇ ਜਤਨ ਦੇ ਜੁਰਮ ਵਿਚ ਮੁਕੱਦਮਾ ਚਲਿਆ, ਜਿਸ ਦਾ ਉੱਲੇਖ ਅਸੀਂ ਅਗਲੇ ਪ੍ਰਕਰਣ ਵਿਚ ਕਰਾਂਗੇ । ਮੁਕੱਦਮੇ ਨੂੰ ਤੋੜ ਚੜ੍ਹਾਉਣ ਲਈ ਸਰਕਾਰ ਨੇ ਕਮੇਟੀ ਦੇ ਰਜਿਸਟਰ ਅਤੇ ਹੋਰ ਕਾਗਜ਼ ਕਮੇਟੀ ਦੇ ਦਫ਼ਤਰ ਉਤੇ ਛਾਪਾ ਮਾਰ ਕੇ ਆਪਣੇ ਕਬਜ਼ੇ ਵਿਚ ਕਰ ਲਏ ।

ਸਰਕਰਦਾ ਲੀਡਰਾਂ ਦੀ ਗ੍ਰਿਫ਼ਤਾਰੀ ਪਿੱਛੋਂ ਕੰਮ ਚਲਾਣ ਲਈ ਸ਼ਿਰੋਮਣੀ ਕਮੇਟੀ ਦੀ ਇਕ ਨਵੀਂ ਅੰਤਰਿੰਗ ਕਮੇਟੀ ਛੇਤੀ ਹੀ ਵਜੂਦ ਵਿਚ ਆ ਗਈ । ਇਸ ਦਾ ਨਵਾਂ ਪ੍ਰਧਾਨ ਰਿਸਾਲਦਾਰ ਸੁੰਦਰ ਸਿੰਘ ਅਤੇ ਜਨਰਲ ਸਕੱਤਰ ਭਗਤ ਜਸਵੰਤ ਸਿੰਘ ਥਾਪੇ ਗਏ । ਗ੍ਰਿਫ਼ਤਾਰੀ ਸਮੇਂ ਸ. ਤੇਜਾ ਸਿੰਘ ਸਮੁੰਦ੍ਰੀ ਸ੍ਰੀ ਦਰਬਾਰ ਸਾਹਿਬ ਦੇ ਔਨਰੇਰੀ ਮੈਨੇਜਰ ਸਨ । ਉਨ੍ਹਾਂ ਦੀ ਥਾਂ ਸ਼ਿਰੋਮਣੀ ਕਮੇਟੀ ਦੇ ਐਲਾਨ ਨੰ: ੨੦੭ ਰਾਹੀਂ ਸ. ਖਜ਼ਾਨ ਸਿੰਘ ਪੈਨਸ਼ਨੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਔਨਰੇਰੀ ਮੈਨੇਜਰ ਲਾ ਦਿੱਤਾ ਗਿਆ । ਅਕਾਲੀ ਲਹਿਰ ਨੂੰ ਚਲਾਉਣ ਲਈ ਚੁਣੇ ਗਏ ਨਵੇਂ ਆਗੂ ਜੇਲ੍ਹ ਅੰਦਰਲੇ ਆਗੂਆਂ ਦੀ ਸਲਾਹ ਨਾਲ ਹੀ ਸਾਰਾ ਕੰਮ ਕਰਦੇ ਸਨ ਤੇ ਲਹਿਰ ਦੀ ਅਸਲ ਵਾਗ ਡੋਰ ਅੰਦਰਲੇ ਲੀਡਰਾਂ ਦੇ ਹੱਥ ਵਿਚ ਹੀ ਸੀ ।

ਨਵੀਂ ਬਣੀ ਸ਼ਿਰੋਮਣੀ ਕਮੇਟੀ ਨੇ ਜੈਤੋ ਦੇ ਮੋਰਚੇ ਨੂੰ ਮਘਾਉਣ ਲਈ ੯ ਫ਼ਰਵਰੀ ੧੯੨੪ ਨੂੰ ਸ੍ਰੀ ਅਕਾਲ ਤਖ਼ਤ ਤੋਂ ੫੦੦ ਸਿੰਘਾਂ ਦਾ ਪਹਿਲਾ ਸ਼ਹੀਦੀ ਜਥਾ ਘਲਿਆ । ਇਸ ਜਥੇ ਦਾ ਮਨੋਰਥ ਕੇਵਲ ਗੁਰਦਵਾਰਾ ਗੰਗਸਰ ਦੀ ਯਾਤ੍ਰਾ ਅਤੇ ਅਖੰਡ ਪਾਠ ਨੂੰ ਨਵੇਂ ਸਿਰਿਓਂ ਜਾਰੀ ਕਰਨਾ ਸੀ । ਇਹ ਜਥਾ ੯ ਫ਼ਰਵਰੀ ਨੂੰ ਸ੍ਰੀ ਅਕਾਲ ਤਖ਼ਤ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਚਲਿਆ । ਜ਼ਿਲਾ ਫ਼ੀਰੋਜ਼ਪੁਰ ਵਿੱਚੋਂ ਲੰਘਦੇ ਹੋਏ ਇਸ ਜਥੇ ਦੀ, ਰਾਹ ਵਿਚ, ਬਹੁਤ ਆਉ ਭਗਤ ਹੋਈ । ਰਸਤੇ ਵਿੱਚੋਂ ਬਹੁਤ ਸਾਰੇ ਲੋਕ ਇਨ੍ਹਾਂ ਨਾਲ ਰਲ ਗਏ । ਜਥੇ ਨੂੰ ਹੁਕਮ ਸੀ ਕਿ ਅਖੀਰਲੇ ਪੜਾ ਉੱਤੇ ਕਿਸੇ ਹੋਰ ਆਦਮੀ ਨੂੰ ਨਾਲ ਨਹੀਂ ਲਿਜਾਣਾ । ੨੦ ਫ਼ਰਵਰੀ ਨੂੰ ਜਥਾ ਜੈਤੋ ਤੋਂ ਪੰਜ ਛੇ ਮੀਲ ਉਰੇ ਬਰਗਾੜੀ ਪਿੰਡ ਵਿਚ ਬਿਸਰਾਮ ਕਰਨ ਲਈ ਠਹਿਰਿਆ । ਉਥੇ ਹਜ਼ਾਰਾਂ ਲੋਕ ਜਮ੍ਹਾ ਹੋ ਗਏ ਤੇ ਜਥੇ ਨੇ ਤਕੜੀ ਭੀੜ

b Digital Library / ww

ਭਾੜ ਵਿਚ ੨੧ ਫ਼ਰਵਰੀ ਨੂੰ ਦਿਨੇ ਬਾਰਾਂ ਵਜੇ ਜੈਤੋ ਵਲ ਮਾਰਚ ਕੀਤਾ। ਨਾਭੇ ਦਾ ਐਡਮਿਨਿਸਟਰੇਟਰ, ਮਿਸਟਰ ਜਾਨਸਨ, ਉਸ ਭੀੜ ਨੂੰ ਵੇਖ ਕੇ ਅਤੇ ਪਟਾਖਿਆਂ ਦੀ ਆਵਾਜ਼ ਨੂੰ ਬੰਦੂਕਾਂ ਦੀ ਆਵਾਜ਼ ਸਮਝ ਕੇ, ਘਬਰਾ ਗਿਆ। ਜਦ ਜਥਾ ਗੁਰਦਵਾਰਾ ਟਿੱਬੀ ਸਾਹਿਬ ਤੋਂ ੧੫੦ ਗਜ਼ ਦੀ ਵਿੱਥ ਤੇ ਰਹਿ ਗਿਆ ਤਾਂ ਉਸ ਨੇ ਰਿਆਸਤੀ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਜਥੇ ਤੇ ਅਤੇ ਨਾਲ ਜਾ ਰਹੇ ਲੋਕਾਂ ਉੱਤੇ ਬੇਤਹਾਸ਼ਾ ਗੋਲੀਆਂ ਦੀ ਬੁਛਾੜ ਹੋਈ; ਕੋਈ ੪੦-੫੦ ਸਿੰਘ ਸ਼ਹੀਦ ਹੋ ਗਏ ਤੇ ਬਹੁਤ ਸਾਰੇ ਜ਼ਖਮੀ ਹੋ ਗਏ। ਗੋਲੀ ਚਲਣ ਉੱਤੇ ਜਥੇ ਦੇ ਨਾਲ ਜਾ ਰਹੇ ਤਮਾਸ਼ਬੀਨ ਤਾਂ ਭਜ ਗਏ ਪਰ ਜਥਾ ਬਾਕਾਇਦਾ ਅਗੇ ਵਧਦਾ ਗਿਆ ਤੇ ਗੁਰਦਵਾਰਾ ਟਿੱਬੀ ਸਾਹਿਬ ਜਾ ਪਹੁੰਚਿਆ।

ਇਸ ਜਥੇ ਉਤੇ ਗੋਲੀ ਚਲਣ ਨਾਲ ਸਾਰੇ ਦੇਸ਼ ਵਿਚ ਦੁਹਾਈ ਮਚ ਗਈ। ਸਰਕਾਰ ਨੇ ਆਪਣੇ ਬਿਆਨ ਵਿਚ ਕਿਹਾ ਕਿ ਪਹਿਲਾਂ ਜਥੇ ਵਲੋਂ ਗੋਲੀ ਚਲੀ ਸੀ ਤੇ ਫਿਰ ਪੁਲਿਸ ਨੂੰ ਚਲਾਉਣੀ ਪਈ। ਸਬੂਤ ਵਿਚ ਸਰਕਾਰ ਨੇ ਇਕ ਰਿਆਸਤੀ ਮੁਲਾਜ਼ਮ ਗੋਲੀ ਨਾਲ ਫਟੜ ਹੋਇਆ ਪੇਸ਼ ਕੀਤਾ। ਜਥੇ ਵਲੋਂ ਗੋਲੀ ਚਲਣ ਦੀ ਗੱਲ ਨੂੰ ਸਿੱਧ ਕਰਨ ਲਈ ਜਥੇ ਦੇ ਸਿੰਘਾਂ ਉਤੇ ਨਾਭੇ ਵਿਚ ਮੁਕੱਦਮਾ ਚਲਾਇਆ ਗਿਆ ਅਤੇ ਜਥੇ ਦੇ ਸਿੰਘਾਂ ਨੂੰ ਲੰਮੀਆਂ ਕੈਦਾਂ ਸੁਣਾਈਆਂ ਗਈਆਂ, ਉਂਜ ਭਾਵੇਂ ਪੁਲਿਸ ਉੱਤੇ ਗੋਲੀ ਚਲਣ ਦੀ ਸਾਰੀ ਕਹਾਣੀ ਅਸਲੋਂ ਝੂਠੀ ਸੀ।

ਪਹਿਲੇ ਮੋਰਚਿਆਂ ਨਾਲੋਂ ਇਸ ਮੋਰਚੇ ਵਿਚ ਬੜੀ ਤਬਦੀਲੀ ਵੇਖਣ ਵਿਚ ਆਈ। ਇਕ ਤਾਂ ਅਕਾਲੀ ਜਥੇ ਉੱਤੇ ਬੇ-ਲੋੜੀ ਗੋਲੀ ਚਲਾਈ ਗਈ; ਦੂਜੇ ਉਨ੍ਹਾਂ ਵਿਰੁਧ ਝੂਠਾ ਇਲਜ਼ਾਮ ਤਰਾਸ਼ਿਆ ਗਿਆ; ਤੀਜੇ ਇਨ੍ਹਾਂ ਬੇਦੋਸ਼ਿਆਂ ਨੂੰ ਮਿਲੀਆਂ ਸਜ਼ਾਵਾਂ ਸਮਝੌਤੇ ਮਗਰੋਂ ਵੀ ਭੁਗਤਣੀਆਂ ਪਈਆਂ। ਸਿੱਖ ਸੰਗਤਾਂ ਵਿਚ ਜੈਤੋ ਵਿਚ ਗੋਲੀ ਚਲਣ ਉੱਤੇ ਇਤਨਾ ਰੋਸ ਨਹੀਂ ਸੀ ਜਿਤਨਾ ਸਰਕਾਰ ਦੀ ਇਸ ਨਵੀਂ ਕੁਟਿਲ ਨੀਤੀ ਉੱਤੇ ਸੀ। ਸਰਕਾਰ ਨੇ ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀ ਚਲਾਈ ਪਰ ਜਨਰਲ ਡਾਇਰ ਨੇ, ਜੇ ਸਾਰੀ ਨਹੀਂ ਤਾਂ ਬਹੁਤ ਸਾਰੀ, ਗੱਲ ਦਾ ਇਕਬਾਲ ਕਰਕੇ ਅੰਗਰੇਜ਼ੀ ਇੱਜ਼ਤ ਨੂੰ ਕਿਸੇ ਹੱਦ ਤਕ ਰੱਖ ਲਿਆ ਸੀ। ਮਾਸਟਰ ਤਾਰਾ ਸਿੰਘ ਜੀ ਦੇ ਕਥਨ ਅਨੁਸਾਰ ਜੈਤੋ ਦੀ ਗੋਲੀ ਚਲਾਉਣ ਪਿੱਛੋਂ ਅੰਗਰੇਜ਼ ਅਫ਼ਸਰ ਨੇ ਜੋ ਝੂਠ ਘੜਿਆ ਉਸ ਦਾ ਉਸ ਨੇ ਆਪਣੇ ਆਪ ਨੂੰ ਜ਼ਿੰਮੇਵਾਰ ਨ ਬਣਾ ਕੇ ਅੰਗਰੇਜ਼ ਹਕੂਮਤ ਉੱਤੇ ਲਾਹਨਤ ਪਾਈ ਜਿਸ ਤੋਂ ਸਰਕਾਰ ਅਖ਼ਲਾਕੀ ਤੌਰ ਨੇ ਕਦੇ ਵੀ ਬਰੀ ਨ ਹੋ ਸਕੀ।

ਪਹਿਲੇ ਸ਼ਹੀਦੀ ਜਥੇ ਉੱਤੇ ਗੋਲੀ ਚਲਣ ਪਿੱਛੋਂ ਜਥੇ ਬਾਕਾਇਦਾ ਜੈਤੋ ਜਾਣ ਲਗੇ। ਇਹ ਪਿੰਡਾਂ ਵਿਚ ਪ੍ਰਚਾਰ ਕਰਦੇ, ਲੰਬਾ ਚੱਕਰ ਲਾ ਕੇ ਜੈਤੋ ਪਹੁੰਚਦੇ ਤੇ ਲੰਮੀਆਂ ਸਜ਼ਾਵਾਂ ਪਾ ਕੇ ਜੇਲ੍ਹਾਂ ਅੰਦਰ ਸੜਦੇ। ਇਹ ਇਕ ਬੜਾ ਲੰਬਾ ਮੋਰਚਾ ਸਿੱਧ ਹੋਇਆ। ੧੯੨੩ ਤੋਂ ੧੯੨੫ ਦੇ ਤਿੰਨ ਲੰਮੇ ਸਾਲਾਂ ਵਿਚ ਵਿਚਾਰੇ ਅਕਾਲੀਆਂ ਨਾਲ ਬਹੁਤ ਵਧੀਕੀਆਂ ਹੋਈਆਂ।

ਸ. ਤੇਜਾ ਸਿੰਘ ਸਮੁੰਦ੍ਰੀ ਮੋਰਚੇ ਪ੍ਰਤਿ ਆਪਣੀ ਜ਼ਿੰਮੇਵਾਰੀ ਤੋਂ ਅਵੇਸਲੇ ਨਹੀਂ ਸਨ। ਉਨ੍ਹਾਂ ਦਾ ਵੱਡਾ ਪੁੱਤਰ, ਸ. ਸਾਹਿਬ ਸਿੰਘ ਤਾਂ ਪਿੰਡ ਵਿਚ ਜ਼ਮੀਨ ਦੀ ਸਾਂਭ ਸੰਭਾਲ ਵਿਚ

Digital Library / ww

ਰੁੱਝਾ ਹੋਇਆ ਸੀ, ਪਰ ਦੂਜਾ, ਸ. ਮਾਨ ਸਿੰਘ, ਹੁਣ ਜਵਾਨੀ ਵਿਚ ਪੈਰ ਪਾ ਰਿਹਾ ਸੀ। ਬਾਪ ਵਾਂਗ ਉਹ ਉੱਚਾ ਲੰਮਾ ਤੇ ਸੋਹਣਾ ਜਵਾਨ ਸੀ। ਉਹ ਖ਼ਾਲਸਾ ਹਾਈ ਸਕੂਲ ਸਰਹਾਲੀ ਦੀ ਨਾਵੀਂ ਜਮਾਤ ਵਿਚ ਪੜ੍ਹਦਾ ਸੀ। ਇਕ ਦਿਨ ਹੈਡਮਾਸਟਰ ਨੇ ਉਸ ਨੂੰ ਸੱਦਿਆ ਤੇ ਕਿਹਾ ਕਿ ਤੇਰੇ ਪਿਤਾ ਜੀ ਦਾ ਸੁਨੇਹਾ ਆਇਆ ਹੈ ਕਿ ਮਾਨ ਸਿੰਘ ਨੂੰ ਮੇਰੇ ਕੋਲ ਘੱਲੋ। ਹੁਕਮ ਅਨੁਸਾਰ ਮਾਨ ਸਿੰਘ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਜੇਲ੍ਹ ਵਿਚ ਮਿਲਿਆ। ਆਪ ਨੇ ਉਸ ਨੂੰ ਹੁਕਮ ਦਿੱਤਾ ਕਿ ਜੈਤੋ ਜਾ ਰਹੇ ਦੂਸਰੇ ਮੋਰਚੇ ਵਿਚ ਭਰਤੀ ਹੋ ਜਾਓ ਤੇ ਜੈਤੋ ਪਹੁੰਚੋ। ਨਾਲ ਹੀ ਇਹ ਹਿਦਾਇਤ ਕੀਤੀ ਕਿ ਆਪਣਾ ਪਤਾ ਸਮੁੰਦ੍ਰੀ, ਚੱਕ ੧੪੦, ਨਹੀਂ ਦੱਸਣਾ, ਪੁਰਾਣਾ ਪਿੰਡ ਰਾਏ ਕਾ ਬੁਰਜ, ਦਸਣਾ ਹੈ। ਸ. ਮਾਨ ਸਿੰਘ ਦੱਸਦੇ ਹਨ ਕਿ ਉਨ੍ਹਾਂ ਪਿਤਾ ਦੇ ਹੁਕਮ ਦੀ ਪਾਲਣਾ ਕਰਦਿਆਂ ਜਥੇ ਵਿਚ ਆਪਣਾ ਨਾਂ ਲਿਖਾ ਲਿਆ ਤੇ ਉਨ੍ਹਾਂ ਨੂੰ ਸ਼ਹੀਦੀ ਚੋਲਾ ਵੀ ਪਹਿਨਣ ਨੂੰ ਮਿਲ ਗਿਆ। ਉਦੋਂ ਹੀ ਉਨ੍ਹਾਂ ਦੇ ਕਿਸੇ ਜਾਣੂ ਨੇ ਉਨ੍ਹਾਂ ਨੂੰ ਪਛਾਣ ਕੇ ਪ੍ਰਬੰਧਕਾਂ ਨੂੰ ਜਾ ਦੱਸਿਆ। ਇਹ ਸੁਣ ਕੇ ਪ੍ਰਬੰਧਕ ਉਥੇ ਭੱਜੇ ਆਏ ਤੇ ਉਨ੍ਹਾਂ ਸ. ਮਾਨ ਸਿੰਘ ਨੂੰ ਜਥੇ ਵਿਚ ਜਾਣ ਤੋਂ ਰੋਕ ਦਿੱਤਾ। ਜਦੋਂ ਸਮੁੰਦ੍ਰੀ ਸਾਹਿਬ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਆਪ ਨੇ ਕਿਹਾ ਕਿ ਇਸ ਬੱਚੇ ਦੀ ਕਿਸਮਤ ਵਿਚ ਕੌਮੀ ਸੇਵਾ ਲਿਖੀ ਨਹੀਂ ਲਗਦੀ।

੧੯੨੪ ਦੇ ਅਖ਼ੀਰ ਵਿਚ ਜਨਰਲ ਸਰ ਬਰਡਵੁਡ ਸਿੱਖਾਂ ਨਾਲ ਸਮਝੌਤਾ ਕਰਨ ਲਈ ਮੁਕਰਰ ਹੋਇਆ। ਇਹ ਜਨਰਲ ਸਿੱਖ ਫ਼ੌਜ ਵਿਚ ਰਹਿ ਚੁਕਿਆ ਸੀ ਤੇ ਸਿੱਖਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਪਰ ਬਦਕਿਸਮਤੀ ਨਾਲ ਸਮਝੌਤਾ ਨ ਹੋ ਸਕਿਆ। ਸਰਕਾਰ ਦੀ ਪੇਸ਼ਕਸ਼ ਸੀ ਕਿ ਸ਼ਾਂਤੀਮਈ ਰਹਿਣ ਵਾਲੇ ਸਭ ਸਿੰਘਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ। ਅਕਾਲੀਆਂ ਨੂੰ ਖ਼ਦਸ਼ਾ ਸੀ ਕਿ ਸਰਕਾਰ ਪਹਿਲੇ ਸ਼ਹੀਦੀ ਜਥੇ ਦੇ ਲੋਕਾਂ ਨੂੰ ਜੇਲ੍ਹਾਂ ਅੰਦਰ ਡੱਕੀ ਰੱਖਣਾ ਚਾਹੁੰਦੀ ਹੈ। ਇਸ ਵਿਚ ਉਹ ਆਪਣੀ ਹੱਤਕ ਸਮਝਦੇ ਸਨ। ਅਕਾਲੀਆਂ ਨੇ ਸ਼ਰਤ ਲਾਈ ਕਿ ਪਹਿਲੇ ਸ਼ਹੀਦੀ ਜਥੇ ਦੇ ਅਕਾਲੀਆਂ ਨੂੰ ਜ਼ਰੂਰ ਛੱਡਿਆ ਜਾਵੇ। ਸਰਕਾਰ ਨੇ ਇਸ ਨੂੰ ਆਪਣੀ ਹੱਤਕ ਸਮਝਿਆ ਤੇ ਸਮਝੌਤਾ ਟੁੱਟ ਗਿਆ। ਇਹ ਸਮਝੌਤਾ ਗ਼ਲਤ-ਫ਼ਹਿਮੀ ਕਾਰਨ ਹੀ ਟੁੱਟਾ।

ਜੈਤੋ ਨੂੰ ਪੰਜ ਪੰਜ ਸੌ ਸਿੰਘਾਂ ਦੇ ਜਥੇ ਲਗਾਤਾਰ ਦੋ ਸਾਲ, ਜੁਲਾਈ ੧੯੨੫ ਤਕ, ਜਾਂਦੇ ਰਹੇ। ਇਨ੍ਹਾਂ ਜਥਿਆਂ ਵਿਚ ਨ ਕੇਵਲ ਪੰਜਾਬ ਦੇ ਸਿੰਘਾਂ ਨੇ ਬਲਕਿ ਸ਼ੰਘਾਈ, ਹਾਂਗਕਾਂਗ, ਕੈਨੇਡਾ, ਆਦਿ ਵਿਦੇਸ਼ਾਂ ਦੇ ਸਿੱਖਾਂ ਨੇ ਵੀ ਹਿੱਸਾ ਲਿਆ। ਪੁਲਿਸ ਵਲੋਂ ਬਹੁਤ ਸਖ਼ਤੀ ਹੋਈ—ਇੱਨੀ ਜਿੱਨੀ ਕਿ ਗੁਰੂ ਕਾ ਬਾਗ ਵਿਚ ਵੀ ਨਹੀਂ ਹੋਈ ਸੀ। ਇਸ ਵਕਤ ਝਗੜਾ ਮਹਾਰਾਜੇ ਦੀ ਗੱਦੀ-ਨਸ਼ੀਨੀ ਦੇ ਸਵਾਲ ਤੋਂ ਹਟ ਕੇ ਗੁਰਦਵਾਰਿਆਂ ਵਿਚ ਧਾਰਮਿਕ ਮਰਯਾਦਾ ਦੀ ਆਜ਼ਾਦੀ ਤੇ ਕੇਂਦ੍ਰਿਤ ਹੋ ਚੁਕਾ ਸੀ, ਜੋ ਜੁਲਾਈ ੧੯੨੫ ਵਿਚ ਗੁਰਦਵਾਰਾ ਐਕਟ ਦੇ ਪਾਸ ਹੋ ਜਾਣ ਨਾਲ ਮੁੱਕਾ। ਅਕਾਲੀਆਂ ਨੂੰ ਗੁਰਦਵਾਰਾ ਗੰਗਸਰ (ਜੈਤੋ) ਵਿਚ ਅਖੰਡ ਪਾਠ ਰੱਖਣ ਤੇ ਆਪਣੀ ਮਰਯਾਦਾ ਅਨੁਸਾਰ ਧਾਰਮਿਕ ਰੀਤੀ ਨਿਭਾਉਣ ਦੀ ਆਗਿਆ ਮਿਲ ਗਈ। ੬ ਅਗਸਤ ੧੯੨੫ ਨੂੰ ੧੦੧ ਅਖੰਡ ਪਾਠਾਂ ਦਾ ਭੋਗ ਪਿਆ।

Digitized by Panjab Digital Library | www.panjabdigilib.org

ਪਹਿਲੇ ਜਥੇ ਦੇ ਕੈਦੀਆਂ ਤੋਂ ਬਿਨਾ ਸਾਰੇ ਕੈਦੀ ਛਡ ਦਿੱਤੇ ਗਏ। ਕਈ ਵਿਚਾਰੇ ਬਹੁਤ ਚਿਰ ਪਿੱਛੋਂ ਆਪਣੀਆਂ ਪੁਰਾਣੀਆਂ ਕੈਦਾਂ ਭੁਗਤ ਕੇ ਬਾਹਰ ਆਏ।

ਇਸ ਮੋਰਚੇ ਵਿਚ ਬਾਵਜੂਦ ਬੇਅੰਤ ਕੁਰਬਾਨੀ ਦੇ ਅਕਾਲੀਆਂ ਨੂੰ ਉੱਨੀ ਕਾਮਯਾਬੀ ਨ ਹੋਈ ਜਿੱਨੀ ਕਿ ਪਹਿਲੇ ਮੋਰਚਿਆਂ ਵਿਚ ਹੋਈ ਸੀ। ਇਸ ਦਾ ਇਕ ਕਾਰਣ ਰਿਆਸਤੀ ਰਾਜਿਆਂ ਦਾ ਅੰਗਰੇਜ਼ ਸਰਕਾਰ ਨਾਲ ਰਲ ਕੇ ਅਕਾਲੀਆਂ ਨੂੰ ਦਬਾਣ ਲਈ ਅਥਾਹ ਕਹਿਰ ਤੇੜਨਾ ਸੀ। ਦੂਜਾ ਮੋਰਚਾ ਬਹੁਤ ਲੰਮਕ ਗਿਆ, ਜਿਸ ਕਾਰਣ ਪਰਜਾ ਦੀ ਥੋੜੀ ਸ਼ਕਤੀ ਸਰਕਾਰ ਦੀ ਅਥਾਹ ਸ਼ਕਤੀ ਅਗੇ ਹੰਭ ਗਈ। ਤੀਜਾ, ਅੰਗਰੇਜ਼ ਸਰਕਾਰ ਪਰਜਾ ਦੀ ਮੁਖ਼ਾਲਫ਼ਤ ਤਾਂ ਬਰਦਾਸ਼ਤ ਕਰ ਸਕਦੀ ਸੀ, ਪਰ ਉਹ ਆਪਣੇ ਅਧੀਨ ਰਾਜਿਆਂ ਵਿਚ ਇਸ ਜ਼ਹਿਰ ਨੂੰ ਫੈਲਿਆ ਵੇਖਣਾ ਨਹੀਂ ਸੀ ਚਾਹੁੰਦੀ। ਇਸ ਲਈ ਉਸ ਨੇ ਸਿੰਘਾਂ ਉਪਰ ਐਤਕੀਂ ਦਾ ਵਾਰ ਆਪਣੀ ਪੂਰਣ ਸ਼ਕਤੀ ਨਾਲ ਕੀਤਾ। ਚੌਥਾ, ਅੰਗਰੇਜ਼ ਸਰਕਾਰ ਨੇ ਬੜੀ ਚਤੁਰਤਾ ਵਰਤਦਿਆਂ ਹੋਇਆਂ ਇਸ ਨੂੰ ਹਿੰਸਕ ਤਹਿਰੀਕ ਘੋਸ਼ਿਤ ਕਰ ਦਿੱਤਾ, ਜਿਸ ਕਾਰਣ ਸਰਕਾਰ ਉਪਰ ਰਾਏ ਆਮਾ ਦਾ ਦਬਾਉ ਘਟ ਪਿਆ। ਅੰਤਿਮ ਭੱਠਾ ਕੁਝ ਲੀਡਰਾਂ ਦੇ ਮਾਫ਼ੀ ਮੰਗ ਆਉਣ ਨੇ ਬਿਠਾ ਦਿੱਤਾ। ਪਰ ਕਹਾਣੀ ਦੇ ਇਸ ਹਿੱਸੇ ਦਾ ਵਰਣਨ ਅਸੀਂ ਅਗਲੇ ਪ੍ਰਕਰਣਾਂ ਵਿਚ ਕਰਾਂਗੇ।

Digitized by Panjab Digital Library | www.panjabdigilib.org

੧੬

# ਜੇਲ੍ਹ ਵਿਚ ਤੇ ਮੁਕੱਦਮਾ

੧੩-੧੪ ਅਕਤੂਬਰ ੧੯੨੩ ਦੀ ਦਰਮਿਆਨੀ ਰਾਤ ਨੂੰ ਅਕਾਲੀ ਲੀਡਰਾਂ ਨੂੰ ਫੜ ਕੇ ਅੰਮ੍ਰਿਤਸਰ ਜੇਲ੍ਹ ਵਿਚ ਰੱਖਿਆ ਗਿਆ। ਇਨ੍ਹਾਂ ਵਿੱਚੋਂ ਪ੍ਰਮੁਖ ਸ. ਤੇਜਾ ਸਿੰਘ ਸਮੁੰਦ੍ਰੀ, ਸ. ਮਹਿਤਾਬ ਸਿੰਘ, ਬਾਵਾ ਹਰਕਿਸ਼ਨ ਸਿੰਘ, ਮਾਸਟਰ ਤਾਰਾ ਸਿੰਘ, ਸ. ਗੋਪਾਲ ਸਿੰਘ ਕੌਮੀ, ਸ. ਭਾਗ ਸਿੰਘ ਗੁਰਦਾਸਪੁਰ, ਗਿਆਨੀ ਸ਼ੇਰ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਨਿਰੰਜਨ ਸਿੰਘ, ਸ. ਤੇਜਾ ਸਿੰਘ ਚੂਹੜਕਾਣਾ, ਸ. ਸੇਵਾ ਸਿੰਘ ਠੀਕਰੀਵਾਲਾ, ਝਬਾਲੀਏ ਭਰਾ ਸ. ਸਰਮੁਖ ਸਿੰਘ ਤੇ ਸ. ਅਮਰ ਸਿੰਘ, ਸ. ਪਿਆਰਾ ਸਿੰਘ ਲੰਗੇਰੀ, ਸ. ਸੋਹਨ ਸਿੰਘ ਜੋਸ਼, ਸ. ਹਰੀ ਸਿੰਘ ਜਲੰਧਰੀ, ਬਾਬੂ ਤ੍ਰਿਪਤ ਸਿੰਘ, ਰਿਸਾਲਦਾਰ ਸੁੰਦਰ ਸਿੰਘ, ਕਪਤਾਨ ਰਾਮ ਸਿੰਘ ਅਤੇ ਰਿਸਾਲਦਾਰ ਰਣਜੋਧ ਸਿੰਘ ਸਨ।

ਇਨ੍ਹਾਂ ਅਕਾਲੀ ਲੀਡਰਾਂ ਨੂੰ ਅੰਮ੍ਰਿਤਸਰ ਜੇਲ੍ਹ ਦੀਆਂ ਕੋਠੀਆਂ ਦੀ ਉਪਰਲੀ ਛੱਤ ਤੇ ਅੱਡ ਅੱਡ ਕੋਠੜੀਆਂ ਵਿਚ ਰੱਖਿਆ ਗਿਆ। ਕੋਠੜੀਆਂ ਦੇ ਬੂਹਿਆਂ ਨੂੰ ਸੀਖਾਂ ਲਗੀਆਂ ਹੋਈਆਂ ਸਨ ਤੇ ਸਾਰੇ ਬੂਹੇ ਇੱਕੋ ਲੱਠ ਨਾਲ ਬੰਦ ਹੁੰਦੇ ਤੇ ਖੁਲ੍ਹਦੇ ਸਨ। ਜੇਲ੍ਹ ਦਾ ਦਸਤੂਰ ਸੀ ਕਿ ਜਦ ਸੁਪਰਡੈਂਟ ਜੇਲ੍ਹ ਵੇਖਣ ਆਵੇ ਤਾਂ ਹਰੇਕ ਕੈਦੀ ਆਪਣੇ ਬੂਹੇ ਦੀਆਂ ਸੀਖ਼ਾਂ ਵਿੱਚੋਂ ਹੱਥ ਬਾਹਰ ਕੱਢ ਕੇ ਵਿਖਾਵੇ। ਇਹ ਨਿਯਮ ਜੇਲ੍ਹ ਸਟਾਫ਼ ਨੇ ਆਪਣੀ ਹਿਫ਼ਾਜ਼ਤ ਲਈ ਬਣਾਇਆ ਹੋਇਆ ਸੀ। ਜੇਲ੍ਹ ਸਟਾਫ਼ ਇਸ ਕ੍ਰਿਆ ਰਾਹੀਂ ਇਹ ਤਸੱਲੀ ਕਰ ਲੈਣਾ ਚਾਹੁੰਦਾ ਸੀ ਕਿ ਕੈਦੀ ਦੇ ਹੱਥ ਵਿਚ ਮਾਰਨ ਵਾਲੀ ਕੋਈ ਸ਼ੈ ਤਾਂ ਨਹੀਂ ਹੈ? ਅਕਾਲੀ ਕੈਦੀਆਂ ਨੂੰ ਦਰੋਗੇ ਨੇ ਕਿਹਾ ਹੋਇਆ ਸੀ ਕਿ ਮੈਂ ਨਹੀਂ ਚਾਹੁੰਦਾ ਕਿ ਤੁਸੀਂ ਹੱਥ ਬਾਹਰ ਕੱਢਣ ਵਾਲੀ ਰੀਤ ਪੂਰੀ ਕਰੋ, ਤੁਸੀਂ ਆਪਣੀ ਸੀਟ ਉੱਤੇ ਬਹਿ ਕੇ ਕੋਈ ਪੁਸਤਕ ਪੜ੍ਹਨ ਲਗ ਜਾਇਆ ਕਰੋ ਜਾਂ ਸਾਧਾਰਣ ਭਾਂਤ ਬੈਠੇ ਰਿਹਾ ਕਰੋ। ਝਬਾਲੀਏ ਭਰਾ ਤੇ ਕੁਝ ਹੋਰ ਤੇਜ਼ ਤਬੀਅਤ ਇਸ ਗੱਲ ਵਿਚ ਵੀ ਆਪਣੀ ਹੱਤਕ ਸਮਝਦੇ ਸਨ; ਇਸ ਲਈ ਉਹ ਸੁਪਰਡੈਂਟ ਸਾਹਿਬ ਦੇ ਆਉਣ ਤੇ ਆਪਣੇ ਬੂਹੇ ਦੀਆਂ ਸੀਖਾਂ ਵਲ ਪਿਠ ਕਰਕੇ ਖੜੋ ਜਾਂਦੇ ਸਨ। ਕੁਝ ਚਿਰ ਮਗਰੋਂ ਸ. ਤੇਜਾ ਸਿੰਘ ਸਮੁੰਦ੍ਰੀ ਦੇ ਕਹਿਣ ਉਪਰ ਉਨ੍ਹਾਂ ਵੀ ਆਪਣਾ ਵਤੀਰਾ ਬਦਲ ਲਿਆ। ਸ. ਤੇਜਾ ਸਿੰਘ ਬਿਨਾ ਲੋੜ ਜੇਲ੍ਹ ਦਾ ਜ਼ਬਤ ਭੰਗ ਕਰਨ ਦੇ ਹੱਕ ਵਿਚ ਨਹੀਂ ਸਨ।

ਜੇਲ੍ਹ ਵਿਚ ਅਕਾਲੀ ਕੈਦੀਆਂ ਲਈ ਭਾਵੇਂ ਕਈ ਗੱਲਾਂ ਵਿਚ, ਜਿਵੇਂ ਆਪਣੀ

Digitized by Panjab Digital Library | www.panjabdigilib.org

ਰੋਟੀ ਆਦਿ ਆਪ ਤਿਆਰ ਕਰਨ, ਖਾਣ ਪੀਣ ਲਈ ਲੋੜੀਂਦੀ ਰਸਦ ਬਾਹਰੋਂ ਮੰਗਵਾ ਲੈਣ, ਤੇ ਬੇਰੋਕ ਮੁਲਾਕਾਤਾਂ ਕਰਨ ਦੀ ਚੋਖੀ ਖੁਲ੍ਹ ਸੀ, ਫਿਰ ਵੀ ਸ. ਤੇਜਾ ਸਿੰਘ ਸਮੁੰਦ੍ਰੀ, ਸ. ਸੇਵਾ ਸਿੰਘ ਠੀਕਰੀਵਾਲਾ, ਬਾਬੂ ਤ੍ਰਿਪਤ ਸਿੰਘ, ਸ. ਗੁਪਾਲ ਸਿੰਘ ਕੌਮੀ, ਸ. ਤੇਜਾ ਸਿੰਘ ਚੂਹੜਕਾਣਾ ਅਤੇ ਸ. ਪਿਆਰਾ ਸਿੰਘ ਲੰਗੇਰੀ ਅਸੂਲੀ ਤੌਰ ਤੇ ਅਜੇਹੀਆਂ ਘਰ ਵਾਲੀਆਂ ਸਹੂਲਤਾਂ ਲੈਣ ਦੇ ਵਿਰੁੱਧ ਸਨ। ਇਸ ਕਾਰਣ ਉਹ ਜੇਲ੍ਹ ਦੇ ਹਰ ਤਰ੍ਹਾਂ ਦੇ ਕਸ਼ਟ ਸਹਿਣ ਤੋਂ ਗੁਰੇਜ਼ ਨਹੀਂ ਸਨ ਕਰਦੇ।

ਇਸ ਦੇ ਵਿਪਰੀਤ ਕੁਝ ਅਕਾਲੀ ਲੀਡਰ ਨਿਹਾਇਤ ਸ਼ੌਕੀਨ ਸਨ ਜੋ ਜੇਲ੍ਹ ਦੇ ਕਮਰੇ ਨੂੰ ਅਮੀਰੀ ਠਾਠ ਵਾਲੀ ਬੈਠਕ ਬਣਾ ਕੇ ਰੱਖਦੇ ਸਨ। ਅੰਦਰ ਗ਼ਲੀਚੇ ਵਿਛਾ ਕੇ ਅਤੇ ਗਾਉ-ਦੁਮ ਤਕੀਏ ਲਾ ਕੇ ਬਹਿੰਦੇ ਸਨ ਅਤੇ ਨਿਤ ਨਵੇਂ ਕਪੜੇ ਪਾ ਕੇ ਮੁੱਛਾਂ ਨੂੰ ਵੱਟ ਦੇਂਦੇ ਰਹਿੰਦੇ ਸਨ। ਉਹ ਆਪਣੇ ਟੱਬਰਾਂ ਨਾਲ ਵੀ ਕਦੇ ਕਦੇ ਵੱਖਰੇ ਕਮਰਿਆਂ ਵਿਚ ਖੁਲ੍ਹੀਆਂ ਮੁਲਾਕਾਤਾਂ ਕਰ ਲੈਂਦੇ ਸਨ। ਰਿਸਾਲਦਾਰ ਸੁੰਦਰ ਸਿੰਘ, ਸ. ਨਰੈਣ ਸਿੰਘ ਬੈਰਿਸਟਰ, ਸ. ਗੁਰਦਿਤ ਸਿੰਘ ਬਲੋਲਪੁਰੀ ਆਦਿ ਦੇ ਨਾਂ ਇਸ ਪ੍ਰਸੰਗ ਵਿਚ ਵਰਣਨਯੋਗ ਹਨ। ਉਨ੍ਹਾਂ ਦੇ ਕਮਰੇ ਵਿਚ ਮਾਸ ਰਿੱਝਦਾ, ਤਰ੍ਹਾਂ ਤਰ੍ਹਾਂ ਦੇ ਪਕਵਾਨ ਪਕਦੇ ਤੇ ਮਿਠਾਈਆਂ ਲਈ ਕੜ੍ਹਾਈ ਚੜ੍ਹੀ ਰਹਿੰਦੀ। ਇਸੇ ਕਾਰਣ ਉਨ੍ਹਾਂ ਦੇ ਜੁੱਟ ਦਾ ਨਾਂ "ਬੁਲਬੁਲਾ ਮੈੱਸ" ਪੈ ਗਿਆ ਹੋਇਆ ਸੀ।[1]

ਅਕਾਲੀ ਲੀਡਰਾਂ ਨੂੰ ਰਿਸ਼ਤੇਦਾਰਾਂ ਤੇ ਸਾਕਾਂ ਸੰਬੰਧੀਆਂ ਨਾਲ ਤਾਂ ਮਿਲਣ ਦੀ ਖੁਲ੍ਹ ਸੀ, ਪਰ ਬਾਹਰਲੇ ਲੀਡਰਾਂ ਨਾਲ ਮਿਲਣ ਉੱਤੇ ਚੋਖੀ ਪਾਬੰਦੀ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਸ. ਤੇਜਾ ਸਿੰਘ ਸਮੁੰਦ੍ਰੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਵੀ ਨਿਭਾ ਰਹੇ ਸਨ। ਉਨ੍ਹਾਂ ਦੀ ਗ੍ਰਿਫ਼ਤਾਰੀ ਪਿੱਛੋਂ ਵਰਿਆਮ ਸਿੰਘ, ਸਕੱਤਰ, ਸਥਾਨਕ ਗੁਰਦਵਾਰਾ ਕਮੇਟੀ ਅੰਮ੍ਰਿਤਸਰ, ਨੂੰ ਗੁਰਦਵਾਰਾ ਸਾਹਿਬ ਦੇ ਪ੍ਰਬੰਧ ਸੰਬੰਧੀ ਕੁਝ ਅਗਵਾਈ ਲੈਣ ਦੀ ਲੋੜ ਮਹਿਸੂਸ ਹੋਈ। ਉਸ ਸਮੁੰਦ੍ਰੀ ਸਾਹਿਬ ਨੂੰ ਮਿਲਣ ਲਈ ਦਰਖ਼ਾਸਤ ਦਿੱਤੀ ਜੋ ਰਦ ਕਰ ਦਿੱਤੀ ਗਈ। ਉਸ ਬਥੇਰਾ ਜ਼ੋਰ ਲਾਇਆ, ਪਰ ਸਰਕਾਰ ਆਪਣੇ ਹੱਠ ਉਤੇ ਅੜੀ ਰਹੀ।

ਗ੍ਰਿਫ਼ਤਾਰ ਕੀਤੇ ਗਏ ਅਕਾਲੀ ਲੀਡਰਾਂ ਉਪਰ ਹਿੰਦ ਡੰਡਾਵਲੀ ਦੀ ਦਫ਼ਾ ੧੨੦ (ਅ), ੧੨੧ (ੳ), ੧੨੪ (ੳ) ਅਤੇ ਦਫ਼ਾ ੧੭ (ੳ), ੧੭ (ਅ) (ਕਾਨੂੰਨ ੧੯੦੮) ਕਾਨੂੰਨ ਤਰਮੀਮ ਜ਼ਾਬਤਾ ਫ਼ੌਜਦਾਰੀ ਅਧੀਨ ਮੁਕੱਦਮਾ ਚਲਿਆ। ਹੋਰਨਾਂ ਦੂਸ਼ਣਾਂ ਦੇ ਨਾਲ ਬਾਦਸ਼ਾਹ ਵਿਰੁੱਧ ਜੰਗ ਕਰਨ ਦਾ ਦੂਸ਼ਣ ਵੀ ਲਗਾ। ਮੁਕਦਮਾ ਸੁਣਨ ਦੇ ਇਖ਼ਤਿਆਰ ਮਿਸਟਰ ਪੀ. ਜੇ. ਐਂਡਰਸਨ, ਸਪੈਸ਼ਲ ਮੈਜਿਸਟਰੇਟ ਦਰਜਾ ਅੱਵਲ ਨੂੰ ਦਿੱਤੇ ਗਏ ਸਰਕਾਰ ਵਲੋਂ ਪੈਰਵੀ ਮਿਸਟਰ ਪੈੱਟਮੈਨ ਅਤੇ ਸਰਕਾਰੀ ਵਕੀਲ, ਰਾਇ ਬਹਾਦੁਰ ਜਵਾਲਾ ਪ੍ਰਸ਼ਾਦ ਨੇ, ਕੀਤੀ। ਅਕਾਲੀਆਂ ਵਲੋਂ ਰਘੁਨਾਥ ਸਹਾਇ, ਰਾਏਜ਼ਾਦਾ ਭਗਤ ਰਾਮ,

---

[1] ਤੇਜਾ ਸਿੰਘ, 'ਆਰਸੀ', ਪੰਨਾ ੭੦.

Digitized by Panjab Digital Library | www.panjabdigilib.org

ਸ. ਅਤਰ ਸਿੰਘ, ਸ. ਜੀਵਨ ਸਿੰਘ, ਸ. ਰਘਬੀਰ ਸਿੰਘ, ਤੇ ਸ਼ੇਰ ਚਰਨਜੀਤ ਸਿੰਘ ਬਤੌਰ ਵਕੀਲ ਦੇ ਪੇਸ਼ ਹੁੰਦੇ ਰਹੇ। ਸ. ਤੇਜਾ ਸਿੰਘ ਸਮੁੰਦ੍ਰੀ ਤੇ ਸ. ਮਹਿਤਾਬ ਸਿੰਘ ਆਪ ਵੀ ਜਿਰਹ ਵਿਚ ਹਿੱਸਾ ਲੈਂਦੇ ਸਨ। ਉਨ੍ਹਾਂ ਦੀ ਸਹਾਇਤਾ ਨੂੰ ਸ. ਭਾਗ ਸਿੰਘ ਐਡਵੋਕੇਟ ਗੁਰਦਾਸਪੁਰ ਵੀ ਮੌਜੂਦ ਸੀ।

ਅਦਾਲਤ ਲਈ ਸਥਾਨ ਡਿਸਟ੍ਰਿਕਟ ਬੋਰਡ ਹਾਲ, ਜ਼ਿਲਾ ਕਚਹਿਰੀ, ਅੰਮ੍ਰਿਤਸਰ, ਨਿਯਤ ਹੋਇਆ। ਅਕਾਲੀ ਲੀਡਰ ਜਦੋਂ ਅਦਾਲਤ ਨੂੰ ਜਾਂਦੇ ਤਾਂ ਜੇਲ੍ਹ ਵਿੱਚੋਂ ਨਿਕਲਣ ਸਮੇਂ ਪੰਜ ਪੰਜ ਜੈਕਾਰੇ ਲਾਉਂਦੇ ਤੇ ਚਾਰ ਚਾਰ ਦੀਆਂ ਕਤਾਰਾਂ ਵਿਚ ਨਿਕਲ ਕੇ "ਸੂਰਾ ਸੋਈ ਜੋ ਲੜੇ ਦੀਨ ਕੇ ਹੇਤ, ਪੁਰਜਾ ਪੁਰਜਾ ਕਟ ਮਰੇ, ਕਬਹੂੰ ਨ ਛਾਡੇ ਖੇਤ" ਦਾ ਸ਼ਬਦ ਗਾਉਂਦੇ, ਡਿਸਟ੍ਰਿਕਟ ਬੋਰਡ ਹਾਲ ਤਕ ਜਾਂਦੇ ਸਨ। ਅਕਾਲੀ ਲੀਡਰਾਂ ਦੇ ਸੱਜੇ ਖੱਬੇ ਸੰਗੀਨਾਂ ਵਾਲੇ ਫ਼ੌਜੀ ਸਿਪਾਹੀ ਅਤੇ ਅੱਗੇ ਪਿੱਛੇ ਘੋੜ-ਸਵਾਰ ਫ਼ੌਜੀ ਜਵਾਨ ਹੁੰਦੇ ਸਨ। ਲਾਠੀ ਪੁਲਿਸ ਦਾ ਇਕ ਦਸਤਾ ਵੀ ਨਾਲ ਹੁੰਦਾ। ਸ਼ਹਿਰ ਵਿੱਚੋਂ ਬਹੁਤ ਸਾਰੇ ਲੋਕ ਮੁਕੱਦਮਾ ਸੁਣਨ ਆਉਂਦੇ ਸਨ।

ਉਸ ਸਮੇਂ ਇਨ੍ਹਾਂ ਲੀਡਰਾਂ ਨੇ ਅੰਮ੍ਰਿਤਸਰ ਜੇਲ੍ਹ ਵਿਚ ਬਾਹਰਲੇ ਲੀਡਰਾਂ ਦੀ ਸਹਾਇਤਾ ਨਾਲ ਅਜੇਹਾ ਪ੍ਰਬੰਧ ਕੀਤਾ ਹੋਇਆ ਸੀ ਕਿ ਸ਼ਿਰੋਮਣੀ ਕਮੇਟੀ ਦੀ ਸਾਰੀ ਪਬਲਿਸਿਟੀ ਜੇਲ੍ਹ ਦੇ ਅੰਦਰੋਂ ਤਿਆਰ ਹੋ ਕੇ ਬਾਹਰ ਜਾਂਦੀ ਸੀ। ਪ੍ਰੋ. ਤੇਜਾ ਸਿੰਘ ਤੇ ਬਾਵਾ ਹਰਕਿਸ਼ਨ ਸਿੰਘ ਜੇਲ੍ਹ ਅੰਦਰ ਬੈਠੇ ਰੋਜ਼ ਦੇ ਰੋਜ਼ ਐਲਾਨ ਲਿਖਦੇ ਸਨ ਅਤੇ ਸ. ਮਹਿਤਾਬ ਸਿੰਘ ਦਾ ਨੌਕਰ, ਮੰਗਲ ਸਿੰਘ, ਇਹ ਜ਼ਰੂਰੀ ਕਾਗਜ਼ ਆਪਣੇ ਬੂਟ ਅੰਦਰ ਰੱਖ ਕੇ ਬਾਹਰ ਲੈ ਜਾਂਦਾ ਸੀ। ਅੱਗੋਂ ਕਮੇਟੀ ਵਾਲੇ ਇਨ੍ਹਾਂ ਨੂੰ ਸਾਈਕਲੋਸਟਾਈਲ ਕਰਕੇ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕਰ ਦੇਂਦੇ ਸਨ।[2]

ਇਸੇ ਤਰ੍ਹਾਂ ਅਖ਼ਬਾਰਾਂ ਲਈ ਲੇਖ ਵੀ ਅੰਦਰੋਂ ਲਿਖ ਕੇ ਭੇਜੇ ਜਾਂਦੇ। ਜੈਤੋ ਦੇ ਜਥੇ ਭੇਜਣ ਸਮੇਂ ਤੇ ਅਕਾਲੀ ਲਹਿਰ ਨੂੰ ਠੀਕ ਰਾਂਹਾਂ ਉੱਤੇ ਤੋਰਨ ਦਾ ਸਾਰਾ ਸਲਾਹ-ਮਸ਼ਵਰਾ ਅੰਦਰੋਂ ਹੀ ਜਾਂਦਾ।

ਕੋਈ ਵਰ੍ਹਾ ਕੁ ਮੁਕੱਦਮਾ ਇਥੇ ਅੰਮ੍ਰਿਤਸਰ ਹੀ ਚਲਦਾ ਰਿਹਾ। ਫਿਰ ਸਰਕਾਰ ਨੂੰ ਕਿਸੇ ਤਰ੍ਹਾਂ ਇਸ ਗੱਲ ਦੀ ਟੋਹ ਮਿਲ ਗਈ ਕਿ ਅਕਾਲੀ ਅੰਦੋਲਨ ਨੂੰ ਜੇਲ੍ਹ ਦੇ ਅੰਦਰੋਂ ਚਲਾਇਆ ਜਾ ਰਿਹਾ ਹੈ। ਇਸ ਉੱਤੇ ਅਕਾਲੀ ਲੀਡਰਾਂ ਨੂੰ ਅੰਮ੍ਰਿਤਸਰ ਜੇਲ੍ਹ ਤੋਂ ਕੱਢ ਕੇ ਲਾਹੌਰ ਸ਼ਾਹੀ ਕਿਲ੍ਹੇ ਵਿਚ ਪਹੁੰਚਾਣ ਦਾ ਹੁਕਮ ਦਿੱਤਾ ਗਿਆ। ਥਾਂ ਦੀ ਇਸ ਬਦਲੀ ਨਾਲ ਬਾਹਰਲੀ ਸਹਾਇਕ ਕਮੇਟੀ ਅੰਦਰਲੇ ਲੀਡਰਾਂ ਦੇ ਲਾਭਦਾਇਕ ਮਸ਼ਵਰੇ ਤੋਂ ਵੰਚਿਤ ਰਹਿਣ ਲਗ ਪਈ।

## ਸ਼ਾਹੀ ਕਿਲ੍ਹਾ ਲਾਹੌਰ ਵਿਚ

ਸਰਕਾਰ ਦੇ ਨਵੇਂ ਹੁਕਮ ਮੁਤਾਬਿਕ ਫ਼ਰਵਰੀ ੧੯੨੪ ਵਿਚ ਸਾਰੇ ਅਕਾਲੀ

[2] ਉਹੀ, ਪੰਨਾ ੭੨.

Digitized by Panjab Digital Library | www.panjabdigilib.org

ਲੀਡਰਾਂ ਨੂੰ ਲਾਰੀਆਂ ਵਿਚ ਬਿਠਾ ਕੇ ਲਾਹੌਰ ਦੇ ਇਤਿਹਾਸਕ ਕਿਲ੍ਹੇ ਦੀ ਇਕ ਹਵੇਲੀ ਵਿਚ ਪਹੁੰਚਾ ਦਿੱਤਾ ਗਿਆ। ਮੁਕੱਦਮਾ ਸੁਣਨ ਦਾ ਪ੍ਰਬੰਧ ਉਥੇ ਹੀ ਰਿਹਾਇਸ਼ ਦੇ ਨਾਲ ਲਗਦੇ ਇਕ ਵੱਡੇ ਕਮਰੇ ਵਿਚ ਕੀਤਾ ਗਿਆ। ਅਕਾਲੀ ਲੀਡਰ ਜਿਸ ਥਾਂ ਰੱਖੇ ਗਏ, ਉਹ ਇਕ ਪੁਰਾਣਾ ਬੁੱਸਿਆ ਹੋਇਆ ਬੰਦ ਕਮਰਾ ਸੀ। ਇਸ ਵਿੱਚੋਂ ਇਕ ਬੂਹਾ ਅਦਾਲਤ ਵਾਲੇ ਕਮਰੇ ਵਿਚ ਖੁਲ੍ਹਦਾ ਸੀ ਤੇ ਦੂਜਾ ਬਾਹਰ ਵਿਹੜੇ ਵਿਚ। ਉਸ ਕਮਰੇ ਵਿਚ ਹਵਾ ਤੇ ਰੌਸ਼ਨੀ ਲਈ ਨ ਕੋਈ ਬਾਰੀ ਸੀ ਨ ਰੌਸ਼ਨਦਾਨ। ਇਤਨਿਆਂ ਦਾ ਇਕ ਕਮਰੇ ਵਿਚ ਰਹਿਣਾ ਮੁਸ਼ਕਿਲ ਸੀ, ਇਸ ਲਈ ਉਨ੍ਹਾਂ ਸਾਰਿਆਂ ਨੇ ਬਾਹਰ ਖੜੋ ਕੇ ਰੋਸ ਪ੍ਰਗਟ ਕੀਤਾ ਅਤੇ ਅੰਦਰ ਜਾਣ ਤੋਂ ਇਨਕਾਰ ਕਰ ਦਿੱਤਾ। ਇਹ ਵੇਖ ਕੇ ਸਾਰੇ ਅਫ਼ਸਰ ਇਕੱਠੇ ਹੋ ਗਏ; ਝਟ ਪਟ ਨਵੀਆਂ ਬਾਰੀਆਂ ਪੁਟਵਾਈਆਂ ਗਈਆਂ ਅਤੇ ਛੱਤ ਨੂੰ ਨਵੇਂ ਕਪੜੇ ਨਾਲ ਹੇਠੋਂ ਕੱਜਿਆ ਗਿਆ। ਗਰਮੀ ਸ਼ੁਰੂ ਹੋ ਜਾਣ ਤੇ ਰਾਤ ਨੂੰ ਬਾਹਰ ਸੌਣ ਲਈ ਵਿਹੜੇ ਵਿਚ ਬੜੀਆਂ ਬਣਾਈਆਂ ਗਈਆਂ, ਜਿਨ੍ਹਾਂ ਨੂੰ 'ਖੱਡੀਆਂ' ਕਹਿੰਦੇ ਸਨ।

ਉਨ੍ਹੀਂ ਦਿਨੀਂ ਲਾਹੌਰ ਕਿਲ੍ਹੇ ਦੀ ਜੇਲ੍ਹ ਵਿਚ ਇਨ੍ਹਾਂ ਅਕਾਲੀ ਲੀਡਰਾਂ ਉੱਪਰ ਨਿਗਰਾਨੀ ਲਈ ਇਕ ਬੜਾ ਅਜੂਬ ਜੇਹਾ ਦਰੋਗਾ ਲਾਇਆ ਗਿਆ ਜੋ ਸਾਰੇ ਪੰਜਾਬ ਵਿੱਚੋਂ ਸਖ਼ਤ ਗਿਣਿਆ ਜਾਂਦਾ ਸੀ। ਇਹ ਉਹੀ ਦਰੋਗਾ ਸੀ ਜਿਸ ਨੇ ਅਟਕ ਕਿਲ੍ਹ ਦੀ ਜੇਲ੍ਹ ਅੰਦਰ ਅਕਾਲੀਆਂ ਨੂੰ ਤਸੀਹੇ ਦਿੱਤੇ ਸਨ। ਇਸ ਦਰੋਗੇ ਨੇ ਇਸ ਜੇਲ੍ਹ ਵਿਚ ਵੀ ਹੱਥ ਅਜ਼ਮਾਉਣੇ ਸ਼ੁਰੂ ਕਰ ਦਿੱਤੇ। ਉਹ ਮੁਲਾਕਾਤੀਆਂ ਨੂੰ ਮਜਬੂਰ ਕਰਦਾ ਕਿ ਉਹ ਮਿਲਣ ਵੇਲੇ ਜੰਗਲੇ ਤੋਂ ਇਕ ਗਜ਼ ਦੂਰ ਬੈਠਣ ਤੇ ਕੈਦੀ ਜੰਗਲੇ ਤੋਂ ਇਕ ਗਜ਼ ਅੰਦਰਵਾਰ ਬੈਠਣ।

ਆਮ ਵੇਖਣ ਵਿਚ ਆਇਆ ਹੈ ਕਿ ਜੇਲ੍ਹ ਵਿਚ ਜਾ ਕੇ ਮਨੁੱਖਾਂ ਦਾ ਸੁਭਾ ਬਹੁਤ ਚਿੜਚਿੜਾ ਹੋ ਜਾਂਦਾ ਹੈ। ਇਨ੍ਹਾਂ ਵੱਡੇ ਵੱਡੇ ਧੀਰਜ ਵਾਲੇ ਲੀਡਰਾਂ ਉੱਤੇ ਵੀ ਇਸ ਗੱਲ ਦਾ ਅਸਰ ਹੋਣੋਂ ਨ ਰਿਹਾ। ਡੱਕੇ ਹੋਏ ਅਕਾਲੀ ਜੇਲ੍ਹ ਦੀ ਸਖ਼ਤ ਜ਼ਿੰਦਗੀ ਵਿਚ ਕਈ ਵਾਰ ਆਪਸ ਵਿਚ ਬਹਿਸਣ ਲਗ ਪੈਂਦੇ ਤੇ ਝਗੜੇ ਵੀ ਹੋ ਜਾਂਦੇ। ਕਦੇ ਕਦੇ ਤਾਂ ਹੱਥੋ-ਪਾਈ ਤਕ ਨੌਬਤ ਆ ਜਾਂਦੀ। ਇਹੋ ਹਾਲਤ ਇਸ ਜੇਲ੍ਹ ਵਿਚ ਹੋ ਗਈ। ਲੀਡਰ ਜੋਸ਼ ਨਾਲ ਆਪਸ ਵਿਚ ਬਹਿਸਣ ਲਗ ਪੈਂਦੇ। ਕੇਵਲ ਇਕ ਸ. ਤੇਜਾ ਸਿੰਘ ਸਮੁੰਦ੍ਰੀ ਹੀ ਸਨ ਜਿਨ੍ਹਾਂ ਕਦੇ ਸ਼ਾਂਤੀ ਤੇ ਧੀਰਜ ਨਹੀਂ ਸੀ ਹਾਰਿਆ। ਇਸ ਪੱਖ ਤੋਂ ਆਪ ਹੀ ਇਕ ਅਜੇਹੇ ਵਿਅਕਤੀ ਸਨ ਜਿਨ੍ਹਾਂ ਉਪਰ ਜੇਲ੍ਹ ਦੀ ਜ਼ਿੰਦਗੀ ਨੇ ਕੋਈ ਭੈੜਾ ਅਸਰ ਨਹੀਂ ਸੀ ਕੀਤਾ। ਉਹ ਉਥੇ ਕਦੇ ਕਿਸੇ ਨਾਲ ਨ ਲੜੇ ਸਨ ਤੇ ਨ ਝਗੜੇ; ਉਹ ਸਗੋਂ ਹੋਰਨਾਂ ਦੀਆਂ ਲੜਾਈਆਂ ਤੇ ਰੁਸੇਵਿਆਂ ਨੂੰ ਵਿਚ ਪੈ ਕੇ ਦੂਰ ਕਰਾ ਦੇਂਦੇ ਸਨ। ਸਾਰਿਆਂ ਵਿਚ ਉਨ੍ਹਾਂ ਦੀ ਮਾਨਤਾ ਬਣੀ ਹੋਈ ਸੀ।

ਜੇਲ੍ਹ ਦੀ ਸਖ਼ਤੀ ਤੇ ਲੰਮੀ ਨਜ਼ਰਬੰਦੀ ਕਾਰਣ ਅਕਾਲੀ ਲੀਡਰ ਹੌਲੀ ਹੌਲੀ ਦੋ ਧੜਿਆਂ ਵਿਚ ਵੰਡੇ ਗਏ। ਇਕ ਨੂੰ "ਗਰਮ ਧੜਾ" ਤੇ ਦੂਜੇ ਨੂੰ "ਨਰਮ ਧੜਾ" ਕਿਹਾ ਜਾਂਦਾ ਸੀ। "ਗਰਮ ਧੜਾ" ਸਰਕਾਰ ਦੀ ਈਨ ਨ ਮੰਨਦਾ ਹੋਇਆ ਸਰਕਾਰ ਨਾਲ ਨਾ-ਮਿਲਵਰਤਨ ਦਾ ਪ੍ਰਚਾਰਕ ਸੀ ਤੇ ਨਰਮ ਧੜਾ ਸਰਕਾਰ ਨਾਲ ਮਿਲਵਰਤਨ ਦਾ ਹਾਮੀ

b Digital Library | ww

ਸੀ । ਸ. ਤੇਜਾ ਸਿੰਘ ਸਮੁੰਦ੍ਰੀ ਸਰਗਰਮ ਧੜੇ ਦੇ ਦ੍ਰਿੜ ਲੀਡਰ ਸਨ, ਉਂਜ ਭਾਵੇਂ ਉਹ ਕਥਨੀ ਤੇ ਕਰਨੀ ਵਿਚ ਕਦੀ ਵੀ ਤੇਜ਼ੀ ਨਹੀਂ ਵਿਖਾਉਂਦੇ ਸਨ । ਦੂਜੇ ਪਾਸੇ ਸ. ਮਹਿਤਾਬ ਸਿੰਘ ਤੇ ਬਾਵਾ ਹਰਕਿਸ਼ਨ ਸਿੰਘ ਨਰਮ ਧੜੇ ਦੀ ਅਗਵਾਈ ਕਰ ਰਹੇ ਸਨ । ਬਾਵਜੂਦ ਧੜੇਬੰਦੀ ਦੇ ਸਿੱਖ ਪੰਥ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਹੀ ਇਕ ਅਜੇਹੇ ਪੁਰਸ਼ ਸਨ ਜਿਨ੍ਹਾਂ ਦੀ ਨਰਮ ਅਤੇ ਗਰਮ, ਦੋਹਾਂ ਧੜਿਆਂ ਦੇ ਸਿੱਖ ਇੱਜ਼ਤ ਕਰਦੇ ਸਨ । ਦੋਹਾਂ ਧੜਿਆਂ ਵਿਚ ਝਗੜਾ ਜਾਂ ਬਹਿਸ ਛਿੜਨ ਉੱਤੇ ਆਪ ਹੀ ਨਿਪਟਾਰਾ ਕਰਿਆ ਕਰਦੇ ਸਨ । ਇਹ ਗੱਲ ਓਦੋਂ ਤਕ ਰਹੀ ਜਦ ਤਕ ਨਰਮ ਧੜੇ ਵਿਚ ਖ਼ੁਦਗਰਜ਼ੀ ਨ ਆ ਗਈ । ਖ਼ੁਦਗਰਜ਼ੀ ਦੇ ਹੋਣ ਨਾਲ ਬਾਵਾ ਹਰਕਿਸ਼ਨ ਸਿੰਘ ਤੇ ਸ. ਮਹਿਤਾਬ ਸਿੰਘ ਨੇ ਉਨ੍ਹਾਂ ਦੀ ਪਰਵਾਹ ਕਰਨੀ ਛਡ ਦਿੱਤੀ, ਉਂਜ ਭਾਵੇਂ ਜ਼ਾਹਰਾ ਤੌਰ ਤੇ ਉਹ ਉਨ੍ਹਾਂ ਦੇ ਕਦਰਦਾਨ ਸਨ ।

ਲਾਹੌਰ ਦੇ ਕਿਲ੍ਹੇ ਵਿਚ ਆ ਜਾਣ ਉੱਤੇ ਅਕਾਲੀ ਲੀਡਰਾਂ ਵਿਚ ਧੜੇਬੰਦੀ ਜ਼ੋਰ ਪਕੜ ਗਈ । ਇਸ ਦਾ ਅਸਰ ਅਕਾਲੀ ਲਹਿਰ ਉੱਤੇ ਬਹੁਤ ਮਾੜਾ ਪਿਆ । ਸਭ ਤੋਂ ਪਹਿਲਾਂ ਅਕਾਲੀ ਲਹਿਰ ਨੂੰ ਜੋ ਅਗਵਾਈ ਅੰਦਰੋਂ ਮਿਲਦੀ ਸੀ, ਉਹ ਬੰਦ ਹੋ ਗਈ । ਉਸ ਪਿੱਛੋਂ ਪੰਥਕ ਏਕਤਾ ਵਿਚ ਤ੍ਰੇੜਾਂ ਆਣ ਲਗ ਪਈਆਂ । ਇਸ ਦਾ ਅਸਰ ਸ. ਤੇਜਾ ਸਿੰਘ ਸਮੁੰਦ੍ਰੀ ਵਰਗੇ ਪੰਥ-ਦਰਦੀ ਉੱਤੇ ਬਹੁਤ ਹੋਇਆ । ਉਹ ਪੰਥ ਦੇ ਭਵਿਖ ਨੂੰ ਗੰਦਲਾ ਹੁੰਦਾ ਦੇਖ ਚਿੰਤਾਤੁਰ ਰਹਿਣ ਲਗ ਪਏ । ਅੰਦਰਲੀ ਫੁੱਟ ਨੂੰ ਦੇਖ ਕੇ ਸ. ਤੇਜਾ ਸਿੰਘ ਸਮੁੰਦ੍ਰੀ ਤੇ ਉਨ੍ਹਾਂ ਦੇ ਸਾਥੀਆਂ ਨੇ ਬਾਹਰ ਨਵੀਂ ਬਣੀ ਕਮੇਟੀ ਦੇ ਸਕੱਤਰ ਨੂੰ ਸ਼੍ਰੋਮਣੀ ਕਮੇਟੀ ਦਾ ਕੰਮ ਆਪ ਚਲਾਉਣ ਲਈ ਕਹਿ ਦਿਤਾ । ੨੪ ਦਸੰਬਰ ੧੯੨੪ ਨੂੰ ਲਿਖੀ ਚਿੱਠੀ ਵਿਚ ਆਪ ਨੇ ਲਿਖਿਆ "ਸਾਨੂੰ ਆਪ ਦੀ ਨੇਕ ਨਿੱਯਤੀ ਅਤੇ ਪੰਥਕ ਦਰਦ ਉਪਰ ਪੂਰਨ ਵਿਸ਼ਵਾਸ ਹੈ । ਆਪ ਜੀ ਦੀ ਕਮੇਟੀ ਨੂੰ ਹਰ ਪ੍ਰਕਾਰ ਦੇ ਫ਼ੈਸਲੇ ਕਰਨ ਦਾ ਪੂਰਨ ਅਧਿਕਾਰ ਹੈ । ਆਪ ਪੰਥਕ ਹਿਤ ਨੂੰ ਮੁੱਖ ਰਖਦੇ ਹੋਏ ਜੋ ਯੋਗ ਸਮਝਦੇ ਹੋ, ਕਰੋ; ਸਾਡੇ ਪਾਸੋਂ ਪੁੱਛਣ ਦੀ ਕੋਈ ਲੋੜ ਨਹੀਂ, ਕਿਉਂਕਿ ਅੰਦਰ ਦੇ ਹਾਲਾਤ ਅਜੇਹੇ ਹਨ ਕਿ ਅਸੀਂ ਕਿਸੇ ਮਾਮਲੇ ਸੰਬੰਧੀ ਕਿਸੇ ਸਮੁੱਚੇ ਫ਼ੈਸਲੇ ਤੇ ਨਹੀਂ ਪਹੁੰਚ ਸਕਦੇ ।"[3]

ਅੰਦਰ ਅਕਾਲੀਆਂ ਵਿਚ ਦਿਨੋ ਦਿਨ ਵਧ ਰਹੀ ਤ੍ਰੇੜ ਦੀ ਇਹ ਪੂਰੀ ਤਰ੍ਹਾਂ ਸੂਚਕ ਸੀ ।

ਜਦ ਸ. ਤੇਜਾ ਸਿੰਘ ਸਮੁੰਦ੍ਰੀ ਸ਼ਾਹੀ ਕਿਲ੍ਹਾ ਲਾਹੌਰ ਵਿਚ ਡਕੇ ਹੋਏ ਸਨ ਤਾਂ ਆਪ ਦੇ ਲੜਕੇ ਸ. ਮਾਨ ਸਿੰਘ ਦਾ ਵਿਆਹ ਸੀ । ਉਸ ਸਮੇਂ ਅਕਾਲੀ ਕੈਦੀਆਂ ਨੂੰ ਕਿਸੇ ਜ਼ਰੂਰੀ ਕੰਮ ਲਈ ਕੁਝ ਦਿਨਾਂ ਦੀ ਛੁੱਟੀ ਮਿਲ ਸਕਦੀ ਸੀ । ਪਰ ਆਪ ਇਹ ਸਹੂਲਤ ਲੈਣ ਲਈ ਵੀ ਤਿਆਰ ਨ ਹੋਏ ਤੇ ਆਪਣੇ ਲੜਕੇ ਦੀ ਸ਼ਾਦੀ ਸਮੇਂ ਵੀ ਛੁੱਟੀ ਲੈਣ ਤੋਂ "ਨਾਂਹ" ਕਰ ਦਿੱਤੀ । ਜੇਲ੍ਹ ਸੁਪਰਡੈਂਟ ਆਪ ਦੀ ਬਹੁਤ ਕਦਰ ਕਰਦਾ ਸੀ । ਉਸ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਆਪ ਨੂੰ ਕਿਹਾ : "ਤੁਸੀਂ ਸ਼ਾਦੀ ਉੱਤੇ ਚਲੇ ਜਾਵੋ । ਤੁਸੀਂ

---

[3] *Some Confidential Papers of the Akali Movement* (ed. Ganda Singh), p. 138.

Digitized by Panjab Digital Library | www.panjabdigilib.org

ਭਾਵੇਂ ਛੁੱਟੀ ਲਈ ਦਰਖ਼ਾਸਤ ਵੀ ਲਿਖ ਕੇ ਨ ਦਿਓ, ਮੈਂ ਆਪਣੀ ਜ਼ਿੰਮੇਵਾਰੀ ਉੱਤੇ ਭੇਜ ਦੇਂਦਾ ਹਾਂ।" ਪਰ ਆਪ ਨੇ ਇੰਜ ਜਾਣਾ ਪ੍ਰਵਾਨ ਨ ਕੀਤਾ। ਸ. ਮਾਨ ਸਿੰਘ ਦੀ ਸ਼ਾਦੀ ਦੀਆਂ ਸਾਰੀਆਂ ਰਸਮਾਂ ਇਨ੍ਹਾਂ ਦੇ ਵੱਡੇ ਭਰਾ ਸ. ਸਾਹਿਬ ਸਿੰਘ ਨੇ ਹੀ ਭੁਗਤਾਈਆਂ ਅਤੇ ਇਸ ਤਰ੍ਹਾਂ ਸ. ਤੇਜਾ ਸਿੰਘ ਸਮੁੰਦ੍ਰੀ ਦਾ ਉਹ ਵਾਕ ਜੋ ਇਨ੍ਹਾਂ ਸ. ਸਾਹਿਬ ਸਿੰਘ ਦੀ ਸ਼ਾਦੀ ਵੇਲੇ ਕੀਤਾ ਸੀ : "ਲੈ ਕਾਕਾ, ਅਸੀਂ ਤੇਰੀ ਸ਼ਾਦੀ ਕਰਨੀ ਸੀ, ਸੋ ਕਰ ਦਿੱਤੀ; ਭਰਾਵਾਂ ਦੀਆਂ ਸ਼ਾਦੀਆਂ ਤੂੰ ਆਪ ਕਰੀਂ", ਪੂਰਾ ਹੋ ਗਿਆ ਕਿਉਂਜੋ ਛੇਤੀ ਪਿੱਛੋਂ ਸ. ਤੇਜਾ ਸਿੰਘ ਸਮੁੰਦ੍ਰੀ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਬਾਕੀ ਦੇ ਸਾਰੇ ਭਰਾਵਾਂ ਦੀਆਂ ਸ਼ਾਦੀਆਂ ਵੀ ਸ. ਸਾਹਿਬ ਸਿੰਘ ਨੂੰ ਹੀ ਕਰਨੀਆਂ ਪਈਆਂ।

ਸਿੱਖ ਲੀਡਰਾਂ ਦੇ ਮੁਕੱਦਮੇ ਦੀ ਪੈਰਵੀ ਕਰਨ ਅਤੇ ਇਸ ਦੇ ਖ਼ਰਚ ਦਾ ਪ੍ਰਬੰਧ ਕਰਨ ਦਾ ਬਹੁਤਾ ਭਾਰ ਸ. ਤੇਜਾ ਸਿੰਘ ਸਮੁੰਦ੍ਰੀ ਦੇ ਸਿਰ ਹੀ ਰਿਹਾ। ਸ਼ਿਰੋਮਣੀ ਕਮੇਟੀ ਇਸ ਮੁਕੱਦਮੇ ਦੇ ਖ਼ਰਚ ਲਈ ਲੋੜੀਂਦੀ ਰਕਮ ਨ ਦੇ ਸਕੀ। ਪੈਸੇ ਦੀ ਤੰਗੀ ਕਾਰਣ ਕਮੇਟੀ ਉਸ ਵਕਤ ਅਕਾਲੀਆਂ ਉੱਤੇ ਚਲ ਰਹੇ ਅਨੇਕ ਮੁਕੱਦਮਿਆਂ ਦੀ ਪੈਰਵੀ ਨਹੀਂ ਸੀ ਕਰ ਸਕਦੀ ਤੇ ਮੁਕੱਦਮੇ ਉੱਤੇ ਖ਼ਰਚ ਬਹੁਤ ਉਠ ਰਿਹਾ ਸੀ। ਇਸ ਲਈ ਇਸ ਮੁਕੱਦਮੇ ਦੇ ਖ਼ਰਚ ਵਾਸਤੇ ਖ਼ਾਸ ਉਗਰਾਹੀ ਕਰਨ ਦੀ ਲੋੜ ਪਈ। ਇਸ ਉਗਰਾਹੀ ਲਈ ਇਕ ਦਿਨ ਬਾਬਾ ਕਿਹਰ ਸਿੰਘ ਪੱਟੀ ਨੂੰ ਸੱਦ ਕੇ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਖਿਆ, "ਬਾਪੂ ਜੀ, ਹੁਣ ਆਪ ਦੇ ਕੰਮ ਕਰਨ ਦਾ ਵੇਲਾ ਆ ਗਿਆ ਹੈ। ਇਸ ਮੁਕੱਦਮੇ ਦੇ ਖ਼ਰਚ ਨੂੰ ਤੁਸਾਂ ਪੂਰਾ ਕਰਨਾ ਹੈ।"[4]

ਬਾਬਾ ਜੀ ਦਾ ਸ. ਤੇਜਾ ਸਿੰਘ ਸਮੁੰਦ੍ਰੀ ਨਾਲ ਪਿਆਰ ਪੁੱਤਰਾਂ ਵਾਂਗ ਸੀ। ਉਹ ਮੁਕੱਦਮੇ ਦਾ ਖ਼ਰਚ ਪੂਰਾ ਕਰਨ ਲਈ ਘਰ ਘਰ ਪਹੁੰਚੇ ਅਤੇ ਇਸ ਕੰਮ ਨੂੰ ਸਿਰੇ ਚੜ੍ਹਾਇਆ। ਮੁਕੱਦਮੇ ਦੇ ਖਰਚ ਦਾ ਅੰਦਾਜ਼ਾ ਕੇਵਲ ਇਸ ਇਕ ਗੱਲ ਤੋਂ ਲਗ ਸਕਦਾ ਹੈ ਕਿ ਅਕਾਲੀਆਂ ਵਲੋਂ ਪੇਸ਼ ਹੋ ਰਿਹਾ ਵੱਡਾ ਵਕੀਲ ਹਰ ਰੋਜ਼ ੩੩੦ ਰੁਪਏ ਫ਼ੀਸ ਵਜੋਂ ਲੈ ਰਿਹਾ ਸੀ ਤੇ ਉਸ ਦੀ ਸਹਾਇਤਾ ਲਈ ਤਿੰਨ ਚਾਰ ਹੋਰ ਵਕੀਲ ਸਨ ਜਿਨ੍ਹਾਂ ਨੂੰ ਫ਼ੀਸ ਵਖਰੀ ਦੇਣੀ ਪੈਂਦੀ ਸੀ। ਇਥੇ ਇਹ ਗੱਲ ਵੀ ਚਿਤਾਰ ਲੈਣੀ ਬਣਦੀ ਹੈ ਕਿ ਮੁਕੱਦਮਾ ਚੋਖਾ ਚਿਰ, ਕੋਈ ਢਾਈ ਸਾਲ ਚਲਦਾ ਰਿਹਾ।

ਉਸ ਦੇ ਪਿੱਛੋਂ ਵੀ ਜਦ ਕਦੇ ਮੁਕੱਦਮੇ ਦੇ ਖ਼ਰਚ ਲਈ ਰੁਪਇਆਂ ਦੀ ਤੋਟ ਆ ਜਾਂਦੀ ਅਤੇ ਮਾਇਆ ਦਾ ਭੰਡਾਰ ਖਾਲੀ ਹੋ ਜਾਂਦਾ ਤਾਂ ਆਪ ਆਪਣੀ ਜ਼ਾਤੀ ਜ਼ਿੰਮੇਵਾਰੀ ਉਤੇ ਇਧਰੋਂ ਉਧਰੋਂ ਕਰਜ਼ਾ ਲੈ ਕੇ ਖ਼ਰਚ ਕਰ ਦੇਂਦੇ। ਇਕ ਵੇਰ ਉਨ੍ਹਾਂ ਨੇ ਬਹੁਤ ਤੰਗੀ ਸਮੇਂ ਸ਼ਿਰੋਮਣੀ ਕਮੇਟੀ ਨੂੰ ਸੁਨੇਹਾ ਭੇਜਿਆ : "ਭਾਵੇਂ ਤੁਸੀਂ ਆਪਣੇ ਫੰਡ ਨੂੰ ਇਸ ਮੁਕੱਦਮੇ ਉੱਤੇ ਖ਼ਰਚ ਨਹੀਂ ਕਰ ਸਕਦੇ, ਪਰ ਇਸ ਵੇਲੇ ਸਖ਼ਤ ਲੋੜ ਹੈ, ਤੁਸੀਂ ਮੇਰੇ ਨਾਮ ਤੇ ਕਰਜ਼ਾ

---

4 ਹੀਰਾ ਸਿੰਘ ਦਰਦ, "ਸ. ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨ ਕਥਾ", 'ਫੁਲਵਾੜੀ' (ਅਗਸਤ ੧੯੨੬), ਪੰਨਾ ੮੪੦।

Digital Library / wv

ਦੇ ਦਿਓ ਅਤੇ ਜਿਤਨਾ ਕਰਜ਼ਾ ਸ਼ਿਰੋਮਣੀ ਕਮੇਟੀ ਦਾ ਇਸ ਮੁਕੱਦਮੇ ਸੰਬੰਧੀ ਹੋਵੇਗਾ, ਉਹ ਮੈਂ ਮੁਕਾਵਾਂਗਾ, ਉਸ ਦਾ ਮੈਂ ਜ਼ਿੰਮੇਵਾਰ ਹਾਂ।"[5]

ਮੁਕੱਦਮੇ ਦੀ ਪੈਰਵੀ ਲਈ ਯੋਗ ਵਕੀਲਾਂ ਦੀ ਸਹਾਇਤਾ ਲੈਣ ਦੇ ਬਾ-ਵਜੂਦ ਅਕਾਲੀ ਲੀਡਰ ਆਪਣਾ ਕੇਸ ਆਪ ਤਿਆਰ ਕਰਦੇ। ਪਹਿਲਾਂ ਪਹਿਲਾਂ ਇਹ ਕੰਮ ਸ. ਮਹਿਤਾਬ ਸਿੰਘ, ਬਾਵਾ ਹਰਕਿਸ਼ਨ ਸਿੰਘ ਤੇ ਸ. ਤੇਜਾ ਸਿੰਘ ਸਮੁੰਦ੍ਰੀ ਰਲ ਕੇ ਕਰਿਆ ਕਰਦੇ ਸਨ। ਪਿੱਛੋਂ ਇਹ ਸਾਰਾ ਬੋਝ ਸ. ਤੇਜਾ ਸਿੰਘ ਸਮੁੰਦ੍ਰੀ ਦੇ ਸਿਰ ਆਣ ਪਿਆ। ਆਪ ਦੀ ਚੇਤਾ-ਸ਼ਕਤੀ ਬੜੀ ਤੇਜ਼ ਸੀ ਤੇ ਆਪ ਨੂੰ ਅਕਾਲੀ ਲਹਿਰ ਸੰਬੰਧੀ ਇੱਚੀ ਬਿੱਚੀ ਜ਼ਬਾਨੀ ਯਾਦ ਸੀ। ਇਸ ਲਈ ਕੇਸ ਨੂੰ ਤਿਆਰ ਕਰਨ ਵਿਚ ਆਪ ਬੜੀ ਮਦਦ ਦੇਂਦੇ ਸਨ। ਆਪ ਦੀ ਤੀਖਣ ਬੁੱਧੀ ਮਾਮਲੇ ਦੀ ਤਹਿ ਨੂੰ ਫੌਰਨ ਪਹੁੰਚ ਜਾਂਦੀ ਸੀ ਅਤੇ ਗਵਾਹਾਂ ਉਪਰ ਆਪ ਇਸ ਕਾਮਯਾਬੀ ਨਾਲ ਜਿਰਹ ਕਰਦੇ ਸਨ ਕਿ ਪੈੱਟਮੈਨ ਵਰਗੇ ਸਰਕਾਰੀ ਵਕੀਲ ਵੀ ਹੈਰਾਨ ਰਹਿ ਜਾਂਦੇ ਸਨ[6]। ਇਸੇ ਕਾਰਣ ਉਹ ਇਨ੍ਹਾਂ ਦੀ ਬੜੀ ਇੱਜ਼ਤ ਕਰਦਾ ਸੀ।

ਸ. ਤੇਜਾ ਸਿੰਘ ਸਮੁੰਦ੍ਰੀ ਦੇ ਇਸ ਗੁਣ ਨੂੰ ਇਕ ਸਮਕਾਲੀ ਬੜੇ ਚਿਤਰਮਈ ਢੰਗ ਨਾਲ ਬਿਆਨ ਕਰਦਾ ਲਿਖਦਾ ਹੈ:

"ਸਪੈਸ਼ਲ ਮੈਜਿਸਟਰੇਟ ਲਾਹੌਰ ਦੀ ਅਦਾਲਤ ਵਿਚ ਜਿਥੇ ਕਿ ਸਿੱਖ ਮੁਖੀਆਂ ਦਾ ਮੁਕੱਦਮਾ ਚਲ ਰਿਹਾ ਹੈ। ਜਦ ਕੋਈ ਓਪਰਾ ਪੁਰਸ਼ ਆਉਂਦਾ ਤਾਂ ਉਹ ਇਕ ਉੱਚੇ ਲੰਮੇ ਸੋਹਣੇ ਜਵਾਨ ਅਕਾਲੀ ਵਕੀਲ ਨੂੰ, ਜਿਸ ਨੂੰ ਉਸ ਨੇ ਕਦੀ ਕਿਸੇ ਅਦਾਲਤ ਵਿਚ ਪੇਸ਼ ਹੁੰਦਾ ਨਹੀਂ ਵੇਖਿਆ, ਗਵਾਹਾਂ ਉੱਤੇ ਪੁਰਾਣੇ ਵਕੀਲਾਂ ਵਾਂਗ ਬੜੀ ਯੋਗਤਾ ਤੇ ਕਮਾਲ ਦਰਜੇ ਦੀ ਲਿਆਕਤ ਨਾਲ ਜਿਰਹ ਕਰਦਾ ਵੇਖਦਾ ਹੈ। ਉਹ ਗਵਾਹਾਂ ਦੇ ਨਾਲ ਅਜੇਹੇ ਢੰਗ ਨਾਲ ਪੇਸ਼ ਆਉਂਦਾ ਕਿ ਸਾਧਾਰਣ ਅਕਲ ਦੇ ਗਵਾਹ ਨੂੰ ਕੁਝ ਚਿਰ ਤਾਂ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਉਹ ਸਰਕਾਰੀ ਵਕੀਲ ਹੈ ਜਾਂ ਮੁਲਜ਼ਮਾਂ ਦਾ। ਜਦ ਗਵਾਹ ਉਸ ਦੀਆਂ ਮਿੱਠੀਆਂ ਤੇ ਕਰਾਰੀਆਂ ਗੱਲਾਂ ਤੋਂ ਉਸ ਦੀ ਸੱਤੇ ਸੁੱਧਾਂ ਭੁਲਾ ਦੇਣ ਵਾਲੀ ਜਿਰਹ ਦੀ ਕੁੜਿੱਕੀ ਵਿਚ ਫਸ ਜਾਂਦਾ ਹੈ ਤਾਂ ਉਹ ਆਪਣੀ ਬੇਵਕੂਫ਼ੀ ਤੇ ਤਲੀਆਂ ਮਲਦਾ ਹੈ ਤੇ ਪਹਿਲੀ ਵੇਰਾਂ ਜਾ ਕਿਤੇ ਅਨੁਭਵ ਕਰਦਾ ਹੈ ਕਿ ਇਹ ਅਕਾਲੀ ਵਕੀਲ ਇਸਤਿਗਾਸਾ ਦਾ ਨਹੀਂ ਬਲਕਿ ਮੁਲਜ਼ਮਾਂ ਵਲੋਂ ਪੈਰਵੀ ਕਰ ਰਿਹਾ ਹੈ। ਜਿਰਹ ਦੇ ਖ਼ਤਮ ਹੋਣ ਪੁਰ ਉਸ ਨੂੰ ਪੱਕਾ ਪਤਾ ਲਗ ਜਾਂਦਾ ਹੈ ਕਿ ਜਿਸ ਪੁਰਖ ਨੇ ਉਸ ਉੱਤੇ ਜਿਰਹ ਕੀਤੀ ਹੈ ਉਹ ਵਕੀਲ ਨਹੀਂ, ਬਲਕਿ ਬਾਦਸ਼ਾਹ ਦੇ ਵਿਰੁੱਧ ਜੰਗ ਦੀ ਸਾਜ਼ਿਸ਼ ਦਾ ਮੁਲਜ਼ਮ ਸ. ਤੇਜਾ ਸਿੰਘ ਸਮੁੰਦ੍ਰੀ ਹੈ

---

[5] "ਸ. ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨ ਕਥਾ", 'ਫੁਲਵਾੜੀ' (ਅਗਸਤ ੧੯੨੬), ਪੰਨਾ ੮੪੭.

[6] ਉਹੀ।

Digitized by Panjab Digital Library | www.panjabdigilib.org

ਜਿਸਦੀ ਅਗਵਾਈ ਕੁਰਬਾਨੀ ਅਤੇ ਵਤਨੀ ਪਿਆਰ ਦਾ ਅਕਾਲੀਆਂ ਨੂੰ ਮਾਨ ਪ੍ਰਾਪਤ ਹੈ।"[7]

ਇੰਜ ਮੁਕੱਦਮੇ ਦੀ ਪੈਰਵੀ ਕਰਨ ਵਿਚ ਆਪ ਨੇ ਪੈੱਟਮੈਨ ਵਰਗੇ ਸਰਕਾਰੀ ਵਕੀਲਾਂ ਨੂੰ ਵੀ ਹੈਰਾਨ ਕਰ ਦਿੱਤਾ। ਆਪ ਜੇਲ੍ਹ ਵਿਚ ਆਰਾਮ ਬਹੁਤ ਘਟ ਕਰਦੇ ਸਨ ਤੇ ਮੁਕੱਦਮੇ ਦੀ ਤਿਆਰੀ ਵਿਚ ਲਗੇ ਰਹਿੰਦੇ ਸਨ। ਆਪ ਫ਼ਾਈਲਾਂ ਤੇ ਨਕਲਾਂ ਆਪ ਪੜ੍ਹਦੇ ਅਤੇ ਬੜੇ ਬੜੇ ਜ਼ਰੂਰੀ ਨੁਕਤੇ ਆਪਣੇ ਵਕੀਲਾਂ ਨੂੰ ਦੱਸਦੇ ਰਹਿੰਦੇ।

ਮੁਕੱਦਮੇ ਦੇ ਥੋਥੇ ਹੋਣ ਬਾਰੇ ਅਸੀਂ ਮਾ. ਤਾਰਾ ਸਿੰਘ ਦੇ ਨਿਰਣੇ ਨੂੰ ਹੇਠਾਂ ਹੂ-ਬ-ਹੂ ਦਰਜ ਕਰਨ ਤੋਂ ਵਧ ਹੋਰ ਕੁਝ ਕਹਿਣ ਦੀ ਲੋੜ ਨਹੀਂ ਸਮਝਦੇ। ਮਾਸਟਰ ਜੀ ਲਿਖਦੇ ਹਨ:

"ਸਾਡੇ ਉੱਤੇ ਮੁਕੱਦਮਾ ਤਾਂ ਸਾਜ਼ਿਸ਼ ਕਰਨ ਦਾ ਸੀ ਤੇ ਗਵਾਹੀਆਂ ਇਹ ਹੁੰਦੀਆਂ ਸਨ ਕਿ ਫਲਾਣੀ ਥਾਂ ਇਕ ਅਕਾਲੀ ਨੇ ਸਰਕਾਰ ਵਿਰੁੱਧ ਲੈਕਚਰ ਦਿੱਤਾ ਹੈ। ਇਸ ਤਰ੍ਹਾਂ ਨਾਲ ਕਿਧਰੇ ਭੀ ਕਿਸੇ ਅਕਾਲੀ ਨੇ ਜੋ ਲੈਕਚਰ ਦਿੱਤਾ ਸੀ, ਉਹ ਸਾਡੇ ਵਿਰੁੱਧ ਆ ਗਿਆ। ਕਈ ਲੈਕਚਰਾਰਾਂ ਦੇ ਤਾਂ ਨਾਮ ਭੀ ਪਤਾ ਨਹੀਂ ਸਨ ਤੇ ਕਈਆਂ ਦੇ ਨਾਮ ਦੱਸੇ ਗਏ ਸਨ ਤੇ ਉਨ੍ਹਾਂ ਦਾ ਪਤਾ ਕੋਈ ਨਹੀਂ ਸੀ ਦੱਸਿਆ ਗਿਆ। ਇਸ ਤਰ੍ਹਾਂ ਦਾ ਮੁਕੱਦਮਾ ਕੋਈ ਤਿੰਨ ਸਾਲ ਸਾਡੇ ਵਿਰੁੱਧ ਚਲਦਾ ਰਿਹਾ ਸੀ। ਸਾਨੂੰ ਸਾਫ਼ ਸਮਝ ਵਾਲਿਆਂ ਨੂੰ ਤਾਂ ਕੋਈ ਸਮਝ ਨ ਪਈ ਕਿ ਇਹ ਸਾਡੀ ਕੀ ਸਾਜ਼ਿਸ਼ ਹੈ। ਕੇਵਲ ਇਕ ਗੱਲ ਸਾਜ਼ਿਸ਼ ਵਾਲੀ ਸਾਡੇ ਵਿਰੁੱਧ ਆਈ ਸੀ। ਉਹ ਇਹ ਸੀ ਕਿ ਸ੍ਰੀ ਆਨੰਦਪੁਰ ਸਾਹਿਬ ਵਿਚ ਅਕਾਲੀਆਂ ਨੇ ਇਕ ਥਾਂ ਲਈ ਸੀ ਤੇ ਉਥੇ ਕਿਲ੍ਹਾ ਬਣਾਣ ਦੀ ਤਿਆਰੀ ਸੀ। ਇਹ ਗੱਲ ਕਹਿਣ ਵਾਲਾ ਜੋ ਗਵਾਹ ਸਾਡੇ ਵਿਰੁੱਧ ਆਇਆ ਸੀ, ਜਦ ਉਸ ਉੱਤੇ ਜਿਰਹ ਹੋਈ ਤਾਂ ਉਸ ਮੰਨਿਆ ਕਿ ਇਸ ਕਿਲ੍ਹੇ ਲਈ ੬੫ ਰੁਪਏ ਚੰਦਾ ਹੋਇਆ ਸੀ ਤੇ ਇਹਨਾਂ ੬੫ ਰੁਪਇਆਂ ਵਿਚ ਹੀ ਕਿਲ੍ਹਾ ਬਣਨਾ ਸੀ! ਫਿਰ ਗਵਾਹ ਨੇ ਇਹ ਕਿਹਾ ਕਿ ੬੫ ਰੁਪਏ ਵਿਚ ਗੁਰਦਵਾਰਾ ਅਥਵਾ ਥੜਾ ਬਣਨਾ ਸੀ। ਜਦ ਗੱਲ ਸਾਫ਼ ਕਰਾਣ ਲਈ ਜਿਰਹ ਹੋਈ ਤਾਂ ਕਿਹਾ ਕਿ "ਕਿਲ੍ਹਾ", "ਗੁਰਦਵਾਰਾ" ਤੇ "ਥੜਾ" ਇਕੋ ਗੱਲ ਹੀ ਹੁੰਦੀ ਹੈ।[8]

ਮੁਕੱਦਮੇ ਦੇ ਦੌਰਾਨ ਜੋ ਬਿਆਨ[9] ਕਿਲ੍ਹਾ ਲਾਹੌਰ ਵਿਚ ਸਮੁੰਦ੍ਰੀ ਸਾਹਿਬ ਨੇ ਅਦਾਲਤ ਦੇ ਸਾਮ੍ਹਣੇ ਦਿੱਤਾ ਉਸ ਵਿਚ ਉਨ੍ਹਾਂ ੧੩ ਨਵੰਬਰ ੧੯੨੦ ਤੋਂ ਲੈ ਕੇ ੧੩ ਅਕਤੂਬਰ

---

7 'ਕ੍ਰਿਪਾਨ ਬਹਾਦਰ' (੨੭ ਜੁਲਾਈ ੧੯੨੬), ਪੰਨਾ ੧.

8 'ਮਾਸਟਰ ਤਾਰਾ ਸਿੰਘ : ਜੀਵਨ ਸੰਘਰਸ਼ ਤੇ ਉੱਦੇਸ਼', ਪੰਨਾ ੯੩.

9 ਪੂਰੇ ਬਿਆਨ ਲਈ ਦੇਖੋ 'ਅਕਾਲੀ ਤੇ ਪ੍ਰਦੇਸੀ' (ਅਕਤੂਬਰ ੧, ੨, ੩, ੭, ੧੧, ੧੨, ੧੩, ੧੫— ਸਾਲ ੧੯੨੪), ਪੰਨੇ ਕ੍ਰਮਵਾਰ ੨, ੨, ੩. ੭, ੫, ੭, ੭ ਅਤੇ ੭; ਹੋਰ ਦੇਖੋ *Akali Leaders' Case* (Court Proceedings), Vol II, pp. 789-816.

Digital Library

੧੯੨੩ ਤਕ ਦੀਆਂ ਉਨ੍ਹਾਂ ਸਾਰੀਆਂ ਪੰਥਕ ਸਰਗਰਮੀਆਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣੋਂ ਗੁਰੇਜ਼ ਨ ਕੀਤਾ ਜੋ ਇਨ੍ਹਾਂ ਦੀ ਅਗਵਾਈ ਹੇਠ ਹੋਈਆਂ ਸਨ। ਨਾਭਾ ਐਜੀਟੇਸ਼ਨ ਦਾ ਜ਼ਿਕਰ ਕਰਦਿਆਂ ਆਪ ਜੀ ਨੇ ਸਪਸ਼ਟ ਕੀਤਾ ਕਿ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮਤਾ ਇਹ ਸੀ ਕਿ ਨਾਭਾ ਸਵਾਲ ਨੂੰ ਪੁਰ-ਅਮਨ ਤਰੀਕੇ ਨਾਲ ਨਿਜਿਠਿਆ ਜਾਏ। ਇਸ ਦੇ ਨਾਲ ਹੀ ਆਪ ਨੇ ਕਿਹਾ ਕਿ ਸ਼ਿਰੋਮਣੀ ਕਮੇਟੀ ਨੇ ਕੋਈ ਜਥਾ ਮਹਾਰਾਜਾ ਨਾਭਾ ਨੂੰ ਗੱਦੀ ਤੇ ਬਿਠਾਣ ਲਈ ਨਹੀਂ ਸੀ ਭੇਜਿਆ ਅਤੇ ਨ ਹੀ ਕੋਈ ਅਜੇਹਾ ਫ਼ੈਸਲਾ ਸ਼ਿਰੋਮਣੀ ਕਮੇਟੀ ਨੇ ਕਦੀ ਕੀਤਾ ਸੀ।

ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਜਾਣ ਵਾਲੇ ਸਿੰਘਾਂ ਨੂੰ ੩ ਜੂਨ ੧੯੨੩ ਨੂੰ ਕਸਬਾ ਸਮੁੰਦ੍ਰੀ ਵਿਚ ਸਰੋਪਾ ਤੇ ਪ੍ਰਮਾਣ-ਪੱਤ੍ਰ ਦੇਣ ਦੇ ਪ੍ਰਸ਼ਨ ਬਾਰੇ ਉੱਤਰ ਦੇਂਦਿਆਂ ਆਪ ਜੀ ਨੇ ਕਿਹਾ ਕਿ ਉਹ ਸਰੋਪਾ ਮੈਂ ਕਮੇਟੀ ਦੇ ਮੈਂਬਰ ਦੀ ਹਸੀਅਤ ਵਿਚ ਨਹੀਂ ਸਨ ਦਿੱਤੇ, ਸਗੋਂ ਤਹਿਸੀਲ ਸਮੁੰਦ੍ਰੀ ਦੇ ਜਥੇ ਦਾ ਮੈਂਬਰ ਅਤੇ ਉਸ ਇਲਾਕੇ ਦਾ ਵਸਨੀਕ ਹੋਣ ਦੀ ਹਸੀਅਤ ਵਿਚ ਦਿੱਤੇ ਸਨ।

ਇਸ ਪ੍ਰਸ਼ਨ ਦੇ ਉੱਤਰ ਵਿਚ ਕਿ ਕੀ ਤੁਸਾਂ ਕਾਂਗ੍ਰਸ ਦੇ ਸਤੰਬਰ ੧੯੨੩ ਵਿਚ ਦਿੱਲੀ ਵਿਚ ਹੋਏ ਸਪੈਸ਼ਲ ਇਜਲਾਸ ਸਮੇਂ ਸਿਵਲ-ਨਾ-ਫ਼ਰਮਾਨੀ ਲਈ ੪੦,੦੦੦ ਸਿੱਖ ਦੇਣ ਦਾ ਇਕਰਾਰ ਕੀਤਾ ਸੀ, ਸਰਦਾਰ ਸਾਹਿਬ ਨੇ ਕਿਹਾ ਕਿ ਮੈਂ ਉਸ ਕਮੇਟੀ ਵਿਚ ਕਾਂਗ੍ਰਸ ਦਾ ਮੈਂਬਰ ਹੋਣ ਦੀ ਹਸੀਅਤ ਵਿਚ ਗਿਆ ਸਾਂ। ਉਥੇ ਇਕ ਕਮੇਟੀ ਸਿਵਲ ਨਾ-ਫ਼ਰਮਾਨੀ ਲਈ ਬਣਾਨ ਦਾ ਮਤਾ ਪੇਸ਼ ਹੋਇਆ ਸੀ। ਕਈ ਮੈਂਬਰਾਂ ਨੇ ਇਸ ਦੇ ਹੱਕ ਵਿਚ ਅਤੇ ਕਈਆਂ ਨੇ ਇਸ ਦੇ ਵਿਰੁੱਧ ਖ਼ਿਆਲ ਪ੍ਰਗਟਾਏ ਸਨ। ਮੈਂ ਇਸ ਦੇ ਹੱਕ ਵਿਚ ਤਕਰੀਰ ਕਰਦੇ ਹੋਏ ਕਿਹਾ ਸੀ ਕਿ ਜੇਕਰ ਕਾਂਗ੍ਰਸ ਵਲੋਂ ਸਿਵਲ ਨਾ-ਫ਼ਰਮਾਨੀ ਦਾ ਕੰਮ ਆਰੰਭ ਕੀਤਾ ਜਾਵੇ, ਜਿਹੜਾ ਕਿ ਮੇਰੇ ਖ਼ਿਆਲ ਵਿਚ ਜ਼ਰੂਰ ਸ਼ੁਰੂ ਹੋਣਾ ਚਾਹੀਦਾ ਹੈ, ਤਾਂ ਜਿਥੇ ਹਿੰਦੂ ਮੁਸਲਮਾਨ ਸਿਵਲ ਨਾ-ਫ਼ਰਮਾਨੀ ਦੇ ਝੰਡੇ ਹੇਠ ਇਕੱਠੇ ਹੋ ਜਾਣਗੇ, ਉਥੇ ਉਨ੍ਹਾਂ ਨਾਲ ਸਿੱਖ ਵੀ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਹੋਣਗੇ। ਇਸੇ ਤਰ੍ਹਾਂ ਇਕ ਹੋਰ ਸਿੱਖ ਲੀਡਰ ਨੇ ੪੦,੦੦੦ ਸਿੱਖ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਹ ਪੇਸ਼ਕਸ਼ ਸ਼ਿਰੋਮਣੀ ਕਮੇਟੀ ਵਲੋਂ ਨਹੀਂ ਸੀ ਅਤੇ ਨ ਹੀ ਸਾਨੂੰ ਸ਼ਿਰੋਮਣੀ ਕਮੇਟੀ ਵਲੋਂ ਕੋਈ ਇਕਰਾਰ ਕਰਨ ਦਾ ਇਖ਼ਤਿਆਰ ਸੀ।

ਸਾਰੀ ਜਿਰਹ ਦੇ ਦਰਮਿਆਨ ਸਰਦਾਰ ਸਾਹਿਬ ਬੜੇ ਸ਼ਾਂਤ ਤੇ ਚੜ੍ਹਦੀ ਕਲਾ ਵਿਚ ਰਹੇ। ਆਪਣੇ ਕੀਤੇ ਗਏ ਕੰਮ ਲਈ ਆਪ ਨੇ ਕਿਤੇ ਵੀ ਕੋਈ ਘਬਰਾਹਟ ਜਾਂ ਕਮਜ਼ੋਰੀ ਨ ਵਿਖਾਈ।

ਇਨ੍ਹਾਂ ਦਿਨਾਂ ਵਿਚ ਸਰ ਮੈਲਕਮ ਹੇਲੀ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਬਣਿਆ। ਉਸ ਨੂੰ ਇਹ ਯਕੀਨ ਹੋ ਗਿਆ ਸੀ ਕਿ ਗੁਰਦਵਾਰਾ ਬਿਲ ਪਾਸ ਕੀਤੇ ਬਿਨਾ ਪੰਜਾਬ ਦੇ ਸਿੱਖਾਂ ਦੀ ਸਮੱਸਿਆ ਹੱਲ ਨਹੀਂ ਹੋਣ ਲਗੀ। ਉਸ ਨੇ ਲਾਹੌਰ ਦੇ ਡਿਪਟੀ ਕਮਿਸ਼ਨਰ, ਡਬਲਿਊ. ਐਮਰਸਨ, ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਮਿਸਟਰ ਪੱਕਲ, ਨਾਲ

Digitized by Panjab Digital Library | www.panjabdigilib.org

ਸਲਾਹ ਕਰਕੇ ਗੁਰਦਵਾਰਾ ਬਿਲ ਦਾ ਇਕ ਖਰੜਾ ਤਿਆਰ ਕਰਨ ਲਈ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ ਦੀ ਇਕ ਕਮੇਟੀ ੨੫ ਨਵੰਬਰ ੧੯੨੪ ਨੂੰ ਬਣਾਈ। ਇਸ ਕਮੇਟੀ ਦੇ ਮੁਖੀ ਭਾਈ ਜੋਧ ਸਿੰਘ ਤੇ ਹੋਰ ਮੈਂਬਰ ਸ. ਗੁਰਬਖ਼ਸ਼ ਸਿੰਘ, ਸ. ਤਾਰਾ ਸਿੰਘ ਮੋਗਾ, ਸ. ਮੰਗਲ ਸਿੰਘ ਤੇ ਸ. ਨਰਾਇਣ ਸਿੰਘ ਵਕੀਲ ਸਨ। ਕਮੇਟੀ ਨੇ ਜੇਲ੍ਹ ਅੰਦਰਲੇ ਤੇ ਬਾਹਰਲੇ ਅਕਾਲੀ ਲੀਡਰਾਂ ਤੇ ਸਰਕਾਰੀ ਅਫ਼ਸਰਾਂ ਨਾਲ ਮਿਲ ਕੇ ਗੁਰਦਵਾਰਾ ਬਿਲ ਦਾ ਖਰੜਾ ਤਿਆਰ ਕੀਤਾ। ਸਾਰੇ ਲੀਡਰਾਂ ਦਾ ਧਿਆਨ ਇਧਰ ਕੇਂਦ੍ਰਿਤ ਹੋ ਗਿਆ ਅਤੇ ਇਸ ਦੇ ਨਾਲ ਹੀ ਨਾਭੇ ਦਾ ਪ੍ਰਸ਼ਨ ਮੁਕ ਗਿਆ; ਘਟੋ ਘਟ ਕਿਸੇ ਲੀਡਰ ਨੇ ਇਸ ਸਵਾਲ ਨੂੰ ਛੇੜਨ ਦੀ ਖੇਚਲ (ਕਿ ਭੁਲ ?) ਤਕ ਨ ਕੀਤੀ।

ਫ਼ਰਵਰੀ ੧੯੨੫ ਵਿਚ ਮੁਕੱਦਮੇ ਦਾ ਸਰਕਾਰੀ ਪੱਖ ਖ਼ਤਮ ਹੋ ਗਿਆ ਤੇ ਫ਼ਰਦ ਜੁਰਮ ਲਗ ਗਏ। ਸ਼ਿਰੋਮਣੀ ਕਮੇਟੀ ਦੇ ਤਨਖ਼ਾਹਦਾਰ ਮੁਲਾਜ਼ਮ ਛਡ ਦਿੱਤੇ ਗਏ। ਐਗਜ਼ੇਕਟਿਵ ਕਮੇਟੀ ਦੇ ਤਿੰਨ ਮੈਂਬਰ ਵੀ, ਜਿਨ੍ਹਾਂ ਵਿਚ ਇਕ ਪ੍ਰੋ. ਨਿਰੰਜਨ ਸਿੰਘ ਸੀ, ਛਡ ਦਿੱਤੇ ਗਏ। ਪ੍ਰੋਫ਼ੈਸਰ ਤੇਜਾ ਸਿੰਘ ਕਿਲ੍ਹੇ ਅੰਦਰ ਜਾ ਕੇ ਬੀਮਾਰ ਹੋ ਜਾਣ ਕਾਰਣ ਪਹਿਲਾਂ ਹੀ ਛਡ ਦਿੱਤੇ ਗਏ ਸਨ।

੯ ਜੁਲਾਈ ੧੯੨੫ ਨੂੰ ਗੁਰਦਵਾਰਾ ਬਿਲ ਪੰਜਾਬ ਕੌਂਸਲ ਵਿੱਚੋਂ ਪਾਸ ਹੋ ਗਿਆ। ੨੧ ਜੁਲਾਈ ੧੯੨੫ ਨੂੰ ਜੈਤੋ ਵਿਚ ੧੦੧ ਅਖੰਡ ਪਾਠ ਰੱਖੇ ਗਏ ਜੋ ੭ ਅਗਸਤ ੧੯੨੫ ਨੂੰ ਸਮਾਪਤ ਹੋਏ। ਇਸ ਦੇ ਨਾਲ ਹੀ ਜੈਤੋ ਦਾ ਮੋਰਚਾ ਵੀ ਮੁੱਕ ਗਿਆ। ਗੁਰਦਵਾਰਾ ਬਿਲ ਪਾਸ ਹੋਣ ਉਤੇ ਜੈਤੋ ਦੇ ਮੋਰਚੇ ਦੇ ਪਹਿਲੇ ਸ਼ਹੀਦੀ ਜਥੇ ਤੋਂ ਬਿਨਾ ਬਾਕੀ ਸਾਰੇ ਕੈਦੀ ਰਿਹਾ ਕਰ ਦਿੱਤੇ ਗਏ, ਪਰ ਪੰਜਾਬ ਸੰਬੰਧੀ ਸਰ ਮੈਲਕਮ ਹੇਲੀ ਨੇ ੯ ਜੁਲਾਈ ੧੯੨੫ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਸ਼ਿਮਲੇ ਤੋਂ ਐਲਾਨ ਕੀਤਾ ਕਿ ਕਿਲ੍ਹਾ ਲਾਹੌਰ ਵਾਲੇ ਕੈਦੀਆਂ ਵਿੱਚੋਂ ਕੇਵਲ ਉਨ੍ਹਾਂ ਦਾ ਮੁਕੱਦਮਾ ਵਾਪਸ ਲਿਆ ਜਾ ਸਕਦਾ ਹੈ ਜੋ ਇਹ ਬਚਨ ਦੇਣਗੇ ਕਿ ਉਹ ਹੁਣ ਕੋਈ ਸਿੱਧੀ ਕਾਰਵਾਈ ਨਹੀਂ ਕਰਨਗੇ ਤੇ ਇਸ ਗੁਰਦਵਾਰਾ ਐਕਟ ਉੱਤੇ ਅਮਲ ਕਰਨਗੇ।

ਇਹ ਸ਼ਰਤ ਬਿਲਕੁਲ ਵਾਧੂ ਜੇਹੀ ਸੀ। ਇਹ ਐਕਟ ਬਣਿਆ ਹੀ ਅਕਾਲੀ ਆਗੂਆਂ ਤੇ ਸਰਕਾਰ ਦੇ ਸਮਝੌਤੇ ਨਾਲ ਸੀ। ਇਸ ਲਈ ਅਜੇਹੀ ਕਿਸੇ ਸ਼ਰਤ ਦੇ ਲਾਉਣ ਦੀ ਲੋੜ ਨਹੀਂ ਸੀ। ਪਰ ਹੇਲੀ ਦੀ ਸਰਕਾਰ ਦਾ ਮਕਸਦ ਅਕਾਲੀ ਆਗੂਆਂ ਦੀ ਹੇਠੀ ਕਰਨਾ ਤੇ ਉਨ੍ਹਾਂ ਦੀ ਅਣਖ ਨੂੰ ਧੱਕਾ ਲਾਣਾ ਸੀ।

ਰਿਹਾਈ ਲਈ ਇਹ ਸ਼ਰਤਾਂ ਲਗਣ ਉੱਤੇ ਸਾਰੇ ਪੰਜਾਬ ਵਿਚ ਬੜਾ ਰੋਸ ਜਾਗਿਆ। ਇਸ ਸੰਬੰਧੀ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਨੇ ੧੭ ਅਗਸਤ, ੧੯੨੫ ਨੂੰ ਹੇਠ ਲਿਖਿਆ ਮਤਾ ਪਾਸ ਕੀਤਾ :

ੳ) ਚੂੰਕਿ ਸਿੱਖ ਪੰਥ ਦੀ ਇਹ ਜ਼ਬਰਦਸਤ ਮੰਗ ਹੈ ਕਿ ਗੁਰਦਵਾਰਾ ਕੈਦੀਆਂ ਨੂੰ ਬਿਨਾ ਸ਼ਰਤ ਰਿਹਾ ਅਤੇ ਨਾਲ ਲਗਦੇ ਮੁਆਮਲਿਆਂ ਦਾ ਤਸੱਲੀ-ਬਖ਼ਸ਼ ਹੱਲ ਕੀਤਾ ਜਾਵੇ ਅਤੇ ਚੂੰਕਿ ਸਰਕਾਰ ਨੇ ਕੈਦੀਆਂ ਨੂੰ ਬਿਨਾ ਸ਼ਰਤ ਰਿਹਾ ਕਰਕੇ

b Digital Library | ww

ਲੋੜੀਂਦਾ ਸ਼ਾਂਤ ਵਾਯੂਮੰਡਲ ਪੈਦਾ ਨਹੀਂ ਕੀਤਾ, ਇਸ ਲਈ ਅੰਤਰਿੰਗ ਕਮੇਟੀ ਦੀ ਇਹ ਇਕਤ੍ਰਤਾ ਸਪਸ਼ਟ ਤੌਰ ਤੇ ਪ੍ਰਗਟ ਕਰ ਦੇਣ ਲਈ ਜ਼ਰੂਰੀ ਸਮਝਦੀ ਹੈ ਕਿ ਐਸੇ ਹਾਲਾਤ ਦੇ ਅੰਦਰ ੧੯੨੫ ਦੇ ਗੁਰਦਵਾਰਾ ਐਕਟ ਨੂੰ ਕਾਮਯਾਬੀ ਨਾਲ ਵਰਤੋਂ ਵਿਚ ਲਿਆਉਣਾ ਅਸੰਭਵ ਹੈ ।

ਅ) ਚੂੰਕਿ ਗਵਰਨਰ ਸਾਹਿਬ ਪੰਜਾਬ ਦੀ ਸਪੀਚ ਵਿਚ ਸਿੱਖ ਕੈਦੀਆਂ ਉਪਰ ਲਗਾਈਆਂ ਗਈਆਂ ਸ਼ਰਤਾਂ ਨੂੰ ਅੰਤਰਿੰਗ ਕਮੇਟੀ ਅਨਿਆਈ, ਬੇਲੋੜੀਆਂ ਅਤੇ ਜ਼ਲੀਲ ਕਰਨ ਵਾਲੀਆਂ ਸਮਝਦੀ ਹੈ, ਇਸ ਲਈ ਸਮੂਹ ਗੁਰਦਵਾਰਾ ਕੈਦੀਆਂ ਪ੍ਰਤਿ ਹਿਦਾਇਤ ਕਰਦੀ ਹੈ ਕਿ ਉਹ ਕੋਈ ਸ਼ਰਤਾਂ ਮੰਨ ਕੇ ਰਿਹਾਈ ਪ੍ਰਾਪਤ ਨ ਕਰਨ ।[10]

ਫ਼ਰਦ ਜੁਰਮ ਲਗ ਜਾਣ ਪਿੱਛੋਂ ਇਸ ਸਮੇਂ ਕਿਲ੍ਹਾ ਲਾਹੌਰ ਵਿਚ ੩੮ ਅਕਾਲੀ ਲੀਡਰਾਂ ਉਤੇ ਮੁਕੱਦਮਾ ਚਲ ਰਿਹਾ ਸੀ । ਉਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਰਿਸਾਲਦਾਰ ਸੁੰਦਰ ਸਿੰਘ ਤੇ ਰਿਸਾਲਦਾਰ ਰਣਜੋਧ ਸਿੰਘ ਸਰਕਾਰ ਦੀਆਂ ਜ਼ਲੀਲ ਕਰਨ ਵਾਲੀਆਂ ਸ਼ਰਤਾਂ ਮੰਨ ਕੇ ਬਾਹਰ ਆ ਗਏ ।

ਸ਼ਰਤਾਂ ਮੰਨ ਕੇ ਬਾਹਰ ਆਉਣ ਵਾਲੀ ਗੱਲ ਨੇ ਕਿਲ੍ਹੇ ਅੰਦਰਲੇ ਆਗੂਆਂ ਵਿਚ ਡਾਢੀ ਫੁੱਟ ਪਾ ਦਿੱਤੀ । ਕਿਲ੍ਹੇ ਅੰਦਰਲੇ ਲੀਡਰ ਪਹਿਲਾਂ ਹੀ ਦੋ ਧੜਿਆਂ ਵਿਚ ਵੰਡੇ ਹੋਏ ਸਨ : ਇਕ ਨਰਮ ਖ਼ਿਆਲੀਆਂ ਦਾ ਧੜਾ ਸੀ ਜਿਨ੍ਹਾਂ ਦੇ ਲੀਡਰ ਸ. ਮਹਿਤਾਬ ਸਿੰਘ ਸਨ, ਤੇ ਦੂਜਾ ਗਰਮ ਖਿਆਲੀਆਂ ਦਾ ਧੜਾ, ਜਿਨ੍ਹਾਂ ਦੇ ਲੀਡਰ ਸ. ਤੇਜਾ ਸਿੰਘ ਸਮੁੰਦ੍ਰੀ ਸਨ । ਰਿਹਾਈ ਲਈ ਸ਼ਰਤਾਂ ਲੱਗਣ ਤੋਂ ਪਹਿਲਾਂ ਇਨ੍ਹਾਂ ਦੋਹਾਂ ਖ਼ਿਆਲਾਂ ਦੇ ਲੀਡਰਾਂ ਵਿਚ ਕੋਈ ਵੱਡਾ ਮਤਭੇਦ ਨਹੀਂ ਸੀ ਪਰ, ਜਦ ਸਰਕਾਰ ਵਲੋਂ ਸ਼ਰਤਾਂ ਲਗ ਗਈਆਂ ਤਾਂ ਇਨ੍ਹਾਂ ਦੇ ਮਤਭੇਦ ਵਧਣ ਲਗੇ । ਨਰਮ ਖਿਆਲੀਏ ਸਰਕਾਰ ਦੀ ਸ਼ਰਤ ਪੂਰੀ ਕਰਕੇ ਰਿਹਾ ਹੋਣ ਦੇ ਹਾਮੀ ਸਨ, ਤੇ ਦੂਸਰੇ ਬਿਨਾ ਸ਼ਰਤ ਰਿਹਾ ਹੋਣ ਉੱਤੇ ਜ਼ੋਰ ਦੇਂਦੇ ਸਨ ।

ਉਸ ਸਮੇਂ ਸ. ਤੇਜਾ ਸਿੰਘ ਸਮੁੰਦ੍ਰੀ ਨੇ ਬੜੀ ਕੋਸ਼ਿਸ਼ ਕੀਤੀ ਕਿ ਫੁੱਟ ਨ ਪਵੇ ਅਤੇ ਪੰਥ ਫਾੜੀਆਂ ਫਾੜੀਆਂ ਨ ਹੋਵੇ । ਆਪ ਉਥੇ ਕਿਹਾ ਕਰਦੇ ਸਨ, "ਅਸੀਂ ਇਕੱਠੇ ਹੀ ਜੀਵੀਏ ਅਤੇ ਇਕੱਠੇ ਹੀ ਮਰੀਏ । ਅਸੀਂ ਇਕੱਠੇ ਹੀ ਪੰਥ ਸੇਵਾ ਲਈ ਜੇਲ੍ਹ ਵਿਚ ਆਏ ਹਾਂ ਅਤੇ ਸਾਨੂੰ ਇਕੱਠਿਆਂ ਨੂੰ ਹੀ ਬਾਹਰ ਜਾਣਾ ਚਾਹੀਦਾ ਹੈ, ਨਹੀਂ ਤਾਂ ਪੰਥ ਵਿਚ ਸਖ਼ਤ ਫੁੱਟ ਪੈ ਜਾਵੇਗੀ ।"[11]

ਇਸ ਸਵਾਲ ਤੇ ਕਾਫ਼ੀ ਚਿਰ ਝਗੜਾ ਚਲਦਾ ਰਿਹਾ । ਹੌਲੀ ਹੌਲੀ ਦੋਹਾਂ ਧੜਿਆਂ ਵਿਚ ਮਤਭੇਦ ਵਧਣ ਲਗਾ । ਸ. ਮਹਿਤਾਬ ਸਿੰਘ ਨੇ ਦੋ ਵੇਰਾਂ ਕਮਿਸ਼ਨਰ ਨਾਲ ਤੇ ਦੋ

---

[10] 'ਕ੍ਰਿਪਾਨ ਬਹਾਦਰ' (੪ ਫ਼ਰਵਰੀ, ੧੯੨੬), ਪੰਨਾ ੮-੯.

[11] "ਸਰਦਾਰ ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨ ਕਥਾ", 'ਫੁਲਵਾੜੀ' (ਅਗਸਤ ੧੯੨੬), ਪੰਨਾ ੮੪੮.

Digitized by Panjab Digital Library | www.panjabdigilib.org

ਵੇਰਾਂ ਡਿਪਟੀ ਕਮਿਸ਼ਨਰ ਨਾਲ ਇਸ ਸੰਬੰਧੀ, ਘੰਟਿਆਂ ਬੱਧੀ, ਵੱਖ ਹੋ ਕੇ ਮੁਲਾਕਾਤ ਕੀਤੀ। ਸ. ਤੇਜਾ ਸਿੰਘ ਸਮੁੰਦ੍ਰੀ ਇਨ੍ਹਾਂ ਮੁਲਾਕਾਤਾਂ ਵਿਚ ਸ਼ਾਮਲ ਨਹੀਂ ਸਨ ਹੋਏ ਕਿਉਂਕਿ ਉਨ੍ਹਾਂ ਨੂੰ ਬੁਲਾਇਆ ਹੀ ਨਹੀਂ ਸੀ ਗਿਆ। ਇਕ ਦਿਨ ਸ. ਤੇਜਾ ਸਿੰਘ ਚੂਹੜਕਾਣਾ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਕਹਿਣ ਲਗੇ, "ਸਰਦਾਰ ਜੀ ਇਨ੍ਹਾਂ ਮੁਲਾਕਾਤਾਂ ਵਿਚ ਆਪ ਦਾ ਨਾਲ ਸ਼ਾਮਲ ਹੋਣਾ ਜ਼ਰੂਰੀ ਹੈ, ਤੁਸੀਂ ਵੀ ਜਾਇਆ ਕਰੋ।" ਅੱਗੋਂ ਸਰਦਾਰ ਜੀ ਨੇ ਕਿਹਾ, "ਮੈਨੂੰ ਕੋਈ ਬੁਲਾਵੇ ਤਾਂ ਮੈਂ ਜਾਵਾਂ ਕਿ ਐਵੇਂ ਹੀ ਚੌਧਰੀ ਬਣਦਾ ਫਿਰਾਂ ?"[12]

ਸ. ਮਹਿਤਾਬ ਸਿੰਘ, ਬਾਵਾ ਹਰਕਿਸ਼ਨ ਸਿੰਘ ਤੇ ਉਨ੍ਹਾਂ ਦੇ ਹਮਖ਼ਿਆਲਾਂ ਦੀਆਂ ਮੀਟਿੰਗਾਂ ਇਸ ਸਮੇਂ ਜੇਲ੍ਹ ਦੇ ਇਕ ਹੇਠਲੇ ਕਮਰੇ ਵਿਚ ਹੋਇਆ ਕਰਦੀਆਂ ਸਨ। ਉਥੇ ਸਰਕਾਰੀ ਬੰਦੇ ਵੀ ਆ ਕੇ ਉਨ੍ਹਾਂ ਨਾਲ ਘੁਸਰ ਮੁਸਰ ਕਰ ਜਾਇਆ ਕਰਦੇ ਸਨ। ਸਾਫ਼ ਦਿਸ ਰਿਹਾ ਸੀ ਕਿ ਸਾਥੀਆਂ ਨੂੰ ਛੱਡ ਕੇ ਬਾਹਰ ਨਿਕਲਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਇਕ ਦਿਨ ਕਿਸੇ ਜ਼ਰੂਰੀ ਕੰਮ ਲਈ ਸ. ਤੇਜਾ ਸਿੰਘ ਸਮੁੰਦ੍ਰੀ ਥੱਲੇ ਵਾਲੇ ਕਮਰੇ ਵਿਚ ਸ. ਮਹਿਤਾਬ ਸਿੰਘ ਜੀ ਪਾਸ ਜਾਣ ਲਗੇ ਤਾਂ ਨੰਬਰਦਾਰ ਨੇ ਸਰਦਾਰ ਜੀ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਸਰਦਾਰ ਜੀ ਆਪ ਨੂੰ ਇਸ ਹਾਤੇ ਵਿਚ ਜਾਣ ਦਾ ਹੁਕਮ ਨਹੀਂ ਹੈ।[13]

ਕੁਝ ਚਿਰ ਪਿੱਛੋਂ ਹੋ ਰਹੀ ਇਸ ਘੁਸਰ ਮੁਸਰ ਬਾਰੇ ਸ. ਤੇਜਾ ਸਿੰਘ ਚੂਹੜਕਾਣਾ ਨੇ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਪੁਛਿਆ ਤਾਂ ਉਨ੍ਹਾਂ ਅੱਗੋਂ ਕਿਹਾ : "ਅਵਲ ਤਾਂ ਮੇਰੇ ਨਾਲ ਕੋਈ ਸਲਾਹ ਹੀ ਨਹੀਂ ਕਰਦਾ, ਜੇ ਕਦੇ ਕੋਈ ਕੀਤੀ ਵੀ ਜਾਵੇ, ਤਾਂ ਕਚਹਿਰੀ ਖੁਲ੍ਹਦਿਆਂ ਹੀ ਝਟਪਟ ਸਰਕਾਰੀ ਵਕੀਲਾਂ ਪਾਸ ਸਾਰੀ ਗੱਲ ਅਪੜ ਜਾਂਦੀ ਹੈ। ਇਸ ਵਾਸਤੇ ਵੀ ਹੁਣ ਕੋਈ ਹਿੱਸਾ ਹੁੱਸਾ ਮੈਂ ਨਹੀਂ ਲੈਂਦਾ। ਮੈਨੂੰ ਇਹ ਵੀ ਪਤਾ ਹੈ ਕਿ ਜੇ ਸਾਡੇ ਵੀਰ ਕਾਹਲੇ ਨ ਪੈਂਦੇ ਤਾਂ ਹੁਣ ਤੀਕ ਸਾਰਾ ਕੰਮ ਠੀਕ ਹੋ ਗਿਆ ਹੁੰਦਾ।"[14]

ਇਕ ਦਿਨ ਸ. ਭਾਗ ਸਿੰਘ ਵਕੀਲ ਨੇ, ਜੋ ਸ. ਤੇਜਾ ਸਿੰਘ ਦੀ ਸੱਜੀ ਬਾਂਹ ਅਤੇ ਪੁੱਤਰਾਂ ਨਾਲੋਂ ਵੀ ਵਧ ਅਜ਼ੀਜ਼ ਸਨ, ਬਾਵਾ ਹਰਕਿਸ਼ਨ ਸਿੰਘ ਜੀ ਨੂੰ ਕਿਹਾ ਕਿ "ਤੁਸੀਂ ਆਖਦੇ ਹੋ ਕਿ ਅਸੀਂ ਗਰਮ ਧੜੇ ਵਾਲੇ ਤੁਹਾਡੇ ਨਾਲ ਨਹੀਂ ਤੁਰਦੇ ਅਤੇ ਤੁਹਾਨੂੰ 'ਬੱਦੂ' ਕਰਕੇ ਕੱਢਣਾ ਤੇ ਆਪ ਲੀਡਰ ਬਣਨਾ ਚਾਹੁੰਦੇ ਹਾਂ, ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ, ਬਾਵਾ ਜੀ, ਇਸ ਬਾਰੇ ਕੋਈ ਮੁਨਸਿਫ਼ ਮਿਥ ਲਵੋ ਜੋ ਦੋਹਾਂ ਧਿਰਾਂ ਨੂੰ ਪ੍ਰਵਾਨ ਹੋਵੇ ਅਤੇ ਜਿਹੜਾ ਇਹ ਨਿਰਣਾ ਕਰ ਦੇਵੇ ਕਿ ਇਹ ਸ਼ਰਤਾਂ ਹਨ ਜਾਂ ਨਹੀਂ ?" ਇਸ ਉੱਤੇ ਪੰਡਿਤ ਮਦਨ ਮੋਹਨ ਮਾਲਵੀਆ ਜੀ ਨੂੰ ਦੋਹਾਂ ਧਿਰਾਂ ਵਲੋਂ ਮੁਨਸਿਫ਼ ਮਿਥਿਆ ਗਿਆ ਅਤੇ ਆਪੋ ਵਿਚ ਦਸਤਖ਼ਤ ਹੋ ਗਏ। ਤੀਜੇ ਦਿਨ ਬਾਵਾ ਜੀ ਬੋਲ ਪਏ ਕਿ ਸਾਨੂੰ ਇਹ ਗੱਲ ਮਨਜ਼ੂਰ

---

12 'ਕ੍ਰਿਪਾਨ ਬਹਾਦਰ' (੨੨ ਫਰਵਰੀ, ੧੯੨[illegible]), ਪੰਨਾ ੧੨.

13 ਉਹੀ, ਪੰਨਾ [illegible]੩.

14 ਉਹੀ, ਪੰਨਾ ੧੨-੧੩.

Digital Library

ਨਹੀਂ ।[15]

ਅੰਤ ਲੁਕ ਲੁਕ ਕੇ ਗੁੰਦੀਆਂ ਜਾ ਰਹੀਆਂ ਗੰਦਾਂ ਆਪਣਾ ਰੰਗ ਲਿਆਈਆਂ । ਸਭ ਤੋਂ ਪਹਿਲਾਂ ਬਾਵਾ ਹਰਕਿਸ਼ਨ ਸਿੰਘ ਨੇ ਪੰਥ ਨੂੰ ਹਾਰ ਦਿੱਤੀ । ੨੫ ਜਨਵਰੀ ੧੯੨੬ ਨੂੰ ਜਦੋਂ ਲਾਹੌਰ ਕਿਲ੍ਹੇ ਦੀ ਅਦਾਲਤ ਵਿਚ ੧੦ ਵਜੇ ਮੁਕੱਦਮਾ ਸ਼ੁਰੂ ਹੋਇਆ, ਤਾਂ ਉਸ ਹੇਠ ਲਿਖਿਆ ਬਿਆਨ ਦਿੱਤਾ :

"ਹਿਜ਼ ਐਕਸੇਲੈਂਸੀ ਗਵਰਨਰ ਪੰਜਾਬ ਨੇ ਜਿਹੜੀ ਤਕਰੀਰ ੯ ਜੁਲਾਈ ੧੯੨੫ ਨੂੰ ਲੈਜਿਸਲੇਟਿਵ ਕੌਂਸਲ ਵਿਚ ਕੀਤੀ ਹੈ, ਉਸ ਦਾ ਹਵਾਲਾ ਦੇ ਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਗੁਰਦਵਾਰਾ ਐਕਟ ਦਾ ਖਰੜਾ ਤਿਆਰ ਕਰਨ ਵਿਚ ਮਦਦ ਕੀਤੀ ਹੈ ਤੇ ਇਸ ਨੂੰ ਗੁਰਦਵਾਰਾ ਸੁਧਾਰ ਲਹਿਰ ਦੀਆਂ ਜ਼ਰੂਰੀ ਗੱਲਾਂ ਪੂਰੀਆਂ ਕਰਨ ਲਈ ਤਸੱਲੀ-ਬਖ਼ਸ਼ ਸਮਝਦਾ ਹਾਂ । ਇਸ ਐਕਟ ਦੇ ਹੁੰਦਿਆਂ ਸਿੱਧੀ ਕਾਰਵਾਈ ਕਰਨ ਦੀ ਲੋੜ ਰਹਿ ਨਹੀਂ ਜਾਂਦੀ । ਇਸ ਲਈ ਮੈਂ ਗੁਰਦਵਾਰਿਆਂ ਦੇ ਪ੍ਰਬੰਧ ਸੰਬੰਧੀ ਕੋਈ ਸਿੱਧੀ ਕਾਰਵਾਈ ਨਹੀਂ ਕਰਾਂਗਾ । ਇਸ ਐਕਟ ਤੇ ਸੰਜੀਦਗੀ ਨਾਲ ਵਰਤੋਂ ਕਰਾਂਗਾ । ਸੱਚੇ ਦਿਲੋਂ ਪੰਥ ਪਾਸ ਅਪੀਲ ਕਰਾਂਗਾ ਕਿ ਉਹ ਵੀ ਐਸਾ ਹੀ ਕਰੇ ।"[16]

ਉਸ ਦੇ ਪਿੱਛੋਂ ਸ. ਮਹਿਤਾਬ ਸਿੰਘ ਤੇ ਉਨ੍ਹਾਂ ਦੇ ਸਾਥੀ ੧੮ ਹੋਰ ਅਕਾਲੀ ਆਗੂਆਂ ਨੇ ਇਕੱਲੇ ਇਕੱਲੇ ਉੱਠ ਕੇ ਕਿਹਾ ਕਿ ਸਾਨੂੰ ਬਾਵਾ ਜੀ ਦਾ ਬਿਆਨ ਪੜ੍ਹ ਕੇ ਸੁਣਾਇਆ ਜਾਵੇ । ਬਣਾਈ ਗਈ ਬਿਧ ਅਨੁਸਾਰ ਬਿਆਨ ਪੜ੍ਹ ਕੇ ਸੁਣਾਇਆ ਗਿਆ ਤੇ ਬਾਹਰ ਜਾਣ ਦੇ ਚਾਹਵਾਨ ਬਿਆਨ ਦੀ ਤਾਈਦ ਕਰਦੇ ਗਏ । ਇਸ ਉਪਰ ਸਰਕਾਰੀ ਵਕੀਲ ਮਿਸਟਰ ਪੈੱਟਮੈਨ ਨੇ ਸਰਕਾਰ ਦੀ ਹਦਾਇਤ ਅਨੁਸਾਰ ਇਨ੍ਹਾਂ ਵੀਹ ਲੀਡਰਾਂ ਦੇ ਬਰਖ਼ਿਲਾਫ਼ ਮੁਕੱਦਮਾ ਵਾਪਸ ਲੈ ਲਿਆ :

| | |
|---|---|
| ੧. ਜ. ਮਹਿਤਾਬ ਸਿੰਘ | ੨. ਬਾਵਾ ਹਰਕਿਸ਼ਨ ਸਿੰਘ |
| ੩. ਸ. ਗੁਰਦਿਤ ਸਿੰਘ (ਬਹਿਲੋਲਪੁਰੀ) | ੪. ਸੋਢੀ ਪ੍ਰੀਤਮ ਸਿੰਘ (ਆਨੰਦਪੁਰ) |
| ੫. ਸ. ਗੁਰਦਿਤ ਸਿੰਘ, ਐਡੀਟਰ 'ਨੇਸ਼ਨ' | ੬. ਮਾ. ਮਹਿਤਾਬ ਸਿੰਘ (ਤਰਨ ਤਾਰਨ) |
| ੭. ਗਿਆਨੀ ਸ਼ੇਰ ਸਿੰਘ | ੮. ਸ. ਗੁਰਬਖ਼ਸ਼ ਸਿੰਘ (ਦਿੱਲੀ) |
| ੯. ਸ. ਗੁਪਾਲ ਸਿੰਘ ਸਾਗਰੀ | ੧੦. ਕਪਤਾਨ ਰਾਮ ਸਿੰਘ |
| ੧੧ ਸ. ਪਿਆਰਾ ਸਿੰਘ ਲੰਗੇਰੀ | ੧੨. ਸ. ਕਿਰਪਾਲ ਸਿੰਘ (ਅੰਮ੍ਰਿਤਸਰ) |
| ੧੩. ਸ. ਕਿਸ਼ਨ ਸਿੰਘ (ਅੰਮ੍ਰਿਤਸਰ) | ੧੪. ਸ. ਦਲੀਪ ਸਿੰਘ (ਅੰਮ੍ਰਿਤਸਰ) |
| ੧੫. ਸ. ਬਾਲ ਸਿੰਘ ਕੈਨੇਡੀਅਨ | ੧੬. ਸ. ਦਾਨ ਸਿੰਘ ਵਛੋਆ |
| ੧੭. ਸ. ਬਖਸ਼ੀਸ਼ ਸਿੰਘ (ਲੁਧਿਆਣਾ) | ੧੮. ਭਗਤ ਜਸਵੰਤ ਸਿੰਘ (ਰਾਵਲਪਿੰਡੀ) |
| ੧੯. ਸ. ਮਿਤ ਸਿੰਘ ਕੈਨੇਡੀਅਨ | ੨੦. ਪ੍ਰੋ. ਸਾਹਿਬ ਸਿੰਘ ਬੀ. ਏ. |

[15] ਉਹੀ, ਪੰਨਾ ੧੩.

[16] ਪ੍ਰਤਾਪ ਸਿੰਘ (ਗਿਆਨੀ), 'ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ', ਪੰਨਾ ੪੯੨.

Digitized by Panjab Digital Library | www.panjabdigilib.org

ਉਕਤ ਬਿਆਨ ਹੇਠਾਂ ਇਨ੍ਹਾਂ ਸਾਰਿਆਂ ਦੇ ਦਸਤਖ਼ਤ ਕਰਵਾ ਲਏ ਗਏ ਤੇ ਇਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ ।

ਜਦ ਸ. ਮਹਿਤਾਬ ਸਿੰਘ ਤੇ ਉਸ ਦੇ ਸਾਥੀ ਸ਼ਰਤਾਂ ਮੰਨ ਕੇ ਜੇਲ੍ਹ ਵਿੱਚੋਂ ਬਾਹਰ ਆਉਣ ਲਗੇ ਤਾਂ ਸ. ਤੇਜਾ ਸਿੰਘ ਸਮੁੰਦ੍ਰੀ ਨੇ ਸ. ਮਹਿਤਾਬ ਸਿੰਘ ਦੀ ਬਾਂਹ ਪਕੜ ਲਈ ਤੇ ਬੜੇ ਤਰਲੇ ਨਾਲ ਕਿਹਾ, "ਤੁਸੀਂ ਨ ਜਾਓ ।" ਸ. ਮਹਿਤਾਬ ਸਿੰਘ ਤਾਂ ਕੁਝ ਨ ਬੋਲੇ ਪਰ ਬਾਵਾ ਹਰਕਿਸ਼ਨ ਸਿੰਘ ਨੇ ਕਿਹਾ, "ਕੈਪਟਨ ਮਸਟ ਗੋ ਵਿਦ ਹਿਜ਼ ਟੀਮ" (Captain must go with his team.) । ਕੈਪਟਨ ਟੀਮ ਨਾਲ ਤਾਂ ਗਿਆ, ਪਰ ਕੌਮ ਦਾ ਬੇੜਾ ਗ਼ਰਕ ਕਰ ਕੇ ਤੇ ਸਾਥੀਆਂ ਨੂੰ ਆਪਣੇ ਹਾਲ ਤੇ ਛਡ ਕੇ । ਜੇ ਉਹ ਜਹਾਜ਼ ਦੇ ਕਪਤਾਨਾਂ ਵਾਲੀ ਅਸਲ ਸਪਿਰਿਟ ਉਪਰ ਚਲਦਾ ਤਾਂ ਬੇੜੇ ਦੇ ਨਾਲ ਹੀ ਡੁਬ ਮਰਦਾ ਜਾਂ ਉਸ ਨੂੰ ਇਸ ਭੰਵਰ ਵਿੱਚੋਂ ਬਾਹਰ ਕਢ ਲਿਜਾਂਦਾ ; ਆਪਣੀ ਜਾਨ ਪਿਆਰੀ ਨ ਕਰਦਾ । ਮਨੁੱਖੀ ਕਮਜ਼ੋਰੀ ਦੀ ਕਹਾਣੀ ਇਸ ਨਾਲੋਂ ਵਧੇਰੇ ਦਰਦਨਾਕ ਹੋਰ ਕੀ ਹੋ ਸਕਦੀ ਹੈ ? ਇਹ ਸ. ਹਰਕਿਸ਼ਨ ਸਿੰਘ ਹੀ ਸੀ ਜਿਸ ਮਹਾਰਾਜਾ ਰਿਪੁਦਮਨ ਸਿੰਘ ਨੂੰ ਇਕ ਮੁਲਾਕਾਤ ਸਮੇਂ ਕਿਹਾ ਸੀ ਕਿ "ਮੇਰੇ ਤਿੰਨ ਪੁਤ੍ਰ, ਦੋ ਲੜਕੀਆਂ, ਮੇਰੀ ਸਿੰਘਣੀ ਅਤੇ ਮੈਂ ਖੁਦ, ਸੱਤ ਜੀਅ ਟੋਟੇ ਟੋਟੇ ਹੋ ਜਾਵਾਂਗੇ, ਪਰ ਤੁਹਾਨੂੰ ਮੈਂ ਹਾਥੀ ਤੇ ਚਾਹੜ ਕੇ ਨਾਭੇ ਲੈ ਚਲਾਂਗਾ" ।[17] ਅੱਜ ਉਹੀ ਉਸ ਗੱਲ ਨੂੰ ਵਿਸਾਰ ਕੇ ਬਾਹਰ ਜਾਣ ਲਈ ਕਾਹਲਾ ਪਿਆ ਹੋਇਆ ਸੀ ।

ਸਾਥੀਆਂ ਦੇ ਇਸ ਤਰ੍ਹਾਂ ਛਡ ਜਾਣ ਨੇ ਸ. ਤੇਜਾ ਸਿੰਘ ਸਮੁੰਦ੍ਰੀ ਦੇ ਦਿਲ ਤੇ ਡਾਢੀ ਸੱਟ ਮਾਰੀ । ਉਨ੍ਹਾਂ ਦਾ ਖ਼ਿਆਲ ਸੀ ਕਿ ਉਨ੍ਹਾਂ ਨੂੰ ਦੋ/ਤਿੰਨ ਮਹੀਨੇ ਹੋਰ ਬਿਨਾ-ਸ਼ਰਤ ਰਿਹਾਈ ਲਈ ਅੜੇ ਰਹਿਣਾ ਚਾਹੀਦਾ ਹੈ । ਉਹ ਕਿਹਾ ਕਰਦੇ ਸਨ ਕਿ "ਜੇਕਰ ਅਸੀਂ ਸਾਰੇ ਸਾਥੀ ਇਸ ਗੱਲ ਉਤੇ ਦ੍ਰਿੜ ਹੋ ਜਾਈਏ ਤਾਂ ਸਰਕਾਰ ਨੂੰ ਅਖ਼ੀਰ ਝੁਕ ਕੇ ਮੁਕੱਦਮਾ ਵਾਪਸ ਲੈਣਾ ਪਵੇਗਾ ; ਇਸ ਵਿਚ ਪੰਥ ਦੀ ਬਹੁਤ ਵੱਡੀ ਜਿੱਤ ਹੋਵੇਗੀ" ।[18]

ਇਨ੍ਹਾਂ ਲੀਡਰਾਂ ਦੀ ਰਿਹਾਈ ਉੱਤੇ ਪੰਜਾਬ ਦੀਆਂ ਅਖ਼ਬਾਰਾਂ ਨੇ ਇਨ੍ਹਾਂ ਲੀਡਰਾਂ ਨੂੰ ਲਾਨ੍ਹਤ ਪਾਈ ਤੇ ਇਸ ਰਿਹਾਈ ਵਿਚ ਸਿੱਖਾਂ ਦੀ ਹੇਠੀ ਸਮਝੀ । 'ਬੱਬਰ ਸ਼ੇਰ' ਨੇ ਲਿਖਿਆ ਕਿ "ਸ. ਮਹਿਤਾਬ ਸਿੰਘ ਜੀ ਅਤੇ ਉਨ੍ਹਾਂ ਦੇ ਬਹੁਤ ਸਾਰੇ ਸਾਥੀ ਮਾਫ਼ੀਆਂ ਮੰਗ ਆਏ ਨੇ ਅਤੇ ਪੰਥ ਨੂੰ 'ਬੇਦਾਵਾ' ਦੇ ਕੇ ਸਿੱਖ ਮੁਖੀ ਲਿੱਦ ਕਰ ਆਏ ਨੇ ।"[19]

ਲਾਹੌਰ ਦੇ ਪ੍ਰਸਿੱਧ ਅਖ਼ਬਾਰ 'ਪ੍ਰਤਾਪ' ਨੇ ਲਿਖਿਆ ਕਿ ਭਾਵੇਂ ਕੁਝ ਸਜਨਾਂ ਵਿਚ ਇਹ ਉਡਾਇਆ ਜਾ ਰਿਹਾ ਹੈ ਕਿ ਸਿੱਖ ਲੀਡਰਾਂ ਦੀ ਇਹ ਰਿਹਾਈ ਸ਼ਰਤੀਆ ਰਿਹਾਈ ਨਹੀਂ ਹੈ, ਪਰ ਸਾਡੇ ਖ਼ਿਆਲ ਵਿਚ ਤਾਂ ਰਿਹਾਈ ਸ਼ਰਤੀਆ ਏ ।"[20]

---

17 'ਕ੍ਰਿਪਾਨ ਬਹਾਦਰ' (੨੨ ਫ਼ਰਵਰੀ ੧੯੨੬), ਪੰਨਾ ੧੩

18 ਬਿਆਨ ਸ. ਤੇਜਾ ਸਿੰਘ ਚੂਹੜਕਾਣਾ ।

19-20 'ਕ੍ਰਿਪਾਨ ਬਹਾਦਰ' (੧ ਫ਼ਰਵਰੀ ੧੯੨੬), ਪੰਨਾ ੫-੬

Digital Library | ww

ਲਾਹੌਰ ਤੋਂ ਇਕ ਦੂਜੇ ਸਮਕਾਲੀ 'ਮਿਲਾਪ' ਨੇ ਲਿਖਿਆ ਕਿ "ਸਰਕਾਰ ਨੇ ਆਪਣੀ ਜ਼ਿੱਦ ਪੂਰੀ ਕਰ ਲਈ ਹੈ।"[21]

'ਅਕਾਲੀ' ਅਖ਼ਬਾਰ ਨੇ ਵੀ ਇਨ੍ਹਾਂ ਵੀਰਾਂ ਦੀ ਰਿਹਾਈ ਨੂੰ "ਜ਼ਿੱਲਤ ਭਰੀ ਰਿਹਾਈ" ਆਖਿਆ।[22]

ਸ਼ਿਰੋਮਣੀ ਅਕਾਲੀ ਦਲ ਨੇ ਆਪਣੇ ਐਲਾਨ ਨੰ: ੧ ਵਿਚ ਕਿਹਾ ਕਿ ਅਜੇਹੀਆਂ ਸ਼ਰਤਾਂ ਮੰਨਣ ਨਾਲ ਸਾਡੇ ਇਤਿਹਾਸ ਨੂੰ "ਕਾਲਾ ਦਾਗ" ਲੱਗਾ ਹੈ। ਉਨ੍ਹਾਂ ਨੇ ਸਾਰੇ ਪੰਥ ਨੂੰ ਚੇਤਾਵਨੀ ਦਿੱਤੀ ਕਿ ਅਜੇਹੇ "ਮਾਫ਼ੀ ਮੰਗੂ" ਲੀਡਰਾਂ ਨੂੰ ਜਥੇਦਾਰ ਬਣਾਉਣਾ ਪੰਥਕ ਆਨ ਸ਼ਾਨ ਨੂੰ ਵੱਟਾ ਲਗਾਉਣਾ ਹੈ।

ਗੁਰੂ ਪੰਥ ਨੇ "ਸ਼ਰਤਾਂ ਮੰਨ ਕੇ ਆਏ" ਸਜਨਾਂ ਦੀ ਰਿਹਾਈ ਨੂੰ ਬਹੁਤ ਘ੍ਰਿਣਾ ਭਰੀ ਨਿਗ੍ਹਾ ਨਾਲ ਵੇਖਿਆ ਅਤੇ ਜਿਥੇ ਜਿਥੇ ਇਹ ਖ਼ਬਰ ਪੁੱਜੀ, ਉੱਥੇ ਉੱਥੇ ਹੀ ਲੋਕਾਂ ਨੇ ਦਿਲੀ ਸ਼ੋਕ ਦਾ ਪ੍ਰਗਟਾਵਾ ਕੀਤਾ; ਹੋਰ ਤਾਂ ਹੋਰ, ਜਦੋਂ ਇਹ ਖ਼ਬਰ ਪੰਡਿਤ ਮਦਨ ਮੋਹਨ ਮਾਲਵੀਆ ਨੂੰ ਮਿਲੀ ਤਾਂ ਉਹ ਸਿਰ ਤੇ ਹੱਥ ਰੱਖ ਕੇ ਘੰਟਿਆਂ ਬੱਧੀ ਅਤਿ ਸੋਗਮਈ ਦਸ਼ਾ ਵਿਚ ਬੈਠੇ ਰਹੇ ਕਿ ਸ. ਮਹਿਤਾਬ ਸਿੰਘ ਵਰਗੇ ਸਿਆਣੇ ਬਿਆਣੇ ਮਨੁੱਖ ਨੇ ਇਹ ਕੀ ਕੀਤਾ ਹੈ?[23]

ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਐਲਾਨ ਨੰਬਰ ੫੦ ਵਿਚ ਸ਼ਰਤਾਂ ਨ ਮੰਨਣ ਵਾਲੇ ਲਾਹੌਰ ਕਿਲ੍ਹੇ ਵਿਚ ਬੰਦ ਬਾਕੀ ਸੂਰਬੀਰਾਂ ਨੂੰ ਵਧਾਈ ਦੇਂਦਿਆਂ ਕਿਹਾ:

> "ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹੇਠ ਲਿਖੇ ਸੱਜਨਾਂ ਨੂੰ, ਜਿਨ੍ਹਾਂ ਨੇ ਸ਼ਰਤਾਂ ਤੇ ਦਸਤਖ਼ਤ ਨਹੀਂ ਕੀਤੇ ਵਧਾਈ ਦੇਂਦੀ ਹੈ ਅਤੇ ਉਨ੍ਹਾਂ ਤੇ ਉਨ੍ਹਾਂ ਦੇ ਸੰਬੰਧੀਆਂ ਨਾਲ ਉਨ੍ਹਾਂ ਦੀਆਂ ਤਕਲੀਫ਼ਾਂ ਵਿਚ ਪੂਰੀ ਪੂਰੀ ਹਮਦਰਦੀ ਪ੍ਰਗਟ ਕਰਦੀ ਹੈ ਅਤੇ ਉਨ੍ਹਾਂ ਸੂਰਬੀਰਾਂ ਨੂੰ ਭਰੋਸਾ ਦਿਵਾਉਂਦੀ ਹੈ ਕਿ ਸਿੱਖ ਉੱਨਾ ਚਿਰ ਕਦੇ ਵੀ ਆਰਾਮ ਨਾਲ ਨਹੀਂ ਬੈਠ ਸਕਦੇ ਜਦ ਤਾਈਂ ਕਿ ਉਨ੍ਹਾਂ ਦੀ ਰਿਹਾਈ ਪ੍ਰਾਪਤ ਨ ਕਰਵਾ ਲੈਣ।"[24]

| | |
|---|---|
| ੧. ਸ. ਤੇਜਾ ਸਿੰਘ ਸਮੁੰਦ੍ਰੀ | ੨. ਮਾ. ਤਾਰਾ ਸਿੰਘ |
| ੩. ਸਰਮੁਖ ਸਿੰਘ ਝਬਾਲ | ੪. ਸ. ਭਾਗ ਸਿੰਘ ਵਕੀਲ |
| ੫. ਸ. ਗੁਰਚਰਨ ਸਿੰਘ ਵਕੀਲ | ੬. ਸ. ਗੁਪਾਲ ਸਿੰਘ ਕੌਮੀ |
| ੭. ਸ. ਹਰੀ ਸਿੰਘ ਜਲੰਧਰੀ | ੮. ਸ. ਹਰੀ ਸਿੰਘ ਚੱਕਵਾਲੀਆ, (ਐਡੀਟਰ 'ਅਕਾਲੀ ਤੇ ਪ੍ਰਦੇਸੀ') |

21 'ਕ੍ਰਿਪਾਨ ਬਹਾਦਰ' (੧ ਫ਼ਰਵਰੀ ੧੯੨੬), ਪੰਨਾ ੫-੬.

22, 23 ਉਹੀ।

24 'ਕ੍ਰਿਪਾਨ ਬਹਾਦਰ' (੪ ਫ਼ਰਵਰੀ ੧੯੨੬), ਪੰਨਾ ੫-੬

b Digital Library | ww

| | |
|---|---|
| ੯. ਸ. ਸੰਤਾ ਸਿੰਘ ਸੁਲਤਾਨਵਿੰਡ | ੧੦. ਬਾਬੂ ਤ੍ਰਿਪਤ ਸਿੰਘ ਲਾਇਲਪੁਰ |
| ੧੧. ਸ. ਰਾਏ ਸਿੰਘ ਕਾਉਣੀ ਉਰਫ ਦਲਜੀਤ ਸਿੰਘ | ੧੨. ਸ. ਸੇਵਾ ਸਿੰਘ ਠੀਕਰੀਵਾਲਾ |
| ੧੩. ਸ. ਤੇਜਾ ਸਿੰਘ ਅਕਰਪੁਰੀ | ੧੪. ਸ. ਸੋਹਣ ਸਿੰਘ ਜੋਸ਼ |
| ੧੫. ਸ. ਤੇਜਾ ਸਿੰਘ ਘਵਿੰਡ | ੧੬. ਸ. ਤੇਜਾ ਸਿੰਘ ਚੂਹੜਕਾਣਾ |

ਜਿਵੇਂ ਕਿ ਸੁਭਾਵਕ ਸੀ, ਵੀਹ ਅਕਾਲੀ ਲੀਡਰਾਂ ਦੇ ਸਰਕਾਰ ਦੀਆਂ ਸ਼ਰਤਾਂ ਮੰਨ ਕੇ ਬਾਹਰ ਆ ਜਾਣ ਉੱਤੇ ਪੰਥ ਵਿਚ ਫੁਟ ਪੈ ਗਈ; ਬਾਹਰ ਆਏ ਲੀਡਰ ਕੁਝ ਹੋਰ ਕਹਿ ਰਹੇ ਸਨ ਤੇ ਅੰਦਰਲੇ ਕੁਝ ਹੋਰ। ਬਾਹਰ ਤਜਵੀਜ਼ਾਂ ਹੋ ਰਹੀਆਂ ਸਨ ਕਿ ਕਿਸੇ ਤਰ੍ਹਾਂ ਅੰਦਰਲਿਆਂ ਨੂੰ ਵੀ ਅਜੇਹੀਆਂ ਸ਼ਰਤਾਂ ਮੰਨਣ ਲਈ ਤਿਆਰ ਕੀਤਾ ਜਾਵੇ। ਉਸ ਸਮੇਂ ਕਿਲ੍ਹੇ ਵਿਚ ਬੰਦ ਸ. ਤੇਜਾ ਸਿੰਘ ਸਮੁੰਦ੍ਰੀ ਤੇ ਉਨ੍ਹਾਂ ਦੇ ਸਾਥੀ ਲੀਡਰਾਂ ਨੇ ਪੰਥ ਦੇ ਨਾਂ ਲਿਖਿਆ ਇਕ ਸੰਦੇਸ਼ਾ ਭੇਜਿਆ ਜਿਸ ਵਿਚ ਬਾਰ ਬਾਰ ਇਸ ਗੱਲ ਉਤੇ ਜ਼ੋਰ ਦਿੱਤਾ ਹੋਇਆ ਸੀ ਕਿ ਪੰਥ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਕੋਈ ਵੀ ਕੁਰਬਾਨੀ ਵੱਡੀ ਨਹੀਂ। ਆਪਣੀ ਰਿਹਾਈ ਬਾਰੇ ਆਪ ਨੇ ਲਿਖਿਆ ਸੀ :

> "... ਅਸਾਂ ਸੁਣਿਆ ਹੈ ਕਿ ਕਈ ਸੱਜਣ ਇਹ ਤਜਵੀਜ਼ ਕਰਨੀ ਚਾਹੁੰਦੇ ਹਨ ਕਿ ਹੁਣ ਸਾਰੇ ਅਕਾਲੀ ਕੈਦੀ ਲਿਖਤੀ ਜਾਂ ਜ਼ਬਾਨੀ ਮੁਆਫ਼ੀ ਮੰਗ ਆਉਣ। ਅਜੇਹਾ ਕਰਨਾ ਸਾਡੇ ਪੁਰ ਫਿਟਕਾਰਾਂ ਪਾਉਣੀਆਂ ਹਨ ਅਤੇ ਇਹ ਗੁਰੂ ਪੰਥ ਦੇ ਪਵਿੱਤਰ ਇਤਿਹਾਸ ਵਿਚ ਇਕ ਕਾਲਾ ਦਾਗ ਹੋਵੇਗਾ। ਅਸੀਂ ਫੇਰ ਬੇਨਤੀ ਕਰ ਦੇਂਦੇ ਹਾਂ ਕਿ ਪੰਥ ਸਾਡੀ ਰਿਹਾਈ ਦਾ ਕੋਈ ਫ਼ਿਕਰ ਨ ਕਰੇ ਅਤੇ ਸਾਨੂੰ ਰਿਹਾ ਕਰਾਉਣ ਲਈ ਪੰਥ ਦੇ ਪਵਿਤਰ ਇਤਿਹਾਸ ਨੂੰ ਦਾਗੀ ਨ ਕੀਤਾ ਜਾਵੇ..."।[25]

ਕੋਈ ਦੋ ਕੁ ਹਫਤੇ ਪਿੱਛੋਂ ੮ ਫ਼ਰਵਰੀ, ੧੯੨੯ ਨੂੰ, ਸ. ਤੇਜਾ ਸਿੰਘ ਚੂਹੜਕਾਣਾ ਵੀ, ਆਪਣੇ ਕਥਨ ਅਨੁਸਾਰ, ਉਸੇ "ਮੋਰੀ ਥਾਣੀਂ" ਲੰਘ ਕੇ ਬਾਹਰ ਆ ਗਿਆ ਜਿਥੋਂ ਦੀ ਬਾਕੀ ਦੇ ਲੰਘ ਕੇ ਆਏ ਸਨ। ਉਸ ਦੇ ਜਾਣ ਸਮੇਂ ਸ. ਤੇਜਾ ਸਿੰਘ ਸਮੁੰਦ੍ਰੀ ਕੋਲ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ, ਸ. ਸਾਹਿਬ ਸਿੰਘ ਜੀ, ਮੁਲਾਕਾਤ ਲਈ ਆਏ ਹੋਏ ਸਨ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਬੜੀ ਦੁਖ ਭਰੀ ਆਵਾਜ਼ ਵਿਚ ਤੇਜਾ ਸਿੰਘ ਚੂਹੜਕਾਣਾ ਨੂੰ ਕਿਹਾ : "ਤੂੰ ਵੀ ਬਾਹਰ ਜਾ ਰਿਹਾ ਏਂ ! ਤੂੰ ਵੀ ਸ. ਮਹਿਤਾਬ ਸਿੰਘ ਹੋਰਾਂ ਨਾਲ ਮਿਲ ਕੇ ਕੰਮ ਕਰੇਂਗਾ !"

ਸ. ਸਾਹਿਬ ਸਿੰਘ ਦੱਸਦੇ ਹਨ ਕਿ ਉਸ ਦਿਨ "ਬਾਪੂ ਜੀ ਬਹੁਤ ਉਦਾਸ ਸਨ।" ਪੰਥ ਦੀ ਫੁਟ ਉਨ੍ਹਾਂ ਦੇ ਦਿਲ ਤੇ ਪਹਾੜ ਵਰਗਾ ਬੋਝ ਬਣ ਕੇ ਛਾ ਗਈ ਸੀ।

ਸ. ਤੇਜਾ ਸਿੰਘ ਚੂਹੜਕਾਣਾ ਦਾ ਬੇ-ਦਾਵਾ ਦੇ ਜਾਣਾ ਇਨਸਾਨੀ ਕਮਜ਼ੋਰੀ ਦੀ ਦੂਜੀ ਮਿਸਾਲ [illegible] ਸੀ। ਏਸੇ ਸ. ਤੇਜਾ ਸਿੰਘ ਚੂਹ[illegible]ਕਾਣਾ ਨੇ ੨੦ ਦਸੰਬਰ ੧੯੨੪ ਨੂੰ ਜੇਲ੍ਹ ਵਿੱਚੋਂ

[illegible] 'ਪ੍ਰਧਾਨ ਬਹਾਦਰ' ([illegible] ਫਰਵਰੀ ੧੯੨੪) ਪੰਨਾ [illegible]੨

igital Library |

ਲਿਖੀ ਆਪਣੀ ਇਕ ਚਿੱਠੀ ਵਿਚ ਤਜਵੀਜ਼ ਕੀਤੇ ਗਏ ਗੁਰਦਵਾਰਾ ਬਿਲ ਨੂੰ ਨਿੰਦਦਿਆਂ ਉਸ ਦੇ ਮੰਨ ਲੈਣ ਨੂੰ "ਡੁੱਬ ਮਰਨ" ਦੇ ਤੁਲ ਦੱਸਿਆ ਸੀ ਤੇ ਆਗੂਆਂ ਨੂੰ ਐਸੀ ਭੁੱਲ ਕਰਨ ਤੋਂ ਰੋਕਿਆ ਸੀ।[26] ਅੱਜ ਉਹ ਵੀ "ਡੁੱਬ ਮਰਨ" ਨੂੰ ਤਿਆਰ ਹੋ ਗਿਆ ਸੀ!

ਫਿਰ ਵੀ, ਇਕ ਗੱਲੋਂ ਤੇਜਾ ਸਿੰਘ ਚੂਹੜਕਾਣਾ ਦੀ ਦਾਦ ਦੇਣੀ ਪੈਂਦੀ ਹੈ। ਬਾਹਰ ਨਿਕਲਦੇ ਹੀ ਉਸ ਨੂੰ ਆਪਣੀ ਭੁਲ ਦਾ ਇਹਸਾਸ ਹੋਇਆ ਅਤੇ ਉਸ ਨੇ ਮੁਆਫ਼ੀ ਮੰਗ ਕੇ ਆਉਣ ਵਾਲੇ ਲੀਡਰਾਂ ਦਾ ਭਾਂਡਾ ਆਪਣੇ ਇਕ ਬਿਆਨ ਰਾਹੀਂ ਚੌਰਾਹੇ ਵਿਚ ਭੰਨ ਦਿੱਤਾ[27] ਅਤੇ ਇਸ ਗੁਨਾਹ ਦੇ ਪਸ਼ਚਾਤਾਪ ਵਿਚ ਬਾਕੀ ਸਾਰਾ ਜੀਵਨ ਦੇਸ਼ ਹਿਤ ਲਈ ਨਿਛਾਵਰ ਕਰ ਦਿੱਤਾ।

## ਸੈਂਟ੍ਰਲ ਜੇਲ੍ਹ ਲਾਹੌਰ ਵਿਚ

ਬਾਕੀ ਰਹਿ ਗਏ ਅਕਾਲੀ ਲੀਡਰਾਂ ਨੂੰ ੧੧ ਫ਼ਰਵਰੀ ੧੯੨੬ ਨੂੰ ਕਿਲ੍ਹਾ ਲਾਹੌਰ ਤੋਂ ਸੈਂਟ੍ਰਲ ਜੇਲ੍ਹ ਲਾਹੌਰ ਵਿਚ ਤਬਦੀਲ ਕਰ ਦਿੱਤਾ ਗਿਆ। ਇਥੇ ਇਨ੍ਹਾਂ ਦੀ ਅਦਾਲਤ ਲਈ ਉਹ ਥਾਂ ਤਜਵੀਜ਼ ਕੀਤੀ ਗਈ ਜਿੱਥੇ ਕਦੀ ਬੱਬਰ ਅਕਾਲੀਆਂ ਦਾ ਮੁਕੱਦਮਾ ਚਲਦਾ ਹੁੰਦਾ ਸੀ। ਸ. ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਮੁਕੱਦਮਾ ਵੀ ਪਿਛੋਂ ਇਸੇ ਬਿਲਡਿੰਗ ਵਿਚ ਹੀ ਚਲਿਆ।

ਸ. ਤੇਜਾ ਸਿੰਘ ਸਮੁੰਦ੍ਰੀ ਦਾ ਪੱਕਾ ਫ਼ੈਸਲਾ ਸੀ ਕਿ ਭਾਵੇਂ ਅਸੀਂ ਮਰ ਮਿਟ ਜਾਈਏ, ਅਸੀਂ ਸਰਕਾਰ ਦੀਆਂ ਸ਼ਰਤਾਂ ਮੰਨ ਕੇ ਬਾਹਰ ਨਹੀਂ ਆਵਾਂਗੇ। ਇਕ ਦਿਨ ਆਪ ਜੀ ਨੇ ਬਾਬਾ ਕਿਹਰ ਸਿੰਘ ਜੀ ਪੱਟੀ ਨੂੰ ਸੱਦ ਕੇ ਆਖਿਆ: "ਮੈਂ ਸੁਣਿਆ ਹੈ ਕਿ ਕਈ ਸੱਜਨ ਸਾਨੂੰ ਛੁਡਾਉਣ ਲਈ ਕੋਈ ਗੁਰਮਤਾ ਕਮੇਟੀ ਵਿਚ ਪਾਸ ਕਰਾਉਣਾ ਚਾਹੁੰਦੇ ਹਨ ਕਿ ਜੇਲ੍ਹ ਦੇ ਬਾਕੀ ਕੈਦੀ ਵੀ ਬਿਆਨ ਦੇ ਕੇ ਬਾਹਰ ਆ ਜਾਣ; ਇਹ ਗੱਲ ਬਹੁਤ ਬੁਰੀ ਹੈ। ਅਸੀਂ ਆਪਣੀ ਰਿਹਾਈ ਤੇ ਜਾਨ ਬਚਾਉਣ ਖਾਤਰ ਪੰਥ ਨੂੰ ਧੱਬਾ ਨਹੀਂ ਲਾਉਣਾ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਅਸੀਂ ਪੰਥ ਦੀ ਇੱਜ਼ਤ ਤੇ ਸ਼ਾਨ ਨੂੰ ਲੈ ਕੇ ਬਾਹਰ ਆਈਏ। ਨਹੀਂ ਤਾਂ ਸਾਡੀਆਂ ਲੋਥਾਂ ਭਾਵੇਂ ਜੇਲ੍ਹ ਤੋਂ ਬਾਹਰ ਨਿਕਲਣ, ਅਸੀਂ ਬਿਆਨ ਦੇ ਕੇ ਬਾਹਰ ਨਹੀਂ ਆਵਾਂਗੇ"।[28]

ਇਸ ਸੰਬੰਧ ਵਿਚ ਹੀ ਉਨ੍ਹਾਂ ਜੇਲ੍ਹ ਵਿੱਚੋਂ ਇਕ ਚਿੱਠੀ ਸ. ਮੰਗਲ ਸਿੰਘ ਨੂੰ ਲਿਖ ਭੇਜੀ ਸੀ ਜਿਸ ਦਾ ਉਤਾਰਾ ਪੇਸ਼ ਹੈ:

ਪਿਆਰੇ ਸਰਦਾਰ ਸਾਹਿਬ ਜੀ,

ਬੇਨਤੀ ਹੈ ਕਿ ਸਾਨੂੰ ਪਤਾ ਲਗਾ ਹੈ ਕਿ ਅੱਜ ਕਲ ਫਿਰ ਆਪ ਨੂੰ ਕੈਦੀ ਛੁਡਾਉਣ ਲਈ ਸਮਝੌਤੇ ਦੇ ਸਬਜ਼ ਬਾਗ਼ ਦਿਖਾਏ ਜਾ ਰਹੇ ਹਨ, ਅਰ ਇਸ

26 ਪੂਰੀ ਚਿਠੀ ਲਈ ਦੇਖੋ *Some Confidential Papers of Akali Movement*, pp. 142-44.

27 ਪੂਰੇ ਬਿਆਨ ਲਈ ਵੇਖੋ 'ਕ੍ਰਿਪਾਨ ਬਹਾਦਰ' (੨੨ ਫਰਵਰੀ ੧੯੨੬), ਪੰਨਾ ੧੧-੧੪.

28 'ਬਬਰ ਸ਼ੇਰ' (੨੪ ਜੁਲਾਈ ੧੯੨੬) ਪੰਨਾ ੬-੭.

b Digital Library | ww

ਬਹਾਨੇ ਆਪ ਨੂੰ ਅਸਲੀ ਕੰਮ ਵਲੋਂ ਰੋਕ ਰੋਕ ਕੇ ਹੋਰ ਪਾਸੇ ਲਾਇਆ ਜਾ ਰਿਹਾ ਹੈ। ਕੈਦੀ ਛੁਡਾਉਣੇ ਅਸੂਲ ਨਹੀਂ, ਅਸੂਲ ਤਾਂ ਸਗੋਂ ਪੰਥ ਦੀ ਆਨ ਸ਼ਾਨ ਬਚਾਉਣਾ ਹੈ। ਆਪ ਅਸਲੀ ਗੱਲ ਵਲੋਂ ਹਟ ਕੇ ਇਕ ਪਾਸੇ ਦੀ ਗੱਲ ਵਲ ਪੈ ਗਏ ਹੋ। ਜੇਕਰ ਆਪ ਨੇ ਪੰਥ ਦੀ ਜਥੇਬੰਦੀ ਅਰ ਸ਼ਾਨ ਨੂੰ ਬਚਾਣਾ ਹੈ ਤਾਂ ਕੈਦੀਆਂ ਦੇ ਛੁਡਾਉਣ ਦੇ ਖ਼ਿਆਲ ਨੂੰ ਬਿਲਕੁਲ ਭੁਲ ਜਾਓ ਅਰ ਪੰਥ ਨੂੰ ਚੜ੍ਹਦੀਆਂ ਕਲਾਂ ਵਾਲੇ ਪਾਸੇ ਲੈ ਜਾਣ ਦੇ ਜਤਨ ਕਰੋ।

ਤੇਜਾ ਸਿੰਘ ਸਮੁੰਦ੍ਰੀ[29]

ਇਹ ਚਿੱਠੀ ਸ. ਤੇਜਾ ਸਿੰਘ ਸਮੁੰਦ੍ਰੀ ਦੇ ਤੀਜੇ ਸਾਹਿਬਜ਼ਾਦੇ, ਸ. ਬਿਸ਼ਨ ਸਿੰਘ, ਹੱਥ ਘੱਲੀ ਗਈ ਸੀ। ਆਪ ਦੱਸਦੇ ਹਨ ਕਿ ਪਿਤਾ ਜੀ ਵਲੋਂ ਉਨ੍ਹਾਂ ਨੂੰ ਹਿਦਾਇਤ ਸੀ ਕਿ ਇਹ ਚਿੱਠੀ ਸ. ਮੰਗਲ ਸਿੰਘ ਨੂੰ ਦੇਣੀ। ਜੇ ਕੋਈ ਖੋਹਣ ਲਗੇ ਤਾਂ ਮੂੰਹ ਵਿਚ ਪਾ ਕੇ ਚਬ ਜਾਣੀ।

ਇੰਜ ਸ. ਤੇਜਾ ਸਿੰਘ ਸਮੁੰਦ੍ਰੀ ਜ਼ਲੀਲਕੁਨ ਸਰਕਾਰੀ ਸ਼ਰਤਾਂ ਨੂੰ ਜੁੱਤੀ ਦੀ ਨੋਕ ਨਾਲ ਠੁਕਰਾਉਣ ਵਾਲੇ ਅਕਾਲੀ ਲੀਡਰਾਂ ਦੇ ਆਗੂ ਸਨ। ਉਹ ਕਥਨੀ ਦੇ ਪੂਰੇ ਤੇ ਇਰਾਦੇ ਦੇ ਪੱਕੇ ਸਨ। ਉਹ ਜਿਸ ਕੰਮ ਨੂੰ ਵੀ ਹੱਥ ਪਾਉਂਦੇ ਤੋੜ ਸਿਰੇ ਚੜ੍ਹਾ ਕੇ ਛਡਦੇ। ਜੇਲ੍ਹ ਅੰਦਰ ਰਹਿੰਦਿਆਂ ਆਪ ਨੇ ਇਹ ਕਿਹਾ ਕਿ ਹੇਲੀ ਦੀਆਂ ਸ਼ਰਤਾਂ ਮੰਨ ਕੇ ਰਿਹਾ ਹੋਣਾ ਬੜੀ ਭਾਰੀ ਜ਼ਿੱਲਤ ਹੈ। ਆਪ ਸ਼ਰਤਾਂ ਨ ਮੰਨਣ ਵਾਲੇ ਅਸੂਲ ਤੇ ਅਖੀਰਲੇ ਦਮ ਤਕ ਡਟੇ ਰਹੇ ਅਤੇ ਸਿੱਖੀ ਦੀ ਆਨ ਸ਼ਾਨ ਨੂੰ ਵੱਟਾ ਨ ਲੱਗਣ ਦਿੱਤਾ। ਸਰਕਾਰ ਇਨ੍ਹਾਂ ਦੇ ਸਿਰੜ ਤੋਂ ਕਿੰਨਾ ਘਬਰਾਉਂਦੀ ਸੀ ?—ਇਸ ਗੱਲ ਦਾ ਪਤਾ ਇਨ੍ਹਾਂ ਦੀ ਮੌਤ ਤੇ ਸਰਕਾਰ ਦੀ ਇਕ ਰਿਪੋਰਟ ਵਿਚ ਦਰਜ ਇਸ ਵਾਕ ਤੋਂ ਲਗਦਾ ਹੈ : "ਬਾਕੀ ਅਤਿਵਾਦੀ ਕੈਦੀਆਂ ਲਈ ਉਸ (ਤੇਜਾ ਸਿੰਘ) ਦੀ ਮੌਤ ਇਕ ਕਰਾਰੀ ਸੱਟ ਹੋਵੇਗੀ"।[30]

ਸ. ਤੇਜਾ ਸਿੰਘ ਸਮੁੰਦ੍ਰੀ ਦੀ ਸ਼ਰਤਾਂ ਮੰਨ ਕੇ ਬਾਹਰ ਨ ਆਉਣ ਦੀ ਕੁਰਬਾਨੀ ਨੂੰ ਵੇਖ ਕੇ ਸੈਂਟ੍ਰਲ ਸਿੱਖ ਬੋਰਡ ਦੇ ਬਹੁਤ ਸਾਰੇ ਮੈਂਬਰਾਂ ਨੇ ਉਨ੍ਹਾਂ ਨੂੰ ਸੈਂਟ੍ਰਲ ਸਿੱਖ ਬੋਰਡ ਦਾ ਪ੍ਰਧਾਨ ਬਣਾਉਣ ਬਾਰੇ ਵਿਚਾਰ ਕੀਤੀ। ਇਸ ਗੱਲ ਦਾ ਜਦੋਂ ਆਪ ਨੂੰ ਜੇਲ੍ਹ ਅੰਦਰ ਪਤਾ ਲਗਿਆ ਤਾਂ ਆਪ ਨੇ ਆਪਣੇ ਇਕ ਮਿੱਤਰ ਨੂੰ ਉਚੇਚਾ ਸੱਦ ਕੇ ਆਖਿਆ : "ਮੈਨੂੰ ਪ੍ਰਧਾਨ ਬਣਾਣ ਦੀ ਭੁੱਲ ਨ ਕਰਨੀ, ਜੇ ਕੌਮ ਦੀ ਸ਼ਾਨ ਰੱਖਣੀ ਹੈ ਤਾਂ ਪੰਥ ਦੇ ਬੇਤਾਜ ਬਾਦਸ਼ਾਹ, ਬਾਬਾ ਖੜਕ ਸਿੰਘ ਸਾਹਿਬ ਜਥੇਦਾਰ, ਨੂੰ ਪ੍ਰਧਾਨ ਚੁਣੋ ਤੇ ਜਾਂ ਮਹਾਰਾਜਾ ਰਿਪੁਦਮਨ ਸਿੰਘ ਸਾਹਿਬ ਮਾਲਵੇਂਦਰ ਬਹਾਦਰ ਨਾਭਾ ਨੂੰ ਬਣਾਓ"।[31]

ਜਦ ਉਸ ਸੱਜਨ ਨੇ ਉੱਤਰ ਦਿੱਤਾ ਕਿ ਬਾਬਾ ਜੀ ਨੇ ਇਹ ਗੱਲ ਪ੍ਰਵਾਨ ਨਹੀਂ

---

29 'ਕ੍ਰਿਪਾਨ ਬਹਾਦਰ' (੧੪ ਸਤੰਬਰ ੧੯੨੫), ਪੰਨਾ ੪-੫।

30 File No. 112/IV--1926—(July Second half)—ਸ. ਸੋਹਨ ਸਿੰਘ ਜੋਸ਼ ਦੁਆਰਾ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚ ਉਧਰਿਤ, ਪੰਨਾ ੪੪੬

31 'ਕ੍ਰਿਪਾਨ ਬਹਾਦਰ' (੩ ਅਗਸਤ ੧੯੨੬), ਪੰਨਾ ੨.

Digital Library / ww

ਕਰਨੀ ਅਤੇ ਮਹਾਰਾਜਾ ਸਾਹਿਬ ਨੂੰ ਸਰਕਾਰ ਨੇ ਪੰਜਾਬ ਵਿਚ ਆਉਣ ਦੀ ਆਗਿਆ ਨਹੀਂ ਦੇਣੀ, ਤਾਂ ਅੱਗੋਂ ਸਰਦਾਰ ਜੀ ਨੇ ਕਿਹਾ : "ਭਾਵੇਂ ਬਾਬਾ ਜੀ 'ਨਾਂਹ' ਕਰ ਦੇਣ, ਪਰ ਤੁਹਾਡਾ ਕੰਮ ਹੈ ਕਿ ਤੁਸੀਂ ਵੱਡੀ ਤੋਂ ਵੱਡੀ ਇੱਜ਼ਤ, ਵੱਡੀ ਤੋਂ ਵੱਡੀ ਪਦਵੀ ਬਾਬਾ ਜੀ ਨੂੰ ਦਿਓ ਜਾਂ ਕੌਮ ਪਿੱਛੇ ਬੈਠੇ ਮਹਾਰਾਜਾ ਨਾਭਾ ਨੂੰ ਦਿਓ" ।[32]

ਅਜਬ ਆਪਾ-ਤਿਆਗ ਵਾਲਾ ਸੀ ਸ. ਤੇਜਾ ਸਿੰਘ ਸਮੁੰਦ੍ਰੀ । ਇੱਨੀ ਕੁਰਬਾਨੀ ਕਰਨ ਵਾਲਾ ਅੱਜ ਕੌਣ ਹੈ ? ਅਸੀਂ ਜੋ ਕਾਣੀ ਕੌਡੀ ਦਾ ਕੰਮ ਵੀ ਨ ਕਰਦੇ ਮਾਨ ਸਤਿਕਾਰ ਪਿੱਛੇ ਪਾਗਲ ਹੋਏ ਫਿਰਦੇ ਹਾਂ, ਸਾਨੂੰ ਇਸ ਮਹਾਨ ਆਤਮਾ ਤੋਂ ਸਿੱਖਣਾ ਚਾਹੀਦਾ ਹੈ ਕਿ ਕੌਮ ਦੀ ਸੇਵਾ ਇੰਜ ਕਰੀਦੀ ਹੈ; ਆਪਾ-ਤਿਆਗ ਇਸ ਚੀਜ਼ ਦਾ ਨਾਂ ਹੈ; ਬੰਸ ਨਿਛਾਵਰ ਇਸ ਨੂੰ ਕਹਿਦੇ ਹਨ, ਤੇ ਸਿੱਖੀ ਆਦਰਸ਼ ਇਹ ਕੁਝ ਹੈ ।

ਸ. ਮਹਿਤਾਬ ਸਿੰਘ ਦੇ ਬਾਹਰ ਆਉਣ ਦੇ ਪੰਜਵੇਂ ਦਿਨ ਸ਼੍ਰੋਮਣੀ ਗੁਰਦਵਾਰਾ ਕਮੇਟੀ ਦੀ ਜਨਰਲ ਮੀਟਿੰਗ ਹੋਈ ਜਿਸ ਵਿਚ ਸ. ਮਹਿਤਾਬ ਸਿੰਘ ਤੇ ਉਸ ਦਾ ਧੜਾ ਕਮੇਟੀ ਉਪਰ ਕਾਬਿਜ਼ ਹੋ ਗਿਆ । ਸ. ਮੰਗਲ ਸਿੰਘ ਤੇ ਸ. ਅਮਰ ਸਿੰਘ ਮਾਯੂਸ ਹੋ ਕੇ ਬਾਹਰ ਚਲੇ ਗਏ ਅਤੇ ਉਨ੍ਹਾਂ ਨੇ ਵੱਖਰੀ ਪਾਰਟੀ ਬਣਾ ਲਈ ।

ਪੰਥ ਦੀ ਦੁਰਦਸ਼ਾ ਵੇਖ ਕੇ ਪੰਥਕ ਏਕੇ ਦਾ ਨਾਅਰਾ ਲਗਣ ਲਗਾ । ਏਕਾ ਲਿਆਉਣ ਲਈ ਕਈ ਜਤਨ ਹੋਏ, ਪਰ ਕੋਈ ਸਿਰੇ ਨ ਚੜ੍ਹਿਆ । ਪੰਥ ਵਿਚ ਫੁਟ ਦਿਨੋਂ ਦਿਨ ਵਧਦੀ ਗਈ । ਉਹੀ ਕੁਝ ਹੋਣ ਲਗਾ ਜਿਸ ਦਾ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਡਰ ਸੀ । ਹਾਲਤ ਇੱਨੀ ਵਿਗੜ ਗਈ ਕਿ ਵੱਖ ਵੱਖ ਧੜਿਆਂ ਨੂੰ ਆਪਣੀ ਸਹਾਇਤਾ ਲਈ ਪੁਲਿਸ ਤਕ ਬੁਲਾਣੀ ਪਈ । ਉਹ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ, ਜਿਥੇ ਪੁਲਿਸ ਦਾ ਕੋਈ ਅਫ਼ਸਰ ਦਮ ਤਕ ਨਹੀਂ ਸੀ ਮਾਰ ਸਕਦਾ, ਬਾ-ਵਰਦੀ ਪੁਲਿਸ ਦੇ ਦਾਖ਼ਲੇ ਨਾਲ ਅਪਮਾਨਿਤ ਹੋਣ ਲਗ ਪਏ । ਫੁਟ ਨੇ ਉਹ ਆਨ ਜੋ ਸ. ਤੇਜਾ ਸਿੰਘ ਸਮੁੰਦ੍ਰੀ, ਬਾਬਾ ਖੜਕ ਸਿੰਘ ਤੇ ਉਸ ਦੇ ਸਾਥੀਆਂ ਨੇ ਖੂਨ ਸਿੰਜ ਸਿੰਜ ਕੇ ਬਣਾਈ ਸੀ, ਦਿਨਾਂ ਵਿਚ ਹੀ ਮਿੱਟੀ ਵਿਚ ਰੋਲ ਦਿੱਤੀ । ਇਸ ਚੀਜ਼ ਦਾ ਬੋਝ ਉਨ੍ਹਾਂ ਦੇ ਦਿਲ ਤੇ ਆਪਣਾ ਮਾਰੂ ਅਸਰ ਹੌਲੀ ਹੌਲੀ ਪਾ ਰਿਹਾ ਸੀ, ਪਰ ਉਹ ਰੱਬ ਦੀ ਰਜ਼ਾ ਵਿਚ ਫਿਰ ਵੀ ਰਾਜ਼ੀ ਸਨ ।

ਜਦੋਂ ਇੱਨੀ ਕੁਰਬਾਨੀ ਪਿੱਛੋਂ ਕੋਈ ਸਿੱਟਾ ਨ ਨਿਕਲੇ ਤਾਂ ਸੰਜੀਦਾ ਮਨਾਂ ਉੱਤੇ ਉਸ ਦਾ ਅਸਰ ਹੋਣਾ ਕੁਦਰਤੀ ਹੈ । ਅਸਲੀ ਲੀਡਰਾਂ ਦੇ ਅੰਦਰ ਜੇਲ੍ਹ ਵਿਚ ਡੱਕੀ ਰੱਖਣ ਕਾਰਣ ਬੱਬਰ ਅਕਾਲੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ । ਇਕ ਸਿੰਘ ਨੇ ਜਿਸ ਦੀ ਦਾੜ੍ਹੀ ਪੁਟ ਕੇ ਅਪਮਾਨ ਕੀਤਾ ਗਿਆ ਸੀ, ਲਾਹੌਰ ਛਾਉਣੀ ਦੇ ਇਕ ਅੰਗਰੇਜ਼ ਅਫ਼ਸਰ ਦੇ ਪਰਵਾਰ ਦੇ ਸਾਰੇ ਮੈਂਬਰ ਜਾ ਕਤਲ ਕੀਤੇ । ਇਸ ਨਾਲ ਅੰਗਰੇਜ਼ਾਂ ਵਿਚ ਦਹਿਸ਼ਤ ਵਧ ਗਈ, ਲੰਡਨ ਦੀਆਂ ਕੰਧਾਂ ਹਿਲ ਗਈਆਂ, ਬਰਤਾਨਵੀ ਪਾਰਲੀਮੈਂਟ ਵਿਚ ਭਾਰੀ ਹੰਗਾਮਾ ਹੋਇਆ । ਸਰਕਾਰ ਨੇ ਹਾਲਾਤ ਵਿਗੜਦੇ ਵੇਖ ਕੇ ੨੭ ਸਤੰਬਰ, ੧੯੨੬

[32] ਉਹੀ, ਪੰਨਾ ੨

Digital Library | wv

ਨੂੰ ਬਾਕੀ ਦੇ ੧੪ ਅਕਾਲੀ ਲੀਡਰ ਵੀ ਬਿਨਾ ਸ਼ਰਤ ਰਿਹਾ ਕਰ ਦਿੱਤੇ। ਸ. ਤੇਜਾ ਸਿੰਘ ਸਮੁੰਦ੍ਰੀ ਇਸ ਵਕਤ ਤਕ ਚਲਾਣਾ ਕਰ ਚੁਕੇ ਸਨ। ਰਿਹਾ ਹੋਏ ਲੀਡਰਾਂ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਨਾਲ ਇੰਨੀ ਅਕੀਦਤ ਸੀ ਕਿ ਜਦੋਂ ਜੇਲ੍ਹ ਤੋਂ ਬਾਹਰ ਨਿਕਲ ਕੇ ਉਨ੍ਹਾਂ ਆਪਣੀ ਫੋਟੋ ਖਿਚਵਾਈ ਤਾਂ ਉਨ੍ਹਾਂ ਸਮੁੰਦ੍ਰੀ ਸਾਹਿਬ ਨੂੰ ਕਦਾਚਿਤ ਨ ਵਿਸਾਰਿਆ। ਉਨ੍ਹਾਂ ਇਕ ਕੁਰਸੀ ਸਾਰਿਆਂ ਦੇ ਦਰਮਿਆਨ ਰੱਖੀ ਤੇ ਉਸ ਉਪਰ ਉਨ੍ਹਾਂ ਦੀ ਫੋਟੋ ਨੂੰ ਸਸ਼ੋਭਿਤ ਕਰਕੇ ਹੀ ਆਪਣੀ ਫੋਟੋ ਲੁਹਾਈ।

ab Digital Library | www




ਚਿਤ ੯. ਬਿਨਾ ਸ਼ਰਤ ਰਿਹਾ ਹੋਏ ਅਕਾਲੀ ਲੀਡਰ, ਸ. ਤੇਜਾ ਸਿੰਘ ਸਮੁੰਦ੍ਰੀ ਦੀ ਤਸਵੀਰ ਨਾਲ ।

Digitized by Panjab Digital Library | www.panjabdigilib.org

itized by Panjab Digital Library | www.panjabdigilib

੧੭

# ਅਕਾਲ ਚਲਾਣਾ

੧੭ ਜੁਲਾਈ ੧੯੨੬ ਨੂੰ ਸਵੇਰੇ ਸ. ਤੇਜਾ ਸਿੰਘ ਸਮੁੰਦ੍ਰੀ ਰਾਜ਼ੀ ਖੁਸ਼ੀ ਸਨ। ਉਸ ਦਿਨ ਅਦਾਲਤ ਲਗੀ। ਆਪ ਨੇ ਕੋਈ ਤਿੰਨ ਘੰਟੇ ਅਕਾਲੀ ਲੀਡਰਾਂ ਦੇ ਮੁਕੱਦਮੇ ਵਿਚ ਗਵਾਹਾਂ ਉੱਤੇ ਜਿਰ੍ਹਾ ਕੀਤੀ ਤੇ ਅਦਾਲਤ ਖ਼ਤਮ ਹੋ ਜਾਣ ਮਗਰੋਂ ਕੁਝ ਬਿਆਨ ਨੋਟ ਕੀਤੇ। ਚਾਰ ਵਜੇ ਦੇ ਕਰੀਬ ਸ. ਬਿਸ਼ਨ ਸਿੰਘ ਸਿੰਘਪੁਰੀਆ ਤੇ ਜ਼ਥੇਦਾਰ ਬੂਟਾ ਸਿੰਘ ਚੱਕ ਨੰ: ੨੦੪ ਉਨ੍ਹਾਂ ਨੂੰ ਮਿਲਣ ਆਏ। ਖੂਬ ਗੱਲਾਂ ਬਾਤਾਂ ਹੋਈਆਂ। ਮੁਲਾਕਾਤ ਕਰਕੇ ਆਪ ਸਾਢੇ ਕੁ ਚਾਰ ਵਜੇ ਦੇ ਕਰੀਬ ਅੰਦਰ ਗਏ ਤੇ ਆਖਿਆ, "ਤਬੀਅਤ ਕੁਝ ਠੀਕ ਮਲੂਮ ਨਹੀਂ ਹੁੰਦੀ; ਖੱਬੀ ਬਾਂਹ ਵਿੱਚੋਂ ਪੀੜ ਉਠ ਕੇ ਛਾਤੀ ਵਲ ਨੂੰ ਜਾਂਦੀ ਹੈ।" ਇਹ ਸੁਣ ਸ. ਭਾਗ ਸਿੰਘ ਨੇ ਝਟਪਟ ਦੁੱਧ ਗਰਮ ਕੀਤਾ। ਸਾਰੇ ਸਾਥੀ ਲੀਡਰ ਵੇਖਦਿਆਂ ਵੇਖਦਿਆਂ ਹੀ ਇਕੱਠੇ ਹੋ ਗਏ; ਡਾਕਟਰ ਨੂੰ ਬੁਲਾਇਆ ਗਿਆ। ਸਮੁੰਦ੍ਰੀ ਸਾਹਿਬ ਮੰਜੇ ਉੱਤੇ ਲੇਟ ਗਏ ਤੇ ਅੱਖਾਂ ਬੰਦ ਕਰ ਲਈਆਂ। ਇਕ ਸਾਥੀ ਨੇ ਪੁੱਛਿਆ, "ਕਿਉਂ, ਸਰਦਾਰ ਜੀ, ਸੌਂ ਗਏ ਹੋ ?" ਕੋਈ ਉੱਤਰ ਨ ਮਿਲਿਆ। ਸਰਦਾਰ ਜੀ ਤਾਂ ਸਦਾ ਦੀ ਨੀਂਦ ਸੌਂ ਚੁਕੇ ਸਨ, ਉੱਤਰ ਕੌਣ ਦੇਂਦਾ। ਗਰਮ ਦੁੱਧ ਧਰਿਆ ਦਾ ਧਰਿਆ ਰਹਿ ਗਿਆ ਤੇ ਸਾਥੀ ਮੂੰਹ ਵੇਖਦੇ ਰਹਿ ਗਏ।

ਅਕਾਲ ਚਲਾਣੇ ਦੀ ਖ਼ਬਰ ਬਿਜਲੀ ਵਾਂਗ ਸਾਰੇ ਸ਼ਹਿਰ ਵਿਚ ਫੈਲ ਗਈ। ਅੰਮ੍ਰਿਤਸਰ ਦੇ ਲੋਕਾਂ ਨੂੰ ਇਸ ਦਾ ਪਤਾ ਸਾਢੇ ਪੰਜ ਵਜੇ ਸ਼ਾਮ ਨੂੰ ਲਾਹੌਰ ਦੇ ਮਹਿਕਮਾ ਕਾਨੂੰਨ ਦੇ ਮੁਨਸ਼ੀ ਗੋਪਾਲ ਸਿੰਘ ਦੇ ਸ਼ਿਰੋਮਣੀ ਕਮੇਟੀ ਨੂੰ ਟੈਲੀਫ਼ੋਨ ਕਰਨ ਉੱਤੇ ਲੱਗਾ। ਜੋ ਵੀ ਖ਼ਬਰ ਸੁਣਦਾ ਉਸ ਉੱਤੇ ਪ੍ਰਤੀਤ ਨ ਕਰਦਾ। ਮਨ ਵਿਚ ਉਹ ਇਹੀ ਅਰਦਾਸ ਕਰਦਾ ਕਿ ਰੱਬ ਕਰੇ ਇਹ ਖ਼ਬਰ ਝੂਠੀ ਹੋਵੇ, ਪਰ ਛੇਤੀ ਹੀ ਸੈਂਟ੍ਰਲ ਜੇਲ੍ਹ ਲਾਹੌਰ ਵਲੋਂ ਵੀ ਇਸ ਦੀ ਤਸਦੀਕ ਹੋ ਗਈ ਅਤੇ ਇਸ ਨਾਲ ਸਾਰੀ ਕੌਮ ਇਸ ਅਣਥੱਕ ਲੀਡਰ ਤੇ ਕੌਮ ਦੇ ਅਣਖੀ ਜਰਨੈਲ ਦੇ ਮਾਤਮ ਵਿਚ ਗ੍ਰਸ ਗਈ।

ਅਕਾਲੀ ਦਲ ਨੂੰ ਜਦੋਂ ਇਸ ਭਾਵੀ ਦੇ ਵਰਤ ਜਾਣ ਦਾ ਪਤਾ ਲੱਗਾ ਤਾਂ ਉਸ ਨੇ ਫ਼ੌਰਨ ਚਾਰੇ ਪਾਸੇ ਤਾਰਾਂ ਦੇ ਦਿੱਤੀਆਂ ਕਿ ਆਪ ਜੀ ਦਾ ਸਸਕਾਰ ਪੰਥ ਵਲੋਂ ਪੂਰੀ ਆਨ ਸ਼ਾਨ ਨਾਲ ਅੰਮ੍ਰਿਤਸਰ ਸ਼ਹਿਰ ਵਿਚ ਕੀਤਾ ਜਾਵੇਗਾ।

ਅਗਲੀ ਭਲਕ ਸਵੇਰੇ [illegible] ਵਜੇ ਤਕ ਸੈਂਕੜੇ ਕੀ [illegible] ਅੰਮ੍ਰਿਤਸਰੋਂ ਲਾਹੌਰ ਸੈਂਟ੍ਰਲ

o Digital Library | ww

ਜੇਲ੍ਹ ਦੇ ਦਰਵਾਜ਼ੇ ਤੇ ਪਹੁੰਚ ਗਏ । ਦੂਜੇ ਪਾਸਿਓਂ ਲਾਹੌਰ ਦੀ ਸੰਗਤ ਵੀ ਵਾਜਿਆਂ ਗਾਜਿਆਂ ਤੇ ਕੀਰਤਨੀ ਜਥਿਆਂ ਨਾਲ ਗੁਰਦਵਾਰਾ ਮੁਜ਼ੰਗਾਂ ਵਿਚ ਇਕਤ੍ਰ ਹੋ ਗਈ । ਜੇਲ੍ਹ ਦੇ ਦਰਵਾਜ਼ੇ ਅੱਗੇ ਦ੍ਰਿਸ਼ ਬੜਾ ਦਰਦਨਾਕ ਸੀ । ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਦੀ ਜੁਦਾਈ ਵਿਚ ਡਾਢੇ ਬਿਹਬਲ ਹੋ ਕੇ ਛਮ ਛਮ ਅਥਰੂ ਕੇਰ ਰਹੇ ਸਨ, ਕਈ ਡਡਿਆ ਕੇ ਰੋ ਰਹੇ ਸਨ । ਬਾਹਰ ਭੀੜ ਵਿਚ ਸਮੁੰਦ੍ਰੀ ਸਾਹਿਬ ਦੇ ਸਪੁਤ੍ਰ , ਸ. ਸਾਹਿਬ ਸਿੰਘ, ਸ. ਮਾਨ ਸਿੰਘ ਤੇ ਸ. ਬਿਸ਼ਨ ਸਿੰਘ, ਉਨ੍ਹਾਂ ਦੇ ਧਰਮ ਪਿਤਾ ਬਾਬਾ ਕਿਹਰ ਸਿੰਘ ਪੱਟੀ, ਉਨ੍ਹਾਂ ਦੀ ਸਪੁਤ੍ਰੀ ਬੀਬੀ ਸਤਵੰਤ ਕੌਰ ਤੇ ਉਨ੍ਹਾਂ ਦੀ ਧਰਮ ਪਤਨੀ ਖੱਦਰ ਦੇ ਕੱਪੜੇ ਪਾਈ, ਯਾਸ ਦੀ ਤਸਵੀਰ ਬਣੀ, ਅਰਥੀ ਦੀ ਇੰਤਜ਼ਾਰ ਵਿਚ ਸਨ । ਉਨ੍ਹਾਂ ਦੇ ਨਾਲ ਹੋਰ ਬਹੁਤ ਸਾਰੇ ਸਥਾਨਕ ਲੀਡਰ ਸਨ । ਸ. ਮਹਿਤਾਬ ਸਿੰਘ ਵੀ ਪ੍ਰੋ. ਨਿਰੰਜਨ ਸਿੰਘ ਨਾਲ ਉਥੇ ਪਹੁੰਚੇ ਹੋਏ ਸਨ । ਸ. ਮਹਿਤਾਬ ਸਿੰਘ ਤੇ ਉਨ੍ਹਾਂ ਦੇ ਸਾਥੀ ਜਦੋਂ ਦੇ ਸ਼ਰਤਾਂ ਮੰਨ ਕੇ ਬਾਹਰ ਆਏ ਸਨ, ਉਨ੍ਹਾਂ ਨੂੰ ਨਹੀਂ ਮਿਲੇ ਸਨ । ਮ੍ਰਿਤਕ ਸਰੀਰ ਦੇ ਦਰਸ਼ਨ ਕਰਕੇ ਉਹ ਵੀ ਖੂਬ ਰੋਏ ਅਤੇ ਸ਼ਹੀਦ ਦੇ ਚਰਨਾਂ ਨੂੰ ਹੱਥ ਲਾ ਕੇ ਉਸ ਪ੍ਰਤਿ ਆਪਣੀ ਸ਼ਰਧਾਂਜਲੀ ਭੇਂਟ ਕੀਤੀ ।

ਇੰਨੇ ਨੂੰ ਸ. ਮੰਗਲ ਸਿੰਘ ਮਾਸਟਰ ਤਾਰਾ ਸਿੰਘ ਨੂੰ ਆਣ ਮਿਲੇ । ਮਾਸਟਰ ਜੀ ਉਦੋਂ ਜੇਲ੍ਹ ਦੀਆਂ ਸੀਖਾਂ ਪਿੱਛੋਂ ਪ੍ਰੇਮ ਦੇ ਹੰਝੂਆਂ ਦੀ ਝੜੀ ਲਾਈ ਖੜੇ ਸਨ । ਉਨ੍ਹਾਂ ਨੇ ਸਮੁੰਦ੍ਰੀ ਸਾਹਿਬ ਦੇ ਚਲਾਣੇ ਦੀ ਸਾਰੀ ਵਿਥਿਆ ਕਿ ਕਿਸ ਤਰ੍ਹਾਂ ਆਪ ਦੇ ਕਾਲਜੇ ਵਿਚ ਦਰਦ ਉੱਠੀ ਤੇ ਡਾਕਟਰ ਦੇ ਪਹੁੰਚਣ ਤੋਂ ਪਹਿਲਾਂ ਹੀ ਪੰਜਾਂ ਸੱਤਾਂ ਮਿੰਟਾਂ ਵਿਚ ਸਮਾ ਗਏ, ਦੱਸੀ । ਕੁਝ ਚਿਰ ਪਿੱਛੋਂ ਆਪ ਦੀ ਅਰਥੀ ਨੂੰ ਮਾਸਟਰ ਤਾਰਾ ਸਿੰਘ, ਸ. ਭਾਗ ਸਿੰਘ ਵਕੀਲ, ਸ. ਸਰਮੁਖ ਸਿੰਘ ਝਬਾਲ, ਸ. ਗੋਪਾਲ ਸਿੰਘ ਕੌਮੀ ਤੇ ਉਨ੍ਹਾਂ ਦੇ ਹੋਰ ਸਾਥੀ ਸ਼ਬਦ ਪੜ੍ਹਦੇ ਜੇਲ੍ਹ ਦੇ ਦਰਵਾਜ਼ੇ ਤਕ ਲਿਆਏ । ਸਾਰਿਆਂ ਦੇ ਨੇਤ੍ਰ ਸੇਜਲ ਸਨ ।

ਸ਼ਹੀਦ ਦੀ ਅਰਥੀ ਨੂੰ ਚੁੱਕਣ ਲਈ ਜੇਲ੍ਹ ਦੇ ਅੰਦਰ ਜਾਣ ਦੀ ਆਗਿਆ ਕੇਵਲ ਚਾਰ ਸੇਵਾਦਾਰਾਂ ਨੂੰ ਮਿਲੀ ਸੀ । ਜਦੋਂ ਅਰਥੀ ਬਾਹਰ ਆਈ ਤਾਂ ਬਾਹਰ ਖੜੀ ਸੰਗਤ ਭੁੱਬਾਂ ਮਾਰ ਕੇ ਰੋਣ ਲਗ ਪਈ; ਬੜਾ ਦਰਦਨਾਕ ਨਜ਼ਾਰਾ ਸੀ । ਤੀਵੀਂ, ਮਰਦ, ਬੱਚੇ, ਬੁੱਢੇ, ਸਾਰੇ ਅੱਖਾਂ ਤੋਂ ਨੀਰ ਵਹਾ ਰਹੇ ਸਨ । ਸੰਗਤ ਉਥੋਂ ਮਾਤਮੀ ਜਲੂਸ ਦੀ ਸ਼ਕਲ ਵਿਚ ਵਾਜੇ ਗਾਜੇ ਨਾਲ ਗੁਰਦਵਾਰਾ ਮੁਜ਼ੰਗਾਂ ਪਹੁੰਚੀ । ਇਥੇ ਲਾਹੌਰ ਦੀ ਸੰਗਤ ਵਲੋਂ ਜਲੂਸ ਨੂੰ ਜਲ ਪਾਣੀ ਛਕਾਇਆ ਗਿਆ । ਅਰਥੀ ਨੂੰ ਗੁਰਦਵਾਰਾ ਮੁਜ਼ੰਗਾਂ ਵਿਚ ਮੱਥਾ ਟਿਕਾ ਕੇ ਜਲੂਸ ਅਨਾਰਕਲੀ, ਸ਼ਾਹਾਲਮੀ ਦਰਵਾਜ਼ਿਓ ਹੁੰਦਾ ਗੁਰਦਵਾਰਾ ਡੇਰਾ ਸਾਹਿਬ ਪੁੱਜਾ । ਰਸਤੇ ਵਿਚ ਹਿੰਦੂ, ਮੁਸਲਮਾਨ, ਸਿੱਖ, ਸਭਨਾਂ ਨੇ ਸ਼ਹੀਦ ਦੀ ਅਰਥੀ ਉੱਤੇ ਫੁੱਲਾਂ ਤੇ ਅਤਰ ਗੁਲਾਬ ਦੀ ਬਰਖਾ ਕੀਤੀ । ਜਦੋਂ ਜਲੂਸ ਮਿਸਰੀ ਬਾਜ਼ਾਰ ਪੁੱਜਾ ਤਾਂ ਉਥੇ ਦੇ ਪ੍ਰੇਮੀਆਂ ਨੇ ਫੁਲ ਨ ਹੋਣ ਕਾਰਨ ਪਤਾਸਿਆਂ ਨੂੰ ਹੀ ਫੁੱਲਾਂ ਦੀ ਥਾਂ ਵਰਤਿਆ । ਇਸ ਸਾਰੀ ਯਾਤ੍ਰਾ ਸਮੇਂ ਮਿੱਠੇ ਜਲ ਦੀ ਲੱਸੀ ਦੀ ਛਬੀਲ ਸ. ਰੱਖਾ ਸਿੰਘ ਦੀ ਜਥੇਦਾਰੀ ਹੇਠ ਜੇਲ੍ਹ ਤੋਂ ਲਗਾਤਾਰ ਜਲ-ਤ੍ਰਿਹਾਈਆਂ ਸੰਗਤਾਂ ਦੀ ਸੇਵਾ ਕਰਦੀ ਆਈ ।

ਗੁਰਦਵਾਰਾ ਡੇਰਾ ਸਾਹਿਬ ਪਹੁੰਚ ਕੇ ਸ਼ਹੀਦ ਦੀ [illegible] ਗਈ ਤੇ ਆਪ ਨੂੰ

b Digital Library | ww

Digitized by Panjab Digital Library | www.panjabdigilib.org



ਚਿਤ੍ਰ ੧੦.   ਸ. ਤੇਜਾ ਸਿੰਘ ਸਮੁੰਦ੍ਰੀ, ਅੰਤਿਮ ਦਰਸ਼ਨ । [ਨਾਵਾਂ ਦੇ ਵੇਰਵੇ ਲਈ ਦੇਖੋ ਪੁਸਤਕ ਪੰਨਾ 8]

Digitized by Panjab Digital Library | www.panjabdigilib.org

ਸਰੋਪਾ ਦਿੱਤਾ ਗਿਆ। ਜਲੂਸ ਅੱਠ ਵਜ ਤੁਰਿਆ ਸੀ। ਉਥੋਂ ਤਕ ਪਹੁੰਚਦਿਆਂ ਸਾਢੇ ਗਿਆਰਾਂ ਵਜ ਗਏ। ਡੇਹਰਾ ਸਾਹਿਬ, ਲਾਹੌਰ ਦਾ ਡਿਪਟੀ ਕਮਿਸ਼ਨਰ ਸਣੇ ਦੋ ਹੋਰ ਅੰਗਰੇਜ਼ਾਂ ਦੇ ਸਰਕਾਰ ਵਲੋਂ ਸਰਦਾਰ ਜੀ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਪਹੁੰਚਿਆ ਹੋਇਆ ਸੀ। ਉਸ ਟੋਪੀ ਲਾਹ ਕੇ ਸ਼ਹੀਦ ਦੀ ਅਰਥੀ ਨੂੰ ਸਲਿਊਟ ਕੀਤਾ। ਗੁਰਦਵਾਰਾ ਡੇਰਾ ਸਾਹਿਬ ਤੋਂ ਸਰਦਾਰ ਸਾਹਿਬ ਦੀ ਦੇਹ ਨੂੰ ਲਾਰੀ ਵਿਚ ਰੱਖ ਕੇ ਅੰਮ੍ਰਿਤਸਰ ਲਿਆਂਦਾ ਗਿਆ। ਲਗਪਗ ੨ ਵਜੇ ਆਪ ਦੀ ਦੇਹੀ ਅੰਮ੍ਰਿਤਸਰ ਵਿਚ ਗੁਰਦਵਾਰਾ ਪਿੱਪਲੀ ਸਾਹਿਬ ਪਹੁੰਚੀ। ਇੱਥੇ ਸੰਗਤ ਵਲੋਂ ਆਪ ਦੀ ਦੇਹੀ ਨੂੰ ਇਸ਼ਨਾਨ ਕਰਾਉਣ ਦਾ ਪ੍ਰਬੰਧ ਕੀਤਾ ਗਿਆ ਸੀ। ਇਥੋਂ ਸੰਗਤ ਅਰਥੀ ਨਾਲ ਲਗਭਗ ੩-੩੦ ਵਜੇ ਵਾਜੇ ਗਾਜੇ, ਨਰਸਿੰਘਿਆਂ ਅਤੇ ਸ਼ਬਦੀ ਜਥਿਆਂ ਦੇ ਕੀਰਤਨ ਨਾਲ ਅੰਮ੍ਰਿਤਸਰ ਸ਼ਹਿਰ ਵਲ ਨੂੰ ਟੁਰੀ। ਹਜ਼ਾਰਾਂ ਮਾਈ ਭਾਈ ਆਪ ਦੇ ਮਾਤਮੀ ਜਲੂਸ ਵਿਚ ਸ਼ਾਮਿਲ ਹੋਏ। ਸੰਗਤ ਨ ਕੇਵਲ ਅੰਮ੍ਰਿਤਸਰ ਤੇ ਲਾਹੌਰੋਂ ਹੀ ਆਈ ਸੀ, ਸਗੋਂ ਲਾਇਲਪੁਰ, ਸਮੁੰਦ੍ਰੀ, ਗੁਜਰਾਂਵਾਲਾ, ਸ਼ੇਖੂਪੁਰਾ, ਸਰਗੋਧਾ, ਗੁਰਦਾਸਪੁਰ, ਰਾਵਲਪਿੰਡੀ, ਜਲੰਧਰ ਤੇ ਹੋਰਨਾਂ ਥਾਵਾਂ ਤੋਂ ਵੀ ਮਾਰੋ ਮਾਰ ਕਰਦੀ ਅਪੜ ਪਈ ਸੀ। ਸੈਂਟ੍ਰਲ ਸਿੱਖ ਲੀਗ ਦੇ ਮੁਖੀ ਕਾਰਕੁਨ, ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਪੰਜਾਬ ਕਾਂਗ੍ਰਸ ਕਮੇਟੀ ਦੇ ਆਗੂ ਤੇ ਹੋਰਨਾਂ ਜਥੇਬੰਦੀਆਂ ਦੇ ਪ੍ਰਤਿਨਿਧੀ, ਸਾਰੇ ਹੀ ਅੰਤਿਮ ਦੀਦਾਰ ਲਈ ਉਥੇ ਪਹੁੰਚੇ ਹੋਏ ਸਨ।

ਅਰਥੀ ਦਾ ਜਲੂਸ ਹਾਲ ਬਾਜ਼ਾਰ ਵਿਚਦੀ ਲੰਘਦਾ ਹੋਇਆ ਘੰਟਾ ਘਰ, ਅੰਮ੍ਰਿਤਸਰ ਪਹੁੰਚਿਆ। ਉਥੇ ਆਪ ਜੀ ਦੀ ਅਰਥੀ ਦੇ ਫੋਟੋ ਮੁੜ ਲਾਹੇ ਗਏ ਅਤੇ ਆਪ ਨੂੰ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼ਹਿਰ ਦੇ ਹੋਰਨਾਂ ਕਈ ਗੁਰਦਵਾਰਿਆਂ ਵਲੋਂ ਸਰੋਪਾ ਪਹਿਨਾਏ ਗਏ। ਇਸ ਪਿੱਛੋਂ ਜਲੂਸ ਗੁਰਦਵਾਰਾ ਬਾਬਾ ਅਟੱਲ ਸਾਹਿਬ, ਗੁਰਦਵਾਰਾ ਰਾਮਸਰ ਸਾਹਿਬ, ਸ਼ਹੀਦਗੰਜ ਬਾਬਾ ਦੀਪ ਸਿੰਘ ਤੋਂ ਹੁੰਦਾ ਹੋਇਆ ਛੇ ਵਜੇ ਦੇ ਕਰੀਬ ਚਾਟੀਵਿੰਡ ਦਰਵਾਜ਼ੇ ਦੇ ਬਾਹਰ ਸ਼ਮਸ਼ਾਨ ਭੂਮੀ ਪੁੱਜਾ। ਸਿੰਘਾਂ ਦੀ ਆਪ ਜੀ ਲਈ ਸ਼ਰਧਾ ਇੱਨੀ ਜ਼ਿਆਦਾ ਸੀ ਕਿ ਲੋਕਾਂ ਨੂੰ ਅਰਥੀ ਨੂੰ ਮੋਢਾ ਦੇਂਦਿਆਂ ਵਾਰ ਨਹੀਂ ਸੀ ਆਉਂਦੀ; ਇਕ ਮੋਢਾ ਦੇਂਦਾ ਹੀ ਸੀ ਕਿ ਦੂਜਾ ਝਟ ਮੋਢਾ ਦੇਣ ਲਈ ਤਿਆਰ ਹੋ ਜਾਂਦਾ। ਆਪ ਦੇ ਕੁਝ ਹੋਰ ਫੋਟੋ ਲਏ ਗਏ। ਦਿਨ ਚੋਖਾ ਢਲ ਚੁਕਿਆ ਸੀ ਜਦੋਂ ਆਪ ਜੀ ਦੇ ਸਰੀਰ ਨੂੰ ਅਗਨੀ ਭੇਂਟ ਕੀਤਾ ਗਿਆ।

ਦੇਹ ਨੂੰ ਅਗਨੀ ਭੇਂਟ ਕਰਨ ਸਮੇਂ ਉਥੇ ਮੌਜੂਦ ਹਰੇਕ ਸੱਜਨ ਦੇ ਨੇਤ੍ਰ ਵੈਰਾਗਮਈ ਤੇ ਜਲ ਭਰੇ ਸਨ। ਜਦ ਆਪ ਦਾ ਸਸਕਾਰ ਹੋ ਰਿਹਾ ਸੀ ਤਾਂ ਸ. ਮੰਗਲ ਸਿੰਘ ਐਡੀਟਰ 'ਅਕਾਲੀ' ਧਾਈਂ ਮਾਰ ਕੇ ਉੱਚੀ ਉੱਚੀ ਰੋ ਰਿਹਾ ਸੀ। ਸਰਦਾਰ ਸਾਹਿਬ ਦਾ ਉੱਜਲਾ ਚਿਹਰਾ ਚਿਖਾ ਉੱਤੇ ਰੱਖਣ ਤਕ ਗੁਲਾਬ ਦੀ ਤਰ੍ਹਾਂ ਜਲਾਲ ਸਹਿਤ ਖਿੜਿਆ ਰਿਹਾ। ਇੰਜ ਜਾਪਦਾ ਸੀ ਜਿਵੇਂ ਆਪ ਨਾਮਰਸ ਪੀ ਕੇ ਸਮਾਧੀ ਲਗਾਈ ਬੈਠੇ ਹੋਣ। ਆਪ ਦੇ ਸਰੀਰ ਨੂੰ ਅੰਗੀਠੇ ਉੱਤੇ ਧਰਨ ਸਮੇਂ ਸ੍ਰੀ ਮਾਨ ਭਾਈ ਲਾਭ ਸਿੰਘ, ਗ੍ਰੰਥੀ ਦਰਬਾਰ ਸਾਹਿਬ, ਨੇ ਵੈਰਾਗਮਈ ਸ਼ਬਦਾਂ ਵਿਚ ਅਰਦਾਸ ਕੀਤੀ। ਸਾਰਾ ਦਿਨ ਅਸਮਾਨ ਲਹੂ ਰੰਗਾ ਰਿਹਾ ਸੀ।

Digitized by Panjab Digital Library | www.panjabdigilib.org

ਦੇਹੀ ਦੇ ਅਗਨੀ ਭੇਂਟ ਕਰਨ ਸਮੇਂ ਬੜੇ ਜ਼ੋਰ ਦੀ ਹਨੇਰੀ ਆਈ ਤੇ ਫਿਰ ਛਮ ਛਮ ਬਰਖਾ ਸ਼ੁਰੂ ਹੋਈ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਕੁਦਰਤ ਵੀ ਨਾਲ ਹੀ ਰੋ ਪਈ ਹੈ। ਅੰਗਰੇਜ਼ੀ ਵਿਚ ਕਹਾਵਤ ਹੈ : "ਜਦੋਂ ਮਹਾਂਪੁਰਸ਼ ਮਰਦੇ ਹਨ ਤਾਂ ਕੁਦਰਤ ਵੀ ਅੱਥਰੂ ਕੇਰਦੀ ਹੈ।" (When great men die, nature weeps.)। ਇਹ ਚੀਜ਼ ਇਨ੍ਹਾਂ ਦੇ ਹੱਕ ਵਿਚ ਅੱਖਰ ਅੱਖਰ ਠੀਕ ਸਿੱਧ ਹੋ ਰਹੀ ਸੀ। ਬੜਾ ਹੀ ਮੀਂਹ ਵਰ੍ਹਿਆ ਤੇ ਹਨੇਰੀ ਚੱਲੀ ਜਿਸ ਕਾਰਣ ਰਾਤ ਦੇ ਅੱਠ ਨੌਂ ਵਜੇ ਤਕ ਬਹੁਤ ਸਾਰੇ ਸੱਜਨ ਸ਼ਮਸ਼ਾਨ ਭੂਮੀ ਤੋਂ ਵਾਪਸ ਨ ਆ ਸਕੇ।

ਸੰਗਤਾਂ ਨੇ ਵਾਪਸੀ ਉੱਤੇ ਗੁਰਦਵਾਰਾ ਬਬੇਕਸਰ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਅਰਦਾਸਾ ਸੋਧਿਆ। ੧੯ ਜੁਲਾਈ ਨੂੰ ਆਪ ਦੇ ਅੰਗੀਠੇ ਦੀ ਰਾਖ ਅੰਮ੍ਰਿਤਸਰ ਵਾਲੀ ਨਹਿਰ ਵਿਚ ਪਾਈ ਗਈ।

ਸਾਕਾਂ ਸੰਬੰਧੀਆਂ, ਪੁੱਤਰਾਂ, ਭੈਣਾਂ, ਧੀ ਤੇ ਧਰਮ ਪਤਨੀ ਨੂੰ ਸਰਦਾਰ ਸਾਹਿਬ ਦੇ ਚਲਾਣੇ ਦਾ ਦੁਖ ਤਾਂ ਹੋਣਾ ਹੀ ਸੀ, ਉਨ੍ਹਾਂ ਦੇ ਧਰਮ ਪਿਤਾ, ਬਾਬਾ ਕਿਹਰ ਸਿੰਘ, ਅਤੇ ਉਨ੍ਹਾਂ ਦੀ ਧਰਮ-ਮਾਤਾ, ਮਾਈ ਰਾਧਾਂ, ਨੂੰ ਵੀ ਬਹੁਤ ਦੁਖ ਹੋਇਆ। ਬਾਬਾ ਕਿਹਰ ਸਿੰਘ, ਨੂੰ ਉਸ ਕਾਜ ਵਿਚ ਵਿਘਨ ਪੈਣ ਦਾ ਦੁਖ ਵਧੇਰੇ ਸੀ ਜੋ ਸਮੁੰਦ੍ਰੀ ਸਾਹਿਬ ਦੇ ਅਕਾਲ ਚਲਾਣਾ ਕਰਨ ਨਾਲ ਅਧੂਰਾ ਰਹਿ ਗਿਆ ਸੀ। ਹਿਰਦੇ ਦੀ ਇਸ ਪੀੜਾ ਵਿਚ ਜਦੋਂ ਉਹ ਸਰਦਾਰ ਸਾਹਿਬ ਦੇ ਫੁੱਲ ਚੁਣ ਕੇ ਘਰ ਨੂੰ ਜਾ ਰਹੇ ਸਨ ਤਾਂ ਉਨ੍ਹਾਂ ਨੇ ਆਪਣੇ ਘਰਾਣੇ ਵਲੋਂ ਸੰਗਤਾਂ ਨੂੰ ਇਹ ਸੁਨੇਹਾ ਦਿੱਤਾ : "ਪਿਆਰੇ ਤੇਜਾ ਸਿੰਘ ਜੀ ਚਲਾਣਾ ਕਰ ਗਏ ਹਨ। ਹੁਣ ਤਕ ਉਹ ਗੁਰੂ ਪੰਥ ਦੀ ਸੇਵਾ ਕਰਦੇ ਰਹੇ ਸਨ, ਹੁਣ ਸਾਡਾ ਸਾਰਾ ਘਰਾਣਾ ਗੁਰੂ ਪੰਥ ਦੀ ਸੇਵਾ ਵਿਚ ਹਾਜ਼ਰ ਹੈ; ਜਿਸ ਨੂੰ ਪੰਥ ਹੁਕਮ ਕਰੇ ਉਹ ਹੱਥ ਬੰਨ੍ਹ ਕੇ ਪੰਥ ਦੇ ਜੋੜੇ ਝਾੜਨ ਦੀ ਸੇਵਾ ਕਰਨ ਲਈ ਤਿਆਰ ਹੈ।"[1]

ਸ਼ਹੀਦ ਦੀ ਆਤਮਾ ਨੂੰ ਸ਼ਾਂਤ ਰੱਖਣ ਲਈ ਇਸ ਤੋਂ ਵਧ ਹੋਰ ਕੀ ਪੇਸ਼ਕਸ਼ ਹੋ ਸਕਦੀ ਸੀ ? ਜਿਥੇ ਦਰਿਆਵਾਂ ਦੇ ਬੰਨ੍ਹ ਹੀ ਟੁੱਟ ਜਾਣ, ਉਥੇ ਮਿੱਟੀ ਦੇ ਥੋਬਿਆਂ ਨਾਲ ਘਾਪੇ ਕਿਵੇਂ ਪੂਰੇ ਜਾ ਸਕਦੇ ਹਨ ? ਸ. ਤੇਜਾ ਸਿੰਘ ਸਮੁੰਦ੍ਰੀ ਪੰਥਕ ਜੋਸ਼ ਤੇ ਕੌਮੀ ਸੇਵਾ ਦੇ ਹੜ੍ਹ ਦਾ ਬੰਨ੍ਹ ਸਨ। ਉਹ ਇਸ ਨੂੰ ਲੋੜੀਂਦਾ ਮੋਘਾ ਦੇ ਕੇ ਕੌਮ ਦੀ ਸਿੰਜਾਈ ਲਈ ਵਰਤ ਸਕਦੇ ਸਨ। ਹੋਰ ਕਿਸੇ ਵਿਚ ਇਹ ਸਮਰਥਾ ਕਿਥੇ ਸੀ ? ਉਨ੍ਹਾਂ ਦੇ ਪਿੱਛੋਂ ਉਨ੍ਹਾਂ ਦੀ ਥਾਂ ਲੈਣ ਜੋਗਾ ਕੋਈ ਲੀਡਰ ਨ ਰਿਹਾ, ਜਿਸ ਕਾਰਣ ਪੰਥ ਦਿਨਾਂ ਵਿਚ ਹੀ ਖੇਰੂੰ ਖੇਰੂੰ ਹੋ ਗਿਆ। ਆਪ ਦੇ ਚਲਾਣੇ ਸਮੇਂ ਸ. ਹੀਰਾ ਸਿੰਘ 'ਦਰਦ' ਦੇ ਕਹੇ ਸ਼ਬਦ ਯਾਦ ਕਰਾਣੇ ਕੁਥਾਂ ਨਹੀਂ ਹੋਣਗੇ। ਸ. ਸਾਹਿਬ ਦੇ ਚਲਾਣੇ ਤੇ ਅਫ਼ਸੋਸ ਪ੍ਰਗਟ ਕਰਦੇ ਆਪ ਨੇ ਕਿਹਾ ਸੀ :

ਸਾਵਣ ਦੂਜੀ ਨੂੰ ਜੇਲ੍ਹ ਲਾਹੌਰ ਅੰਦਰ,
ਤਾਰਾ 'ਤੇਜ' ਵਾਲਾ ਸਾਡਾ ਡੁਬ ਗਿਆ।

---

1. 'ਬੱਬਰ ਸ਼ੇਰ' (੨੯ ਜੁਲਾਈ, ੧੯੨੬), ਪੰਨਾ ੧੦.

b Digital Library / ww

ਜਿੱਥੇ ਜਿੱਥੇ ਇਹ ਕਹਿਰ ਦੀ ਖ਼ਬਰ ਪਹੁੰਚੀ,
ਕੰਡਾ ਕਿੱਕਰ ਦਾ ਕਾਲਜੇ ਚੁਭ ਗਿਆ ।
ਸਾਗਰ ਗ਼ਮਾਂ ਦਾ ਉਛਲਿਆ ਤੋੜ ਕੰਢੇ,
ਕੋਈ ਰੁੜ੍ਹ ਚਲਿਆ ਕੋਈ ਡੁਬ ਗਿਆ ।
"ਹਾਏ, ਹਾਏ" ਕਰਕੇ ਕਹਿੰਦੇ ਦਰਦ ਵਾਲੇ,
ਪੰਥਕ ਬੇੜਾ ਬਰੇਤੇ ਵਿਚ ਖੁਭ ਗਿਆ ।[2]

ਅਜੇਹੇ ਹੀ ਭਾਵ ਪ੍ਰਗਟਾਉਣ ਲਈ ਇਕ ਹੋਰ ਸਮਕਾਲੀ ਦੇ ਹੌਂਸਲੇ ਦਾ ਜਦੋਂ ਬੰਨ੍ਹ ਟੁੱਟਾ, ਤਾਂ ਉਹ ਇਸ ਤਰ੍ਹਾਂ ਭੁੱਬਾਂ ਮਾਰ ਕੇ ਚੀਖ਼ ਉਠਿਆ :

ਆਇਆ ਸਾਉਨ ਤੇ ਲੋਕਾਂ ਦੇ ਹੋਏ ਸਾਵੇਂ,
ਸਾਡਾ ਮੂਲ ਹੀ ਯਾਰੋ, ਨਿਖੁੱਟ ਗਿਆ ।
ਰੋਵੇ ਕੌਮ ਦੁਹੱਥੜਾਂ ਮਾਰ ਕਿਉਂ ਨ,
ਭਾਗ ਮੱਥਿਓਂ ਜਿਸ ਦਾ ਫੁੱਟ ਗਿਆ ।
ਭਾਨ ਨਾਲ ਅਸਮਾਨ ਘਮਸਾਨ ਦਿੱਸੇ,
ਇੰਦ੍ਰ ਲਹੂ ਦੇ ਹੰਝੂ ਰੋ ਸੁੱਟ ਗਿਆ ।
ਸਿਰ ਦੇ ਵਾਲ ਖੋਹੇ ਭਾਰਤ ਮਾਤ ਖੱਲੀ,
ਹਾਇ ! ਥੰਮ ਪੰਜਾਬ ਦਾ ਟੁੱਟ ਗਿਆ ।
ਕੌਮੀ ਆਨ ਬਦਲੇ ਜੇਲ੍ਹੀਂ ਬੈਠਿਆਂ ਦਾ,
ਰਾਜਹੰਸ ਫੜ ਕਾਲ ਵਿਛੋੜਿਆ ਈ ।
'ਤੇਜ' ਗੁੰਮ ਹੋਇਆ ਪਈ ਧੁੰਮ ਸਾਰੇ,
ਬੇੜਾ ਹੋਣੀ ਨੇ ਖਾਰੇ ਵਿਚ ਬੋੜਿਆ ਈ ।[3]

ਸ. ਤੇਜਾ ਸਿੰਘ ਸਮੁੰਦ੍ਰੀ ਦੀ ਧਰਮ ਮਾਤਾ, ਮਾਈ ਰਾਧਾਂ, ਨੂੰ ਸਰਦਾਰ ਜੀ ਦੇ ਚਲਾਣੇ ਦੀ ਖ਼ਬਰ ਮਿਲੀ ਤਾਂ ਉਹ ਸਿੱਧੀ ਅੰਮ੍ਰਿਤਸਰ ਪਹੁੰਚੀ । ਉਸ ਵੇਲੇ ਤਕ ਸਰਦਾਰ ਜੀ ਦੀ ਦੇਹ ਦਾ ਸਸਕਾਰ ਹੋ ਚੁਕਾ ਸੀ । ਸ਼ਮਸ਼ਾਨ ਭੂਮੀ ਵਿਚ ਮਾਈ ਵਿਆਕੁਲ ਹੋਈ ਡੌਰ ਭੌਰਿਆਂ ਵਾਂਗ ਫਿਰ ਰਹੀ ਸੀ । ਇਸੇ ਸ਼ਮਸ਼ਾਨ ਭੂਮੀ ਵਿਚ ਉਸ ਦੇ ਸ਼ੇਰ ਦਿਲ ਭਣੇਵੇਂ, ਪ੍ਰਿਥੀਪਾਲ ਸਿੰਘ, ਦਾ ਕੁਝ ਸਾਲ ਪਹਿਲਾਂ ਸਸਕਾਰ ਹੋਇਆ ਸੀ । ਉਥੇ ਪਹੁੰਚ ਮਾਈ ਦੀਆਂ ਡਾਡਾਂ ਨਿਕਲ ਗਈਆਂ । ਦਿਲ ਵਿਚ ਅਰਮਾਨ ਸੀ ਕਿ ਅੰਤਲੀ ਵੇਰ ਆਪਣੇ ਧਰਮ-ਪੁੱਤਰ ਦਾ ਮੂੰਹ ਤਕ ਵੀ ਨ ਡਿੱਠਾ । ੨੫ ਜੁਲਾਈ ਤਕ, ਸ. ਤੇਜਾ ਸਿੰਘ ਦੀ ਯਾਦ ਵਿਚ ਰੱਖੇ ਗਏ ਅਖੰਡ ਪਾਠ ਦਾ ਭੋਗ ਪੈਣ ਤਕ, ਉਹ ਉੱਥੇ ਹੀ ਵਿਆਕੁਲ ਹੋਈ ਫਿਰਦੀ ਰਹੀ, ਉਸ ਦੀ ਦਸ਼ਾ ਬਾਉਲਿਆਂ ਵਰਗੀ ਸੀ । ਅੰਮ੍ਰਿਤਸਰ ਤੋਂ ਮੁੜਦੀ ਵੇਰ ਉਹ ਲਾਹੌਰ ਸੈਂਟ੍ਰਲ ਜੇਲ੍ਹ

---

[2] 'ਫੁਲਵਾੜੀ (ਅਗਸਤ, ੧੯੨੬), ਪੰਨਾ ੧੭੮.

[3] 'ਕ੍ਰਿਪਾਨ ਬਹਾਦਰ' (੨੩ ਜੁਲਾਈ ੧੯੨੬), ਪੰਨਾ ੭

Digitized by Panjab Digital Library | www.panjabdigilib.org

ਵਿਚ ਮਾਸਟਰ ਤਾਰਾ ਸਿੰਘ ਨੂੰ ਮਿਲ ਕੇ ਤੇਜਾ ਸਿੰਘ ਦੇ ਅਕਾਲ ਚਲਾਣੇ ਦੀ ਸਾਰੀ ਟੋਹ ਲੈ ਕੇ ਚੱਕ ਨੰ: ੧੪੦ ਵਿਚ ਚਲੀ ਗਈ। ਦੱਸਿਆ ਜਾਂਦਾ ਹੈ ਕਿ ਉਸ ਪਿੱਛੋਂ ਉਸ ਦਾ ਬੇਸਹਾਰਾ ਜੀਵਨ ਕਾਫ਼ੀ ਔਖਾ ਹੋ ਗਿਆ ਤੇ ਉਹ ਵੀ ਥੋੜ੍ਹੇ ਸਮੇਂ ਬਾਅਦ ਅਕਾਲ ਚਲਾਣਾ ਕਰ ਗਈ।

੨੫ ਜੁਲਾਈ ੧੯੨੬ ਦੀ ਸ਼ਾਮ ਨੂੰ ੫ ਵਜੇ ਸ਼ਹੀਦ ਦੀ ਯਾਦ ਵਿਚ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦਾ ਭੋਗ ਸਮਾਪਤ ਹੋਇਆ। ਇਹ ਅਖੰਡ ਪਾਠ ਸਥਾਨਕ ਕਮੇਟੀ ਅਤੇ ਸ. ਤੇਜਾ ਸਿੰਘ ਦੀ ਧਰਮ ਮਾਤਾ, ਮਾਈ ਰਾਧਾਂ, ਜੀ ਦੀ ਤਰਫੋਂ ਗਊ ਘਾਟ ਦੇ ਪਾਸ ਸੋਢੀਆਂ ਦੇ ਬੁੰਗੇ ਵਿਚ ਰੱਖੇ ਗਏ ਸਨ। ਭੋਗ ਪੈਣ ਉਪਰੰਤ ਗਊ ਘਾਟ ਵਾਲੀ ਥਾਂ ਦੀਵਾਨ ਸਜਾਇਆ ਗਿਆ। ਉਨ੍ਹੀਂ ਦਿਨੀਂ ਹੀ ਚੱਕ ਨੰਬਰ ੧੪੦ ਅਤੇ ਕਸਬਾ ਸਮੁੰਦ੍ਰੀ ਵਿਚ ਆਪ ਜੀ ਦੇ ਸੋਗ ਵਿਚ ਅਖੰਡ ਪਾਠ ਰੱਖ ਕੇ ਦੀਵਾਨ ਕੀਤੇ ਗਏ। ਇਨ੍ਹਾਂ ਦੀਵਾਨਾਂ ਵਿਚ ਅਕਾਲੀਆਂ ਤੋਂ ਬਿਨਾ ਕਾਂਗ੍ਰਸ ਦੇ ਚੋਖੇ ਲੀਡਰ ਆਏ ਤੇ ਉਨ੍ਹਾਂ ਆਪਣੀਆਂ ਆਪਣੀਆਂ ਸੰਸਥਾਵਾਂ ਵਲੋਂ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਸ. ਤੇਜਾ ਸਿੰਘ ਦੇ ਚਲਾਣੇ ਦੀ ਖ਼ਬਰ ੨੦ ਜੁਲਾਈ ਨੂੰ ਪੁੱਜੀ। ਉਸ ਦਿਨ ਉਨ੍ਹਾਂ ਪੰਡਿਤ ਮੋਤੀ ਲਾਲ ਨਹਿਰੂ, ਸ੍ਰੀਮਤੀ ਸਰੋਜਨੀ ਨਾਈਡੋ ਤੇ ਕਿੰਨੇ ਹੀ ਹੋਰਨਾਂ ਕੌਮੀ ਲੀਡਰਾਂ ਨੂੰ ਚਾਹ ਪਾਰਟੀ ਦੇਣੀ ਸੀ। ਖ਼ਬਰ ਸੁਣਦੇ ਸਾਰ ਉਨ੍ਹਾਂ ਚਾਹ ਪਾਰਟੀ ਬੰਦ ਕਰ ਦਿੱਤੀ। ਉਨ੍ਹਾਂ ਦੇ ਮਨ ਉੱਤੇ ਇਸ ਹਿਰਦੇਵੇਧਕ ਖ਼ਬਰ ਦਾ ਇੰਨਾ ਅਸਰ ਹੋਇਆ ਕਿ ਉਹ ਕੋਈ ਦੋ ਘੰਟੇ ਦੇ ਕਰੀਬ ਪ੍ਰੇਮ ਦੇ ਅੱਥਰੂ ਵਹਾਉਂਦੇ ਰਹੇ।[4]


ਸ. ਤੇਜਾ ਸਿੰਘ ਸਮੁੰਦ੍ਰੀ ਦੀ ਅਦੱਤੀ ਕੁਰਬਾਨੀ ਪ੍ਰਤਿ ਧੰਨਵਾਦ ਪ੍ਰਗਟਾਉਣ ਅਤੇ ਉਸ ਦੀਆਂ ਕੁਰਬਾਨੀਆਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਸ਼ਿਰੋਮਣੀ ਅਕਾਲੀ ਦਲ ਨੇ ੮ ਅਗਸਤ ਨੂੰ ਸ. ਤੇਜਾ ਸਿੰਘ ਸਮੁੰਦ੍ਰੀ ਸ਼ਹੀਦੀ ਦਿਹਾੜਾ ਮਨਾਣ ਦਾ ਐਲਾਨ ਕੀਤਾ। ਪਿੰਡ ਪਿੰਡ, ਸ਼ਹਿਰ ਸ਼ਹਿਰ, ਅਖੰਡ ਪਾਠ ਕਰਾਉਣ ਤੇ ਦੀਵਾਨ ਲਾਉਣ ਦਾ ਸੱਦਾ ਦਿੱਤਾ ਗਿਆ। ਇਨ੍ਹਾਂ ਦੀਵਾਨਾਂ ਵਿਚ ਸ. ਤੇਜਾ ਸਿੰਘ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਗੁਰੂ ਮਹਾਰਾਜ ਦਸਮ ਪਾਤਸ਼ਾਹ ਦਾ ਇਹ ਸ਼ਬਦ ਪੰਜ ਵਾਰੀ ਪੜ੍ਹ ਕੇ ਅਰਦਾਸਾ ਸੋਧਣ ਦੀ ਹਿਦਾਇਤ ਕੀਤੀ ਗਈ:[5]

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ।
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾ ਦੇ ਰਹਣਾ।
ਸੂਲ ਸੁਰਾਹੀ ਖੰਜਰੁ ਪਿਆਲਾ, ਬਿੰਗ ਕਸਾਈਆਂ ਦਾ ਸਹਣਾ।
ਯਾਰੜੇ ਦਾ ਸਾਨੂੰ ਸਥਰੁ ਚੰਗਾ, ਭਠ ਖੇੜਿਆਂ ਦਾ ਰਹਣਾ।

4 'ਕ੍ਰਿਪਾਨ ਬਹਾਦਰ' (੩ ਅਗਸਤ, ੧੯੨੬), ਪੰਨਾ ੨.
5 ਉਹੀ, ਪੰਨਾ ੬.

Digital Library / ww

Digitized by Panjab Digital Library | www.panjabdigilib.org



ਚਿਤ੍ਰ ੧੧. ਸ. ਤੇਜਾ ਸਿੰਘ ਸਮੁੰਦ੍ਰੀ ਦੀ ਯਾਦ ਵਿਚ ਬਣਿਆ ਤੇਜਾ ਸਿੰਘ ਸਮੁੰਦ੍ਰੀ ਹਾਲ ।

Digitized by Panjab Digital Library | www.panjabdigilib.org

ਪ੍ਰੋਗਰਾਮ ਅਨੁਸਾਰ ਸ਼ਹੀਦੀ ਦਿਹਾੜਾ ਬੜੀ ਸਜ ਧਜ ਨਾਲ ਪੰਜਾਬ ਦੇ ਹਰ ਨਗਰ, ਹਰ ਕਸਬੇ ਤੇ ਹਰ ਪਿੰਡ ਵਿਚ ਮਨਾਇਆ ਗਿਆ। ਸ਼ਹੀਦ ਦੀ ਆਤਮਾ ਲਈ ਅਰਦਾਸੇ ਸੋਧੇ ਗਏ ਅਤੇ ਪੰਥ ਦੇ ਇਸ ਮਹਾਨ ਆਗੂ ਲਈ ਢੁਕਵੀਂ ਯਾਦਗਾਰ ਕਾਇਮ ਕਰਨ ਦਾ ਫ਼ੈਸਲਾ ਹੋਇਆ।

ਯਾਦਗਾਰ ਸੰਬੰਧੀ ਕਈ ਤਰ੍ਹਾਂ ਦੇ ਸੁਝਾਉ ਆਏ: ਇਨ੍ਹਾਂ ਦਾ ਬੁਤ ਖੜਾ ਕਰਨ ਤੋਂ ਲੈ ਕੇ ਖ਼ਾਲਸਾ ਹਾਈ ਸਕੂਲ, ਲਾਇਲਪੁਰ, ਵਿਚ ਇਨ੍ਹਾਂ ਦੇ ਨਾਂ ਤੇ ਹਾਲ ਬਣਵਾਉਣ ਜਾਂ ਫਿਰ, ਲਾਇਲਪੁਰ ਵਿਚ ਸ. ਤੇਜਾ ਸਿੰਘ ਲਾਇਬ੍ਰੇਰੀ ਖੋਲ੍ਹਣ ਤਕ ਦੇ ਮਸ਼ਵਰੇ ਦਿੱਤੇ ਗਏ। ਅੰਤ ਕਾਫੀ ਸੋਚ-ਵਿਚਾਰ ਪਿੱਛੋਂ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਨਾਲ ਤੇਜਾ ਸਿੰਘ ਸਮੁੰਦ੍ਰੀ ਹਾਲ ਬਣਾਉਣ ਦੀ ਤਜਵੀਜ਼ ਸਿਰੇ ਚੜ੍ਹੀ। ਉਥੇ ਖੜਾ ਇਹ ਹਾਲ ਅੱਜ ਨ ਕੇਵਲ ਆਪਣੀ ਪੂਰੀ ਸਜ ਧਜ ਨਾਲ ਸ਼ਹੀਦ ਦੀ ਯਾਦ ਤਾਜ਼ਾ ਕਰਵਾਂਦਾ ਹੈ, ਸਗੋਂ ਉਸ ਜਥੇਬੰਦੀ ਦਾ ਕੇਂਦਰ ਬਣਿਆ ਕੌਮ ਦੇ ਖ਼ੂਨ ਨੂੰ ਗਰਮਾਉਂਦਾ ਰਹਿੰਦਾ ਹੈ, ਜਿਸ ਦੀ ਸਥਾਪਨਾ ਲਈ ਸ. ਤੇਜਾ ਸਿੰਘ ਸਮੁੰਦ੍ਰੀ ਨੇ ਆਪਣਾ ਜੀਵਨ ਅਰਪਿਤ ਕਰੀ ਰੱਖਿਆ ਸੀ। ਸਾਡਾ ਭਾਵ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ ਹੈ ਜਿਸ ਦੇ ਦਫ਼ਤਰ ਅੱਜ ਇਸ ਇਮਾਰਤ ਵਿਚ ਸਥਿਤ ਹਨ।

ਜਦੋਂ ਅਸੀਂ ਇਹ ਗੱਲ ਚਿਤਾਰਦੇ ਹਾਂ ਕਿ ਕਿਸੇ ਸਮੇਂ ਖ਼ਾਲਸਾ ਪੰਥ ਨੇ ਸਰਦਾਰ ਦਿਆਲ ਸਿੰਘ ਵਰਗੇ ਦਾਨੀ ਪੁਰਸ਼ ਦੀ ਇਹ ਮੰਗ ਕਿ ਖ਼ਾਲਸਾ ਕਾਲਜ ਉਨ੍ਹਾਂ ਦੇ ਨਾਂ ਤੇ ਖੋਲ੍ਹਿਆ ਜਾਏ ਤੇ ਉਹ ਇਸ ਦਾ ਸਾਰਾ ਖ਼ਰਚ ਆਪਣੇ ਪੱਲਿਓਂ ਦੇ ਦੇਣਗੇ, ਠੁਕਰਾ ਦਿੱਤੀ ਸੀ, ਤਾਂ ਸਾਨੂੰ ਕੌਮ ਵਲੋਂ ਆਪਣੇ ਇਸ ਨਿਸ਼ਕਾਮ ਸੇਵਕ ਨੂੰ ਦਿੱਤੀ ਮਾਨਤਾ ਦਾ ਇਹਸਾਸ ਭਲੀ ਭਾਂਤ ਹੋ ਜਾਂਦਾ ਹੈ। ਸਿੱਖ ਇਤਿਹਾਸ ਵਿਚ ਗੁਰਦਵਾਰੇ ਤਾਂ ਸ਼ਹੀਦਾਂ ਦੇ ਨਾਂ ਨਾਲ ਜੁੜੇ ਹੋਏ ਸਨ, ਪਰ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਇੱਕਲੇ ਵਿਅਕਤੀ ਦੀ ਪੰਥਕ ਯਾਦਗਾਰ ਸਚੇਤ ਪੱਧਰ ਤੇ ਬਣਾਈ ਗਈ। ਇਹ ਸ. ਤੇਜਾ ਸਿੰਘ ਦੀ ਉਸ ਨਿਸ਼ਕਾਮ ਸੇਵਾ ਦਾ ਬੜਾ ਢੁਕਵਾਂ ਮੁੱਲ ਸੀ ਜੋ ਉਸ ਸਿੱਖ ਜਗਤ ਨੂੰ ਕੌਮੀ ਲਹਿਰ ਨਾਲ ਜੋੜ ਕੇ ਤੇ ਇਸ ਦਾ ਝੰਡਾ ਕੁਲ ਭਾਰਤ ਦੀ ਪੱਧਰ ਤੇ ਗਡ ਕੇ, ਕੀਤੀ ਸੀ।

ਅਗਲੇ ਸਾਲ ੫-੬ ਸਤੰਬਰ ੧੯੨੭ ਨੂੰ ਹੁਸ਼ਿਆਰਪੁਰ ਵਿਚ ਕਮਿਊਨਿਸਟਾਂ ਦੀ ਪਹਿਲੀ ਕਿਰਤੀ ਕਾਨਫ੍ਰੰਸ ਹੋਈ। ਉਸ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦੇ ਚਲਾਣੇ ਉਤੇ ਸੋਗ ਪ੍ਰਗਟਾਉਂਦਿਆਂ ਕਾਨਫ੍ਰੰਸ ਨੇ ਸਮੁੰਦ੍ਰੀ ਸਾਹਿਬ ਦੀ ਮੌਤ ਨੂੰ ਪੰਜਾਬ ਦੇ ਕਿਰਤੀ ਕਿਸਾਨਾਂ ਲਈ ਬਹੁਤ ਵੱਡਾ ਘਾਟਾ ਕਹਿ ਕੇ ਇਸ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕੀਤੀ।[6]

[6] ਦੇਖੋ 'ਕਿਰਤੀ', ਅੰਮ੍ਰਿਤਸਰ (ਅਕਤੂਬਰ ੧੯੨੭), ਪੰਨਾ ੬੪੭

Digitized by Panjab Digital Library | www.panjabdigilib.org

# ਸ਼ਖ਼ਸੀਅਤ ਤੇ ਆਚਰਣ

ਜਿਨ੍ਹਾਂ ਸੱਜਨਾਂ ਸ. ਤੇਜਾ ਸਿੰਘ ਸਮੁੰਦ੍ਰੀ ਦੇ ਦਰਸ਼ਨ ਕੀਤੇ ਹਨ, ਉਹ ਦੱਸਦੇ ਹਨ ਕਿ ਆਪ ਛੇ ਫੁਟ ਉੱਚੇ ਕੱਦ ਦੇ ਬੜੇ ਹੀ ਦੀਦਾਰੀ ਪੁਰਸ਼ ਸਨ। ਉਨ੍ਹਾਂ ਦਾ ਸਰੀਰ ਨ ਪਤਲਾ, ਨ ਮੋਟਾ, ਬੜਾ ਹੀ ਗੱਠਿਆ ਹੋਇਆ ਸੀ। ਰੰਗ ਉਨ੍ਹਾਂ ਦਾ ਗੋਰਾ ਨਿਸ਼ੋਹ ਤੇ ਚਿਹਰਾ ਸੇਅ ਵਾਂਗ ਭਖਦਾ ਸੀ। ਨਕਸ਼ ਨੈਣ ਤਿੱਖੇ ਸਨ ਤੇ ਉਨ੍ਹਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਖਿੱਚ ਸੀ ਜੋ ਵੇਖਣ ਵਾਲੇ ਨੂੰ ਥੋੜੇ ਵਿਚ ਹੀ ਮੋਹ ਲੈਂਦੀ ਸੀ। ਜੋ ਕੋਈ ਉਨ੍ਹਾਂ ਨੂੰ ਵੇਖਦਾ ਅਜ਼ਲੀ ਬੁਤਘਾੜੇ ਨੂੰ ਯਾਦ ਕਰਨੋਂ ਤੇ ਉਸ ਉਤੇ ਵਾਰੇ ਵਾਰੇ ਜਾਣੋਂ ਨ ਰਹਿੰਦਾ। ਸਰਦਾਰ ਸਾਹਿਬ ਨੂੰ ਵੇਖ ਵੇਖ ਉਹਦੀ ਭੁਖ ਨ ਮਿਟਦੀ।

ਭਰ ਜਵਾਨੀ ਦੀ ਗੱਲ ਹੈ; ਬਾਰ ਵਿਚ ਗਿਆਂ ਸ. ਤੇਜਾ ਸਿੰਘ ਤੇ ਉਨ੍ਹਾਂ ਦੇ ਪਰਵਾਰ ਨੂੰ ਕੋਈ ਬਹੁਤ ਚਿਰ ਨਹੀਂ ਸੀ ਹੋਇਆ। ਸ਼ਹਿਰ ਆਦਿ ਜਾਣ ਜਾਂ ਇਲਾਕੇ ਵਿਚ ਫਿਰਨ ਤੁਰਨ ਦਾ ਕੰਮ ਘੋੜੀ ਤੇ ਜਾਂ ਪੈਦਲ ਹੀ ਹੋਇਆ ਕਰਦਾ ਸੀ। ਅਜੇਹੇ ਇਕ ਸਮੇਂ, ਇਕ ਮਿਤ੍ਰ ਨਾਲ ਫਿਰਦੇ ਫਿਰਾਂਦਿਆਂ ਉਨ੍ਹਾਂ ਨੂੰ ਬਾਰ ਦੇ ਅਸਲੀ ਵਸਣੀਕ, ਜਾਂਗਲੀਆਂ, ਦੀ ਇਕ ਝੰਗੀ ਕੋਲੋਂ ਲੰਘਣ ਦਾ ਇਤਫ਼ਾਕ ਹੋਇਆ। ਕੁਝ ਮੁਟਿਆਰਾਂ ਖੂਹ ਤੇ ਪਾਣੀ ਭਰ ਰਹੀਆਂ ਸਨ। ਤ੍ਰੇਹ ਇਨ੍ਹਾਂ ਤੇ ਇਨ੍ਹਾਂ ਦੇ ਸਾਥੀ ਨੂੰ ਵੀ ਲਗੀ ਹੋਈ ਸੀ। ਖੂਹ ਤੇ ਪਹੁੰਚੇ, ਪਾਣੀ ਪੀਤਾ। ਨਿਰਛਲ ਹਿਰਦੇ ਵਾਲੀਆਂ ਜਾਂਗਲਿਆਣੀਆਂ ਸ. ਤੇਜਾ ਸਿੰਘ ਦੀ ਜਬ੍ਹੇ ਵਾਲੀ ਸੂਰਤ ਤੇ ਸੁੰਦਰ ਚਿਹਰਾ ਵੇਖ ਕੇ ਉਥੇ ਹੀ ਗੱਡੀਆਂ ਗਈਆਂ। ਜਦੋਂ ਪਾਣੀ ਪੀ ਕੇ ਇਨ੍ਹਾਂ ਨੇ ਪਿੱਠ ਮੋੜੀ ਤਾਂ ਉਨ੍ਹਾਂ ਸੁਆਣੀਆਂ ਵਿੱਚੋਂ ਇਕ ਨੇ ਦੂਜੀ ਨੂੰ ਪ੍ਰਸੰਸਾ ਦੇ ਲਹਿਜੇ ਵਿਚ ਕਿਹਾ : "ਕੇਡਾ ਚੋਣ ਸਿੱਖੜਾ ਹੇ!" ਦੂਜੀ ਨੇ ਹੁੰਗਾਰਾ ਭਰਦਿਆਂ ਕਿਹਾ : "ਹਾ, ਅਈਂ ਦਿਸੀਂਦਾ ਹੈ ਜਿਵੇਂ ਅੱਲਾਹ ਨੇ ਕਿਦਾਈਂ ਵਿਹਲੇ ਵੇਲੇ ਬਹਿ ਕੇ ਘੜਿਆ ਹੇ।" ਇਕ ਹੋਰ ਕੋਲੋਂ ਬੋਲ ਉਠੀ : "ਕਾਈ ਕਰਮਾਂ ਵਾਲੀ ਹੀ ਹੰਢੇਸੀ!"

ਵਾਕ ਜੋ ਰਾਹੀਆਂ ਸੁਣ ਲਏ ਸਨ, ਇਕ ਇਕ ਹੀ ਕਿਹਾ ਗਿਆ ਸੀ, ਪਰ ਭਰਿਆ ਉਨ੍ਹਾਂ ਵਿਚ ਪੂਰਾ ਸੰਸਾਰ ਸੀ। ਨੌਜਵਾਨ ਸਮੁੰਦ੍ਰੀ ਸਚਮੁਚ "ਚੋਣ ਸਿੱਖੜਾ", "ਵਿਹਲਾ ਬਹਿ ਕੇ ਘੜਿਆ" ਤੇ ਕਿਸੇ "ਕਰਮਾਂ ਵਾਲੀ" ਦੇ ਸਿਰ ਦਾ ਹੀ ਸਾਈਂ ਸੀ।

ਗੱਠਿਆ ਸਰੀਰ ਤੇ ਸੁਨੱਖੀ ਨੁਹਾਰ ਨੌਜਵਾਨ ਸਮੁੰਦ੍ਰੀ ਨੂੰ ਕੁਝ ਤਾਂ ਵਿਰਸੇ ਵਿਚ ਮਿਲੇ ਸਨ ਤੇ ਕੁਝ ਉਸ ਆਪਣੀ ਕਮਾਈ ਨਾਲ ਪੈਦਾ ਕਰ ਲਏ ਸਨ। ਫ਼ੌਜੀ ਰਵਾਇਤਾਂ

o Digital Library | wv

ਵਾਲੇ ਖ਼ਾਨਦਾਨ ਦਾ ਇਹ ਨੌਨਿਹਾਲ ਆਪਣੀ ਜਵਾਨੀ ਦੇ ਸ਼ੁਰੂ ਵਿਚ ਤਿੰਨ ਸਾਲ ਫ਼ੌਜ ਵਿਚ ਰਹਿ ਕੇ ਫ਼ੌਜੀਆਂ ਦੇ ਜ਼ਬਤ ਵਿਚ ਆਪਣੇ ਸਰੀਰ ਨੂੰ ਸਾਧ ਚੁਕਾ ਸੀ। ਸਖ਼ਤ ਤੋਂ ਸਖ਼ਤ ਜਿਸਮਾਨੀ ਮੁਸ਼ੱਕਤ ਤੋਂ ਉਹ ਨਹੀਂ ਸੀ ਘਬਰਾਉਂਦਾ। ਗਤਕਾ ਤੇ ਪੋਲੋ ਖੇਡਣ ਦਾ ਉਸ ਨੂੰ ਬੇ-ਹੱਦ ਸ਼ੌਕ ਸੀ। ਦੋਵੇਂ ਖੇਡਾਂ ਸਰੀਰ ਨੂੰ ਬਣਾਉਣ ਵਾਲੀਆਂ ਤੇ ਮਨੁੱਖ ਵਿਚ ਭਰੋਸਾ ਤੇ ਬਾਹੂ ਬਲ ਪੈਦਾ ਕਰਨ ਵਾਲੀਆਂ ਸਨ। ਪੈਦਲ ਤੁਰਨ ਤੋਂ ਉਸਨੂੰ ਆਰ ਨਹੀਂ ਸੀ। ਲਾਇਲਪੁਰ ਤੋਂ ਸਮੁੰਦ੍ਰੀ ਤੇ ਸਮੁੰਦ੍ਰੀ ਤੋਂ ਪਿੰਡ ਜਾਂਦਿਆਂ ਜੇ ਉਸਨੂੰ ਕਦੇ ਤਾਂਗਾ ਨਹੀਂ ਸੀ ਮਿਲਦਾ ਤਾਂ ਪੰਦ੍ਹਾਂ ਵੀਹ ਕੋਹ ਦਾ ਇਹ ਪੈਂਡਾ ਉਹ ਪੈਦਲ ਹੀ ਕਰਕੇ ਰਾਤ ਘਰ ਜਾ ਸੌਂਦਾ ਸੀ। ਆਰਾਮ ਨੂੰ ਉਹ ਆਰਾਮ ਨਹੀਂ ਸੀ ਜਾਣਦਾ ਤੇ ਦੁਖ ਨੂੰ ਦੁਖ ਨਹੀਂ ਸੀ ਮੰਨਦਾ। ਐਸਾ ਸਖ਼ਤ-ਜਾਨ ਸੀ ਉਹ ਸਰਦਾਰ। ਇਸ ਲਈ ਉਸ ਦੇ ਚਿਹਰੇ ਦਾ ਜਲਾਲ ਵਾਲਾ ਹੋਣਾ ਕੁਦਰਤੀ ਸੀ।

ਕਮਾਈ ਦੇ ਨਾਲ ਉਸ ਦੀ ਖਾਧ-ਖੁਰਾਕ ਨੇ ਵੀ ਸਰੀਰ ਬਣਾਣ ਵਿਚ ਹਿੱਸਾ ਪਾਇਆ ਸੀ। ਨੌਜਵਾਨ ਸਮੁੰਦ੍ਰੀ ਪੁਰਾਣੇ ਜੱਟ ਸਰਦਾਰਾਂ ਵਾਂਗ ਦੁੱਧ, ਦਹੀਂ, ਮੱਖਣ, ਘਿਉ ਤੇ ਸਾਗ ਦਾ ਬੜਾ ਸ਼ੌਕੀਨ ਸੀ। ਅੰਮ੍ਰਿਤਸਰ ਜੇਲ੍ਹ ਵਿਚ, ਸਿਆਲ ਦੀ ਰੁੱਤੇ, ਸਾਗ ਮੱਖਣ ਤੇ ਮਕੱਈ ਦੀ ਰੋਟੀ, ਬਾਬਾ ਕਿਹਰ ਸਿੰਘ ਪੱਟੀ ਇਨ੍ਹਾਂ ਨੂੰ ਅਕਸਰ ਪਹੁੰਚਾਇਆ ਕਰਦੇ ਸਨ। ਮਾਸ ਅੰਡਾ ਵੀ ਉਹ ਖਾ ਲਿਆ ਕਰਦਾ ਸੀ ਅਤੇ ਬੜਾ ਖੁਸ਼ ਹੋ ਕੇ ਖਾਂਦਾ ਸੀ, ਸਗੋਂ ਕਈ ਵਾਰੀ ਮਿਹਨਤ ਨਾਲ ਆਪ ਸ਼ਿਕਾਰ ਕਰਕੇ ਛਕਦਾ ਸੀ। ਫਲਾਂ ਦਾ ਵੀ ਉਹ ਬਹੁਤ ਸ਼ੌਕੀਨ ਸੀ ਅਤੇ ਉਸ ਨੇ ਆਪਣੇ ਪਿੰਡ, ਆਪਣੇ ਖੇਤਾਂ ਵਿਚ ਤਰ੍ਹਾਂ ਤਰ੍ਹਾਂ ਦੇ ਫਲਾਂ ਦਾ ਇਕ ਬਾਗ਼ ਬੜੀਆਂ ਰੀਝਾਂ ਨਾਲ ਲਵਾਇਆ ਹੋਇਆ ਸੀ। ਘਰ ਵਿਚ ਮਾਇਆ ਦੀ ਥੁੜ ਨਹੀਂ ਸੀ; ਜੋ ਕੁਝ ਚਾਹੇ, ਮਿਲ ਸਕਦਾ ਸੀ। ਫਿਰ ਵੀ, ਜੀਵਨ ਉਸ ਸਾਧਾਂ ਵਾਲਾ ਰਖਿਆ ਹੋਇਆ ਸੀ। ਇਸ ਗੱਲ ਦੀ ਚਿੰਤਾ ਨਹੀਂ ਸੀ ਕਿ ਕੋਈ ਚੀਜ਼ ਖਾਣ ਨੂੰ ਮਨ ਭਾਉਂਦੀ ਮਿਲੀ ਹੈ ਜਾਂ ਨਹੀਂ ; ਜੋ ਕੁਝ ਲੱਭਾ ਚੁੰਮ ਚਟ ਕੇ ਖਾ ਲਿਆ ਅਤੇ ਦੇਣ ਵਾਲੇ ਦਾ ਸ਼ੁਕਰ ਕੀਤਾ। ਬਸ, ਇਹੀ ਉਸ ਦਾ ਦਸਤੂਰ ਸੀ।

ਇਹ ਸੁਭਾ ਸ. ਤੇਜਾ ਸਿੰਘ ਨੂੰ ਮੋਰਚਿਆਂ ਵੇਲੇ ਅਤੇ ਪਿੱਛੋਂ ਜੇਲ੍ਹ ਵਿਚ ਬਹੁਤ ਕੰਮ ਆਇਆ। ਓਦੋਂ ਜੇਹੋ ਜੇਹੀ ਖ਼ੁਰਾਕ ਮਿਲੀ ਤੇ ਜਦੋਂ ਮਿਲੀ, ਖਾ ਕੇ ਢਿਡ ਭਰ ਲਿਆ। ਗੁਰੂ ਕੇ ਬਾਗ਼ ਦੇ ਦਿਨਾਂ ਵਿਚ ਜਦੋਂ ਇਹ ਤੇ ਇਨ੍ਹਾਂ ਦੇ ਸਾਥੀ ਸਾਰੇ ਇੱਕੋ ਥਾਂ ਤੇ ਰਹਿੰਦੇ ਤੇ ਪ੍ਰਸ਼ਾਦਾ ਲੰਗਰ ਵਿੱਚੋਂ ਖਾ ਛਡਦੇ ਸਨ, ਇਕ ਦਿਨ ਪ੍ਰੋ. ਨਿਰੰਜਨ ਸਿੰਘ ਨੇ ਇਨ੍ਹਾਂ ਨੂੰ ਆਖਿਆ : "ਸਰਦਾਰ ਜੀ, ਕੇਹਾ ਚੰਗਾ ਹੋਵੇ ਜੇ ਤੁਸੀਂ ਸਾਡੇ ਲਈ ਜ਼ਖਮੀਆਂ ਦੇ ਹਸਪਤਾਲ ਵਿੱਚੋਂ ਰੋਟੀ ਮੰਗਵਾ ਦਿਆ ਕਰੋ, ਕਿਉਂਕਿ ਲੰਗਰ ਦੀ ਰੋਟੀ ਮੈਥੋਂ ਹਜ਼ਮ ਨਹੀਂ ਹੁੰਦੀ।" ਸ. ਤੇਜਾ ਸਿੰਘ ਨੇ ਉੱਤਰ ਦਿੱਤਾ : "ਪ੍ਰੋਫ਼ੈਸਰ ਜੀ, ਗੁਰੂ ਕਾ ਲੰਗਰ ਨਿਰਾ ਗ਼ਰੀਬਾਂ ਵਾਸਤੇ ਨਹੀਂ ਹੈ, ਇਹ ਹਰ ਇਕ ਸਿੱਖ ਵਾਸਤੇ ਹੈ, ਭਾਵੇਂ ਕੋਈ ਅਮੀਰ ਹੋਵੇ ਯਾ ਗ਼ਰੀਬ। ਤੁਸੀਂ ਫੱਟੜ ਨਹੀਂ ਹੋ, ਜ਼ਖਮੀਆਂ ਦੇ ਲੰਗਰ ਵਿਚ ਫੱਟੜਾਂ ਤੋਂ ਬਗ਼ੈਰ

Digitized by Panjab Digital Library | www.panjabdigilib.org

ਕਿਸੇ ਨੂੰ ਪ੍ਰਸ਼ਾਦਾ ਨਹੀਂ ਮਿਲ ਸਕਦਾ।"[1]

ਵਿਚਾਰਾ ਪ੍ਰੋਫੈਸਰ ਸੁਣ ਕੇ ਚੁਪ ਕਰ ਰਿਹਾ, ਭਾਵੇਂ ਉਸ ਦੀ ਸਮੱਸਿਆ ਬੜੀ ਵਾਸਤਵਿਕ ਸੀ, ਕਿਉਂਜੋ ਉਹ ਸ਼ੱਕਰ ਰੋਗ ਵਿਚ ਸ਼ੁਰੂ ਤੋਂ ਹੀ ਗ੍ਰਸਤ ਸੀ।

ਖਾਂਦੇ ਪੀਂਦੇ ਜਟ ਘਰਾਣਿਆਂ ਵਿਚ ਸ਼ਰਾਬ ਪੀਣ ਦੀ ਵਾਦੀ ਬਹੁਤ ਹੈ ਤੇ ਉਦੋਂ ਵੀ ਸੀ। ਸ. ਤੇਜਾ ਸਿੰਘ ਸਮੁੰਦ੍ਰੀ ਦੇ ਪਿਤਾ ਆਪ ਸ਼ਰਾਬ ਪੀ ਲੈਂਦੇ ਸਨ; ਫ਼ੌਜ ਵਿਚ ਰਹਿੰਦਿਆਂ ਮੂੰਹ ਲਗੀ ਸੀ। ਪਰੰਤੂ ਸ. ਤੇਜਾ ਸਿੰਘ ਇਸ ਦੇ ਨੇੜੇ ਨਹੀਂ ਗਏ। ਸ. ਤੇਜਾ ਸਿੰਘ ਦੇ ਇਕ ਨਜ਼ਦੀਕੀ, ਕੈਪਟਨ ਗੁਰਬਖਸ਼ ਸਿੰਘ ਜੀ, ਦੱਸਦੇ ਹਨ ਕਿ ਇਕ ਦਿਨ ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ਵਿਆਹ ਦੇ ਇਕ ਮੌਕੇ ਤੇ ਸ਼ਰਾਬ ਦੇ ਕੇ ਕਿਹਾ ਕਿ "ਤੂੰ ਵੀ ਪੀ ਲੈ", ਪਰ ਇਨ੍ਹਾਂ ਨੇ ਨਾਂਹ ਕਰ ਦਿੱਤੀ ਅਤੇ ਸਾਰੀ ਉਮਰ ਇਸ ਦੇ ਲਾਗੇ ਨ ਗਏ; ਸਗੋਂ ਦੂਜਿਆਂ ਨਸ਼ਿਆਂ ਤੋਂ ਵੀ ਪਰਹੇਜ਼ ਕੀਤਾ। ਇਨ੍ਹਾਂ ਨੂੰ ਕਿਸੇ ਨਸ਼ੇ ਦੀ ਲੋੜ ਵੀ ਕੀ ਸੀ ? ਇਨ੍ਹਾਂ ਨੇ ਤਾਂ ਆਪਣੇ ਲਈ ਵੱਖਰਾ ਹੀ ਨਸ਼ਾ ਲਭਿਆ ਹੋਇਆ ਸੀ, ਜਿਸ ਦੀ ਮਸਤੀ ਇਨ੍ਹਾਂ ਨੂੰ ਸਦਾ ਖੀਵਾ ਰੱਖਦੀ ਸੀ। ਇਹ ਸੀ ਨਾਮ ਤੇ ਲੋਕ-ਸੇਵਾ ਦਾ ਨਸ਼ਾ ਜੋ ਇਨ੍ਹਾਂ ਦੇ ਜੀਵਨ ਦਾ ਆਧਾਰ ਬਣਿਆ ਹੋਇਆ ਸੀ।

ਸਿੱਖ ਰਹੁ ਰੀਤ ਵਿਚ ਆਪ ਬਹੁਤ ਰੂੜ੍ਹ ਸਨ। ਪੂਰਣ ਗੁਰਸਿੱਖਾਂ ਵਾਂਗ ਆਪ ਹਰ ਰੋਜ਼ ਤੜਕੇ, ਤਿੰਨ ਕੁ ਵਜੇ, ਉੱਠਦੇ; ਸ਼ੌਚ ਕ੍ਰਿਆ ਤੋਂ ਫ਼ਾਰਿਗ਼ ਹੋ ਕੇ ਠੰਡੇ ਪਾਣੀ ਨਾਲ ਇਸ਼ਨਾਨ ਕਰਦੇ ਤੇ ਫਿਰ ਪੰਜ ਬਾਣੀਆਂ ਦਾ ਪਾਠ ਧਿਆਨ-ਮਗਨ ਹੋ ਕੇ ਕਰਦੇ। ਕੇਵਲ ਇਸ ਪਿੱਛੋਂ ਹੀ ਆਪ ਆਪਣੇ ਨਿਤ ਦੇ ਕਾਰ-ਵਿਹਾਰ ਵਿਚ ਪ੍ਰਵਿਰਤ ਹੁੰਦੇ। ਦਿਨੇ ਜਦੋਂ ਵੀ ਮੌਕਾ ਬਣਦਾ ਸਿੱਖ ਇਤਿਹਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਦੇ ਰਹਿੰਦੇ। ਗੁਰੂ ਗੋਬਿੰਦ ਸਿੰਘ ਜੀ ਦੇ ਸਮਾਉਣ ਪਿੱਛੋਂ ਜੋ ਕਸ਼ਟ ਸਿੱਖਾਂ ਨੇ ਸਹਾਰੇ ਸਨ ਅਤੇ ਜਿਸ ਉੱਚੇ ਆਚਰਣ ਤੇ ਕੁਰਬਾਨੀ ਦਾ ਸਬੂਤ ਦਿੱਤਾ ਸੀ, ਆਪ ਉਸ ਤੋਂ ਬਹੁਤ ਪ੍ਰਭਾਵਿਤ ਸਨ। ਇਹੀ ਜੀਵਨ ਜ਼ਿੰਦਗੀ ਵਿਚ ਆਪ ਦਾ ਆਦਰਸ਼ ਬਣਿਆ ਹੋਇਆ ਸੀ ; ਇਹੀ ਆਪ ਨੇ ਖ਼ੁਦ ਜੀਵਿਆ ਸੀ ਤੇ ਇਸੇ ਅਨੁਸਾਰ ਰਹਿਣ ਦੀ ਉਹ ਹਰੇਕ ਸਿੱਖ ਪਾਸੋਂ ਆਸ ਰੱਖਦੇ ਸਨ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਆਪ ਨੇ ਪੁਰਾਣੇ ਸਮਿਆਂ ਦੇ ਆਪਾ-ਤਿਆਗ ਤੇ ਕੁਰਬਾਨੀ ਦੇ ਦ੍ਰਿਸ਼ ਇਕ ਵਾਰ ਫਿਰ ਵਰਤਾ ਕੇ ਵਿਖਾ ਦਿੱਤੇ ਸਨ; ਇਹੀ ਆਪ ਦਾ ਕਮਾਲ ਸੀ।

ਇਨ੍ਹਾਂ ਦੀ ਗੁਰਬਾਣੀ ਸੰਬੰਧੀ ਸੂਝ ਬਾਰੇ ਸ. ਤੇਜਾ ਸਿੰਘ ਅਕਰਪੁਰੀ ਦੱਸਦੇ ਹਨ ਕਿ ਇਨ੍ਹਾਂ ਜੇਲ੍ਹ ਵਿਚ ਬਾਵਾ ਹਰਕਿਸ਼ਨ ਸਿੰਘ, ਸਾਹਿਬ ਸਿੰਘ ਤੇ ਹੋਰਨਾਂ ਵਿਦਵਾਨਾਂ ਨਾਲ ਮਿਲ ਕੇ ਗੁਰਬਾਣੀ-ਵਿਚਾਰ ਦਾ ਸਿਲਸਿਲਾ ਚਲਾਇਆ ਹੋਇਆ ਸੀ। ਸਟੀਕ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਜਿਨ੍ਹਾਂ ਨੂੰ ਅੱਜ ਅਸੀਂ "ਸ਼ਬਦਾਰਥ" ਦੇ ਨਾਂ ਨਾਲ ਯਾਦ ਕਰਦੇ ਹਾਂ, ਉਨ੍ਹਾਂ ਦਿਨਾਂ ਦੀ ਸੋਚ ਦਾ ਹੀ ਸਿੱਟਾ ਸਨ, ਜਿਸ ਨੂੰ ਬਾਅਦ ਵਿਚ ਬਾਵਾ ਹਰਕਿਸ਼ਨ ਸਿੰਘ,

---

1 "ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਜੀਵਨ-ਕਥਾ," 'ਫੁਲਵਾੜੀ' (ਅਗਸਤ ੧੯੨੬), ਪੰਨਾ ੫੨.

b Digital Library | ww

ਪ੍ਰੋ. ਤੇਜਾ ਸਿੰਘ ਤੇ ਪ੍ਰੋ. ਨਰਾਇਣ ਸਿੰਘ ਨੇ ਅਮਲੀ ਜਾਮਾ ਪਹਿਨਾਇਆ।

ਗੁਰਬਾਣੀ ਤੇ ਸਿੱਖ ਇਤਿਹਾਸ ਤੋਂ ਬਿਨਾ ਆਪ ਅਖ਼ਬਾਰ, ਟ੍ਰੈਕਟ ਤੇ ਆਮ ਵਾਕਫ਼ੀਅਤ ਦੀਆਂ ਹੋਰ ਵੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਭਾਰਤ ਦੀਆਂ ਪੁਰਾਤਨ ਬੀਰ-ਗਾਥਾਵਾਂ ਤੇ ਹਿੰਦ ਦੇ ਪੁਰਾਣੇ ਇਤਿਹਾਸ ਬਾਰੇ ਵੀ ਆਪ ਨੇ ਬਹੁਤ ਕੁਝ ਪੜ੍ਹਿਆ ਸੀ। ਇਸ ਚੀਜ਼ ਨੇ ਆਪ ਨੂੰ ਹਰੇਕ ਸਮੱਸਿਆ ਦੀ ਤਹਿ ਤਕ ਪਹੁੰਚਣ ਦੀ ਆਦਤ ਪਾ ਦਿੱਤੀ ਸੀ। ਜੀਵਨ ਵਿਚ ਆਪ ਅੱਖਾਂ ਖੋਲ੍ਹ ਕੇ ਵਿਚਰੇ ਸਨ ਤੇ ਹਰ ਤਰ੍ਹਾਂ ਦੇ ਬੰਦੇ ਨਾਲ ਵਾਹ ਪਿਆ ਸੀ। ਇਸ ਲਈ ਜ਼ਿੰਦਗੀ ਦਾ ਅਮਲੀ ਤਜਰਬਾ ਬਹੁਤ ਸੀ। ਇਹੀ ਪਿੱਛੋਂ ਜਾ ਕੇ ਆਪ ਨੂੰ ਜੀਵਨ ਦੀਆਂ ਗੁੰਝਲਾਂ ਸੁਲਝਾਉਣ ਦੇ ਕੰਮ ਆਇਆ।

ਖੇਤੀ ਵਿਚ ਆਪ ਦਾ ਸ਼ੌਕ ਨਹੀਂ ਸੀ। ਇਨ੍ਹਾਂ ਦੀ ਬੁਰਜ ਰਾਏ ਕਾ ਵਾਲੀ ਖੇਤੀ ਇਨ੍ਹਾਂ ਦਾ ਭਾਣਜਾ ਸ. ਲਾਭ ਸਿੰਘ ਕਰਾਂਦਾ ਸੀ। ਉਹ ਬੜਾ ਮਿਹਨਤੀ, ਈਮਾਨਦਾਰ ਤੇ ਆਪਣੇ ਕੰਮ ਵਿਚ ਸਿਆਣਾ ਸੀ। ਚਕ ੧੪੦ ਵਾਲੀ ਖੇਤੀ ਦਾ ਕੰਮ ਇਨ੍ਹਾਂ ਦੇ ਵੱਡੇ ਸਪੁੱਤਰ ਸ. ਸਾਹਿਬ ਸਿੰਘ ਨੇ ਸੰਭਾਲਿਆ ਹੋਇਆ ਸੀ। ਜ਼ਮੀਨ ਆਪ ਦੀ ਚੋਖੀ ਸੀ; ਛੇ ਮੁਰੱਬੇ ਸਨ। ਇਸ ਲਈ ਪੈਸਿਆਂ ਦੀ ਕਦੀ ਤੋਟ ਨਹੀਂ ਸੀ ਆਈ, ਨ ਇਨ੍ਹਾਂ ਨੂੰ ਖੇਤੀ-ਬਾੜੀ ਦੇ ਝੰਜਟ ਵਿਚ ਫਸਣ ਦੀ ਲੋੜ ਮਹਿਸੂਸ ਹੋਈ ਸੀ। ਵਿਹਲਾ ਵੇਲਾ ਇਹ ਧਰਮ, ਕੌਮ ਤੇ ਲੋਕ-ਭਲਾਈ ਦੇ ਕਾਰਜਾਂ ਵਿਚ ਲਗਾਂਦੇ ਸਨ। ਇਨ੍ਹਾਂ ਵਿੱਚੋਂ ਪ੍ਰਮੁੱਖ ਵਿਦਿਆ ਤੇ ਨੀਵੀਆਂ ਜਾਤਾਂ ਦਾ ਉਧਾਰ ਸੀ। ਜਿਹੜੇ ਜਿਹੜੇ ਵਿਦਿਅਕ ਆਸ਼੍ਰਮ ਇਨ੍ਹਾਂ ਖੋਲ੍ਹੇ ਤੇ ਚਲਾਏ ਸਨ, ਉਨ੍ਹਾਂ ਦਾ ਉੱਲੇਖ ਅਸੀਂ ਪਿੱਛੇ ਕਰ ਆਏ ਹਾਂ।

ਰਾਜਸੀ ਸੂਝ ਦੇਣ ਵਿਚ ਇਨ੍ਹਾਂ ਦਾ ਗੁਰੂ ਸ. ਹਰਚੰਦ ਸਿੰਘ ਲਾਇਲਪੁਰੀ ਸੀ। ਇਹ ਪਿੱਛੋਂ ਪਿੰਡ ਸੁਰ ਸਿੰਘ, ਜ਼ਿਲਾ ਲਾਹੌਰ, ਦਾ ਸੀ ਜੋ ਗਦਰੀਆਂ ਦਾ ਭਾਰੀ ਅੱਡਾ ਸੀ। ਲਾਇਲਪੁਰ ਵਿਚ ਸ. ਹਰਚੰਦ ਸਿੰਘ ਦੀ ਕੋਠੀ ਸ਼ਹਿਰੋਂ ਬਾਹਰ ਕੋਈ ਅੱਧ ਕੁ ਮੀਲ ਦੀ ਵਿੱਥ ਤੇ ਸੀ। ਇਹ ਉਸ ਵੇਲੇ ਦੇ ਇਨਕਲਾਬੀਆਂ ਦਾ ਗੁਪਤ ਅੱਡਾ ਬਣੀ ਹੋਈ ਸੀ। ਅਜੀਤ ਸਿੰਘ ਤੇ ਹੋਰ ਕ੍ਰਾਂਤੀਕਾਰੀ ਸ. ਹਰਚੰਦ ਸਿੰਘ ਕੋਲ ਆਉਂਦੇ ਤੇ ਠਹਿਰਦੇ ਸਨ। ਇਕ ਸੂਚਨਾ ਅਨੁਸਾਰ ਸ. ਜਗਤ ਸਿੰਘ ਨਾਲ ਸ. ਕਰਤਾਰ ਸਿੰਘ ਸਰਾਭਾ ਵੀ ਇਨ੍ਹਾਂ ਕੋਲ ਇਕ ਵਾਰ ਆ ਕੇ ਠਹਿਰਿਆ ਸੀ ਤੇ ਇੱਥੇ ਹੀ ਉਸ ਦੀ ਮੁਲਾਕਾਤ ਸ. ਤੇਜਾ ਸਿੰਘ ਸਮੁੰਦ੍ਰੀ ਨਾਲ ਹੋਈ ਸੀ।[2] ਮਸ ਫੁਟੀ ਵਾਲੇ ਇਸ ਨੌਜਵਾਨ ਇਨਕਲਾਬੀ ਨੂੰ ਦੇਖ ਕੇ ਸ. ਤੇਜਾ ਸਿੰਘ ਬਹੁਤ ਪ੍ਰਭਾਵਿਤ ਹੋਇਆ ਸੀ।

ਸ. ਹਰਚੰਦ ਸਿੰਘ ਦੀਆਂ ਇਨਕਲਾਬੀ ਸਰਗਰਮੀਆਂ ਤੋਂ ਸਰਕਾਰ ਅਵੇਸਲੀ ਨਹੀਂ ਸੀ। ਉਨ੍ਹਾਂ ਸੀ. ਆਈ. ਡੀ. ਦਾ ਇਕ ਸਿਪਾਹੀ ਇਨ੍ਹਾਂ ਦੀਆਂ ਸਰਗਰਮੀਆਂ ਦੀ ਦੇਖ ਰੇਖ ਲਈ ਪੱਕਾ ਹੀ ਇਨ੍ਹਾਂ ਦੇ ਮਗਰ ਲਾਇਆ ਹੋਇਆ ਸੀ। ਇਨ੍ਹਾਂ ਦੀ ਕੋਠੀ ਚੂੰਕਿ ਸ਼ਹਿਰੋਂ ਬਾਹਰ ਉਜਾੜ ਵਿਚ ਸੀ ਅਤੇ ਇਸ ਦੇ ਨੇੜੇ ਤੇੜੇ ਹੋਰ ਕੋਈ ਮਕਾਨ ਨਹੀਂ ਸੀ,

---

2 ਬਿਆਨ ਸ. ਤੇਜਾ ਸਿੰਘ ਚੂਹੜਕਾਣਾ।

Digital Library

ਇਸ ਲਈ ਸੀ. ਆਈ. ਡੀ. ਦੇ ਇਸ ਆਦਮੀ ਨੂੰ ਸੌਣ ਲਈ ਘਰ ਜਾਣਾ ਪੈਂਦਾ ਸੀ। ਗਦਰੀ ਬਾਬੇ ਸ. ਹਰਚੰਦ ਸਿੰਘ ਦੀ ਕੋਠੀ ਉਦੋਂ ਆਉਂਦੇ, ਜਦੋਂ ਉਹ ਚਲਾ ਗਿਆ ਹੁੰਦਾ ਤੇ ਸਵੇਰੇ ਉਸ ਦੇ ਆਉਣ ਤੋਂ ਪਹਿਲਾਂ ਹੀ ਉਹ ਓਥੋਂ ਟਿਭ ਜਾਂਦੇ। ਇੰਜ ਇਹ ਅੱਡਾ ਪੂਰੀ ਸਰਗਰਮੀ ਨਾਲ ਆਪਣਾ ਕੰਮ ਕਰੀ ਜਾ ਰਿਹਾ ਸੀ।

ਆਪਣੇ ਇਲਾਕੇ ਵਿਚ ਤਾਂ ਸ. ਤੇਜਾ ਸਿੰਘ ਸਮੁੰਦ੍ਰੀ ਆਪਣੀਆਂ ਲੋਕ-ਸੁਧਾਰਕ ਸਰਗਰਮੀਆਂ ਤੇ ਵਿਦਿਅਕ ਸੇਵਾਵਾਂ ਕਾਰਣ ਸ਼ੁਰੂ ਤੋਂ ਹੀ ਪ੍ਰਸਿੱਧ ਹੋ ਗਿਆ ਸੀ, ਪਰ ਬਾਹਰਲੇ ਲੋਕਾਂ ਦੀ ਨਜ਼ਰ ਵਿਚ ਇਹ ਗੁਰਦਵਾਰਾ ਰਿਕਾਬ ਗੰਜ ਦੀ ਲਹਿਰ ਦੇ ਚਲਣ ਪਿੱਛੋਂ ਆਉਣ ਲੱਗਾ। ਗੁਰਦਵਾਰਾ ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਇਸ ਗੁਰਦਵਾਰੇ ਦੀ ਕੀਤੀ ਸੇਵਾ ਨੇ ਇਨ੍ਹਾਂ ਦੇ ਗੁਣਾਂ ਨੂੰ ਹੋਰ ਉਜਾਗਰ ਕੀਤਾ, ਪਰ ਅਸਲ ਪ੍ਰਸਿੱਧੀ ਇਨ੍ਹਾਂ ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਮਿਲੀ। ਇਹ ਇਕ ਐਸਾ ਮੋਰਚਾ ਸੀ ਅਤੇ ਇਨ੍ਹਾਂ ਇਸ ਨੂੰ ਅਜੇਹੀ ਸਿਆਣਪ ਤੇ ਸੂਝ ਨਾਲ ਚਲਾਇਆ ਸੀ ਕਿ ਦੋਸਤ ਤੇ ਦੁਸ਼ਮਨ, ਸਰਕਾਰ ਤੇ ਅਕਾਲੀ, ਸਾਰੇ ਹੀ ਆਪ ਦੀ ਸਿਆਣਪ ਦਾ ਸਿੱਕਾ ਮੰਨਣ ਲਗ ਪਏ ਸਨ। ਉਸ ਸਮੇਂ ਦਾ ਇਕ ਪ੍ਰਸਿੱਧ ਲੇਖਕ, ਪ੍ਰੋ. ਰੁਚੀ ਰਾਮ ਸਾਹਨੀ, ਜਿਸ ਨੂੰ ਇਸ ਮੋਰਚੇ ਦੀ ਅੰਦਰੂਨੀ ਤੇ ਬੈਰੂਨੀ, ਦੋਹਾਂ ਤਰ੍ਹਾਂ ਦੀ, ਕਾਰਵਾਈ ਬਹੁਤ ਨੇੜੇ ਹੋ ਕੇ ਵੇਖਣ ਦਾ ਮੌਕਾ ਮਿਲਿਆ ਸੀ, ਆਪਣੀ ਪੁਸਤਕ *Struggle for Reform in Sikh Shrines* ਵਿਚ ਲਿਖਦਾ ਹੈ :

> ਮੈਂ ਬੜੀ ਈਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਮੈਂ ਪਾਠਕਾਂ ਨੂੰ ਜੰਗੀ ਕੌਂਸਲ ਦੇ ਪ੍ਰਧਾਨ [ਸ. ਤੇਜਾ ਸਿੰਘ ਸਮੁੰਦ੍ਰੀ] ਦੀ ਅਦਭੁਤ ਸ਼ਖ਼ਸੀਅਤ ਬਾਰੇ ਠੀਕ ਠੀਕ ਜਾਣਕਾਰੀ ਦੇਣੋਂ ਅਸਮਰਥ ਹਾਂ। ਮੈਂ ਨਹੀਂ ਦਸ ਸਕਦਾ ਕਿ ਮੁਸੀਬਤਾਂ ਦੇ ਉਸ ਹੜ੍ਹ ਵਿਚ, ਜਦੋਂ ਸਭ ਪਾਸਿਓਂ ਮੰਗਾਂ ਹੀ ਮੰਗਾਂ ਆ ਰਹੀਆਂ ਹੁੰਦੀਆਂ ਸਨ ਤੇ ਜਦੋਂ ਅੰਮ੍ਰਿਤਸਰ ਤੇ ਸ਼ਿਮਲੇ ਦੀਆਂ ਸਰਕਾਰਾਂ ਵਲੋਂ ਕੀਤੇ ਜ਼ੁਲਮਾਂ ਦੀਆਂ ਭੈੜੀਆਂ ਕੰਨਸੋਆਂ ਪਲ ਪਲ ਪਹੁੰਚ ਰਹੀਆਂ ਹੁੰਦੀਆਂ ਸਨ, ਉਹ ਕਿਸ ਤਰ੍ਹਾਂ ਅਡੋਲ ਤੇ ਸ਼ਾਂਤ ਰਹਿੰਦਾ ਸੀ, ਅਤੇ ਉਨ੍ਹਾਂ ਘਟਨਾਵਾਂ ਨੂੰ ਸਾਧਾਰਣ ਘਟਨਾਵਾਂ ਵਾਂਗ ਕਿਸ ਤਰ੍ਹਾਂ ਹੱਸ ਖੇਡ ਕੇ ਟਪਾ ਲੈਂਦਾ ਸੀ ਜਿਹੜੀਆਂ ਕਿਸੇ ਵੀ ਦੂਜੇ ਲੀਡਰ ਦਾ ਦਮ ਖੁਸ਼ਕ ਕਰਕੇ ਰੱਖ ਸਕਦੀਆਂ ਹਨ? ਉਹ ਅਵਘਟ ਵਿਚੋਂ ਲੰਘਣਾ ਜਾਣਦਾ ਸੀ। ਇਹ ਅਤੇ ਹੋਰ ਗੱਲਾਂ ਜੋ ਉਥੇ ਝਟੇ ਝਟੇ ਵਾਪਰਦੀਆਂ ਰਹਿੰਦੀਆਂ ਸਨ, ਉਸ ਦੇ ਥੱਲੇ ਕੰਮ ਕਰਨ ਵਾਲੇ ਨੂੰ ਆਪਣੇ ਨੇਤਾ ਲਈ ਪ੍ਰਸੰਸਾ ਨਾਲ ਭਰ ਦੇਂਦੀਆਂ ਸਨ। ਉਨ੍ਹਾਂ ਦਾ ਨੇਤਾ ਲੰਮਾ ਉੱਚਾ, ਬੜੀ ਸਾਧਾਰਣ ਜੇਹੀ ਦਿੱਖ ਵਾਲਾ ਆਦਮੀ ਸੀ, ਜਿਸ ਨੂੰ ਵੇਖ ਕੇ ਕੋਈ ਇਹ ਨਹੀਂ ਸੀ ਕਹਿ ਸਕਦਾ ਕਿ ਇਹ ਵੀ ਕੋਈ ਲੀਡਰ ਹੋਵੇਗਾ। ਫਿਰ ਵੀ; ਜਦੋਂ ਕਦੀ ਲੋੜ ਪੈਂਦੀ, ਉਹ ਵੱਡੀ ਭੀੜ ਵਿਚ ਤਣ ਕੇ ਖਲੋ ਜਾਂਦਾ ਅਤੇ ਇਸ ਅੰਦਾਜ਼ ਨਾਲ ਹੁਕਮ ਕਰਦਾ ਕਿ ਕਿਸੇ ਨੂੰ ਵੀ ਉਸ ਦੇ ਹੁਕਮ ਦੇ ਪੂਰਾ ਕੀਤੇ ਜਾਣ ਬਾਰੇ

Digital Library | w

ਸ਼ੱਕ ਨ ਹੁੰਦਾ।[3]

ਜੰਗੀ ਕੌਂਸਲ ਉਪਰ ਉਸ ਦੇ ਕੰਟ੍ਰੋਲ ਅਤੇ ਉਸ ਦੇ ਸਾਥੀਆਂ ਦੇ ਉਸ ਵਿਚ ਅਟੁੱਟ ਵਿਸ਼ਵਾਸ ਦਾ ਜ਼ਿਕਰ ਕਰਦਾ ਉਹ ਅੱਗੇ ਜਾ ਕੇ ਲਿਖਦਾ ਹੈ।

''ਅੱਧੀ ਰਾਤ ਵੇਲੇ ਜੰਗੀ ਕੌਂਸਲ ਦੇ ਸੌਣ ਵਾਲੇ ਕਮਰੇ ਵਿਚ ਉਹ ਮੈਂਬਰ ਆ ਜਾਂਦਾ ਜਿਸ ਦੀ ਡਿਊਟੀ [ਕਮੇਟੀ ਵਲੋਂ ਕੱਢੇ ਜਾਂਦੇ] ਐਲਾਨ ਤਿਆਰ ਕਰਨ ਦੀ ਹੁੰਦੀ। ਦਿਨ ਭਰ ਖ਼ਬਰਾਂ ਉਸ ਕੋਲ ਪਹੁੰਚਦੀਆਂ ਰਹਿੰਦੀਆਂ ਸਨ। ਉਹ ਕੌਂਸਲ ਦੇ ਉਸ ਮੈਂਬਰ ਨੂੰ ਜਗਾ ਲੈਂਦਾ ਜਿਸ ਦੀ ਉਸ ਨੂੰ ਲੋੜ ਹੁੰਦੀ। ਜੇ ਉਸ ਨੂੰ ਸਮਝ ਨ ਪੈਂਦੀ ਕਿ ਕਿਸੇ ਫਲਾਣੀ ਘਟਨਾ ਨੂੰ ਐਲਾਨ ਵਿਚ ਥਾਂ ਦੇਣੀ ਹੈ ਕਿ ਨਹੀਂ ਜਾਂ, ਜੇ ਉਸ ਨੂੰ ਉਸ ਦੇ ਲਿਖਣ ਲਈ ਠੀਕ ਸ਼ਬਦ ਨ ਮਿਲਦੇ, ਤਾਂ ਉਹ [ਜੰਗੀ ਕੌਂਸਲ ਦੇ] ਪ੍ਰਧਾਨ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਜਗਾ ਲੈਂਦਾ। ਕਦੀ ਕਦੀ ਗੂਹੜੀ ਨੀਂਦ ਸੁੱਤੇ ਸਾਰੇ ਮੈਂਬਰਾਂ ਨੂੰ ਉਠਾ ਲਿਆ ਜਾਂਦਾ ਤੇ ਪੂਰੀ ਕੌਂਸਲ ਦੀ ਮੀਟਿੰਗ ਕਰ ਲਈ ਜਾਂਦੀ। ਵਿਚਾਰ-ਅਧੀਨ ਮਾਮਲੇ ਉੱਤੇ ਬਹਿਸ ਬੜੀ ਮੁਖ਼ਤਸਿਰ ਜੇਹੀ ਹੁੰਦੀ, ਜਾਂ ਇੰਜ ਕਹਿ ਲਓ ਕਿ ਹੁੰਦੀ ਹੀ ਨਾ: ਮੈਂਬਰ ਕੇਵਲ ਆਪਣੀ ਆਪਣੀ ਰਾਏ ਥੋੜ੍ਹੇ ਜੇਹੇ ਸ਼ਬਦਾਂ ਵਿਚ, ਬਿਨਾ ਇਧਰ ਉਧਰ ਦੀ ਮਾਰੇ, ਫੈਸਲਾਕੁਨ ਢੰਗ ਨਾਲ ਪ੍ਰਗਟਾ ਦੇਂਦੇ। ਬੜੇ ਬੜੇ ਬਿਖੜੇ ਤੇ ਪੇਚੀਦਾ ਮਾਮਲਿਆਂ ਉਪਰ ਕਮੇਟੀ ਨੂੰ ਬੜੀ ਆਸਾਨੀ ਨਾਲ ਫ਼ੈਸਲੇ ਲੈਂਦਿਆਂ ਵੇਖਣਾ ਸਚਮੁਚ ਹੀ ਬੜੀ ਉਤਸਾਹ-ਜਨਕ ਤੇ ਸਿੱਖਣ-ਯੋਗ ਗੱਲ ਸੀ। ਹਰੇਕ ਮੈਂਬਰ ਪ੍ਰਧਾਨ ਜੀ ਦੀ ਰਾਇ ਲਈ ਅਤਿ ਸਤਿਕਾਰ ਰੱਖਦਾ ਸੀ ਅਤੇ ਜਿਵੇਂ ਕਿ ਮੈਂ ਇਕ ਤੋਂ ਵਧੀਕ ਵਾਰੀ ਲਿਖ ਚੁਕਾ ਹਾਂ, ਸ. ਤੇਜਾ ਸਿੰਘ ਸਮੁੰਦ੍ਰੀ ਸਚਮੁਚ ਹੀ ਬੜਾ ਕਮਾਲ ਦਾ ਬੰਦਾ ਸੀ। ਸਾਧਾਰਣ ਸ਼ਬਦਾਂ ਵਿਚ ਗੱਲ ਕੀਤਿਆਂ, ਉਹ ਪੜ੍ਹਿਆ ਲਿਖਿਆ ਬੰਦਾ ਨਹੀਂ ਸੀ। ਪਰ ਉਹ ਸਿੱਖ ਇਤਿਹਾਸ ਅਤੇ ਸਿੱਖ ਮੱਤ ਬਾਰੇ ਸਭ ਕੁਝ ਜਾਣਦਾ ਸੀ। ਮੈਂ ਉਸ ਨੂੰ ਜਦੋਂ ਕਦੇ ਗੱਲ ਕਰਦਿਆਂ ਸੁਣਿਆ, ਉਹ ਮੈਨੂੰ ਸਿੱਖ ਇਤਿਹਾਸ ਦੀ ਬੜੀ ਬਾਰੀਕ ਸੂਝ ਰੱਖਣ ਵਾਲਾ ਵਿਅਕਤੀ ਦਿਸ ਆਇਆ। ਉਸ ਦਾ ਸਿੱਖ ਇਤਿਹਾਸ ਦੇ ਉਸ ਕਾਲ ਦਾ ਗਿਆਨ ਤਾਂ ਬੜਾ ਅਦਭੁਤ ਸੀ ਜਿਸ ਨੇ ਸਿੱਖ ਨਿਸ਼ਚੇ ਤੇ ਆਚਰਣ ਨੂੰ ਅਪਦਾ ਦੀ ਕੁਠਾਲੀ ਵਿਚ ਗਾਲ ਕੇ ਕੰਚਨ ਵਰਗਾ ਬਣਾ ਦਿੱਤਾ ਸੀ। ਸਮੁੰਦ੍ਰੀ ਸਾਹਿਬ ਦੀ ਸਭ ਤੋਂ ਵੱਡੀ ਇੱਛਾ ਖ਼ਾਲਸੇ ਨੂੰ ਉਸ ਸਮੇਂ ਦੇ ਉੱਚੇ ਆਦਰਸ਼ਾਂ ਤੇ ਰਵਾਇਤਾਂ ਅਨੁਸਾਰ ਜੀਵਨ ਬਤੀਤ ਕਰਦੇ ਵੇਖਣਾ ਸੀ।

''ਤੇਜਾ ਸਿੰਘ ਸਮੁੰਦ੍ਰੀ ਮਾਮੂਲੀ ਜੇਹੀ ਅੰਗਰੇਜ਼ੀ ਜਾਣਦਾ ਸੀ, ਉਹ ਬੋਲ ਤਾਂ ਨਹੀਂ ਸਕਦਾ ਸੀ ਪਰ ਆਪਣੀ ਤਿੱਖੀ ਸੂਝ ਕਾਰਣ ਇਸ ਭਾਸ਼ਾ ਵਿਚ ਕਹੀ

b Digital Library / ww

3 ਉਪਰ ਕਥਿਤ ਪੁਸਤਕ ਪੰਨਾ [illegible].

ਗੱਲ ਦਾ ਸਾਰਾਂਸ਼ ਜੇਹਾ ਫੌਰਨ ਭਾਂਪ ਜਾਂਦਾ ਸੀ। ਉਹ ਉਰਦੂ ਜਾਣਦਾ ਤਾਂ ਸੀ ਪਰ ਬਹੁਤ ਘਟ। ਸਾਧਾਰਣ ਅਰਥਾਂ ਵਿਚ ਉਹ ਕੋਈ ਬਹੁਤਾ ਪੜ੍ਹਿਆ ਲਿਖਿਆ ਵਿਅਕਤੀ ਨਹੀਂ ਸੀ, ਪਰ ਉਸਦੀ ਸੂਝ ਬੂਝ ਬੜੀ ਤਿੱਖੀ ਤੇ ਪ੍ਰੌੜ ਸੀ। ਉਹ ਕਿਸੇ ਮਾਮਲੇ ਦੀ ਤਹਿ ਤੇ ਫ਼ੌਰਨ ਪਹੁੰਚ ਜਾਂਦਾ ਸੀ ਤੇ ਬੇਲੋੜੀਆਂ ਗੱਲਾਂ ਵਿੱਚੋਂ ਲੋੜੀਂਦੀ ਗੱਲ ਝਟ ਲੱਭ ਲੈਣ ਦੀ ਸਮਰਥਾ ਰੱਖਦਾ ਸੀ। ਬੇ-ਲੋੜੀਆਂ ਗੱਲਾਂ ਨੂੰ ਉਹ ਨਜ਼ਰ-ਅੰਦਾਜ਼ ਕਰਨ ਦੇ ਹੱਕ ਵਿਚ ਸੀ, ਪਰ ਬੁਨਿਆਦੀ ਤੇ ਲੋੜੀਂਦੀਆਂ ਗੱਲਾਂ ਉਤੇ ਉਹ ਚੱਟਾਨ ਵਾਂਗ ਜਮ ਕੇ ਖਲੋ ਜਾਂਦਾ ਸੀ। ਉਹ ਇਕ ਜਮਾਂਦਰੂ ਲੀਡਰ ਸੀ। ਉਨ੍ਹਾਂ ਦਿਨਾਂ ਵਿਚ ਮੈਂ ਉਸ ਨੂੰ ਗੱਲ ਦੀ ਨਜ਼ਾਕਤ ਨੂੰ ਫ਼ੌਰਨ ਭਾਂਪਦਿਆਂ ਅਤੇ ਉਸ ਬਾਰੇ ਇੱਨੀ ਛੇਤੀ ਫ਼ੈਸਲਾ ਲੈਂਦਿਆਂ ਵੇਖਿਆ ਸੀ ਕਿ ਅਸੀਂ ਚਕ੍ਰਿਤ ਹੀ ਰਹਿ ਜਾਂਦੇ ਸਾਂ। ਇਹੋ ਜੇਹੀਆਂ ਇਕ ਦੋ ਘਟਨਾਵਾਂ ਮੈਂ ਇਸ ਪੁਸਤਕ ਵਿਚ ਬਿਆਨ ਕਰਨ ਦਾ ਜਤਨ ਕੀਤਾ ਹੈ। ਇਸ ਲਈ, ਹਰੇਕ ਆਦਮੀ ਅਗਵਾਈ ਤੇ ਸਲਾਹ ਲਈ ਉਸ ਕੋਲ ਭੱਜਾ ਆਉਂਦਾ ਸੀ। ਮੈਂ ਉਸ ਨੂੰ ਕਦੀ ਵੀ ਛਿੱਥਾ ਪੈਂਦਿਆਂ ਨਹੀਂ ਦੇਖਿਆ ਸੀ। ਸੱਚੀ ਗੱਲ ਤਾਂ ਇਹ ਹੈ ਕਿ ਵੱਡੀ ਤੋਂ ਵੱਡੀ ਘਬਰਾਹਟ ਤੇ ਜੋਸ਼ ਵੇਲੇ ਵੀ ਕੇਵਲ ਉਹੀ ਇਕ ਬੰਦਾ ਸੀ ਜਿਹੜਾ ਸਦਾ ਸ਼ਾਂਤ ਰਹਿੰਦਾ ਤੇ ਆਪਣੇ ਆਪ ਉਪਰ ਕਾਬੂ ਰਖਦਾ ਸੀ। ਉਹ ਕੱਦ ਦਾ ਉੱਚਾ ਲੰਮਾ ਤੇ ਸਰੀਰ ਦਾ ਗੱਠਿਆ ਹੋਇਆ ਸੀ, ਉਂਜ ਭਾਵੇਂ ਪੰਜਾਬ ਦੇ ਆਮ ਜੱਟਾਂ ਵਰਗਾ ਮੋਟਾ, ਠੁੱਲ੍ਹਾ ਨਹੀਂ ਸੀ। ਉਸ ਨੂੰ ਵੇਖ ਕੇ ਕੋਈ ਵੀ ਇਹ ਅਨੁਮਾਨ ਨਹੀਂ ਸੀ ਲਾ ਸਕਦਾ ਕਿ ਇਹੋ ਜੇਹਾ ਪੇਂਡੂ ਬੰਦਾ ਆਪਣੇ ਮੋਢਿਆਂ ਉੱਤੇ ਇੱਨਾ ਤਿੱਖਾ ਦਿਮਾਗ਼ ਲਈ ਫਿਰਦਾ ਹੈ।[4]

ਪ੍ਰੋਫੈਸਰ ਰੁਚੀ ਰਾਮ ਸਾਹਨੀ ਦੇ ਉਪਰੋਕਤ ਲੇਖ ਸ. ਤੇਜਾ ਸਿੰਘ ਸਮੁੰਦ੍ਰੀ ਦੀ ਸ਼ਖ਼ਸੀਅਤ ਅਤੇ ਆਚਰਣ ਬਾਰੇ ਬੜੀ ਰੋਸ਼ਨੀ ਪਾਂਦੇ ਹਨ। ਉਸ ਨੂੰ ਸਮੁੰਦ੍ਰੀ ਸਾਹਿਬ ਦੀ ਸ਼ਖਸੀਅਤ ਤੇ ਆਚਰਣ ਨੇ ਬੜਾ ਹੀ ਪ੍ਰਭਾਵਿਤ ਕੀਤਾ ਲਗਦਾ ਹੈ ਕਿਉਂਜੋ ਉਹ ਰਹਿ ਰਹਿ ਕੇ ਇਸ ਵਿਸ਼ੇ ਉੱਤੇ ਕਲਮ ਚਲਾਉਂਦਾ ਤੇ ਉਨ੍ਹਾਂ ਲਈ ਆਪਣੀ ਸ਼ਰਧਾ ਪ੍ਰਗਟਾਉਂਦਾ ਹੈ। ਇਸੇ ਕਿਤਾਬ ਵਿਚ ਅੱਗੇ ਚਲ ਕੇ ਉਹ ਸਿੱਖ ਮੁਖੀਆਂ ਉੱਤੇ ਚਲ ਰਹੇ ਬਗ਼ਾਵਤ ਕੇਸ ਦੇ ਸੰਬੰਧ ਵਿਚ ਇਕ ਵਾਰ ਫਿਰ ਲਿਖਦਾ ਹੈ :

ਅਕਾਲੀ ਮੋਰਚਿਆਂ ਉਪਰ ਚਲ ਰਹੇ ਮੁਕਦਮੇ ਦੀ ਸੁਣਵਾਈ ਅਕਤੂਬਰ ੧੯੨੩ ਤੋਂ ਮਾਰਚ ੧੯੨੫ ਤਕ ਲਗਭਗ ਹਰ ਰੋਜ਼ ਹੁੰਦੀ ਰਹੀ। ਨਜ਼ਰ-ਬੰਦੀ ਦੇ ਦੌਰਾਨ ਦੋਸ਼ੀਆਂ ਵਿੱਚੋਂ ਬਹੁਤੇ ਕਿਸੇ ਨ ਕਿਸੇ ਕਿਸਮ ਦੀ ਬੀਮਾਰੀ ਵਿਚ ਗ੍ਰਸਤ ਹੋ ਗਏ। ਉਨ੍ਹਾਂ ਵਿੱਚੋਂ ਇਕ ਤਾਂ, ਜੋ ਸਾਰੇ ਅਕਾਲੀਆਂ ਵਿੱਚੋਂ ਸ਼ਿਰੋਮਣੀ ਸੀ ਅਤੇ ਜੋ ਇਸ ਤੋਂ ਪਹਿਲੇ ਗੁਰੂ ਕੇ ਬਾਗ਼ ਦੇ ਮੋਰਚੇ ਦੇ ਅਤਿ ਬਿਖੜੇ ਕੰਮ ਦਾ

4 Ruchi Ram Sahni, *Struggle for Reform in Sikh Shrines*, ਪੰਨਾ ੧੫੧-੧੫੩.

Digital Library / ww

ਮੁਖ ਰੂਪ ਵਿਚ ਸੰਚਾਲਕ ਸੀ, ਮੇਰਾ ਭਾਵ ਸ. ਤੇਜਾ ਸਿੰਘ ਸਮੁੰਦ੍ਰੀ ਤੋਂ ਹੈ, ਜੇਲ੍ਹ ਵਿਚ ਹੀ ਚਲਾਣਾ ਕਰ ਗਿਆ। ਮੈਂ ਉਸ ਸਾਰੀ ਲਹਿਰ ਵਿਚ ਮੌਕੇ ਉੱਤੇ ਮੌਜੂਦ ਸਾਂ ਅਤੇ ਮੈਨੂੰ ਸਾਰੀ ਲਹਿਰ ਬਹੁਤ ਨੇੜੇ ਹੋ ਕੇ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਜਿਵੇਂ ਕਿ ਮੈਂ ਇਸ ਕਿਤਾਬ ਦੇ ਇਕ ਹੋਰ ਸਫ਼ੇ ਉੱਤੇ ਲਿਖ ਆਇਆ ਹਾਂ, ਮੈਂ ਐਕਸ਼ਨ ਕੌਂਸਲ ਦੇ ਮੈਂਬਰਾਂ ਦੇ ਨਾਲ ਹੀ ਉਨ੍ਹਾਂ ਦੇ ਕਮਰੇ ਵਿਚ ਸੌਂਦਾ ਸਾਂ ਅਤੇ ਮੈਂਬਰਾਂ ਨੂੰ ਮੇਰੇ ਉਪਰ ਪੂਰਾ ਭਰੋਸਾ ਸੀ। ਉਹ ਮੈਨੂੰ ਆਪਣੀ ਕਮੇਟੀ ਦਾ ਇਕ ਮੈਂਬਰ ਹੀ ਸਮਝਦੇ ਸਨ। ਉਂਜ ਤਾਂ ਕਮੇਟੀ ਦਾ ਹਰੇਕ ਮੈਂਬਰ ਆਪਣੇ ਜ਼ਿੰਮੇ ਲੱਗੀ ਡਿਊਟੀ ਨੂੰ ਬੜੀ ਈਮਾਨਦਾਰੀ ਤੇ ਤਨਦਹੀ ਨਾਲ ਨਿਭਾਉਣ ਦੇ ਜਤਨ ਵਿਚ ਹੁੰਦਾ ਸੀ, ਪਰ ਮੇਰੇ ਪਾਸ ਸ਼ਬਦ ਨਹੀਂ ਹਨ ਜਿਨ੍ਹਾਂ ਨਾਲ ਮੈਂ ਸ. ਤੇਜਾ ਸਿੰਘ ਸਮੁੰਦ੍ਰੀ ਲਈ ਆਪਣੀ ਉਸ ਪ੍ਰਸੰਸਾ ਨੂੰ ਪ੍ਰਗਟਾ ਸਕਾਂ, ਜੋ ਮੇਰੇ ਦਿਲ ਵਿਚ ਉਨ੍ਹਾਂ ਨੂੰ ਕੰਮ ਕਰਦਿਆਂ ਵੇਖ ਕੇ ਉਤਪੰਨ ਹੁੰਦੀ ਸੀ। ਜਿਸ ਠੰਢੇ ਚਿਤ ਪਰ ਦ੍ਰਿੜ ਇਰਾਦੇ ਨਾਲ ਸ. ਤੇਜਾ ਸਿੰਘ ਸਮੁੰਦ੍ਰੀ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਰਗੀ ਵੱਡੀ ਤੇ ਪੇਚੀਦਾ ਜਥੇਬੰਦੀ ਦਾ ਕੰਮ ਚਲਾ ਤੇ ਉਸ ਨੂੰ ਸਫਲਤਾ ਵਲ ਲਿਜਾ ਰਿਹਾ ਸੀ, ਉਸ ਨੂੰ ਬਿਆਨ ਕਰਨ ਲਈ ਮੇਰੇ ਪਾਸ ਸ਼ਬਦ ਨਹੀਂ ਹਨ। ਆਮ ਅਰਥਾਂ ਵਿਚ ਸ. ਤੇਜਾ ਸਿੰਘ ਕੋਈ ਬਹੁਤ ਪੜ੍ਹਿਆ ਹੋਇਆ ਮਨੁੱਖ ਨਹੀਂ ਸੀ, ਫਿਰ ਵੀ ਉਹ ਇਕ ਬੜਾ ਕਮਾਲ ਦਾ ਬੰਦਾ ਸੀ—ਅਜੇਹਾ ਜਿਹੜਾ ਲੱਖਾਂ ਵਿਚ ਇਕ ਹੋਵੇ। ਉਹ ਜਮਾਂਦਰੂ ਪ੍ਰਬੰਧਕ, ਮਨੁੱਖਾਂ ਦਾ ਆਗੂ ਤੇ ਤਹਿਰੀਕਾਂ ਦਾ ਚਲਾਣ ਵਾਲਾ ਲੀਡਰ ਸੀ"।[5]

ਪ੍ਰੋਫ਼ੈਸਰ ਰੁਚੀ ਰਾਮ ਵਰਗੇ ਮੁਹਤਾਤ ਤੇ ਨਿਰਪੱਖ ਲਖਕ ਦੀ ਕਲਮ ਤੋਂ ਸ. ਤੇਜਾ ਸਿੰਘ ਸਮੁੰਦ੍ਰੀ ਦੀ ਮਹਾਨ ਸ਼ਖਸੀਅਤ ਤੇ ਉੱਚੇ ਆਚਰਣ ਬਾਰੇ ਇਹ ਨਿਰਣਾ ਬੜਾ ਕੀਮਤੀ ਹੈ। ਪ੍ਰੋਫ਼ੈਸਰ ਸਾਹਿਬ ਤੋਂ ਬਿਨਾ ਹੋਰ ਵੀ ਕਈ ਪੁਰਸ਼ ਹਨ ਜੋ ਸਮੁੰਦ੍ਰੀ ਸਾਹਿਬ ਦੀ ਅਜ਼ਮਤ ਦਾ ਦਮ ਭਰਦੇ ਹਨ। ਉਨ੍ਹਾਂ ਵਿੱਚੋਂ ਇਕ ਪ੍ਰੋਫ਼ੈਸਰ ਤੇਜਾ ਸਿੰਘ, ਜੋ ਚੰਗੀ ਸੂਝ ਬੂਝ ਵਾਲਾ ਤੇ ਉਨ੍ਹਾਂ ਦਾ ਅਤਿ ਨਿਕਟਵਰਤੀ ਸੀ, ਉਨ੍ਹਾਂ ਬਾਰੇ ਲਿਖਦਾ ਹੈ :

"ਉਨ੍ਹਾਂ (ਤੇਜਾ ਸਿੰਘ ਸਮੁੰਦ੍ਰੀ) ਦਾ ਨਾਉਂ ਕੇਵਲ ਇਸ ਕਰਕੇ ਉੱਘਾ ਨਹੀਂ ਕਿ ਉਹ ਗੁਰਦਵਾਰਾ ਸੁਧਾਰ ਦੇ ਮੋਹਰੀਆਂ ਵਿੱਚੋਂ ਸਨ, ਸਗੋਂ ਇਸ ਲਈ ਕਿ ਉਨ੍ਹਾਂ ਦੀ ਸ਼ਖ਼ਸੀਅਤ ਅਦੁੱਤੀ ਸੀ। ਇਸ ਧਾਰਮਿਕ ਲਹਿਰ ਨੇ ਸਿੱਖਾਂ ਲਈ ਬਹੁਤ ਕੁਝ ਪੈਦਾ ਕੀਤਾ ਹੈ; ਪਰ ਪਿਛਲੇ ਪੰਜਾਂ ਛਿਆਂ ਵਰ੍ਹਿਆਂ ਵਿਚ ਜੋ ਪੰਥਕ ਘਾਲਣਾ ਦਾ ਸਭ ਤੋਂ ਚੰਗਾ ਸਿੱਟਾ ਨਿਕਲਿਆ ਹੈ, ਉਹ ਚੰਦ ਚੋਣਵੀਆਂ ਸ਼ਖਸੀਅਤਾਂ ਹਨ, ਜਿਨ੍ਹਾਂ ਦੇ ਸਦਕੇ ਪੰਥ ਇੱਨਾ ਉੱਚਾ ਹੋ ਕੇ ਆਪਣੇ ਪੁਰਾਣੇ

5 ਪੰਨਾ ੨੫੦.

b Digital Library | ww

ਕਾਰਨਾਮੇ ਸੁਰਜੀਤ ਕਰ ਸਕਿਆ ਹੈ । ਸਾਰੇ ਪਾਸੇ ਨਜ਼ਰ ਦੁੜਾ ਕੇ ਬੜੇ ਠੰਢੇ ਦਿਲ ਨਾਲ ਮੈਂ ਕਹਿ ਸਕਦਾ ਹਾਂ ਕਿ ਗੁਰਦਵਾਰਾ ਸੁਧਾਰ ਨੇ ਜੋ ਸਭ ਤੋਂ ਉੱਚੀ, ਸੁੱਚੀ ਤੇ ਹਰ ਤਰ੍ਹਾਂ ਨਾਲ ਅਮੋਲਕ ਹਸਤੀ ਪੈਦਾ ਕੀਤੀ ਹੈ, ਉਹ ਸ. ਤੇਜਾ ਸਿੰਘ ਸਮੁੰਦ੍ਰੀ ਹੀ ਹੈ । ਭਾਵੇਂ ਉਨ੍ਹਾਂ ਦੇ ਸ਼ਖ਼ਸੀ ਗੁਣ ਲਓ ਤੇ ਭਾਵੇਂ ਉਨ੍ਹਾਂ ਨੂੰ ਇਕ ਔਖੇ ਸਮੇਂ ਦਾ ਆਗੂ ਕਰਕੇ ਜਾਂਚੋ, ਉਨ੍ਹਾਂ ਦੇ ਬਰਾਬਰ ਦਾ ਕੋਈ ਲੀਡਰ ਨਹੀਂ ਮਿਲੇਗਾ । ਇਸ ਦਾ ਇਹ ਭਾਵ ਨਹੀਂ ਕਿ ਉਹ ਅਭੁੱਲ ਸਨ, ਜਾਂ ਉਨ੍ਹਾਂ ਦੀ ਰਾਏ ਸਦਾ ਠੀਕ ਹੁੰਦੀ ਸੀ, ਪਰੰਤੂ ਪ੍ਰੇਮ, ਸੱਚ ਤੇ ਪਿਆਰ, ਗੁਰਬਾਣੀ ਉਤੇ ਸ਼ਰਧਾ, ਗੰਭੀਰਤਾ, ਦ੍ਰਿੜਤਾ, ਸਿਆਣਪ ਤੇ ਸੁਭਾ ਦੀ ਸਰਲਤਾ ਤੇ ਮਿਠਾਸ ਵਿਚ ਉਨ੍ਹਾਂ ਜੇਹਾ ਕੋਈ ਹੋਰ ਲੀਡਰ ਨਹੀਂ ਸੀ । ਕਿਸੇ ਵਿਚ ਦ੍ਰਿੜਤਾ, ਦਲੇਰੀ ਅਤੇ ਜੋਸ਼ ਹੋਵੇਗਾ, ਪਰੰਤੂ ਪ੍ਰੇਮ, ਸਫ਼ਾਈ ਅਤੇ ਸਿਆਣਪ ਨਹੀਂ ਹੋਵੇਗੀ ; ਕਿਸੇ ਵਿਚ ਸਿਆਣਪ ਤੇ ਚਤੁਰਾਈ ਹੋਵੇਗੀ ਪਰ ਔਖੇ ਸਮੇਂ ਵਿਚ ਅਸੂਲ ਉੱਤੇ ਦ੍ਰਿੜਤਾ ਜਾਂ ਰਾਏ ਦਾ ਪਰਹੇਜ ਨਹੀਂ ਹੋਵੇਗਾ । ਕਿਸੇ ਵਿਚ ਇਹ ਦੋਵੇਂ ਗੁਣ ਹੋਣਗੇ, ਪਰ ਆਪਣੇ ਸੁਭਾ ਉਤੇ ਕਾਬੂ ਨ ਹੋਣ ਕਰਕੇ ਪੰਜਾਂ ਮਿੰਟਾਂ ਵਿਚ ਛਿਆਂ ਆਦਮੀਆਂ ਨੂੰ ਨਾਰਾਜ਼ ਕਰ ਲੈਣ ਦੀ ਵਾਦੀ ਹੋਵੇਗੀ । ਇਕ ਸ. ਤੇਜਾ ਸਿੰਘ ਹੁਰੀਂ ਹੀ ਸਨ ਜੋ ਤਕੜੇ ਅਰ ਸਿਆਣੇ ਹੋਣ ਦੇ ਬਾਵਜੂਦ ਸੁਭਾ ਦੇ ਇੱਨੇ ਮਿੱਠੇ ਤੇ ਗੰਭੀਰ ਸਨ ਕਿ ਜੇਲ੍ਹ ਦੇ ਅੰਦਰ ਜਦ ਭੀ ਆਪਸ ਵਿਚ ਖਹਿ ਮਖਹਿ ਹੋ ਪੈਂਦੀ, ਜਾਂ ਜੇਲ੍ਹ ਤੋਂ ਬਾਹਰ ਕਦੀ ਗਰਮ ਤੇ ਕਦੀ ਨਰਮ ਧੜੇ ਲੜ ਪੈਂਦੇ, ਤਾਂ ਕੇਵਲ ਆਪ ਦੀ ਸ਼ਖ਼ਸੀਅਤ ਸੀ ਜੋ ਵਿਚ ਪੈ ਕੇ ਸੁਲਹ ਸਫ਼ਾਈ ਕਰਾਉਂਦੀ ਸੀ । ਪਿੱਛੇ ਜੇਹੇ ਜਾ ਕੇ ਜਦ ਲੀਡਰਾਂ ਦੇ ਸੁਭਾ ਬਹੁਤ ਹੀ ਵਿਗੜ ਗਏ ਅਰ ਆਪਸ ਵਿਚ ਵੀ ਪਾਟੋ ਧਾੜ ਬਹੁਤ ਵਧ ਗਈ ਤਦ ਜਾ ਕੇ ਸਰਦਾਰ ਜੀ ਦੀ ਸ਼ਖ਼ਸੀਅਤ ਦਾ ਅਸਰ ਇਕ ਧੜੇ ਤੇ ਕੁਝ ਘਟ ਗਿਆ ਸੀ, ਪਰੰਤੂ ਸਾਧਾਰਣ ਹਾਲਤ ਵਿਚ ਸਾਰਿਆਂ ਧੜਿਆਂ ਤੋਂ ਸੁਤੰਤਰ ਤੇ ਹਰਮਨ ਪਿਆਰੇ ਲੀਡਰ ਕੇਵਲ ਆਪ ਹੀ ਸਨ ।

"ਆਪ ਬਹੁਤ ਪੜ੍ਹੇ ਲਿਖੇ ਹੋਏ ਨਹੀਂ ਸਨ, ਪਰੰਤੂ ਔਖੇ ਤੋਂ ਔਖੇ ਪੰਥਕ ਕੰਮਾਂ ਵਿਚ ਉਨ੍ਹਾਂ ਦੀ ਰਾਏ ਬੜੀ ਸਿਆਣੀ ਹੁੰਦੀ ਸੀ । ਉਨ੍ਹਾਂ ਵਿਚ ਆਮ ਸਮਝ (ਕਾਮਨਸੈਂਸ) ਬਹੁਤ ਸੀ । ਵਿਦਿਆ ਅਤੇ ਖ਼ਾਸ ਕਰਕੇ ਧਾਰਮਿਕ ਪ੍ਰਚਾਰ ਦੀਆਂ ਲੋੜਾਂ ਨੂੰ ਜਿੰਨਾ ਉਹ ਅਨੁਭਵ ਕਰਦੇ ਸਨ, ਉੱਨਾ ਹੋਰ ਲੋਕ ਘਟ ਹੀ ਕਰਦੇ ਸਨ । ਗੁਰਬਾਣੀ ਦੇ ਬਹੁਤ ਪ੍ਰੇਮੀ ਸਨ ਅਤੇ ਉਨ੍ਹਾਂ ਨੂੰ ਬਹੁਤ ਸਾਰੀ ਬਾਣੀ ਜ਼ਬਾਨੀ ਕੰਠ ਸੀ । ਗੁਰਬਾਣੀ ਦੇ ਅਰਥਾਂ ਨੂੰ ਇਕ ਮਹਾਂ ਗਿਆਨੀ ਦੇ ਬਰਾਬਰ ਸਮਝ ਸਕਦੇ ਸਨ । ਪਾਠ ਬਹੁਤ ਸ਼ੁੱਧ ਕਰਦੇ ਸਨ । ਅਫ਼ਸੋਸ ਕਿ ਉਨ੍ਹਾਂ ਨੂੰ ਜੋ ਚਾਅ ਗੁਰਬਾਣੀ ਦੇ ਫੈਲਾਣ ਲਈ ਸੀ ਉਹ ਉਨ੍ਹਾਂ ਦੇ ਨਾਲ ਹੀ ਚਲਾ ਗਿਆ ।

Digital Library | w

ਗੁਰਦਵਾਰਾ ਸੁਧਾਰ ਦੇ ਖ਼ਾਤਮੇ ਉੱਤੇ ਜੋ ਵਿਚਾਰਾਂ ਸੰਸਾਰ ਵਿਚ ਸਿੱਖੀ ਨੂੰ ਫੈਲਾਣ ਸੰਬੰਧੀ ਹੋਣੀਆਂ ਸਨ, ਉਨ੍ਹਾਂ ਵਿਚ ਸ. ਤੇਜਾ ਸਿੰਘ ਜੀ ਦਾ ਹਿੱਸਾ ਬੜ ਚੜ੍ਹ ਕੇ ਹੋਣਾ ਸੀ।"[6]

ਮਾਸਟਰ ਤਾਰਾ ਸਿੰਘ ਬੜਾ ਅੱਖੜ ਲੀਡਰ ਸੀ ਤੇ ਕਿਸੇ ਕੋਲੋਂ ਖ਼ਮ ਨਹੀਂ ਸੀ ਖਾਂਦਾ। ਕੇਵਲ ਸ. ਤੇਜਾ ਸਿੰਘ ਸਮੁੰਦ੍ਰੀ ਉਸ ਨੂੰ ਕਾਬੂ ਕਰ ਕੇ ਰੱਖਦਾ ਸੀ। ਮਾਸਟਰ ਤਾਂ ਉਨ੍ਹਾਂ ਨੂੰ ਪੂਜਦਾ ਸੀ। ਕਿਸੇ ਵੇਲੇ ਝਾੜ ਝੰਬ ਵੀ ਕਰ ਲੈਣ ਤਾਂ ਕੁਸਕਦਾ ਨਹੀਂ ਸੀ। ਸ. ਅਜੀਤ ਸਿੰਘ ਅੰਬਾਲਵੀ ਦਸਦੇ ਹਨ ਕਿ ਸਮੁੰਦ੍ਰੀ ਸਾਹਿਬ ਦੇ ਮਰਨ ਉਪਰੰਤ ਉਹ ਜਦੋਂ ਕਦੀ ਉਨ੍ਹਾਂ ਦੀ ਗੱਲ ਕਰਦਾ ਤਾਂ ਸਤਿਕਾਰ ਨਾਲ ਸਿਰ ਝੁਕਾ ਲੈਂਦਾ ਅਤੇ ਕਹਿੰਦਾ ਕਿ "ਉਸ ਵਰਗਾ ਇਨਸਾਨ ਪੈਦਾ ਹੋਣਾ ਮੁਸ਼ਕਿਲ ਹੈ।" ਇਹੀ ਮਾਸਟਰ ਤਾਰਾ ਸਿੰਘ ਉਨ੍ਹਾਂ ਦੇ ਮਰਨ ਤੇ ਭੁੱਬਾਂ ਮਾਰ ਕੇ ਰੋਇਆ ਸੀ ਅਤੇ ਉਸ ਨੇ ਉਨ੍ਹਾਂ ਦੇ ਗੁਣਾਂ ਨੂੰ ਚਿਤਾਰਦਿਆਂ ਲਿਖਿਆ ਸੀ :

"ਸਰਦਾਰ ਜੀ ਹਰ ਗੱਲੋਂ ਨਿਪੁਣ ਸਨ। ਮੈਂ ਦੋ ਅੱਖਰਾਂ ਦੇ ਵਿਚ ਇਹੋ ਕਹਾਂਗਾ ਕਿ ਆਪ "ਪੂਰਨ ਗੁਰਸਿੱਖ" ਸਨ। ਆਪ ਨੇ ਜਦੋਂ ਦੀ ਹੋਸ਼ ਸੰਭਾਲੀ ਹੈ, ਸੇਵਾ ਵਿਚ ਲਗੇ ਰਹੇ ਹਨ। ਪਰ ਅਜੇਹੀ ਨਿਰਮਾਣਤਾ ਨਾਲ ਕੰਮ ਕਰਦੇ ਸਨ ਕਿ ਆਪ ਸੰਬੰਧੀ ਕਿਸੇ ਨੂੰ ਪਤਾ ਹੀ ਨਹੀਂ ਲੱਗਾ। ਗੁਰਦਵਾਰਾ ਰਿਕਾਬ ਗਜ ਵੇਲੇ ਪੰਥ ਅੰਦਰ ਹਿਲਜੁਲ ਪੈਦਾ ਕਰਨ ਦੇ ਮੋਢੀ ਤੇ ਰੂਹ ਆਪ ਸਨ। ਆਪਣੇ ਇਲਾਕੇ ਦੀ ਆਪ ਜੀਵਨ ਬੂਟੀ ਸਨ। ਸ਼ਿਰੋਮਣੀ ਕਮਟੀ ਵਿਚ ਭਾਵੇਂ ਸ. ਖੜਕ ਸਿੰਘ ਜੀ ਜਰਨੈਲ ਰਹੇ ਤੇ ਹੋਰ ਸੇਵਕਾਂ ਨੇ ਵੀ ਕੰਮ ਕੀਤਾ, ਪਰੰਤੂ ਅਸਲੀ ਜ਼ਿੰਮੇਵਾਰੀ ਦਾ ਬੋਝ ਸ. ਤੇਜਾ ਸਿੰਘ ਸਮੁੰਦ੍ਰੀ ਦੇ ਸਿਰ ਹੀ ਸੀ।"[7]

ਇਨ੍ਹਾਂ ਸਤਰਾਂ ਦੇ ਲੇਖਕ ਨੇ ਸਮੁੰਦ੍ਰੀ ਸਾਹਿਬ ਬਾਰੇ ਕੁਝ ਜਾਣਨ ਲਈ ਜਦੋਂ ਬਾਵਾ ਹਰਕਿਸ਼ਨ ਸਿੰਘ ਨਾਲ ਮੁਲਾਕਾਤ ਕੀਤੀ ਤਾਂ ਬਾਵਾ ਜੀ ਨੇ ਸਾਰੀਆਂ ਗੱਲਾਂ ਬਾਰੇ ਜਾਣਕਾਰੀ ਦੇਂਦਿਆਂ ਹੋਇਆਂ ਅੰਤ ਵਿਚ ਇਹ ਕਿਹਾ : "In short he was the flower of the movement." (ਮੁਕਦੀ ਗੱਲ, ਉਹ [ਅਕਾਲੀ] ਲਹਿਰ ਦੇ ਬਾਗ਼ ਦਾ ਇੱਕ [ਅਦੁੱਤੀ] ਫੁੱਲ ਸੀ)।[8]

ਸਮੁੰਦ੍ਰੀ ਸਾਹਿਬ ਨਾਲ ਮਿਲ ਕੇ ਕੰਮ ਕਰਨ ਵਾਲਿਆਂ ਵਿੱਚੋਂ ਇਕ ਹੋਰ ਪ੍ਰੋ. ਨਿਰੰਜਨ ਸਿੰਘ ਜੀ ਸਨ। ਜਦੋਂ ਉਨ੍ਹਾਂ ਨੂੰ ਸਮੁੰਦ੍ਰੀ ਸਾਹਿਬ ਬਾਰੇ ਆਪਣੇ ਖ਼ਿਆਲ ਪ੍ਰਗਟਾਉਣ ਲਈ ਬੇਨਤੀ ਕੀਤੀ ਗਈ, ਤਾਂ ਉਨ੍ਹਾਂ ਹੋਰਨਾਂ ਗੱਲਾਂ ਨਾਲ ਇਹ ਵੀ ਲਿਖ ਕੇ ਘੱਲਿਆ :

"ਕੁਰਬਾਨੀ ਨਾਲੋਂ ਵਧ ਕੌਮ ਲਈ ਹੋਰ ਕੋਈ ਟਾਨਿਕ ਨਹੀਂ ਹੁੰਦੀ। ਜਿੰਨਾ

---

[6] 'ਖ਼ਾਲਸਾ ਤੇ ਖ਼ਾਲਸਾ ਐਡਵੋਕੇਟ' (੭ ਅਗਸਤ ੧੯੨੬), ਪੰਨਾ ੬.

[7] ਕ੍ਰਿਪਾਨ ਬਹਾਦਰ ਤੇ ਸੰਗਤ (੪ ਅਕਤੂਬਰ ੧੯੨੬), ਪੰਨਾ ੨.

[8] ਬਿਆਨ ਬਾਵਾ ਹਰਕਿਸ਼ਨ ਸਿੰਘ.

Digitized by Panjab Digital Library | www.panjabdigilib.org

ਜ਼ੁਲਮ ਜ਼ਿਆਦਾ ਹੋਵੇ ਅਤੇ ਉਹਨੂੰ ਖਿੜੇ ਮੱਥੇ ਸਹਾਰਿਆ ਜਾਵੇ, ਉੱਨਾ ਹੀ ਕੌਮ ਦਾ ਅਖ਼ਲਾਕ ਉੱਚਾ ਹੁੰਦਾ ਹੈ। ਉਨ੍ਹਾਂ ਦਿਨਾਂ ਵਿਚ ਥਾਂ ਥਾਂ ਤੇ ਲੋਕੀਂ ਕਹਿੰਦੇ ਸਨ ਕਿ ਮਹਾਤਮਾ ਗਾਂਧੀ ਦੀ ਸ਼ਾਂਤਮਈ ਲਹਿਰ ਨੂੰ ਜੇ ਕਿਸੇ ਫੁੱਲਾਂ ਦਾ ਸਿਹਰਾ ਬੱਧਾ ਹੈ ਤਾਂ ਉਹ ਸਿੱਖ ਹੀ ਹਨ। ਇਸ ਗੁਰੂ ਕੇ ਬਾਗ਼ ਦੇ ਮੋਰਚੇ ਦਾ ਹੀਰੋ ਸ. ਤੇਜਾ ਸਿੰਘ ਸਮੁੰਦ੍ਰੀ ਸੀ। ਉਹਦੇ ਉੱਦਮ, ਧੀਰਜ, ਸਹਿਨਸ਼ੀਲਤਾ ਅਤੇ ਅਣਥੱਕ ਤੇ ਨਿਸ਼ਕਾਮ ਦਿਨ ਰਾਤ ਦੀ ਸੇਵਾ ਨੇ ਇਹ ਸਿਹਰਾ ਕੌਮ ਦੇ ਸਿਰ ਬੱਧਾ ਸੀ। ਇਸ ਨਾਲ ਸਾਰੇ ਕਾਂਗ੍ਰਸੀ ਅਤੇ ਹਿੰਦੂ ਮੁਸਲਮਾਨ ਲੀਡਰਾਂ ਦਾ ਦ੍ਰਿਸ਼ਟੀਕੋਣ ਹੀ ਬਦਲ ਗਿਆ। ਕਿਥੇ ਉਹ ਸਿੱਖਾਂ ਨੂੰ ਲੜਾਕੇ ਫ਼ੌਜੀ ਅਤੇ ਅੰਗ੍ਰੇਜ਼ਾਂ ਦੇ ਪਿੱਠੂ ਸਮਝਦੇ ਸਨ, ਕਿਥੇ ਉਹ ਹੁਣ ਉਨ੍ਹਾਂ ਨੂੰ ਕੁਰਬਾਨੀ ਅਤੇ ਸਹਿਨਸ਼ੀਲਤਾ ਦੇ ਦੇਵਤੇ ਸਮਝ ਕੇ ਪੂਜਣ ਲਗ ਪਏ।

"ਸ. ਤੇਜਾ ਸਿੰਘ ਜੀ ਦੀ ਜੈ ਜੈ-ਕਾਰ ਹੋਈ ਅਤੇ ਜਦ ਉਸ ਤੋਂ ਪਿਛੋਂ ਸ਼ਿਰੋਮਣੀ ਕਮੇਟੀ ਦੀ ਚੋਣ ਹੋਈ ਤਾਂ ਉਹਦੇ ਵਿਚ ਉਹ ਮੀਤ ਪ੍ਰਧਾਨ ਚੁਣੇ ਗਏ। ਹੈ ਤਾਂ ਉਹ ਮੀਤ ਪ੍ਰਧਾਨ ਸਨ; ਪਰ ਅਸਲ ਵਿਚ ਉਨ੍ਹਾਂ ਦੀ ਪਦਵੀ ਪ੍ਰਧਾਨ ਨਾਲੋਂ ਉੱਚੀ ਸੀ।"

ਸ. ਤੇਜਾ ਸਿੰਘ ਬਾਰੇ ਅੰਗ੍ਰੇਜ਼ ਹਾਕਮਾਂ ਦੀ ਰਾਏ ਬਹੁਤ ਸਤਿਕਾਰ ਭਰੀ ਸੀ। ਇਸ ਸੰਬੰਧੀ ਕੁਝ ਸੰਕੇਤ ਅਸੀਂ ਪਿੱਛੇ ਕਰ ਆਏ ਹਾਂ। ਗੁਰੂ ਕੇ ਬਾਗ਼ ਦੇ ਮੋਰਚੇ ਪਿੱਛੋਂ ਜਦੋਂ ਗੁਰਦਵਾਰਾ ਐਕਟ ਬਣਾਣ ਦੀ ਗੱਲ ਚਲ ਰਹੀ ਸੀ ਤਾਂ ਪੰਜਾਬ ਸਰਕਾਰ ਦਾ ਹੋਮ ਮਨਿਸਟਰ, ਮਿਸਟਰ ਮੇਨਾਰਡ, ਇਨ੍ਹਾਂ ਨਾਲ ਸਲਾਹ ਮਸ਼ਵਰਾ ਕਰਨ ਅਕਸਰ ਆਇਆ ਕਰਦਾ ਸੀ। ਜਿਸ ਮੀਟਿੰਗ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਸ਼ਾਮਲ ਨਹੀਂ ਸਨ ਹੁੰਦੇ, ਉਹ ਮੁਲਤਵੀ ਕਰ ਦਿੱਤੀ ਜਾਂਦੀ ਸੀ। ਉਸ ਦਾ ਮੱਤ ਸੀ ਕਿ ਗੁਰਦਵਾਰਾ ਕਮੇਟੀ ਦੇ ਬਾਕੀ ਮੈਂਬਰਾਂ ਵਿੱਚੋਂ ਸ. ਤੇਜਾ ਸਿੰਘ ਸਮੁੰਦ੍ਰੀ ਹੀ ਸਭ ਨਾਲੋਂ ਵਧੇਰੇ ਵਿਸ਼ਵਾਸਯੋਗ ਹੈ।

ਇਸੇ ਤਰ੍ਹਾਂ ਸਪੈਸ਼ਲ ਮੈਜਿਸਟ੍ਰੇਟ ਪੀ. ਜੇ. ਐਂਡਰਸਨ, ਜਿਸ ਦੀ ਅਦਾਲਤ ਵਿਚ ਸਿੱਖ ਮੁਖੀਆਂ ਦਾ ਮੁਕਦਮਾ ਲਾਹੌਰ ਕਿਲ੍ਹੇ ਅੰਦਰ ਚੱਲਿਆ ਕਰਦਾ ਸੀ, ਸ. ਤੇਜਾ ਸਿੰਘ ਸਮੁੰਦ੍ਰੀ ਲਈ ਬੜਾ ਸਤਿਕਾਰ ਰੱਖਦਾ ਸੀ ਤੇ ਸਰਕਾਰੀ ਵਕੀਲ ਮਿਸਟਰ ਪੈੱਟਮੈਨ ਤਾਂ ਆਪ ਦੀ ਬੁੱਧੀ ਅਤੇ ਲਿਆਕਤ ਦਾ ਗਰਵੀਦਾ ਸੀ।

ਮਹਾਨ ਲੀਡਰ ਨ ਕੇਵਲ ਆਪ ਮਹਾਨ ਹੁੰਦਾ ਹੈ ਸਗੋਂ ਦੂਜਿਆਂ ਨੂੰ ਵੀ ਮਹਾਨ ਬਣਾਉਣ ਦੀ ਸ਼ਕਤੀ ਰੱਖਦਾ ਹੈ। ਉਹ ਸੋਨਾ ਨਹੀਂ ਹੁੰਦਾ, ਪਾਰਸ ਹੁੰਦਾ ਹੈ। ਅਜੇਹਾ ਇਕ ਲੀਡਰ ਮਹਾਤਮਾ ਗਾਂਧੀ ਸੀ। ਉਸ ਆਪਣੀ ਜਾਦੂ ਭਰੀ ਛੋਹ ਨਾਲ ਸੈਂਕੜੇ ਉੱਚ ਕੋਟੀ ਦੇ ਲੀਡਰ ਪੈਦਾ ਕੀਤੇ। ਸਿੱਖ ਇਤਿਹਾਸ ਵਿਚ ਇਹੀ ਮਾਨ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਪ੍ਰਾਪਤ ਹੈ। ਉਸ ਦੀ ਪ੍ਰੇਰਣਾ ਨਾਲ ਕਈ ਨੌਜਵਾਨ ਪੰਥਕ ਸੇਵਾ ਲਈ ਮੈਦਾਨ ਵਿਚ ਉਤਰੇ। ਤੇਜਾ ਸਿੰਘ ਚੂਹੜਕਾਣਾ, ਤੇਜਾ ਸਿੰਘ ਅਕਰਪੁਰੀ, ਭਾਗ ਸਿੰਘ ਵਕੀਲ, ਸ. ਮੰਗਲ ਸਿੰਘ ਤੇ ਬਾਬੂ ਤ੍ਰਿਪਤ ਸਿੰਘ ਉਹ ਦੀ ਹੀ ਲੱਭਤ ਸਨ। ੧੯੨੨ ਵਿਚ

Digital Library | ww

ਆਨੰਦਪੁਰ ਸਾਹਿਬ ਹੋਏ ਇਕ ਦੀਵਾਨ ਵਿਚ ਤੇਜਾ ਸਿੰਘ ਸੁਤੰਤਰ ਇਕ ਵਿਸ਼ੈ ; "ਗ਼ੁਲਾਮ ਦਾ ਕੋਈ ਧਰਮ ਨਹੀਂ ਹੈ ਅਤੇ ਆਜ਼ਾਦੀ ਕਿਵੇਂ ਲਈਦੀ ਹੈ ?"—ਉਤੇ ਦੋ ਦਿਨ ਲਗਾਤਾਰ ਲੈਕਚਰ ਕਰਦਾ ਰਿਹਾ। ਉਸ ਨੂੰ ਸੁਣ ਕੇ ਸਮੁੰਦ੍ਰੀ ਸਾਹਿਬ ਬਹੁਤ ਪ੍ਰਭਾਵਿਤ ਹੋਏ ਤੇ ਤੇਜਾ ਸਿੰਘ ਚੂਹੜਕਾਣਾ ਨੂੰ ਕਹਿਣ ਲਗੇ, "ਭਾਈ ਸਿੱਖਾ। ਮੁੰਡਾ ਬਹੁਤ ਲਾਇਕ ਜਾਪਦਾ ਹੈ। ਜੇਕਰ ਆਖੇਂ ਤਾਂ ਇਸ ਨੂੰ ਬਾਹਰ ਘਲਾ ਦੇਈਏ।"[1] ਕੁਝ ਚਿਰ ਪਿੱਛੋਂ ਮੌਕਾ ਪਾ ਕੇ ਉਨ੍ਹਾਂ ਤੇਜਾ ਸਿੰਘ ਸੁਤੰਤਰ ਨੂੰ ਬਾਹਰ ਕਾਬਲ ਵਿਚ ਸਿੱਖੀ ਪ੍ਰਚਾਰ ਲਈ ਘਲਾ ਦਿੱਤਾ।

ਚੰਗੇ ਲੀਡਰਾਂ ਵਾਂਗ ਸ. ਤੇਜਾ ਸਿੰਘ ਸਮੁੰਦ੍ਰੀ ਬੜੀ ਪਾਰਦਰਸ਼ੀ ਨਿਗ੍ਹਾ ਰੱਖਦਾ ਸੀ। ਉਹ ਬੰਦੇ ਕੁਬੰਦੇ ਨੂੰ ਵੇਖ ਕੇ ਇੱਕੋ ਨਜ਼ਰ ਵਿਚ ਉਸ ਦੀ ਤਹਿ ਨੂੰ ਪਹੁੰਚ ਜਾਂਦਾ ਸੀ। ਜਿਨ੍ਹਾਂ ਵੀ ਬੰਦਿਆਂ ਦੀ ਉਸ ਹਾਮੀ ਭਰੀ, ਉਹ ਪੰਥ ਨਾਲ ਪੂਰੀ ਤਰ੍ਹਾਂ ਨਿਭੇ ਤੇ ਜਿਨ੍ਹਾਂ ਬਾਰੇ ਵੀ ਉਸ ਸੰਦੇਹ ਪ੍ਰਗਟ ਕੀਤਾ, ਉਹੀ ਕੌਮ-ਘਾਤਕ ਤੇ ਮਾੜੇ ਸਿੱਧ ਹੋਏ। ਉਸ ਦੀ ਪਾਰਦਰਸ਼ੀ ਨਜ਼ਰ ਦੀ ਇਕ ਕਹਾਣੀ ਸ. ਤੇਜਾ ਸਿੰਘ ਅਕਰਪੁਰੀ ਨੇ ਸੁਣਾਈ ਹੈ।

ਅਕਰਪੁਰੀ ਸਾਹਿਬ ਦੱਸਦੇ ਹਨ ਕਿ ਚਾਬੀਆਂ ਵਾਲੇ ਮੋਰਚੇ ਸਮੇਂ ਸਾਡੇ ਨਾਲ ਜੇਲ੍ਹ ਵਿਚ ਬਸੰਤ ਸਿੰਘ ਨਾਂ ਦਾ ਇਕ ਕੈਦੀ ਵੀ ਸੀ। ਇਸ ਨੂੰ ਰੇਲ ਦੇ ਇਕ ਹਾਦਸੇ ਵਿਚ ਲਾ-ਪਰਵਾਹੀ ਵਰਤਣ ਕਾਰਣ ਸਜ਼ਾ ਹੋਈ ਸੀ। ਹਾਦਸੇ ਵਾਲੇ ਦਿਨ ਉਹ ਸ਼ਾਇਦ, ਸਟੇਸ਼ਨ ਮਾਸਟਰ ਸੀ। ਗੁਰਬਾਣੀ ਦਾ ਪਾਠ ਬਹੁਤ ਕਰਦਾ ਸੀ। ਜੇਲ੍ਹ ਵਿਚ ਬੰਦ ਸਿੱਖ ਮੁਖੀਆਂ ਨੂੰ ਉਹ ਬੜਾ ਗੁਰਮੁਖ ਲਗਦਾ ਸੀ। ਉਨ੍ਹਾਂ ਸਾਰਿਆਂ ਸਲਾਹ ਕਰਕੇ ਸੁਪਰਡੈਂਟ ਪਾਸੋਂ ਉਸ ਦੀ ਸੇਵਾ ਪ੍ਰਾਪਤ ਕਰ ਲਈ। ਪਿੱਛੋਂ ਉਹ ਸੁਜਾਅਬਾਦ (ਮੁਲਤਾਨ) ਦਾ ਸੀ, ਜਿੱਥੋਂ ਦੇ ਅੰਬ ਬਹੁਤ ਪ੍ਰਸਿੱਧ ਸਨ। ਉਸ ਨੇ ਚਿੱਠੀ ਲਿਖ ਕੇ ਕੁਝ ਟੋਕਰੇ ਅੰਬਾਂ ਦੇ ਸੁਜਾਅਬਾਦ ਤੋਂ ਮੰਗਵਾ ਲਏ। ਜੇਲ੍ਹ ਵਿਚ ਕੈਦ ਸਿੱਖ ਮੁਖੀਆਂ ਨੂੰ ਡਿਓਢੀ ਤੋਂ ਸੁਨੇਹਾ ਆਇਆ ਕਿ "ਤੁਹਾਡੇ ਅੰਬ ਆਏ ਹਨ।" ਲੀਡਰਾਂ ਪੁੱਛ ਕੀਤੀ, "ਭਈ, ਅੰਬ ਕਿਸ ਮੰਗਵਾਏ ਹਨ ?" ਕੋਈ ਉੱਤਰ ਨ ਮਿਲਿਆ। ਪੜਤਾਲ ਕਰਨ ਉੱਤੇ ਪਤਾ ਲੱਗਾ ਕਿ ਅੰਬ ਸਮੁੰਦ੍ਰੀ ਸਾਹਿਬ ਦੇ ਨਾਂ ਤੇ ਆਏ ਹਨ ਅਤੇ ਭੇਜੇ ਹਨ ਬਸੰਤ ਸਿੰਘ ਦੇ ਪਿਉ ਨੇ, ਜਥੇ ਲਈ। ਸਮੁੰਦ੍ਰੀ ਸਾਹਿਬ ਨੂੰ ਇਹ ਜਾਣ ਕੇ ਬਹੁਤ ਰੋਹ ਚੜ੍ਹਿਆ। ਉਨ੍ਹਾਂ ਉਹ ਅੰਬ ਲੈਣੋਂ ਨਾਂਹ ਕਰ ਦਿੱਤੀ। ਸਾਥੀਆਂ ਨੇ ਕਿਹਾ "ਹੁਣ ਆ ਗਏ ਹਨ, ਚੂਪ ਲਈਏ, ਖ਼ਰਾਬ ਹੋ ਜਾਣਗੇ।" ਸਮੁੰਦ੍ਰੀ ਸਾਹਿਬ ਕਹਿਣ ਲਗੇ, "ਨਹੀਂ, ਨਹੀਂ, ਅਸੀਂ ਨਹੀਂ ਲੈਣੇ, ਇਸ ਸਿੰਘ ਦੀ ਨੀਅਤ ਸਾਫ਼ ਨਹੀਂ ਦਿਸਦੀ।"

ਬਹੁਤ ਹੀ ਕਹਿਣ ਤੇ ਸਮੁੰਦ੍ਰੀ ਸਾਹਿਬ ਨੇ ਅੰਬ ਚੂਪਣ ਦੀ ਆਗਿਆ ਤਾਂ ਦੇ ਦਿੱਤੀ ਪਰ ਨਾਲ ਹੀ ਬਸੰਤ ਸਿੰਘ ਨੂੰ ਤਾੜਨਾ ਕਰ ਦਿੱਤੀ ਕਿ ਅੱਗੇ ਤੋਂ ਕੋਈ ਚੀਜ਼ ਨਹੀਂ ਮੰਗਵਾਉਣੀ।

ਕੁਝ ਚਿਰ ਪਿੱਛੋਂ, ਜਦੋਂ ਜੇਲ੍ਹ ਵਿੱਚੋਂ ਰਿਹਾ ਹੋ ਗਏ ਤਾਂ ਉਹ ਵੀ ਰਿਹਾ ਹੋ ਕੇ

---

[1] ਬਿਆਨ ਸ. ਤੇਜਾ ਸਿੰਘ ਚੂਹੜਕਾਣਾ.

Digitized by Panjab Digital Library | www.panjabdigilib.org

ਬਾਹਰ ਆ ਗਿਆ। ਚੂੰਕਿ ਉਹ ਪਾਠ ਬਹੁਤ ਚੰਗਾ ਕਰਦਾ ਸੀ, ਇਸ ਲਈ ਸਿੱਖ ਸਰਦਾਰਾਂ ਵਿੱਚੋਂ ਕਿਸੇ ਨੇ ਸਿਫ਼ਾਰਿਸ਼ ਕਰਕੇ ਉਸ ਨੂੰ ਗੁਰਦਵਾਰਾ ਤਰਨ ਤਾਰਨ ਸਾਹਿਬ ਦਾ ਖਜ਼ਾਨਚੀ ਲਵਾ ਦਿੱਤਾ। ਥੋੜ੍ਹੇ ਚਿਰ ਬਾਅਦ ਉਸ ਦੇ ਸਿਰ ਤਕੜਾ ਗ਼ਬਨ ਨਿਕਲਿਆ ਅਤੇ ਉਹ ਫੜਿਆ ਗਿਆ। ਓਦੋਂ ਸਮੁੰਦ੍ਰੀ ਸਾਹਿਬ ਨੇ ਕਿਹਾ ; "ਮੈਂ ਤੁਹਾਨੂੰ ਪਹਿਲਾਂ ਨਹੀਂ ਸੀ ਕਿਹਾ ਕਿ ਇਹ ਆਦਮੀ ਖਰਾ ਨਹੀਂ ਹੈ।"

ਇੰਜ ਉਨ੍ਹਾਂ ਦੀ ਬੰਦੇ ਨੂੰ ਤਾੜ ਲੈਣ ਵਾਲੀ ਅੱਖ ਸੀ। ਇਸ ਚੀਜ਼ ਨੂੰ ਦਰਸਾਉਣ ਵਾਲੀਆਂ ਹੋਰ ਵੀ ਕਈ ਘਟਨਾਵਾਂ ਹਨ। ਜੇ ਉਨ੍ਹਾਂ ਕਿਤੇ ਖ਼ਤਾ ਖਾਧੀ ਤਾਂ ਕਿਸੇ ਮਿਤ੍ਰ ਦੇ ਭਰੋਸਾ ਦਿਵਾਣ ਉੱਤੇ ਹੀ ਖਾਧੀ, ਨਹੀਂ ਤਾਂ ਉਹ ਅਜੇਹੀ ਗੱਲ ਤੋਂ ਸਦਾ ਹੀ ਚੌਕੰਨੇ ਰਿਹਾ ਕਰਦੇ ਸਨ।

ਅਕਾਲੀ ਲਹਿਰ ਦਾ ਇਹ ਅਣਥੱਕ ਜਰਨੈਲ ਨਿਡਰ ਤੇ ਕੁਰਬਾਨੀ ਦਾ ਪੁੰਜ ਸੀ। ਉਸ ਨੂੰ ਨ ਜਾਨ ਦਾ ਭੈ ਸੀ ਨ ਮਾਲ ਦਾ ਡਰ। ਉਹ ਘਰ ਬਾਰ ਤੋਂ ਨਿਸਚਿੰਤ ਹੋ ਕੇ, ਅਗਲਿਆਂ ਪਿਛਲਿਆਂ ਦਾ ਗ਼ਮ ਲਾਹ ਕੇ, ਅਕਾਲੀ ਲਹਿਰ ਵਿਚ ਕੁੱਦਿਆ ਸੀ। ਸਮੁੰਦ੍ਰੀ ਵਿਚ ਇਕ ਜਲਸੇ ਸਮੇਂ ਗੋਰਾ ਪੁਲਿਸ ਕੋਲੋਂ ਲੋਕਾਂ ਦੇ ਤ੍ਰਹਿ ਕੇ ਭਜ ਜਾਣ ਦੀ ਕਹਾਣੀ ਅਤੇ ਇਨ੍ਹਾਂ ਦਾ ਉਨ੍ਹਾਂ ਨੂੰ ਹੌਂਸਲਾ ਰਖਣ ਤੇ ਡਟੇ ਰਹਿਣ ਦੀ ਪ੍ਰੇਰਣਾ ਦੇਣ ਦੀ ਦਾਸਤਾਨ ਅਸੀਂ ਪਿੱਛੇ ਦਰਜ ਕਰ ਆਏ ਹਾਂ। ਇਥੇ ਇਨ੍ਹਾਂ ਦੀ ਨਿਡਰਤਾ ਦੀ ਇਕ ਹੋਰ ਝਲਕ ਦੇਖੋ :

ਗੁਰਦਵਾਰਾ ਰਿਕਾਬ ਗੰਜ ਦੇ ਝਗੜੇ ਵਿਚ ਆਪ ਜੀ ਨੂੰ ਇਕ ਦੋ ਜਲਸਿਆਂ ਦਾ ਪ੍ਰਧਾਨ ਬਣਾਇਆ ਗਿਆ। ਇਨ੍ਹਾਂ ਦੇ ਧਰਮ-ਪਿਤਾ ਬਾਬਾ ਕਿਹਰ ਸਿੰਘ ਪੱਟੀ ਨੂੰ ਇਸ ਗੱਲ ਦਾ ਬੜਾ ਫ਼ਿਕਰ ਲਗਾ। ਇਕ ਦਿਨ ਮੌਕਾ ਪਾ ਕੇ ਉਸ ਆਖਿਆ : "ਪੁੱਤਰ, ਤੂੰ ਜਲਸਿਆਂ ਦਾ ਪ੍ਰਧਾਨ ਨ ਬਣਿਆ ਕਰ।" ਸ. ਤੇਜਾ ਸਿੰਘ ਸਮੁੰਦ੍ਰੀ ਨੇ ਪੁੱਛਿਆ : "ਬਾਪੂ ਜੀ, ਕੀ ਜਲਸੇ ਪ੍ਰਧਾਨ ਤੋਂ ਬਿਨਾਂ ਹੋ ਸਕਦੇ ਹਨ ?" ਬਾਬਾ ਜੀ ਨੇ ਕਿਹਾ : "ਬੇਸ਼ੱਕ, ਪਰ ਇਹ ਖ਼ਤਰੇ ਦਾ ਮਾਮਲਾ ਹੈ, ਤੂੰ ਨ ਬਣਿਆ ਕਰ।" ਤਦ ਸਰਦਾਰ ਤੇਜਾ ਸਿੰਘ ਸਮੁੰਦ੍ਰੀ ਨੇ ਕਿਹਾ : "ਇਸ ਦਾ ਮਤਲਬ ਇਹ ਹੈ ਕਿ ਤੁਹਾਡਾ ਪੁੱਤਰ ਖ਼ਤਰੇ ਵਿਚ ਨ ਪਵੇ ਤੇ ਲੋਕਾਂ ਦੇ ਪੁੱਤਰ ਖ਼ਤਰੇ ਵਿਚ ਪੈਣ। ਕੀ ਤੁਸੀਂ ਮੈਨੂੰ ਕਾਇਰ ਬਣਾਉਣਾ ਚਾਹੁੰਦੇ ਹੋ ?" ਬਾਬਾ ਕਿਹਰ ਸਿੰਘ ਇਹ ਸੁਣ ਕੇ ਚੁਪ ਹੋ ਗਿਆ।[10]

ਕੋਈ ਧਾਰਮਿਕ ਆਗੂ ਹੋਵੇ ਜਾਂ ਲੀਡਰ, ਭਾਰਤ ਵਿਚ ਉਸ ਦੀ ਵਡਿੱਤਣ ਦਾ ਇਕ ਹੀ ਮਾਨ-ਦੰਡ ਪ੍ਰਵਾਨ ਰਿਹਾ ਹੈ ਅਤੇ ਉਹ ਹੈ ਕੁਰਬਾਨੀ ਦਾ। ਜਿੰਨੀ ਕੋਈ ਵੱਡੀ ਕੁਰਬਾਨੀ ਕਰ ਸਕਦਾ ਹੈ, ਉੱਨਾ ਹੀ ਉਸ ਦਾ ਨਾਮ ਵੱਡਾ ਹੈ। ਕੁਰਬਾਨੀ ਦੇ ਇਸ ਮਾਨ-ਦੰਡ ਤੋਂ ਸ. ਤੇਜਾ ਸਿੰਘ ਦੀ ਕਰਨੀ ਬਹੁਤ ਮਹਾਨ ਹੈ। ਧਰਮ ਤੇ ਪੰਥ, ਦੇਸ਼ ਤੇ ਕੌਮ ਦੇ, ਜਿਸ ਕਾਰਜ ਵਿਚ ਆਪ ਲਗੇ ਹੋਏ ਸਨ, ਉਸ ਲਈ ਆਪ ਨੇ ਠੀਕ ਅਰਥਾਂ ਵਿਚ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ। ਆਪ ਨੂੰ ਕੇਵਲ ਇਕ ਹੀ ਲਗਨ ਸੀ ਕਿ ਸਿੱਖ ਧਰਮ

10 'ਸਰਦਾਰ ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨ ਕਥਾ', ਫੁਲਵਾੜੀ (ਅਗਸਤ ੧੯੨੬), ਪੰਨਾ ੧੧[illegible].

Digital Library / ww

ਤੇ ਸਮਾਜ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਕੇ ਸਿੱਖਾਂ ਨੂੰ ਉਸ ਆਦਰਸ਼ ਜੀਵਨ ਲਈ ਤਿਆਰ ਕੀਤਾ ਜਾਵੇ ਜਿਸ ਦੀ ਮਿਸਾਲ ਹੋਰ ਕਿਧਰੇ ਨ ਮਿਲੇ ਤੇ ਜਿਸ ਦੀ ਰੀਸ ਲਈ ਸਾਰੀ ਲੋਕਾਈ ਉੱਠ ਖੜੋਵੇ। ਉਨ੍ਹਾਂ ਲਈ ਗੁਰਦਵਾਰਿਆਂ ਤੇ ਉਨ੍ਹਾਂ ਦੀਆਂ ਜਾਇਦਾਦਾਂ ਉੱਤੇ ਕਬਜ਼ਾ ਸਿੱਖਾਂ ਨੂੰ ਹੀ ਨਹੀਂ, ਸਗੋਂ ਸਮੁੱਚੀ ਮਨੁੱਖ ਜਾਤੀ ਨੂੰ ਉਪਰ ਚੁੱਕਣ ਦਾ ਇਕ ਸਾਧਨ ਸੀ। ਉਹ ਗੁਰਦਵਾਰਿਆਂ ਦੀ ਅਥਾਹ ਦੌਲਤ ਨੂੰ ਵਿਦਿਆ ਦੇ ਫੈਲਾਉ, ਅਛੂਤਾਂ ਦੇ ਸੁਧਾਰ ਤੇ ਮਨੁੱਖ ਜਾਤੀ ਦੇ ਕਲਿਆਣ ਹਿੱਤ ਵਰਤਣ ਦੇ ਚਾਹਵਾਨ ਸਨ।

ਜਦੋਂ ਮਨੁੱਖ ਇਹੋ ਜੇਹੇ ਆਦਰਸ਼ ਲੈ ਕੇ ਤੁਰਿਆ ਹੋਵੇ ਤਾਂ ਉਸ ਨੂੰ ਧਨ ਨਾਲ ਪਿਆਰ ਨਹੀਂ ਰਹਿੰਦਾ। ਜੇ ਰਹਿੰਦਾ ਹੈ ਤਾਂ ਉਸ ਦੇ ਮਿਸ਼ਨ ਤੇ ਉਸ ਦੇ ਸੁਭਾ, ਉਸ ਦੀ ਕਰਨੀ ਤੇ ਕਥਨੀ ਵਿਚ ਅਜੋੜ ਹੋ ਜਾਂਦਾ ਹੈ ਤੇ ਉਹ ਸਫ਼ਲ ਆਗੂ ਨਹੀਂ ਬਣ ਸਕਦਾ ਹੈ। ਸ. ਤੇਜਾ ਸਿੰਘ ਨੇ ਇਸ ਨੁਕਤੇ ਨੂੰ ਬਹੁਤ ਪਹਿਲਾਂ ਪਾ ਲਿਆ ਸੀ। ਧਨ ਸੰਬੰਧੀ ਉਨ੍ਹਾਂ ਦਾ ਵਤੀਰਾ, ਇਸ ਨੂੰ ਇਕ ਦਾਸੀ ਸਮਝਣ ਵਾਲਾ ਹੀ ਸੀ। ਉਨ੍ਹਾਂ ਆਪਣੇ ਮਿਸ਼ਨ ਦੀ ਪੂਰਤੀ ਵਿਚ ਆਪਣੀਆਂ ਤਿਜੌਰੀਆਂ ਦੇ ਮੂੰਹ ਖੋਲੀ ਰੱਖੇ ਸਨ। ਜਦੋਂ ਵੀ ਲੋੜ ਪੈਂਦੀ ਆਪਣਾ ਨਿਜੀ ਧਨ ਕੌਮ ਲਈ ਹਾਜ਼ਰ ਕਰ ਦੇਂਦੇ।

ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਕੈਦ ਹੋਣ ਵਾਲੇ ਅਕਾਲੀਆਂ ਦੇ ਜੁਰਮਾਨੇ ਭਰਨ ਜਾਂ ਉਨ੍ਹਾਂ ਦੇ ਪਰਵਾਰਾਂ ਨੂੰ ਮਦਦ ਦੇਣ ਲਈ ਜਦੋਂ ਕਦੀ ਫੰਡ ਇਕੱਤਰ ਕਰਨ ਦੀ ਅਪੀਲ ਕੀਤੀ ਗਈ, ਉਨ੍ਹਾਂ ਨੇ ਉਸ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਉਦੋਂ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪਾਸ ਗੁਰਦਵਾਰਾ ਫੰਡ ਨ ਹੋਣ ਕਰਕੇ ਇੱਨੀ ਜੋਖੋਂ ਨਹੀਂ ਸੀ ਕਿ ਉਹ ਇਸ ਪਾਸੇ ਪੈਸਾ ਖ਼ਰਚ ਕਰ ਸਕੇ। ਪਰ ਸ. ਤੇਜਾ ਸਿੰਘ ਸਮੁੰਦ੍ਰੀ ਨੇ ਇਸ ਪਾਸੇ ਬੜਾ ਖਿਆਲ ਰਖਿਆ। ਉਹ ਜਾਣਦੇ ਸਨ ਕਿ ਜੇ ਅਕਾਲੀ ਵਰਕਰਾਂ ਦੇ ਜੇਲ੍ਹ ਚਲੇ ਜਾਣ ਪਿੱਛੋਂ ਉਨ੍ਹਾਂ ਦੇ ਟੱਬਰਾਂ ਦੀ ਪੂਰੀ ਤਰ੍ਹਾਂ ਸੰਭਾਲ ਨ ਹੋਈ, ਜਾਂ ਉਨ੍ਹਾਂ ਦੇ ਰੋਟੀ ਕਪੜੇ ਦੀ ਲੋੜ ਪੂਰੀ ਨ ਹੋਈ, ਤਾਂ ਸਾਰੀ ਲਹਿਰ ਆਰਥਿਕ ਤੰਗੀ ਦੀ ਇਸ ਚੱਟਾਨ ਨਾਲ ਟਕਰਾ ਕੇ ਟੁਕੜੇ ਟੁਕੜੇ ਹੋ ਜਾਏਗੀ। ਸੋ, ਉਨ੍ਹਾਂ ਪੈਸੇ ਇਕੱਠੇ ਕਰਨ ਤੇ ਸਾਰੇ ਕਾਮਿਆਂ ਦੇ ਘਰੋ ਘਰੀ ਪਹੁੰਚਾਣ ਦਾ ਬੜਾ ਅੱਛਾ ਪ੍ਰਬੰਧ ਕਰ ਦਿੱਤਾ। ਇਸ ਮਤਲਬ ਲਈ ਉਨ੍ਹਾਂ ਸ. ਹਰਚੰਦ ਸਿੰਘ ਲਾਇਲਪੁਰੀ ਨਾਲ ਰਲ ਕੇ "ਸਿੱਖ ਦੇਸ਼-ਭਗਤ ਪਰਵਾਰ ਸਹਾਇਕ ਕਮੇਟੀ" ਦੇ ਨਾਂ ਦੀ ਇਕ ਸੰਸਥਾ ਬਣਾਈ, ਜਿਸ ਦਾ ਕੰਮ ਜੇਲ੍ਹਾਂ ਵਿਚ ਬੰਦ ਦੇਸ਼-ਭਗਤ ਪਰਵਾਰਾਂ ਦੀਆਂ ਮਾਇਕ ਤੇ ਹੋਰਨਾਂ ਔਕੜਾਂ ਨੂੰ ਦੂਰ ਕਰਨਾ ਸੀ। ਇਸ ਕਮੇਟੀ ਨੇ ਬੜਾ ਚੰਗਾ ਕੰਮ ਕੀਤਾ। ਇਸ ਦੇ ਪਹਿਲੇ ਪ੍ਰਧਾਨ ਸ. ਹਰਚੰਦ ਸਿੰਘ ਲਾਇਲਪੁਰੀ ਸਨ। ਉਸ ਪਿੱਛੋਂ ਬਾਬਾ ਵਿਸਾਖਾ ਸਿੰਘ ੧੯੫੬ ਤਕ ਰਹੇ। ਮਗਰੋਂ ਇਹ ਕਮੇਟੀ ਆਪਣੀ ਨੁਹਾਰ ਵਟਾ ਕੇ ਦੇਸ਼-ਭਗਤ ਯਾਦਗਾਰ ਕਮੇਟੀ ਦੇ ਰੂਪ ਵਿਚ ਵਟ ਗਈ। ਜਲੰਧਰ ਵਿਚ ਬਣਿਆ ਦੇਸ਼-ਭਗਤ ਹਾਲ ਇਸੇ ਸੰਸਥਾ ਦੇ ਉੱਦਮ ਦਾ ਫਲ ਹੈ।

ਸ. ਤੇਜਾ ਸਿੰਘ ਸਮੁੰਦ੍ਰੀ ਦੇਸ਼-ਭਗਤਾਂ ਨੂੰ ਮਾਲੀ ਸਹਾਇਤਾ ਦੇਣ ਸਮੇਂ ਸੰਕੋਚ ਤੋਂ

Digitized by Panjab Digital Library | www.panjabdigilib.org

ਕੰਮ ਨਹੀਂ ਸਨ ਲੈਂਦੇ। ਇਕ ਵਾਰ ਮਾਸਟਰ ਮੋਤਾ ਸਿੰਘ ਇਕ ਮੁਕੱਦਮੇ ਵਿਚ ਫਸ ਗਿਆ। ਮੁਕੱਦਮਾ ਲੜਨ ਲਈ ਮਾਇਆ ਇਕੱਤਰ ਕਰਨ ਦੀ ਲੋੜ ਸੀ। ਲਾਇਲਪੁਰ ਦੇ ਇਕ ਭਰੇ ਦੀਵਾਨ ਵਿਚ ਸੰਗਤ ਨੂੰ ਅਪੀਲ ਕੀਤੀ ਗਈ, ਪਰ ਲੋਕਾਂ ਵਲੋਂ ਕੋਈ ਬਹੁਤ ਰਕਮ ਨ ਆਈ। ਚੰਦਾ ਇਕੱਠਾ ਕਰਨ ਵਾਲੇ ਭਾਈ ਜੀਵਨ ਸਿੰਘ ਨੂੰ ਆਪ ਨੇ ਕਿਹਾ ਕਿ ਭਾਈ ਸਾਹਿਬ ਆਪ ਹੋਰ ਚੰਦਾ ਕਿਤਿਓਂ ਨ ਮੰਗੋ ; ਜਿੰਨੀ ਮਾਇਆ ਦੀ ਲੋੜ ਹੈ, ਮੇਰੇ ਪਾਸੋਂ ਲੈ ਜਾਣੀ।[11]

ਇਸ ਤਰ੍ਹਾਂ ਦੇ ਹੋਰ ਕਈ ਮੌਕੇ ਆਏ ਜਦੋਂ ਆਪ ਨੇ ਪੰਥ ਅਤੇ ਕੌਮ ਨੂੰ ਮਾਇਕ ਸਹਾਇਤਾ ਦੇਣ ਤੋਂ ਸੰਕੋਚ ਨ ਕੀਤਾ। ਅਕਾਲੀ ਅਖ਼ਬਾਰ ਦੀ ਕਈ ਵਾਰ ਜ਼ਮਾਨਤ ਜ਼ਬਤ ਹੋਈ ਤੇ ਇਸ ਉਤੇ ਹੱਤਕ ਇੱਜ਼ਤ ਦਾ ਦਾਅਵਾ ਵੀ ਚੱਲਿਆ। ਅਜੇਹੇ ਵਕਤ ਜੇ ਆਪ ਅਕਾਲੀ ਅਖ਼ਬਾਰ ਦੀ ਮਦਦ ਨੂੰ ਨ ਆਉਂਦੇ ਤਾਂ ਅਖ਼ਬਾਰ ਬੰਦ ਹੋ ਜਾਂਦਾ ; ਅਤੇ ਆਪਣਾ ਪ੍ਰੈਸ ਨ ਹੋਣ ਕਰਕੇ, ਸ਼ਾਇਦ, ਲਹਿਰ ਨੂੰ ਵੀ ਜ਼ੁਅਫ਼ ਪਹੁੰਚਦਾ। ਹੱਤਕ ਇੱਜ਼ਤ ਦੇ ਦਾਅਵੇ ਸਮੇਂ ੪੦,੦੦੦ ਰੁਪਏ ਦੀ ਜ਼ਮਾਨਤ ਆਪ ਨੇ ਆਪਣੇ ਇਕ ਮੁਰੱਬੇ ਦਾ ਨੰਬਰ ਦੇ ਕੇ ਪੂਰੀ ਕੀਤੀ ਸੀ।[12]

ਨਾਭਾ ਸਵਾਲ ਉੱਤੇ ਜੇਲ੍ਹ ਜਾਣ ਤੋਂ ਪਹਿਲਾਂ ਸ਼ਿਰੋਮਣੀ ਕਮੇਟੀ ਮਹੰਤਾਂ ਦੇ ਹੱਥੋਂ ਗੁਰਦਵਾਰੇ ਦੀ ਡੇਢ ਲੱਖ ਦੀ ਜਾਇਦਾਦ ਦਾ ਇਕ ਕੇਸ ਹਾਈ ਕੋਰਟ ਵਿਚ ਹਾਰ ਗਈ। ਕਮੇਟੀ ਨੇ ਪ੍ਰੀਵੀ ਕੌਂਸਲ ਵਿਚ ਅਪੀਲ ਕਰਨੀ ਸੀ ਤੇ ਇਸ ਮਤਲਬ ਲਈ ਡੇਢ ਲੱਖ ਰੁਪਏ ਦੀ ਲੋੜ ਸੀ। ਕਮੇਟੀ ਕੋਲ ਕੇਵਲ ੭੫,੦੦੦ ਰੁਪਏ ਸਨ। ਉਨ੍ਹਾਂ ਇਸ ਦਾ ਪ੍ਰਬੰਧ ਕਰਨ ਲਈ ਸ. ਤੇਜਾ ਸਿੰਘ ਸਮੁੰਦ੍ਰੀ ਨੂੰ ਕਿਹਾ। ਸ. ਤੇਜਾ ਸਿੰਘ ਨੇ ੭੫,੦੦੦ ਰੁਪਏ ਕਮੇਟੀ ਪਾਸੋਂ ਲੈ ਕੇ, ਬਾਕੀ ੭੫,੦੦੦ ਰੁਪਏ ਲਈ ਆਪਣੇ ਦੋ ਮੁਰੱਬੇ ਜ਼ਮਾਨਤ ਵਜੋਂ ਲਿਖ ਦਿੱਤੇ। ਇਸ ਨਾਲ ਕੇਸ ਚਲ ਨਿਕਲਿਆ। ਜੇ ਰਕਮ ਜਮ੍ਹਾ ਨ ਕਰਾਈ ਜਾਂਦੀ ਤਾਂ ਅਪੀਲ ਨਹੀਂ ਹੋ ਸਕਦੀ ਸੀ।

ਜਦੋਂ ਇਸ ਕੇਸ ਦਾ ਫ਼ੈਸਲਾ ਹੋਇਆ ਤਾਂ ਆਪ ਚਲਾਣਾ ਕਰ ਚੁਕੇ ਸਨ। ਫ਼ੈਸਲਾ ਚੂੰਕਿ ਕਮੇਟੀ ਦੇ ਹੱਕ ਵਿਚ ਹੋਇਆ ਸੀ, ਇਸ ਲਈ ਨਕਦ ਦਿੱਤਾ ੭੫,੦੦੦ ਰੁਪਇਆ ਸ. ਤੇਜਾ ਸਿੰਘ ਸਮੁੰਦ੍ਰੀ ਦੇ ਵਾਰਸਾਂ ਨੂੰ ਵਾਪਸ ਮਿਲ ਗਿਆ। ਇਹ ਰੁਪਇਆ ਅਮਨ ਅਮਾਨ ਇਨ੍ਹਾਂ ਦੇ ਵੱਡੇ ਸਪੁਤ੍ਰ ਸ. ਸਾਹਿਬ ਸਿੰਘ ਨੇ ਸ਼ਿਰੋਮਣੀ ਕਮੇਟੀ ਨੂੰ ਮੋੜ ਦਿੱਤਾ।

ਮਾਇਆ ਵਲੋਂ ਆਪਣੀ ਬੇ-ਨਿਆਜ਼ੀ ਦੀ ਪਿਰਤ ਨਿਭਾਉਂਦਿਆਂ ਸ. ਤੇਜਾ ਸਿੰਘ ਸਮੁੰਦ੍ਰੀ ਸ਼ਿਰੋਮਣੀ ਕਮੇਟੀ ਤੇ ਹੋਰਨਾਂ ਧਰਮ-ਅਰਥ ਕੰਮਾਂ ਲਈ ਕੀਤੇ ਸਫ਼ਰਾਂ ਦਾ ਖ਼ਰਚ ਆਦਿ ਨ ਲੈਂਦੇ, ਸਗੋਂ ਇਹ ਖ਼ਰਚ ਆਪਣੇ ਪੱਲਿਓਂ ਕਰਦੇ। ਇਸੇ ਤਰ੍ਹਾਂ ਆਪਣੀ ਖਾਧ

---

11 "ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨ-ਕਥਾ" 'ਫੁਲਵਾੜੀ' ਅਗਸਤ (੧੯੨੬), ਪੰਨਾ ੮੫੧

12 ਵੇਖੋ File No. 112/1V (Home Pol.)—1926—July—Second half—ਸ. ਸੋਹਨ ਸਿੰਘ ਜੋਸ਼ ਦੁਆਰਾ 'ਅਕਾਲੀ ਮੋਰਚਿਆਂ ਦਾ ਇਤਿਹਾਸ' ਦੇ ਪੰਨਾ ੪੪੬ ਉਤੇ ਉਧਰਿਤ'

b Digital Library | ww

ਖ਼ੁਰਾਕ ਉਪਰ ਉੱਠਣ ਵਾਲਾ ਖ਼ਰਚ ਵੀ ਉਹ ਆਪਣੇ ਖ਼ੀਸੇ ਵਿੱਚੋਂ ਦੇਂਦੇ, ਗੁਰੂ ਘਰ ਦੀ ਗੋਲਕ ਵਿਚੋਂ ਜਾਂ ਅਕਾਲੀ ਦਲ ਦੇ ਫੰਡਾਂ ਵਿੱਚੋਂ ਨ ਲੈਂਦੇ। ਜੇ ਪ੍ਰਸ਼ਾਦਾ ਲੰਗਰ ਵਿੱਚੋਂ ਆਉਂਦਾ ਤਾਂ ਉਹ ਸਾਰਿਆਂ ਲਈ ਸਾਂਝਾ ਹੁੰਦਾ ਤੇ ਬਿਨਾ ਕਿਸੇ ਵਿਸ਼ੇਸ਼ ਅਧਿਕਾਰ ਜਿਤਾਣ ਜਾਂ ਵਰਤਣ ਦੇ ਸਾਧਾਰਣ ਸਿੱਖਾਂ ਵਾਂਗ ਭੁੰਜੇ ਬਹਿ ਕੇ ਹੀ ਛਕ ਲੈਂਦੇ ; ਨਹੀਂ ਤਾਂ ਵਧੇਰੇ ਕਰਕੇ ਪ੍ਰਬੰਧ ਨਿਜੀ ਹੀ ਹੁੰਦਾ ਸੀ।

ਵਿਦਿਅਕ ਆਸ਼੍ਰਮਾਂ ਨੂੰ ਕੀਤੀ ਉਨ੍ਹਾਂ ਦੀ ਸਹਾਇਤਾ ਉਨ੍ਹਾਂ ਦੇ ਦਾਨੀ ਸੁਭਾ ਨੂੰ ਹੋਰ ਵੀ ਉਜਾਗਰ ਕਰਦੀ ਹੈ। ਖ਼ਾਲਸਾ ਹਾਈ ਸਕੂਲ, ਲਾਇਲਪੁਰ, ਦੀ ਚੋਖੀ ਸਹਾਇਤਾ ਤੋਂ ਬਿਨਾ ਆਪ ਇਕ ਸਕੂਲ ਆਪਣੇ ਇਲਾਕੇ ਸਰਹਾਲੀ ਤੇ ਦੂਜਾ ਬਾਰ ਵਿਚ ਆਪਣੇ ਪਿੰਡ, ਚੱਕ ਨੰਬਰ ੧੪੦, ਵਿਚ ਚਲਾ ਰਹੇ ਸਨ। ਪਿੰਡ ਵਾਲੇ ਸਕੂਲ ਦਾ ਤਾਂ ਸਾਰਾ ਖ਼ਰਚ ਬਹੁਤ ਵਾਰੀ ਆਪ ਹੀ ਦੇਂਦੇ ਸਨ।

ਚੰਗੇ ਲੀਡਰ ਦੀ ਨਿਸ਼ਾਨੀ ਇਸ ਗੱਲ ਵਿਚ ਹੈ ਕਿ ਉਹ ਵੈਰੀ ਦੀ ਹਰੇਕ ਚਾਲ ਨੂੰ ਸਮਝ ਕੇ ਉਸ ਦੀ ਪੇਸ਼ਬੰਦੀ ਕਰੇ। ਇਸ ਪੱਖ ਤੋਂ ਇਨ੍ਹਾਂ ਦੀ ਨੀਤੀ ਦੀ ਜਿੰਨੀ ਵੀ ਸਰਾਹਨਾ ਕੀਤੀ ਜਾਏ, ਥੋੜੀ ਹੈ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਸ਼ਾਂਤ ਰਹਿ ਕੇ ਜੋ ਮਾਰ ਅਕਾਲੀਆਂ ਖਾਧੀ ਉਸ ਦੀ ਮਿਸਾਲ ਦੁਨੀਆ ਭਰ ਦੇ ਇਤਿਹਾਸ ਵਿਚ ਨਹੀਂ ਮਿਲਦੀ। ਸਰਕਾਰ ਨੇ ਆਪਣੇ ਜ਼ੁਲਮ ਉੱਤੇ ਪਰਦਾ ਪਾਣ ਲਈ ਲਹਿਰ ਨੂੰ ਹਿੰਸਕ ਪ੍ਰਗਟਾਉਣ ਦਾ ਜਤਨ ਕੀਤਾ। ਸ. ਤੇਜਾ ਸਿੰਘ ਸਮੁੰਦ੍ਰੀ ਨੇ ਇਸ ਗੱਲ ਦੇ ਖੰਡਨ ਲਈ ਤੁਰਤ ਕਾਰਵਾਈ ਕੀਤੀ ਅਤੇ ਸੰਸਾਰਕ ਪੱਧਰ ਉੱਤੇ ਲੋਕ ਰਾਏ ਪੈਦਾ ਕਰਨ ਦੀ ਨੀਤੀ ਅਪਣਾਈ। ਇਨ੍ਹਾਂ ਤੇ ਪੰਡਿਤ ਮਦਨ ਮੋਹਨ ਮਾਲਵੀਆ ਦੇ ਜਤਨਾਂ ਸਦਕਾ ਜਿਵੇਂ ਕਿ ਪਿੱਛੇ ਜ਼ਿਕਰ ਆ ਚੁਕਾ ਹੈ, ਹਿੰਦੁਸਤਾਨ ਭਰ ਦੇ ਚੋਟੀ ਦੇ ਲੀਡਰ ਗੁਰੂ ਕਾ ਬਾਗ਼ ਦੇ ਮੋਰਚੇ ਸਮੇਂ ਪੰਜਾਬ ਵਿਚ ਆਏ ਅਤੇ ਉਨ੍ਹਾਂ ਨੇ ਆਪਣੇ ਬਿਆਨਾਂ ਨਾਲ ਸਰਕਾਰ ਦੇ ਝੂਠ ਦਾ ਮੂੰਹ ਕਾਲਾ ਕੀਤਾ।

ਇਸੇ ਲੋਕ ਰਾਏ ਨੂੰ ਪੈਦਾ ਕਰਨ ਲਈ ਆਪ ਨੇ ਨ ਸਿਰਫ਼ ਅਕਾਲੀ ਅਖ਼ਬਾਰ ਦੀ ਕਾਇਮੀ ਵਿਚ ਹਿੱਸਾ ਪਾਇਆ, ਸਗੋਂ ਅੰਗਰੇਜ਼ੀ ਦਾ ਅਖ਼ਬਾਰ, "ਹਿੰਦੁਸਤਾਨ ਟਾਈਮਜ਼' ਆਦਿ ਖੋਲ੍ਹਣ ਦਾ ਉਪਰਾਲਾ ਵੀ ਕੀਤਾ। ਸਿੱਖ ਸੰਗਤਾਂ ਨੂੰ ਬੀਤ ਰਹੇ ਸਾਰੇ ਹਾਲਾਤ ਤੋਂ ਜਾਣੂ ਕਰਾਉਣ ਲਈ ਕਮੇਟੀ ਵਲੋਂ ਬਾਕਾਇਦਾ ਏਲਾਨ ਜਾਰੀ ਕੀਤੇ ਜਾਂਦੇ ਜਿਨ੍ਹਾਂ ਨੂੰ ਕੱਢਣ ਦੀ ਫੁਰਤੀ ਦੀ ਸਰਾਹਨਾ ਮਹਾਤਮਾ ਗਾਂਧੀ ਨੇ ਵੀ ਕੀਤੀ ਸੀ।[13]

ਗੁਰਦਵਾਰਿਆਂ ਉਪਰ ਕਬਜ਼ੇ ਸਮੇਂ ਆਪ ਦੀ ਨੀਤੀ ਸਾਰੀ ਗੱਲ ਨੂੰ ਸੁਲਹ ਸਫ਼ਾਈ ਨਾਲ ਨਿਜਿਠਣ ਦੀ ਹੁੰਦੀ ; ਪਰ ਇਸ ਵਿਚ ਅਸੂਲ ਤੋਂ ਥਿੜਕਣ ਦੀ ਕਦੀ ਕੋਈ ਗੁੰਜਾਇਸ਼ ਨਹੀਂ ਸੀ ਹੁੰਦੀ। ਗੁਰਦਵਾਰਾ ਖਡੂਰ ਸਾਹਿਬ ਉੱਤੇ ਕਬਜ਼ਾ ਲੈਣ ਵੇਲੇ ਡਰ ਸੀ ਕਿ ਨਨਕਾਣਾ ਸਾਹਿਬ ਵਰਗਾ ਖ਼ੂਨ ਖ਼ਰਾਬਾ ਨ ਹੋ ਜਾਏ। ਉਸ ਵਕਤ ਕਬਜ਼ਾ ਲੈਣ ਵਾਲੇ ਸਿੰਘਾਂ ਦੇ ਨਾਲ ਆਪ ਵੀ ਗਏ ਸਨ। ਆਪ ਨੇ ਇਸ ਸਮੱਸਿਆ ਨੂੰ ਸ਼ਾਂਤਮਈ ਢੰਗ

[13] ਦੇਖੋ ਪਿੱਛੇ ਪੰਨਾ ੯੨.

Digitized by Panjab Digital Library | www.panjabdigilib.org

ਨਾਲ ਸੁਲਝਾਣ ਦੀ ਬਿਧ ਬਣਾਈ। ਸਾਰਿਆਂ ਨੂੰ ਹਰ ਲਿਹਾਜ਼ ਨਾਲ ਅਤਿ ਜ਼ਬਤ ਵਿਚ ਰਹਿਣ ਦੀ ਹਿਦਾਇਤ ਕੀਤੀ। ਸਾਰੇ ਵਾਤਾਵਰਣ ਨੂੰ ਠੰਢਾ ਰੱਖਣ ਲਈ ਆਪ ਨੇ ਗੁਰ-ਦਵਾਰਾ ਸਾਹਿਬ ਦੇ ਬਾਹਰ ਦੀਵਾਨ ਲਾਇਆ ਤੇ ਉਸ ਵਿਚ ਪੁਜਾਰੀਆਂ ਨੂੰ ਬੜੇ ਸਪਸ਼ਟ ਪਰ ਮਿੱਠੇ ਸ਼ਬਦਾਂ ਵਿਚ ਕਿਹਾ ਕਿ "ਅਸੀਂ ਤੁਹਾਨੂੰ ਗੁਰਦਵਾਰਿਆਂ ਤੋਂ ਬੇ-ਦਖ਼ਲ ਕਰਨਾ ਨਹੀਂ ਚਾਹੁੰਦੇ। ਅਸੀਂ ਕੇਵਲ ਇਹ ਚਾਹੁੰਦੇ ਹਾਂ ਕਿ ਗੁਰਦਵਾਰੇ ਦਾ ਪ੍ਰਬੰਧ ਕਿਸੇ ਇਕ ਆਦਮੀ ਜਾਂ ਇਕ ਟੱਬਰ ਦੇ ਹੱਥ ਵਿਚ ਨ ਹੋਵੇ ; ਇਹ ਸਗੋਂ ਸਾਰੇ ਪੰਥ ਦੇ ਹੱਥ ਵਿਚ ਹੋਵੇ। ਜੇ ਤੁਸੀਂ ਸਾਡੇ ਨਾਲ ਰਲ ਕੇ ਚਲੋਗੇ ਤਾਂ ਤੁਸੀਂ ਵੀ ਸੁਖੀ ਅਤੇ ਅਸੀਂ ਵੀ ਸੁਖੀ ; ਜੇ ਨਹੀਂ ਸੁਣੋਗੇ ਤਾਂ ਅਸੀਂ ਤਾਂ ਮਰਨ ਮੰਡਨ ਲਈ ਆਏ ਹੀ ਹਾਂ, ਤੁਹਾਡਾ ਵੀ ਕੁਝ ਨਹੀਂ ਸੌਰਨਾ। ਸੋ, ਤੁਸੀਂ ਸਾਡੀ ਗੱਲ ਮੰਨੋ ਤੇ ਬਹਿ ਕੇ ਫ਼ੈਸਲਾ ਕਰੋ। ਇਸ ਨਾਲ ਜੱਗ ਵਿਚ ਤੁਹਾਡੀ ਵੀ ਸ਼ੋਭਾ ਹੋਵੇਗੀ ਤੇ ਸਾਡੀ ਵੀ।"[14] ਇਸ ਤਰ੍ਹਾਂ ਕੁਝ ਪਿਆਰ ਨਾਲ ਤੇ ਕੁਝ ਡਰਾਵੇ ਨਾਲ ਉਹ ਆਪਣਾ ਕੰਮ ਕੱਢਣ ਵਿਚ ਸਫਲ ਹੋ ਜਾਂਦੇ।

ਗੁਰਦਵਾਰਾ ਸੁਧਾਰ ਲਹਿਰ ਨੂੰ ਜਿਸ ਅਹਿੰਸਕ ਤੇ ਉੱਚੀ ਪੱਧਰ ਤੇ ਆਪ ਨੇ ਰਖਿਆ ਤੇ ਉਸ ਵਿਚ ਸਿੱਖਾਂ ਦੇ ਜਿੱਨੇ ਉੱਚੇ ਆਚਰਣ ਦੇ ਨਮੂਨੇ ਆਪ ਨੇ ਪੇਸ਼ ਕੀਤੇ, ਉਸ ਨਾਲ ਬਾਹਰ ਇੱਨਾ ਅੱਛਾ ਪ੍ਰਭਾਵ ਪਿਆ ਕਿ ਕੁਲ ਭਾਰਤ ਦੀ ਵੱਡੀ ਜਥੇਬੰਦੀ, ਕਾਂਗ੍ਰਸ, ਨੇ ਵੀ ਸਿੱਖਾਂ ਨੂੰ ਆਪਣੇ ਨਾਲ ਜੋੜਨ ਲਈ ਤਰਲਾ ਮਾਰਨਾ ਸ਼ੁਰੂ ਕਰ ਦਿੱਤਾ ਤੇ ਸਰਕਾਰ ਜਿੱਨੀ ਇਸ ਗੱਲ ਤੋਂ ਘਬਰਾਉਂਦੀ ਸੀ, ਉਸ ਦਾ ਅੰਦਾਜ਼ਾ ਕੇਵਲ ਉਸ ਵੇਲੇ ਦੇ ਅੰਦਰਲੀ ਕਹਾਣੀ ਜਾਣਨ ਵਾਲੇ ਲੋਕ ਹੀ ਦੱਸ ਸਕਦੇ ਹਨ।

ਸਹਿਨਸ਼ੀਲਤਾ ਆਪ ਦੇ ਸੁਭਾ ਦਾ ਇਕ ਵਿਸ਼ੇਸ਼ ਲੱਛਣ ਸੀ। ਇਹ ਗੁਣ ਵਿਧਮਾਤਾ ਵਲੋਂ ਆਪ ਨੂੰ ਇੱਨੀ ਵੱਡੀ ਮਾਤ੍ਰਾ ਵਿਚ ਮਿਲਿਆ ਹੋਇਆ ਸੀ ਕਿ ਇਸ ਵਿਚ ਹੋਰ ਕੋਈ ਲੀਡਰ ਆਪ ਦੇ ਤੁਲ ਨਹੀਂ ਸੀ ਪਹੁੰਚਦਾ। ਦੂਜਾ ਭਾਵੇਂ ਕਿੱਨਾ ਵੀ ਗਰਮ ਹੋ ਜਾਵੇ ਆਪ ਸਦਾ ਸੀਤਲ ਤੇ ਹਸੂੰ ਹਸੂੰ ਕਰਦੇ ਰਹਿੰਦੇ ਸਨ। ਜੇਲ੍ਹ ਵਿਚ ਮਤਭੇਦ ਵਧ ਜਾਣ ਕਾਰਣ ਇਕ ਦੋ ਸੱਜਨਾਂ ਨੇ ਆਪ ਨੂੰ ਮੂੰਹ ਉੱਤੇ ਗਾਲ੍ਹਾਂ ਵੀ ਕੱਢੀਆਂ, ਪਰ ਆਪ ਬਿਲਕੁਲ ਸ਼ਾਂਤ ਰਹੇ।[15] ਦੁਨੀਆ ਵਿਚ ਕੋਈ ਅਜੇਹਾ ਆਦਮੀ ਨਹੀਂ ਜਿਸ ਨੇ ਕਦੇ ਕਿਸੇ ਨੂੰ ਨਾਰਾਜ਼ ਨ ਕੀਤਾ ਹੋਵੇ, ਪਰ ਆਪ ਨੇ ਕਿਸੇ ਨੂੰ ਯਥਾਸ਼ਕਤ ਨਾਰਾਜ਼ ਹੋਣ ਦਾ ਮੌਕਾ ਹੀ ਨ ਦਿੱਤਾ।

ਸਹਿਨਸ਼ੀਲਤਾ ਦੇ ਨਾਲ ਦਿਆਨਤਦਾਰੀ ਦੇ ਵੀ ਆਪ ਪੁੰਜ ਸਨ। ਗੁਰਧਾਮਾਂ ਦੇ ਪੈਸੇ ਨੂੰ ਆਪ ਕਿਸੇ ਅਯੋਗ ਥਾਂ ਵਰਤਣ ਦੀ ਆਗਿਆ ਨਹੀਂ ਸਨ ਦੇਂਦੇ। ਲੋਕਾਂ ਨੂੰ ਇਨ੍ਹਾਂ ਉੱਤੇ ਪੂਰਾ ਭਰੋਸਾ ਸੀ। ਇਕ ਵਾਰ ਮਹਾਰਾਜਾ ਪਟਿਆਲਾ ਦੀ ਇਕ ਅਜੇਹੀ

---

[14] ਬਿਆਨ . ਗੁਰਮੁਖ ਸਿੰਘ ਮੁਸਾਫ਼ਿਰ।

[15] ਹੀਰਾ ਸਿੰਘ ਦਰਦ, "ਸ. ਤੇਜਾ ਸਿਘ ਸਮੁੰਦ੍ਰੀ ਦੀ ਜੀਵਨ ਕਥਾ", 'ਫੁਲਵਾੜੀ' (ਅਗਸਤ ੧੯੨੬), ਪੰਨਾ ੭੭੭.

Digitized by Panjab Digital Library | www.panjabdigilib.org

ਚਿੱਠੀ ਲੀਡਰਾਂ ਦੇ ਹੱਥ ਲਗ ਗਈ ਜੋ ਮਹਾਰਾਜੇ ਨੂੰ ਬਹੁਤ ਨੁਕਸਾਨ ਪਹੁੰਚਾ ਸਕਦੀ ਸੀ। ਮਹਾਰਾਜਾ ਇਸ ਨੂੰ ਪ੍ਰਾਪਤ ਕਰਨ ਲਈ ਲੱਖਾਂ ਰੁਪਏ ਖ਼ਰਚਣ ਨੂੰ ਤਿਆਰ ਸੀ। ਜਦੋਂ ਇਸ ਚਿੱਠੀ ਦੀ ਸੰਭਾਲ ਦਾ ਪ੍ਰਸ਼ਨ ਉੱਠਿਆ ਤਾਂ ਇਸ ਦੀ ਸੁਪੁਰਦਗੀ ਲਈ ਕੇਵਲ ਆਪ ਨੂੰ ਹੀ ਯੋਗ ਸਮਝਿਆ ਗਿਆ। ਇਨ੍ਹਾਂ ਨੇ ਉਹ ਚਿੱਠੀ ਆਪਣੇ ਕਬਜ਼ੇ ਵਿਚ ਲੈ ਲਈ ਅਤੇ ਉਸ ਦੀ ਕਿਸੇ ਪ੍ਰਕਾਰ ਦੁਰਵਰਤੋਂ ਕਰਨ ਦੀ ਆਗਿਆ ਨ ਦਿੱਤੀ।[16]

ਦਿਆਨਤਦਾਰੀ ਦੇ ਨਾਲ ਗੰਭੀਰਤਾ ਵੀ ਆਪ ਦੀ ਕਮਾਲ ਦਰਜੇ ਦੀ ਸੀ। ਆਪ ਪੇਟ ਦੇ ਹੌਲੇ ਤੇ ਗੱਲ ਨ ਪਚਾ ਸਕਣ ਵਾਲੇ ਨਹੀਂ ਸਨ। ਇਸ ਪੱਖ ਤੋਂ ਸ. ਮਹਿਤਾਬ ਸਿੰਘ ਬੜਾ ਕੱਚਾ ਸਾਬਤ ਹੋਇਆ ਸੀ। ਕਿਲ੍ਹਾ ਲਾਹੌਰ ਵਿਚ ਚਲ ਰਹੇ ਸਿੱਖ ਮੁਖੀਆਂ ਦੇ ਮੁਕੱਦਮੇ ਵਿਚ ਇਕ ਖ਼ਾਮੀ ਇਹ ਸੀ ਕਿ ਇਸ ਦੀ ਮਨਜ਼ੂਰੀ ਪੰਜਾਬ ਸਰਕਾਰ ਨੇ ਲੈਜਿਸਲੇਟਿਵ ਕੌਂਸਲ ਪਾਸੋਂ ਨਹੀਂ ਲਈ ਸੀ; ਕੇਸ ਗਵਰਨਰ ਦੇ ਹੁਕਮ ਨਾਲ ਹੀ ਚਲ ਰਿਹਾ ਸੀ। ਸਿੱਖ ਮੁਖੀਆਂ ਦੇ ਵਕੀਲ ਰਾਇਜ਼ਾਦਾ ਭਗਤ ਰਾਮ ਨੇ ਇਸ ਖ਼ਾਮੀ ਨੂੰ ਤਾੜ ਲਿਆ ਸੀ। ਤੇ ਉਸ ਇਸ ਦਾ ਜ਼ਿਕਰ ਸ. ਤੇਜਾ ਸਿੰਘ ਸਮੁੰਦ੍ਰੀ ਤੇ ਸ. ਮਹਿਤਾਬ ਸਿੰਘ ਨਾਲ ਕੀਤਾ, ਤੇ ਕਿਹਾ ਕਿ ਚੁਪ ਕਰ ਰਹੋ, ਵੇਲੇ ਸਿਰ ਸਰਕਾਰ ਦਾ ਮੌਜੂ ਬਣਾਵਾਂਗੇ। ਪਰ ਸ. ਮਹਿਤਾਬ ਸਿੰਘ ਗੱਲ ਨ ਪਚਾ ਸਕਿਆ ਤੇ ਕਿਸੇ ਕੋਲ ਅੱਗੇ ਕਰ ਦਿੱਤੀ। ਹੌਲੀ ਹੌਲੀ ਇਹ ਸਰਕਾਰ ਤਕ ਵੀ ਪਹੁੰਚ ਗਈ। ਉਸ ਨੇ ਮੁਕੱਦਮੇ ਦੀ ਮਨਜ਼ੂਰੀ ਕੌਂਸਲ ਪਾਸੋਂ ਲੈ ਕੇ ਰਾਇਜ਼ਾਦਾ ਭਗਤ ਰਾਮ ਦੀ ਸਰਕਾਰ ਦਾ ਮੌਜੂ ਬਣਾਣ ਵਾਲੀ ਸਕੀਮ, ਫੇਲ੍ਹ ਕਰ ਦਿੱਤੀ, ਤੇ ਇਸ ਨਾਲ ਢਹਿੰਦਾ ਕੇਸ ਖ਼ਾਹ ਮਖ਼ਾਹ ਖੜਾ ਹੋ ਗਿਆ।[17]

ਪੰਥਕ ਕੰਮਾਂ ਵਿਚ ਪੈਰ ਧਰਨ ਤੋਂ ਪਹਿਲਾਂ ਸ. ਮਹਿਤਾਬ ਸਿੰਘ ਸਰਕਾਰੀ ਵਕੀਲ ਰਹੇ ਸਨ ਤੇ ਉਨ੍ਹਾਂ ਨੇ ਕਈ ਗ਼ਦਰੀਆਂ ਨੂੰ ਫ਼ਾਂਸੀ ਲਵਾਇਆ ਸੀ। ਇਸ ਕਾਰਣ ਝਬਾਲੀਏ ਭਰਾ (ਸਰਮੁਖ ਸਿੰਘ ਤੇ ਅਮਰ ਸਿੰਘ) ਉਸ ਨੂੰ ਚੰਗਾ ਨਹੀਂ ਸਨ ਸਮਝਦੇ; ਪਰ ਸ. ਤੇਜਾ ਸਿੰਘ ਸਮੁੰਦ੍ਰੀ ਉਸਨੂੰ ਆਪਣੇ ਸੁਲਹ-ਕੁਲ ਤੇ ਠੰਢੇ ਸੁਭਾ ਕਾਰਣ ਹਿੱਕ ਨਾਲ ਲਾਈ ਰੱਖਦੇ ਸਨ; ਸਗੋਂ ਸਾਰਾ ਮਾਨ ਉਸੇ ਨੂੰ ਦੇਂਦੇ ਸਨ। ਇਕ ਦਿਨ ਜੇਲ੍ਹ ਵਿਚ ਸ. ਮਹਿਤਾਬ ਸਿੰਘ ਨੇ ਸ. ਅਮਰ ਸਿੰਘ ਝਬਾਲੀਏ ਨੂੰ ਕਿਹਾ: "ਅਮਰ ਸਿੰਘਾ, ਹੁਣ ਵੀ ਤੈਨੂੰ ਮੇਰੇ ਉਪਰ ਸ਼ੱਕ ਹੈ? ਹੁਣ ਤਾਂ ਮੈਂ ਤੁਹਾਡੇ ਨਾਲ ਜੇਲ੍ਹ ਵਿਚ ਹਾਂ।" ਇਸ ਉੱਤੇ ਸ. ਅਮਰ ਸਿੰਘ ਕਹਿਣ ਲਗਾ: "ਸਰਦਾਰ ਜੀ, ਜੇਕਰ ਸੱਚੀ ਗੱਲ ਪੁਛੇਂ ਤਾਂ ਮੈਨੂੰ ਤੇ ਤੈਨੂੰ ਦੋਹਾਂ ਨੂੰ ਹੋ ਜਾਏ ਫਾਂਸੀ। ਜਿੱਨਾ ਚਿਰ ਮੈਂ ਤੇਰਾ ਸਰੀਰ ਫਾਂਸੀ ਤੋਂ ਲੱਥਾ ਠੰਢਾ ਹੋਇਆ ਨ ਵੇਖ ਲਵਾਂ, ਮੈਨੂੰ ਸ਼ੱਕ ਰਹਿਣਾ ਹੈ ਕਿ ਤੂੰ ਦੂਜਿਆਂ ਨੂੰ ਫਾਂਸੀ ਲਵਾ ਕੇ ਆਪ ਨਿਕਲ ਗਿਆ ਹੈਂ!"[18]

16 ਬਿਆਨ ਸ. ਤੇਜਾ ਸਿੰਘ ਅਕਰਪੁਰੀ.

17 ਬਿਆਨ ਸ. ਤੇਜਾ ਸਿੰਘ ਅਕਰਪੁਰੀ.

18 ਬਿਆਨ ਸ. ਤੇਜਾ ਸਿੰਘ ਚੂਹੜਕਾਣਾ.

Digitized by Panjab Digital Library | www.panjabdigilib.org

ਸ. ਤੇਜਾ ਸਿੰਘ ਚੂਹੜਕਾਣਾ ਦੇ ਕਥਨ ਅਨੁਸਾਰ "ਜੇਕਰ ਸ. ਮਹਿਤਾਬ ਸਿੰਘ ਗੌਰਮੈਂਟ ਨੂੰ ਸੁਰਾਗ ਨ ਦੇਂਦਾ ਤਾਂ ਮੁਕੱਦਮੇ ਵਿਚ ਹੈ ਹੀ ਕੁਝ ਨਹੀਂ ਸੀ ; ਸਰਕਾਰ ਨੇ ਆਪੇ ਛਡ ਦੇਣਾ ਸੀ। ਉਸੇ ਨੇ ਹੀ ਸਰਕਾਰ ਨੂੰ ਸ਼ਰਤਾਂ ਵਾਲੀ ਸਲਾਹ ਦਿੱਤੀ ਸੀ।

ਪਤਾ ਨਹੀਂ, ਸ. ਤੇਜਾ ਸਿੰਘ ਚੂਹੜਕਾਣਾ ਦੀ ਦਿੱਤੀ ਉਪਰਲੀ ਸੂਚਨਾ ਕਿੱਨੀ ਕੁ ਠੀਕ ਹੈ, ਪਰੰਤੂ ਇਸ ਵਿਚ ਕੋਈ ਸੰਦੇਹ ਨਹੀਂ ਕਿ ਪੰਥ ਦਾ ਅੱਧ ਵਿਚਕਾਰ ਪਹੁੰਚਿਆ ਬੇੜਾ ਇਨ੍ਹਾਂ ਦੀ ਕਮਜ਼ੋਰ-ਦਿਲੀ ਨੇ ਹੀ ਡੋਬਿਆ ਸੀ।

ਸ. ਤੇਜਾ ਸਿੰਘ ਸਮੁੰਦ੍ਰੀ ਜੋ ਬਚਨ ਕਿਸੇ ਨੂੰ ਦੇ ਦੇਂਦੇ ਸਨ, ਉਹ ਸਿਰ ਧੜ ਨਾਲ ਨਿਭਾਉਣ ਤਕ ਜਾਂਦੇ ਸਨ। ਬਾਬਾ ਕਿਹਰ ਸਿੰਘ ਪੱਟੀ ਤੇ ਮਾਤਾ ਰਾਧਾਂ ਨਾਲ ਕੀਤੇ ਬਚਨਾਂ ਨੂੰ ਉਨ੍ਹਾਂ ਮਰਦੇ ਦਮ ਤਕ ਅੰਗ ਅੰਗ ਪਾਲਿਆ। ਉਨ੍ਹਾਂ ਦੇ ਆਚਰਣ ਦੀ ਸ਼ਕਤੀ ਹੀ ਇਸ ਵਿਚ ਸੀ ਕਿ ਉਨ੍ਹਾਂ ਦੇ ਕਹੇ ਉੱਤੇ ਭਰੋਸਾ ਕੀਤਾ ਜਾ ਸਕਦਾ ਸੀ। ਇਸੇ ਗੱਲ ਦਾ ਏਤਰਾਫ਼ ਹੋਮ ਸਕੱਤਰ, ਮੇਨਾਰਡ ਨੇ ਇਹ ਕਹਿ ਕੇ ਕੀਤਾ ਸੀ ਕਿ ਸਾਰੇ ਲੀਡਰਾਂ ਵਿੱਚੋਂ ਕੇਵਲ ਸ. ਤੇਜਾ ਸਿੰਘ ਸਮੁੰਦ੍ਰੀ ਉਪਰ ਹੀ ਭਰੋਸਾ ਕੀਤਾ ਜਾ ਸਕਦਾ ਹੈ ; ਬਾਕੀਆਂ ਦੀ ਜ਼ਿੱਮੇਵਾਰੀ ਲੈਣ ਵਾਲੇ ਸਿਰਫ਼ ਉਹੀ ਹਨ।"[19]

ਉਂਜ ਤਾਂ ਸ. ਤੇਜਾ ਸਿੰਘ ਸਾਰਿਆਂ ਨਾਲ ਪਿਆਰ ਕਰਦੇ ਤੇ ਠਰੰਮੇ ਨਾਲ ਪੇਸ਼ ਆਉਂਦੇ ਸਨ, ਪਰ ਸ. ਭਾਗ ਸਿੰਘ ਐਡਵੋਕੇਟ, ਗੁਰਦਾਸਪੁਰ ਲਈ ਉਨ੍ਹਾਂ ਦਾ ਸਨੇਹ ਬਹੁਤ ਜ਼ਿਆਦਾ ਸੀ। ਉਸ ਨੂੰ ਉਨ੍ਹਾਂ ਇਕ ਤਰ੍ਹਾਂ ਆਪਣਾ ਪੁੱਤਰ ਬਣਾਇਆ ਹੋਇਆ ਸੀ। ਸਮੁੰਦ੍ਰੀ ਸਾਹਿਬ ਦੇ ਸਾਥੀ ਦੱਸਦੇ ਹਨ ਕਿ ਜੇਲ੍ਹ ਵਿਚ ਅੱਧੀ ਅੱਧੀ ਰਾਤ ਉੱਠ ਕੇ ਉਹ ਇਸ ਨੌਜਵਾਨ ਗੱਭਰੂ ਨੂੰ ਵੇਖਦੇ ਕਿ ਉਹ ਠੀਕ ਸੁੱਤਾ ਤਾਂ ਪਿਆ ਹੈ ਨਾ, ਕਿਧਰੇ ਉਸ ਉਪਰੋਂ ਚਾਦਰ ਦਾ ਪੱਲਾ ਤਾਂ ਨਹੀਂ ਖਿਸਕ ਗਿਆ। ਜੇ ਚਾਦਰ ਖਿਸਕ ਗਈ ਹੁੰਦੀ ਤਾਂ ਉਹ ਉਸ ਨੂੰ ਢਕ ਦੇਂਦੇ ਅਤੇ ਅਤਿ ਗਰਮੀ ਸਮੇਂ ਪੱਖਾ ਝਲਣ ਵੀ ਲਗ ਪੈਂਦੇ।

ਜੇਲ੍ਹ ਵਿਚ ਹੋਣ ਕਾਰਣ ਜਦੋਂ ਸ. ਭਾਗ ਸਿੰਘ ਦੇ ਟੱਬਰ ਨੂੰ ਤੰਗਦਸਤੀ ਦਾ ਮੂੰਹ ਵੇਖਣਾ ਪਿਆ ਤਾਂ ਆਪ ਨੇ ਆਪਣੇ ਪੱਲਿਓਂ ਸੌ ਡੇਢ ਸੌ ਰੁਪਏ ਹਰ ਮਹੀਨੇ ਉਨ੍ਹਾਂ ਦੇ ਘਰ ਭਿਜਵਾਣੇ ਸ਼ੁਰੂ ਕਰ ਦਿੱਤੇ।

ਸ. ਭਾਗ ਸਿੰਘ ਵੀ ਨਿਰਛਲ ਹਿਰਦੇ ਵਾਲਾ ਤੇ ਇਨ੍ਹਾਂ ਦਾ ਚੰਗਾ ਸੇਵਕ ਸੀ। ਦੁੱਧ ਆਦਿ ਗਰਮ ਕਰਕੇ ਇਹੀ ਇਨ੍ਹਾਂ ਨੂੰ ਦਿਆ ਕਰਦਾ ਸੀ। ਸ. ਤੇਜਾ ਸਿੰਘ ਅਕਰਪੁਰੀ ਦੱਸਦੇ ਹਨ ਕਿ ਇਸ ਦਾ ਸੁਫ਼ਨਾ ਸਦਾ ਸੱਚਾ ਹੁੰਦਾ ਸੀ। ਸਿਖ ਮੁਖੀਆਂ ਦੇ ਸ਼ਰਤਾਂ ਮੰਨ ਕੇ ਆਉਣ ਤੋਂ ਪਹਿਲਾਂ ਇਸ ਨੂੰ ਸੁਫ਼ਨਾ ਆਇਆ ਸੀ ਕਿ ਕੈਦ ਕੀਤੇ ਗਏ ਸਿੱਖ ਮੁਖੀਆਂ ਵਿੱਚੋਂ ੨੨ ਆਦਮੀ ਗੁਜ਼ਰ ਗਏ ਹਨ। ਉਸ ਨੇ ਇਨ੍ਹਾਂ ਬਾਈਆਂ ਦੇ ਨਾਂ ਵੀ ਗਿਣਾ ਦਿੱਤੇ ਸਨ। ਉਹ ੨੨ ਪਿੱਛੋਂ ਸ਼ਰਤਾਂ ਮੰਨ ਕੇ ਰਿਹਾ ਹੋਣ ਵਾਲੇ ਮੁਖੀ ਨਿਕਲੇ।

---

19 ਬਿਆਨ ਸ. ਸਾਹਿਬ ਸਿੰਘ ਸਪੁਤਰ ਸ. ਤੇਜਾ ਸਿੰਘ ਸਮੁੰਦ੍ਰੀ।

b Digital Library | ww

ਜਿਸ ਦਿਨ ਸ. ਤੇਜਾ ਸਿੰਘ ਸਮੁੰਦ੍ਰੀ ਨੇ ਚਲਾਣਾ ਕੀਤਾ, ਉਸ ਤੋਂ ਪਹਿਲੀ ਰਾਤ ਵੀ ਉਸਨੂੰ ਇਕ ਸੁਫ਼ਨਾ ਆਇਆ ਸੀ ਕਿ ਸ. ਤੇਜਾ ਸਿੰਘ ਸਮੁੰਦ੍ਰੀ ਗੁੰਮ ਹਨ ਤੇ ਇਕ ਵੱਡਾ ਸਾਰਾ ਜਲੂਸ ਨਿਕਲਿਆ ਹੋਇਆ ਹੈ। ਜਦੋਂ ਉਸ ਨੇ ਇਹ ਸੁਫ਼ਨਾ ਸਮੁੰਦ੍ਰੀ ਸਾਹਿਬ ਨੂੰ ਸੁਣਾਇਆ ਤਾਂ ਉਨ੍ਹਾਂ ਗੱਲ ਹਸ ਕੇ ਟਾਲ ਦਿੱਤੀ।

ਇਨ੍ਹਾਂ ਦੇ ਵਧੇਰੇ ਸਨੇਹੀਆਂ ਵਿੱਚੋਂ ਦੂਸਰੇ ਪ੍ਰੋ. ਨਿਰੰਜਨ ਸਿੰਘ ਜੀ ਸਨ। ਜਦੋਂ ਕਦੀ ਲਾਇਲਪੁਰੋਂ ਆਉਂਦੇ, ਆਮ ਤੌਰ ਤੇ ਪ੍ਰੋਫ਼ੈਸਰ ਸਾਹਿਬ ਪਾਸ ਹੀ ਖ਼ਾਲਸਾ ਕਾਲਜ ਵਿਚ ਠਹਿਰਦੇ। ਉਥੇ ਇਹ ਪ੍ਰੋਫ਼ੈਸਰ ਸਾਹਿਬ ਦੇ ਮੁੰਡਿਆਂ ਨੂੰ ਆਪਣੇ ਪੁੱਤਰਾਂ ਵਾਂਗ ਖਿਡਾਂਦੇ ਅਤੇ ਉਨ੍ਹਾਂ ਦੇ ਮਾਤਾ ਜੀ ਨੂੰ 'ਮਾਤਾ' ਕਰਕੇ ਜਾਣਦੇ। ਉਹ ਵੀ ਅੱਗੋਂ ਇਨ੍ਹਾਂ ਉਪਰ ਆਪਣੇ ਬੱਚਿਆਂ ਵਾਂਗੂ ਜਾਨ ਦੇਂਦੀ।

ਇਕ ਵਾਰ ਜਦੋਂ ਇਹ ਪ੍ਰੋਫ਼ੈਸਰ ਨਿਰੰਜਨ ਸਿੰਘ ਕੋਲ ਠਹਿਰੇ ਹੋਏ ਸਨ ਤਾਂ ਇਨ੍ਹਾਂ ਨੂੰ ਸਖ਼ਤ ਬੁਖਾਰ ਹੋ ਗਿਆ। ਤੇਈਏ ਦਾ ਤਾਪ ਸੀ। ਬਹੁਤ ਉਲਟੀਆਂ ਆਈਆਂ, ਜਿਸ ਨਾਲ ਸਾਰੀ ਬੈਠਕ ਗੰਦੀ ਹੋ ਗਈ। ਪ੍ਰੋਫ਼ੈਸਰ ਸਾਹਿਬ ਦੇ ਮਾਤਾ ਜੀ ਨੇ ਇਨ੍ਹਾਂ ਦੀਆਂ ਉਲਟੀਆਂ ਆਪਣੇ ਹੱਥਾਂ ਨਾਲ ਹੂੰਝੀਆਂ ਤੇ ਇਨ੍ਹਾਂ ਦੀ ਸੇਵਾ ਵਿਚ ਦਿਨ ਰਾਤ ਇਕ ਕਰ ਦਿੱਤਾ। ਜਦੋਂ ਰਾਜ਼ੀ ਹੋਏ ਤਾਂ ਮਾਤਾ ਜੀ ਦੇ ਚਰਣਾਂ ਨੂੰ ਹੱਥ ਲਾ ਕੇ ਬਹੁਤ ਬਹੁਤ ਖਿਮਾ ਚਾਹੀ ਕਿ ਮੈਂ ਤੁਹਾਨੂੰ ਬਹੁਤ ਕਸ਼ਟ ਦਿੱਤਾ ਹੈ। ਪਰ ਧੰਨ ਸਨ ਉਸ ਸਮੇਂ ਦੀਆਂ ਔਰਤਾਂ ਤੇ ਲੋਕ। ਮਾਤਾ ਜੀ ਨੇ ਪੁੱਤਰਾਂ ਵਾਂਗ ਸਿਰ ਤੇ ਪਿਆਰ ਦਿੱਤਾ ਅਤੇ ਕਿਹਾ: "ਪੁੱਤਰਾ, ਮੈਂ ਤੇਰੇ ਲਈ ਕੀ ਕੀਤਾ ਹੈ? ਤੂੰ ਮੈਨੂੰ ਕੋਈ ਦੁਪਰਿਆਰਾ ਹੈਂ? ਜੇਹਾ ਨਿਰੰਜਨ ਸਿੰਘ ਤੇਹਾ ਤੂੰ; ਮੈਂ ਸ਼ੁਕਰ ਕੀਤਾ ਹੈ ਤੂੰ ਰਾਜ਼ੀ ਹੋਇਆ ਹੈਂ!"

ਬਾਵਜੂਦ ਇੰਨੇ ਹਰ-ਮਨ-ਪਿਆਰੇ ਤੇ ਮੰਨੇ ਪ੍ਰਮੰਨੇ ਆਗੂ ਹੋਣ ਦੇ ਅਤੇ ਬਾਵਜੂਦ ਗੁਰੂ ਕੇ ਬਾਗ਼ ਵਰਗੀ ਵੱਡੀ ਜਿੱਤ ਪ੍ਰਾਪਤ ਕਰਨ ਦੇ, ਆਪ ਨਿਮਰਤਾ ਦੇ ਪੁੰਜ ਸਨ। ਕੁਰਬਾਨੀ ਤਾਂ ਆਪ ਕਰਦੇ ਸਨ, ਪਰ ਮਾਨ ਦੂਜਿਆਂ ਨੂੰ ਦੇ ਕੇ ਖੁਸ਼ ਹੁੰਦੇ ਸਨ। ਜਦੋਂ ਸ਼ਿਰੋਮਣੀ ਕਮੇਟੀ ਦੀ ਚੋਣ ਹੋਣ ਲੱਗੀ ਤਾਂ ਕਈ ਮੈਂਬਰ ਆਪ ਜੀ ਨੂੰ ਕਮੇਟੀ ਦਾ ਪ੍ਰਧਾਨ ਬਣਾਉਣਾ ਚਾਹੁੰਦੇ ਸਨ, ਪਰ ਆਪ ਨੇ ਸ. ਮਹਿਤਾਬ ਸਿਘ ਨੂੰ ਪ੍ਰਧਾਨ ਬਣਾਣ ਉਪਰ ਜ਼ੋਰ ਦਿੱਤਾ, ਭਾਵੇਂ ਮੀਤ ਪ੍ਰਧਾਨ ਵਜੋਂ ਕਮੇਟੀ ਦਾ ਸਾਰਾ ਕੰਮ ਆਪ ਨੇ ਹੀ ਸੰਭਾਲੀ ਰੱਖਿਆ।

ਜਦੋਂ ਸੈਂਟ੍ਰਲ ਸਿੱਖ ਲੀਗ ਦੀ ਪ੍ਰਧਾਨਗੀ ਦੀ ਗੱਲ ਚਲੀ ਤਾਂ ਆਪ ਜੀ ਨੇ ਜੇਲ੍ਹ ਦੇ ਅੰਦਰੋਂ ਸੁਨੇਹਾ ਭੇਜਿਆ ਕਿ ਦੇਖਣਾ, ਮੈਨੂੰ ਪ੍ਰਧਾਨ ਬਣਾਉਣ ਦੀ ਭੁੱਲ ਨ ਕਰਨੀ; ਇਹ ਮਾਨ ਸ. ਖੜਕ ਸਿੰਘ ਨੂੰ ਦੇਣਾ; ਉਹੀ ਇਸ ਦੇ ਯੋਗ ਹਨ।[20] ਇੰਜ ਜਿਥੇ ਕਿਤੇ ਪ੍ਰਸੰਸਾ ਜਾਂ ਮਾਨ ਮਿਲਣ ਦਾ ਸਵਾਲ ਉਠਦਾ, ਆਪ ਉਥੋਂ ਹੀ ਖਿਸਕ ਜਾਂਦੇ। ਅਜੇਹੇ ਨਿਸ਼ਕਾਮ ਸੇਵਕ ਸਨ ਆਪ!

---

20 'ਕ੍ਰਿਪਾਨ ਬਹਾਦਰ' (੩ ਅਗਸਤ ੧੯੨੬), ਪੰਨਾ ੨.

Digitized by Panjab Digital Library | www.panjabdigilib.org

ਨਿਰਮਾਨਤਾ ਦੀ ਤਾਂ ਇਹ ਹੱਦ ਸੀ ਕਿ ਘਰ ਦਾ ਕਾਮਾ ਆਪਣੇ ਕੁਰਖਤ ਜਹੇ ਢੰਗ ਨਾਲ ਕਈ ਵਾਰ ਇਨ੍ਹਾਂ ਨੂੰ "ਓਇ ਤੇਜਾ ਸਿੰਘਾ" ਕਹਿ ਕੇ ਮੁਖ਼ਾਤਬ ਕਰ ਲੈਂਦਾ ਸੀ। ਓਦੋਂ ਆਪ ਗੁੱਸਾ ਨ ਕਰਦੇ ; ਸਗੋਂ ਇਹ ਕਹਿ ਕੇ ਟਾਲ ਦੇਂਦੇ, "ਜਾ ਭੇੜਿਆ, ਕੰਮ ਕਰ" ।[21] ਇਸ ਨਿਰਮਾਨ ਸੁਭਾ ਕਾਰਣ ਆਪ ਦਾ ਬੋਲ ਮਿੱਠਾ ਤੇ ਲਹਿਜਾ ਹਮਦਰਦਾਨਾ ਸੀ।

ਇਲਾਕੇ ਵਿਚ ਆਪਦਾ ਇੱਨਾ ਰਸੂਖ ਸੀ ਕਿ ਕੋਈ ਵੀ ਸਰਕਾਰ ਦਾ ਵੱਡੇ ਤੋਂ ਵੱਡਾ ਪਿੱਠੂ ਇਨ੍ਹਾਂ ਵਿਰੁੱਧ ਖਲੋਣ ਦੀ ਜੁਰਅਤ ਨਹੀਂ ਸੀ ਕਰਦਾ। ਨਾਭਾ ਸਵਾਲ ਉਤੇ ਜੇਲ੍ਹ ਅੰਦਰ ਚਲੇ ਜਾਣ ਤੇ ਸਰਕਾਰ ਨੇ ਇਨ੍ਹਾਂ ਨੂੰ ਨੰਬਰਦਾਰੀ ਤੋਂ ਹਟਾ ਦਿੱਤਾ, ਤੇ ਨੰਬਰਦਾਰੀ ਕਿਸੇ ਹੋਰ ਨੂੰ ਦੇਣ ਦੀ ਹਿਦਾਇਤ ਕੀਤੀ, ਪਰ ਇਨ੍ਹਾਂ ਉਤੇ ਚੜ੍ਹੀ ਮਾਰ ਕੇ ਨੰਬਰਦਾਰੀ ਲੈਣ ਨੂੰ ਕੋਈ ਵੀ ਅੱਗੇ ਨ ਆਇਆ। ਜੇ ਕਿਸੇ ਦਾ ਮਨ ਭਰਮਿਆ ਤਾਂ ਦੂਜਿਆਂ ਨੇ ਝਾੜ ਝੰਬ ਕਰਕੇ ਬਿਠਾ ਦਿੱਤਾ। ਅੰਤ, ਹਾਰ ਕੇ ਸਰਕਾਰ ਨੇ ਨੰਬਰਦਾਰੀ ਇਨ੍ਹਾਂ ਦੇ ਵੱਡੇ ਸਪੁੱਤਰ ਸ. ਸਾਹਿਬ ਸਿੰਘ ਨੂੰ ਦੇ ਦਿੱਤੀ।

ਪੰਜਾਬੀ ਅੱਖਰਾਂ ਤੇ ਪੰਜਾਬੀ ਭਾਸ਼ਾ ਨਾਲ ਆਪ ਨੂੰ ਨਿਸ਼ਚੈ ਹੀ ਬਹੁਤ ਪਿਆਰ ਸੀ। ਸ਼ਿਰੋਮਣੀ ਕਮੇਟੀ ਦਾ ਕੰਮ ਬਹੁਤਾ ਆਪ ਪੰਜਾਬੀ ਵਿਚ ਹੀ ਕਰਦੇ ਸਨ। ਪੰਜਾਬੀ ਆਪ ਇੱਨੀ ਸੁੰਦਰ ਤੇ ਰਵਾਂ ਲਿਖਦੇ ਸਨ ਕਿ ਕੋਈ ਉਸ ਨੂੰ ਵੇਖ ਕੇ ਇਹ ਅਨੁਮਾਨ ਨਹੀਂ ਲਗਾ ਸਕਦਾ ਸੀ ਕਿ ਇਨ੍ਹਾਂ ਪੰਜਾਬੀ ਘਰ ਵਿਚ ਰਹਿ ਕੇ ਹੀ ਪੜ੍ਹੀ ਹੈ। ਇਨ੍ਹਾਂ ਦੀ ਪੰਜਾਬੀ ਨੂੰ ਪ੍ਰਫੁਲਿਤ ਹੋਇਆ ਦੇਖਣ ਦੀ ਚਾਹ ਸੰਬੰਧੀ ਸ. ਗੁਰਚਰਨ ਸਿੰਘ ਸਹੰਸਰਾ ਇਕ ਕਹਾਣੀ ਸੁਣਾਉਂਦੇ ਹਨ :


"ਉਨ੍ਹਾਂ ਦਿਨਾਂ ਵਿਚ ਪੰਜਾਬੀ ਅੱਖਰਾਂ ਨੂੰ ਪੰਜਾਬ ਵਿਚ ਗੁਰੂ ਸਾਹਿਬਾਂ ਨਾਲ ਜੋੜ ਕੇ ਅਤਿ ਦਰਜੇ ਦੀ ਧਾਰਮਿਕ ਭਾਵਨਾ ਨਾਲ ਦੇਖਿਆ ਤੇ ਸਤਿਕਾਰਿਆ ਜਾਂਦਾ ਸੀ। ਜੇ ਕਿਤੇ ਗੁਰਮੁਖੀ ਵਿਚ ਲਿਖਿਆ ਜਾਂ ਛਪਿਆ ਕੋਈ ਕਾਗਜ਼ ਦਾ ਟੁਕੜਾ ਪੈਰਾਂ ਹੇਠ ਆ ਜਾਂਦਾ, ਤਾਂ ਲੋਕ ਉਸ ਨੂੰ ਚੁਕ ਕੇ ਆਦਰ ਨਾਲ ਸਿਰ ਉੱਤੇ ਰੱਖ ਲੈਂਦੇ ਤੇ ਫੇਰ ਕਿਸੇ ਦਰਿਆ ਆਦਿ ਵਿਚ ਪ੍ਰਵਾਹ ਦੇਂਦੇ। ਇਕ ਸਮੇਂ ਜਦੋਂ ਇਨ੍ਹਾਂ ਸਾਮ੍ਹਣੇ ਅਜੇਹੀ ਘਟਨਾ ਵਾਪਰੀ ਤਾਂ ਆਪ ਨੇ ਕਿਹਾ : "ਪੰਜਾਬੀ ਅੱਖਰਾਂ ਦਾ ਸਤਿਕਾਰ ਕਰਨਾ ਸਾਨੂੰ ਬਣਦਾ ਹੈ, ਪਰ ਕਿਸੇ ਚੀਜ਼ ਦਾ ਕੇਵਲ ਇਸ ਕਾਰਣ ਸਤਿਕਾਰ ਕਰੀ ਜਾਣਾ ਕਿ ਇਹ ਗੁਰਮੁਖੀ ਅੱਖਰਾਂ ਵਿਚ ਲਿਖੀ ਹੋਈ ਹੈ, ਅਸਲੀ ਨਿਸ਼ਾਨੇ ਤੋਂ ਉਖੜਨਾ ਹੈ। ਪੰਜਾਬੀ ਉੱਨਾ ਚਿਰ ਤਰੱਕੀ ਨਹੀਂ ਕਰਨ ਲਗੀ ਜਿੱਨਾ ਚਿਰ ਇਹ ਛਪ ਕੇ ਘਰ ਘਰ ਤੇ ਬੱਚੇ ਬੱਚੇ ਦੇ ਹੱਥ ਵਿਚ ਨਹੀਂ ਪਹੁੰਚਦੀ। ਇਸ ਡਰ ਤੋਂ ਕਿ ਮਤੇ ਇਸ ਦਾ ਨਿਰਾਦਰ ਹੋ ਜਾਵੇ, ਇਸ ਨੂੰ ਲੁਕੋ ਲੁਕੋ ਅਤੇ ਸਾਂਭ ਸਾਂਭ ਰੱਖਣਾ ਇਸ ਨੂੰ ਪੁੰਗਰਣ ਤੋਂ ਪਹਿਲਾਂ ਹੀ ਮਾਰਨਾ ਹੈ"।

ਗੁਰਦਵਾਰਾ ਸੁਧਾਰ ਤੇ ਕੌਮੀ ਲਹਿਰ ਦੇ ਇਸ ਹੀਰੋ ਦਾ ਜੋ ਚਿੱਤਰ ਸਾਡੇ ਸਾਮ੍ਹਣੇ

---

21 ਬਿਆਨ ਸ. ਤੇਜਾ ਸਿੰਘ ਚੂਹੜਕਾਣਾ.

b Digital Library / ww



ਚਿਤ੍ਰ ੧੨. ਸ. ਤੇਜਾ ਸਿੰਘ ਸਮੁੰਦ੍ਰੀ ਦੀ ਇਕ ਹੱਥ-ਲਿਖਤ ਚਿਠੀ।

Digitized by Panjab Digital Library | www.panjabdigilib.org

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਸ੍ਰੀ ਮਾਨ ਸਕੱਤਰ ਸਾਹਿਬ,
ਸਰੋਮਨੀ ਗੁ: ਪ੍ਰ: ਕਮੇਟੀ

ਮੈਂ ਤੇ ਬਾਵਾ ਹਰਕਿਸ਼ਨ ਸਿੰਘ ਜੀ ਆਪ ਦੇ ਹੁਕਮ ਅਨੁਸਾਰ ੧੩ ਨੂੰ ਖਡੂਰ ਸਾਹਿਬ ਜੀ ਗੁਰਦਵਾਰੇ ਪੁੱਜੇ ਅਤੇ ਜੋ ਤਕਲੀਫਾਂ ਬਾਵਿਆਂ ਵਲੋਂ ਅਕਾਲੀਆਂ ਨੂ ਸਨ, ਉਹ ਬਾਵਾ ਸਾਹਿਬਾਨ ਨੂ ਸਦ ਕੇ ਸਮਝਾਇਆ ਗਿਆ ਅਤੇ ਜੋ ਉਨ੍ਹਾਂ ਨੂੰ ਅਕਾਲੀਆਂ ਵਲੋਂ ਸ਼ਿਕਾਇਤਾਂ ਸਨ ਉਹ ਉਨ੍ਹਾਂ ਨੂ ਦਸ ਕੇ ਸਮਝਾਇਆ ਗਿਆ [।] ਦੁਹਾਂ ਧਿਰਾਂ ਦੀ ਆਪਸ ਵਿਚ ਤਸਲੀ ਕਰਾਈ ਗਈ [।] ਬਾਵਾ ਸਾਹਿਬਾਨ ਨੂ ਇਹ ਭੀ ਆਖਆ ਗਿਆ ਕਿ ਜਿਸ ਰਸਤੇ ਤੁਸੀਂ ਗੁਜਰਦੇ ਹੋ ਸਾਨੂੰ ਕੋਈ ਇਤਰਾਜ਼ ਨਹੀਂ ਪ੍ਰ ਇਸ ਰਸਤੇ ਹੁਕਾ, ਤਮਾਕੂ, ਸ਼ਰਾਬ ਆਦਕ ਨਹੀਂ ਲੈ ਜਾ ਸਕਦੇ [।]

ਗੁਰਦਵਾਰੇ ਦੇ ਪ੍ਰਬੰਧ ਲਈ ਅੱਜ ਕਲ ੧੫ ਅਕਾਲੀ ਸੇਵਾ ਕਰ ਰਹੇ ਹਨ [।] ... ੧≡) ਰੋਜ ਅਤੇ ਪ੍ਰਸ਼ਾਦਾ ਲੰਗਰੋਂ ਮਿਲਦਾ ਹੈ ਅਤੇ ਇਕ ਗ੍ਰੰਥੀ ... ... ... ਸਾਡੀ ਰਾਏ ਵਿਚ ਗੁਰਦਵਾਰੇ ਦੇ ਪ੍ਰਬੰਧ ਲਈ [੮] ਸੇਵਾਦਾਰ ਪਕੇ ਹੋਣੇ ਚਾਹੀਦੇ ਹਨ [।]

ਜਿਨ੍ਹਾਂ ਵਿਚੋਂ ੨ ਦੋ ਰਾਗੀ ਗ੍ਰੰਥੀ ਹੋਣੇ ਚਾਹੀਦੇ ਹਨ [।] ਇਕ ਸੇਵਾਦਾਰ ਜੋ ਤਾਬਿਆ ਬੈਠਕੇ ਪਾਠ ਕਰ ਸਕੇ [।] ੨ ਦੋ ਸੇਵਾਦਾਰ ਜੋ ਹਜ਼ੂਰੀ ਵਿਚ ਸਾਰਾ ਦਿਨ ਪ੍ਰਸ਼ਾਦ ਵਰਤਾਵਨ [।] ੨ ਲਾਂਗ੍ਰੀ ਅਤੇ ਇਕ ਦਰਵਾਜ਼ੇ ਅਗੇ ਸੇਵਾਦਾਰ (ਪਹਰੇਵਾਲਾ) ਹੋਵੇ [।] ਇਹ ਪ੍ਰਬੰਧ ਬਹੁਤ ਛੇਤੀ ਕਰ ਦੇਣਾ ਚਾਹੀਦਾ ਹੈ [।] ਉਥੇ ਜੋ ਅੱਜ ਕਲ ਗ੍ਰੰਥੀ ਹੈ ਉਹ ਕਥਾ ਕੀਰਤਨ ਨਹੀਂ ਕਰ ਸਕਦਾ [।] ਉਸ ਦੀ ਥਾਂ ਵੀ ਗ੍ਰੰਥੀ ਰਾਗੀ ਭੇਜ ਕੇ ਉਸ ਦੀ [ਨੂੰ ?] ਕਿਸੇ ਦੂਸ੍ਰੇ ਗੁਰਦਵਾਰੇ ਬਦਲ ਦੇਣਾ ਚਾਹੀਦਾ ਹੈ [।]

ਇਥੇ ੨ ਗੁਰਦਵਾਰੇ ਹੋਰ ਹਨ ਜੋ ਕਮੇਟੀ ਨਾਲ ਸਨਬੰਧਤ ਹਨ [।] ਸਾਡੇ ਖਿਆਲ ਵਿਚ ਤਿਨਾ ਹੀ ਗੁਰਦਵਾਰਿਆਂ ਦਾ ਪ੍ਰਬੰਧ ਇਕੇ ਹੀ ਮੈਨੇਜ੍ਰ ਦੇ ਸਪੁਰਦ ਹੋਣਾ ਚਾਹੀਦਾ ਹੈ [।] ਸੋ ਅਸੀਂ ਏਸ ਸੇਵਾ ਦੇ ਯੋਗ ਸ੍ਰ: ਊਧਮ ਸਿੰਘ ਜੀ ਨਾਗੋਕੇ ਵਾਲਿਆਂ ਨੂੰ ਸਮਝਦੇ ਹਾਂ [।] ਇਲਾਕੇ ਵਿਚ ਉਨ੍ਹਾਂ ਦਾ ਬੜਾ ਰਸੂਖ ਹੈ ਅਤੇ ਬੜੇ ਨੇਕ ਸੇਵਾ ਦੇ ਸ਼ੌਕ ਵਾਲੇ ਹਨ [।] ਸੋ ਉਨ੍ਹਾਂ ਨੂੰ ਮੈਨੇਜਰ ਨੀਯਤ ਕਰ ਦੇਣਾ ਚਾਹੀਦਾ ਹੈ [।] ਅਸੀਂ ਆਪ ਜੀ ਦੀ ਮਨਜ਼ੂਰੀ ਉਤੇ ਆਰਜੀ ਤੌਰ ਤੇ ਨੀਯਤ ਵੀ ਕਰ ਆਏ ਹਾਂ [।]

ਆਪ ਉਪ੍ਰੋਕਤ ਬੇਨਤੀਆਂ ਵਲ ਬਹੁਤ ਛੇਤੀ ਧਿਆਨ ਦੇ ਕੇ ਵਰਤੋਂ ਵਿਚ ਲਿਆਵਨ ਦੀ ਕਿਰਪਾ ਕਰਨੀ [।]

ਆਪ ਦੇ ਦਾਸ
ਤੇਜਾ ਸਿੰਘ ਸਮੁੰਦ੍ਰੀ ।
੨੨-੭-੨੩

jab Digital Library | www.

ਉਘੜਦਾ ਹੈ, ਉਹ ਇਕ ਧਰਤੀ ਵਾਂਗ ਨਿਰਮਾਨ, ਪਰਬਤ ਵਾਂਗ ਅਡੋਲ, ਧ੍ਰੂ ਤਾਰੇ ਵਾਂਗ ਦ੍ਰਿੜ, ਸਾਗਰ ਵਾਂਗ ਗੰਭੀਰ, ਚੰਦਰਮਾ ਵਾਂਗ ਸੀਤਲ, ਸੂਰਜ ਵਾਂਗ ਤਪਸ੍ਵੀ, ਕੰਵਲ ਵਾਂਗ ਨਿਰਲੇਪ, ਅੱਗ ਵਾਂਗ ਪਵਿੱਤਰ ਤੇ ਜਲ ਵਾਂਗ ਜੀਅ-ਦਾਨ ਦੇਣ ਵਾਲੇ ਮਹਾਨ ਪੁਰਸ਼ ਦਾ ਹੈ। ਉਸ ਵਰਗਾ ਜਮਾਂਦਰੂ ਨੇਤਾ ਸਦੀਆਂ ਵਿਚ ਕੋਈ ਇਕ ਪੈਦਾ ਹੁੰਦਾ ਹੈ। ਮਾਸਟਰ ਤਾਰਾ ਸਿੰਘ ਨੇ ਉਸ ਨੂੰ "ਪੂਰਨ ਗੁਰਸਿੱਖ" ਕਿਹਾ ਹੈ। ਅਸੀਂ ਉਸ ਨੂੰ "ਸੰਤ ਸਿਪਾਹੀ", ਕਹਿਣਾ ਪਸੰਦ ਕਰਾਂਗੇ। ਉਸ ਵਰਗੀ ਸਹਿਨਸ਼ੀਲਤਾ, ਸਚਾਈ, ਸੇਵਾ ਤੇ ਠਰੰਮਾ ਸੰਤਾਂ ਵਿਚ ਵੀ ਬਹੁਤ ਘਟ ਵੇਖਣ ਵਿਚ ਆਇਆ ਹੈ। ਉਹ ਉਚ-ਕੋਟੀ ਦਾ ਨਾਮ-ਰਸੀਆ ਤੇ ਸਿਦਕੀ ਸਿੱਖ ਸੀ ਤੇ ਧਰਮ-ਯੁੱਧ ਵਿਚ ਉਹ ਵੱਡੇ ਸੂਰਬੀਰ ਸਿਪਾਹੀ ਵਾਂਗ ਸੀ। ਉਹ ਹੋਰਨਾਂ ਦੇ ਜੀਵਨ ਨੂੰ ਵੀ ਆਪਣੀ ਪਾਰਸ-ਛੋਹ ਨਾਲ ਕੰਚਨ ਬਣਾਣ ਦੀ ਸਮਰਥਾ ਰੱਖਦਾ ਸੀ।

ਜਥੇਬੰਦੀ ਬਣਾਣ ਤੇ ਉਸ ਤੋਂ ਕੰਮ ਲੈਣ ਵਿਚ ਉਹ ਵੱਡੇ ਵੱਡੇ ਜਰਨੈਲਾਂ ਨੂੰ ਮਾਤ ਪਾਂਦਾ ਸੀ। ਉਸ ਦੀ ਹਰ ਚੀਜ਼ ਬੱਝੀ ਵਿਓਂਤ ਅਨੁਸਾਰ ਚਲਦੀ ਸੀ। ਉਹ ਆਪਣਾ ਕੰਮ ਬੜੀ ਲਗਨ, ਦ੍ਰਿੜਤਾ ਤੇ ਸੂਝ ਬੂਝ ਨਾਲ ਕਰਦਾ ਸੀ। ਉਹ ਗੱਲ ਦੀ ਤਹਿ ਤੇ ਫੌਰਨ ਪਹੁੰਚ ਜਾਂਦਾ ਸੀ ਤੇ ਵੱਡੇ ਤੋਂ ਵੱਡਾ ਫ਼ੈਸਲਾ ਲੈਣ ਲਗਿਆਂ ਉਸ ਨੂੰ ਦੇਰ ਨਹੀਂ ਸੀ ਲਗਦੀ। ਜਿਸ ਨੇ ਵੀ ਉਸ ਨੂੰ ਕੰਮ ਕਰਦਿਆਂ ਦੇਖਿਆ, ਸਲਾਹਿਆ। ਉਸ ਲਈ ਦੋਸਤ ਤੇ ਦੁਸ਼ਮਨ ਸਾਰੇ ਵੱਡਾ ਸਤਿਕਾਰ ਰੱਖਦੇ ਸਨ।

ਉਸ ਦੇ ਨਿਜੀ ਆਚਰਣ ਨੂੰ ਕੋਈ ਨਹੀਂ ਸੀ ਪਹੁੰਚਦਾ। ਉਹ ਨਿਸ਼ਕਾਮ ਸੇਵਕ, ਕੁਰਬਾਨੀ ਦਾ ਪੁੰਜ ਤੇ ਨਿਧੜਕ ਯੋਧਾ ਸੀ। ਸੁਭਾ ਕਰਕੇ ਉਹ ਵੱਡਾ ਪਰਉਪਕਾਰੀ, ਹਮਦਰਦ ਤੇ ਬਚਨ-ਪਾਲਕ ਸੀ। ਮਨੁੱਖ ਮਨੁੱਖ ਵਿਚ ਉਹ ਭੇਦ ਨਹੀਂ ਸੀ ਕਰਦਾ। ਉਸ ਲਈ ਅਛੂਤ ਤੇ ਸੁਵਰਣ ਜਾਤੀ ਵਾਲੇ ਸਭ ਸਮਾਨ ਸਨ। ਉਹ ਕਰਨੀ ਦਾ ਕਾਇਲ ਸੀ, ਜਨਮ-ਜਾਤ ਦਾ ਨਹੀਂ। ਅਛੂਤ ਕਹਿ ਕੇ ਇਕ ਸ਼੍ਰੇਣੀ ਦੇ ਦੂਜੀ ਉੱਤੇ ਜ਼ੁਲਮ ਨੂੰ ਉਹ ਮਹਾਂ ਪਾਪ ਸਮਝਦਾ ਸੀ। ਇਸੇ ਤਰ੍ਹਾਂ ਉਹ ਜੱਟ ਤੇ ਜੱਟ, ਜੱਟ ਤੇ ਖਤ੍ਰੀ, ਜੱਟ ਤੇ ਅਰੋੜਾ ਆਦਿ ਦੇ ਵਿਤਕਰਿਆਂ ਵਿਚ ਵੀ ਨਹੀਂ ਸੀ ਪੈਂਦਾ। ਪੰਜਾਬ ਦੇ ਇਸ ਪਾਸੇ ਦੇ ਜੱਟ, ਵਿਰਕ ਜੱਟਾਂ ਨੂੰ ਕੋਈ ਬਹੁਤ ਚੰਗਾ ਨਹੀਂ ਸਨ ਸਮਝਦੇ ਤੇ ਰਿਸ਼ਤੇ ਨਾਤੇ ਕਰਨ ਤੋਂ ਗੁਰੇਜ਼ ਕਰਦੇ ਸਨ। ਇਨ੍ਹਾਂ ਨੇ ਇਸ ਵਿਤਕਰੇ ਨੂੰ ਤੋੜਨ ਲਈ ਆਪਣੀ ਭੂਆ ਦੀ ਧੀ, ਬੰਤੀ, ਦਾ ਸਾਕ ਜਥੇਦਾਰ ਸਾਵਲ ਸਿੰਘ ਭਿੱਖੀ ਨੂੰ, ਜੋ ਵਿਰਕ ਘਰਾਣੇ ਵਿੱਚੋਂ ਸੀ, ਲਿਆ ਦਿੱਤਾ। ਪੁੱਛਣ ਤੇ ਆਪ ਨੇ ਕਿਹਾ ਕਿ ਮੇਰੇ ਲਈ ਸਭ ਤੋਂ ਵੱਡੀ ਤਸੱਲੀ ਉਸ ਦਾ ਪੂਰਣ ਗੁਰਸਿੱਖ ਹੋਣਾ ਹੈ।

ਕੁਰਬਾਨੀ ਵਿਚ ਉਹ ਕਿਸੇ ਨੂੰ ਅੱਗੇ ਨਹੀਂ ਸੀ ਲੰਘਣ ਦੇਂਦਾ। ਪੰਥ ਤੇ ਕੌਮ ਹਿਤ ਜਿਥੇ ਵੀ ਲੋੜ ਪਈ, ਉਹ ਖਲੋਤਾ ਦਿਸ ਆਉਂਦਾ ਸੀ। ਉਸ ਨੇ ਅਸੂਲ ਨੂੰ ਪਿਆਰਾ ਰੱਖਿਆ, ਜਿੰਦ ਨੂੰ ਨਹੀਂ। ਉਹ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਸੀ, ਲੋਕ ਉਸ ਨੂੰ

Digitized by Panjab Digital Library | www.panjabdigilib.org

ਦੇਵਤੇ ਵਾਂਗ ਪੂਜਦੇ ਸਨ। ਵਾਸਤਵ ਵਿਚ ਉਹ ਉਸ ਅਵਸਥਾ ਨੂੰ ਪਹੁੰਚ ਚੁਕਾ ਸੀ ਜਿਥੇ ਮਨੁੱਖ ਦੇਵਤੇ ਹੋ ਨਿਬੜਦੇ ਹਨ।

ਬੂਟਾ ਕਈ ਵਾਰੀ ਆਪਣੇ ਕੱਦ ਕਾਠ ਤੋਂ ਨਹੀਂ ਜਾਣਿਆ ਜਾਂਦਾ, ਉਸ ਦੇ ਫਲ ਤੋਂ ਜਾਣਿਆ ਜਾਂਦਾ ਹੈ ਜੋ ਉਹ ਪੈਦਾ ਕਰਦਾ ਹੈ। ਸ. ਤੇਜਾ ਸਿੰਘ ਸਮੁੰਦ੍ਰੀ ਸਰੀਰਕ, ਮਾਨਸਿਕ ਤੇ ਰੂਹਾਨੀ ਕੱਦ ਕਾਠ ਦੇ ਪੱਖ ਤੋਂ ਬਹੁਤ ਵੱਡਾ ਰੁੱਖ ਸੀ ਜਿਸ ਦੀ ਛਾਂ ਹੇਠ ਅਨੇਕਾਂ ਨੇ ਸੁਖ ਮਾਣਿਆ। ਪਰ, ਜੋ ਫਲ ਉਨ੍ਹਾਂ ਆਪਣੇ ਪਿੱਛੇ ਸੰਤਾਨ ਰੂਪ ਵਿਚ ਛੱਡਿਆ ਉਹ ਵੀ ਗੁਣਾਂ ਕਰਕੇ ਕਿਸੇ ਗੱਲੋਂ ਘਟ ਨਹੀਂ। ਉਨ੍ਹਾਂ ਦਾ ਸਭ ਤੋਂ ਵੱਡਾ ਸਪੁੱਤਰ, ਸ. ਸਾਹਿਬ ਸਿੰਘ, ਆਪਣੀ ਜ਼ਿੰਦਗੀ ਵਿਚ ਦੇਸ਼ ਦੀ ਵੰਡ ਤਕ ਲਾਇਲਪੁਰ ਡਿਸਟ੍ਰਿਕਟ ਬੋਰਡ ਦਾ ਮੀਤ ਪ੍ਰਧਾਨ (ਜੂਨੀਅਰ) ਰਿਹਾ ਤੇ ਇਸ ਹੈਸੀਅਤ ਵਿਚ ਉਸ ਨੇ ਇਲਾਕੇ ਦੇ ਲੋਕਾਂ ਦੀ ਚੰਗੀ ਸੇਵਾ ਕੀਤੀ। ਦੂਜਾ ਸਪੁੱਤਰ, ਸ. ਮਾਨ ਸਿੰਘ, ਇਸ ਵਕਤ ਉੱਤਰ ਪ੍ਰਦੇਸ਼ ਦੇ ਜ਼ਿਲਾ ਗੋਰਖਪੁਰ ਪਿੰਡ ਸਰਦਾਰ ਨਗਰ, ਦੀ ਸੁਰੱਯਾ ਸ਼ੂਗਰ ਮਿੱਲ ਵਿਚ ਕਮਰਸ਼ਲ ਮੈਨੇਜਰ ਲੱਗਾ ਹੋਇਆ ਹੈ। ਤੀਜਾ ਸਪੁੱਤਰ, ਸ. ਬਿਸ਼ਨ ਸਿੰਘ ਸਮੁੰਦ੍ਰੀ, ਇਸ ਵਕਤ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਦਾ ਵਾਈਸ ਚਾਂਸਲਰ ਹੈ। ਚੌਥਾ ਸਪੁੱਤਰ, ਸ. ਹਰਚਰਨ ਸਿੰਘ, ਸਰਦਾਰ ਨਗਰ ਵਾਲੀ ਸੁਰੱਯਾ ਸ਼ੂਗਰ ਮਿੱਲ ਵਿਚ ਹੀ ਫਾਰਮ ਮੈਨੇਜਰ ਹੈ, ਤੇ ਪੰਜਵਾਂ, ਸ. ਮਹਿੰਦਰ ਸਿੰਘ, ਖੇਤੀ ਬਾੜੀ ਵਿਚ ਲਗਾ ਆਪਣੇ ਪਿਤਾ ਦਾ ਨਾਂ ਰੋਸ਼ਨ ਕਰੀ ਜਾ ਰਿਹਾ ਹੈ।

ਸ. ਤੇਜਾ ਸਿੰਘ ਦੇ ਨਾਂ ਨਾਲ "ਸਮੁੰਦ੍ਰੀ" ਪਦ ਦੇ ਚਲ ਪੈਣ ਦੀ ਕਹਾਣੀ ਵੀ ਸਮਝ ਲੈਣ ਦੀ ਲੋੜ ਹੈ। ਅਕਾਲੀ ਲਹਿਰ ਦੇ ਸਿੱਖ ਲੀਡਰਾਂ ਵਿਚ 'ਤੇਜਾ ਸਿੰਘ' ਨਾਂ ਦੇ ਬਹੁਤ ਸਾਰੇ ਸੱਜਨ ਹੋਏ ਹਨ : ਤੇਜਾ ਸਿੰਘ ਅਕਰਪੁਰੀ, ਤੇਜਾ ਸਿੰਘ ਭੁੱਚਰ, ਤੇਜਾ ਸਿੰਘ ਘਵਿੰਡ, ਤੇਜਾ ਸਿੰਘ ਸੁਤੰਤਰ, ਤੇਜਾ ਸਿੰਘ ਹਜ਼ੂਰੀਆ, ਤੇਜਾ ਸਿੰਘ ਮਸਤੂਆਣਾ, ਤੇਜਾ ਸਿੰਘ ਨਨਕਾਣਾ ਸਾਹਿਬ, ਤੇਜਾ ਸਿੰਘ ਪ੍ਰੋਫੈਸਰ, ਤੇਜਾ ਸਿੰਘ ਜਸਟਿਸ, ਤੇਜਾ ਸਿੰਘ ਭਸੌੜ, ਤੇਜਾ ਸਿੰਘ ਤਿਬੜੀ, ਤੇਜਾ ਸਿੰਘ ਚੂਹੜਕਾਣਾ ਆਦਿ। ਇਸ ਲਈ, ਨਾਮ ਦੇ ਨਖੇੜੇ ਲਈ, ਸ. ਤੇਜਾ ਸਿੰਘ ਦੇ ਨਾਂ ਨਾਲ ਵੀ ਕੁਝ ਜੋੜਨਾ ਜ਼ਰੂਰੀ ਸੀ। ਸ. ਤੇਜਾ ਸਿੰਘ ਸਮੁੰਦ੍ਰੀ, ਇਲਾਕਾ ਬਾਰ ਦੇ ਜ਼ਿਲਾ ਲਾਇਲਪੁਰ ਦੀ ਤਹਿਸੀਲ ਸਮੁੰਦ੍ਰੀ ਦੇ ਚੱਕ ਨੰਬਰ ੧੪੦ ਦੇ ਵਸਣੀਕ ਸਨ। ਆਪ ਖ਼ਾਲਸਾ ਦੀਵਾਨ ਸਮੁੰਦ੍ਰੀ ਦੇ ਮੋਢੀਆਂ ਵਿੱਚੋਂ ਸਨ। ਇਸ ਲਈ ਪਹਿਲਾਂ ਪਹਿਲ ਆਪ "ਤੇਜਾ ਸਿੰਘ ਸਮੁੰਦ੍ਰੀ ਵਾਲੇ" ਦੇ ਤੌਰ ਤੇ ਪ੍ਰਸਿੱਧ ਹੋਏ ; ਮਗਰੋਂ ਆਪ ਨੂੰ "ਤੇਜਾ ਸਿੰਘ ਸਮੁੰਦ੍ਰੀ" ਕਿਹਾ ਜਾਣ ਲਗਾ। ਜਦ ਸਿੱਖ ਪੰਥ ਦੀ ਵਾਗ ਡੋਰ ਮੁਕੰਮਲ ਰੂਪ ਵਿਚ ਆਪ ਦੇ ਹੱਥ ਵਿਚ ਆ ਗਈ ਤਾਂ ਲੋਕ ਇਹ ਵੀ ਸਮਝ ਰਹੇ ਸਨ ਕਿ ਆਪ ਦੁਨੀਆ ਦੇ ਸਮੁੰਦ੍ਰ ਵਿਚ ਪੰਥਕ ਬੇੜੇ ਦੇ ਬੜੇ ਸਿਆਣੇ ਤੇ ਤਜਰਬਾਕਾਰ ਮਲਾਹ ਹਨ। ਉਪਰਲੀ ਸਾਦੀ ਜੇਹੀ ਗੱਲ ਤੋਂ ਲੋਕਾਂ ਦਾ ਇਹ ਭਾਵ ਕੱਢ ਲੈਣਾ ਬੜਾ ਸੁਭਾਵਕ ਸੀ।

ਇਥੇ ਸਿੰਘ ਸਭਾ ਲਹਿਰ ਦੀ ਪੈਦਾ ਕੀਤੀ ਸਪਿਰਿਟ ਅੱਗੇ ਸਿਰ ਝੁਕਾਣਾ ਬਣਦਾ ਹੈ। ਸਿੱਖੀ ਪ੍ਰਚਾਰ ਹੇਠ ਜਿਥੇ ਨੀਵੀਆਂ ਜਾਤੀਆਂ ਦੇ ਵਿਤਕਰੇ ਮਿਟਾਏ ਜਾ ਰਹੇ ਸਨ, ਉਥੇ

Digitized by Panjab Digital Library | www.panjabdigilib.org

ਸੁਵਰਣ ਜਾਤੀ ਦੇ ਸਿੱਖਾਂ ਨੂੰ ਵੀ ਆਪਣੇ ਨਾਂ ਨਾਲ ਅਰੋੜਾ, ਕਪੂਰ, ਸਾਹਨੀ, ਮਲਹੋਤਰਾ, ਸੰਧੂ, ਮਾਨ, ਗਿੱਲ, ਭੁੱਲਰ, ਆਦਿ ਜਾਤੀ ਨਾਮ ਲਿਖਣ ਤੋਂ ਰੋਕਿਆ ਜਾ ਰਿਹਾ ਸੀ। ਸਭ ਨੂੰ "ਭਾਈ" ਜਾਂ "ਸਰਦਾਰ" ਪਦ ਨਾਲ ਸੰਬੋਧਿਤ ਕਰਨ ਦੀ ਪਰਿਪਾਟੀ ਸੀ। ਇਸ ਨਾਲ ਸਿੱਖ ਸਮਾਜ ਠੀਕ ਸਮਾਨਤਾ ਵਾਲਾ ਸਮਾਜ ਪ੍ਰਤੀਤ ਹੁੰਦਾ ਸੀ, ਭਾਵੇਂ ਦਰ ਪਰਦਾ ਵਿਤਕਰੇ ਸਨ। ਅੱਜ ਫਿਰ ਉਹੀ ਜਾਤ ਪਾਤ ਆਪਣਾ ਕੋਝਾ ਸਿਰ ਚੁਕੀ ਬੈਠੀ ਤੇ ਸਿੱਖ ਸੰਸਾਰ ਵਿਚ ਵੰਡੀਆਂ ਪਾ ਰਹੀ ਹੈ। ਕਾਸ਼! ਉਹੀ ਸਪਿਰਿਟ ਇਕ ਵਾਰ ਫਿਰ ਆਵੇ ਜਿਸ ਦਾ ਇਕ ਸੁਚੱਜਾ ਨਮੂਨਾ ਸ. ਤੇਜਾ ਸਿੰਘ ਸਮੁੰਦ੍ਰੀ ਸਨ।

Digitized by Panjab Digital Library | www.panjabdigilib.org

# ਮੁਲਾਕਾਤੀਆਂ ਦੀ ਸੂਚੀ

ਹੇਠਾਂ ਉਨ੍ਹਾਂ ਮੁਲਾਕਾਤੀਆਂ ਦੇ ਨਾਂ ਤੇ ਪਤੇ ਦਿੱਤੇ ਜਾਂਦੇ ਹਨ ਜਿਨ੍ਹਾਂ ਪਾਸੋਂ ਸ. ਤੇਜਾ ਸਿੰਘ ਸਮੁੰਦ੍ਰੀ ਦੀ ਜੀਵਨੀ ਬਾਰੇ ਲੋੜੀਂਦੀ ਵਾਕਫ਼ੀਅਤ ਮਿਲੀ :

੧. ਗਿ. ਉੱਤਮ ਸਿੰਘ (ਸਾਬਿਕਾ ਐਡੀਟਰ ਅਕਾਲੀ), ਬੀ-੧/੧੩੭੬, ਛਾਉਣੀ ਮਹੱਲਾ, ਲੁਧਿਆਣਾ ।

੨. ਅਜੀਤ ਸਿੰਘ ਅੰਬਾਲਵੀ, ਇੰਨਚਾਰਜ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ।

੩. ਸ. ਅਮਰ ਸਿੰਘ ਤੇਗ਼ (ਸਾਬਿਕਾ ਸੰਪਾਦਕ ਦਲੇਰ ਹਿੰਦ), ੫੧-ਸੀ, ਮਾਡਲ ਟਾਊਨ, ਪਿਛਵਾੜੇ ਲਾਲ ਕੋਠੀ, ਲੁਧਿਆਣਾ ।

੪. ਸ. ਆਤਮਾ ਸਿੰਘ (ਨਿਕਟਵਰਤੀ ਸ. ਤੇਜਾ ਸਿੰਘ ਸਮੁੰਦ੍ਰੀ), ਪਿੰਡ ਤੇ ਡਾ. ਰਾਏ ਕਾ ਬੁਰਜ, ਨੇੜੇ ਸਰਹਾਲੀ (ਅੰਮ੍ਰਿਤਸਰ) ।

੫. ਸ. ਈਸ਼ਰ ਸਿੰਘ ਮਝੈਲ (ਪ੍ਰਸਿੱਧ ਅਕਾਲੀ ਤੇ ਕਾਂਗ੍ਰਸੀ ਨੇਤਾ), ਚੌਕ ਬਾਬਾ ਸਾਹਿਬ, ਅੰਮ੍ਰਿਤਸਰ ।

੬. ਸ. ਸੱਜਨ ਸਿੰਘ ਮ੍ਰਿਗਿੰਦਪੁਰੀ (ਪ੍ਰਸਿੱਧ ਅਕਾਲੀ ਤੇ ਕਾਂਗ੍ਰਸੀ ਨੇਤਾ), ਪਿੰਡ ਤੇ ਡਾ. ਮ੍ਰਿਗਿੰਦਪੁਰਾ (ਅੰਮ੍ਰਿਤਸਰ) ।

੭. ਸ. ਸਰਮੁਖ ਸਿੰਘ 'ਚਮਕ' (ਅਕਾਲੀ ਨੇਤਾ), ਕਰਤਾਰ ਨਿਵਾਸ, ੬੮, ਅਜੀਤ ਨਗਰ, ਅੰਮ੍ਰਿਤਸਰ ।

੮. ਸ. ਸਾਹਿਬ ਸਿੰਘ, (ਸਪੁੱਤਰ ਸ. ਤੇਜਾ ਸਿੰਘ ਸਮੁੰਦ੍ਰੀ), ਪਿੰਡ ਤੇ ਡਾ. ਬਿਹਾਰੀਪੁਰ, ਨੇੜੇ ਖਡੂਰ ਸਾਹਿਬ (ਅੰਮ੍ਰਿਤਸਰ) ।

੯. ਗਿ. ਸ਼ੰਕਰ ਸਿੰਘ (ਅਕਾਲੀ ਤੇ ਕਾਂਗ੍ਰਸੀ ਨੇਤਾ), ਕੁਲਦੀਪ ਪੋਲਟਰੀ ਫਾਰਮ, ਛਛਰੌਲੀ ਰੋਡ, ਜਗਾਧਰੀ ।

੧੦. ਸ. ਸੁਜਾਨ ਸਿੰਘ (ਸਾਬਿਕਾ ਅਧਿਆਪਕ, ਸਰਹਾਲੀ ਸਕੂਲ ਤੇ ਅਕਾਲੀ ਨੇਤਾ) ੪/੩੬੪, ਬੱਸੀ ਪਠਾਣਾਂ, ਜ਼ਿਲਾ ਪਟਿਆਲਾ ।

੧੧. ਗਿ. ਸੁੰਦਰ ਸਿੰਘ (ਸਾਬਿਕਾ ਕਰਮਚਾਰੀ ਅਕਾਲੀ ਅਖ਼ਬਾਰ), ੨੦੮, ਕਮਲਾ ਮਾਰਕੀਟ, ਨਵੀਂ ਦਿੱਲੀ—੧.

੧੨. ਸ. ਸੋਹਣ ਸਿੰਘ ਜੋਸ਼ (ਸਹਿਕੈਦੀ, ਪ੍ਰਸਿੱਧ ਅਕਾਲੀ ਤੇ ਕਮਿਊਨਿਸਟ ਲੀਡਰ), ਅਜੈ ਭਵਨ, ਕੋਟਲਾ ਮਾਰਗ, ਨਵੀਂ ਦਿੱਲੀ—੧.

igital Library

੧੩. ਬਾਵਾ ਹਰਕਿਸ਼ਨ ਸਿੰਘ (ਸਹਿਕੈਦੀ, ਅਕਾਲੀ ਨੇਤਾ ਤੇ ਸਾਬਿਕਾ ਪ੍ਰਿੰਸੀਪਲ ਖ਼ਾਲਸਾ ਕਾਲਜ, ਗੁਜਰਾਂਵਾਲਾ), ੪, ਦਸੌਂਧਾ ਸਿੰਘ ਰੋਡ, ਅੰਮ੍ਰਿਤਸਰ।

੧੪. ਸ. ਹਰਬੰਸ ਸਿੰਘ ਸੀਸਤਾਨੀ (ਸਮਕਾਲੀ ਅਕਾਲੀ ਨੇਤਾ), ਐਮ-੨੩, ਜੰਗਪੁਰਾ ਐਕਸਟੈਨਸ਼ਨ, ਨਵੀਂ ਦਿੱਲੀ—੧੪.

੧੫ ਸ. ਹਰੀ ਸਿੰਘ ਚਕਵਾਲੀਆ (ਸਹਿਕੈਦੀ ਅਕਾਲੀ ਨੇਤਾ), ੧੧੩੬, ਬਾਰਾਂਦਰੀ, ਫਾਟਕ ਹਾਬਸ਼ ਖ਼ਾਨ, ਦਿੱਲੀ—੬.

੧੬. ਡਾ. ਕਿਹਰ ਸਿੰਘ (ਅਕਾਲੀ ਡਾਕਟਰ), ਨੇੜੇ ਰੇਲਵੇ ਸਟੇਸ਼ਨ, ਮੁਕਤਸਰ (ਫਰੀਦਕੋਟ)।

੧੭. ਗਿ. ਗੁਰਚਰਨ ਸਿੰਘ (ਸ਼ਮਕਾਲੀ ਵਰਕਰ), ਦਮਦਮੀਆ ਸਟ੍ਰੀਟ, ਮੁਕਤਸਰ (ਫਰੀਦਕੋਟ)।

੧੮. ਸ. ਗੁਰਚਰਨ ਸਿੰਘ ਸਹੰਸਰਾ (ਪ੍ਰਸਿੱਧ ਕਿਰਤੀ ਕਿਸਾਨ ਲੀਡਰ), ੬, ਫਰੈਂਡਜ਼ ਕਾਲੋਨੀ ਟੇਲਰ ਰੋਡ, ਅੰਮ੍ਰਿਤਸਰ।

੧੯. ਗਿ. ਗੁਰਦਿੱਤ ਸਿੰਘ, (ਸਾਬਿਕਾ ਪ੍ਰੈਸ ਮੈਨੇਜਰ ਅਕਾਲੀ ਅਖ਼ਬਾਰ), ੭੮੨/੨, ਮੋਚਪੁਰਾ, ਲੁਧਿਆਣਾ।

੨੦. ਕੈਪਟਨ ਗੁਰਬਖਸ਼ ਸਿੰਘ, (ਨਿਕਟਵਰਤੀ) ਪਿੰਡ ਤੇ ਡਾ. ਰਾਏ ਕਾ ਬੁਰਜ, ਨੇੜੇ ਸਰਹਾਲੀ, (ਅੰਮ੍ਰਿਤਸਰ)।

੨੧. ਸ. ਗੁਰਬਚਨ ਸਿੰਘ (ਸਪੁਤ੍ਰ ਸ. ਭਾਗ ਸਿੰਘ ਵਕੀਲ), ਐਡਵੋਕੇਟ, ਬਟਾਲਾ (ਗੁਰਦਾਸਪੁਰ)।

੨੨. ਗਿ. ਗੁਰਮੁਖ ਸਿੰਘ ਮੁਸਾਫਿਰ (ਪ੍ਰਸਿੱਧ ਕਾਂਗ੍ਰਸੀ ਲੀਡਰ ਤੇ ਸਮਕਾਲੀ ਅਕਾਲੀ ਨੇਤਾ) ੨੧, ਫੀਰੋਜ਼ਸ਼ਾਹ ਰੋਡ, ਨਵੀਂ ਦਿੱਲੀ—੧.

੨੩. ਸ. ਚੰਨਣ ਸਿੰਘ ਸਮੁੰਦ੍ਰੀ (ਨਿਕਟਵਰਤੀ), ਪਿੰਡ ਤੇ ਡਾ. ਮੋਹਲਾਂ, (ਫਰੀਦਕੋਟ)।

੨੪. ਸ. ਜਸਵੰਤ ਸਿੰਘ (ਸਪੁੱਤ੍ਰ ਮਾਸਟਰ ਤਾਰਾ ਸਿੰਘ). ਮਾਸਟਰ ਤਾਰਾ ਸਿੰਘ ਹਾਊਸ, ਰਣਜੀਤਪੁਰਾ (ਅੰਮ੍ਰਿਤਸਰ)।

੨੫. ਡਾ. ਭਾਈ ਜੋਧ ਸਿੰਘ (ਸਮਕਾਲੀ ਨੇਤਾ), ੪੯੬, ਮਾਡਲ ਟਾਊਨ, ਲੁਧਿਆਣਾ।

੨੬. ਸ. ਤੇਜਾ ਸਿੰਘ ਅਕਰਪੁਰੀ (ਸਹਿਕੈਦੀ ਤੇ ਅਕਾਲੀ ਨੇਤਾ), ਪਿੰਡ ਤੇ ਡਾਕਖਾਨਾ ਅਕਰਪੁਰਾ, ਜ਼ਿਲਾ ਗੁਰਦਾਸਪੁਰ।

੨੭. ਸ. ਤੇਜਾ ਸਿੰਘ ਚੂਹੜਕਾਣਾ (ਸਹਿਕੈਦੀ ਤੇ ਅਕਾਲੀ ਨੇਤਾ), ਬਸਤੀ ਅਲੀਪੁਰ, ਮੋਗਾ (ਫਰੀਦਕੋਟ)।

੨੮. ਸ. ਨਰੈਣ ਸਿੰਘ (ਸਾਬਿਕਾ ਮੈਨੇਜਰ ਨਨਕਾਣਾ ਸਾਹਿਬ), ਪਿੰਡ ਤੇ ਡਾਕਖਾਨਾ ਸਨੌਰ, ਜ਼ਿਲਾ ਪਟਿਆਲਾ।

੨੯. ਪ੍ਰਿੰ. ਨਿਰੰਜਨ ਸਿੰਘ (ਸਹਿਕੈਦੀ ਤੇ ਅਕਾਲੀ ਨੇਤਾ), ੫/੧੨, ਈਸਟ ਪਟੇਲ ਨਗਰ, ਨਵੀਂ ਦਿੱਲੀ।

Digital Library | ww

੩੦. ਗਿ. ਪ੍ਰਤਾਪ ਸਿੰਘ (ਸਮਕਾਲੀ ਵਰਕਰ), ੪੭੭੨, ਚੌਂਕ ਟਾਹਲੀ ਵਾਲਾ, ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ ।

੩੧. ਸ. ਬਿਸ਼ਨ ਸਿੰਘ ਸਮੁੰਦ੍ਰੀ (ਸਪੁੱਤਰ ਸ. ਤੇਜਾ ਸਿੰਘ ਸਮੁੰਦ੍ਰੀ), ਕੁਲਪਤੀ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ।

੩੨. ਜਥੇਦਾਰ ਮਸਤਾਨ ਸਿੰਘ (ਨਿਕਟਵਰਤੀ), ਪਿੰਡ ਤੇ ਡਾਕਖਾਨਾ ਰਾਏ ਕਾ ਬੁਰਜ, ਨੇੜੇ ਸਰਹਾਲੀ (ਅੰਮ੍ਰਿਤਸਰ) ।

੩੩. ਸ. ਮੰਗਲ ਸਿੰਘ (ਅਕਾਲੀ ਨੇਤਾ ਤੇ ਸਾਬਿਕਾ ਐਡੀਟਰ ਅਕਾਲੀ ਅਖ਼ਬਾਰ), ੧੪੩, ਸੈਕਟਰ ੨੭ ਏ, ਚੰਡੀਗੜ੍ਹ ।

੩੪. ਸ. ਮਾਨ ਸਿੰਘ (ਸਪੁੱਤਰ ਸ. ਤੇਜਾ ਸਿੰਘ ਸਮੁੰਦ੍ਰੀ), ਸੂਰੱਯਾ ਸ਼ੂਗਰ ਮਿਲਜ਼, ਗੋਰਖਪੁਰ (ਉੱਤਰ ਪ੍ਰਦੇਸ਼) ।

੩੫. ਸ੍ਰੀਮਤੀ ਲਛਮਨ ਕੌਰ, ਸੁਪਤਨੀ ਹੌਲਦਾਰ ਕਰਤਾਰ ਸਿੰਘ, ਅਲੋਵਾਲ, ਨੇੜੇ ਬਟਾਲਾ (ਗੁਰਦਾਸਪੁਰ) ।

Digitized by Panjab Digital Library | www.panjabdigilib.org

# ਸਹਾਇਕ ਪੁਸਤਕ ਸੂਚੀ


**ਪੰਜਾਬੀ**

'ਅਕਾਲੀ ਮੋਰਚੇ ਤੇ ਝੱਬਰ' (ਸੰਪ. ਨਰੈਣ ਸਿੰਘ), ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ, ੧੯੬੭.

ਸੋਹਨ ਸਿੰਘ ਜੋਸ਼, 'ਅਕਾਲੀ ਮੋਰਚਿਆਂ ਦਾ ਇਤਿਹਾਸ', ਨਵਯੁਗ ਪਬਲਿਸ਼ਰਜ਼, ਦਿੱਲੀ, ੧੯੭੨.

ਹੀਰਾ ਸਿੰਘ 'ਦਰਦ', 'ਮੇਰੀਆਂ ਕੁਝ ਇਤਿਹਾਸਕ ਯਾਦਾਂ', ਧਨਪਤ ਰਾਏ ਐਂਡ ਸਨਜ਼, ਜਲੰਧਰ, ਦੂਜੀ ਐਡੀਸ਼ਨ, ੧੯੬੦.

ਕਰਤਾਰ ਸਿੰਘ, 'ਸਿੱਖ ਇਤਿਹਾਸ', ਭਾਗ ਦੂਜਾ, ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੬੧.

ਤੇਜਾ ਸਿੰਘ (ਪ੍ਰਿੰ.) 'ਆਰਸੀ', ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀਹੀਣ ।

ਨਰੈਣ ਸਿੰਘ, 'ਕੁਝ ਹੱਡ ਬੀਤੀ ਕੁਝ ਜਗ ਬੀਤੀ', ਇੰਟਰਨੈਸ਼ਨਲ ਸਿੱਖ ਬ੍ਰਦਰਹੁਡ, ਨਯਾ ਬਾਜ਼ਾਰ, ਦਿੱਲੀ, ੧੯੬੬.

ਨਿਰੰਜਨ ਸਿੰਘ, (ਪ੍ਰਿੰ.) 'ਅਕਾਲੀ ਲਹਿਰ ਦੇ ਕ੍ਰਿਸ਼ਮੇ', ਹਿਮਾਚਲ ਪ੍ਰੈਸ ਪਬਲੀਕੇਸ਼ਨ, ਨਵੀਂ ਦਿੱਲੀ, ੧੯੭੨.

—'ਜੀਵਨ ਵਿਕਾਸ', ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, ੧੯੭੦.

—'ਜੀਵਨ ਯਾਤਰਾ ਮਾਸਟਰ ਤਾਰਾ ਸਿੰਘ', ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ੧੯੬੮.

ਪ੍ਰਤਾਪ ਸਿੰਘ (ਗਿ.) 'ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ', ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਣ ।

'ਪੰਜਾਬ' (ਸੰਪ. ਗੰਡਾ ਸਿੰਘ), ਖ਼ਾਲਸਾ ਕਾਲਜ, ਪਟਿਆਲਾ, ੧੯੬੨.

'ਮਾਸਟਰ ਤਾਰਾ ਸਿੰਘ ਜੀਵਨ ਸੰਘਰਸ਼ ਤੇ ਉੱਦੇਸ਼' (ਸੰਪ. ਜਸਵੰਤ ਸਿੰਘ), ਜਸਵੰਤਸਿੰਘ ਆਰਮਜ਼ ਡੀਲਰ, ਕੂਪਰ ਰੋਡ, ਅੰਮ੍ਰਿਤਸਰ, ੧੯੭੨.

ਮੁਨਸ਼ਾ ਸਿੰਘ 'ਦੁਖੀ', 'ਜੀਵਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ', ਧਨੀ ਰਾਮ ਚਾਤ੍ਰਿਕ ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, ੧੯੩੯.

**ਉਰਦੂ**

ਦੀ[illegible]ਨ ਸਿੰਘ [illegible]ਤੂਨ, 'ਨਾ-[illegible]ਬਿਲਿ-ਫ਼ਰ[illegible]ਸ਼' ਪ੍ਰ[illegible]ਸ਼ਕ [illegible]ਖ[illegible] ਅ[illegible], [illegible]ਦੱਲੀ ([illegible]ਹਨੂਰ [illegible]ਟਿਗ ਪ੍ਰੈਸ, ਦਿਲੀ), ਦੂਸਰਾ ਸੰਸਕਰਣ, [illegible].


Digital Library |

ਅੰਗਰੇਜ਼ੀ

*Akali Leader's Case* (Court Proceedings).

Fauja Singh, *Eminent Freedom Fighters of Panjab*, Punjabi University, Patiala, 1972.

Khushwant Singh, *A History of the Sikhs*, Vol. II, Princeton, New Jersey, Oxford University Press, London, 1966.

Pattabhi Sitaramayya, *History of the Congress*, Working Committee of the Congress, Madras, 1935.

*Some Confidential Papers of the Akali Movement* (ed. Ganda Singh) Shiromani Gurdwara Prabandhak Committee, Amritsar, 1965.

Ruchi Ram Sahni, *Struggle for Reform in Sikh Shrines* (ed. Ganda Singh), Sikh Ithas Research Board (S. G. P. C.), Amritsar, n.d.

## ਅਖ਼ਬਾਰ ਤੇ ਰਸਾਲੇ

'ਅਕਾਲੀ', ਲਾਹੌਰ ।

'ਅਕਾਲੀ ਤੇ ਪ੍ਰਦੇਸੀ', ਅੰਮ੍ਰਿਤਸਰ ।

'ਅਕਾਲੀ ਪਤ੍ਰਿਕਾ', ਜਲੰਧਰ ।

'ਸੱਚਾ ਢੰਡੋਰਾ', ਅੰਮ੍ਰਿਤਸਰ ।

'ਕੱਕਾਰ ਬਹਾਦੁਰ', ਅੰਮ੍ਰਿਤਸਰ ।

'ਕ੍ਰਿਪਾਨ ਬਹਾਦਰ', ਅੰਮ੍ਰਿਤਸਰ ।

'ਕ੍ਰਿਪਾਨ ਬਹਾਦਰ ਤੇ ਸੰਗਤ', ਅੰਮ੍ਰਿਤਸਰ ।

'ਕਿਰਤੀ', ਅੰਮ੍ਰਿਤਸਰ ।

'ਕੌਮੀ ਏਕਤਾ', ਦਿੱਲੀ ।

'ਖ਼ਾਲਸਾ' ਅੰਮ੍ਰਿਤਸਰ ।

'ਖ਼ਾਲਸਾ ਤੇ ਖ਼ਾਲਸਾ ਐਡਵੋਕੇਟ', ਅੰਮ੍ਰਿਤਸਰ ।

'ਖ਼ਾਲਸਾ ਸਮਾਚਾਰ'; ਅੰਮ੍ਰਿਤਸਰ ।

'ਗੁਰੂ ਨਾਨਕ ਦਰਸ਼ਨ', ਨਨਕਾਣਾ ਸਾਹਿਬ ।

'ਦੇਸ਼ ਸੇਵਕ', ਜਲੰਧਰ ਸ਼ਹਿਰ ।

'ਨੌਜਵਾਨ ਮਜ਼ਦੂਰ', ਦਿੱਲੀ ।

'ਫੁਲਵਾੜੀ', ਅੰਮ੍ਰਿਤਸਰ ।

'ਬੱਬਰ ਸ਼ੇਰ,' ਅੰਮ੍ਰਿਤਸਰ ।

'ਬੀਰ ਅਕਾਲੀ,' ਅੰਮ੍ਰਿਤਸਰ।

Digitized by Panjab Digital Library | www.panjabdigilib.org

# ਇੰਡੈਕਸ

ਉੱਤਮ ਸਿੰਘ ਨਨਕਾਣਾ ਸਾਹਿਬ, ੫੭
ਅਜਮਲ ਖਾਂ (ਹਕੀਮ), ੯੬, ੧੦੨, ੧੦੫
ਅਜੀਤ ਸਿੰਘ, ੨੭, ੧੬੧
ਅਜੀਤ ਸਿੰਘ ਅੰਬਾਲਵੀ, ੧੬੭
ਅਤਰ ਸਿੰਘ ਮਸਤੂਆਨਾ(ਸੰਤ), ੨੪
ਅਨੂਪ ਸਿੰਘ (ਰਿਸਾਲਦਾਰ), ੮੭
ਅਮਰ ਸਿੰਘ ਝਬਾਲ, ੪੫, ੫੭, ੬੯, ੭੦, ੧੩੧ ੧੭੫
ਅਰੂੜ ਸਿੰਘ (ਸਰਬਰਾਹ), ੪੫
ਆਇੰਗਰ, ਸ੍ਰੀ ਨਿਵਾਸ, ੯੭, ੧੦੪
ਐਂਡਰਸਨ, ਪੀ. ਜੇ., ੧੩੨, ੧੬੮
ਐਂਡਰਿਊਜ਼, ਸੀ. ਐਫ., ੯੨, ੯੬
ਅੰਬਾ ਪ੍ਰਸ਼ਾਦ (ਸੂਫੀ), ੨੭
ਇਬੈੱਟਸਨ, ਸਰ ਡੈਨਜ਼ਿਲ, ੨੬
ਸਨਤਾਨਮ, ੧੨੭
ਸਰਨ ਸਿੰਘ ਲੁਬਾਣਾ, ੮੮
ਸਰੋਜਨੀ ਨੈਈਡੋ, ੧੦੪, ੧੫੬
ਸਰਮੁਖ ਸਿੰਘ ਝਬਾਲ, ੭੦, ੭੪, ੮੫, ੧੦੩, ੧੨੨, ੧੩੧, ੧੪੫, ੧੫੨, ੧੭੫
ਸਰਦੂਲ ਸਿੰਘ ਕਵੀਸ਼ਰ, ੩੮, ੬੨, ੬੮
ਸ਼ਰਧਾ ਨੰਦ (ਸਵਾਮੀ), ੯੬
ਸਮਿਥ, ਵੀ. ਡਬਲਯੂ., ੬੯
ਸਾਹਿਬ ਸਿੰਘ, ੧੧, ੧੯, ੫੬, ੭੪, ੧੨੮, ੧੩੬, ੧੪੬, ੧੫੨, ੧੬੧, ੧੭੨, ੧੭੬ (ਫੁ. ਨੋ.), ੧੭੮, ੧੮੦
ਸਾਹਿਬ ਸਿੰਘ (ਪ੍ਰੋ.), ੧੪੩, ੧੬੦
ਸਿਕੰਦਰ ਲਾਲ, ੩੮
ਸੀਤਾ ਰਮੱਯਾ, ਬੀ. ਪੱਟਾਭੀ, ੧੦੩ (ਫੁ. ਨੋ.)
ਸੁੱਚਾ ਸਿੰਘ, ਸੱਚਾ ਸੌਦਾ, ੫੩, ੫੭
ਸੁੰਦਰ ਸਿੰਘ (ਮਾ.), ੨੪, ੨੫, ੫੯, ੬੦, ੬੧, ੬੨, ੬੫, ੬੬, ...
ਸੁੰਦਰ ਦਾਸ (ਮਹੰਤ), ੮੨, ੯੭
ਸੁੰਦਰ ਸਿੰਘ ਮਜੀਠਾ, ੨੩, ੨੮, ੩੧, ੩੪, ੪੧, ੭੨
ਸੁੰਦਰ ਸਿੰਘ ਲਾਇਲਪੁਰੀ, ੬੯
ਸੁੰਦਰ ਸਿੰਘ ਰਾਮਗੜ੍ਹੀਆ, ੭੨, ੭੩, ੭੭
ਸੁੰਦਰ ਸਿੰਘ (ਰਿਸਾਲਦਾਰ), ੫੭, ੧੦੮, ੧੨੭, ੧੩੧, ੧੩੨, ੧੪੧
ਸੁੰਦ੍ਰਮ, ਜੀ. ਏ., ੯੬
ਸੁਭਾਸ਼ ਚੰਦ੍ਰ, ੧੦੫
ਸ਼ੇਰ ਸਿੰਘ (ਗਿਆਨੀ), ੭੫, ੮੧, ੧੨੫, ੧੩੧, ੧੪੩
ਸੇਵਾ ਸਿੰਘ ਠੀਕਰੀਵਾਲਾ ੧੩੧, ੧੩੨, ੧੪੬
ਸ਼ੰਕਰ ਸਿੰਘ (ਗਿਆਨੀ), ੧੧੫, ੧੧੬
ਸੈਫੂਦੀਨ ਕਿਚਲੂ, ੧੦੨
ਸੋਹਨ ਸਿੰਘ ਜੋਸ਼, ੬੯, ੭੦ (ਫੁ. ਨੋ.), ੧੩੧, ੧੪੬, ੧੪੮(ਫੁ. ਨੋ.), ੧੭੨ (ਫੁ. ਨੋ.)
ਸ਼ੌਕਤ ਅਲੀ, ੧੦੪
ਸੰਤਾ ਸਿੰਘ ਸੁਲਤਾਨ ਵਿੰਡ, ੧੪੬
ਹਜ਼ਾਰਾ ਸਿੰਘ ਅਲਦੀਨਪੁਰ, (ਸ਼ਹੀਦ), ੪੮
ਹਰਕਿਸ਼ਨ ਸਿੰਘ(ਬਾਵਾ), ੪੬, ੯੧, ੧੧੩, ੧੧੯, ੧੨੨, ੧੨੩, ੧੩੧, ੧੩੩, ੧੩੫, ੧੩੭, ੧੪੨, ੧੪੩, ੧੪੪, ੧੬੦, ੧੬੭
ਹਰਕਿਸ਼ਨ ਕੌਲ (ਪੰਡਿਤ), ੧੦੯
ਹਰਚੰਦ ਸਿੰਘ, ੨੫, ੩੧, ੩੨, ੩੫, ੩੬, ੩੭, ੩੮, ੩੯, ੫੯, ੬੦, ੬੧, ੮੦, ੧੦੧, ੧੬੧, ੧੬੨, ੧੭੧
ਹਰਦਿਆਲ ਸਿੰਘ, ੪੧
ਹਰਦਿਤ ਸਿੰਘ ਦੌਰ, ੬੪
ਹਰਨਾਮ ਸਿੰਘ ਜ਼ੈਲਦਾਰ, ੭੮, ੭੯
ਹਰਬੰਸ ਸਿੰਘ ਅਟਾਰੀ, ੨੭, ੩੪, ੫੬, ੭੨, ੭੬
ਹਰਬੰਸ ਸਿੰਘ ਜਾਮਾਰਾਏ, ੧੧੫, ੧੧੬, ੧੧੭

jab Digital Library | www.

ਹਰੀ ਸਿੰਘ ਚਕਵਾਲੀਆ, ੧੪੫
ਹਰੀ ਸਿੰਘ ਜਲੰਧਰੀ, ੭੮, ੧੨੬, ੧੩੧, ੧੪੫
ਹੀਰਾ ਸਿੰਘ ਦਰਦ, ੩੬(ਫੁ. ਨੋ.), ੩੮(ਫੁ. ਨੋ.), ੫੯ (ਫੁ. ਨੋ.), ੬੦, ੬੧, ੬੨, ੬੪, ੬੫, ੭੩, ੧੦੬ (ਫੁ. ਨੋ.), ੧੩੬ (ਫੁ. ਨੋ.), ੧੫੪, ੧੭੪ (ਫੁ. ਨੋ.)
ਹੇਲੀ, ਮੈਲਕਮ, ੧੩੯
ਕਰਤਾਰ ਸਿੰਘ ਸਰਾਭਾ, ੩੨, ੧੬੧
ਕਰਤਾਰ ਸਿੰਘ ਬੇਦੀ, ੫੨
ਕਰਤਾਰ ਸਿੰਘ ਝੱਬਰ, ੪੨, ੪੩, ੪੪, ੪੫, ੪੬, ੪੭, ੪੮, ੪੯, ੫੦, ੫੧, ੫੨, ੫੩, ੫੪, ੭੦
ਕਰੀ (ਡਿਪਟੀ ਕਮਿਸ਼ਨਰ), ੫੫
ਕਾਹਨ ਸਿੰਘ (ਸੰਤ, ਬਾਬਾ), ੧੦, ੧੧, ੧੮
ਕਾਹਨ ਸਿੰਘ ਨਾਭਾ, ੧੨੧
ਕਿਸ਼ਨ ਸਿੰਘ ਅੰਮ੍ਰਿਤਸਰ, ੧੪੩
ਕਿਹਰ ਸਿੰਘ ਪੱਟੀ, (ਬਾਬਾ), ੧੩, ੧੪, ੧੫, ੨੨, ੨੫, ੩੮, ੫੧, ੫੫, ੮੪, ੮੫, ੧੧੯, ੧੩੬, ੧੪੭, ੧੫੨, ੧੫੪, ੧੫੯, ੧੭੦, ੧੭੬
ਕਿੰਗ, ਸੀ. ਐਮ. (ਕਮਿਸ਼ਨਰ), ੫੬, ੬੪, ੬੫
ਕਿਫਾਯਤ ਉੱਲਾ (ਮੀਆਂ), ੯੬
ਕਿਰਪਾਲ ਸਿੰਘ ਅੰਮ੍ਰਿਤਸਰ, ੧੪੩
ਖੜਕ ਸਿੰਘ (ਬਾਬਾ), ੭੬, ੭੭, ੭੮, ੭੯, ੮੦, ੮੧, ੧੦੨, ੧੦੩, ੧੨੩, ੧੪੮, ੧੪੯, ੧੭੭
ਗੱਜਨ ਸਿੰਘ ਲੁਧਿਆਣਾ, ੬੮
ਗਿਡਵਾਨੀ, ਸੀਯੁਤ, ੧੨੭
ਗੁਪਾਲ ਸਿੰਘ ਸਾਗਰੀ, ੧੪੩
ਗੁਰਚਰਨ ਸਿੰਘ ਸਹੰਸਰਾ, ੧੦੩, ੧੭੮
ਗੁਰਚਰਨ ਸਿੰਘ ਵਕੀਲ, ੭੮, ੭੯, ੮੩, ੧੪੫
ਗੁਰਬਖਸ਼ ਸਿੰਘ ਦਿੱਲੀ, ੧੪੩
ਗੁਰਮੁਖ ਸਿੰਘ (ਭਾਈ), ੨੩
ਗੁਰਮੁਖ ਸਿੰਘ ਮੁਸਾਫਰ, ੧੭੪
ਗੁਰਦਿਤ ਸਿੰਘ ਬਹਿਲੋਲਪੁਰੀ, ੧੩੨, ੧੪੩
ਗੁਰਦਿਤ ਸਿੰਘ (ਗਿਆਨੀ), ੬੫, ੬੭
ਗੁਰਦਿਤ ਸਿੰਘ ਦਾਰਾ, ੬੭
ਦਗੁਰਿਤ ਸਿੰਘ, ਐਡੀਟਰ 'ਨੇਸ਼ਨ', ੧੪੩
ਗੋਪਾਲ ਸਿੰਘ ਕੌਮੀ, ੧੨੩, ੧੩੧, ੧੩੨, ੧੪੫, ੧੫੨
ਗੋਪਾਲ ਸਿੰਘ ਭਾਗੋਵਾਲੀਆ, ੬੮, ੯੫
ਗੋਪਾਲ ਕ੍ਰਿਸ਼ਨ ਗੋਖਲੇ, ੨੯
ਗੰਗਾਧਰ ਰਾਓ, ਦੇਸ਼ ਪਾਂਡੇ, ੧੦੪
ਗੰਗਾ ਰਾਮ (ਸਰ), ੯੭, ੧੦੬
ਜਸਵੰਤ ਸਿੰਘ (ਭਗਤ), ੮੫, ੧੧੪, ੧੨੭, ੧੪੩
ਜਸਵੰਤ ਸਿੰਘ ਝਬਾਲ, ੪੫, ੫੩, ੭੭, ੭੮, ੭੯
ਜਗਤ ਸਿੰਘ (ਭਾਈ), ੨੭
ਜਗਤ ਸਿੰਘ ਪਰਦੇਸੀ ,੧੦੮
ਜਗਤ ਸਿੰਘ (ਚੱਕ ਮਹਿਰ), ੧੧੬
ਜਮਨਾ ਲਾਲ ਬਜਾਜ, ੯੭, ੧੦੪
ਜਵਾਹਰ ਲਾਲ ਨਹਿਰੂ, ੧੦੫, ੧੨੭
ਜਵਾਲਾ ਪ੍ਰਸਾਦ (ਰਾਇ ਬਹਾਦੁਰ), ੧੩੨
ਜਾਨਸਨ, ਵਿਲਸਨ, ੧੨੨, ੧੨੮
ਜੋਧ ਸਿੰਘ (ਭਾਈ), ੨੯, ੩੦, ੩੪, ੫੧, ੫੬, ੭੨, ੭੬, ੯੫, ੧੨੪, ੧੪੬
ਟਹਿਲ ਸਿੰਘ (ਸ਼ਹੀਦ), ੪੫, ੫੪
ਡਾਇਰ (ਜਰਨੈਲ), ੪੫
ਡੰਨਟ(ਡਿਪਟੀ ਕਮਿਸ਼ਨਰ), ੭੯, ੮੧, ੮੫, ੧੧੨
ਤਾਰਾ ਸਿੰਘ (ਮਾ.), ੨੪, ੨੫, ੨੬, ੨੯, ੩੨, ੫੨, ੫੩, ੫੫, ੬੧, ੬੫, ੭੩, ੭੪, ੭੫, ੭੬, ੮੧, ੮੫, ੯੮, ੧੦੩, ੧੧੯, ੧੨੦, ੧੨੧, ੧੨੨, ੧੨੮, ੧੩੧, ੧੩੮, ੧੫੨, ੧੫੬, ੧੬੭, ੧੭੯
ਤਾਰਾ ਸਿੰਘ ਮੋਗਾ, ੧੪੦
ਤ੍ਰਿਪਤ ਸਿੰਘ (ਬਾਬੂ), ੨੫, ੧੩੧, ੧੩੨, ੧੪੬, ੧੬੮
ਤੇਜਾ ਸਿੰਘ ਅਕਰਪੁਰੀ, ੧੪੬, ੧੬੦, ੧੬੮, ੧੬੯, ੧੭੫ (ਫੁ. ਨੋ.), ੧੭੬, ੧੮੦
ਤੇਜਾ ਸਿੰਘ ਸੁਤੰਤਰ, ੧੬੯, ੧੮੦
ਤੇਜਾ ਸਿੰਘ (ਸੰਤ), ੫੩, ੧੮੦
ਤੇਜਾ ਸਿੰਘ ਹਜ਼ੂਰੀਆ, ੧੮੦
ਤੇਜਾ ਸਿੰਘ ਘਵਿੰਡ, ੨੧, ੧੪੬, ੧੮੦
ਤੇਜਾ ਸਿੰਘ ਚੂਹੜਕਾਣਾ, ੩੨, ੩੭, ੪੧, ੪੬, ੪੭, ੫੭, ੮੪, ੧੦੬, ੧੩੧, ੧੩੨, ੧੪੨, ੧੪੪ (ਫੁ. ਨੋ.), ੧੪੬, ੧੪੭, ੧੬੧

Digitized by Panjab Digital Library | www.panjabdigilib.org

(ਫੁ. ਨੋ.), ੧੬੮, ੧੬੯, ੧੭੫ (ਫੁ. ਨੋ.), ੧੭੬, ੧੭੮,(ਫੁ. ਨੋ.), ੧੮੦

ਤੇਜਾ ਸਿੰਘ ਜਸਟਿਸ, ੧੮੦

ਤੇਜਾ ਸਿੰਘ ਤਿਬੜੀ, ੧੮੦

ਤੇਜਾ ਸਿੰਘ ਨਨਕਾਣਾ ਸਾਹਿਬ, ੧੮੦

ਤੇਜਾ ਸਿੰਘ (ਪ੍ਰੋ.), ੪੬, ੬੧, ੬੨, ੧੧੯, ੧੨੨, ੧੩੧, ੧੩੨ (ਫੁ. ਨੋ.), ੧੩੩, ੧੪੦, ੧੬੧, ੧੬੫, ੧੮੦

ਤੇਜਾ ਸਿੰਘ ਭਸੌੜ, ੧੮੦

ਤੇਜਾ ਸਿੰਘ ਭੁੱਚਰ, ੪੬, ੪੭, ੪੮, ੧੮੦

ਦਲੀਪ ਸਿੰਘ (ਸ਼ਹੀਦ), ੪੫, ੫੩, ੫੪, ੫੫

ਦਾਸ, ਸੀ. ਆਰ., ੧੦੪, ੧੦੬

ਦਾਦਾ ਭਾਈ ਨਾਓਰੋਜੀ, ੧੦੬

ਦਾਨ ਸਿੰਘ ਵਛੋਆ, ੭੭, ੭੮, ੭੯, ੮੨, ੧੦੩, ੧੪੩

ਦਿਆਲ ਸਿੰਘ, ੧੫੭

ਦਿੱਤ ਸਿੰਘ (ਗਿਆਨੀ), ੨੩

ਦੀਦਾਰ ਸਿੰਘ (ਸੰਤ), ੧੨੦, ੧੨੩

ਦੀਨਾ ਨਾਥ (ਪੰਡਿਤ), ੭੭, ੭੮, ੭੯

ਦੀਵਾਨ ਸਿੰਘ ਮਫ਼ਤੂਨ, ੧੨੦

ਦੇਵਾ ਸਿੰਘ (ਰਿਸਾਲਦਾਰ ਮੇਜਰ), ੯, ੧੦, ੧੧, ੧੨, ੨੩

ਧਰਮ ਸਿੰਘ ਘਰਜਾਖ, ੨੮, ੨੯

ਨਰਾਇਣ ਸਿੰਘ ਬੈਰਿਸਟਰ, ੫੭, ੮੪, ੮੫, ੧੩੨, ੧੪੦

ਨਰਾਇਣ ਦਾਸ (ਮਹੰਤ), ੪੯, ੫੦, ੫੧, ੫੪

ਨਰਾਇਣ ਸਿੰਘ (ਪ੍ਰੋ.), ੧੬੧

ਨਰੈਣ ਸਿੰਘ (ਐਮ. ਏ.), ੪੪ (ਫੁ. ਨੋ.), ੪੯ (ਫੁ. ਨੋ.), ੭੦

ਨਿਰੰਜਨ ਸਿੰਘ (ਪ੍ਰਿੰ.), ੨੫, ੩੬, ੪੬, ੫੯, ੬੦ ੬੧, ੬੨, ੬੫, ੮੧, ੯੧, ੯੨, ੯੬, ੯੯, ੧੪੦, ੧੫੨, ੧੫੯, ੧੬੭, ੧੭੭

ਪ੍ਰਕਾਸ਼ਮ, ਟੀ., ੯੭, ੧੦੪

ਪ੍ਰਤਾਪ ਸਿੰਘ (ਗਿਆਨੀ), ੫੬ (ਫੁ. ਨੋ.), ੬੭ (ਫੁ. ਨੋ.), ੭੦ (ਫੁ. ਨੋ.) ੭੯ (ਫੁ. ਨੋ.), ੮੪ (ਫੁ. ਨੋ.), ੧੪੩ (ਫੁ. ਨੋ.)

ਪ੍ਰਤਾਪ ਸਿੰਘ (ਮਾ.) ੬੫

ਪਿਆਰਾ ਸਿੰਘ ਲੰਗੇਰੀ, ੬੫, ੧੩੧, ੧੩੨, ੧੪੩

ਪ੍ਰਿਤਪਾਲ ਸਿੰਘ, ੯੯, ੧੫੫

ਪ੍ਰੀਤਮ ਸਿੰਘ ਸੋਢੀ ਆਨੰਦਪੁਰ, ੧੪੩

ਪੈਟਮੈਨ, ੧੩੨, ੧੩੮, ੧੬੮

ਬਖਸ਼ੀਸ਼ ਸਿੰਘ ਲੁਧਿਆਣਾ, ੧੪੩

ਬਰਡਵੁਡ, ੧੨੯

ਬਾਂਕੇ ਬਿਹਾਰੀ ਲਾਲ, ੨੭

ਬਾਲ ਸਿੰਘ ਕੈਨੇਡੀਅਨ, ੧੪੩

ਬਿਸ਼ਨ ਸਿੰਘ ਸਮੁੰਦ੍ਰੀ, ੧੧, ੧੯, ੧੪੮, ੧੫੨, ੧੮੦

ਬਿਸ਼ਨ ਸਿੰਘ ਸਿੰਘਪੁਰੀਆ, ੨੫, ੩੧, ੬੧, ੧੫੧

ਬੀ. ਟੀ., ੮੩, ੮੫, ੯੨, ੯੭

ਬੀ. ਅੰਮਾ., ੧੦੪

ਬੁਧ ਸਿੰਘ (ਬਾਵਾ), ੧੧੩

ਬੂਟਾ ਸਿੰਘ ਸ਼ੇਖੂਪੁਰਾ, ੫੦, ੫੧, ੫੭

ਬੂਟਾ ਸਿੰਘ (ਚੱਕ ਨੰ: ੨੦੪), ੨੫ ੫੦, ੫੨, ੫੪, ੫੫, ੧੫੦

ਬੇਅੰਤ ਸਿੰਘ ਤਹਿਸੀਲਦਾਰ, ੮੧, ੮੫, ੯੭

ਬੋਰਿੰਗ (ਡਿ. ਇੰਸ: ਜਨਰਲ ਪੋਲੀਸ), ੬੪, ੬੫

ਭੁਪਿੰਦਰ ਸਿੰਘ (ਮਹਾਰਾਜਾ), ੧੧੮

ਭਗਤ ਰਾਮ (ਰਾਏਜ਼ਾਦਾ), ੧੩੨, ੧੭੫

ਭਗਤ ਸਿੰਘ (ਸ਼ਹੀਦ), ੧੪੭

ਭਾਗ ਸਿੰਘ ਵਕੀਲ, ੭੮, ੭੯, ੯੧, ੧੩੧, ੧੩੩, ੧੪੨, ੧੪੫, ੧੫੨, ੧੬੮, ੧੭੬

ਮਹਾਤਮਾ ਗਾਂਧੀ, ੫੬, ੮੧, ੮੩, ੯੨, ੧੦੨, ੧੦੫, ੧੦੬, ੧੬੮, ੧੭੩

ਮਹਿਤਾਬ ਸਿੰਘ, (ਸ. ਬ.), ੫੬, ੫੭, ੭੩, ੭੫, ੭੬, ੭੮, ੭੯, ੮੧, ੮੪, ੮੫, ੯੭, ੯੯, ੧੨੨, ੧੨੩, ੧੨੫, ੧੩੧, ੧੩੩, ੧੩੫, ੧੩੭, ੧੪੧, ੧੪੨, ੧੪੩, ੧੪੪, ੧੪੫, ੧੪੬, ੧੪੯, ੧੫੨, ੧੭੫, ੧੭੬, ੧੭੭

ਮਹਿਤਾਬ ਸਿੰਘ (ਮਾ.), ਤਰਨ ਤਾਰਨ, ੧੪੩

ਮਹਿਤਾਬ ਸਿੰਘ ਮੀਰਾਂਕੋਟੀਆ, ੪੩

ਮਤਾਬ ਸਿੰਘ ਬੀਰ, ੪੫

ਮਦਨ ਮੋਹਨ ਮਾਲਵੀਆ, ੫੯, ੬੦, ੬੭, ੯੫, ੯੬, ੧੦੨, ੧੦੪, ੧੦੬, ੧੪੨, ੧੪੫, ੧੭੩

ਮਾਨ ਸਿੰਘ, ੧੦, ੧੧, ੧੯, ੩੮, ੮੮, ੧੨੯, ੧੩੫, ੧੩੬, ੧੫੨, ੧੮੦


jab Digital Library | www.

ਮਿੱਠਾ ਸਿੰਘ (ਮਹੰਤ), ੪੭
ਮਿਤ ਸਿੰਘ ਕੈਨੇਡੀਅਨ, ੧੪੩
ਮਿਨਚਨ (ਕਰਨਲ), ੧੨੧
ਮੀਹਾਂ ਸਿੰਘ, ੪੦ (ਫੁ. ਨੋ.), ੪੨ (ਫੁ. ਨੋ.), ੪੩ (ਫੁ. ਨੋ.), ੪੪ (ਫੁ. ਨੋ.)
ਮੁਹੰਮਦ ਅਲੀ, ੧੦੪
ਮੂਲ ਸਿੰਘ ਗਰਮੂਲਾ, ੪੯
ਮੇਨਾਰਡ, ਸਰ ਜਾਨ, ੭੩, ੭੪, ੯੨, ੯੩, ੧੬੮, ੧੭੬
ਮੈਕਫ਼ਰਸਨ, ੮੩
ਮੋਹਨ ਸਿੰਘ ਵੈਦ, ੪੮
ਮੋਹਨ ਸਿੰਘ ਤੁੜ, ੧੧੬
ਮੋਤਾ ਸਿੰਘ (ਮਾ.), ੩੯, ੧੭੨
ਮੋਤੀ ਲਾਲ ਨਹਿਰੂ, ੯੬, ੯੭, ੧੦੨, ੧੦੪, ੧੦੫, ੧੫੬
ਮੌਲਾਨਾ ਅਬੁਲ ਕਲਾਮ ਆਜ਼ਾਦ, ੧੦੪
ਮੰਗਲ ਸਿੰਘ, ੬੦, ੬੧, ੬੩, ੬੫, ੬੬, ੬੮, ੬੯, ੧੪੦, ੧੪੭, ੧੪੮, ੧੪੯, ੧੫੨, ੧੫੩, ੧੬੮
ਰਣਜੋਧ ਸਿੰਘ (ਰਿਸਾਲਦਾਰ), ੧੨੫, ੧੨੬, ੧੩੧, ੧੪੧
ਰਣਧੀਰ ਸਿੰਘ (ਭਾਈ), ੩੭
ਰਾਏ ਸਿੰਘ ਕਾਉਣੀ, ੧੪੬
ਰਾਏ ਕਾ ਬੁਰਜ, ੯, ੧੧, ੨੧, ੨੩
ਰਾਏਪੁਰ ਬਲੀਮ, ਦੇਖੋ ਰਾਏ ਕਾ ਬੁਰਜ
ਰਾਜ ਗੋਪਾਲ ਅਚਾਰਯ, ੧੦੪
ਰਾਜਿੰਦ੍ਰ ਪ੍ਰਸ਼ਾਦਿ (ਬਾਬੂ), ੯੭, ੧੦੪
ਰਾਧਾ (ਮਾਈ), ੧੫, ੧੬, ੯੯, ੧੫੪, ੧੫੫, ੧੫੬, ੧੭੬
ਰਾਮ ਸਿੰਘ (ਕਪਤਾਨ), ੫੭, ੭੩, ੧੦੮, ੧੦੯, ੧੧੦, ੧੩੧, ੧੪੩
ਰਾਬਰਟ (ਲਾਰਡ), ੨੨
ਰਿਪੁਦਮਨ ਸਿੰਘ (ਮਹਾਰਾਜ), ੩੯, ੧੧੮, ੧੧੯, ੧੨੦, ੧੨੧, ੧੪੪, ੧੪੮, ੧੫੬
ਰੁਚੀ ਰਾਮ ਸਾਹਨੀ, ੬੬(ਫੁ. ਨੋ.), ੮੩ (ਫੁ. ਨੋ.), ੮੯, ੯੦, ੯੨, ੯੩, ੯੪ (ਫੁ. ਨੋ.), ੯੫, ੧੬੨, ੧੬੪, ੧੬੫
ਲਖਮੀਰ ਸਿੰਘ (ਸੰਤ), ੪੫
ਲੱਕ (ਕਰਨਲ), ੨੧, ੨੨
ਲਛਮਣ ਸਿੰਘ ਧਾਰੋਵਾਲੀਆ (ਸ਼ਹੀਦ), ੪੭, ੫੦, ੫੨, ੫੩, ੫੪, ੫੫
ਲਾਜਪਤ ਰਾਏ(ਲਾਲਾ), ੨੭, ੫੦, ੧੦੨, ੧੦੩, ੧੦੬
ਲੋਕਮਾਨੀਆ ਤਿਲਕ, ੧੦੨, ੧੦੬
ਵਸਾਵਾ ਸਿਘ (ਸੂਬੇਦਾਰ), ੪੨
ਵਲਭ ਭਾਈ ਪਟੇਲ, ੯੭, ੧੦੪
ਵਿਸਾਖਾ ਸਿੰਘ (ਬਾਬਾ), ੧੭੧
ਵਿਜੈ ਰਘਵਾਚਾਰੀਆ, ੧੦੪
ਵਿਨਸੈਂਟ, ਵਿਲੀਅਮ, ੯੨

Digitized by Panjab Digital Library | www.panjabdigilib.org

# ਸੋਧ-ਪੱਤਰ

ਬਾਵਜੂਦ ਪੂਰੇ ਪੂਰੇ ਜਤਨ ਦੇ ਪੁਸਤਕ ਵਿਚ ਛਪਾਈ ਦੀਆਂ ਕੁਝ ਭੁੱਲਾਂ ਹੋ ਗਈਆਂ ਹਨ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੜ੍ਹਨ ਤੋਂ ਪਹਿਲਾਂ ਇਨ੍ਹਾਂ ਦੀ ਸੁਧਾਈ ਕਰ ਲੈਣ :

| ਪੰਨਾ | ਸਤਰ | ਅਸ਼ੁੱਧ | ਸ਼ੁੱਧ |
|---|---|---|---|
| 9 | ੧੮ | ਪ੍ਰਤਾਪ ਤੇਜ | ਪ੍ਰਤਾਪ, ਤੇਜ |
| 13 | ੧੧ | ਸਿਘ | ਸਿੰਘ |
| 14 | ੨੫ | ਬਚਾ | ਬੱਚਾ |
| 20 | ੨੦ | ਅੰਗਰਜ਼ | ਅੰਗਰੇਜ਼ |
| 38 | ੨੧ | ਵੀ ਨਿਯਤ | ਨਿਯਤ |
| 43 | ੧ | ਝਬਰ | ਝੱਬਰ |
| 104 | ੧੮ | ਅਬਦੁਲ ਕਲਾਮ | ਅਬੁਲ ਕਲਾਮ |
| 114 | ੧ | ਸ੍ਰੀਨ ਦਰਬਾਰ | ਸ੍ਰੀ ਦਰਬਾਰ |
| 127 | ੨ | ਗਿਡਵਾਲੀ | ਗਿਡਵਾਨੀ |
| 127 | ੫ | ੧੯੧੩ | ੧੯੨੩ |
| 157 | ੧੬ | ਦਿਆਲ ਸਿੰਘ | ਦਿਆਲ ਸਿੰਘ ਮਜੀਠੀਆ |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1413

Digitized by Panjab Digital Library | www.panjabdigilib.org

Digitized by Panjab Digital Library | www.panjabdigilib.org